28 ਜਨਵਰੀ-ਮਾਰਚ,2013

ਕਹਾਣੀ ਧਾਰਾ

ਵਿਸ਼ੇਸ਼ ਅੰਕ | ਕਹਾਣੀ ਅਤੇ ਕਹਾਣੀ ਆਲੋਚਨਾ

ਮੁੱਲ : 30/-

28 ਜਨਵਰੀ-ਮਾਰਚ,2013

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971

e-mail:
kahanidhara@gmail.com
kahani_dhara@yahoo.com
bhagwantrasulpuri@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

ਟਾਇਟਲ ਪੇਟਿੰਗ ਪਿਕਾਸੋ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor *KAHANI DHARA*
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 30 ਰੁਪਏ, 10 ਅੰਕ: 300 ਰੁਪਏ ,
10 ਅੰਕ: ਡਾਲਰ 40 ਤੇ ਪੌਂਡ 35,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
(ਪ੍ਰਕਾਸ਼ਨ ਮਿਤੀ 5 ਜਨਵਰੀ,2013)

ਇਸ ਅੰਕ ਵਿਚ

ਸੰਪਾਦਕੀ:
ਕਹਾਣੀ ਅਤੇ ਕਹਾਣੀ ਆਲੋਚਨਾ ਦਾ ਸੰਕਟ-1
ਕਹਾਣੀਆਂ:
1. ਖੁਸ਼ਕ ਅੱਖ ਦਾ ਸੁਪਨਾ/ ਅਜਮੇਰ ਸਿੱਧ-3
2. ਰਾਤ ਕਦੋਂ ਬੀਤੇਗੀ / ਪਰਗਟ ਸਿੰਘ ਸਤੌਜ-14
3. ਹੋਅਰ ਡਰੈਸਰ / ਸੰਦੀਪ ਚੀਮਾ-21
4. ਦਫ਼ਨਾਏ ਜ਼ਖ਼ਮ / ਲਖਵੀਰ ਚੰਦ-26
5. ਉਹ ਲੋਕ / ਸੰਤਵੀਰ-33
6. ਸਾਹਾਂ 'ਚ ਮਚਦਾ ਸਿਵਾ/ ਗੁਰਪ੍ਰੀਤ ਸੰਧੂ-38
ਸਵੈ ਜੀਵਨੀ-5
ਕਿਹੜੇ ਪਿੰਡ ਦਾ ਮੈਂ ਹਾਂ... ਦੱਸ ਜਾਇਓ ਵੇ ਪੂਰਵਜੋ?
ਸਰੂਪ ਸਿਆਲਵੀ-54
ਯਾਦਾਂ:
ਬੁੱਲ੍ਹੇ ਸ਼ਾਹ ਚੱਲ ਉੱਥੇ ਚੱਲੀਏ / ਦੀਪ ਦੇਵਿੰਦਰ ਸਿੰਘ-66
ਵਿਚਾਰ ਚਰਚਾ:
ਪੰਜਾਬੀ ਕਹਾਣੀ ਅਤੇ ਕਹਾਣੀ ਆਲੋਚਨਾ
ਗੁਰਬਚਨ ਸਿੰਘ ਭੁੱਲਰ-69
ਦਰਸ਼ਨ ਧੀਰ-73
ਮਨਮੋਹਨ ਬਾਵਾ -78
ਜੋਗਿੰਦਰ ਸਿੰਘ ਨਿਰਾਲਾ-79
ਲਾਲ ਸਿੰਘ-81
ਕੁਲਜੀਤ ਮਾਨ-83
ਬਲਬੀਰ ਕੌਰ ਸੰਘੇੜਾ-90
ਡਾ. ਭੀਮ ਇੰਦਰ ਸਿੰਘ-96
ਜੋ. ਬੀ. ਸੋਖੋਂ-99
ਜਸਪਾਲ ਮਾਨਖੇੜਾ-108
ਪਰਗਟ ਸਿੰਘ ਸਤੌਜ -109
ਪ੍ਰੋ: ਐਚ. ਐਸ. ਡਿੰਪਲ-111
ਮਹਿੰਦਰ ਸਿੰਘ ਤਤਲਾ-115
ਗੁਰਮੀਤ ਕੌਰ (ਡਾ.)-117
ਗੁਰਮੀਤ ਸਿੰਘ ਫਾਜਿਲਕਾ (ਪ੍ਰਿੰ.)-118
ਆਲੋਚਨਾ:
ਬਹੁ-ਪਰਤੀ ਜੀਵਨ ਯਥਾਰਥ ਨੂੰ ਚਿੱਤਰਦਾ 'ਭਰਮਜਾਲ' - ਪ੍ਰੋ. ਲਖਵਿੰਦਰ ਜੀਤ ਕੌਰ-122
ਪਰਵਾਸੀ ਮਸਲਿਆਂ ਨੂੰ ਸ਼ਿੱਦਤ ਨਾਲ ਪੇਸ਼ ਕਰਦੀ 'ਮੇਰੀ ਅਧੂਰੀ ਕਹਾਣੀ'
-ਡਾ. ਤਜਿੰਦਰਪਾਲ ਕੌਰ-125

Parwaz Parkashan
ਪਰਵਾਜ਼ ਪ੍ਰਕਾਸ਼ਨ

ਸੰਪਾਦਕੀ:

ਕਹਾਣੀ ਅਤੇ ਕਹਾਣੀ ਆਲੋਚਨਾ ਦਾ ਸੰਕਟ

ਪੰਜਾਬੀ ਕਹਾਣੀ ਬਾਰੇ ਹੀ ਨਹੀਂ ਅਸੀਂ ਬਲਕਿ ਹਿੰਦੀ ਅਤੇ ਹੋਰ ਭਾਸ਼ਾਵਾਂ ਦੀ ਕਹਾਣੀ ਬਾਰੇ ਸੰਵਾਦ ਅਤੇ ਕਹਾਣੀਆਂ 'ਕਹਾਣੀ ਧਾਰਾ' ਵਿਚ ਛਾਪਦੇ ਰਹਿੰਦੇ ਹਾਂ। ਸਾਡੇ ਤੱਕ ਕਈ ਤਰ੍ਹਾਂ ਦੀਆਂ ਟਿਪਣੀਆਂ ਪਹੁੰਚਦੀਆਂ ਹਨ। ਉਨ੍ਹਾਂ ਨੂੰ ਧਿਆਨ ਵਿਚ ਰੱਖ ਕੇ ਅਸੀਂ ਪੰਜਾਬੀ ਕਹਾਣੀ ਬਾਰੇ ਸੀਮਤ ਪੰਨਿਆਂ ਵਿਚ ਸੰਵਾਦ ਤੋਰਨ ਦਾ ਯਤਨ ਕੀਤਾ ਹੈ। ਪੰਜਾਬੀ ਕਹਾਣੀ ਅਤੇ ਕਹਾਣੀ ਆਲੋਚਨਾ ਪ੍ਰਤੀ ਸਾਡੇ ਮੰਨ ਵਿਚ ਹੀ ਨਹੀਂ ਸਾਰੇ ਕਹਾਣੀਕਾਰਾਂ ਦੇ ਮਨ ਵਿਚ ਵੀ ਅਨੇਕਾਂ ਸਵਾਲ ਅਤੇ ਸ਼ੰਕੇ ਪੈਦਾ ਹੁੰਦੇ ਰਹਿੰਦੇ ਹਨ। ਉਨ੍ਹਾਂ ਗੱਲਾਂ ਨੂੰ ਲਿਖਤੀ ਰੂਪ ਵਿਚ ਲਿਆਉਣ ਵਿਚ ਅਸੀਂ ਸਫ਼ਲ ਵੀ ਹੋਏ ਹਾਂ। ਬਹੁਤੇ ਲਿਖਣ ਤੋਂ ਡਰਦੇ ਹਨ।

ਪੰਜਾਬੀ ਕਹਾਣੀ ਦੀ ਲੰਮੀ ਪ੍ਰੰਪਰਾ ਹੈ। ਨਾਨਕ ਸਿੰਘ ਤੋਂ ਲੈ ਕੇ ਹੁਣ ਲਿਖਣ ਵਾਲੇ ਕਹਾਣੀਕਾਰਾਂ ਤੱਕ। ਇਸ ਸਮੇਂ ਵਿਚ ਪੰਜਾਬੀ ਕਹਾਣੀ ਸ਼ਿਲਪ ਅਤੇ ਵਿਸ਼ੇ ਪੱਖੋਂ ਆਪਣਾ ਰੂਪ ਅਤੇ ਤਕਨੀਕ ਬਦਲਦੀ ਰਹੀ ਹੈ। ਕਹਾਣੀ ਵਿਚ ਨਵੇਂ ਨਵੇਂ ਪਾਤਰ ਆਉਂਦੇ ਰਹੇ ਹਨ। ਸਮਾਜਿਕ, ਆਰਥਿਕ, ਧਾਰਮਿਕ ਅਤੇ ਸਭਿਆਚਾਰਕ ਸਥਿਤੀਆਂ ਬਦਲਦੀਆਂ ਰਹੀਆਂ ਹਨ। ਜਿਸ ਨਾਲ ਸਾਡੀ ਕਹਾਣੀ ਵੀ ਬਦਲਦੀ ਰਹੀ ਹੈ। ਸਾਡੇ ਸਮਾਜ ਵਿਚ ਔਰਤ, ਕਿਸਾਨ, ਦਲਿਤ, ਬੱਚਿਆਂ ਅਤੇ ਹੋਰ ਪਾਤਰਾਂ ਪ੍ਰਤੀ ਸੋਚ ਬਦਲਦੀ ਰਹੀ ਹੈ। ਇਨ੍ਹਾਂ ਸੋਚਾਂ ਨੂੰ ਲੈ ਕੇ ਕਹਾਣੀ ਵਿਕਾਸ ਕਰਦੀ ਗਈ। ਪ੍ਰਗਤੀਵਾਦੀ ਦੌਰ ਤੋਂ ਪਹਿਲਾਂ ਦੀ ਆਦਰਸ਼ਵਾਦੀ ਪੰਜਾਬੀ ਕਹਾਣੀ ਦੀਆਂ ਆਪਣੀਆਂ ਖੂਬੀਆਂ ਹਨ। ਕਹਾਣੀ ਨੇ ਸਾਨੂੰ ਪੰਜਾਬੀ ਸਮਾਜ ਦੇ ਠੋਸ ਤੇ ਨਿੱਗਰ ਦ੍ਰਿਸ਼ ਦਿੱਤੇ ਹਨ। ਜਿਨ੍ਹਾਂ ਦੇ ਅਧਾਰ ਤੇ ਅਸੀਂ ਉਸ ਵੇਲੇ ਦੇ ਸਮਾਜ ਦੀ ਤਸਵੀਰ ਵੇਖ ਸਕਦੇ ਹਾਂ। ਪਰ ਉਹ ਬਿਰਤਾਂਤ ਤੇ ਸਮਾਜ ਦੇ ਸੀਮਤ ਵਿਸ਼ੇ ਹੀ ਸਨ। ਪੂਰੇ ਸਮਾਜ ਦੀ ਤਸਵੀਰ ਉਸ ਕਹਾਣੀ ਵਿਚ ਲੱਭਦੀ ਨਹੀਂ। ਫਿਰ ਪ੍ਰਗਤੀਵਾਦ ਦਾ ਦੌਰ ਚੱਲਿਆ। ਉਸ ਨੇ ਕੁਝ ਲੁਕੇ ਹੋਏ ਸਮਾਜ ਦੀ ਤਸਵੀਰ ਆਪਣੀ ਦ੍ਰਿਸ਼ਟੀ ਤੋਂ ਕੀਤੀ। ਜਿਸ ਨਾਲ ਕਹਾਣੀ ਨੇ ਵਿਕਾਸ ਕੀਤਾ। ਇਸ ਦੌਰ ਦੀ ਕਹਾਣੀ ਨੇ ਅਨੇਕਾਂ ਨਿੱਗਰ ਕਹਾਣੀਆਂ ਦਿੱਤੀਆਂ। ਅਸੀਂ ਪੰਜਾਬੀ ਕਹਾਣੀ ਨੂੰ ਦੂਜੀਆਂ ਭਾਸ਼ਾਵਾਂ ਵਿਚ ਲਿਖੀ ਜਾ ਰਹੀ ਕਹਾਣੀ ਦੇ ਨਾਲ ਤੁਲਨਾ ਕਰਨ ਲੱਗੇ। ਇਸ ਦੌਰ ਵਿਚ ਕਿਸਾਨੀ ਸਭਿਆਚਾਰ ਦੀ ਕਹਾਣੀ ਹੀ ਭਾਰੂ ਰਹੀ। ਵਧੇਰੇ ਕਰਕੇ ਕਹਾਣੀਕਾਰ ਪੇਂਡੂ ਖਾਸ ਕਰਕੇ ਕਿਸਾਨੀ ਖਿੱਤੇ ਵਿਚੋਂ ਪੈਦਾ ਹੋਏ। ਜਿਹੜੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪਹੁੰਚੇ। ਜਿਸ ਕਾਰਨ ਇਸ ਕਿਸਮ ਦੀ ਕਹਾਣੀ ਨੂੰ ਮਾਨਤਾ ਮਿਲਣ ਲੱਗੀ। ਇਹਦਾ ਮਾੜਾ ਪ੍ਰਭਾਵ ਇਹ ਪਿਆ ਕਿ ਨਵੇਂ ਲਿਖਣ ਵਾਲੇ ਵੀ ਇਸ ਕਿਸਮ ਦੀ ਕਹਾਣੀ ਲਿਖਣ ਲੱਗ ਪਏ। ਜਿਸ ਨਾਲ ਪੰਜਾਬੀ ਸਮਾਜ ਦੇ ਦੂਜੇ ਵਰਗ ਤੇ ਸਮਾਜ ਹਨੇਰੇ ਵਿਚ ਰਹਿ ਗਿਆ। ਇਹ ਬਹੁਤ ਹੀ ਸੰਵੇਦਨਸੀਲ ਅਤੇ ਸੱਭਿਆਚਾਰਕ ਮਸਲਾ ਹੈ। ਅਸੀਂ ਇਕ ਸਵਾਲ ਵੀ ਤਿਆਰ ਕੀਤਾ ਜਿਸ ਦਾ ਸਾਰਿਆਂ ਨੇ ਆਪਣੀ ਮੋਟੀ-ਠੁੱਲੀ ਸੋਚ ਨਾਲ ਉਤਰ ਦਿੱਤਾ। ਇਹਦੇ ਕਾਰਨਾ ਨੂੰ ਸਾਡੇ ਸਮਾਜ ਸ਼ਾਸ਼ਤਰੀ ਤੇ ਇਤਿਹਾਸਕਾਰ ਸਮਝ ਸਕਦੇ ਹਨ।

ਪ੍ਰਗਤੀਵਾਦੀ ਦੌਰ ਤੋਂ ਬਾਅਦ ਪੰਜਾਬੀ ਕਹਾਣੀ ਵਿਚ ਇਕ ਠਹਿਰਾ ਜਿਹਾ ਆ ਗਿਆ। ਕਹਾਣੀ ਜਿਵੇਂ ਖੜੋਤ ਵਿਚ ਆ ਗਈ ਹੋਵੇ। ਪੰਜਾਬੀ ਕਹਾਣੀਕਾਰ ਤਬਦੀਲੀ ਨੂੰ ਉਡੀਕਣ ਲੱਗ ਪਏ। ਉਸ ਸਮੇਂ ਹਰੀ ਕ੍ਰਾਂਤੀ ਦਾ ਦੌਰ ਆਇਆ। ਇਸ ਦੌਰ ਵਿਚ ਕਿਸਾਨੀ ਵਿਚ ਇਕ ਦਮ ਤਬਦੀਲੀ ਆਈ। ਖੇਤੀਬਾੜੀ ਅਤੇ ਇਸ ਨਾਲ ਜੁੜੀ ਲੋਕਾਈ ਵਿਚ ਤਬਦੀਲੀ ਆਉਣ ਲੱਗ ਪਈ। ਇਸ ਕ੍ਰਾਂਤੀ ਦਾ ਜਿੱਥੇ ਸਾਡੇ ਸਮਾਜ ਅਤੇ ਲੋਕਾਂ 'ਤੇ ਪ੍ਰਭਾਵ ਪਿਆ ਪੰਜਾਬੀ ਕਹਾਣੀ ਵਿਚ ਵੀ ਇਸ ਦੇ ਪ੍ਰਭਾਵ ਦਿੱਸਣ ਲੱਗ ਪਏ। ਸਾਡਾ ਸਮਾਜ ਤੇ ਸਭਿਆਚਾਰ ਬਦਲਣ ਲੱਗ ਪਿਆ। ਕਹਾਣੀਕਾਰ ਇਸ ਬਦਲੇ ਹੋਏ ਸਮਾਜ ਨੂੰ ਅਤੇ ਪਾਤਰਾਂ ਨੂੰ ਆਪਣੀਆਂ ਕਹਾਣੀਆਂ ਵਿਚ

ਲਿਆਉਣ ਲੱਗ ਪਏ। ਜਿਸ ਕਾਰਨ ਬਹੁਤ ਸਾਰੀਆਂ ਮੁੱਲਵਾਨ ਕਹਾਣੀਆਂ ਲਿਖੀਆਂ ਜਾਣ ਲੱਗੀਆਂ। ਪੰਜਾਬੀ ਸਮਾਜ ਦੀ ਇਸ ਤਬਦੀਲੀ ਨੂੰ ਕਹਾਣੀਕਾਰਾਂ ਨੇ ਬੜੀ ਸ਼ਿੱਦਤ ਨਾਲ ਫੜਿਆ ਹੈ। ਪੰਜਾਬੀ ਬੰਦੇ ਦੀ ਮਾਨਸਿਕਤਾ ਇਸ ਤਬਦੀਲੀ ਨੂੰ ਕਿਵੇਂ ਫੜਦੀ ਹੈ ਇਹ ਸੰਵੇਦਨਾ ਕਹਾਣੀ ਵਿਚ ਆਉਣ ਲੱਗ ਪਈ। ਪੰਜਾਬ ਵਿਚ ਜਿਹੜੀਆਂ ਸਮੇਂ-ਸਮੇਂ ਲਹਿਰਾਂ ਚੱਲੀਆਂ ਉਨ੍ਹਾਂ ਲਹਿਰਾਂ ਦਾ ਪ੍ਰਭਾਵ ਵੀ ਪੰਜਾਬੀ ਕਹਾਣੀ ਵਿਚ ਦੇਖਣ ਨੂੰ ਮਿਲਦਾ ਹੈ। ਚਾਹੇ ਉਹ ਸਮਾਜਿਕ, ਆਜ਼ਾਦੀ ਲਈ, ਧਾਰਮਿਕ ਜਾਂ ਵੱਖਵਾਦ ਦੀ ਸੀ। ਇਨ੍ਹਾਂ ਲਹਿਰਾਂ ਨੇ ਪੰਜਾਬੀ ਸਮਾਜ ਨੂੰ ਬਹੁਤ ਪ੍ਰਭਾਵਿਤ ਕੀਤਾ। ਕਹਾਣੀਕਾਰਾਂ ਨੇ ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਕਹਾਣੀਆਂ ਲਿਖੀਆਂ ਜਿਹੜੀਆਂ ਚੰਗੀਆਂ ਸਨ, ਉਹ ਜਿਉਂਦੀਆਂ ਰਹੀਆਂ ਬਾਕੀਆਂ ਨੇ ਖਾਦ ਦਾ ਕੰਮ ਦਿੱਤਾ।

ਪੰਜਾਬ ਸੰਕਟ ਤੋਂ ਬਾਅਦ ਦਾ ਦੌਰ ਪੰਜਾਬੀ ਕਹਾਣੀ ਦੇ ਵਿਕਾਸ ਦਾ ਦੌਰ ਹੈ। ਇਹ ਦੌਰ ਵਿਚ ਬਹੁਤ ਵੱਡੀਆਂ ਤਬਦੀਲੀਆਂ ਪੰਜਾਬੀ ਸਮਾਜ ਵਿਚ ਆਉਂਦੀਆਂ ਹਨ। ਪੰਜਾਬੀ ਸਮਾਜ 'ਤੇ ਵਿਸ਼ਵੀਕਰਨ ਦਾ ਪ੍ਰਭਾਵ ਪੈਂਦਾ ਹੈ। ਦਲਿਤਾਂ ਦਾ ਸਮਾਜਿਕ, ਮਾਨਸਿਕ, ਰਾਜਨੀਤਿਕ ਪੱਧਰ ਉੱਚਾ ਹੁੰਦਾ ਹੈ। ਇਨ੍ਹਾਂ ਵਰਗਾਂ ਵਿਚੋਂ ਲੋਕਾਂ ਵਿਦਿਆ ਪ੍ਰਾਪਤ ਕਰਕੇ ਨੌਕਰੀਆਂ ਵਿਚ ਜਾਂਦੇ ਹਨ। ਉਨਾਂ ਦਾ ਕਿੱਤਾ ਬਦਲ ਜਾਂਦਾ ਹੈ। ਇਸ ਸਮੇਂ ਇਨ੍ਹਾਂ ਵਰਗਾਂ ਵਲੋਂ ਲਿਖੀ ਕਹਾਣੀ ਵੱਡੀ ਮਾਤਰਾ ਵਿਚ ਆਉਣ ਲੱਗਦੀ ਹੈ। ਭਾਵੇਂ ਕਿ ਇਹ ਸੱਤਵੇਂ ਦਹਾਕੇ ਤੋਂ ਆਰੰਭ ਹੋ ਗਿਆ ਸੀ। ਇਨ੍ਹਾਂ ਦੀ ਕਹਾਣੀ ਵੱਖਰੀ ਤਰ੍ਹਾਂ ਦੀ ਸੀ। ਕਿਉਂਕਿ ਇਨ੍ਹਾਂ ਨੇ ਆਪਣੇ ਅਨੁਭਵ ਵਿਚੋਂ ਕਹਾਣੀ ਲਿਖੀ। ਹੱਢੀ ਹੰਢਾਏ ਅਨੁਭਵ ਵਿਚੋਂ। ਇਨ੍ਹਾਂ ਕਹਾਣੀਕਾਰਾਂ ਦੀ ਮਾਨਸਿਕਤਾ ਸਮਝੇ ਬਗੈਰ ਆਲੋਚਕਾਂ ਨੇ ਇਸ ਕਿਸਮ ਦੀ ਬਹੁਤੀ ਕਹਾਣੀ ਨੂੰ ਰੱਦ ਕਰਨਾ ਸ਼ੁਰੂ ਕਰ ਦਿੱਤਾ। ਬਹੁਤ ਥੋੜੀ ਕਹਾਣੀ ਨੂੰ ਮਾਨਤਾ ਮਿਲਦਾ ਹੈ। ਆਲੋਚਕਾਂ ਦੀ ਦਿਮਾਗੀ ਕੰਗਾਲੀ ਦਾ ਉਦੋਂ ਪਤਾ ਲੱਗਾ ਜਦੋਂ ਬੜੀ ਵਿਉਂਤਬੰਦੀ ਨਾਲ ਗੈਰ ਦਲਿਤ ਦੀਆਂ ਦਲਿਤ ਕਹਾਣੀਆਂ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਸਾਡੀ ਕਹਾਣੀ ਆਲੋਚਨਾ ਬੜੇ ਸੰਕਟ ਵਿਚ ਲੰਘ ਰਹੀ ਹੈ। ਆਲੋਚਨਾ ਦੋਸਤੀਆਂ, ਜਾਤੀਵਾਦ ਅਤੇ ਲਿਹਾਜਦਾਰੀਆਂ ਵਿਚ ਫਸੇ ਗਈ ਹੈ। ਪਿੱਛੇ ਜਿਹੇ ਪੰਜਾਬੀ ਯੂਨੀਵਰਸਿਟੀ ਦੇ ਇਕ ਵਿਭਾਗ ਨੇ ਕਹਾਣੀ ਬਾਰੇ ਸੈਮੀਨਾਰ ਕਰਵਾਇਆ। ਉਨ੍ਹਾਂ ਨੇ ਐਨੇ ਆਲੋਚਕ 'ਕੱਠੇ ਕੀਤੇ ਕਿ ਮੈਂ ਦੇਖ ਦੇਖ ਅਤੇ ਉਨ੍ਹਾਂ ਦੇ ਪੇਪਰ ਸੁਣ ਸੁਣ ਹੈਰਾਨ ਹੋਈ ਜਾਵਾ ਕਿ ਯੂਨੀਵਰਸਿਟੀਆਂ ਦੀ ਆਲੋਚਨਾ ਦਾ ਮਿਆਰ ਐਨਾ ਗਿਰ ਗਿਆ ਹੈ।

ਜਾਂਦਾ ਜਾਂਦਾ **ਇਨਾਮਾਂ ਦੇ ਪ੍ਰਦੂਸ਼ਣ** ਬਾਰੇ ਵੀ ਗੱਲ ਕਰ ਜਾਵਾਂ। ਅੱਜ ਪੰਜਾਬੀ ਵਿਚ ਲੇਖਕ ਉਨੀ ਮਿਹਨਤ ਰਚਨਾ ਤੇ ਨਹੀਂ ਕਰਦੇ ਜਿਨੀ ਮਿਹਨਤ ਇਨਾਮਾਂ ਨੂੰ ਹਥਿਆਉਣ ਲਈ ਕਰਦੇ ਹਨ। ਵੱਡੇ ਇਨਾਮਾਂ ਦਾ ਮਿਆਰ ਐਨਾ ਡਿੱਗ ਗਿਆ ਹੈ ਕਿ ਹੁਣ ਇੰਝ ਲੱਗਣ ਲੱਗ ਪਿਆ ਹੈ ਇਸ ਦੌਰ ਵਿਚ ਕੋਈ ਵੀ ਪੈਸੇ ਤੇ ਰਸੂਖ ਵਾਲਾ ਸਾਹਿਤਕਾਰ ਜੁਗਾੜ ਕਰਕੇ, ਚਮਚੀ ਮਾਰ ਕੇ ਇਨਾਮ ਪ੍ਰਾਪਤ ਕਰ ਸਕਦਾ ਹੈ। ਐਤਕੀਂ ਭਾਰਤੀ ਸਾਹਿਤ ਅਕੈਡਮੀ ਦਿੱਲੀ ਨੇ ਬੜੇ ਹੀ ਸਧਾਰਨ ਪੱਧਰ ਦੀ ਕਵਿਤਾ ਲਿਖਣ ਵਾਲੇ ਕਵੀ ਨੂੰ ਇਨਾਮ ਦਿੱਤਾ ਹੈ ਤੇ ਵੱਡੀ ਪ੍ਰਤਿਭਾ ਦੇ ਨਾਵਲਕਾਰ ਨੂੰ ਖੂੰਜੇ ਲਾ ਦਿੱਤਾ ਗਿਆ। ਇਸ ਇਨਾਮ ਦੇਣ ਵਾਲੀ ਸਾਰੀ ਲੌਬੀ ਦੀ ਜਿੰਨੀ ਨਿੰਦਿਆ ਕੀਤੀ ਜਾਣੀ ਚਾਹੀਦੀ ਹੈ ਥੋੜੀ ਹੈ। ਇਨਾਮ ਪ੍ਰਾਪਤ ਕਰਨ ਵਾਲੇ ਕਵੀ ਦਾ ਕੱਦ ਕਵਿਤਾ ਵਿਚ ਵੱਡਾ ਕੀ ਹੋਣਾ ਸੀ, ਹੋਰ ਨੀਵਾਂ ਹੋ ਗਿਆ। ਵਿਰਦੀ, ਸਥਿਆਰਥੀ ਵਰਗੇ ਲੇਖਕਾਂ ਉਂਝ ਹੀ ਤੁਰ ਗਏ। ਇਨਾਮਾਂ 'ਤੇ ਪ੍ਰਦੂਸ਼ਣ ਦੀ ਧੁੰਦ ਬਹੁਤ ਸੰਘਣੀ ਹੋਈ ਜਾ ਰਹੀ ਹੈ। ਭਾਸ਼ਾ ਵਿਭਾਗ ਪੰਜਾਬ ਦੇ ਇਨਾਮਾਂ ਬਾਰੇ ਪਿਛਲੇ ਸਮੇਂ ਵਿਚ ਬਹੁਤ ਸ਼ੋਰ ਪਿਆ ਸੀ। ਗੱਲ ਅਦਾਲਤ ਵਿਚ ਗਈ ਸੀ। ਅਦਾਲਤ ਨੇ ਜੁਗਾੜ ਕਰਕੇ ਇਨਾਮ ਲੈਣ ਵਾਲੇ ਲੇਖਕਾਂ ਨੂੰ ਸ਼ਰਮਸਾਰ ਵੀ ਕੀਤਾ ਸੀ। ਪਰ ਦੇਖੋ ਇਕ ਵੀ ਲੇਖਕ ਨੇ ਇਨਾਮ ਵਾਪਸ ਨਹੀਂ ਕੀਤਾ। ਪੰਜਾਬੀ ਅਕੈਡਮੀ ਲੁਧਿਆਣਾ ਨੇ ਇਨਾਮ ਬੰਦ ਕਰਕੇ ਬਹੁਤ ਚੰਗਾ ਕੰਮ ਕੀਤਾ। ਲੇਖਕ ਜੇ 'ਇਨਾਮਾਂ ਦੀ ਸਿਆਸਤ' ਬਾਰੇ ਆਪਣੇ ਵਿਚਾਰ ਲਿਖ ਦੇ ਭੇਜਣ ਤਾਂ ਅਸੀਂ ਅਗਲੇ ਅੰਕ ਵਿਚ ਪ੍ਰਕਾਸ਼ਤ ਕਰਾਗੇ। - **ਭਗਵੰਤ ਰਸੂਲਪੁਰੀ**

ਕਹਾਣੀ/ ਖ਼ੁਸ਼ਕ ਅੱਖ ਦਾ ਖ਼ਾਬ/ ਅਜਮੇਰ ਸਿੱਧੂ

ਆਹ ਐਡੀ ਰਾਤ ਗਈ ਕੀਹਦਾ ਫ਼ੋਨ ਆ ਗਿਆ? ਮਸੀਂ ਅੱਖ ਲੱਗੀ ਸੀ। ਇਕ ਤਾਂ ਸਹੁਰੀ ਦਾ ਬਲੱਡ ਪ੍ਰੈਸ਼ਰ ਉਤਾਂਹ ਚੜ੍ਹਿਆ ਰਹਿੰਦਾ ਆ। ਇਹਨੂੰ ਥੱਲੇ ਲਾਹੁਣ ਲਈ ਗੋਲੀ ਵੀ ਖਾਧੀ। ਨੀਂਦ ਫਿਰ ਵੀ ਨਾ ਆਈ। ਜੋਧਿਕਾ ਕਹਿੰਦੀ ਵੀ ਰਹੀ ਡੈਡੀ ਨੀਂਦ ਵਾਲੀ ਗੋਲੀ ਖਾ ਲਓ। ਕਿੰਨਾ ਚਿਰ ਪਾਣੀ ਦਾ ਗਲਾਸ ਫੜੀ ਖੜ੍ਹੀ ਰਹੀ। ਮੈਂ ਸੋਚਿਆ ਬਲੱਡ ਪ੍ਰੈਸ਼ਰ ਦੀ ਗੋਲੀ ਤਾਂ ਲੱਗ ਈ ਗਈ ਆ। ਨੀਂਦ ਵੀ ਕਾਹਨੂੰ ਗੋਲੀ 'ਤੇ ਗਵਾਉਣੀ ਏ। ... ਉਹ ਉੱਠਦਾ ਭਾਈ। ਇਸ ਟਰਨ ... ਟਰਨ ਨੇ ਸਿਰ ਖਾ ਲਿਆ ਕਾਲਾ ਸੁੰਹ ਦਾ।

"ਭਾਅ ਜੀ ਜੌਹਲ? ... ਹੈਅ! ਇਹ ਤਾਂ ਕਹਿਰ ਢਾਹ ਰਿਹਾ ਸਹੁਰੀ ਦਾ। ਦੇਖਿਓ, ਨੁਕਸਾਨ ਨਾ ਕਰ ਦੇਵੇ। ਮੈਂ ਆਉਨਾ। ਕਿਸੇ ਨੂੰ ਨਾਲ ਲੈ ਕੇ ਆਉਂ। ... ਹਥਿਆਰ ਕੀ ਕਰਨੇ ਆ। ਆਪਣਾ ਮੁੰਡਾ।... ਠੀਕ ਆ, ਲੈ ਆਉਂਦੇ ਆ।" ਮੈਂ ਫ਼ੋਨ ਬੰਦ ਕੀਤਾ ਆ।

ਮੈਂ ਕਲਾਕ ਵੱਲ ਨਿਗ੍ਹਾ ਮਾਰੀ ਆ। ਇਹ ਸਾਢੇ ਗਿਆਰ੍ਹਾਂ ਵਜਾ ਰਿਹਾ। ਬਾਹਰ ਆਇਆ ਹਾਂ। ਕਾਲੀ ਸ਼ਾਹ ਰਾਤ ਆ। ਸਾਡੇ ਘਰਾਂ ਦੇ ਆਲੇ ਦੁਆਲੇ ਸਮਾਧਾਂ ਹਨ। ਦੋ ਕੁ ਵਿੱਚ ਅਜੇ ਵੀ ਦੀਵੇ ਜਗ ਰਹੇ ਹਨ। ਬਾਕੀਆਂ ਵਿੱਚ ਲਗਦੈ ਬੁੱਝ ਗਏ ਨੇ। ਕੁੱਤਿਆਂ ਦੇ ਰੋਣ ਦੀ ਆਵਾਜ਼ ਆ ਰਹੀ ਹੈ। ਇਨ੍ਹਾਂ ਦਿਲ ਚੀਰਵੀਆਂ ਆਵਾਜ਼ਾਂ ਨਾਲ ਡਰ ਲੱਗਣ ਲੱਗਾ ਹੈ। ਮੈਂ ਦਾੜ੍ਹੀ 'ਤੇ ਹੱਥ ਫੇਰਿਆ ਤੇ ਬੈਠਕ ਵਿੱਚ ਆ ਕੇ ਬੱਤੀ ਜਗਾਈ ਆ। ਮੈਂ ਉਚੇਚਾ ਕੰਧ ਵੱਲ ਦੇਖਿਆ ਹੈ। ਕੰਧ 'ਤੇ ਤਿੰਨ ਤਸਵੀਰਾਂ ਹਨ। ਬੰਦਾ ਸਿੰਘ ਬਹਾਦਰ, ਗੁਰੂ ਗੋਬਿੰਦ ਸਿੰਘ ਤੇ ਸ਼ਹੀਦ ਉਧਮ ਸਿੰਘ। ਸਿਰ ਨਿਵ ਗਿਆ ਹੈ। ... ਰਸੋਈ ਵਿਚੋਂ ਪਾਣੀ ਦਾ ਗਲਾਸ ਪੀਤਾ ਆ। ਮੈਂ ਕਮਰੇ ਅੰਦਰ ਵੜਿਆ ਹਾਂ। ਗੁੱਟੀ ਠੀਕ ਕਰਕੇ ਪੱਗ ਬੰਨ੍ਹ ਲਈ ਆ... ਰਫ਼ਲ ਲੋਅਡ ਕਰਕੇ ਟੇਬਲ 'ਤੇ ਰੱਖੀ ਆ। ... ਨਾਲ ਦੇ ਕਮਰੇ ਵਿੱਚ ਆਇਆ ਹਾਂ। ਜੋਧਿਕਾ ਕਿਤਾਬ ਲਈ ਬੈਠੀ ਆ।

ਇੱਕ ਗੱਲੋਂ ਮੈਂ ਖੁਸ਼ ਆ। ਇਸ ਕੁੜੀ ਨੇ ਕਹਿਣਾ ਮੰਨ ਲਿਆ। ਨਹੀਂ ਤਾਂ ਇਹ ਮੈਨੂੰ ਮਾਰਨ ਲੱਗੀ ਸੀ। ਬਲੱਡ ਪ੍ਰੈਸ਼ਰ ਦੀ ਬਿਮਾਰੀ ਇਹਦੀ ਹੀ ਲਾਈ ਹੋਈ ਆ। ਇਹਦੇ ਜੁਆਨ ਹੋਣ ਤੋਂ ਪਹਿਲਾ, ਜਿਉਂ ਸੂਰਜ ਛਿਪਣਾ। ਅਸੀਂ ਸੌਂ ਜਾਂਦੇ ਸਾਂ। ਇਹਦੀ ਮੰਮੀ ਜਸਪਾਲ ਤਾਂ ਹੁਣ ਵੀ ਅੱਠ ਵਜੇ ਘੁਰਾੜੇ ਮਾਰਨ ਲੱਗ ਪੈਂਦੀ ਆ। ਬੱਸ ਮੈਨੂੰ ਈ ਨੀਂਦ ਨਾ ਆਉਣ ਦਾ ਰੋਗ ਲੱਗ ਗਿਆ। ਜੋਧਿਕਾ ਕਿਤਾਬ ਛੱਡ ਕੇ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਦੇਖਣ ਲੱਗ ਪਈ ਆ। ਮੈਂ ਦੂਜੇ ਕਮਰੇ ਵੱਲ ਆਉਣ ਦਾ ਇਸ਼ਾਰਾ ਕੀਤਾ ਹੈ।

"ਬੇਟਾ, ਤੇਰੇ ਜੌਹਲ ਅੰਕਲ ਦਾ ਫ਼ੋਨ ਆਇਆ। ਤੇਰੇ ਆਂਟੀ ਅੰਕਲ ਮੁਸੀਬਤ ਵਿੱਚ ਆ। ਅੱਜ ਫਿਰ ਪਰਮਵੀਰ ਦਾ ਦਿਮਾਗ ਖ਼ਰਾਬ ਹੋ ਗਿਆ। ਨਸ਼ੇ ਵਿੱਚ ਅੰਨ੍ਹਾ ਹੋਇਆ ਆਪਣੇ ਮਾਂ ਪਿਓ ਨੂੰ ਮਾਰਨ ਲਈ ਬਜ਼ਿੱਦ ਆ। ਦੋਨੋਂ ਅੰਦਰ ਨੇ। ਉਹ ਬੂਹੇ ਭੰਨ ਰਿਹਾ। ਮੈਂ ਉਨ੍ਹਾਂ ਨੂੰ ਬਚਾਉਣ ਲਈ ਨੂਰਪੁਰ ਚੱਲਿਆਂ ਆਪਣੀ ਮੰਮੀ ਨੂੰ ਜਗਾਈ ਨਾ।"

"ਡੈਡੀ, ਨਾ ਜਾਇਓ। ਰਾਤ ਬਹੁਤ ਹੋ ਗਈ, ਪੁਲਿਸ ਚੌਂਕੀ ਫ਼ੋਨ ਕਰ ਲਉ।"

ਮੈਂ ਅਣਸੁਣਾ ਕਰਕੇ ਰੇਵਲ ਸਿੰਘ ਨੂੰ ਫ਼ੋਨ ਲਾਇਆ ਹੈ। ਹੈਅ! ਨੇਤਾ ਜੀ ਫ਼ੋਨ ਈ ਨਈਂ ਚੁੱਕ ਰਹੇ। ਦੁਬਾਰਾ ਟਰਾਈ ਮਾਰਦਾਂ। ... ਸ਼ੁਕਰ ਆ। ਲੀਡਰਾਂ ਦੀ ਵੀ ਅੱਖ ਖੁੱਲ੍ਹ ਗਈ। ... ਮੈਂ ਸਾਰੀ ਸਮੱਸਿਆ ਰੇਵਲ ਸਿੰਘ ਨੂੰ ਦੱਸ ਦਿੱਤੀ ਆ। ਉਹ ਜੀਪ ਲੈ ਕੇ ਆਉਣ ਲੱਗਾ। ਮੈਂ ਕਾਰਤੂਸਾਂ ਵਾਲਾ ਬੈਗ ਲੱਕ ਨਾਲ ਬੰਨ੍ਹਿਆ ਆ ਤੇ ਬੰਦੂਕ ਚੁੱਕ ਕੇ ਸੜਕ 'ਤੇ ਆ ਖੜ੍ਹਾ ਹੋਇਆ ਹਾਂ। ਮੈਂ ਚਾਹੁੰਦਾ ਸੀ ਸੱਤ-ਅੱਠ ਬੰਦੇ ਨਾਲ ਹੁੰਦੇ। ਰੇਵਲ ਕਹਿ ਤਾਂ ਰਿਹਾ ਸੀ। ਸ਼ਾਮੀਂ ਆਈ. ਟੀ. ਆਈ. ਮੀਟਿੰਗ ਸੀ। ਉਥੇ ਕੁਝ ਬੰਦੇ ਠਹਿਰੇ ਹੋਏ

ਆ। ਉਹ ਉਨ੍ਹਾਂ ਨੂੰ ਨਾਲ ਲੈ ਲਏਗਾ।

ਰੇਵਲ ਸਿੰਘ ਜੀਪ ਲੈ ਕੇ ਆ ਗਿਆ। ਕੁੱਤਿਆਂ ਦੇ ਰੋਣ ਦੀ ਆਵਾਜ਼ ਹੋਰ ਉੱਚੀ ਹੋਈ ਆ। ਮੈਂ ਰਫ਼ਲ ਥਾਂ ਸਿਰ ਰੱਖ ਕੇ ਬੈਠ ਗਿਆ ਹਾਂ। ਦੋ ਰਫ਼ਲਾਂ ਰੇਵਲ ਸੁੰਹ ਦੇ ਘਰ ਪਈਆਂ ਹਨ। ਇਹ ਬੜੀਆਂ ਗੜਗੜ ਪਾਉਂਦੀਆਂ ਰਹੀਆਂ ਆ। ਹੁਣ ਤਾਂ ਵਰਤੀਆਂ ਨੂੰ ਬਹੁਤਾ ਚਿਰ ਹੋ ਗਿਆ। ਨਾਲੇ ਇਨ੍ਹਾਂ ਨਾਲ ਵਾਹ ਘੱਟ ਗਿਆ ਤੇ ਕਿਤਾਬਾਂ ਨਾਲ ਪੈ ਗਿਆ ਐ।

"ਦੇਖ ਲੈ ਕੁਲਵਿੰਦਰ ਸਿਆਂ, ਅਸੀਂ ਤਾਂ ਘਰੋਂ ਨਿਕਲੇ ਸੀ ਗਰੀਬ-ਗੁਰਬੇ ਦਾ ਰਾਜ ਲਿਆਉਣ ਲਈ। ਇਹ ਤਾਂ ਚਿੱਤ-ਚੇਤਾ ਵੀ ਨਹੀਂ ਸੀ ਬਈ ਸਾਨੂੰ ਘਰਾਂ ਵਿੱਚ ਵੀ ਜੰਗਾਂ ਲੜਨੀਆਂ ਪੈਣਗੀਆਂ।"

ਮੇਰੇ ਪਿੰਡ ਵਿੱਚੋਂ ਇਹ ਇਕੋ ਇਕ ਬੰਦਾ ਆ, ਜਿਹੜਾ ਮੇਰਾ ਅਸਲੀ ਨਾਂ ਲੈਂਦਾ ਆ। ਨਹੀਂ ਤਾਂ ਬਾਕੀ ਸਾਰੀ ਜਨਤਾ ਕਾਲਿਆ-ਕਾਲਿਆ ਕਰਦੀ ਫ਼ਿਰਦੀ ਆ। ਇਕ ਤਾਂ ਮੇਰਾ ਰੰਗ ਕਾਲਾ। ਉਤੋਂ ਦਾਦੀ ਨੇ ਨਾਂ ਵੀ ਰੱਖ ਦਿੱਤਾ ਕਾਲਾ। ਸੜਕ 'ਤੇ ਕੋਈ ਮੋਟਰ-ਗੱਡੀ ਟੱਕਰ ਨਹੀਂ ਰਹੇ। ਹਨੇਰਾ ਹੋਰ ਕਾਲਾ ਸ਼ਾਹ ਹੋਈ ਜਾ ਰਿਹਾ ਏ। ਨਵਾਂ ਸ਼ਹਿਰ ਸਾਡੇ ਪਿੰਡ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਆ। ਬੱਸ ਪੁੱਜਣ ਵਾਲੇ ਈ ਆ ਆਈ. ਟੀ. ਆਈ। ਜੀਪ ਹਨੇਰੇ ਨੂੰ ਚੀਰਦੀ ਜਾਂਦੀ ਆ।

ਮੈਂ ਆਈ. ਟੀ. ਆਈ. ਦੇ ਗੇਟ ਮੋਹਰੇ ਜੀਪ ਲਾਗੇ ਖੜ੍ਹ ਗਿਆ ਹਾਂ। ਨੇਤਾ ਜੀ ਅੰਦਰ ਬੰਦੇ ਲੈਣ ਚਲੇ ਗਏ ਹਨ। ਇਹ ਉਹ ਥਾਂ ਆ ਜਿਥੇ ਮੈਂ ਅੱਜ ਤੋਂ ਪੈਂਤੀ ਸਾਲ ਪਹਿਲਾ ਇਲੈਕਟ੍ਰੀਸ਼ਨ ਦਾ ਡਿਪਲੋਮਾ ਕਰਨ ਆਇਆ ਸੀ। ਮੇਰਾ ਭਾਪਾ ਭਾੜੇ 'ਤੇ ਰੇੜ੍ਹੀ ਵਾਹੁੰਦਾ ਹੁੰਦਾ ਸੀ। ਉਹਨੇ ਰਾਹੋਂ ਦੇ ਭੱਠਿਆਂ ਤੋਂ ਇੱਟਾਂ ਦੀ ਰੇੜ੍ਹੀ ਲੱਦਣੀ ਨਵਾਂ ਸ਼ਹਿਰ ਆ ਲਾਹੁਣੀ। ਉਹਦੀ ਸਾਰੀ ਉਮਰ ਰੇੜ੍ਹੀ 'ਤੇ ਬੀਤੀ ਤੇ ਮੌਤ ਵੀ...। ਉਸ ਦਾ ਸੁਪਨਾ ਵੀ ਕੋਈ ਵੱਡਾ ਨਹੀਂ ਸੀ। ਉਹ ਤਾਂ ਏਹੀ ਚਾਹੁੰਦਾ ਸੀ, ਮੈਂ ਰੋਟੀ ਖਾਣ ਜੋਗੇ ਕਿੱਤੇ ਲੱਗ ਜਾਂ। ਬੱਸ ਜਿਉਂ ਹੀ ਮੈਂ ਦਸਵੀਂ ਕੀਤੀ। ਉਸ ਮਾੜ੍ਹਚ ਬੰਦੇ ਨੇ ਮੈਨੂੰ ਇਥੇ ਆਈ. ਟੀ. ਆਈ ਦਾਖ਼ਲ ਕਰਵਾ ਦਿੱਤਾ।

ਆਈ. ਟੀ. ਆਈ. ਵਿੱਚ ਸਟੂਡੈਂਟ ਯੂਨੀਅਨ ਦਾ ਬੜਾ ਬੋਲ ਬਾਲਾ ਹੁੰਦਾ ਸੀ। ਉਹਨੀਂ ਮੈਨੂੰ ਵੀ ਮੈਂਬਰ ਬਣਾ ਲਿਆ। ਉਨ੍ਹਾਂ ਦਿਨਾਂ ਵਿੱਚ ਇਕ ਘਟਨਾ ਵਾਪਰ ਗਈ। ਅਸੀ. ਆਈ. ਟੀ. ਆਈ. ਦੇ ਕੁਝ ਮੁੰਡੇ ਯੂਥ ਫੈਸਟੀਵਲ ਦੇਖਣ ਕਾਲਜ ਚਲੇ ਗਏ। ਕਾਲਜ ਦੇ ਲਫੰਡਰ ਕਿਸਮ ਦੇ ਮੁੰਡਿਆਂ ਨੇ ਸਾਡਾ ਕੁੱਟ ਕੁਟਾਪਾ ਕਰ ਦਿੱਤਾ। ਸਾਰੀ ਆਈ. ਟੀ. ਆਈ. ਲਈ ਇਹ ਤਾਂ ਡੁੱਬ ਮਰਨ ਵਾਲੀ ਗੱਲ ਸੀ। ਫਿਰ ਕੀ ਸੀ? ਸਟੂਡੈਂਟ ਯੂਨੀਅਨ ਵਾਲੇ ਸਾਰਾ ਮੁਲੱਖ ਇਕੱਠਾ ਕਰਕੇ ਕਾਲਜ ਲੈ ਗਏ। ਉਨ੍ਹਾਂ ਕਾਲਜ ਵਾਲੇ ਆਪਣੀ ਯੂਨੀਅਨ ਦੇ ਮੁੰਡੇ ਵੀ ਨਾਲ ਰਲਾ ਲਏ। ਇਹ ਐਲਾਨੀਆ ਯੁੱਧ ਸੀ। ਕਾਲਜ ਦੇ ਨਾਲ ਚਾਰ ਪੰਜ ਏਕੜ ਵਿੱਚ ਸਫ਼ੈਦਿਆਂ ਦੇ ਦਰਖ਼ਤ ਸਨ। ਦੋਨੋਂ ਧਿਰਾਂ ਹਥਿਆਰ ਲੈ ਕੇ ਉਥੇ ਪੁੱਜ ਗਈਆਂ। ਵੱਢ-ਵਢਾਂਗਾ ਸ਼ੁਰੂ ਹੋ ਗਿਆ। ਮੇਰੇ ਕੋਲ ਕਿਰਪਾਨ ਸੀ। ਦੁਸ਼ਮਣ ਬੜੇ ਭਜਾਏ। ਉਸ ਦਿਨ ਦਾ ਪੂਰਾ ਬਦਲਾ ਲਿਆ।

ਅਜੇ ਤੱਕ ਨੇਤਾ ਜੀ ਬੰਦੇ ਲੈ ਕੇ ਨਹੀਂ ਆਇਆ। ਕਿਤੇ ਮੀਟਿੰਗ ਤਾਂ ਨਹੀਂ ਕਰਵਾਉਣ ਲੱਗ ਪਿਆ? ਜਾਂ ਸੁੱਤੇ ਬੰਦੇ ਈ ਨਹੀਂ ਉੱਠ ਰਹੇ? ਕੀ ਪਤਾ ਇਨ੍ਹਾਂ ਲੀਡਰਾਂ ਦਾ। ਉਂਝ ਨੇਤਾ ਜੀ ਨੂੰ ਬੰਦੇ ਕੁ ਬੰਦੇ ਦੀ ਪਛਾਣ ਆ। ਉਦੋਂ ਇਹ ਉਸੇ ਕਾਲਜ ਵਿੱਚ ਹਿਸਟਰੀ ਦੀ ਐਮ. ਏ. ਕਰਦਾ ਸੀ ਤੇ ਸਟੂਡੈਂਟ ਯੂਨੀਅਨ ਦਾ ਸੂਬਾ ਪੱਧਰੀ ਲੀਡਰ ਸੀ। ਲੜਾਈ ਵਿਚ ਮੇਰੀ ਕਿਰਪਾਨ ਘੁੰਮਦੀ ਦੇਖ ਕੇ ਇਹ ਤਾੜ ਗਿਆ ਸੀ। ਬਾਅਦ ਵਿਚ ਹਰੇਕ ਨੂੰ ਕਹੀ ਜਾਵੇ,

"ਦੇਖੇ, ਮੇਰੇ ਪਿੰਡ ਦੇ ਮੁੰਡੇ ਦੇ ਜੌਹਰ। ਹੁਣ ਨਈਂ ਮੰਨਦੇ ਜਾਫ਼ਰਪੁਰੀਏ ਕਿਸੇ ਨੂੰ ਵੀ।" ਇਹ ਉਦੋਂ ਸੀ ਵੀ ਪਿੰਡ ਵਿੱਚ ਇਕੱਲਾ। ਉਂਝ ਵੀ ਲੀਡਰਾਂ ਨੂੰ ਹਰ ਕਿਸਮ ਦੇ ਬੰਦੇ ਚਾਹੀਦੇ ਹੁੰਦੇ ਆ। ਮੇਰਾ ਦੋ ਸਾਲ ਦਾ ਡਿਪਲੋਮਾ ਸੀ। ਇਨ੍ਹਾਂ ਸਾਲਾਂ ਵਿਚ ਯੂਨੀਅਨ ਦੀ ਕੋਈ ਲੜਾਈ ਨਈਂ ਹੋਣੀ, ਜਿਹੜੀ ਮੈਂ ਨਾ ਲੜਿਆ

ਹੋਵਾਂ।

ਮੈਂ ਡਿਪਲੋਮਾ ਤਾਂ ਕਰ ਲਿਆ। ਨੌਕਰੀ ਨਾ ਮਿਲੀ। ਚਾਰ-ਪੰਜ ਸਾਲ ਨੌਕਰੀ ਮਗਰ ਭੱਜਦਾ ਰਿਹਾ। ਆਖ਼ਿਰ ਬਿਜਲੀ ਦੀ ਦੁਕਾਨ ਪਾ ਲਈ। ਬਹੁਤਾ ਕੰਮ ਮੋਟਰਾਂ ਬੰਨ੍ਹਣ ਦਾ ਕਰਨ ਲੱਗਾ। ਜਿਸ ਸਾਲ ਮੇਰਾ ਡਿਪਲੋਮਾ ਹੋਇਆ, ਉਸੇ ਸਾਲ ਰੇਵਲ ਸਿੰਘ ਵੀ ਐਮ. ਏ. ਕਰ ਗਿਆ ਸੀ। ਉਸ ਪਿੱਛੋਂ ਇਹ ਕਿਸਾਨ ਯੂਨੀਅਨ ਵਿਚ ਸਰਗਰਮ ਹੋ ਗਿਆ। ਕੁਝ ਲੋਕ ਸਾਰੀ ਉਮਰ ਨੇਤਾ ਹੀ ਰਹਿੰਦੇ ਆ। ਇਹ ਵੀ ਉਨ੍ਹਾਂ ਵਿੱਚੋਂ ਈ ਆ। ਮੈਂ ਭਾਵੇਂ ਆਪਣੇ ਕੰਮ ਵਿਚ ਰਚ ਮਿੱਚ ਗਿਆ ਸਾਂ। ਪਰ ਇਹਨੀਂ ਮੇਰਾ ਖਹਿੜਾ ਨਾ ਛੱਡਿਆ। ਧਰਨੇ, ਮੁਜ਼ਾਹਰੇ, ਹੜਤਾਲਾਂ ਤੇ ਕਿਤੇ ਟਕਰਾਅ ਲਈ ਸਟੂਡੈਂਟ ਯੂਨੀਅਨ ਵਾਲੇ ਤਾਂ ਲੈ ਈ ਜਾਂਦੇ।

ਸਟੂਡੈਂਟ ਯੂਨੀਅਨ ਦੇ ਵਿਦਿਆਰਥੀਆਂ ਦੀ ਮੰਗ ਤਾਂ ਸਭ ਲਈ ਮੁਫ਼ਤ ਵਿਦਿਆ ਤੇ ਬਰਾਬਰ ਰੁਜ਼ਗਾਰ ਦੀ ਸੀ। ਇਸ ਮੰਗ ਨੂੰ ਲੈ ਕੇ ਘੋਲ ਚੱਲਿਆ ਸੀ। ਇਸ ਦੌਰਾਨ ਪੁਲੀਸ ਨਾਲ ਹੋਏ ਇਕ ਟਕਰਾਅ ਵਿਚ ਸਾਨੂੰ ਚਾਰ ਜਣਿਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ ਸੀ। ਫਿਰ ਸਾਨੂੰ ਰਿਹਾਅ ਕਰਵਾਉਣ ਲਈ ਯੂਨੀਅਨ ਨੇ ਸੰਘਰਸ਼ ਵੀ ਕੀਤਾ ਸੀ।

ਅਸੀਂ ਜੇਲ੍ਹ 'ਚੋਂ ਹੀਰੋ ਬਣ ਕੇ ਨਿਕਲੇ ਸੀ। ਭਾਪੇ ਨੇ ਰੇਵਲ ਸੁੰਹ ਦੇ ਬੰਦਿਆਂ ਨੂੰ ਮਿਲਣ 'ਤੇ ਪਾਬੰਦੀ ਲਾ ਦਿੱਤੀ। ਪਰ ਮੈਂ ਕਿਹੜਾ ਟਲਣ ਵਾਲੀ ਸ਼ੈਅ ਸੀ। ਅੱਖ ਬਚਾ ਕੇ ਜਾ ਰਲਦਾ। ਆਖ਼ਿਰ ਦੁਖੀ ਹੋਏ ਭਾਪੇ ਨੇ ਆਪਣਾ ਆਖ਼ਰੀ ਤੀਰ ਵੀ ਵਰਤ ਲਿਆ। ਮੇਰਾ ਵਿਆਹ ਕਰ ਦਿੱਤਾ।

ਆਈ. ਟੀ. ਆਈ. ਦੇ ਅੰਦਰੋਂ ਬੰਦੇ ਆ ਗਏ ਹਨ ਤੇ ਨੇਤਾ ਜੀ ਵੀ। ਜੀਪ ਤੋਰ ਲਈ ਆ। ਪਰਮਵੀਰ ਨੂੰ ਕਾਬੂ ਕਰਨ ਬਾਰੇ ਨੇਤਾ ਜੀ ਡਿਸ਼ਕਸ਼ਨ ਕਰਨ ਲੱਗ ਪਏ ਹਨ। ਇਹ ਨੇਤਾ ਜੀ ਨੂੰ ਪਤਾ ਆ ਕਿ ਕਿਹੜਾ ਕੰਮ ਕਿਹਤੋਂ ਲੈਣਾ ਏ। ਅੱਸੀਵਿਆਂ ਵਿਚ ਇਹਨੇ ਮੈਨੂੰ ਚੁਣਿਆ ਸੀ। ਉਦੋਂ ਪੰਜਾਬ ਨੂੰ ਬੜੀ ਬੁਰੀ ਤਰ੍ਹਾਂ ਮਾਰ ਪੈ ਰਹੀ ਸੀ। ਮਾਰ ਧਾੜ ਸ਼ੁਰੂ ਹੋ ਚੁੱਕੀ ਸੀ। ਉਸ ਲੜਾਈ ਦਾ ਪਤਾ ਈ ਨਹੀਂ ਸੀ ਲੱਗ ਰਿਹਾ ਕਿ ਪੰਜਾਬ ਦੇ ਲੋਕਾਂ ਨਾਲ ਕੌਣ ਖੇਡ ਰਿਹਾ ਏ। ਫਿਰ ਉਨ੍ਹਾਂ ਅਸਾਲਟਾਂ ਰੇਵਲ ਸੁੰਹ ਹੁਰਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਵੱਲ ਵੀ ਕਰ ਲਈਆਂ ਸਨ।

ਬੱਸ ਫਿਰ ਕੀ ਸੀ? ਗਰੀਬ ਗੁਰਬਿਆਂ ਲਈ ਲੜਨ ਭਿੜਨ ਵਾਲੇ ਵੀ ਗੋਲੀਆਂ ਦਾ ਸ਼ਿਕਾਰ ਹੋਣ ਲੱਗੇ। ਉਹਨੀਂ ਸਾਨੂੰ ਦੋਨਾਂ ਨੂੰ ਵੀ ਆਪਣੀ ਹਿੱਟ ਲਿਸਟ ਵਿਚ ਸ਼ਾਮਿਲ ਕਰ ਲਿਆ।

ਨੇਤਾ ਜੀ ਨੇ ਦੋ ਲਾਇਸੈਂਸੀ ਰਫ਼ਲਾਂ ਆਪਣੇ ਲਈ ਖਰੀਦ ਲਈਆਂ ਤੇ ਇਕ ਮੈਨੂੰ ਖਰੀਦ ਦਿੱਤੀ। ਮੈਂ ਤੇ ਜਸਪਾਲ ਰਾਤ ਨੂੰ ਇਨ੍ਹਾਂ ਦੇ ਘਰ ਈ ਸੌਂਦੇ ਅੱਧੀ ਰਾਤ ਤੱਕ ਮੈਂ ਪਹਿਰਾ ਦਿੰਦਾ ਤੇ ਬਾਕੀ ਅੱਧੀ ਰਾਤ ਰੇਵਲ ਸੁੰਹ। ਫਿਰ ਉਹ ਦਿਨ ਵੀ ਆ ਗਏ। ਜਦੋਂ ਅਸਾਲਟਾਂ ਸਾਡੇ ਉੱਤੇ ਅੱਗ ਉਗਲਣ ਲੱਗੀਆਂ। ਇਹਨਾਂ ਰਫ਼ਲਾਂ ਨੇ ਸਾਡਾ ਬੜਾ ਸਾਥ ਦਿੱਤਾ। ਉਹ ਵੀ ਕੀ ਦਿਨ ਸਨ? ਡਰ ਤਾਂ ਮਾੜਾ ਨਹੀਂ ਸੀ ਲਗਦਾ। ਸਿਰ 'ਤੇ ਕੱਫ਼ਣ ਬੰਨ੍ਹੀ ਤੁਰੀ ਫਿਰਦੇ ਰਹੇ। ਆਹ ਤਾਂ ਕਦੇ ਸੋਚਿਆ ਵੀ ਨਹੀਂ ਸੀ। ਜਿਨ੍ਹਾਂ ਔਲਾਦਾਂ ਦੇ ਭਵਿੱਖ ਲਈ ਲੜ ਰਹੇ ਸਾਂ, ਉਹ ਇਥੋਂ ਤੱਕ ਗਰਕ ਜਾਣਗੀਆਂ। ਇਕ ਸਾਡੀ ਪੀੜ੍ਹੀ ਸੀ ਜੋ ਚੰਗੇਰੇ ਭਵਿੱਖ ਲਈ ਲੜ ਰਹੀ ਸੀ। ਇਕ ਆਹ ਨਵੀਂ ਪੀੜ੍ਹੀ ਆ। ਜਿਹੜੀ ਨਿੱਜੀ ਜ਼ਿੰਦਗੀ ਦੀ ਦੌੜ ਵਿਚ ਸ਼ਾਮਿਲ ਹੋ ਗਈ ਹੈ।

"ਆਹ ਕਾਹਮੇ ਵਾਲਿਆਂ ਨੇ ਬੜੀਆਂ ਲਾਈਟਾਂ ਲਾਈਆਂ ਹੋਈਆਂ ਨੇ? " ਕਾਹਮੇ ਪਿੰਡ ਨੂੰ ਜਗ-ਮਗ, ਜਗ-ਮਗ ਹੋਇਆ ਦੇਖ ਨੇਤਾ ਜੀ ਬੋਲੇ ਹਨ।

"ਮਾਤਾ ਸੱਤਿਆ ਦੇਵੀ ਦੀ ਯਾਦ ਵਿੱਚ ਮੇਲਾ ਲੱਗਾ ਹੋਇਆ, ਭਾਅ ਜੀ।" ਅੱਡੇ ਵਿਚ ਲੱਗਾ ਬੈਨਰ ਪੜ੍ਹ ਕੇ ਮੈਂ ਬੋਲਿਆ ਹਾਂ।

ਪੁਰਾਣੀਆਂ ਯਾਦਾਂ ਤਾਜ਼ਾਂ ਹੋ ਗਈਆਂ ਹਨ। ਮੈਂ ਰੇਵਲ ਸਿੰਘ ਜਿੰਨਾ ਪ੍ਰਤੀਬੱਧ ਨਈਂ ਸਾਂ। ਸਿਧਾਂਤ

ਨਾਲ ਨਹੀਂ ਜੁੜਿਆ ਸੀ। ਮੇਰੀਆਂ ਲੋੜਾਂ ਉਨ੍ਹਾਂ ਦੇ ਨੇੜੇ ਲੈ ਗਈਆਂ ਸਨ। ਜਿਉਂ ਹੀ ਪੰਜਾਬ ਦੇ ਹਲਾਤ ਕੁਝ ਚੰਗੇ ਹੋਏ। ਮੈਂ ਕੰਮ ਵਿਚ ਰੁਝ ਗਿਆ। ਰੇਵਲ ਸੁੰਹ ਹੁਰਾਂ ਦੀਆਂ ਜਥੇਬੰਦੀਆਂ ਨੂੰ ਵੱਡੀ ਸੈਟ ਬੈਕ ਲੱਗੀ ਸੀ। ਮੇਰਾ ਇਨ੍ਹਾਂ ਨਾਲੋਂ ਰਾਬਤਾ ਟੁੱਟ ਗਿਆ ਸੀ। ਨਾਲੇ ਮੈਂ ਤਾਂ ਆਮ ਬੰਦਾ ਸੀ।

ਸਾਡਾ ਵਿਆਹ ਹੋਏ ਨੂੰ ਛੇ-ਸੱਤ ਸਾਲ ਹੋ ਗਏ ਸਨ। ਜਸਪਾਲ ਦੀ ਕੁੱਖ ਹਰੀ ਨਾ ਹੋਈ। ਉਹ ਔਲਾਦ ਲਈ ਮੇਰੇ ਨਾਲੋਂ ਵੀ ਵੱਧ ਝੁਰਦੀ ਸੀ ਲੋਕ ਵੀ ਟਿਕਣ ਨਾ ਦਿੰਦੇ। ਉਹ ਸਿਆਣਿਆਂ ਕੋਲੋਂ ਇਲਾਜ ਕਰਾਉਣ ਦੀਆਂ ਮੱਤਾਂ ਦਿੰਦੇ ਰਹਿੰਦੇ। ਉਹ ਵੀ ਹਾਂ ਵਿੱਚ ਹਾਂ ਮਿਲਾਉਂਦੀ ਰਹਿੰਦੀ। ਇਕ ਵਾਰ ਉਹ ਇਥੇ ਮਾਤਾ ਸੱਤਿਆ ਦੇ ਆਉਣ ਲਈ ਜ਼ੋਰ ਪਾਉਣ ਲੱਗੀ। ਮੈਂ ਨਾ ਚਾਹੁੰਦਿਆਂ ਹੋਇਆਂ ਵੀ ਨਾਲ ਆ ਗਿਆ। ਇਥੇ ਈ ਬਲਦੇਵ ਸਿੰਘ ਜੌਹਲ ਆਪਣੀ ਪਤਨੀ ਦਵਿੰਦਰ ਕੌਰ ਦੀ ਸੁੱਕੀ ਕੁੱਖ ਹਰੀ ਕਰਾਉਣ ਲਈ ਲੈ ਕੇ ਆਇਆ ਹੋਇਆ ਸੀ। ਇਹ ਸਾਡੀ ਪਹਿਲੀ ਮਿਲਣੀ ਸੀ। ਸਪੀਕਰ 'ਤੇ ਗੀਤ ਵੱਜ ਰਿਹਾ ਸੀ।

"ਇਹ ਪੁੱਤਰ ਹੱਟਾਂ 'ਤੇ ਨਈਂ ਵਿਕਦੇ। ਤੂੰ ਲੱਭਦੀ ਫਿਰੇ ਉਧਾਰ ਕੁੜੇ।"

ਇਥੇ ਢੋਲਕੀਆਂ ਛੈਣੇ ਵੱਜ ਰਹੇ ਸਨ। ਡੋਲੀਆਂ ਖੇਡ ਰਹੀਆਂ ਸਨ। ਅਸੀਂ ਵੀ ਚਾਰੋਂ ਜਣੇ ਅੱਗੇ ਬੈਠ ਗਏ ਸਾਂ। ਜਿਉਂ ਹੀ ਢੋਲਕੀਆਂ ਛੈਣਿਆਂ ਦੀ ਆਵਾਜ਼ ਉੱਚੀ ਹੋਈ। ਜਸਪਾਲ ਨੂੰ ਤਾਂ ਖੇਡ ਨਾ ਚੜ੍ਹੀ। ਦਵਿੰਦਰ ਕੌਰ ਨੇ ਸਿਰ ਘੁਮਾਉਣਾ ਸ਼ੁਰੂ ਕਰ ਦਿੱਤਾ। ਉਹਦੇ ਵਾਲ਼ ਖੁੱਲ੍ਹ ਗਏ। ਡਰਾਉਣੀਆਂ ਆਵਾਜ਼ਾਂ ਕੱਢਣ ਲੱਗ ਪਈ। ਇਕ ਚੇਲੇ ਨੇ ਉਹਦੀਆਂ ਨਾਸਾਂ ਅੱਗੇ ਧੂਫ਼ ਵਾਲੀ ਚੱਪਣੀ ਕੀਤੀ। ਮਾਤਾ ਵੀ ਆਪਣੇ ਰੰਗ ਵਿਚ ਆ ਗਈ ਸੀ।

"ਤੈਨੂੰ ਔਰਤਾਂ ਦਿਹਦੀਆਂ ? ... ਉਹੀ ਜਿਹਨੀਂ ਤੇਰੀ ਕੁੱਖ ਬੰਨ੍ਹੀ ਹੋਈ ਆ। ... ਹਾਂ, ਹਾਂ ਬੋਲ। ... ਇਹ ਸਹੁਰਿਆਂ ਵੱਲ ਦੀਆਂ ਜਾਂ ਪੇਕਿਆਂ ਵੱਲ ਦੀਆਂ? "

ਦਵਿੰਦਰ ਕੌਰ ਬੋਲੇ ਕੁਝ ਨਾ। ਮਾਤਾ ਨੇ ਲਲਕਾਰਾ ਮਾਰਿਆ। ਢੋਲਕੀ ਛੈਣੇ ਤੇਜ਼ ਹੋ ਗਏ। ਪਰ ਉਹਦੀ ਆਵਾਜ਼ ਨਾ ਨਿਕਲੇ। ਮਾਤਾ ਨੇ ਬਲਦਾ-ਬਲਦਾ ਧੂਫ਼ ਉਹਦੀ ਗਰਦਨ 'ਤੇ ਲਾ ਦਿੱਤਾ। ਦਵਿੰਦਰ ਕੌਰ ਨੇ ਚੀਕ ਚਿਹਾੜਾ ਪਾ ਦਿੱਤਾ। ਫ਼ੇਰ ਮਾਤਾ ਸਵਾਲ ਪੁੱਛਣ ਲੱਗੀ। ਜੋ ਮੂੰਹ ਆਵੇ, ਉਹ ਬੋਲੀ ਜਾਵੇ। ਮਾਤਾ ਨੇ ਗੇਟ ਤੱਕ ਲੰਮੀ ਪੈ ਕੇ ਜਾਣ ਤੇ ਆਉਣ ਦਾ ਹੁਕਮ ਸੁਣਾਇਆ। ਇਹ ਕੁਝ ਵੀ ਉਹਨੂੰ ਕਰਨਾ ਪਿਆ। ਮਾਤਾ ਗਰਜੀ।

"ਪੰਜ ਚੌਂਕੀਆਂ ਭਰ। ਲਾਲ ਅਵੱਸ਼ ਹੋਏਗਾ। ਅੱਜ ਤੱਕ ਇਸ ਦਰ ਤੋਂ ਕੋਈ ਖਾਲੀ ਨਹੀਂ ਗਿਆ।"

ਅਸੀਂ ਚਾਰੇ ਜਾਣੇ ਡੇਰੇ ਤੋਂ ਬਾਹਰ ਆ ਗਏ। ਅੱਡੇ ਵਿਚ ਆ ਕੇ ਚਾਹ ਪਾਣੀ ਪੀਤਾ। ਅਗਾਹ ਤੋਂ ਉਥੇ ਨਾ ਜਾਣ ਦਾ ਫ਼ੈਸਲਾ ਕਰ ਲਿਆ।

ਫਿਰ ਉਹ ਅੱਪਰੇ ਵਾਲੇ ਪੰਡਤ ਕੋਲ ਜਾਣ ਲੱਗ ਪਏ। ਸਾਨੂੰ ਵੀ ਧੱਕੇ ਨਾਲ ਲੈ ਜਾਂਦੇ। ਪਹਿਲਾਂ ਤਾਂ ਸਵਾ ਮਹੀਨਾ ਪੰਡਤ ਕੀੜੀਆਂ ਦੇ ਭੌਣ 'ਤੇ ਤਿਲ ਚੌਲੀ ਪੁਆਉਂਦਾ ਰਿਹਾ। ਫਿਰ ਉਹਨੇ ਪੂਜਾ ਪਾਠ ਕੀਤਾ। ਹਜ਼ਾਰਾਂ ਰੁਪਈਏ ਗੁਲ ਹੋ ਗਏ। ਫ਼ਲ ਫ਼ਿਰ ਵੀ ਨਾ ਮਿਲਿਆ।

ਇਕ ਦਿਨ ਅਸੀਂ ਦੋਨੋਂ ਜੀਅ ਜੌਹਲ ਦੀ ਕੋਠੀ ਬੈਠੇ ਸੀ। ਉਹਦੀ ਪੈਂਤੀ ਖੇਤਾਂ ਦੀ ਮਾਲਕੀ ਆ। ਦਵਿੰਦਰ ਕੌਰ ਭੁੱਬਾਂ ਮਾਰ ਕੇ ਰੋ ਪਈ।

"ਸਭ ਕੁਸ਼ ਹੈਗਾ ਘਰ ਵਿੱਚ। ਪਰ ਕੁੱਖ ਸੁਲੱਖਣੀ ਬਿਨਾਂ ਘਰ ਵਿੱਚ ਵੁਕਤ ਨਹੀਂ ਹੁੰਦੀ ਔਰਤ ਦੀ।"

ਇਸ ਤੋਂ ਬਾਅਦ ਉਹ ਦੇਹਰੇ ਚੌਂਕੀਆਂ ਭਰਨ ਲੱਗ ਪਏ। ਉਨ੍ਹਾਂ ਦਿਨਾਂ ਵਿੱਚ ਠੰਡ ਬੜੀ ਸੀ। ਸ਼ਾਇਦ ਦੂਜੀ ਚੌਂਕੀ ਭਰਨ ਗਏ ਸੀ। ਜਸਪਾਲ ਨੂੰ ਵੀ ਨਾਲ ਲੈ ਗਏ ਮੈਂ ਤਾਂ ਨਾ ਮੰਨਿਆ। ਦਵਿੰਦਰ ਤੇ ਜਸਪਾਲ ਨੂੰ ਧੌਲੀ ਧਾਰ ਥੱਲੇ ਕੀਤਾ ਹੋਣਾ। ਦਵਿੰਦਰ ਨੂੰ ਤਾਂ ਕੁਝ ਨਾ ਹੋਇਆ। ਪਿੰਡ ਆਈ ਜਸਪਾਲ ਨੂੰ ਨਮੂਨੀਆ ਹੋ ਗਿਆ ਸੀ। ਕੇਵਲ ਸੁੰਹ ਖ਼ਬਰ ਨੂੰ ਆਇਆ ਸੀ। ਬੱਚਾ ਪ੍ਰਾਪਤੀ ਲਈ ਕੀ ਕੀ ਉਪਾਅ

ਕੀਤੇ, ਸਾਰੇ ਜਸਪਾਲ ਨੇ ਉਹਨੂੰ ਦੱਸ ਦਿੱਤੇ।

"ਸਹੁਰੀ ਦਿਓ, ਦੁਨੀਆਂ ਤਾਂ ਕਲੋਨ ਰਾਹੀਂ ਬੱਚੇ ਪੈਦਾ ਕਰਨ ਬਾਰੇ ਸੋਚ ਰਹੀ ਐ ਤੇ ਤੁਸੀਂ ਬੱਚਾ ਲੈਣ ਲਈ ਸਾਧਾਂ ਚੇਲਿਆਂ ਕੋਲ ਤੁਰੀ ਫਿਰਦੇ ਓ। ਕੋਈ ਸੰਗ ਕਰੋ। ਸਾਡੇ ਨਾਲ ਰਹਿ ਕੇ ਵੀ...।"

ਉਹਨੂੰ ਕੀ ਜਵਾਬ ਦਿੰਦੇ। ਜਸਪਾਲ ਤਾਂ ਗਲਤ ਰਾਹ ਪਈ ਹੀ ਹੋਈ ਸੀ, ਮੈਂ ਵੀ ਦੋਸ਼ੀ ਗਿਣ ਹੋਣ ਲੱਗਾ। ਬੰਦਾ ਔਲਾਦ ਲਈ ਕੀ ਕੀ ਨਹੀਂ ਕਰਦਾ। ਬਲਦੇਵ ਸਿੰਘ ਜੌਹਲ ਕਹਿੰਦਾ ਹੁੰਦਾ,

"ਔਲਾਦ ਦੀ ਖ਼ਾਤਿਰ ਲੋਕੀਂ ਖੂਹੀਂ ਜਾਲ਼ ਪਾਉਂਦੇ ਆ।"

ਰੇਵਲ ਸੁੰਹ ਦੋਨੋਂ ਪਰਿਵਾਰਾਂ ਨੂੰ ਲੈ ਕੇ ਡਾਕਟਰਾਂ ਕੋਲ ਘੁੰਮਣ ਲੱਗਾ। ਜੌਹਲ ਸਾਡੇ ਰਾਹੀਂ ਰੇਵਲ ਸੁੰਹ ਦੇ ਨੇੜੇ ਹੋ ਗਿਆ। ਡਾਕਟਰ ਦੀ ਰਿਪੋਰਟ ਤੋਂ ਪਤਾ ਲੱਗਾ। ਦਵਿੰਦਰ ਦੀਆਂ ਟਿਊਬਾਂ ਬੰਦ ਸਨ। ਜਸਪਾਲ ਦੇ ਅੰਡਕੋਸ਼ ਕਮਜ਼ੋਰ ਸਨ। ਸਾਡੀਆਂ ਪਤਨੀਆਂ ਬ੍ਰੇਕਫਾਸਟ, ਲੰਚ ਤੇ ਡਿਨਰ ਵੀ ਗੋਲੀਆਂ ਕੈਪਸੂਲਾਂ ਨਾਲ ਈ ਕਰਦੀਆਂ। ਬਥੇਰਾ ਇਲਾਜ ਕਰਵਾਇਆ। ਜਿੰਨੇ ਜੋਗੇ ਸੀਗੇ। ਚਲੋ ਮੈਂ ਤਾਂ ਮਾੜ੍ਹਚੁ ਬੰਦਾ ਸੀ। ਜੌਹਲ ਕੋਲ ਤਾਂ ਕੋਈ ਘਾਟਾ ਨਹੀਂ ਸੀ। ਨਾ ਪੈਸੇ ਦਾ ਤੇ ਨਾ ਜਾਇਦਾਦ ਦਾ।

ਹੁਣ ਉਸ ਜਾਇਦਾਦ ਦਾ ਈ ਪੰਗਾ ਪਿਆ ਹੋਇਆ। ਪਰਮਵੀਰ ਕਹਿੰਦਾ ਆ ਜ਼ਮੀਨ ਉਹਦੇ ਨਾਂ ਕਰਵਾਓ। ਤਾਂ ਕਿ ਉਹ ਮਨ ਆਈਆਂ ਕਰ ਸਕੇ। ਸਾਰੀ ਜ਼ਮੀਨ ਨਸ਼ਿਆਂ ਦੇ ਮੂੰਹ ਧੱਕ ਦੇਵੇ। ਜ਼ਮੀਨਾਂ ਦਾ ਮੁੱਲ ਤਾਂ ਸਾਨੂੰ ਪਤਾ ਬੇਜ਼ਮੀਨਿਆਂ ਨੂੰ, ਰੇਵਲ ਸੁੰਹ ਭਾਸ਼ਣ ਕਰਦਾ ਹੁੰਦਾ।

"ਬੰਦਾ ਬਹਾਦਰ ਨੇ ਸਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਸੀ। ਪਿੱਛੋਂ ਮਹਾਰਾਜਿਆਂ ਨੇ ਖੋਹ ਲਈਆਂ ਤੇ ਲੋਕਾਂ ਨੂੰ ਬਣਾ ਦਿੱਤਾ ਕੰਮੀ ਕਮੀਣ।"

ਪਰਮਵੀਰ ਨੂੰ ਤਾਂ ਇਹ ਵੀ ਨਹੀਂ ਪਤਾ ਹੋਣਾ, ਉਹਨੂੰ ਕਿੱਦਾਂ ਪ੍ਰਾਪਤ ਕੀਤਾ। ਸਾਧਾਂ ਚੇਲਿਆਂ ਤੇ ਡਾਕਟਰਾਂ ਦੇ ਚੱਕਰ ਕੱਟ ਕੱਟ ਕੇ ਥੱਕ ਗਏ ਸੀ ਪਰ ਕਿਤੇ ਪੈਰ ਨਾ ਲੱਗੇ।

ਬੰਗਾ ਸ਼ਹਿਰ ਆ ਗਿਆ। 'ਟੈਸਟ ਟਿਊਬ ਬੇਬੀ (ਆਈ ਵੀ ਐਫ) ਅਤੇ ਫਰਟੀਲਿਟੀ ਸੈਂਟਰ ਸੂਦਨ ਹਸਪਤਾਲ ਬੰਗਾ' ਬੋਰਡ 'ਤੇ ਮੇਰੀ ਨਿਗ੍ਹਾ ਗਈ ਹੈ। ਇਸ ਹਸਪਤਾਲ ਵਿੱਚ ਵੀ ਇਹ ਤਕਨੀਕ ਆ ਗਈ? ਛੋਟਾ ਜਿਹਾ ਸ਼ਹਿਰ ਆ। ਸਾਡੇ ਵੇਲੇ ਤਾਂ ਪੰਜਾਬ ਵਿੱਚ ਕਾਲ ਪਿਆ ਹੋਇਆ ਸੀ। ਉਦੋਂ ਇਹ ਤਕਨੀਕ ਪੰਜਾਬ ਵਿਚ ਸਿਰਫ਼ ਲੁਧਿਆਣੇ ਸ਼ਹਿਰ ਦੇ ਇਕ ਹਸਪਤਾਲ ਵਿਚ ਸੀ ਜਾਂ ਫਿਰ ਬੰਬੇ-ਦਿੱਲੀ। ਉਨ੍ਹਾਂ ਸ਼ਹਿਰਾਂ ਵਿਚ ਤਾਂ ਬਥੇਰੇ ਹਸਪਤਾਲ ਹੋਣਗੇ। ਸਾਡੇ ਦੋਨਾਂ ਪਰਿਵਾਰਾਂ ਦੇ ਪੱਲੇ ਡਾਕਟਰਾਂ ਕੁਝ ਨਾ ਪਾਇਆ। ਰੇਵਲ ਸੁੰਹ ਨੇ ਟੈਸਟ ਟਿਊਬ ਬੇਬੀ ਲੈਣ ਲਈ ਜ਼ੋਰ ਪਾਇਆ ਸੀ। ਅਸੀਂ ਲੁਧਿਆਣੇ ਵਾਲੇ ਹਸਪਤਾਲ ਗਏ ਸਾਂ। ਉਨ੍ਹਾਂ ਟੈਸਟ ਟਿਊਬ ਬੇਬੀ ਦੇ ਸਾਰੇ ਪ੍ਰੋਸੈੱਸ ਦਾ ਇਕ ਲੱਖ ਰੁਪਈਆ ਮੰਗਿਆ ਸੀ। ਅਸੀਂ ਤਾਂ ਦੋਨੋਂ ਜੀਅ ਐਨੀ ਰਕਮ ਸੁਣ ਕੇ ਸੁੰਨ ਹੋ ਗਏ ਸਾਂ। ਮੂੰਹ ਲਟਕਾ ਕੇ ਵਾਪਸ ਘਰ ਆ ਗਏ ਸਾਂ।

ਜੌਹਲ ਹੁਰੀਂ ਪੂਰੇ ਪ੍ਰੋਸੈੱਸ ਵਿੱਚੋਂ ਲੰਘੇ ਸਨ। ਸਫ਼ਲਤਾ ਉਨ੍ਹਾਂ ਦੇ ਵੀ ਹੱਥ ਨਹੀਂ ਸੀ ਲੱਗੀ। ਪਰ ਉਹਨਾਂ ਪਿੱਛਾ ਮੁੜ ਕੇ ਵੀ ਨਹੀਂ ਦੇਖਿਆ। ਉਹ ਬੰਬੇ ਜਾ ਪੁੱਜੇ ਸਨ। ਉਥੇ ਉਨ੍ਹਾਂ ਨੂੰ ਟੈਸਟ ਟਿਊਬ ਬੇਬੀ ਨਹੀਂ ਲੈਣਾ ਪਿਆ। ਇਕ ਮਹਿੰਗਾ ਪਰ ਕਾਬਲ ਡਾਕਟਰ ਮਿਲ ਗਿਆ। ਜਿਹਨੇ ਦਵਿੰਦਰ ਕੌਰ ਦੀਆਂ ਬੰਦ ਟਿਊਬਾਂ ਖੋਲ੍ਹ ਦਿੱਤੀਆਂ ਸਨ। ਡਾਕਟਰ ਦੀ ਕਿਰਪਾ ਨਾਲ ਦਵਿੰਦਰ ਦੀ ਗੋਦ ਵਿਚ ਇਕ ਸੋਹਣਾ ਜਿਹਾ ਗੋਭਲਾ ਬਾਲ ਪਰਮਵੀਰ ਖੇਡਣ ਲੱਗ ਪਿਆ ਸੀ। ਅਸੀਂ ਨੂਰਪੁਰ ਗਏ ਤਾਂ ਖੁਸ਼ੀ ਦੇ ਢੋਲ ਵੱਜ ਰਹੇ ਸਨ। ਖੁਸ਼ੀ ਤਾਂ ਅਸੀਂ ਵੀ ਮਨਾਈ ਪਰ ਵਾਪਸੀ 'ਤੇ ਸਾਨੂੰ ਮਾਯੂਸ ਦੇਖ ਕੇ ਨੇਤਾ ਜੀ ਨੇ ਹੌਂਸਲਾ ਬੰਨਾਇਆ ਸੀ।

"ਇਸ ਦੇਸ਼ ਵਿਚ ਗਰੀਬ ਆਦਮੀ ਤਾਂ ਇਲਾਜ ਵੀ ਨਈਂ ਕਰਵਾ ਸਕਦਾ। ਮੇਰੇ ਵਰਗੇ ਤਿੰਨ ਖੇਤਾਂ ਵਾਲੇ ਲਈ ਵੀ ਇਹ ਅਸੰਭਵ ਆ। ਮੇਰਾ ਕਹਿਣਾ ਮੰਨੋ। ਤੁਸੀਂ ਬੱਚਾ ਗੋਦ ਲੈ ਲਓ।"

ਪਿੰਡ ਤੱਕ ਆਉਂਦਿਆਂ ਉਹ ਸਾਨੂੰ ਬੱਚਾ ਗੋਦ ਲੈਣ ਬਾਰੇ ਮਨਾਉਂਦਾ ਰਿਹਾ। ਘਰ ਆ ਕੇ ਮੈਂ ਵੀ ਏਹੀ ਮਨ ਬਣਾ ਲਿਆ ਸੀ। ਪਰ ਜਸਪਾਲ ਨੂੰ ਕੌਣ ਸਮਝਾਵੇ। ਜਦੋਂ ਜੌਹਲ ਹੁਰੀਂ ਬੰਬੇ ਜਾਣਾ ਸੀ। ਉਦੋਂ

ਵੀ ਨੇਤਾ ਜੀ ਨੇ ਇਹ ਪ੍ਰਪੋਜਲ ਰੱਖੀ ਸੀ।

"ਬਲੱਡ ਇਜ਼ ਥਿਕਰ ਦੈਨ ਵਾਟਰ।" ਜੌਹਲ ਨੇ ਇਹ ਕਹਿ ਕੇ ਬੰਬੇ ਲਈ ਟ੍ਰੇਨ ਫ਼ੜ ਲਈ ਸੀ।

ਏਹੀ ਜ਼ਿੱਦ ਜਸਪਾਲ ਲੈ ਕੇ ਬੈਠੀ ਸੀ। ਇਹਨੂੰ ਕਮਲੀ ਨੂੰ ਕੌਣ ਸਮਝਾਵੇ। ਬੱਚੇ ਦੀ ਪੈਦਾਇਸ਼ ਬਿਜਨਿਸ ਬਣ ਗਈ ਹੈ। ਬਾਕੀ ਆਪਣੀ ਔਲਾਦ ਨੇ ਸੁੱਖ ਦੇਣਾ ਆ ਜਾਂ ਨਹੀਂ, ਇਹਦੇ ਬਾਰੇ ਕੋਈ ਹਿੱਕ ਠੋਕ ਕੇ ਨਹੀਂ ਕਹਿ ਸਕਦਾ। ਬੱਚਾ ਗੋਦ ਲੈਣ ਬਾਰੇ ਜਸਪਾਲ ਕਦੇ ਮੰਨ ਜਾਂਦੀ। ਕਦੇ ਨਾਂਹ ਨੁੱਕਰ ਕਰਨ ਲੱਗ ਪੈਂਦੀ। ਖ਼ੈਰ... ਇਕ ਦਿਨ ਸਾਡਾ ਇਕ ਮਿੱਤਰ ਨੇਤਾ ਜੀ ਦਾ ਸੁਨੇਹਾ ਲੈ ਕੇ ਆਇਆ।

"ਕਪੂਰਥਲੇ ਵੱਲ ਕਿਸਾਨ ਯੂਨੀਅਨ ਦੀ ਮੀਟਿੰਗ ਚਲ ਰਹੀ ਏ। ਖੇਤਾਂ ਵਿਚ ਜੰਗਲ ਪਾਣੀ ਗਏ ਸੀ। ਉਥੇ ਨਵਜੰਮੀ ਬੱਚੀ ਮਿਲੀ ਆ। ਰੇਵਲ ਸਿੰਘ ਕਹਿੰਦਾ ਆ ਕੇ ਲੈ ਜਾਓ।"

ਅਸੀਂ ਦੋਹਾਂ ਜੀਆਂ ਨੇ ਘੁਸਰ ਮੁਸਰ ਕੀਤੀ ਤੇ ਬੱਚੀ ਅਡੋਪਟ ਕਰਨ ਦਾ ਮਨ ਬਣਾ ਲਿਆ। ਉਂਝ ਅਸੀਂ ਮੁੰਡਾ ਚਾਹੁੰਦੇ ਸਾਂ। ਖ਼ੈਰ... ਜਸਪਾਲ ਕਹਿਣ ਲੱਗੀ ਜੇ ਲੋਕਾਂ ਨੂੰ ਪਤਾ ਲੱਗ ਗਿਆ? ਸਾਡੇ ਆਲੇ ਦੁਆਲੇ ਦੇ ਘਰਾਂ ਵਾਲਿਆਂ ਨੂੰ ਇਹ ਤਾਂ ਪਤਾ ਸੀ ਕਿ ਅਸੀਂ ਜਲੰਧਰ ਤੋਂ ਇਲਾਜ਼ ਕਰਵਾ ਰਹੇ ਹਾਂ। ਉਂਝ ਵੀ ਜਸਪਾਲ ਦਵਾਈਆਂ ਖਾ ਖਾ ਮੋਟੀ ਠੁੱਲੀ ਹੋ ਗਈ ਸੀ। ਪੇਟ ਤਾਂ ਕਾਫ਼ੀ ਵਧਿਆ ਹੋਇਆ ਸੀ। ਉਹ ਝੂਠੀ ਮੂਠੀ ਦੀਆਂ ਪੀੜਾਂ ਨਾਲ ਕਰਾਹੁਣ ਲੱਗ ਪਈ। ਆਂਢ-ਗੁਆਂਢ ਵੀ ਖ਼ਬਰ ਹੋ ਗਈ। ਮੈਂ ਜਲੰਧਰ ਹਸਪਤਾਲ ਲੈ ਕੇ ਜਾਣ ਦਾ ਬਹਾਨਾ ਲਾ ਕੇ ਚੱਲ ਪਿਆ। ... ਨੇਤਾ ਜੀ ਨੇ ਜੋਧਿਕਾ ਸਾਡੀ ਝੋਲੀ ਪਾਈ। ਜਲੰਧਰ ਲਾਗੇ ਇਕ ਪਿੰਡ ਵਿਚ ਆਪਣੇ ਕਿਸੇ ਵਰਕਰ ਦੇ ਘਰ ਸਾਨੂੰ ਛੱਡ ਦਿੱਤਾ। ਆਪ ਪਿੰਡ ਆ ਕੇ ਕੁੜੀ ਦੇ ਲੱਡੂ ਵੰਡ ਦਿੱਤੇ। ਕੁਝ ਦਿਨਾਂ ਬਾਅਦ ਅਸੀਂ ਪਿੰਡ ਮੁੜੇ ਸੀ।

ਅਸੀਂ ਪਰਮਵੀਰ ਦੇ ਜਨਮ ਵਰਗੇ ਜਸ਼ਨ ਤਾਂ ਨ੍ਹੀਂ ਮਨਾ ਸਕੇ। ਪਰ ਧੀ ਜੰਮਣ ਦੀ ਖ਼ਬਰ ਸਾਰੇ ਪਿੰਡ ਨੂੰ ਕਰ ਦਿੱਤੀ ਸੀ। ਜੌਹਲ ਹੁਰੀਂ ਕੱਪੜਾ ਲੀੜਾ ਲੈ ਕੇ ਆਏ ਸਨ। ਤੇ ਦੋਸਤਾਂ ਮਿੱਤਰਾਂ ਨੂੰ ਛੋਟੀ ਜਿਹੀ ਪਾਰਟੀ ਵੀ ਕਰ ਗਏ ਸਨ।

ਜਦੋਂ ਦੋਨੋਂ ਬੱਚੇ ਵੱਡੇ ਹੋਏ। ਜੌਹਲ ਕਹਿਣ ਲੱਗਾ,

"ਜੋਧਿਕਾ ਨੂੰ ਵੀ ਪਬਲਿਕ ਸਕੂਲ ਪੜ੍ਹਨੇ ਪਾਓ। ਪੜ੍ਹਾਈ ਦਾ ਖਰਚ ਮੈਂ ਦਊਂਗਾ।"

ਪਰ ਮੈਂ ਕੁੜੀ ਦਸਵੀਂ ਤੱਕ ਪਿੰਡ ਦੇ ਸਰਕਾਰੀ ਸਕੂਲ ਵਿੱਚ ਪੜ੍ਹਾਈ। ਅਗਾਂਹ ਟੈਨ ਪਲੱਸ ਟੂ ਦੀ ਮੈਡੀਕਲ ਵੀ ਸ਼ਹਿਰ ਦੇ ਸਰਕਾਰੀ ਸਕੂਲ ਵਿੱਚ ਕਰਵਾਈ। ਬੀ ਐਸ ਸੀ ਨਰਸਿੰਗ ਜ਼ਰੂਰ ਪ੍ਰਾਈਵੇਟ ਕਰਵਾਉਣੀ ਪਈ। ਉਹਦਾ ਕਾਰਨ ਪੰਜਾਬ ਵਿਚ ਮੈਡੀਕਲ ਤੇ ਇੰਜੀਨੀਅਰਿੰਗ ਦੇ ਸਰਕਾਰੀ ਕਾਲਜਾਂ ਦਾ ਬਹੁਤ ਘੱਟ ਹੋਣਾ। ਆਮ ਬੰਦਾ ਬੱਚੇ ਕਿੱਥੇ ਪੜਾਵੇ?

ਜਦੋਂ ਇਹ ਨਰਸਿੰਗ ਕਰਦੀ ਸੀ, ਉਦੋਂ ਹਰ ਛੇ ਮਹੀਨੇ ਬਾਅਦ ਨੋਟਾਂ ਦੇ ਬੁਕਾਂ ਦੇ ਬੁਕ ਗੁਰੂ ਨਾਨਕ ਨਰਸਿੰਗ ਇੰਸਟੀਚਿਊਟ ਨੂੰ ਦੇਣੇ ਪੈਂਦੇ ਸਨ। ਨੋਟ ਦੇਣ ਵੇਲੇ ਧਾਹ ਨਿਕਲਦੀ ਸੀ। ਮੇਰੀ ਸਾਰੀ ਉਮਰ ਦੀ ਕਮਾਈ ਜੋਧਿਕਾ ਦੀ ਪੜ੍ਹਾਈ ਦੇ ਲੇਖੇ ਲੱਗ ਗਈ। ਇਕ ਵਾਰ ਮੈਨੂੰ ਦੁਖੀ ਦੇਖ ਕੇ ਰੇਵਲ ਸੁੰਹ ਨੇ ਕਿਹਾ ਸੀ।

"ਉਨ੍ਹਾਂ ਨੂੰ ਕਹੀਂ ਆਪਣੇ ਇੰਸਟੀਚਿਊਟ ਦਾ ਨਾਂ ਬਦਲ ਕੇ ਕੌਡੇ ਰਾਖ਼ਸ਼ ਰੱਖ ਲੈਣ। ਕਿਉਂ ਸਾਡੇ ਬਾਬੇ ਨਾਨਕ ਦਾ ਨਾਂ ਬਦਨਾਮ ਕਰਨ ਲੱਗੇ ਓ।"

ਖ਼ੈਰ... ਹੁਣ ਜੋਧਿਕਾ ਆਪਣੇ ਕੱਪੜੇ ਲੈਣ ਜੋਗੇ ਪੈਸੇ ਕਮਾ ਲੈਂਦੀ ਆ। ਜਿਥੇ ਪੜ੍ਹਦੀ ਸੀ, ਉਥੇ ਈ ਨੌਕਰੀ ਮਿਲ ਗਈ। ਨਾਲ-ਨਾਲ ਆਈਲਿਟਸ ਦੀ ਤਿਆਰੀ ਵੀ ਕਰ ਰਹੀ ਆ।

ਚੰਗਾ ਹੋਇਆ ਮੈਂ ਜੌਹਲ ਦਾ ਕਹਿਣਾ ਨਹੀਂ ਮੰਨਿਆ। ਉਹਨੇ ਪੰਜਵੀਂ ਤੱਕ ਪਰਮਵੀਰ ਨੂੰ ਇਥੇ ਪਬਲਿਕ ਸਕੂਲ ਵਿਚ ਪੜ੍ਹਨੇ ਪਾਈ ਰੱਖਿਆ। ਫਿਰ ਮਸੂਰੀ ਦੇ ਕਾਨਵੈਂਟ ਸਕੂਲ ਵਿੱਚ ਪੜ੍ਹਨ ਲਈ ਭੇਜ ਦਿੱਤਾ। ਉਥੇ ਅਸੀਂ ਇਹਨੂੰ ਮਿਲਣ ਲਈ ਚਲੇ ਜਾਣਾ। ਮੈਂ ਰਾਈਫ਼ਲ ਦੇ ਨਿਸ਼ਾਨੇ ਲਾਉਣੇ ਸਿਖਾਉਂਦਾ

ਰਿਹਾ। ਮੈਂ ਇਕ ਗੋਲੀ ਨਾਲ ਸ਼ਿਕਾਰ ਕਰ ਲੈਂਦਾ ਸੀ। ਇਹਦੇ ਹੱਥ ਕੰਬਦੇ ਹੁੰਦੇ ਸਨ। ਰੱਜ ਕੇ ਡਰਪੋਕ ਸੀ। ਦਰਅਸਲ ਇਹ ਬੀਬਾ ਮੁੰਡਾ ਸੀ। ਉੱਚੇ ਤਕੜੇ ਘਰਾਂ ਦੇ ਕਾਕੇ ਪੜ੍ਹਦੇ ਸਨ। ਉਥੋਂ ਦੇ ਮਾਹੌਲ ਨੇ ਇਹਨੂੰ ਕੀ ਤੋਂ ਕੀ ਬਣਾ ਦਿੱਤਾ। ਮਾਪਿਆ ਦੀਆਂ ਅੱਖਾਂ ਤੋਂ ਦੂਰ ਰਹੇ ਕਈ ਬੱਚੇ ਵਿਗੜ ਵੀ ਤਾਂ ਜਾਂਦੇ ਨੇ। ਇਹ ਨਸ਼ੇ ਤੇ ਰੰਡੀਬਾਜ਼ੀ ਦਾ ਆਦੀ ਉਥੇ ਹੀ ਹੋ ਗਿਆ ਸੀ। ਉਦੋਂ ਨੇਤਾ ਜੀ ਨੇ ਕਿਹਾ ਵੀ ਸੀ।

"ਬਲਦੇਵ, ਮੁੰਡਾ ਹੱਥੋਂ ਨਿਕਲਣ ਲੱਗਾ। ਕੋਲ ਰੱਖ ਕੇ ਪੜ੍ਹਾਓ। ਸ਼ਾਇਦ ਸੰਭਾਲ ਹੋ ਜਾਵੇ।"

ਸਾਲ ਪਹਿਲੀ ਗੱਲ ਹੋਣੀ ਆ। ਮੈਂ ਤੇ ਜਸਪਾਲ ਨੂਰਪੁਰ ਗਏ ਹੋਏ ਸਾਂ। ਰਾਤ ਨੂੰ ਨੌ ਕੁ ਵਜੇ ਗੱਡੀ ਦੇ ਹੌਰਨ ਵੱਜਣੇ ਸ਼ੁਰੂ ਹੋ ਗਏ। ਗੇਟ ਨੌਕਰ ਨੇ ਖੋਲ੍ਹ ਦਿੱਤਾ ਸੀ। ਪਰਮਵੀਰ ਵਲੋਂ ਹੌਰਨ ਵਜਾਉਣੇ ਜਾਰੀ ਰਹੇ। ਕੋਈ ਬਾਹਰ ਨਾ ਗਿਆ। ਉਹ ਗੁੱਸੇ ਵਿੱਚ ਦਗੜ-ਦਗੜ ਕਰਦਾ ਅੰਦਰ ਆਇਆ। ਜੌਹਲ ਨਾਲ ਧੱਕਾ ਮੁੱਕੀ ਹੋ ਗਿਆ। ਬਲਦੇਵ ਦੀ ਪੱਗ ਲੱਥ ਗਈ। ਮੈਨੂੰ ਲੱਗਾ ਉਹਦੇ ਨਾਲ ਦੋ ਹੱਥ ਕਰਨੇ ਪੈਣੇ ਹਨ। ਮੈਂ ਆਪਣੀ ਪੱਗ ਆਪੇ ਲਾਹ ਕੇ ਬੈੱਡ 'ਤੇ ਰੱਖ ਲਈ। ਉਹ ਕਿਤੇ ਮਹਿਫ਼ਿਲ ਸਜਾ ਕੇ ਬੈਠੇ ਸਨ। ਪੈਸੇ ਮੁੱਕ ਗਏ ਸੀ। ਉਹ ਲੈਣ ਆਇਆ ਸੀ। ਜੌਹਲ ਪੈਸੇ ਦੇ ਨਹੀਂ ਸੀ ਰਿਹਾ। ਉਹ ਕਹਿ ਰਿਹਾ ਸੀ।

"ਨਸ਼ਿਆ ਨਾਲ ਤਾਂ ਕੁੱਲਾਂ ਡੁੱਬ ਜਾਂਦੀਆਂ ਨੇ।"

ਪਰਮਵੀਰ ਨੇ ਆਪਣੇ ਡੈਡੀ ਦੇ ਜੂੜੇ ਨੂੰ ਹੱਥ ਪਾ ਲਿਆ ਸੀ। ਮੈਂ ਆਪਣੇ ਰੰਗ ਵਿਚ ਆਉਣ ਲੱਗਾ ਸੀ। ਦਵਿੰਦਰ ਕੌਰ ਨੇ ਮੌਕਾ ਸਾਂਭ ਲਿਆ ਸੀ। ਨੋਟ ਉਹਦੇ ਮੱਥੇ ਮਾਰੇ ਸੀ। ਉਹ ਉਸੇ ਵੇਲੇ ਹਵਾ ਹੋ ਗਿਆ ਸੀ। ਅਸੀਂ ਅੱਧੀ ਰਾਤ ਤੱਕ ਉਡੀਕਦੇ ਰਹੇ। ਉਹ ਨਾ ਆਇਆ।

"ਅੱਜ ਤਾਂ ਮਰਨ ਮਰਾਣ ਤੇ ਉਤਰਿਆ ਹੋਇਆ।" ਜੌਹਲ ਫ਼ੋਨ 'ਤੇ ਦਸ ਰਿਹਾ ਸੀ। ਕਿਤੇ ਸਾਡੇ ਨੂਰਪੁਰ ਪੁੱਜਦਿਆਂ ਤੱਕ ਜਾਹ ਜਾਂਦੀ ਨਾ ਕਰ ਦਏ। ਉਂਝ ਤਾਂ ਰੇਵਲ ਸੁੰਹ ਜੀਪ ਭਜਾਈ ਜਾਂਦਾ ਏ।

ਹੁਣ ਕੀਹਦਾ ਫ਼ੋਨ ਆ ਗਿਆ। "... ਕੁੜੀਏ ਤੂੰ ਅਜੇ ਸੁੱਤੀ ਨਹੀਂ। ਬਈ ਤੂੰ ਅਰਾਮ ਨਾਲ ਪੈ ਜਾਹ।" ... ਮੈਂ ਜੋਧਿਕਾ ਨੂੰ ਝਿੜਕ ਕੇ ਫ਼ੋਨ ਬੰਦ ਕੀਤਾ ਆ। ਇਹ ਬੱਚੇ ਨਵੀਆਂ ਵਰੈਟੀਆਂ ਜੰਮ ਪਏ। ਤਿੰਨ ਕੁ ਸਾਲ ਪਹਿਲਾਂ ਦੀ ਗੱਲ ਏ। ਨੇਤਾ ਜੀ ਨੇ ਪਿੰਡ ਦੇ ਪਤਵੰਤੇ ਸੱਜਣਾਂ ਨੂੰ ਲੈ ਕੇ ਕੁੜੀਆਂ ਦੀ ਲੋਹੜੀ ਪੁਆਈ। ਉਸ ਦਿਨ ਨਾਟਕ ਸਮਾਗਮ ਵੀ ਕਰਵਾਇਆ। ਇਕ ਨਾਟਕ ਧੀਆਂ ਨੂੰ ਬਚਾਉਣ ਦਾ ਹੋਕਾ ਦਿੰਦਾ ਸੀ। ਅਗਲੇ ਦਿਨ ਰੇਵਲ ਸੁੰਹ ਘਰ ਆਇਆ ਤਾਂ ਜੋਧਿਕਾ ਕਹਿਣ ਲੱਗੀ।

"ਤਾਇਆ ਜੀ, ਤੁਹਾਡੇ ਲੋਕਾਂ ਤੋਂ ਸਮਾਜ ਸੇਵੀ ਸੰਸਥਾਵਾਂ ਜਾਂ ਸਰਕਾਰਾਂ ਤੋਂ ਭਰੂਣ ਹੱਤਿਆ ਰੋਕ ਨਹੀਂ ਹੋਣੀ। ਭਰੂਣ ਹੱਤਿਆ ਤਾਂ ਕੁੜੀਆਂ ਆਪ ਰੋਕ ਰਹੀਆਂ ਹਨ। ਪੜ੍ਹ ਲਿਖ ਕੇ, ਮੁੰਡਿਆਂ ਨੂੰ ਪਛਾੜ ਕੇ ਤੇ ਕੰਮੀਂ ਕਾਰੀਂ ਲੱਗ ਕੇ।" ਇਹਨੇ ਬੜਾ ਲੰਬਾ ਚੌੜਾ ਭਾਸ਼ਣ ਦਿੱਤਾ।

ਇਹ ਉਸ ਦਿਨ ਗੱਲਾਂ ਬੜੀਆਂ ਬੜੀਆਂ ਕਰੇ। ਮੈਨੂੰ ਚੰਗੀਆਂ ਵੀ ਲੱਗੀਆਂ। ਇਹਦੀ ਮੰਮੀ ਖਿੰਝੇ। ਅਖੇ ਕੁੜੀਆਂ ਨੂੰ ਬਹੁਤੀ ਜ਼ੁਬਾਨ ਨਹੀਂ ਚਲਾਉਣੀ ਚਾਹੀਦੀ। ਜੋਧਿਕਾ ਤੋਂ ਮੋਹਰੇ ਲੰਬੜਾਂ ਦੀ ਸਿਮਰਨ ਪੜ੍ਹਦੀ ਸੀ। ਉਨ੍ਹਾਂ ਦੇ ਸਾਹਮਣੇ ਦਲੀਪੇ ਦਾ ਘਰ ਸੀ। ਉਹਦਾ ਮੁੰਡਾ ਤੇ ਸਿਮਰਨ ਘਰੋਂ ਭੱਜ ਗਏ। ਹਾਈ ਕੋਰਟ ਜਾ ਕੇ ਵਿਆਹ ਕਰਵਾ ਲਿਆ। ਫਿਰ ਜੱਜ ਨੂੰ ਅਰਜ਼ੀ ਦੇ ਕੇ ਸਿਮਰਨ ਕਹਿਣ ਲੱਗੀ।

"ਜੱਜ ਸਾਹਿਬ, ਮੈਨੂੰ ਤੇ ਮੇਰੇ ਪਤੀ ਨੂੰ ਮੇਰੇ ਘਰਦਿਆਂ ਨੇ ਮਾਰ ਦੇਣਾ। ਸਾਨੂੰ ਸੁਰੱਖਿਆ ਮੁਹੱਈਆ ਕਰੋ।"

"ਜੇ ਮੈਨੂੰ ਪਤਾ ਹੁੰਦਾ। ਇਹਨੇ ਇਹ ਚੱਜ ਕਰਨੇ ਆ। ਮੈਂ ਜੰਮਣ ਤੋਂ ਪਹਿਲਾਂ ਹੀ ਮਾਰ ਦੇਣੀ ਸੀ।" ਸਿਮਰਨ ਦੀ ਮੰਮੀ ਰੋਂਦੀ ਕੁਰਲਾਉਂਦੀ ਕਹੀ ਜਾਵੇ।

ਪਰ ਜੋਧਿਕਾ ਕਹੇ ਸਹੇ ਨੂੰ ਲੱਤਾਂ ਤਿੰਨ ਆ। ਚੌਥੀ ਹੈਈ ਨਹੀਂ। ਰੇਵਲ ਸੁੰਹ ਵੀ ਇਹਨੂੰ ਹੱਲਾਸ਼ੇਰੀ ਦੇਈ ਜਾਵੇ। ਉਹ ਕਹੇ ਕੁੜੀ ਨੂੰ ਸਟੇਜ 'ਤੇ ਬੁਲਾਉਣਾ ਚਾਹੀਦਾ ਸੀ। ਥੋੜ੍ਹੇ ਦਿਨਾਂ ਬਾਅਦ ਇਸ ਕੁੜੀ ਨੇ ਖੇਹ ਕਰ ਦਿੱਤੀ। ਇਹਨੇ ਘਰ ਵਿਚ ਐਲਾਨ ਕਰ ਮਾਰਿਆ ਕਿ ਗਾਇਕ ਪ੍ਰੀਤ ਅਰਮਾਨ ਨਾਲ ਵਿਆਹ

ਕਰਵਾਉਣਾ। ਉਦੋਂ ਇਹਨੂੰ ਨੌਕਰੀ ਮਿਲੀ ਨੂੰ ਤਿੰਨ-ਚਾਰ ਮਹੀਨੇ ਹੋਏ ਸੀ। ਉਸ ਗਾਇਕ ਦੀਆਂ ਗੱਲਾਂ ਵਿਚ ਆ ਗਈ। ਮੈਂ ਇਹਦੇ ਕਹਿਣ 'ਤੇ ਉਹਨੂੰ ਦੇਖਣ ਚਲਾ ਗਿਆ। ਹਸਪਤਾਲ ਦੇ ਸਾਹਮਣੇ ਗਾਇਕਾਂ ਦੇ ਦਫ਼ਤਰ ਸਨ।

ਮੈਂ ਚੁਬਾਰੇ ਦੀਆਂ ਪੌੜੀਆਂ ਚੜ੍ਹ ਕੇ ਅੰਦਰ ਵੜਿਆ ਤਾਂ ਉਹ ਹਰਮੋਨੀਅਮ ਨਾਲ ਰਿਆਜ਼ ਕਰ ਰਿਹਾ ਸੀ। ਸਿਰ ਦੇ ਲੰਬੇ ਲੰਬੇ ਵਾਲ਼ ਦੋਹਰੇ ਅਰਥਾਂ ਵਾਲੇ ਗੀਤ ਦੇ ਬੋਲਾਂ 'ਤੇ ਛੰਡ ਰਿਹਾ ਸੀ। ਉਹਨੇ ਕੰਨਾਂ ਵਿੱਚ ਜੋ ਖੇਹ ਸੁਆਹ ਜਿਹਾ ਪਾਇਆ ਹੋਇਆ ਸੀ, ਦੇਖ ਕੇ ਕਚਿਆਣ ਆਈ। ਠੰਡੀ 'ਤੇ ਚਾਰ ਕੁ ਵਾਲ ਬੜੇ ਭੈੜੇ ਲੱਗੇ। ਕਲਮਾਂ ਤੇ ਭਰਵੱਟੇ ਵਿਗੜੇ ਹੋਏ ਗੋਰਿਆਂ ਦੇ ਲੱਗੇ। ਮੈਂ ਇਹ ਸਾਰਾ ਕੁਝ ਦੇਖ ਕੇ ਸੜ ਬੁਝ ਗਿਆ ਸੀ। ਪਤਾ ਨ੍ਹੀਂ ਇੰਦਾਂ ਦੇ ਗਾਇਕਾਂ ਨੇ ਕਿੰਨੇ ਪਰਮਵੀਰ ਤੇ ਜੋਧਿਕਾ ਪੈਦਾ ਕਰਨੇ ਹਨ। ਮੈਂ ਘਰੋਂ ਤੁਰਨ ਵੇਲੇ ਜੋਧਿਕਾ ਨੂੰ ਕਿਹਾ ਸੀ।

"ਮੈਨੂੰ ਨਾ ਜਾਤ ਦਾ ਫ਼ਰਕ ਆ ਨਾ ਕੋਈ ਹੋਰ। ਮੁੰਡੇ ਦੀ ਚੱਜ ਦੀ ਸ਼ਕਲ ਸੂਰਤ ਹੋਣੀ ਚਾਹੀਦੀ ਹੈ। ਦੇਖਣ ਨੂੰ ਆਮ ਬੰਦਿਆਂ ਵਰਗਾ ਲੱਗੇ। ਤੈਨੂੰ ਰੋਟੀ ਦੇਣ ਯੋਗਾ ਹੋਵੇ। ਫੁਕਰੇ ਬੰਦੇ ਮੈਨੂੰ ਪਸੰਦ ਨਈਂ।" ਪ੍ਰੀਤ ਅਰਮਾਨ ਨੂੰ ਦੇਖ ਕੇ ਤਾਂ ਮੇਰਾ ਸਿਰ ਘੁੰਮਣ ਲੱਗ ਪਿਆ ਸੀ। ਮੇਰੀ ਪਿਆਰੀ ਧੀ ਇਹੋ ਜਿਹੇ ਬੰਦੇ ਨਾਲ ਜੀਵਨ ਬਸਰ ਕਰੇਗੀ? ਮੈਨੂੰ ਆਪਣੀ ਧੀ ਦੀ ਪਸੰਦ ਤੇ ਹੈਰਾਨੀ ਵੀ ਹੋਈ ਤੇ ਗੁੱਸਾ ਵੀ ਆਇਆ।

ਮੈਂ ਮਸੀਂ ਪੌੜੀ ਉਤਰਿਆ ਸੀ। ਘਰ ਆ ਕੇ ਮੈਂ ਸਾਫ਼ ਨਾਂਹ ਕਰ ਦਿੱਤੀ ਸੀ। ਬੱਸ ਫ਼ਿਰ ਕੀ ਸੀ? ਇਸ ਕੁੜੀ ਨੇ ਘਰ ਵਿੱਚ ਭੂਚਾਲ ਲੈ ਆਂਦਾ। ਕਹੇ ਵਿਆਹ ਕਰਵਾਉਣਾ ਤਾਂ ਪ੍ਰੀਤ ਅਰਮਾਨ ਨਾਲ ਕਰਵਾਉਣਾ, ਨਹੀਂ ਤਾਂ ਮਰਨਾ ਮੰਜ਼ੂਰ। ਸਾਡੀ ਤਾਂ ਇਹ ਇਕ ਨਾ ਸੁਣੇ। ਦੋ-ਤਿੰਨ ਸਾਲ ਘਰ ਵਿੱਚ ਕਲੇਸ਼ ਪਿਆ ਰਿਹਾ। ਪਹਿਲੀ ਵਾਰ ਇਸ ਕੁੜੀ ਨੇ ਉਦੋਂ ਹੰਗਾਮਾ ਕੀਤਾ ਸੀ, ਜਦੋਂ ਮੈਂ ਇਹਨੂੰ ਸਿਰ ਦੇ ਵਾਲ ਕਟਵਾਉਣ ਤੋਂ ਵਰਜਿਆ ਸੀ। ਉਨ੍ਹਾਂ ਦਿਨਾਂ ਵਿਚ ਇਹ ਨਰਸਿੰਗ ਕਰਨ ਲੱਗੀ ਸੀ। ਨੇਤਾ ਜੀ ਕਹਿਣ ਲੱਗੇ,

"ਚੱਲ ਛੱਡ, ਕੁਲਵਿੰਦਰ ਸਿਆਂ। ਨਿਆਣੀ ਦੀ ਚਾਰ ਦਿਨ ਦੀ ਰੀਝ ਐ। ਪੂਰੀ ਕਰਕੇ ਵਾਲ਼ ਦੁਬਾਰਾ ਰੱਖ ਲਏਗੀ।"

ਰੇਵਲ ਸੁੰਹ ਦਾ ਹਰਮਨ ਜਦੋਂ ਦਾ ਮੁੱਕਿਆ। ਇਹ ਬੱਚਿਆਂ ਪ੍ਰਤੀ ਥੋੜ੍ਹਾ ਢੈਲਾ ਪੈ ਗਿਆ। ਇਹਦਾ ਹਰਮਨ ਮੋਟਰ 'ਤੇ ਪਿਆ ਰਹਿ ਗਿਆ ਸੀ। ਇਨ੍ਹਾਂ ਲਈ ਤਾਂ ਉਹਦੀ ਮੌਤ ਰਹੱਸ ਸੀ। ਪਰ ਲੋਕ ਕਹਿੰਦੇ ਸਨ,

ਰੇਵਲ ਸੁੰਹ ਨੇ ਸਾਰੀ ਉਮਰ ਯੂਨੀਅਨਾਂ ਵਿਚ ਕੱਢ ਦਿੱਤੀ। ਘਰ ਬੱਚਿਆਂ ਤੇ ਵਾਈਫ਼ ਨੂੰ ਟਾਇਮ ਨਈਂ ਦਿੱਤਾ। ਮੁੰਡੇ ਵਿਗੜ ਗਏ। ਵੱਧ ਡੋਜ ਨੇ ਹਰਮਨ ਦੀ ਜਾਨ ਲੈ ਲਈ। ਨਸ਼ੇ ਜੂ ਕਰਦੇ ਸੀ। ਵੱਡੇ ਦਾ ਵੀ ਏਹੀ ਹਸ਼ਰ ਹੋਣਾ ਸੀ। ਜੇ ਇਹ ਉਹਨੂੰ ਆਸਟ੍ਰੇਲੀਆ ਨਾ ਭੇਜਦਾ।"

ਜੋਧਿਕਾ ਵਾਲੇ ਮਸਲੇ 'ਤੇ ਵੀ ਨੇਤਾ ਜੀ ਵਿਆਹ ਕਰਨ ਦੇ ਹੱਕ ਵਿਚ ਸਨ। ਮੈਂ ਨਹੀਂ ਸੀ ਮੰਨਿਆ। ਭਾਵੇਂ ਮੈਂ ਦਿਲ ਦੀ ਬਿਮਾਰੀ ਲਾ ਲਈ ਸੀ। ਜਦੋਂ ਇਹ ਮਸਲਾ ਸਿਖ਼ਰ 'ਤੇ ਪੁੱਜਾ। ਮੈਂ ਹਾਈਪਰ ਟੈਨਸਨ ਦਾ ਮਰੀਜ਼ ਹੋ ਗਿਆ। ਮੈਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ। ਬਲੱਡ ਪ੍ਰੈਸ਼ਰ ਕੰਟਰੋਲ ਹੀ ਨਹੀਂ ਸੀ ਹੋ ਰਿਹਾ।

"ਅਸੀਂ ਪਤਾ ਨਈਂ ਕਿਹੜੇ ਦੇਰਮਾਂ ਨਾਲ ਤੈਨੂੰ ਪਾਲਿਆ, ਕੁਲੱਛਣੀਏ। ਤੂੰ ਸਾਡੇ ਤੋਂ ਜੀਵਨ ਖੋਹ ਰਹੀ ਏ। ਤੇਰਾ ਡੈਡੀ ਪਤਾ ਨਈਂ ਕਿਹੜੇ ਵੇਲੇ ਸਾਹ ਛੱਡ ਦੇਵੇ। ਆਪਣੇ ਪਿਓ ਨੂੰ ਮਰਨੇ ਤੋਂ ਬਚਾਅ ਲੈ।" ਜਸਪਾਲ ਉਹਦੇ ਅੱਗੇ ਹੱਥ ਜੋੜ ਕੇ ਧਾਹੀਂ ਰੋ ਪਈ ਸੀ।

ਮੈਨੂੰ ਸਾਹ ਆਉਣੇ ਔਖੇ ਹੋ ਗਏ ਸਨ। ਫਿਰ ਪਤਾ ਨ੍ਹੀਂ ਇਹਦੇ ਮਨ 'ਚ ਕੀ ਆਈ। ਮਾਂ ਦੇ ਕੀਰਨੇ ਸੁਣ ਕੇ ਪਿਘਲ ਗਈ। ਉਸੇ ਵੇਲੇ ਬੈੱਡ 'ਤੇ ਮੇਰੇ ਨਾਲ ਲਿਪਟ ਗਈ। ਬਹੁਤ ਰੋਈ। ਮੈਂ ਵੀ ਪਿਛਲੇ ਤਿੰਨ ਸਾਲ

ਦਾ ਗੁੱਸਾ ਥੁੱਕ ਦਿੱਤਾ ਸੀ। ਤੇ ਘਰ ਮੁੜ ਆਇਆ ਸੀ। ਮੈਂ ਤੇ ਗੋਲੀ ਖਾ ਕੇ ਸੈੱਟ ਹੋ ਜਾਂਦਾ ਆ ਤੇ ਇਹ ਵਿਚਾਰਾ ਜੌਹਲ...।

ਰੇਵਲ ਸੁੰਹ ਨੇ ਜੌਹਲ ਦੀ ਕੋਠੀ ਅੱਗੇ ਜੀਪ ਖੜ੍ਹੀ ਕਰ ਲਈ ਆ। ਅੰਦਰ ਪਰਮਵੀਰ ਖੌਰੂ ਪਾ ਰਿਹਾ ਏ। ਹੱਥ ਵਿਚ ਕਿਰਪਾਨ ਏ।

"ਓਏ ਬੁੱਢਿਓ, ਅੱਜ ਤੁਹਾਨੂੰ ਮਾਰਨਾ ਈ ਮਾਰਨਾ ਆ। ਮੇਰੀ ਜ਼ਿੰਦਗੀ ਬਰਬਾਦ ਕਰਨ ਵਾਲਿਓ ਬਾਹਰ ਨਿਕਲੋ। ਤੁਹਾਨੂੰ ਕੋਈ ਨਈਂ ਬਚਾਅ ਸਕਦਾ। ਉਹ ਦੂਆ...ਤ।"

ਰੇਵਲ ਸੁੰਹ ਨੇ ਸਾਰੀ ਸਥਿਤੀ ਦਾ ਜਾਇਜ਼ਾ ਲਿਆ ਹੈ। ਅਸੀਂ ਬਗਲ ਵਾਲੀ ਕੰਧ ਟੱਪ ਕੇ ਅੰਦਰ ਜਾ ਵੜੇ ਹਾਂ। ਪਰਮਵੀਰ ਭੱਜ ਕੇ ਦੂਜੀ ਮੰਜ਼ਿਲ 'ਤੇ ਚਲਾ ਗਿਆ ਹੈ। ਅਸੀਂ ਇਹਨੂੰ ਕਾਬੂ ਕਰਨ ਬਾਰੇ ਸੋਚ ਰਹੇ ਹਾਂ। ਪਰ ਡਰਦੇ ਵੀ ਆ ਕਿਤੇ ਕੋਈ ਨੁਕਸਾਨ ਨਾ ਹੋ ਜਾਵੇ। ਮੈਂ ਉਹਨੂੰ ਆਵਾਜ਼ ਮਾਰੀ ਏ। ਉਹਨੇ ਇਕ ਪੈਰ ਰੇਲਿੰਗ 'ਤੇ ਟਿਕਾਅ ਲਿਆ ਏ।

ਕਿਰਪਾਨ ਸਾਡੇ ਵੱਲ ਕਰ ਲਈ ਹੈ।

"ਜੇ ਕਿਸੇ ਮਾਈ ਦੇ ਲਾਲ ਨੇ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ। ਮੈਂ ਉਹਦੀ ਧੌਣ ਲਾਹ ਦਿਆਂਗਾ। ਉਹ ਤੁਹਾਡੀ ਭੈ... ਦੀ।" ਉਹ ਗਰਜਿਆ ਹੈ।

"ਕੁਲਵਿੰਦਰ ਸਿਆਂ, ਇਹ ਦੱਸ ਉੱਤੇ ਤੂੰ ਜਾਏਂਗਾ ਕਿ ਮੈਂ ਜਾਵਾਂ? ਚੱਲ ਮੈਂ ਜਾਨਾਂ। ਮੱਖਣਾ ਉਸ ਖੂੰਜੇ ਖੜ੍ਹ ਜਾਹ। ... ਤੂੰ ਛੋਟੇ, ਉਥੇ ਪੌੜੀਆਂ 'ਚ ਚਲੇ ਜਾਹ। ਕੁਲਵਿੰਦਰ ਗੈਰਜ 'ਤੇ ਚੜ੍ਹ ਜਾਹ।" ਰੇਵਲ ਸਿੰਘ ਨੇ ਨਿਰਦੇਸ਼ ਦਿੱਤੇ ਹਨ।

"ਓਏ ਪਰਮਵੀਰ ਮੈਂ ਆਉਣ ਲੱਗਿਆਂ ਖਾਲੀ ਹੱਥ ਬੰਦੇ ਦਾ ਪੁੱਤ ਬਣ ਕੇ ਸਿੱਧਾ ਖੜ੍ਹਾ ਹੋ ਜਾਹ, ਤੂੰ ਭਾਈ ਕੁਲਵਿੰਦਰ ਸਿਆਂ, ਧਿਆਨ ਨਾਲ ਸੁਣ। ਜੇ ਇਹਨੇ ਮਾੜੀ ਜਿਹੀ ਵੀ ਹਿਲਜੁਲ ਕੀਤੀ ਗੋਲੀ ਸਿੱਧੀ ਇਹਦੀ ਛਾਤੀ 'ਚ ਮਾਰਨੀ ਆ। ... ਨਾਲੇ ਪਰਮਵੀਰ ਤੈਨੂੰ ਕੁਲਵਿੰਦਰ ਦੇ ਨਿਸ਼ਾਨੇ ਦਾ ਪਤਾ ਈ ਆ। ... ਮੈਂ ਚੱਲਿਆ ਬਈ। ਨਿਸ਼ਾਨਾ ਸੇਧ ਲਓ।" ਰੇਵਲ ਸੁੰਹ ਏਨਾ ਕਹਿ ਕੇ ਫੁਰਤੀ ਨਾਲ ਪੌੜੀ ਜਾ ਚੜ੍ਹਿਆ ਏ। ਮੈਂ ਰਫ਼ਲ ਉਹਦੇ ਵੱਲ ਤਾਣ ਲਈ ਹੈ। ਇਸ ਮੂਰਖ ਮੁੰਡੇ ਦਾ ਕੋਈ ਵਸਾਹ ਨਹੀਂ। ਇਹਨੇ ਕੀ ਕਰ ਬਹਿਣਾ ਏ। ਇਕ ਰੇਵਲ ਸੁੰਹ ਆ। ਬੇਧੜਕ ਹੋ ਕੇ ਪੌੜੀਆਂ ਚੜ੍ਹ ਰਿਹਾ। ... ਜਾਂਦੇ ਨੇ ਪਰਮਵੀਰ ਦੇ ਧੌਲ ਮਾਰੀ ਆ। ਕਿਰਪਾਨ ਡਿੱਗਣ ਦਾ ਖੜਾਕ ਹੋਇਆ ਹੈ। ਉਹ ਆਪ ਵੀ ਡਿੱਗ ਪਿਆ ਏ। ਰੇਵਲ ਸੁੰਹ ਨੇ ਕਿਰਪਾਨ ਚੁੱਕੀ ਏ। ਪੁੱਠੀ ਕਿਰਪਾਨ ਦੇ ਤਿੰਨ-ਚਾਰ ਵਾਰ ਕੀਤੇ ਆ। ਧੂਹਦਾ ਹੋਇਆ ਥੱਲੇ ਲੈ ਆਇਆ ਹੈ। ਸਾਡੇ ਨਾਲਦਿਆਂ ਨੇ ਪਰਮਵੀਰ ਦਾ ਕੁਟਾਪਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਮੇਰੇ ਆਵਾਜ਼ ਮਾਰਨ 'ਤੇ ਦਰਵਾਜ਼ਾ ਖੁੱਲ੍ਹਿਆ ਹੈ। ਬਲਦੇਵ ਤੇ ਦਵਿੰਦਰ ਬਾਹਰ ਆਏ ਹਨ। ਸਾਹੋ ਸਾਹ ਹੋਏ। ਡਰੇ ਹੋਏ ਤੇ ਸਹਿਮੇ ਹੋਏ ਵੀ। ਮੇਰੇ ਤੇ ਰੇਵਲ ਸੁੰਹ ਦੇ ਗਲ ਲੱਗ ਕੇ ਰੋਣ ਲੱਗ ਪਏ ਹਨ।

ਬਲਦੇਵ ਸਿੰਘ ਜੌਹਲ ਦੇ ਕਹਿਣ 'ਤੇ ਮੈਂ ਤੇ ਰੇਵਲ ਉਹਦੇ ਨਾਲ ਬਹਿਰਾਮ ਪੁਲਿਸ ਚੌਂਕੀ ਨੂੰ ਚੱਲ ਪਏ ਹਾਂ। ਬਾਕੀਆਂ ਨੇ ਪਰਮਵੀਰ ਨੂੰ ਕਾਬੂ ਕੀਤਾ ਹੋਇਆ। ਮੈਂ ਜੀਪ ਵਿਚ ਬੈਠਣ ਲੱਗੇ ਨੇ ਆਲੇ ਦੁਆਲੇ ਦੇਖਿਆ ਹੈ। ਬੜੀਆਂ ਵੱਡੀਆਂ ਕੋਠੀਆਂ ਹਨ। ਚੁੱਪ ਪਸਰੀ ਹੋਈ ਹੈ। ਕੋਈ ਛੁਡਵਾਉਣ ਵਾਲਾ ਤਾਂ ਕੀ, ਜੰਗਲਿਆਂ ਤੋਂ ਝਾਤੀ ਮਾਰਨ ਵਾਲਾ ਵੀ ਦਿਸ ਨਹੀਂ ਰਿਹਾ।

ਮੈਨੂੰ ਇਕ ਘਟਨਾ ਯਾਦ ਆਈ ਹੈ। ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ। ਉਦੋਂ ਗਰੀਬ ਘਰਾਂ ਵਿਚ ਬਿਜਲੀ ਨਹੀਂ ਸੀ ਹੁੰਦੀ। ਮਿੱਟੀ ਦੇ ਤੇਲ ਵਾਲੇ ਦੀਵੇ ਬਾਲਦੇ ਹੁੰਦੇ ਸਨ। ਪ੍ਰਤਾਪੇ ਬੇਲਦਾਰ ਦੇ ਵੀ ਬੱਤੀ ਨਹੀਂ ਸੀ ਹੁੰਦੀ। ਉਹਦੀ ਡਿਊਟੀ ਤਾਂ ਸੜਕਾਂ 'ਤੇ ਮਿੱਟੀ ਪਾਉਣ ਜਾਂ ਦਰਖ਼ਤਾਂ ਦੀ ਸਾਂਭ ਸੰਭਾਲ ਕਰਨ ਦੀ ਹੁੰਦੀ ਸੀ। ਪਰ ਉਹਨੂੰ ਐਸ ਡੀ ਓ ਸਾਹਿਬ ਦੇ ਘਰ ਦੇ ਕੰਮ ਕਰਨੇ ਪੈਂਦੇ ਸਨ। ਸਾਹਿਬ ਉਹਨੂੰ ਤਿੰਨ ਕੁ ਮਹੀਨੇ ਬਾਅਦ ਇਕ ਸ਼ਰਾਬ ਦੀ ਬੋਤਲ ਦੇ ਦਿੰਦਾ। ਇਕ ਬੋਤਲ ਉਹਦਾ ਤਿੰਨ ਮਹੀਨੇ ਦਾ ਕੋਟਾ ਹੁੰਦੀ ਸੀ।

ਉਸ ਦਿਨ ਵੀ ਉਹਨੂੰ ਬੋਤਲ ਮਿਲੀ ਸੀ। ਦੋ ਕੁ ਪੈੱਗ ਤਾਂ ਰਾਹ ਵਿਚ ਹੀ ਲਾ ਆਇਆ ਸੀ। ਬੋਤਲ ਸੰਦੂਕ ਦੇ ਪਿੱਛੇ ਲੁਕਾ ਦਿੱਤੀ ਸੀ। ਜਦੋਂ ਸ਼ਾਮ ਦਾ ਝੁਸਮੁਸਾ ਹੋਇਆ, ਉਹਨੇ ਸੰਦੂਕ ਪਿੱਛੇ ਹੀ ਪੈੱਗ ਪਾ ਕੇ ਚਾੜ੍ਹ ਲਿਆ। ਉਹਨੂੰ ਨਸ਼ਾ ਨਾ ਹੋਇਆ। ਅੱਗੇ ਤਾਂ ਦੋ ਕੁ ਪੈੱਗ ਹੀ ਸਰੂਰ 'ਚ ਲਿਆ ਦਿੰਦੇ ਸਨ। ਉਹਨੇ ਸੋਚਿਆ ਸ਼ਰਾਬ ਹਲਕੀ ਆ। ਉਹ ਸੰਦੂਕ ਓਹਲੇ ਜਾਂਦਾ। ਪੈੱਗ ਚਾੜ੍ਹ ਆਉਂਦਾ। ਹੌਲੀ ਹੌਲੀ ਉਹਦੀ ਬੋਤਲ ਖਾਲੀ ਹੋ ਗਈ। ਜਦੋਂ ਦੀਵੇ ਦੀ ਰੌਸ਼ਨੀ ਘਟਣ ਲੱਗੀ, ਉਹਦੀ ਪਤਨੀ ਦੇਬੋ ਮਿੱਟੀ ਦਾ ਤੇਲ ਦੀਵੇ ਵਿੱਚ ਪਾਉਣ ਲਈ ਉੱਠੀ। ਉਹਨੇ ਸੰਦੂਕ ਪਿੱਛੇ ਤੇਲ ਵਾਲੀ ਖਾਲੀ ਬੋਤਲ ਤੇ ਸ਼ਰਾਬ ਦੀ ਊਣੀ ਦੇਖੀ ਤਾਂ ਉਹਦੀ ਭੁੱਬ ਨਿਕਲ ਗਈ।

"ਹੈਅ ਵੇ ਅੰਨਿਆ! ਤੂੰ ਮਰ ਜਾਣਾ। ਮਿੱਟੀ ਦੇ ਤੇਲ ਦੀ ਬੋਤਲ ਡੱਫ਼ ਗਿਆ।"

ਇਹ ਸੁਣ ਕੇ ਪ੍ਰਤਾਪਾ ਤਾਂ ਪਾਗਲ ਹੋ ਗਿਆ। ਉਸੇ ਵੇਲੇ ਉਹ ਰਾਹੋਂ ਨਵਾਂ ਸ਼ਹਿਰ ਵਾਲੀ ਸੜਕ 'ਤੇ ਚਲਾ ਗਿਆ। ਟਰੱਕਾਂ ਵਾਲਿਆਂ ਡਰਾਇਵਰਾਂ ਨੂੰ ਹੱਥ ਦੇ ਦੇ ਕੇ ਰੋਕਣ ਲੱਗ ਪਿਆ,

"ਯਾਰੋ, ਮੈਂ ਮਿੱਟੀ ਦੇ ਤੇਲ ਦੀ ਬੋਤਲ ਪੀ ਲਈ। ਮਰ ਤਾਂ ਨਈਂ ਜਾਊਂ?"

ਡਰਾਇਵਰ ਉਹਨੂੰ ਹੌਂਸਲਾ ਦੇ ਕੇ ਟਰੱਕ ਤੋਰ ਲੈਂਦੇ। ਉਧਰ ਦੇਬੋ ਨੇ ਕੋਠੇ ਚੜ੍ਹ ਕੇ ਰੌਲਾ ਪਾ ਦਿੱਤਾ। ਸਾਰਾ ਪਿੰਡ ਸੜਕ ਉੱਤੇ ਚਲਾ ਗਿਆ ਸੀ। ਪ੍ਰਤਾਪੇ ਨੂੰ ਪਤਿਆ ਕੇ ਘਰ ਲੈ ਆਏ। ਉਹਨੂੰ ਉਲਟੀਆਂ ਕਰਵਾਈਆਂ ਤੇ ਓਹੜ ਪੋਹੜ ਵੀ ਕੀਤਾ। ਅੱਜ ਸਾਰਾ ਪਿੰਡ ਘੂਕ ਸੁੱਤਾ ਪਿਆ ਆ। ਜੌਹਲ ਦੀ ਮਦਦ 'ਤੇ ਕੋਈ ਨਹੀਂ ਆਇਆ। ਮੇਰੀ ਗੱਲ ਸੁਣ ਕੇ ਰੇਵਲ ਸੁੰਹ ਬੋਲਿਆ ਆ।

"ਕੋਈ ਸੋਫ਼ੀ ਹਊ ਤਾਂ ਆਊ। ਸਾਰਾ ਪਿੰਡ ਤਾਂ ਰੱਜ ਕੇ ਪਿਆ ਹੋਣਾ।"

ਬਹਿਰਾਮ ਚੌਂਕੀ ਵਾਲੇ ਪੁਲਿਸ ਮੁਲਾਜ਼ਮ ਸਾਡੇ ਨਾਲ ਈ ਤੁਰ ਪਏ ਹਨ। ਉਨ੍ਹਾਂ ਨੂਰਪੁਰ ਪੁੱਜ ਕੇ ਪਰਮਵੀਰ ਨੂੰ ਗ੍ਰਿਫ਼ਤਾਰ ਕੀਤਾ ਏ। ਉਹਦੇ ਕਮਰੇ ਦੀ ਤਲਾਸ਼ੀ ਵੀ ਲਈ ਆ। ਕਮਰੇ ਵਿੱਚੋਂ ਰਵਾਇਤੀ ਹਥਿਆਰ, ਨਸ਼ੀਲੇ ਪਦਾਰਥ ਅਤੇ ਕੁਝ ਕੈਮੀਕਲ ਮਿਲੇ ਹਨ। ਉਹ ਪਰਮਵੀਰ ਨੂੰ ਅਤੇ ਸਾਰਾ ਸਮਾਨ ਲੈ ਕੇ ਚੌਂਕੀ ਵੱਲ ਨੂੰ ਚੱਲ ਪਏ ਹਨ। ਅਸੀਂ ਜੌਹਲ ਹੁਰਾਂ ਨੂੰ ਹੌਂਸਲਾ ਦੇ ਕੇ ਜੀਪ ਆਪਣੇ ਪਿੰਡ ਵੱਲ ਨੂੰ ਤੋਰ ਲਈ ਆ।

...ਅੱਜ ਤਿੰਨ ਦਿਨ ਹੋ ਗਏ ਪਰਮਵੀਰ ਨੂੰ ਪੁਲਿਸ ਚੌਂਕੀ ਰੱਖੇ ਨੂੰ। ਅੱਜ ਉਥੇ ਵੀ ਜਾਣਾ ਪੈਣਾ। ਮੈਂ ਤਿਆਰ ਵੀ ਹੋਈ ਜਾ ਰਿਹਾ ਹਾਂ। ਜੋਧਿਕਾ ਤੇ ਇਹਦੀ ਮੰਮੀ ਨੂੰ ਉਸ ਰਾਤ ਦਾ ਵਾਕਿਆ ਵੀ ਦੁਬਾਰਾ ਸੁਣਾਈ ਜਾ ਰਿਹਾ ਹਾਂ। ਰੇਵਲ ਸੁੰਹ ਨੂੰ ਘੰਟੀ ਵੀ ਮਾਰ ਦਿੱਤੀ ਆ। ਪੱਗ ਦੇ ਲੜ ਮਸਾਂ ਸੂਤ ਆਏ।

...ਅਸੀਂ ਬਹਿਰਾਮ ਪੁਲਿਸ ਚੌਂਕੀ ਪੁੱਜ ਗਏ ਹਾਂ। ਜੌਹਲ ਨਾਲ ਵੀ ਚਾਰ ਪੰਜ ਬੰਦੇ ਨੂਰਪੁਰ ਤੋਂ ਆਏ ਬੈਠੇ ਹਨ। ਚੌਂਕੀ ਇੰਚਾਰਜ ਜੌਹਲ ਦਾ ਮਿੱਤਰ ਈ ਆ। ਉਹਨੇ ਗੱਲ ਤੋਰੀ ਏ।

"ਇਹਤੇ ਇਰਾਦਾ ਕਤਲ ਦਾ ਕੇਸ ਪਾ ਦੇਈਏ? ਅੱਜ ਕੱਲ੍ਹ ਸਾਰੀ ਦੁਨੀਆਂ ਨਸ਼ਾ ਕਰਦੀ ਆ। ਮੈਂ ਵੀ ਕਰਦਾ ਪਰ ਸਰਦਾਰੋ ਜੋ ਇਸ ਮੁੰਡੇ ਨੇ ਕੀਤਾ ਜਾਂ ਕਰਨ ਜਾ ਰਿਹਾ ਸੀ। ਮੈਂ ਤਾਂ ਸੋਚ ਵੀ ਨਹੀਂ ਸਕਦਾ।"

ਉਹਨੇ ਉੱਠ ਕੇ ਫਾਈਲ ਚੁੱਕੀ ਆ। ਫਾਈਲ ਖੋਲ੍ਹ ਕੇ ਮੁੜ ਸੰਬੋਧਨ ਹੋਇਆ ਏ।

"ਇਹਨੇ ਪੁੱਛ-ਗਿੱਛ ਦੌਰਾਨ ਮੰਨਿਆ ਇਹ ਆਪਣੇ ਮੰਮੀ ਡੈਡੀ ਦਾ ਕਤਲ ਕਰਨਾ ਚਾਹੁੰਦਾ ਸੀ। ਇਹ ਚਾਹੁੰਦਾ ਸੀ ਜ਼ਮੀਨ ਦਾ ਮਾਲਕ ਬਣਾਂ ਤੇ ਵੇਚ ਕੇ ਗੁਲਛਰੇ ਉਡਾਵਾਂ।"

"ਇਹਦੇ ਕੰਪਿਊਟਰ ਰੂਮ ਦੇ ਦਰਾਜ ਵਿੱਚੋਂ ਆਰਸੈਨਿਕ ਨਾਂ ਦਾ ਕੈਮੀਕਲ ਮਿਲਿਆ। ਇਹ ਤੁਹਾਡਾ ਸ਼ਹਿਜ਼ਾਦਾ ਚਾਹ ਵਿੱਚ ... ਸਬਜ਼ੀ ਵਿਚ ਕੈਮੀਕਲ ਪਾ ਕੇ ਤੁਹਾਨੂੰ ਖੁਆਉਂਦਾ ਰਿਹਾ।" ਉਹਨੇ ਖੰਘੂਰਾ ਮਾਰ ਕੇ ਗਲਾ ਸਾਫ਼ ਕੀਤਾ ਹੈ।

"ਜੇ ਕਿਸੇ ਦੇ ਅੰਦਰ ਇਹ ਕੈਮੀਕਲ ਜਾਂਦਾ ਰਹੇ। ਲਗਭਗ ਛੇ ਕੁ ਮਹੀਨੇ ਵਿੱਚ ਬੰਦੇ ਦੀ ਮੌਤ ਹੋ

ਜਾਂਦੀ ਆ। ਇਵੇਂ ਲਗਦਾ ਆ ਜਿਵੇਂ ਮੌਤ ਕੁਦਰਤੀ ਹੋਈ ਹੋਵੇ। ਪਰ ਬਲਦੇਵ ਸਿੰਘ ਤੇ ਇਹਦੀ ਪਤਨੀ ਤਕੜੇ ਨਿਕਲੇ। ਦੋ ਸਾਲ ਕੈਮੀਕਲ ਖਾਂਦੇ ਰਹੇ। ਜਦੋਂ ਇਨ੍ਹਾਂ ਦਾ ਕੁਝ ਨਾ ਵਿਗੜਿਆ, ਇਹਨੇ ਅੱਕ ਕੇ ਸ਼ਰੇਆਮ ਮਾਰਨ ਦਾ ਫ਼ੈਸਲਾ ਕਰ ਲਿਆ।" ਚੌਂਕੀ ਇੰਚਾਰਜ ਨੇ ਫਾਈਲ ਮੋਹਰੇ ਕੀਤੀ ਏ।

ਡੇਢ ਦੋ ਘੰਟੇ ਹੋ ਚੱਲੇ ਆ, ਸਾਨੂੰ ਚੌਂਕੀ ਵਿੱਚ ਬੈਠਿਆਂ ਨੂੰ। ਰੇਵਲ ਸੁੰਹ ਤੇ ਜੌਹਲ ਹੁਰੀਂ ਕਾਗਜ਼ੀ ਕਾਰਵਾਈ ਵਿਚ ਉਲਝੇ ਹੋਏ ਹਨ। ਮੈਂ ਸੋਚੀ ਜਾ ਰਿਹਾ ਮਨੁੱਖ ਦਾ ਖ਼ੂਨ ਐਨਾ ਚਿੱਟਾ ਹੋ ਗਿਆ। ਆਪਣਿਆਂ ਨੂੰ ਮਰਨ-ਮਾਰਨ 'ਤੇ ਉਤਾਰੂ ਹੋ ਗਿਆ। ਮੇਰਾ ਸਿਰ ਚਕਰਾਉਣ ਲੱਗ ਪਿਆ। ਮੇਰੇ ਅੱਗੇ ਉਸ ਰਾਤ ਵਾਲਾ ਦ੍ਰਿਸ਼ ਆ ਗਿਆ ਹੈ। ਇਕ ਪੁੱਤ ਮਾਂ ਬਾਪ ਨੂੰ ਮਾਰ ਰਿਹਾ ਹੈ। ਦੋ ਸਾਲ ਤੋਂ ਆਰਸੈਨਿਕ ਨਾਲ ਮਾਰਨ ਵਾਲਾ ਦ੍ਰਿਸ਼ ਦੈਂਤ ਬਣ ਗਿਆ ਹੈ। ਜਦੋਂ ਮੈਂ ਘਰੋਂ ਤੁਰਨ ਲੱਗਾ। ਜੋਧਿਕਾ ਬੋਲੀ ਸੀ।

'ਡੈਡੀ, ਜਦੋਂ ਮੈਂ ਪਹਿਲਾ ਆਈਲਿਟਸ ਦਾ ਟੈਸਟ ਦਿੱਤਾ ਸੀ। ਮੈਂ ਆਸਟ੍ਰੇਲੀਆ ਜਾ ਸਕਦੀ ਸੀ। ਪਰ ਮੈਂ ਅਪਲਾਈ ਨਈਂ ਕੀਤਾ। ਕਿਉਂਕਿ ਤੁਸੀਂ ਨਈਂ ਸੀ ਜਾ ਸਕਦੇ। ਜੇ ਹੁਣ ਮੇਰੇ ਬੈਂਡ ਵੱਧ ਆ ਜਾਣ। ਮੈਂ ਕੈਨੇਡਾ ਚਲੇ ਜਾਊਂਗੀ। ਪੀ. ਆਰ. ਲੈ ਕੇ ਸੈੱਟ ਹੋ ਜਾਊਂਗੀ। ਆਪਣੀ ਮਨ ਮਰਜ਼ੀ ਦਾ ਵਰ ਲੱਭਾਂਗੀ। ਹੌਲੀ ਹੌਲੀ ਮੰਮੀ ਤੇ ਤੁਹਾਨੂੰ ਵੀ ਮੰਗਵਾ ਲਵਾਂਗੀ। ਸਾਰਾ ਟੱਬਰ ਇਕੱਠਾ ਰਹੂਗਾ।"

ਇਹ ਤਿੰਨ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਫ਼ਿਲਮ ਦੀ ਤਰ੍ਹਾਂ ਚੱਲ ਰਹੇ ਹਨ ਤੀਜਾ ਜੋਧਿਕਾ ਵਾਲਾ ਦ੍ਰਿਸ਼ ਜ਼ੋਰ ਫ਼ੜ ਗਿਆ ਏ। ਮੈਨੂੰ ਉਹ ਦੋ ਤਿੰਨ ਸਾਲ ਦਾ ਵਿਆਹ ਵਾਲਾ ਕਲੇਸ਼ ਵੀ ਯਾਦ ਆਇਆ ਆ। ਰੇਵਲ ਸਿੰਘ ਪਰਮਵੀਰ 'ਤੇ ਇਰਾਦਾ ਕਤਲ ਦਾ ਕੇਸ ਰੁਕਵਾਉਣਾ ਚਾਹੁੰਦਾ ਏ ਕੇਸ ਪਿਆ ਰਹਿਣ ਦਿੱਤਾ ਜਾਵੇ ਜਾਂ ਰੋਕਿਆ ਜਾਵੇ, ਬਾਰੇ ਉਹ ਮੈਥੋਂ ਸਲਾਹ ਮੰਗ ਰਹੇ ਹਨ। ਮੈਨੂੰ ਸੁਝ ਕੁਝ ਨਹੀਂ ਰਿਹਾ। ਜੌਹਲ ਕੇਸ ਪੈ ਜਾਣ ਦੇ ਹੱਕ ਵਿਚ ਏ।

ਇਨ੍ਹਾਂ ਦਾ ਕੋਈ ਫ਼ੈਸਲਾ ਨਹੀਂ ਹੋ ਸਕਿਆ। ਜੌਹਲ ਹੁਰੀਂ ਨੂਰਪੁਰ ਨੂੰ ਜਾਣ ਲਈ ਕਾਰ ਸਟਾਰਟ ਕੀਤੀ ਹੈ। ਉਹ ਨੂਰਪੁਰ ਜਾਣ ਲਈ ਸਾਡੇ 'ਤੇ ਜ਼ੋਰ ਪਾ ਰਿਹਾ ਹੈ। ਮੇਰਾ ਮਨ ਨਹੀਂ ਮੰਨਿਆ। ਮੈਂ ਚਾਹੁੰਦਾ ਕਿਹੜੀ ਘੜੀ ਆਵੇ, ਇਥੋਂ ਭੱਜ ਚਲਾਂ। ਸ਼ੇਰ ਨੇਤਾ ਜੀ ਨੇ ਜੀਪ ਤੋਰ ਲਈ ਹੈ। ... ਅੱਜ ਸਤਾਈ ਅਠਾਈ ਕਿਲੋਮੀਟਰ ਦਾ ਸਫ਼ਰ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਮੈਂ ਪਰਮਵੀਰ ਵਲੋਂ ਦਰਵਾਜ਼ਿਆਂ ਤਾਕੀਆਂ 'ਤੇ ਕਿਰਪਾਨ ਨਾਲ ਲਾਏ ਟੱਕ ਯਾਦ ਕਰਕੇ ਕੰਬ ਗਿਆ ਹਾਂ। ਮੇਰਾ ਭਾਪਾ ਕਹਿੰਦਾ ਹੁੰਦਾ ਸੀ।

"ਲੱਕੜੀ ਕਦੇ ਵਿੰਗੀ ਨਈਂ ਹੁੰਦੀ। ਤਰਖਾਣ 'ਚ ਨੁਕਸ ਹੁੰਦਾ।"

ਮੇਰੀ ਨਿਗ੍ਹਾ ਸਭ ਘਰਾਂ 'ਤੇ ਗਈ ਏ। ਇਥੇ ਤਾਂ ਸਭ...। ਤਰਖਾਣ ਕੀ ਕਰੂ ਜੀਪ ਦੇ ਨਾਲ ਨਾਲ ਦਰਖ਼ਤ ਦੌੜੇ ਜਾ ਰਹੇ ਹਨ। ਦਰਖ਼ਤਾਂ 'ਤੇ ਮੇਰੀ ਨਿਗ੍ਹਾ ਗੱਡੀਓ ਦੇਖ ਕੇ ਰੇਵਲ ਸੁੰਹ ਬੋਲਿਆ ਏ।

"ਕੁਲਵਿੰਦਰ ਸਿਆਂ, ਜਿਹੜੇ ਬੂਟੇ ਲਾਏ ਸੀ। ਇਨ੍ਹਾਂ ਦੇ ਪ੍ਰਛਾਵੇਂ ਕਿਵੇਂ ਅੱਡ ਅੱਡ ਹੋ ਗਏ? "

ਮੈਂ ਜਵਾਬ ਨਹੀਂ ਦਿੱਤਾ। ਮੈਂ ਘਰ ਪੁੱਜਣਾ ਚਾਹੁੰਦਾ। ... ਘਰ ਦੇ ਦਰਵਾਜ਼ੇ ਮੋਹਰੇ ਜੀਪ ਖੜ੍ਹੀ ਕਰਦਿਆਂ ਰੇਵਲ ਸੁੰਹ ਨੇ ਹੌਰਨ ਵਜਾਇਆ ਹੈ। ਜੋਧਿਕਾ ਨੇ ਦਰਵਾਜ਼ਾ ਖੋਲ੍ਹਿਆ ਹੈ।

ਮੈਂ ਤੇਜ਼ ਕਦਮਾਂ ਨਾਲ ਉਹਦੇ ਵੱਲ ਵਧਿਆ ਹਾਂ। ਉਹ ਮੁਸਕਰਾ ਰਹੀ ਹੈ।

"ਧੀਏ, ਤੂੰ ਸਾਡੇ ਲਈ ਸਾਹ ਬਣੀ ਏਂ।... ਪਰਮਵੀਰ ਨ੍ਹੀਂ।" ਮੈਂ ਜੋਧਿਕਾ ਨੂੰ ਗਲਵਕੜੀ ਵਿਚ ਲੈ ਲਿਆ ਏ।

ਪਤਾ- ਮਾਰਫਤ ਜੰਡੇ ਹੇਅਰ ਡਰੈਸਰਜ਼
ਚੰਡੀਗੜ੍ਹ ਰੋਡ, ਨਵਾਂ ਸ਼ਹਿਰ-144514
ਮੋਬਾ. 94630-63990

ਕਹਾਣੀ / ਰਾਤ ਕਦੋਂ ਬੀਤੇਗੀ / - ਪਰਗਟ ਸਿੰਘ ਸਤੌਜ

1

ਜਦੋਂ ਉਹ ਪੁਰਾਣੇ ਗੱਡੇ ਵਾਂਗ ਢਿਚਕੂ-ਢਿਚਕੂ ਜਿਹਾ ਕਰਦਾ ਜੇਲ੍ਹ ਦਾ ਬਾਹਰਲਾ ਗੇਟ ਟੱਪਿਆ ਤਾਂ ਬਾਕੀ ਰਹਿੰਦੀ ਜ਼ਿੰਦਗੀ ਬਾਰੇ ਸੋਚਦਿਆਂ ਉਸ ਦਾ ਮੱਲੋ-ਮੱਲੀ ਰੋਣ ਨਿਕਲ ਗਿਆ। ਜੀਅ ਕੀਤਾ ਉਹ ਦੁਬਾਰਾ ਜੇਲ੍ਹ ਵਿੱਚ ਜਾ ਵੜੇ। ਜਿੱਥੇ ਐਨੇ ਸਾਲ ਗੁਜ਼ਾਰ ਦਿੱਤੇ, ਰਹਿੰਦੇ ਪੰਜ-ਸੱਤ ਸਾਲ ਵੀ ਇੱਥੇ ਹੀ ਗੁਜ਼ਾਰ ਦੇਵੇ। ਇਸ ਜੇਲ੍ਹ 'ਚੋਂ ਨਿਕਲ ਕੇ ਉਹ ਕਿਸ ਘਰ ਸਿਰ ਲੁਕਾਏਗਾ? ਉਸ ਦਾ ਘਰ ਤਾਂ ਸਮੇਂ ਦੀ ਮਾਰ ਨੇ ਕਦੋਂ ਦਾ ਖੇਰੂੰ ਖੇਰੂੰ ਕਰ ਦਿੱਤਾ ਹੋਵੇਗਾ। ਹੋ ਸਕਦਾ ਹੈ ਕਿਸੇ ਧਨਾਢ ਨੇ ਹਿੱਕ ਦੇ ਜ਼ੋਰ ਨਾਲ ਦੱਬ ਹੀ ਲਿਆ ਹੋਵੇ। ਉਸਦਾ ਤਾਂ ਦੁੱਖ-ਸੁੱਖ ਸੁਣਨ ਵਾਲਾ ਆਪਣਾ ਪਰਿਵਾਰ ਵੀ ਨਹੀਂ ਹੈ। ਹੁਣ ਤਾਂ ਉਹ ਇਕੱਲਾ ਹੈ, ਰੋਹੀ 'ਚ ਖੜ੍ਹੇ ਇਕੱਲੇ ਜੰਡ ਵਾਂਗ, ਜਿਸ ਤੋਂ ਲੋਕ ਵੀ ਭੈਅ ਮੰਨ ਕੇ ਪਾਸਾ ਵੱਟ ਕੇ ਲੰਘਦੇ ਹਨ। ਫਿਰ ਹੁਣ ਉਹ ਕਿਸ ਮੋਹ ਦਾ ਮਾਰਿਆ ਜੇਲੋਂ ਨਿਕਲ ਕੇ ਪਿੰਡ ਨੂੰ ਤੁਰ ਪਿਆ ਹੈ? ਪਿੰਡ ਜਾ ਕੇ ਪੌਂ ਵਾਲੇ ਕੁੱਤੇ ਵਾਂਗ ਥਾਂ ਥਾਂ ਖੱਲਾਂ ਖੁੰਜਿਆਂ 'ਚ ਲੁਕਣ ਨਾਲੋਂ ਤਾਂ ਉਹ ਜੇਲ੍ਹ 'ਚ ਬੈਠਾ ਹੀ ਚੰਗਾ ਸੀ। ਪਰ ਜੇਲ੍ਹ ਵਾਲੇ ਵੀ ਹੁਣ ਉਸ ਨੂੰ ਕਿਉਂ ਰੱਖਣਗੇ? ਸ਼ਜਾ ਤਾਂ ਪੂਰੀ ਹੋ ਚੁੱਕੀ ਹੈ। ਜੇਲ੍ਹ 'ਚ ਹੋਰ ਸਮਾਂ ਗੁਜ਼ਾਰਨ ਲਈ ਕੋਈ ਨੇਕ ਕੰਮ ਹੋਰ ਕਰਨਾ ਪਵੇਗਾ। ....ਹਾਂ! ਉਸ ਨੇ ਨੇਕ ਕੰਮ ਹੀ ਤਾਂ ਕੀਤਾ ਸੀ ਜਿਸਦੀ ਉਸ ਨੂੰ ਵੀਹ ਸਾਲੀ ਭੁਗਤਣੀ ਪੈ ਗਈ।

ਟੁੱਟਦੇ ਸੁਪਨੇ -

ਉਹ ਮਜ਼ਦੂਰ ਦੇ ਘਰ ਜਨਮਿਆ ਜਮਾਂਦਰੂ ਮਜ਼ਦੂਰ ਸੀ। ਚਾਹੇ ਉਸ ਦੇ ਬਾਪੂ ਨੇ ਮਨ 'ਚ ਕਈ ਭੁਲੇਖੇ ਪਾਲ ਕੇ ਸਕੂਲ ਭੇਜਿਆ ਸੀ ਕਿ ਸ਼ਾਇਦ ਮੇਰਾ ਮੁੰਡਾ ਪੜ੍ਹ ਲਿਖ ਕੇ ਕੋਈ ਛੋਟਾ-ਮੋਟਾ ਨੌਕਰ ਹੀ ਬਣ ਜਾਵੇਗਾ। ਘਰ ਦੀ ਖੁਸ਼ਕੀ ਚੁੱਕੀ ਜਾਵੇਗੀ। ਪਰਿਵਾਰ ਨੂੰ ਚੱਜ ਨਾਲ ਰੋਟੀ ਜੁੜਦੀ ਹੋ ਜਾਵੇਗੀ ਪਰ ਪਹਿਲੇ ਦਿਨ ਹੀ ਗੰਜੇ ਮਾਸਟਰ ਨੇ "ਤੂੰ ਤਾਂ ਜਮਾਂਦਰੂ ਸੀਰੀ ਲੱਗਦੈਂ ਓਏ!" ਕਹਿ ਕੇ ਉਸ ਦੇ ਮਜ਼ਦੂਰ ਹੋਣ ਦੀ ਪੱਕੀ ਮੋਹਰ ਹੀ ਲਾ ਦਿੱਤੀ ਸੀ। ਉਸਦਾ ਸਕੂਲ ਆਉਣ ਦਾ ਚਾਅ ਮਾਸਟਰ ਦੇ ਵਾਕ ਸੁਣ ਕੇ, ਪਰਾਲੀ ਦੀ ਅੱਗ ਵਾਂਗ ਪਹਿਲੇ ਦਿਨ ਹੀ ਠੰਡਾ ਹੋ ਗਿਆ ਸੀ। ਉਸ ਦਾ ਜੀਅ ਤਾਂ ਕੀਤਾ ਸੀ ਕਿ ਉਹ ਮਾਸਟਰ ਦੇ ਮਤੀਰੇ ਵਰਗੇ ਸਿਰ ਵਿੱਚ ਦੰਦੀ ਵੱਢ ਲਵੇ ਪਰ ਮਾਸਟਰ ਦੀਆਂ ਬੇਰਾਂ ਵਰਗੀਆਂ ਗੋਲ ਅੱਖਾਂ ਦੀ ਘੂਰੀ ਤੋਂ ਉਹ ਤ੍ਰਹਿ ਗਿਆ ਸੀ। ਅਗਲੇ ਦਿਨ ਬਾਪੂ ਦੇ ਲੱਖ ਯਤਨ ਕਰਨ 'ਤੇ ਵੀ ਉਹ ਸਕੂਲ ਨਹੀਂ ਸੀ ਆਇਆ। ਬਾਪੂ ਦੇ ਸੁਪਨਿਆਂ ਦੇ ਰੁੱਖ ਨੂੰ ਉੱਗਣ ਤੋਂ ਪਹਿਲਾਂ ਹੀ ਗੰਜੇ ਮਾਸਟਰ ਦੇ ਪੱਥਰ ਵਰਗੇ ਬੋਲਾਂ ਨੇ ਮਿੱਧ ਦਿੱਤਾ ਸੀ। ਹਰਖਿਆ ਬਾਪੂ ਉਸ ਦਿਨ ਹੀ ਆਪਣੇ ਸੁਪਨਿਆਂ ਨੂੰ ਲਾਂਬੂ ਲਾ, ਉਸ ਨੂੰ ਕਿਸੇ ਦੀਆਂ ਮੱਝਾਂ ਪਿੱਛੇ ਲਾ ਆਇਆ ਸੀ।

2

"ਵੇ ਹੋਟ ਭਾਈ ਦੇਖ ਕੇ ਤੁਰ!" ਉਸਦੀ ਆਪਣੀ ਜ਼ਿੰਦਗੀ ਵਾਂਗ ਉੱਖੜੇ ਪੈਰ ਪਤਾ ਨਹੀਂ ਕਿੱਧਰ ਹਲੂਣਾ ਦੇ ਗਏ ਸਨ ਤੇ ਉਹ ਅੱਡੇ ਵੜਦਿਆਂ ਕਿਸੇ ਬੁੱਢੀ ਵਿੱਚ ਵੱਜਦਾ ਮਸਾਂ ਬਚਿਆ ਸੀ। ਅੱਡੇ ਆ ਕੇ ਉਸ ਨੂੰ ਪਿਸ਼ਾਬ ਦੀ ਹਾਜਤ ਹੋਈ ਤਾਂ ਉਹ ਮਰਦਾਨਾ ਟਾਇਲਟ ਵਿੱਚ ਜਾ ਵੜਿਆ। ਜਦ ਉਹ ਪਿਸ਼ਾਬ ਕਰ ਕੇ ਬਾਹਰ ਟੂਟੀ 'ਤੇ ਹੱਥ ਧੋਣ ਲੱਗਿਆ ਤਾਂ ਉਸਦੀ ਨਜ਼ਰ ਸਾਹਮਣੇ ਲੱਗੇ ਸ਼ੀਸ਼ੇ ਵਿੱਚ ਪੈ ਗਈ। ਸਾਰੀ ਦਾੜ੍ਹੀ ਬਗਲੇ ਵਾਂਗ ਚਿੱਟੀ ਹੋ ਗਈ ਸੀ। ਚਿਹਰੇ ਤੇ ਬੁਢਾਪੇ ਦੀਆਂ ਝੁਰੜੀਆਂ ਡੂੰਘੀਆਂ ਹੋ

ਕੇ ਪੱਕ ਗਈਆਂ ਸਨ। ਗੱਲ੍ਹਾਂ ਹਵਾ ਨਿੱਕਲੇ ਟਾਇਰਾਂ ਵਾਂਗ ਪਿਚਕ ਗਈਆਂ ਸਨ। ਅੱਖਾਂ ਦੀਆਂ ਪੁਤਲੀਆਂ ਦਾ ਮਾਸ ਢਲ ਕੇ ਭਲਿੱਫਨਾਂ ਤੱਕ ਆ ਗਿਆ ਸੀ। ਹੁਣ ਤਾਂ ਉਸ ਦੀ ਸ਼ਕਲ ਸੋਕੇ ਮਾਰੇ ਦਰੱਖਤ ਵਰਗੀ ਹੋ ਗਈ ਹੈ, ਜਿਸ ਤੋਂ ਸਾਰੀ ਹਰਿਆਵਲ ਝੜ ਗਈ ਹੋਵੇ। ਉਸ ਨੂੰ ਯਾਦ ਹੈ ਜਦ ਉਹ ਜੇਲ੍ਹ ਗਿਆ ਸੀ ਪੂਰੇ ਪੰਜਾਹ ਸਾਲਾਂ ਦਾ ਸੀ। ਪੰਜਾਹਾਂ ਦਾ ਹੋਣ ਤੇ ਵੀ ਉਸ ਦਾ ਸਰੀਰ ਵੀਹ ਪੱਚੀ ਸਾਲਾਂ ਦੇ ਨੌਜਵਾਨ ਵਾਂਗ ਗੱਠਿਆ ਹੋਇਆ ਸੀ ਪਰ ਹੁਣ....!

ਹੁਣ ਤਾਂ ਉਸਦੀਆਂ ਦੋਵੇਂ ਕੁੜੀਆਂ ਵੀ ਬੁਢਾਪੇ ਵੱਲ ਸਰਕ ਗਈਆਂ ਹੋਣਗੀਆਂ। ਇੱਕ ਤਾਂ ਉਸ ਦੇ ਜੇਲ੍ਹ ਜਾਣ ਤੋਂ ਪਹਿਲਾਂ ਹੀ ਵਿਆਹ ਦਿੱਤੀ ਸੀ, ਦੂਸਰੀ ਅਜੇ ਮੰਗੀ ਹੋਈ ਸੀ। ਹੁਣ ਤਾਂ ਉਹ ਵੀ....!

ਉਹ ਸੁਨਾਮ ਵਾਲੀ ਬੱਸ ਪੁੱਛ ਕੇ ਸ਼ੀਸ਼ੇ ਕੋਲ ਆ ਬੈਠਿਆ। ਸਿਰ ਤੋਂ ਮੈਲਾ ਪਰਨਾ ਲਾਹ ਕੇ ਮੂੰਹ ਪੂੰਝਿਆ, ਮੁੜ੍ਹਕੇ ਨਾਲ ਭਿੱਜੇ ਪਿੰਡੇ ਨੂੰ ਝੱਲ ਮਾਰੀ ਤੇ ਫਿਰ ਸਿਰ 'ਤੇ ਬੇ ਤਰਤੀਬਾ ਜਿਹਾ ਲਵੇਟ ਲਿਆ। ਉਸਦੀ ਪਿਛਲੀ ਹੋਈ ਬੀਤੀ ਨੇ ਫਿਰ ਉਸਦੇ ਦਿਮਾਗ਼ ਦਾ ਦਰਵਾਜਾ ਆ ਖੜਕਾਇਆ।

ਜ਼ਿੰਦਗੀ ਨਾਲ ਜੱਦੋ-ਜਹਿਦ -

ਜਦੋਂ ਉਸ ਵਿੱਚੋਂ ਜਵਾਨੀ ਦਾ ਜੋਸ਼ ਘਟਣ ਲੱਗਿਆ ਤਾਂ ਜੱਟਾਂ ਨੇ ਮੌਲੇ ਬਲਦ ਵਾਂਗ ਉਸਦੇ ਗਲੋਂ ਪੰਜਾਲੀ ਲਾਹ ਦਿੱਤੀ ਸੀ। ਹੁਣ ਉਹ ਪਾਲ਼ੀ, ਨੌਕਰ, ਸੀਰੀ ਤੱਕ ਦਾ ਸਫ਼ਰ ਕਰਦਾ ਫਿਰ ਥੱਲੇ, ਦਿਹਾੜੀ ਤੱਕ ਸਰਕ ਆਇਆ ਸੀ। ਪਿੰਡ ਵਿੱਚ ਉਸਦੀ ਦਿਹਾੜੀ ਘੱਟ ਹੀ ਲੱਗਦੀ। ਲੋਕ ਮੁੰਡਿਆਂ-ਖੁੰਡਿਆਂ ਨੂੰ ਪਹਿਲ ਦਿੰਦੇ। ਉਸਦੀ ਵਾਰੀ ਤਾਂ ਕੰਮ ਦੇ ਪੂਰੇ ਜ਼ੋਰ ਵਿੱਚ ਹੀ ਆਉਂਦੀ। ਇਸ ਤਰ੍ਹਾਂ ਕਦੇ ਕਦੇ ਦਿਹਾੜੀ ਲੱਗਣ ਕਰਕੇ ਘਰ ਦੇ ਜੀਅ ਕੁੱਤਿਆਂ ਨਾਲ ਲੱਕਦੇ ਫਿਰਦੇ ਰਹਿੰਦੇ। ਖਾਣ ਨੂੰ ਪੂਰੀ ਰੋਟੀ ਨਾ ਜੁੜਦੀ। ਫਿਰ ਪਿੰਡ ਦੇ ਹੀ ਕਿਸੇ ਬੰਦੇ ਨੇ ਰਹਿਮ ਖਾ ਕੇ ਉਸ ਨੂੰ ਸ਼ਹਿਰ ਸੈਲਰ ਵਿੱਚ ਪੰਦਰਾਂ ਸੌ ਰੁਪਏ ਮਹੀਨੇ 'ਤੇ ਰਾਤ ਦੀ ਚੌਂਕੀਦਾਰੀ 'ਤੇ ਲਗਵਾ ਦਿੱਤਾ ਸੀ। ਉਸ ਨੇ ਕਬੀਲਦਾਰੀ ਫਿਰ ਘੜੀਸ ਲਈ ਸੀ। ਉਹ ਸ਼ਾਮ ਨੂੰ ਚਾਰ ਕੁ ਵਜੇ ਆਪਣੇ ਵਰਗੇ ਹੀ ਪੁਰਾਣੇ ਸਾਇਕਲ ਦੇ ਹੈਂਡਲ ਨਾਲ ਰੋਟੀਆਂ ਬੰਨ੍ਹ ਕੇ ਤੁਰ ਪੈਂਦਾ ਤੇ ਸਵੇਰੇ ਪੰਜ ਕੁ ਵਜੇ ਵੀਹੀਆਂ ਵਿੱਚੋਂ ਦੀ ਟੁੱਟੇ ਸਾਇਕਲ ਨਾਲ ਖੜ੍ਹ ਖੜ੍ਹ ਕਰਦਾ ਘਰੇ ਆ ਵੜਦਾ।

3

"ਹਾਂ ਬਈ ਟਿਕਟ?"

ਉਹ ਕੰਡਕਟਰ ਦੀ ਅਵਾਜ਼ ਨਾਲ ਉੱਭੜਵਾਹਿਆਂ ਵਾਂਗ ਉੱਠਿਆ, "ਹੈਂ! ਹਾਂ, ਹਾਂ! ਸੁਨਾਮ! ਸੁਨਾਮ ਦੀ ਦੇ ਇੱਕ।" ਉਸਨੂੰ ਯਾਦਾਂ ਦੇ ਸਮੁੰਦਰ 'ਚ ਗੋਤੇ ਖਾਂਦੇ ਨੂੰ ਪਤਾ ਹੀ ਨਹੀਂ ਲੱਗਿਆ ਸੀ ਕਿ ਕਦੋਂ ਬੱਸ, ਬੱਸ ਸਟੈਂਡ ਵਿੱਚੋਂ ਤੁਰੀ ਤੇ ਕਦੋਂ ਸ਼ਹਿਰ ਦੀਆਂ ਭੀੜ-ਭੜੱਕੇ ਵਾਲੀਆਂ ਸੜਕਾਂ ਲਤਾੜਦੀ ਬਾਹਰਲੇ ਚੌਂਕ 'ਤੇ ਆ ਗਈ ਸੀ। ਉਸਨੇ ਆਪਣੇ ਗੀਝੇ ਵਿੱਚੋਂ ਮੁੜ੍ਹਕੇ ਨਾਲ ਭਿੱਜੇ ਰੁਪਏ ਕੱਢ ਕੇ ਕੰਡਕਟਰ ਵੱਲ ਕਰ ਦਿੱਤੇ। ਕੰਡਕਟਰ ਨੇ ਨੱਕ ਜਿਹਾ ਮਾਰ ਕੇ ਰੁਪਏ ਫੜ ਕੇ ਝੋਲੇ ਵਿੱਚ ਤੁੰਨ ਲਏ ਤੇ ਉਸਨੂੰ ਸੁਨਾਮ ਦੀ ਟਿਕਟ ਦੇ ਦਿੱਤੀ। ਉਹ ਟਿਕਟ ਲੈਣ ਦੇ ਭਾਰ ਤੋਂ ਹੌਲਾ ਜਿਹਾ ਹੋ ਕੇ ਸ਼ੀਸ਼ੇ ਦੇ ਨੇੜੇ ਹੋ ਕੇ ਬੈਠ ਗਿਆ। ਬਾਹਰੋਂ ਆਉਂਦੀ ਹਵਾ ਮੁੜ੍ਹਕੇ ਨਾਲ ਭਿੱਜੇ ਕੁੜਤੇ ਵਿੱਚੋਂ ਲੰਘਦੀ ਉਸਦੇ ਸਰੀਰ ਨੂੰ ਸਕੂਨ ਦੇ ਰਹੀ ਸੀ। ਜੇਲ੍ਹ ਵਿੱਚੋਂ ਨਿਕਲ ਕੇ ਅੱਜ ਪਹਿਲੀ ਵਾਰ ਉਸਨੇ ਖੁੱਲ੍ਹੀ ਹਵਾ ਦਾ ਆਨੰਦ ਮਾਣਿਆ ਸੀ। ਉਸਨੇ ਸ਼ੀਸ਼ੇ ਵਿੱਚੋਂ ਬਾਹਰ ਤੱਕਿਆ। ਸਾਰੀ ਝੋਨੇ ਦੀ ਫ਼ਸਲ ਨੇ ਬੂਝਾ ਮਾਰ ਲਿਆ ਸੀ। ਸੁੰਨੇ ਅਸਮਾਨ ਵਿੱਚ ਕੋਈ ਟਾਵਾਂ-ਟਾਵਾਂ ਪੰਛੀ ਉੱਡਿਆ ਫਿਰਦਾ ਨਜ਼ਰੀਂ ਪੈਂਦਾ ਸੀ। ਉਸਨੂੰ ਲੱਗਿਆ ਜਿਵੇਂ ਉਹ ਵੀ ਇਨ੍ਹਾਂ ਪੰਛੀਆਂ ਵਾਂਗ ਸੁੰਨੀ ਜਿਹੀ ਦੁਨੀਆਂ ਵਿੱਚ ਭਟਕਦਾ ਫਿਰਦਾ ਹੈ। ਵਰੋਲੇ 'ਚ ਫਸੇ ਲਫ਼ਾਫ਼ੇ ਵਾਂਗ

ਸਮੇਂ ਦੀ ਹਵਾ ਪਤਾ ਨਹੀਂ ਉਸਨੂੰ ਅਜੇ ਕਿੱਧਰ ਕਿੱਧਰ ਘੁੰਮੇਰੀਆਂ ਖਵਾਏਗੀ। ਉਹ ਸਿਰ ਝੱਟਕਦਾ ਹੈ। ਕਿਤੇ ਕਿਤੇ ਕੋਈ ਕਿਸਾਨ ਰੇਹ ਸੁੱਟਦਾ ਤੇ ਕਿਤੇ ਕੋਈ ਕੱਖ ਕੱਢਦਾ ਫਿਰ ਰਿਹਾ ਹੈ। 'ਓਦੋਂ ਵੀ ਸ਼ਾਇਦ ਇਹੀ ਰੁੱਤ ਸੀ।' ਉਹ ਸੋਚਦਾ ਹੈ ਫਿਰ ਆਪਣਾ ਅੰਦਾਜ਼ਾ ਆਪ ਹੀ ਬਦਲ ਦਿੰਦਾ ਹੈ। " ਓਹ ਸੱਚ! ਇਹ ਕਦੋਂ, ਓਦੋਂ ਤਾਂ ਸਿਆਲ ਸੀ। ਚੜ੍ਹਦਾ ਸਿਆਲ। ਮੇਰੇ ਲੋਈ ਦੀ ਬੁੱਕਲ ਮਾਰੀ ਹੋਈ ਸੀ।" ਉਹ ਫਿਰ ਆਪਣੀ ਉਸ ਦਿਨ ਦੀ ਝਾਕੀ ਵਿੱਚ ਗੁਆਚ ਜਾਂਦਾ ਹੈ।

ਹਨੇਰੇ ਦੀ ਚਾਦਰ ਓਹਲੇ-

ਉਸ ਦਿਨ ਉਹ ਸੈਲਰ ਵਿੱਚ ਰਾਤ ਦੀ ਚੌਂਕੀਦਾਰੀ ਕਰਕੇ ਸਵੇਰੇ ਚਾਰ ਕੁ ਵਜੇ ਪਿੰਡ ਨੂੰ ਤੁਰ ਪਿਆ ਸੀ। ਚਾਹੇ ਸਿਆਲ ਪੂਰੇ ਜੋਬਨ ਤੇ ਨਹੀਂ ਸੀ ਫਿਰ ਵੀ ਸਵੇਰ ਦਾ ਸਮਾਂ ਹੋਣ ਕਰਕੇ ਠੰਡ ਕੱਪੜਿਆਂ ਵਿੱਚੋਂ ਪਾਰ ਹੁੰਦੀ ਅੰਗ ਅੰਗ ਸੁੰਨ ਕਰ ਰਹੀ ਸੀ। ਅਜੇ ਉਹ ਆਪਣੀ ਅੱਧੋ-ਰਾਣੀ ਲੋਈ ਨੂੰ ਵਾਰ ਵਾਰ ਠੀਕ ਕਰਦਾ ਸਟੇਸ਼ਨ ਲੰਘ ਕੇ ਸ਼ਹਿਰ ਦੇ ਵਿੱਚੋਂ ਵਿੱਚ ਉਸਦੇ ਪਿੰਡ ਨੂੰ ਜਾਂਦੀ ਸੜਕ ਪਿਆ ਹੀ ਸੀ ਕਿ ਉਸਦੇ ਸਾਇਕਲ ਦਾ ਟਾਇਰ ਕਾਲੇ ਬੈਗ ਨਾਲ ਟਕਰਾ ਗਿਆ। ਚਾਰ ਵਾਲਾ ਡੱਬਾ ਅਜੇ ਹੁਣੇ ਲੰਘ ਕੇ ਗਿਆ ਸੀ। ਉਸਨੇ ਸੋਚਿਆ ਕੋਈ ਗੱਡੀਓਂ ਉਤਰਿਆ ਬੈਗ ਰੱਖ ਕੇ ਪਿਸ਼ਾਬ ਕਰਨ ਲਈ ਇਧਰ-ਉਧਰ ਹੋ ਗਿਆ ਹੋਵੇਗਾ। ਉਸਨੇ ਹਨੇਰੇ ਵਿੱਚ ਇਧਰ-ਉਧਰ ਪੜਤਾਲੀਆਂ ਨਜ਼ਰਾਂ ਫੇਰੀਆਂ ਪਰ ਕਿਤੇ ਕੋਈ ਨਜ਼ਰ ਨਾ ਆਇਆ। ਜਦ ਉਸ ਨੇ ਚੁਗਲੀਆਂ ਸੁਣਨ ਵਾਂਗ ਆਪਣੇ ਕੰਨਾਂ ਦੀ ਸ਼ਿਸਤ ਬੰਨ੍ਹ ਲਈ ਤਾਂ ਅਚਾਨਕ ਕਈ ਬੰਦਿਆਂ ਦੇ ਬੋਲਣ ਤੇ ਇੱਕ ਔਰਤ ਦੇ ਰੋਣ ਦੀ ਮੱਧਮ ਜਿਹੀ ਅਵਾਜ਼ ਉਸਦੇ ਕੰਨੀਂ ਪੈ ਗਈ। ਉਸਨੇ ਅੰਦਾਜ਼ਾ ਲਾਇਆ, ਅਵਾਜ਼ ਪੁਰਾਣੇ ਡਾਕਖ਼ਾਨੇ ਵੱਲੋਂ ਆ ਰਹੀ ਸੀ। ਪਹਿਲਾਂ ਤਾਂ ਉਹ ਇਹ ਅਵਾਜ਼ਾਂ ਸੁਣ ਕੇ ਠਠੰਬਰ ਗਿਆ ਫਿਰ ਦਿਲ ਕਰੜਾ ਜਿਹਾ ਕਰ ਕੇ ਆਪਣੇ ਸਇਕਲ ਸਮੇਤ ਉਧਰ ਨੂੰ ਹੀ ਤੁਰ ਪਿਆ।

ਡਾਕਖ਼ਾਨੇ ਦੀ ਕੰਧ ਉਪਰੋਂ ਦੀ ਜਦ ਉਸਨੇ ਅੰਦਰ ਝਾਤੀ ਮਾਰੀ ਤਾਂ ਉਹ ਡਰ, ਹੈਰਾਨੀ ਅਤੇ ਗੁੱਸੇ ਨਾਲ ਅੰਦਰ ਤੱਕ ਕੰਬ ਗਿਆ। ਡਾਕਖ਼ਾਨੇ ਦੇ ਵਿਹੜੇ ਵਿੱਚ ਅਲਫ਼ ਨੰਗੀ ਕੁੜੀ ਨੂੰ ਤਿੰਨ ਬਘਿਆੜਾਂ ਵਰਗੇ ਮੁੰਡੇ ਚਿੰਬੜ ਰਹੇ ਸਨ। ਕੁੜੀ ਬਾਜ ਦੇ ਪੰਜਿਆਂ 'ਚ ਆਈ ਚਿੜ੍ਹੀ ਵਾਂਗ ਛਟਪਟਾ ਰਹੀ ਸੀ। ਉਸਨੂੰ ਉਹ ਕੁੜੀ ਆਪਣੀ ਹੀ ਧੀ ਵਰਗੀ ਲੱਗੀ। ਇਹ ਦ੍ਰਿਸ਼ ਵੇਖ ਕੇ ਉਸਦੀਆਂ ਅੱਖਾਂ ਵਿੱਚੋਂ ਸੇਕ ਮਾਰਨ ਲੱਗ ਪਿਆ। ਕ੍ਰੋਧ ਦੀ ਲਾਟ ਸਾਰੇ ਸਰੀਰ ਨੂੰ ਕਰੰਟ ਵਾਂਗ ਸਾੜਦੀ ਨਿੱਕਲ ਗਈ। ਉਹ ਜਲਦੀ ਨਾਲ ਸਾਇਕਲ ਸੁੱਟ ਕੇ ਡਾਕਖ਼ਾਨੇ ਦੀ ਕੰਧ ਟੱਪ ਗਿਆ। ਸ਼ਰਾਬ ਨਾਲ ਧੁੱਤ ਹੋਏ ਤਿੰਨਾਂ ਮੁੰਡਿਆਂ ਨੂੰ ਚਿੱਚੜਾਂ ਵਾਂਗ ਤੋੜ ਤੋੜ ਪਰ੍ਹਾਂ ਸੁੱਟਦਾ ਉਹ ਜ਼ੋਰ ਜ਼ੋਰ ਦੀ ਰਾਉਲਾ ਪਾਉਣ ਲੱਗ ਪਿਆ ਤਾਂ ਕਿ ਕੋਈ ਅਵਾਜ਼ ਸੁਣ ਕੇ ਉਸਦੀ ਮਦਦ ਲਈ ਆ ਸਕੇ। ਤਿੰਨੇ ਮੁੰਡੇ ਡਰਦੇ ਭੱਜ ਲਏ। ਅਜੇ ਉਹ ਕੁਝ ਕਦਮ ਹੀ ਭੱਜੇ ਸੀ ਅਚਾਨਕ ਤਿੰਨੇ ਰੁਕ ਗਏ। ਉਨ੍ਹਾਂ ਵਿੱਚੋਂ ਇੱਕ ਕਾਹਲੀ ਕਾਹਲੀ ਕਹਿ ਰਿਹਾ ਸੀ, "ਸਾਲੀ ਆਪਣੇ ਵਿਰੁੱਧ ਗਵਾਹੀ ਦੇ ਕੇ ਤਿੰਨਾਂ ਨੂੰ ਫਸਾਊਗੀ, ਪਰ੍ਹਾਂ ਫਸਤਾ ਵੱਢ। ਏਸੇ ਦੇ ਗਲ ਈ ਪਾ ਦੇਵਾਂਗੇ ਵੱਡੇ ਹਮਦਰਦੀ ਦੇ।" ਫਿਰ ਉਹ ਤਿੰਨੇ ਉਨ੍ਹਾਂ ਵੱਲ ਨੂੰ ਪੁੱਠੇ ਭੱਜ ਲਏ। ਅੱਗੇ ਆ ਰਹੇ ਮੁੰਡੇ ਦੇ ਹੱਥ ਵਿੱਚ ਕਿਰਚ ਲਿਸਕ ਰਹੀ ਸੀ। ਆਪਣੇ ਵੱਲ ਮੁੰਡਿਆਂ ਨੂੰ ਇਸ ਤਰ੍ਹਾਂ ਭੱਜੇ ਆਉਂਦਿਆਂ ਵੇਖ ਕੇ ਉਸਦੇ ਅੰਦਰ ਡਰ ਦਾ ਭੂਚਾਲ ਜਿਹਾ ਆ ਗਿਆ। ਅਜੇ ਉਹ ਇਸ ਸਥਿਤੀ ਦਾ ਟਾਕਰਾ ਕਰਨ ਲਈ ਕੁਝ ਸੋਚ ਹੀ ਰਿਹਾ ਸੀ ਕਿ ਮੂਹਰੇ ਆਉਂਦਾ ਮੁੰਡਾ ਅੰਨ੍ਹੇਵਾਹ ਕੁੜੀ 'ਤੇ ਵਾਰ ਕਰਨ ਲੱਗ ਪਿਆ। ਗੁੱਸੇ ਦਾ ਗੁਬਾਰ ਜੇਠੂ ਦੇ ਸਿਰ ਨੂੰ ਚੜ੍ਹ ਗਿਆ। ਪਤਾ ਨਹੀਂ ਉਸ ਵਿੱਚ ਐਨੀ ਤਾਕਤ ਕਿੱਥੋਂ ਆਈ। ਜੇਠੂ ਨੇ ਉਸਨੂੰ ਧੌਣੋਂ ਫੜ ਕੇ ਬੋਰੀ ਵਾਂਗ ਪਰ੍ਹਾਂ ਪਟਕਾ ਮਾਰਿਆ ਤੇ ਉਸਦੇ ਹੱਥੋਂ ਕਿਰਚ ਖੋਹ ਕੇ ਦੂਸਰੇ ਮੁੰਡਿਆਂ ਦੇ ਛੁਡਾਉਂਦੇ

ਛੁਡਾਉਂਦੇ ਹੀ ਤੇਜ਼ੀ ਨਾਲ ਕਈ ਵਾਰ ਉਸਦੇ ਚਿਹਰੇ ਅਤੇ ਗਰਦਨ 'ਤੇ ਕਰ ਗਿਆ। ਫਿਰ ਉਹ ਗੁੱਸੇ 'ਚ ਲਾਲ ਹੋਇਆ ਉਨ੍ਹਾਂ ਮੁੰਡਿਆਂ ਵੱਲ ਉਲਰਿਆ। ਉਹ ਡਰ ਨਾਲ ਭੈ-ਭੀਤ ਹੋਏ ਦੌੜ ਗਏ। ਜ਼ਖ਼ਮੀ ਮੁੰਡਾ ਕੁੱਕੜ ਦੀ ਗਰਦਨ ਮਰੋੜਨ ਵਾਂਗ ਪੈਰ ਜਿਹੇ ਮਾਰਦਾ ਪਲਾਂ ਵਿੱਚ ਠੰਡਾ ਹੋ ਗਿਆ।

ਜੇਠੂ ਦੀ ਸੁਰਤ ਨੇ ਹਲੂਣਾ ਖਾਧਾ। ਉਹ ਕੁੜੀ ਨੂੰ ਚੱਕ ਕੇ ਨੇੜਲੇ ਪਰਾਈਵੇਟ ਹਸਪਤਾਲ ਵੱਲ ਦੌੜਿਆ। ਹਸਪਤਾਲ ਵਾਲਿਆਂ ਨੇ ਕੁੜੀ ਦੀ ਹਾਲਤ ਅਤੇ ਉਸਨੂੰ ਸ਼ੱਕੀ ਨਜ਼ਰਾਂ ਨਾਲ ਗੰਜੇ ਮਾਸਟਰ ਵਾਂਗ ਅਜੀਬ ਜਿਹਾ ਵੇਖਦਿਆਂ ਜਵਾਬ ਦੇ ਦਿੱਤਾ।

ਲੋਈ ਪਾਟਣ ਲੱਗ ਪਈ ਸੀ। ਵੱਡੇ ਸ਼ਹਿਰਾਂ ਵਿੱਚ ਕੰਮ-ਧੰਦੇ ਜਾਣ ਵਾਲੇ ਅਤੇ ਸੈਰ ਕਰਨ ਲਈ ਨਿੱਕਲੇ ਇੱਕਾ-ਦੁੱਕਾ ਬੰਦੇ ਤੀਵੀਆਂ ਉਸਨੂੰ ਟੱਕਰਨ ਲੱਗ ਪਏ ਸਨ। ਹੁਣ ਉਸਨੇ ਆਪਣੀ ਭੱਜ-ਨੱਠ ਵੀ ਛੱਡ ਦਿੱਤੀ ਸੀ। ਕੁੜੀ ਹਰਕਤ ਕਰਨੋ ਹਟ ਗਈ ਸੀ। ਉਹ, ਉਸਦੇ ਹੱਥਾਂ ਵਿੱਚ ਹੀ ਮਿੱਟੀ ਬਣੀ ਠਰ ਗਈ। ਹੁਣ ਉਹ ਸ਼ਸ਼ੋਪੰਜ ਵਿੱਚ ਪੈ ਗਿਆ ਸੀ ਕਿ ਉਹ ਹੁਣ ਕੁੜੀ ਦਾ ਕੀ ਕਰੇ? ਕਿਸੇ ਨੂੰ ਕੀ ਦੱਸੇ? ਫਿਰ ਉਹ ਮਾਰੂ ਜਿਹੇ ਕਦਮ ਪੁੱਟਦਾ ਉਧਰ ਨੂੰ ਹੀ ਤੁਰ ਪਿਆ ਸੀ ਜਿੱਥੇ ਕੁੜੀ ਦਾ ਬੈਗ ਪਿਆ ਸੀ ਅਤੇ ਉਹ ਆਪਣਾ ਸਾਇਕਲ ਛੱਡ ਕੇ ਆਇਆ ਸੀ।

ਜਿਉਂ ਜਿਉਂ ਦਿਨ ਦਾ ਚਾਨਣਾ ਹੋ ਰਿਹਾ ਸੀ ਐਮ. ਐਲ. ਏ. ਦੇ ਭਤੀਜੇ ਦੇ ਕਤਲ ਦੀ ਗੱਲ ਵੀ ਗਿੱਲੇ ਗੋਹਿਆਂ ਦੀ ਅੱਗ ਵਾਂਗ ਧੁਖਦੀ ਸਾਰੇ ਸ਼ਹਿਰ ਵਿੱਚ ਫੈਲਦੀ ਜਾ ਰਹੀ ਸੀ। ਜਦੋਂ ਉਹ ਡਾਕਖ਼ਾਨੇ ਵੱਲ ਜਾ ਰਿਹਾ ਸੀ ਤਾਂ ਉਸਨੇ ਵੇਖਿਆ ਸਾਹਮਣੇ ਡਾਕਖ਼ਾਨੇ ਕੋਲ ਸੜਕ 'ਤੇ ਲੋਕਾਂ ਦਾ ਹਜ਼ੂਮ ਉਂਗਲਾਂ ਦੇ ਇਸ਼ਾਰੇ ਕਰ ਕਰ ਉਸ ਵੱਲ ਵੇਖਣ ਲੱਗ ਪਿਆ। ਲੋਕਾਂ ਨੂੰ ਆਪਣੇ ਵੱਲ ਇਸ ਤਰ੍ਹਾਂ ਵੇਖਦਿਆਂ ਪਹਿਲਾਂ ਤਾਂ ਉਸਦਾ ਦਿਲ ਕੀਤਾ ਕਿ ਉਹ ਕੁੜੀ ਨੂੰ ਉੱਥੇ ਹੀ ਸੁੱਟ ਕੇ ਦੌੜ ਜਾਵੇ ਪਰ ਉਹ ਆਪਣੇ ਅੰਦਰਲੇ ਵਿਸ਼ਵਾਸ ਦਾ ਬੱਝਿਆ ਉਧਰ ਨੂੰ ਹੀ ਤੁਰ ਗਿਆ। ਜਦੋਂ ਪੁਲਿਸ ਵਾਲਿਆਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਭੱਜ ਕੇ ਉਸ ਦੇ ਆਲੇ-ਦੁਆਲੇ ਬੰਦੂਕਾਂ ਤਾਣ ਲਈਆਂ ਜਿਵੇਂ ਕੋਈ ਖ਼ਤਰਨਾਕ ਦਹਿਸ਼ਤਗਰਦ ਘੇਰੇ ਵਿੱਚ ਲੈ ਲਿਆ ਹੋਵੇ। ਜੇਠੂ ਨੂੰ ਬਾਂਹਵਾਂ ਉਪਰ ਕਰਨ ਦਾ ਹੁਕਮ ਹੋਇਆ ਤਾਂ ਉਸਨੇ ਹੈਰਾਨੀ ਜਿਹੀ ਨਾਲ ਸਾਰੇ ਇਕੱਠ ਵੱਲ ਵੇਖਦਿਆਂ ਕੁੜੀ ਨੂੰ ਹੇਠਾਂ ਰੱਖ ਕੇ ਬਾਂਹਵਾਂ ਉਪਰ ਕਰ ਲਈਆਂ। ਕੁੜੀ ਦਾ ਪਿਤਾ ਅਤੇ ਭਾਈ ਪੁਲਿਸ ਵਾਲਿਆਂ ਦੇ ਰੋਕਦੇ ਰੋਕਦੇ ਧਾਹਾਂ ਮਾਰਦੇ ਕੁੜੀ ਉਪਰ ਜਾ ਡਿੱਗੇ।

ਉਡੀਕ -

ਪ੍ਰੀਤ ਦੇ ਮਾਤਾ ਪਿਤਾ ਉਸਦੀ ਪੰਜ ਵਜੇ ਤੱਕ ਉਡੀਕ ਕਰਦੇ ਰਹੇ ਸੀ। ਪ੍ਰੀਤ ਪਟਿਆਲੇ ਯੂਨੀਵਰਸਿਟੀ ਵਿੱਚ ਪੜ੍ਹਦੀ ਸੀ ਤੇ ਕੱਲ੍ਹ ਯੂਨੀਵਰਸਿਟੀ ਵੱਲੋਂ ਜਲੰਧਰ ਕਿਸੇ ਫੰਕਸ਼ਨ ' ਤੇ ਗਈ ਸੀ। ਘਰ ਉਸਨੇ ਦੱਸ ਦਿੱਤਾ ਸੀ ਕਿ ਉਹ ਚਾਰ ਵਾਲੀ ਟ੍ਰੇਨ ਆਵੇਗੀ। ਹੁਣ ਜਦ ਉਹ ਪੰਜ ਵਜੇ ਤੱਕ ਉਡੀਕ ਕਰਦੇ ਰਹੇ ਸੀ ਅਤੇ ਉਸਦਾ ਮੋਬਾਇਲ ਵੀ ਕਿਸੇ ਨਹੀਂ ਚੁੱਕਿਆ ਸੀ ਤਾਂ ਸਾਰੇ ਟੱਬਰ ਨੂੰ ਹੱਥਾਂ-ਪੈਰਾਂ ਦੀ ਪੈ ਗਈ ਸੀ। ਉਸਦਾ ਭਰਾ ਤੇ ਪਿਤਾ ਉਸਨੂੰ ਸਟੇਸ਼ਨ ਵੱਲ ਵੇਖਣ ਆ ਗਏ ਸਨ।

4

"ਚਲੋ ਬਈ ਭਵਾਨੀਗੜ੍ਹ।" ਕੰਡਕਟਰ ਨੇ ਸਵਾਰੀਆਂ ਨੂੰ ਚੌਕੰਨਾ ਕੀਤਾ। ਬੱਸ ਕੁਝ ਦੇਰ ਲਈ ਅੱਡੇ ਵਿੱਚ ਰੁਕੀ। ਸਵਾਰੀਆਂ ਉਤਰੀਆਂ ਚੜ੍ਹੀਆਂ, ਕੰਡਕਟਰ ਦੀ ਬਿਸਲ ਨਾਲ ਫਿਰ ਤੁਰ ਪਈ। ਨਾਲ ਹੀ ਉਸ ਨਾਲ ਹੋਈ-ਬੀਤੀ ਦੀ ਕਹਾਣੀ ਵੀ ਅੱਗੇ ਤੁਰ ਪਈ।

ਹਨੇਰੇ 'ਚ ਗੁਆਚਦਾ ਸੱਚ -

ਉਸਨੂੰ ਅਜੇ ਵੀ ਪੱਕਾ ਯਾਦ ਹੈ ਜਦੋਂ ਪੁਲਿਸ ਉਸਨੂੰ ਫੜ ਕੇ ਥਾਣੇ ਲੈ ਗਈ ਸੀ ਅਤੇ ਲਾਸ਼ਾਂ

ਪੋਸਟਮਾਰਟਮ ਲਈ ਭੇਜ ਦਿੱਤੀਆਂ ਸਨ।

ਜੇਠੂ ਨੇ ਅਦਾਲਤ ਵਿੱਚ ਸਚਾਈ ਦੱਸਣ ਦੀ ਵਥੇਰੀ ਕੋਸ਼ਿਸ਼ ਕੀਤੀ ਪਰ ਪੈਸੇ ਅਤੇ ਤਾਕਤ ਨੇ ਤਾਂ ਉਸਦੀ ਸਚਾਈ ਨੂੰ ਝੂਠ ਵਿੱਚ ਬਦਲ ਦਿੱਤਾ ਸੀ। ਅਸਲ ਸੱਚ ਤਾਂ ਉਸਦੇ ਵਿਰੋਧੀ ਵਕੀਲ ਨੇ ਬੋਲਿਆ ਸੀ। ਅਖੇ, "ਮੁਜ਼ਰਮ ਰਾਤ ਦੀ ਡਿਊਟੀ ਕਰ ਕੇ ਸਾਇਕਲ 'ਤੇ ਪਿੰਡ ਨੂੰ ਜਾ ਰਿਹਾ ਸੀ। ਜਦੋਂ ਮੁਜ਼ਰਮ ਨੇ ਇਕੱਲੀ ਕੁੜੀ ਵੇਖੀ ਤਾਂ ਉਸਦੀ ਨੀਅਤ ਮੈਲੀ ਹੋ ਗਈ। ਮੌਕੇ ਦਾ ਫਾਇਦਾ ਉਠਾ ਕੇ ਉਸਨੂੰ ਧੂਹ ਕੇ ਡਾਕਖ਼ਾਨੇ ਲੈ ਗਿਆ ਫਿਰ ਕੁੜੀ ਨਾਲ ਮੂੰਹ ਕਾਲਾ ਕੀਤਾ। ਜਦ ਇਹ ਕੁੜੀ ਨਾਲ ਬਲਾਤਕਾਰ ਕਰ ਰਿਹਾ ਸੀ ਤਾਂ ਸੈਰ ਕਰਨ ਗਏ ਗੁਰਨਾਮ ਸਿੰਘ ਐਮ. ਐਲ. ਏ. ਸਾਹਿਬ ਦੇ ਮ੍ਰਿਤਕ ਭਤੀਜੇ ਚਮਕੌਰ ਸਿੰਘ ਅਤੇ ਉਸਦੇ ਸਾਥੀਆਂ ਨੇ ਕੁੜੀ ਦੀਆਂ ਸਿਸਕੀਆਂ ਸੁਣੀਆਂ। ਜਦ ਮ੍ਰਿਤਕ ਚਮਕੌਰ ਸਿੰਘ ਅਤੇ ਉਸਦੇ ਸਾਥੀਆਂ ਨੇ ਡਾਕਖ਼ਾਨੇ ਦੀ ਕੰਧ ਉਪਰੋਂ ਦੀ ਵੇਖਿਆ ਤਾਂ ਮੁਜ਼ਰਮ ਬਲਾਤਕਾਰ ਕਰ ਰਿਹਾ ਸੀ ਅਤੇ ਕੁੜੀ ਬੇਹੋਸ਼ ਹੋਈ ਪਈ ਸੀ। ਚਮਕੌਰ ਹੋਰਾਂ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ ਤਾਂ ਮੁਜ਼ਰਮ ਨੇ ਅੰਨ੍ਹੇਵਾਹ ਚਮਕੌਰ ਦੀ ਗਰਦਨ ਉਪਰ ਵਾਰ ਕਰ ਦਿੱਤੇ ਜਿਸ ਨਾਲ ਚਮਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇਸਦੇ ਸਾਥੀ ਡਰਦੇ ਭੱਜ ਗਏ। ਬਾਅਦ ਵਿੱਚ ਇਸ ਨੇ ਉਸੇ ਕਿਰਚ ਨਾਲ ਕੁੜੀ ਦਾ ਕਤਲ ਕਰ ਦਿੱਤਾ। ਵਾਰਦਾਤ ਵਾਲੀ ਥਾਂ ਤੋਂ ਮੁਜ਼ਰਮ ਦਾ ਸਾਇਕਲ ਅਤੇ ਉਸਦੀਆਂ ਉਂਗਲਾਂ ਦੇ ਨਿਸ਼ਾਨਾਂ ਵਾਲੀ ਕਿਰਚ ਵੀ ਪ੍ਰਾਪਤ ਹੋਈ ਹੈ।

ਜੇਠੂ ਨੇ "ਨਹੀਂ ਨਹੀਂ! ਮੈਂ ਨੀ ਮਾਰਿਆ ਉਹਨੂੰ! ਏਸੇ ਨੇ ਮਾਰਿਆ ਸੀ ਕੁੜੀ ਨੂੰ ਤਾਂ। ਉਹ ਤਾਂ ਮੇਰੀ ਧੀ ਵਰਗੀ ਸੀ।" ਵਰਗੇ ਸੱਚੇ ਬੋਲ ਤਾਂ ਕਿਸੇ ਦੇ ਕੰਨੋ ਉਤਰੇ ਹੀ ਨਹੀਂ। ਹਨ੍ਹੇਰੇ ਦੇ ਸੱਚ ਨੂੰ ਕਿਸ ਨੇ ਵੇਖਿਆ ਸੀ। ਅਸਲ ਸੱਚ ਤਾਂ ਪੈਸੇ ਅਤੇ ਤਾਕਤ ਅੱਗੇ ਬੌਣਾ ਹੋ ਗਿਆ ਸੀ। ਅਖ਼ੀਰ ਅਣਹੋਣੀ ਨੇ ਉਸਨੂੰ ਵੀਹ ਸਾਲਾਂ ਲਈ ਜੇਲ੍ਹ ਡੱਕ ਦਿੱਤਾ ਸੀ।

ਕੁੱਤੇ ਖਾਣੀ -

ਕਿਵੇਂ ਉਸਨੇ ਵੀਹ ਸਾਲ ਜੇਲ੍ਹ ਵਿੱਚ ਕੱਟੇ, ਹਰ ਪਲ ਉਸਦੀਆਂ ਅੱਖਾਂ ਅੱਗੇ ਘੁਮਦਾ ਰਿਹਾ। ਉਸਨੂੰ ਜੇਲ੍ਹ ਵਿੱਚ ਹੀ ਆਪਣੀ ਘਰ ਵਾਲੀ ਦੇ ਮਿਲਣ ਆਈ ਤੋਂ ਪਤਾ ਲੱਗਿਆ ਸੀ ਕਿ ਉਸਦੀ ਮੰਗੀ ਹੋਈ ਧੀ ਦੇ ਸਹੁਰੇ ਰਿਸ਼ਤਾ ਛੱਡਣ ਨੂੰ ਫਿਰਦੇ ਸੀ। ਫਿਰ ਕਿਵੇਂ ਉਸਦੀ ਘਰ ਵਾਲੇ ਨੇ ਰਿਸ਼ਤੇਦਾਰ ਇਕੱਠੇ ਕਰਕੇ, ਤਰਲੇ ਮਿੰਨਤਾਂ ਕਰਕੇ, ਪੈਰੀ ਚੁੰਨੀ ਧਰਕੇ ਕੁੜੀ ਵਿਆਹ ਕੇ ਤੋਰੀ ਸੀ। ਕੁੜੀ ਦੇ ਵਿਆਹ ਵੇਲੇ ਉਸਨੂੰ ਛੁੱਟੀ ਵੀ ਮਿਲ ਸਕਦੀ ਸੀ ਪਰ ਉਸਨੇ ਲਈ ਨਹੀਂ ਸੀ। ਉਸਦਾ ਛੁੱਟੀ ਲੈਣ ਨੂੰ ਅੰਦਰੋਂ ਦਿਲ ਵੀ ਬੜਾ ਕਰਦਾ ਸੀ ਕਿ ਉਹ ਪਿੰਡ ਜਾਵੇ ਆਪਣੀ ਧੀ ਨੂੰ ਮਿਲੇ। ਉਮਰ ਦੇ ਆਖ਼ਰੀ ਪੜਾ 'ਤੇ ਖੜ੍ਹੀ ਪਤਨੀ ਨੂੰ ਮਿਲੇ।

ਫਿਰ ਉਸਨੂੰ ਮਹਿਸੂਸ ਹੁੰਦਾ ਜਿਵੇਂ ਉਹ ਪਿੰਡ ਚਲਿਆ ਗਿਆ ਹੋਵੇ। ਲੋਕ ਉਸਨੂੰ ਘੇਰ ਘੇਰ ਕਹਿ ਰਹੇ ਹੋਣ, "ਬਲਾਤਕਾਰੀ! ਕਾਤਲ!!" ਮਨਚਲੇ ਉਸਨੂੰ ਸੁਣਾ ਸੁਣਾ ਕਹਿ ਰਹੇ ਹੋਣ, "ਭੈਣ ਮਰਾਉਣ ਵੀਹ ਸਾਲ, ਕੇਰਾਂ ਸੁਰਗਾਂ ਦਾ ਝੂਟਾ ਲੈ ਲਿਆ ਜਾਤ ਨੇ!" ਉਸਨੂੰ ਲੱਗਦਾ ਜਿਵੇਂ ਉਹ ਕਿੰਨੀਆਂ ਹੀ ਘ੍ਰਿਣਾ ਮਈ, ਸੂਲਾਂ ਵਰਗੀਆਂ ਨਜ਼ਰਾਂ ਵਿਚਕਾਰ ਪਿੰਡ ਦੇ ਚੌਰਾਹੇ 'ਚ ਮੇਲੇ ਵਿੱਚ ਗੁਆਚੀ ਗਾਂ ਵਾਂਗ ਡੌਰ-ਭੌਰ ਹੋਇਆ ਖੜ੍ਹਾ ਹੈ। ਕਦੇ ਉਸਨੂੰ ਦਿਸਦਾ ਜਿਵੇਂ ਲੋਕ ਉਸ ਤੋਂ ਦੂਰ ਦੂਰ ਦੌੜ ਰਹੇ ਹੋਣ। ਜਿਵੇਂ ਉਸਨੂੰ ਪਲੇਗ ਪੈ ਗਈ ਹੋਵੇ ਜਾਂ ਉਸ ਵਿੱਚੋਂ ਬਲਾਤਕਾਰ ਦੀ ਮੁਸ਼ਕ ਮਾਰਦੀ ਹੋਵੇ। ਉਸਨੂੰ ਛੁੱਟੀ ਤੋਂ ਡਰ ਜਿਹਾ ਲੱਗਣ ਲੱਗਦਾ ਤੇ ਉਹ ਛੁੱਟੀ ਲੈਣ ਦਾ ਖ਼ਿਆਲ ਖ਼ਾਲੀ ਬੋਰੀ ਵਾਂਗ ਪਰ੍ਹਾਂ ਵਗਾਹ ਮਾਰਦਾ। ਕਦੇ ਕਦੇ ਉਸਨੂੰ ਇਹ ਵੀ ਮਹਿਸੂਸ ਹੋਣ ਲੱਗਦਾ ਜਿਵੇਂ ਉਹ ਸੱਚ ਮੁੱਚ ਹੀ ਬਲਾਤਕਾਰੀ ਹੋਵੇ। ਉਸਦਾ

ਦਿਮਾਗ਼ੀ ਸੰਤੁਲਨ ਵਿਗੜਨ ਲੱਗ ਗਿਆ ਹੋਵੇ। ਉਸਨੂੰ ਗੰਜਾ ਮਾਸਟਰ ਯਾਦ ਆਉਂਦਾ। ਮੰਤਰੀ ਦਾ ਭਤੀਜਾ ਯਾਦ ਆਉਂਦਾ 'ਤੇ ਗੰਜਾ ਵਕੀਲ ਭੰਗੜਾ ਪਾਉਣ ਵਾਂਗ ਉਸ ਵੱਲ ਬਾਂਹਾਂ ਮਾਰ ਮਾਰ ਉਸਨੂੰ ਝੂਠਾ ਸਾਬਤ ਕਰਦਾ ਅੱਖਾਂ ਅੱਗੇ ਚੱਕਰ ਲਾਉਣ ਲੱਗਦਾ ਫਿਰ ਉਸਨੂੰ ਇਹ ਸਾਰੇ ਇੱਕ ਹੀ ਚਿਹਰੇ ਵਿੱਚ ਵਟਦੇ ਨਜ਼ਰੀਂ ਪੈਂਦੇ। ਉਹ ਸਾਰਿਆਂ ਨੂੰ ਵਾਰੀ ਵਾਰੀ ਉੱਚੀ ਉੱਚੀ ਗਾਲਾਂ ਕੱਢਣ ਲੱਗਦਾ। ਦੰਦੀਆਂ ਪੀਂਹਦਾ। ਮੁੱਕੀਆਂ ਵੱਟਦਾ ਉਹਨਾਂ ਦੀ ਧੀ ਭੈਣ ਇੱਕ ਕਰ ਦਿੰਦਾ।

ਜਦੋਂ ਉਸਦੀ ਪਤਨੀ ਮਰੀ ਸੀ ਓਦੋਂ ਵੀ ਉਹ ਛੁੱਟੀ ਨਹੀਂ ਲੈ ਸਕਿਆ ਸੀ ਜਾਂ ਕਹਿ ਲਓ ਹਿੰਮਤ ਨਹੀਂ ਪਈ ਸੀ। ਉਹ ਫਿਰ....।

ਅੰਤਿਕਾ - ਮੁੜ ਹਨੇਰਾ -

"ਚਲੋ ਬਈ ਸੁਨਾਮ ਆਲੇ।" ਕੰਡਕਟਰ ਨੇ ਅਵਾਜ਼ ਮਾਰੀ ਤਾਂ ਉਸਦੀਆਂ ਯਾਦਾਂ ਦੀ ਤਾਰ ਵੀ ਟੁੱਟ ਗਈ। ਉਹ ਸੁਨਾਮ ਅੱਡੇ ਵਿੱਚ ਉਤਰਿਆ। ਕਿੰਨਾ ਕੁਝ ਬਦਲ ਗਿਆ ਸੀ ਉਸਦੇ ਗਏ ਬਾਅਦ। ਹੁਣ ਤਾਂ ਸ਼ਾਇਦ ਲੋਕ ਵੀ ਉਸਨੂੰ ਨਾ ਪਹਿਚਾਣ ਸਕਣ। ਉਸਨੇ ਅੱਡਾ ਇਨਚਾਰਜ ਤੋਂ ਪਤਾ ਕੀਤਾ, ਉਸਦੇ ਪਿੰਡ ਨੂੰ ਜਾਣ ਵਾਲੀ ਅਖ਼ੀਰੀ ਬੱਸ ਦਸ ਮਿੰਟ ਪਹਿਲਾਂ ਹੀ ਲੰਘੀ ਸੀ। ਸੂਰਜ ਕਦੋਂ ਦਾ ਸ਼ਹਿਰ ਤੋਂ ਹੇਠਾਂ ਲਹਿ ਗਿਆ ਸੀ। ਸ਼ਾਮ ਦਾ ਹਨ੍ਹੇਰਾ ਬਿੱਲੀ ਦੇ ਕਬੂਤਰ ਫੜਨ ਵਾਂਗ ਸਹਿ ਸਹਿ ਅੱਗੇ ਵਧ ਰਿਹਾ ਸੀ। ਉਹ ਕੁਝ ਹੋਰ ਸਾਧਨ ਉਡੀਕਣ ਦੀ ਵਜਾਏ ਪੈਦਲ ਹੀ ਪਿੰਡ ਨੂੰ ਚੱਲ ਪਿਆ। ਅੱਜ ਕਿੰਨੇ ਸਾਲਾਂ ਬਾਅਦ ਉਹ ਇਸ ਸੜਕ ਤੇ ਗੁਜ਼ਰ ਰਿਹਾ ਸੀ ਜਿੱਥੋਂ ਉਸਨੂੰ ਵੀਹ ਸਾਲਾਂ ਲਈ ਜੇਲ੍ਹ ਡੱਕ ਦਿੱਤਾ ਸੀ।

ਜਦੋਂ ਉਹ ਸ਼ਹਿਰ ਦੀ ਬਾਹਰਲੀ ਫਿਰਨੀ ਤੇ ਆਇਆ ਤਾਂ ਉਸਨੇ ਵੇਖਿਆ, ਪਾਣੀ ਵਾਲਾ ਟੋਭਾ ਭਰ ਕੇ ਉਸ ਦੀ ਥਾਂ ਰੋਜ਼ਗਾਰਡਨ ਬਣਾਇਆ ਪਿਆ ਸੀ। ਗਾਰਡਨ ਦੇ ਗੇਟ ਦੇ ਇੱਕ ਪਾਸੇ ਕਿਸੇ ਦਾ ਬੁੱਤ ਲੱਗਿਆ ਹੋਇਆ ਸੀ। ਉਸਨੇ ਆਲਿਆਂ ਵਰਗੀਆਂ ਅੱਖਾਂ ਉੱਪਰ ਕੰਬਦੇ ਹੱਥਾਂ ਦਾ ਛੱਪਰ ਜਿਹਾ ਬਣਾ ਕੇ ਵੇਖਿਆ। ਬੁੱਤ ਵੱਲ ਧਿਆਨ ਨਾਲ ਵੇਖਦਿਆਂ ਬੰਦੇ ਦਾ ਪਰਛਾਵਾਂ ਤਾਂ ਦਿਸ ਗਿਆ ਪਰ ਉਸਦੇ ਨੈਣ ਨਕਸ਼ ਤਾਂ ਉਸਦੀ ਆਪਣੀ ਨਜ਼ਰ ਵਾਂਗ ਹੀ ਕਿਧਰੇ ਗੁਆਚ ਜਿਹੇ ਗਏ। ਬੁੱਤ ਹੇਠ ਲਿਖੇ ਕਾਲੇ ਅੱਖਰ ਪੜ੍ਹਨ ਦੀ ਵੀ ਉਸਨੇ ਅਸਫ਼ਲ ਕੋਸ਼ਿਸ਼ ਕੀਤੀ। ਉਸਨੂੰ ਇਹ ਸਾਰੇ ਹੀ ਕਾਲੇ ਅੱਖਰ ਗੰਜੇ ਮਾਸਟਰ ਦੇ ਸਿਰ 'ਤੇ ਅਚਨਚੇਤੀ ਉੱਗੇ ਵਾਲਾਂ ਵਰਗੇ ਲੱਗੇ। ਫਿਰ ਉਹ ਅੱਖਰ ਪੜ੍ਹਨ ਦਾ ਖ਼ਿਆਲ ਛੱਡ, ਟੂਟੀਆਂ ਤੋਂ ਪਾਣੀ ਪੀ ਕੇ ਦੋ ਘੜੀ ਦਮ ਮਾਰਨ ਲਈ ਟੂਟੀਆਂ ਕੋਲ ਬਣੀ ਚੌਂਕੜੀ ਉੱਤੇ ਹੀ ਬੈਠ ਗਿਆ।

"ਕਾਕੇ ਉਰੇ ਹੋਈਂ ਮਾੜਾ ਜਾ।" ਉਸਨੇ ਗੇਟੋਂ ਗੁਜ਼ਰਦੇ ਇੱਕ ਮੁੰਡੇ ਨੂੰ ਅਵਾਜ਼ ਮਾਰ ਲਈ।

"ਆਹ ਕਦੋਂ ਬਣਿਐ ਭਲਾਂ? ਪਹਿਲਾਂ ਤਾਂ ਹੈ ਨਹੀਂ ਸੀ ਉਰੇ।" ਉਸ ਨੇ ਨੇੜੇ ਆਏ ਮੁੰਡੇ ਨੂੰ ਪਾਰਕ ਵੱਲ ਹੱਥ ਕਰਦਿਆਂ ਉਂਝ ਹੀ ਪੁੱਛ ਲਿਆ।

"ਚਾਰ-ਪੰਜ ਸਾਲ ਈ ਹੋਏ ਨੇ ਜੀ ਕੰਪਲੀਟ ਹੋਏ ਨੂੰ।"

"ਅੱਛਿਆ! ਅੱਛਿਆ!!" ਜੇਠੂ ਨੇ ਸਮਝ ਵਿੱਚ ਉਪਰ ਹੇਠ ਸਿਰ ਹਿਲਾਇਆ ਤੇ ਫਿਰ ਅੱਗੇ ਪੁੱਛਿਆ, "ਤੇ ਆਹ ਬੁੱਤ ਭਲਾਂ ਕੀਹਦਾ ਲਾਇਐ? ਮੇਰੇ ਤਾਂ ਕੁਛ ਸਮਝ ਜੀ 'ਚ ਨੀ ਆਇਆ।"

"ਇਹ ਤਾਂ ਸ਼ਹੀਦ ਚਮਕੌਰ ਸਿੰਘ ਦੈ ਜੀ। ਕਿਸੇ ਗੁੰਡੇ ਤੋਂ ਕੁੜੀ ਦੀ ਜਾਨ ਬਚਾਉਂਦਾ ਬਚਾਉਂਦਾ ਸ਼ਹੀਦ ਹੋ ਗਿਆ ਸੀ।" ਮੁੰਡਾ ਦੱਸ ਰਿਹਾ ਸੀ ਪਰ ਜੇਠੂ ਦੇ ਤਾਂ ਸਿਰਫ਼ ਚਮਕੌਰ ਤੱਕ ਹੀ ਬੋਲ ਸਮਝ ਲੱਗੇ ਸਨ ਫੇਰ ਤਾਂ ਉਸਦੇ ਕੰਨਾਂ ਵਿੱਚ 'ਸੈਂਅ.... ਸੈਂਅ' ਹੋਣ ਲੱਗ ਪਈ ਸੀ। ਆਲੇ-ਦੁਆਲੇ ਜਿਵੇਂ ਬੰਬ ਫਟ ਗਏ ਹੋਣ। ਉਹ ਗੁੱਸੇ ਵਿੱਚ ਹੌਂਕਣ ਲੱਗ ਪਿਆ। ਸਾਹ ਧੌਂਕਣੀ ਵਾਂਗ ਚੱਲਣ ਲੱਗ ਪਿਆ। ਗੁੱਸਾ ਉਸਦੇ ਕੰਨਾਂ ਦੀਆਂ ਲੋਲਾਂ ਤੱਕ ਉਤਰ ਆਇਆ। ਉਸਨੇ ਆਲੇ-ਦੁਆਲੇ ਨੂੰ ਕ੍ਰੋਧੀ ਨਜ਼ਰਾਂ ਨਾਲ ਵੇਖਦਿਆਂ,

ਉੱਚੀ ਉੱਚੀ ਗਾਲਾਂ ਕੱਢਦਿਆਂ, ਇੱਟਾਂ, ਵੱਟਿਆਂ ਦਾ ਬੁੱਤ 'ਤੇ ਮੀਂਹ ਵਰਾ ਦਿੱਤਾ।

"ਓਏ ਤੇਰੀ ਓਏ ਮਾਂ ਦੀ....!"

"ਤੇਰੀ ਓਏ ਭੈਣ ਦੀ....ਲੁੱਚਿਆ!"

"ਤੇਰੀ ਮੈਂ ਭੈਣ ਨੂੰ....!"

"ਲੋਕੋ ਕੰਜਰੋ....! ਅੰਨਿਓ....!"

"ਸਰਕਾਰ ਦੀ ਮਾਂ ਦੀ....! ਅੱਖਾਂ ਫੁੱਟੀਆਂ ਆਲਿਓ....!"

"ਮੈਂ ਥੋਡੇ ਸੀਰਮੇਂ ਪੀ ਜੂੰ! ਮੇਰੇ ਸਾਹਮਣੇ ਆ, ਮੈਂ ਕੁੜੀ ਸੋਡੀ ਨੂੰ....! ਸਾਰੇ ਅੰਨ੍ਹੇ ਹੋ ਗਏ ਅੰਨੇ ਭੈਣ....!"

ਲੋਕ ਹੈਰਾਨ ਹੋਏ ਖੜ੍ਹੇ ਵੇਖ ਰਹੇ ਸਨ। ਕਿਸੇ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਪੁਲਿਸ ਦਾ ਕੈਂਟਰ ਭਰ ਕੇ ਆ ਗਿਆ। ਜੇਠੂ ਅਜੇ ਵੀ ਬੁੱਤ 'ਤੇ ਵੱਟੇ ਮਾਰਦਾ, ਮੁੜ੍ਹਕੋ-ਮੁੜ੍ਹਕੀ ਹੋਇਆ ਗਾਲਾਂ ਕੱਢ ਰਿਹਾ ਸੀ। ਪੁਲਸੀਆਂ ਦੇ ਧੌਲ-ਧੱਫੇ ਅਤੇ ਡਾਂਗਾਂ ਉਸ ਉੱਤੇ ਗੜਿਆਂ ਵਾਂਗ ਵਰਨ ਲੱਗੀਆਂ। ਉਸਦੇ ਪੈਰੋਂ ਟੁੱਟੇ ਛਿੱਤਰ ਨਿੱਕਲ ਗਏ। ਝੋਲੇ ਵਿੱਚ ਪਾਏ ਪੁਰਾਣੇ ਕੱਪੜੇ ਲੀਰਾਂ ਵਾਂਗ ਖਿੰਡ ਗਏ। ਸਿਰ 'ਤੇ ਬੰਨ੍ਹਿਆ ਮੈਲਾ ਪਰਨਾ ਹਜੂਮ ਦੇ ਪੈਰਾਂ ਵਿੱਚ ਮਧੋਲਿਆ ਗਿਆ। ਉਸਨੂੰ ਸੈਲਰ ਦੀ ਬੋਰੀ ਵਾਂਗ ਘੜੀਸਦਿਆਂ ਕੈਂਟਰ ਵਿੱਚ ਸੁੱਟ ਲਿਆ। ਪੁਲਿਸ ਦਾ ਕੈਂਟਰ ਜੇਠੂ ਨੂੰ ਲੈ ਕੇ ਸ਼ਹਿਰ ਦੀਆਂ ਗਲੀਆਂ ਵਿੱਚ ਗੁਆਚ ਗਿਆ। ਹਨ੍ਹੇਰਾ ਹੋਰ ਗਾੜ੍ਹਾ ਹੋ ਗਿਆ। •

ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ

ਰਜਨੀਸ਼ ਬਹਾਦਰ ਸਿੰਘ

ਰਜਨੀਸ਼ ਬਹਾਦਰ ਸਿੰਘ ਦੀ ਇਹ ਪੁਸਤਕ 'ਪੰਜਾਬੀ ਸਾਹਿਤ ਚਿੰਤਨ ਆਧਾਰ ਤੇ ਉਸਾਰ' ਜਿਸ ਵਿਚ ਉਹ ਆਪਣੇ 'ਘਰ' ਦੇ ਮਸਲਿਆਂ ਨੂੰ ਸਮਝਣ ਲਈ ਗਲੋਬਲਾਈਜੇਸ਼ਨ ਦੇ ਵਰਤਾਰੇ ਦੇ ਠੀਕ ਜਾਂ ਗ਼ਲਤ ਅਸਰ ਨੂੰ ਜਾਣਨ-ਬੁੱਝਣ ਦੀ ਕੋਸ਼ਿਸ਼ ਕਰਦਾ ਹੈ। ਬੀਤ ਗਏ ਸਮਿਆਂ ਦੇ ਇਤਿਹਾਸ ਨੂੰ ਵੀ ਸਮਝਦਾ ਹੈ। ਉਸ ਦੀ ਇਹ ਕੋਸ਼ਿਸ਼ ਕਿੰਨੀ ਠੀਕ ਹੈ ਜਾਂ ਕਿੰਨੀ ਗ਼ਲਤ, ਇਹ ਗੱਲ ਇਸ ਪੁਸਤਕ ਨੂੰ ਪੜ੍ਹਨ ਵਾਲਿਆਂ ਦੀ ਸੋਚ-ਵਿਚਾਰ ਉੱਤੇ ਨਿਰਭਰ ਕਰਦੀ ਹੈ। ਮੇਰੇ ਲਈ ਸਿਰਫ਼ ਇਸ ਗੱਲ ਦੀ ਬਹੁਤ ਅਹਿਮੀਅਤ ਹੈ ਕਿ ਕੋਈ ਸ਼ਖ਼ਸ ਸੋਚ ਤਾਂ ਰਿਹਾ ਹੈ, ਬਾਕੀ ਜੇ ਕੋਈ ਇਖ਼ਤਲਾਫ਼ ਹਨ, ਉਹ ਹਮੇਸ਼ਾ ਰਹੇ ਹਨ ਤੇ ਹਮੇਸ਼ਾ ਰਹਿਣਗੇ। ਲੋੜ ਸਿਰਫ਼ ਆਪਣੀ ਸੂਝ-ਬੂਝ ਮੁਤਾਬਕ ਖ਼ਾਮੀਆਂ ਨੂੰ ਘਟਾਉਣ ਦੀ ਹੈ। ਮੈਨੂੰ ਲਗਦਾ ਹੈ ਕਿ ਇਸ ਪੁਸਤਕ ਨਾਲ ਜੇ ਅਸਾਂ ਆਪਣੀਆਂ ਮਾਨਸਿਕ ਗੰਢਾਂ ਜ਼ਿਆਦਾ ਪੀਚਵੀਆਂ ਨਹੀਂ ਬੰਨ੍ਹੀਆਂ ਹੋਈਆਂ ਹਨ ਤਾਂ ਘੱਟਣਗੀਆਂ ਜਾਂ ਢਿੱਲੀਆਂ ਹੋਣਗੀਆਂ। ਇਸਦੀ ਸੋਝੀ ਨੂੰ ਹੀ ਮੈਂ ਵਿਚਾਰ-ਧਾਰਾਈ ਚਿੰਤਨ ਤੇ ਵਿਚਾਰ-ਪੱਧਤੀ ਦੇ ਨਿਖੇੜੇ ਦੁਆਰਾ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਸੋਝੀ ਦੀ ਸਚੇਤਨਾ ਕਾਰਣ ਮੈਂ, 'ਰਜਨੀਸ਼' ਦੀ ਪੁਸਤਕ ਨੂੰ 'ਜੀ ਆਇਆਂ' ਕਹਿੰਦਾ ਹਾਂ। - **ਜੋਗਿੰਦਰ ਸਿੰਘ ਰਾਹੀ**

ਪ੍ਰਕਾਸ਼ਕ:
ਚੇਤਨਾ ਪ੍ਰਕਾਸ਼ਨ,
ਲੁਧਿਆਣਾ
ਮੁੱਲ 275, ਪੰਨੇ 223

ਕਹਾਣੀ / ਹੇਅਰ ਡਰੈਸਰ / ਸੰਦੀਪ ਚੀਮਾ

'ਜੱਗੀ ਹੇਅਰ-ਡਰੈਸਰ' ਪਿੰਡ ਸ਼ਮਸ਼ਪੁਰ ਤੋਂ ਅਮਲੋਹ ਨੂੰ ਜਾਣ ਵਾਲੀ ਸੜਕ 'ਤੇ ਵਾਲ਼-ਕਟਿੰਗ ਦੀ ਦੁਕਾਨ ਹੈ ਜੋ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਬੰਦ ਪਈ ਹੈ। ਇਹਦਾ ਮਾਲਕ ਜੱਗੀ ਉਰਫ਼ ਜਗਦੀਪ ਸਿੰਘ ਹੁਣ ਨਾਲ਼ ਦੀ ਕਰਿਆਨੇ ਦੀ ਦੁਕਾਨ 'ਤੇ ਬੈਠਦਾ ਏ, ਦੁਕਾਨ ਬਦਲਣ ਦੇ ਨਾਲ਼-ਨਾਲ਼ ਇਹਨੇ ਖੁਦ ਨੂੰ ਵੀ ਇੰਨਾ ਬਦਲ ਲਿਆ ਏ ਕਿ ਪਛਾਨਣਾ ਵੀ ਔਖਾ ਹੋ ਜਾਂਦਾ ਏ। ਲੋਕਾਂ ਦੇ ਵਾਲ਼ ਕੱਟਣ ਵਾਲ਼ਾ ਜੱਗੀ ਹੁਣ ਪੂਰਾ ਗੁਰਸਿੱਖ ਮੁੰਡਾ ਬਣ ਚੁੱਕਾ ਏ, ਭਾਵੇਂ ਇਹਦੀ ਨਵੀਂ ਕਰਿਆਨੇ ਦੀ ਦੁਕਾਨ ਪਿੰਡ ਵਿੱਚ ਦੋ ਵੱਡੇ ਕਰਿਆਨਾ ਸਟੋਰ ਹੋਣ ਕਰਕੇ ਇੰਨੀ ਨਹੀਂ ਚੱਲੀ ਪਰ ਫਿਰ ਵੀ ਇਹ ਆਪਣੇ ਫੈਸਲੇ ਤੋਂ ਸੰਤੁਸ਼ਟ ਲੱਗਦਾ ਏ ਤੇ ਪਿੰਡ ਦੇ ਕਈ ਸਿਆਣੇ ਲੋਕ ਸੱਥ 'ਚ ਬੈਠੇ ਇਹਦੇ ਇਸ ਫੈਸਲੇ ਦੀ ਪ੍ਰਸ਼ੰਸ਼ਾ ਵੀ ਕਰਦੇ ਨੇ।

ਅੱਜ ਸਵੇਰ ਤੋਂ ਹੀ ਜੱਗੀ ਬਹੁਤ ਖੁਸ਼ ਏ ਕਿਉਂਕਿ ਅੱਜ ਸ਼ਾਮ ਨੂੰ ਪਿੰਡ ਦੇ ਗੁਰਦੁਆਰੇ ਵਿੱਚ ਸਾਰੀ ਸੰਗਤ ਦੇ ਸਾਹਮਣੇ ਉਹਦਾ ਸਨਮਾਨ ਹੋਣਾ ਏ, ਉਹ ਵੀ ਸ਼੍ਰੋਮਣੀ ਕਮੇਟੀ ਮੈਂਬਰ ਗੁਰਦੇਵ ਸਿੰਘ ਖ਼ਾਲਸਾ ਤੋਂ ਕਿਉਂਕਿ ਉਹ ਨਾਈ ਦਾ ਕੰਮ ਛੱਡ ਕੇ ਗੁਰਸਿੱਖ ਬਣ ਗਿਆ ਏ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੇੜੇ ਆ ਰਹੀਆਂ ਨੇ ਤੇ ਥਾਂ-ਥਾਂ ਗੁਰਦੇਵ ਸਿੰਘ ਖ਼ਾਲਸਾ ਜੀ ਦੇ ਚੋਣ ਪ੍ਰਚਾਰ ਲਈ ਪੋਸਟਰ ਲੱਗੇ ਹੋਏ ਨੇ, ਇੱਕ ਪੋਸਟਰ ਜੱਗੀ ਦੀ ਦੁਕਾਨ ਅੱਗੇ ਵੀ ਲੱਗਾ ਹੋਇਆ ਏ ਤੇ ਜੱਗੀ ਸਵੇਰ ਦਾ ਕਈ ਵਾਰ ਉਠ ਕੇ ਖ਼ਾਲਸਾ ਜੀ ਦੀ ਫੋਟੋ ਦੇਖ ਚੁੱਕਿਆ ਏ।

ਸਾਹਮਣੇ ਸੜਕ 'ਤੇ ਸਕੂਲ ਪੜ੍ਹਨ ਵਾਲ਼ੇ ਮੁੰਡੇ-ਕੁੜੀਆਂ ਸਾਇਕਲਾਂ 'ਤੇ ਲੰਘ ਰਹੇ ਨੇ। ਜੱਗੀ ਆਪਣੇ ਸਕੂਲ ਦੇ ਦਿਨ ਯਾਦ ਕਰਨ ਲੱਗਾ ਜਦੋਂ ਉਹ ਵੀ ਇਸੇ ਤਰਾਂ ਵਰਦੀ ਪਾ ਕੇ ਤੇ ਉਨਾਭੀ ਪਟਕਾ ਬੰਨ ਕੇ ਪੜ੍ਹਨ ਜਾਂਦਾ ਹੁੰਦਾ ਸੀ। ਸਾਰੇ ਮਾਸਟਰ ਤੇ ਮੈਡਮਾਂ ਉਹਨੂੰ ਕਿੰਨਾ ਪਿਆਰ ਕਰਦੇ ਹੁੰਦੇ ਸੀ ਕਿਉਂਕਿ ਉਹ ਜਮਾਤ ਦੇ ਹੁਸ਼ਿਆਰ ਬੱਚਿਆਂ ਵਿੱਚੋਂ ਸੀ। ਉਹਨੂੰ ਸਭ ਤੋਂ ਵੱਧ ਪਿਆਰ ਪ੍ਰੀਤੀ ਮੈਡਮ ਕਰਦੇ ਸਨ, ਪਹਿਲੀ ਵਾਰ ਜਦੋਂ ਪ੍ਰੀਤੀ ਮੈਡਮ ਉਹਨੂੰ ਮਿਲੇ ਸੀ ਤਾਂ ਉਹ ਸ਼ਾਇਦ ਸੱਤਵੀਂ ਜਮਾਤ ਵਿੱਚ ਸੀ, ਮੈਡਮ ਨੇ ਉਹਦੇ ਸਾਫ਼ ਕੱਪੜੇ ਤੇ ਉਨਾਭੀ ਪਟਕਾ ਬੰਨਿਆ ਦੇਖ਼ ਕੇ ਡੀ.ਪੀ. ਮੈਡਮ ਨੂੰ ਕਿਹਾ ਸੀ,

"ਨੀ, ਕਿੰਨਾ ਭੋਲੂ ਜਿਹਾ ਮੁੰਡਾ ਏ, ਕੀ ਨਾਂ ਏ ਪੁੱਤ ਤੇਰਾ?"

"ਜੀ. . . . . ਜਗਦੀਪ. . ."

"ਜਗਦੀਪ ਸਿੰਘ ਕਹੀਦੈ ਪੁੱਤ, ਤੇਰੇ ਪਟਕਾ ਬਹੁਤ ਸੋਹਣਾ ਲੱਗਦੈ, ਤੂੰ ਵਾਲ਼ ਨਾ ਕਟਾਈਂ ਕਦੇ ਪੁੱਤ. ."

ਉਦੋਂ ਜੱਗੀ ਨੂੰ ਵੀ ਆਪਣਾ ਪਟਕਾ ਸੋਹਣਾ ਲੱਗਦਾ ਹੁੰਦਾ ਸੀ ਫੇਰ ਦਸਵੀਂ ਜਮਾਤ ਤੱਕ ਹੁੰਦੇ-ਹੁੰਦੇ ਉਹਨੂੰ ਪਟਕਾ ਅਜੀਬ ਜਿਹਾ ਲੱਗਣ ਲੱਗਾ ਤੇ ਪੱਗ ਉਹਨੂੰ ਬੰਨਣੀ ਨਹੀਂ ਸੀ ਆਉਂਦੀ। ਫੇਰ ਛੇਤੀ ਹੀ ਗਾਇਕ ਗਿੱਪੀ ਗਰੇਵਾਲ ਉਹਦਾ ਪਸੰਦੀਦਾ ਬਣ ਗਿਆ, ਉਹਦਾ ਵੀ ਜੀਅ ਕਰਦਾ ਕਿ ਉਹਦੇ ਵਾਲ਼ ਗਿੱਪੀ ਵਰਗੇ ਹੋਣ ਪਰ ਪ੍ਰੀਤੀ ਮੈਡਮ ਦੇ ਸਾਹਮਣੇ ਆਉਂਦੇ ਹੀ ਉਹਦਾ ਮਨ ਬਦਲ ਜਾਂਦਾ। ਦਸਵੀਂ ਦੇ ਪੇਪਰਾਂ ਤੋਂ ਬਾਅਦ ਜੱਗੀ ਤੋਂ ਰਿਹਾ ਨਾ ਗਿਆ ਤੇ ਇੱਕ ਦਿਨ ਘਰਦਿਆਂ ਤੋਂ ਪੁੱਛੇ ਬਿਨਾਂ ਹੀ ਉਹਨੇ ਵਾਲ਼ ਕੱਟਵਾ ਦਿੱਤੇ।ਉਹਦੀ ਉਮੀਦ ਤੋਂ ਉਲਟ ਘਰ ਦੇ ਜਿਆਦਾ ਗੁੱਸੇ ਨਹੀਂ ਸੀ ਹੋਏ ਕਿਉਂਕਿ ਉਹ ਜਾਤ ਦੇ ਨਾਈ ਸੀ ਤੇ ਰਾਧਾ ਸੁਆਮੀ ਡੇਰੇ ਬਿਆਸ ਦੇ ਸ਼ਰਧਾਲੂ ਸਨ, ਉਹਨਾਂ ਲਈ ਵਾਲ਼ ਕੱਟਣੇ ਜਾਂ ਰੱਖਣੇ ਜਿਆਦਾ ਅਰਥ ਨਹੀਂ ਸੀ ਰੱਖਦੇ, ਉਹ ਜਿਆਦਾਤਰ ਆਤਮਾ, ਸੰਤ-

ਮੱਤ, ਨਾਮ ਸ਼ਬਦ ਜਿਹੀਆਂ ਗੱਲਾਂ ਕਰਦੇ ਰਹਿੰਦੇ ਜੋ ਜੱਗੀ ਨੂੰ ਬਹੁਤੀਆਂ ਸਮਝ ਨਹੀਂ ਸੀ ਲੱਗਦੀਆਂ। ਹਾਂ ਪਰ ਜੱਗੀ ਦੇ ਤਾਏ ਨੇ ਉਹਨੂੰ ਬਹੁਤ ਗਾਲ਼ਾਂ ਕੱਢੀਆਂ ਸਨ ਜੋ ਅੰਮ੍ਰਿਤਧਾਰੀ ਸੀ ਤੇ ਸੰਤ ਮੁੱਢੜੀਆਂ ਵਾਲ਼ਿਆਂ ਦਾ ਸੇਵਕ ਸੀ,

"ਕੰਜਰਾ ਜਮਾਂ ਗੰਗੂ ਬਾਹਮਣ ਏ ਲੱਗਦੈਂ, ਥੋਡੇ ਵਰਗੇ ਕਪੂਤਾਂ ਪਿੱਛੇ ਦਸਮੇਂ ਗੁਰੂ ਨੇ ਪਰਿਵਾਰ ਵਾਰਿਆ ਤੀ? . . . . . ਹੁਣ ਮੂੰਹ ਤਾਂ ਜ਼ਨਾਨੀਆਂ ਵਰਗਾ ਕਰ ਏ ਲਿਆ, ਕੰਨਾਂ 'ਚ ਵਾਲ਼ੀਆਂ ਵੀ ਪਾ ਲਾ. . . .ਫਿੱਟੇ ਮੂੰਹ ਇਹੋ ਜੀ ਗੰਦੀ 'ਲਾਦ ਦੇ।"

ਤਾਇਆ ਜੱਗੀ ਨੂੰ ਕਦੇ ਇੰਨੀ ਨਫ਼ਰਤ ਨਾਲ਼ ਨਹੀਂ ਸੀ ਬੋਲਿਆ, ਜੱਗੀ ਨੂੰ ਬਹੁਤ ਬੁਰਾ ਲੱਗਿਆ ਪਰ ਇਸਤੋਂ ਵੀ ਬੁਰਾ ਉਸਨੂੰ ਉਦੋਂ ਲੱਗਿਆ ਜਦੋਂ ਉਹ ਸਕੂਲੋਂ ਦਸਵੀਂ ਦਾ ਸਰਟੀਫਿਕੇਟ ਲੈਣ ਗਿਆ। ਗਿਆਨੀ ਮਾਸਟਰ ਜੋ ਉਹਨੂੰ ਹਮੇਸ਼ਾਂ ਮਿੱਠਾ ਬੋਲਦਾ ਤੇ 'ਪੁੱਤ-ਪੁੱਤ' ਕਰਦਾ ਹੁੰਦਾ ਸੀ, ਦੇਖਦਿਆਂ ਹੀ ਖਿੱਝ ਕੇ ਪਿਆ,

"ਉਏ ਆ ਕੀ ਕੀਤਾ ਕੰਜਰ ਦਿਆ. . . .ਦਖਾ ਤੀ ਨਾ ਜਾਤ ਫੇਰ ਬਈ ਅਸੀਂ ਨਾਈ ਹੁੰਨੇ ਆਂ. . .ਹੁਣ ਬਾਹਲ਼ਾ ਸੋਹਣਾ ਲੱਗਦੈਂ? ਜਮਾਂ ਹੀਜੜਾ ਲੱਗਦੈਂ।"

ਤੇ ਪ੍ਰੀਤੀ ਮੈਡਮ ਨੇ ਤਾਂ ਉਹਦੀ 'ਸਤਿ ਸ੍ਰੀ ਅਕਾਲ' ਦਾ ਜੁਆਬ ਵੀ ਨਹੀਂ ਸੀ ਦਿੱਤਾ ਤੇ ਉਦੋਂ ਉਹਦਾ ਮਨ ਇੰਨਾ ਦੁਖੀ ਹੋਇਆ ਕਿ ਉਹਨੇ ਸੋਚਿਆ ਜੇ ਹੁਣੇ ਉਹਦੇ ਸਿਰ 'ਤੇ ਜੂੜਾ ਹੋ ਜਾਵੇ ਤੇ ਪਟਕਾ ਬੰਨਿਆ ਜਾਵੇ ਤਾਂ ਕਿੰਨਾ ਚੰਗਾ ਹੋਵੇ ਪਰ ਇਹ ਖਿਆਲ ਸਿਰਫ ਵਕਤੀ ਹੀ ਸੀ, ਉਹਨੇ ਕਿਹੜਾ ਹੁਣ ਕਦੇ ਮਾਸਟਰਾਂ ਨੂੰ ਮਿਲਣਾ ਸੀ।

ਦਸਵੀਂ ਤੋਂ ਬਾਅਦ ਉਹਦਾ ਮਨ ਪੜ੍ਹਾਈ ਵਿੱਚ ਨਾ ਲੱਗਾ, ਵੈਸੇ ਵੀ ਉਹਨੂੰ ਹੁਣ ਮਾਸਟਰ ਤੇ ਮੈਡਮਾਂ ਚੰਗੇ ਨਹੀਂ ਸੀ ਲੱਗਦੇ, ਏਸ ਕਰਕੇ ਉਹ ਅੱਗੋਂ ਪੜ੍ਹਨ ਨਾ ਪਿਆ। ਘਰਦਿਆਂ ਨੇ ਉਹਨੂੰ ਅਮਲੋਹ ਮੋਟਰ-ਸਾਇਕਲ ਰਿਪੇਅਰ ਦਾ ਕੰਮ ਸਿਖਣ ਲਾ ਦਿੱਤਾ ਪਰ ਉਹਦਾ ਧਿਆਨ ਵਾਰ-ਵਾਰ ਸਾਹਮਣੀ ਹੇਅਰ-ਡਰੈਸਰ ਦੀ ਦੁਕਾਨ ਵੱਲ ਚਲਾ ਜਾਂਦਾ। ਦੋ ਉਹਦੇ ਵਰਗੇ ਹੀ ਮੁੰਡੇ ਕਿੰਨੀ ਜਿੰਮੇਵਾਰੀ ਨਾਲ਼ ਦੁਕਾਨ ਚਲਾਉਂਦੇ ਤੇ ਹਮੇਸ਼ਾਂ ਬਣ-ਠਣ ਕੇ ਰਹਿੰਦੇ।ਉਹਦੇ ਮਨ 'ਚ ਹੌਲ਼ੀ-ਹੌਲ਼ੀ ਅਜਿਹੀ ਦੁਕਾਨ ਖੋਲਣ ਦੀ ਰੀਝ ਜਾਗੀ ਜਾਂ ਸ਼ਾਇਦ ਉਹ ਲੋਕਾਂ ਦੇ ਵਾਲ਼ ਕੱਟਕੇ ਆਪਣਾ ਗੁੱਸਾ ਉਤਾਰਨਾ ਚਾਹੁੰਦਾ ਸੀ। ਇੱਕ ਦਿਨ ਉਹਨੇ ਰਾਤ ਨੂੰ ਬਾਪ ਨਾਲ਼ ਸਲਾਹ ਕੀਤੀ,

"ਭਾਪੇ ਮੈਂ ਮੋਟਰ-ਸਾਇਕਲਾਂ ਦਾ ਕੰਮ ਨੀ ਸਿੱਖਣਾ, ਸਾਲ਼ੇ ਸਾਰਾ ਦਿਨ ਹੱਥ ਲਿਬੜੇ ਰਹਿੰਦੇ ਨੇ, ਨਾਲ਼ੇ ਲਾਲੀ ਚੱਜ ਨਾਲ਼ ਸਿਖਾਉਂਦਾ ਵੀ ਨੀ।"

"ਉਏ ਇਹ ਤਾਂ ਵਧੀਆ ਕੰਮ ਆ, ਪਿੰਡ 'ਚ ਇੱਕ ਦੁਕਾਨ ਆ, ਉਹ ਵੀ ਜਿਆਦਾ ਸਕੂਟਰ ਏ ਸਮਾਰਦਾ ਏ, ਤੈਨੂੰ ਦੁਕਾਨ ਕਿਰਾਏ 'ਤੇ ਲੈ ਦਵਾਂਗੇ, ਵਧੀਆ ਕਮਾਈ ਹੋਊ।"

"ਜੇ ਮੈਨੂੰ ਦੁਕਾਨ ਏ ਕਰਾਉਣੀ ਆ ਤਾਂ ਮੈਂ ਤਾਂ ਹੇਅਰ- ਡਰੈਸਰ ਦੀ ਦੁਕਾਨ ਕਰੂੰ, ਵੈਸੇ ਵੀ ਆਪਾਂ ਹੈ ਤਾਂ ਨਾਈ ਏ ਆਂ।"

"ਉਹ ਤਾਂ ਠੀਕ ਆ ਪਰ ਆਪਾਂ ਤਾਂ ਤਿੰਨ ਪੀੜੀਆਂ ਤੋਂ ਇਹ ਕੰਮ ਛੱਡਿਆ ਹੋਇਐ, ਨਾਲ਼ੇ ਮੈਂ ਏਸ ਕੰਮ ਨੂੰ ਚੰਗਾ ਨੀ ਸਮਝਦਾ।"

"ਆਪਾਂ ਨੂੰ ਯਾਰ ਕਿਸੇ ਨੇ ਕੀ ਕਹਿਣੈ ਆਪਾਂ ਕਿਹੜਾ ਤਾਏ ਵਾਂਗੂੰ ਸਿੱਖ ਆਂ, ਆਪਾਂ ਤਾਂ ਰਾਧਾ-ਸੁਆਮੀ ਆਂ।"

"ਰਾਧਾ-ਸੁਆਮੀ ਕਿਹੜਾ ਲੋਕਾਂ ਦੇ ਵਾਲ਼ ਮੁੰਨਣ ਨੂੰ ਕਹਿੰਦੇ ਨੇ, ਬਾਕੀ ਤੇਰੀ ਮਰਜੀ ਆ, ਇਹਦੇ ਨਾਲ਼ੋਂ ਤਾਂ ਫੇਰ ਮੇਰਾ ਥ੍ਰੀ-ਵੀਲ਼ਰ ਆਲ਼ਾ ਕੰਮ ਏ ਠੀਕ ਆ।"

ਦੂਜਾ ਥ੍ਰੀ-ਵੀਲਰ ਲੈਣਾ ਔਖਾ ਸੀ ਤੇ ਘਰਦਿਆਂ ਦੀ ਅਰਧ-ਰਜਾਮੰਦੀ ਨਾਲ਼ ਜੱਗੀ ਅਮਲੋਹ ਦੇ

ਮਸ਼ਹੂਰ 'ਵਿੱਕੀ ਸੈਲੂਨ' ਵਿੱਚ ਬੜੇ ਸ਼ੌਂਕ ਨਾਲ਼ ਨਾਈ ਦਾ ਕੰਮ ਸਿੱਖਣ ਲੱਗਿਆ।ਹੁਸ਼ਿਆਰ ਹੋਣ ਕਰਕੇ ਸੱਤ-ਅੱਠ ਮਹੀਨਿਆਂ ਵਿੱਚ ਹੀ ਉਹ ਆਪਣੇ ਉਸਤਾਦ ਵਿੱਕੀ ਵਰਗੀ ਸਫਾਈ ਨਾਲ਼ ਕਟਿੰਗ ਕਰਨ ਲੱਗਿਆ। ਕਟਿੰਗ ਤੋਂ ਬਿਨਾਂ ਸ਼ੇਵ ਕਰਨਾ, ਮਸ਼ੀਨ ਲਾਉਣੀ, ਧਾਗਾ ਲਾਉਣਾ, ਦਾੜੀ ਕਰਲੀ ਕਰਨੀ, ਸਾਰੇ ਕੰਮ ਹੀ ਉਹ ਬੜੀ ਸਫਾਈ ਨਾਲ਼ ਕਰਨ ਲੱਗਿਆ।

"ਬੀਰੇ, ਇੱਕ ਕਾਪੀ ਦਈਂ ਦੋ ਲਾਇਨਾਂ ਆਲ਼ੀ. . . . .। "

ਜੱਗੀ ਆਪਣੀਆਂ ਬਚਪਨ ਦੀਆਂ ਯਾਦਾਂ 'ਚੋਂ ਜਦੋਂ ਬਾਹਰ ਆਇਆ ਤਾਂ ਇੱਕ ਛੋਟਾ ਜਿਹਾ ਮੁੰਡਾ ਹੱਥ 'ਚ ਦਸ ਰੁਪਏ ਦਾ ਨੋਟ ਫੜੀਂ ਉਹਨੂੰ ਬੁਲਾ ਰਿਹਾ ਸੀ।

"ਪੁੱਤ ਕਾਪੀ ਤਾਂ ਤੈਨੂੰ ਓਹ ਮੋੜ ਆਲ਼ੀ ਦੁਕਾਨ ਤੋਂ ਮਿਲੂ, ਇਹ ਤਾਂ ਕਰਿਆਨੇ ਦੀ ਦੁਕਾਨ ਆ।"

ਮੁੰਡਾ ਜਾਣ ਲੱਗਿਆ ਤਾਂ ਜੱਗੀ ਨੇ ਕੱਚ ਦੇ ਜ਼ਾਰ 'ਚੋਂ ਕੱਢ ਕੇ ਦੋ ਟੌਫੀਆਂ ਉਹਨੂੰ ਦੇ ਦਿੱਤੀਆਂ, ਸ਼ਾਇਦ ਖੁਸ਼ੀ ਵਿੱਚ ਬੰਦਾ ਦਾਨੀ ਬਣ ਜਾਂਦੈ।

ਜੱਗੀ ਨੂੰ ਯਾਦ ਆਇਆ ਕਿ ਦੋ ਕੁ ਸਾਲ 'ਵਿੱਕੀ ਸੈਲੂਨ' ਵਿੱਚ ਲਾਉਣ ਤੋਂ ਬਾਅਦ ਉਹਨੇ ਪਿੰਡ ਵਿੱਚ ਕਿਰਾਏ ਤੇ ਦੁਕਾਨ ਲੈ ਕੇ ਕੰਮ ਸ਼ੁਰੂ ਕੀਤਾ ਸੀ ਤਾਂ ਉਹਦਾ ਤਾਇਆ ਫੇਰ ਬੜਾ ਔਖਾ ਹੋਇਆ ਸੀ ਪਰ ਜੱਗੀ ਨੂੰ ਨਵੀਂ ਦੁਕਾਨ ਦਾ ਇੰਨਾ ਚਾਅ ਸੀ ਕਿ ਉਹਨੇ ਤਾਏ ਦੀ ਨਰਾਜ਼ਗੀ ਦੀ ਕੋਈ ਪਰਵਾਹ ਨਾ ਕੀਤੀ।ਉਹਨੇ ਬੜੇ ਚਾਅ ਨਾਲ਼ ਦੁਕਾਨ ਦਾ ਫਰਨੀਚਰ, ਬਿਜਲੀ ਦੀ ਫਿਟਿੰਗ, ਟੂਟੀ ਤੇ ਸ਼ਿੰਕ, ਐਲੂਮੀਨੀਅਮ ਵਿੱਚ ਸ਼ੀਸ਼ੇ ਦਾ ਬੂਹਾ ਬਣਵਾਏ ਅਤੇ ਦੁਕਾਨ ਦੇ ਉਤੇ ਆਪਣੇ ਗਿੱਪੀ ਦੇ ਨਾਲ਼ ਲਿਖਵਾਇਆ 'ਜੱਗੀ ਹੇਅਰ-ਡਰੈਸਰ'।

ਦੋ ਕੁ ਸਾਲ ਤਾਂ ਜੱਗੀ ਨੂੰ ਆਪਣੀ ਦੁਕਾਨ ਦਾ ਬੜਾ ਚਾਅ ਰਿਹਾ, ਬੜੀ ਰੀਝ ਨਾਲ਼ ਕੰਮ ਕਰਦਾ, ਵਿਹਲੇ ਸਮੇਂ ਉਹਦਾ ਕੋਈ ਨਾ ਕੋਈ ਆੜੀ ਦੁਕਾਨ 'ਤੇ ਬੈਠਾ ਰਹਿੰਦਾ ਤੇ ਗੱਪਾਂ ਮਾਰਦਾ ਰਹਿੰਦਾ ਪਰ ਹੌਲੀ-ਹੌਲ਼ੀ ਉਹਦਾ ਮਨ ਆਪਣੇ ਕੰਮ ਤੋਂ ਉਤਰਨ ਲੱਗਿਆ, ਅਜਿਹਾ ਕਿਉਂ ਹੋ ਰਿਹਾ ਸੀ, ਉਹਨੂੰ ਆਪ ਵੀ ਨਹੀਂ ਸੀ ਪਤਾ।

ਜਦੋਂ ਤੋਂ ਉਹਨੇ ਨਵੀਂ ਦੁਕਾਨ ਕੀਤੀ ਸੀ, ਉਹਦਾ ਤਾਇਆ ਇੱਕ ਵਾਰ ਵੀ ਉਹਦੀ ਦੁਕਾਨ 'ਤੇ ਨਹੀਂ ਸੀ ਆਇਆ, ਭਾਵੇਂ ਉਹ ਕਾਫੀ ਚਿਰਾਂ ਤੋਂ ਅੱਡੋ-ਅੱਡ ਸਨ ਪਰ ਜੱਗੀ ਆਪਣੇ ਤਾਏ ਨੂੰ ਬਹੁਤ ਪਿਆਰ ਕਰਦਾ ਸੀ ਤੇ ਹੁਣ ਜੇ ਤਾਇਆ ਸੜਕ ਤੋਂ ਲੰਘ ਰਿਹਾ ਹੁੰਦਾ ਤਾਂ ਉਹ ਮੂੰਹ ਦੂਜੇ ਪਾਸੇ ਕਰ ਲੈਂਦਾ, ਭਾਵੇਂ ਹੁਣ ਤਾਇਆ ਉਸਨੂੰ ਕੁੱਝ ਕਹਿੰਦਾ ਨਹੀਂ ਸੀ ਪਰ ਉਹ ਤਾਏ ਦਾ ਸਾਹਮਣਾ ਨਹੀਂ ਸੀ ਕਰ ਸਕਦਾ।ਬਚਪਨ ਵਿੱਚ ਤਾਇਆ ਉਹਨੂੰ ਸੌਣ ਤੋਂ ਪਹਿਲਾਂ ਕਹਾਣੀਆਂ ਸੁਣਾਉਂਦਾ ਹੁੰਦਾ ਸੀ ਤੇ ਜਿਆਦਾਤਰ ਇਹ ਕਹਾਣੀਆਂ ਦਸਵੇਂ ਗੁਰੂ ਤੇ ਸਾਹਿਬਜ਼ਾਦਿਆਂ ਦੀਆਂ ਹੁੰਦੀਆਂ।

ਤਾਏ ਤੋਂ ਬਿਨਾਂ ਜੱਗੀ ਦੀ ਨਵ-ਵਿਆਹੀ ਵਹੁਟੀ ਵੀ ਸੰਤ ਮੁੱਢੜੀਆਂ ਵਾਲ਼ਿਆਂ ਦੀ ਸੇਵਕ ਸੀ।ਉਹਨੇ ਘਰ ਵਿੱਚ ਗੁਰੂਆਂ ਤੇ ਸੰਤਾਂ ਦੀਆਂ ਕਈ ਤਸਵੀਰਾਂ ਲਗਾ ਦਿੱਤੀਆਂ, ਸਵੇਰੇ-ਸ਼ਾਮ ਜੋਤ ਲਗਾ ਕੇ ਉਹ ਮੱਥਾ ਟੇਕਦੀ ਤਾਂ ਜੱਗੀ ਵੀ ਮੱਥਾ ਟੇਕਣ ਲੱਗਾ। ਫਿਰ ਕੁੱਝ ਦਿਨ ਬਾਅਦ ਜੱਗੀ ਗੁਰੂਆਂ ਦੀਆਂ ਤਸਵੀਰਾਂ ਵਾਲ਼ਾ ਇੱਕ ਕੈਲੰਡਰ ਦੁਕਾਨ 'ਤੇ ਲਗਾਉਣ ਲਈ ਲੈ ਗਿਆ ਜਿਸ ਦੇ ਹੇਠਾਂ ਕਿਸੇ ਟਾਇਰ ਕੰਪਨੀ ਦੀ ਐਡ ਸੀ।ਉਸ ਕੈਲੰਡਰ ਉਤੇ 'ਅਰਦਾਸ' ਛਪੀ ਹੋਈ ਸੀ, ਵਿਹਲੇ ਸਮੇਂ ਉਹ ਆਪਣੀ ਗੱਦੇਦਾਰ ਕੁਰਸੀ 'ਤੇ ਬੈਠਾ ਹੁੰਦਾ ਤਾਂ ਉਹਦਾ ਧਿਆਨ ਇਸ ਅਰਦਾਸ ਵੱਲ ਚਲਾ ਜਾਂਦਾ। ਅਰਦਾਸ ਪੜ੍ਹਦਾ-ਪੜ੍ਹਦਾ ਉਹ ਹਮੇਸ਼ਾਂ ਇਸ ਸਤਰ 'ਤੇ ਅਟਕ ਜਾਂਦਾ 'ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਈ' ਤੇ ਅੱਗੋਂ ਉਹ ਕੁੱਝ ਸੋਚਾਂ ਵਿੱਚ ਪੈ ਜਾਂਦਾ।ਫਿਰ ਪਤਾ ਨਹੀਂ ਕੀ ਹੋਇਆ ਥੋੜ੍ਹੇ ਹੀ ਦਿਨਾਂ ਬਾਅਦ ਇੱਕ ਦਿਨ ਸ਼ਾਮ ਨੂੰ ਉਹਨੇ ਆਪਣੇ ਤਾਏ ਨਾਲ਼ ਸਲਾਹ ਕੀਤੀ,

"ਤਾਇਆ ਤੈਨੂੰ ਮੇਰੀ ਨਾਈ ਦੀ ਦੁਕਾਨ ਵਧੀਆ ਨੀ ਲੱਗਦੀ?"

" ਮੈਨੂੰ ਕੀ ਭਾਈ, ਤੇਰਾ ਕਿੱਤੈ, ਮੇਰੀ ਕਿਹੜਾ ਸਲਾਹ ਨਾਲ਼ ਕੀਤੀ ਤੀ।"

" ਤਾਇਆ, ਮੈਂ ਦੁਕਾਨ ਛੱਡ ਦੇਣੀ ਆ. . . ਹੁਣ ਮੈਨੂੰ ਵੀ ਇਹ ਕੰਮ ਚੰਗਾ ਨੀ ਲੱਗਦਾ, ਕਈ ਸ਼ਰਾਬੀ ਸ਼ਾਮ ਨੂੰ ਦੁਕਾਨ 'ਤੇ ਬੈਠੇ ਪੀਂਦੇ ਰਹਿੰਦੇ ਨੇ,ਤੈਨੂੰ ਪਤੈ ਮੈਂ ਤਾਂ ਹੱਥ ਵੀ ਨੀ ਲਾਉਂਦਾ ਦਾਰੂ ਨੂੰ।"

"ਉਹ ਤਾਂ ਮੈਨੂੰ ਪਤੈ ਪੁੱਤ।"ਤਾਏ ਨੂੰ ਥੋੜੀ ਹੈਰਾਨੀ ਵੀ ਸੀ ਤੇ ਖੁਸ਼ੀ ਵੀ।

" ਤਾਇਆ. . . . . .। "

"ਹੂੰ. . . . . .। "

"ਮੈਨੂੰ ਉਹ ਕਹਾਣੀ ਤਾਂ ਸੁਣਾ ਦੇ ਜਿਹੜੀ ਛੋਟੇ ਹੁੰਦੇ ਨੂੰ ਸੁਣਾਉਂਦਾ ਹੁੰਦਾ ਤੀ. . . . . .। "

ਤਾਏ ਨੇ ਦੇਖਿਆ ਮੁੰਡੇ ਦੀਆਂ ਅੱਖਾ ਵਿੱਚ ਪਾਣੀ ਆ ਗਿਆ ਸੀ ਤੇ ਅਵਾਜ਼ ਹੌਂਕੇ ਵਾਂਗੂੰ ਨਿਕਲ਼ੀ ਸੀ।

"ਲੈ ਹੈ ਕਮਲ਼ਾ ਐਡਾ ਵੱਡਾ ਹੋ ਕੇ. . . . .ਜੱਗੀ . .ਉਹ ਜੱਗੀ . . .ਨਾ ਪੁੱਤ . ਏ ਨੀ ਰੋਈ ਦਾ. .। "

ਤੇ ਫਿਰ ਤਾਏ ਦੀ ਸਿੱਖਿਆ ਨਾਲ਼ ਜੱਗੀ ਨੇ ਦਾੜੀ-ਕੇਸ ਰੱਖ ਲਏ ਤੇ ਆਖਰੀ ਦੀਵਾਨ ਵਾਲ਼ੇ ਦਿਨ ਸੰਤ ਮੁੱਢੜੀਆਂ ਵਾਲ਼ਿਆਂ ਤੋਂ ਅੰਮ੍ਰਿਤ ਛੱਕ ਲਿਆ।ਫਿਰ ਕੁੱਝ ਪੈਸੇ ਆਪਣੇ ਕੋਲ਼ੋਂ ਤੇ ਕੁੱਝ ਤਾਏ ਕੋਲ਼ੋਂ ਫੜ੍ਹ ਕੇ ਉਹਨੇ ਨਾਲ਼ ਦੀ ਦਕਾਨ ਕਿਰਾਏ 'ਤੇ ਲੈ ਕੇ ਕਰਿਆਨੇ ਦਾ ਸਮਾਨ ਪਾ ਲਿਆ।

"ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹਿ, ਭਾਈ ਨਗਰ ਨਿਵਾਸੀਆਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਸਾਡੇ ਇਲਾਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਦੇਵ ਸਿੰਘ ਜੀ ਖਾਲਸਾ ਪਹੁੰਚਣ ਵਾਲ਼ੇ ਹਨ, ਸੋ ਸਭ ਮਾਈ-ਭਾਈ ਵਿਹਲੇ ਹੋ ਕੇ ਗੁਰੂਦੁਆਰਾ ਸਾਹਿਬ ਪਹੁੰਚਣ ਦੀ ਖੇਚਲ ਕਰਨ ।"

ਗੁਰੂਦੁਆਰੇ ਦੇ ਭਾਈ ਜੀ ਦੀ ਅਵਾਜ਼ ਨੇ ਫਿਰ ਜੱਗੀ ਦੀਆਂ ਸੋਚਾਂ ਦੀ ਲੜੀ ਤੋੜ ਦਿੱਤੀ। ਉਹਨੇ ਘੜੀ 'ਤੇ ਟਾਇਮ ਦੇਖਿਆ ਤਾਂ ਸ਼ਾਮ ਦੇ ਪੰਜ ਵੱਜ ਚੁੱਕੇ ਸਨ, ਹੋਰ ਅੱਧੇ ਘੰਟੇ ਨੂੰ ਖਾਲਸਾ ਜੀ ਨੇ ਪਹੁੰਚ ਜਾਣਾ ਸੀ ਤੇ ਉਹਦੀ ਉਡੀਕ ਮੁੱਕ ਜਾਣੀ ਸੀ। ਉਹਨੇ ਦੁਕਾਨ ਵਧਾਈ ਪਰ ਬਾਹਰਲਾ ਬਲਬ ਜਗਾ ਦਿੱਤਾ, ਦੁਕਾਨ ਦਾ ਸ਼ਟਰ ਬੰਦ ਕਰਕੇ ਉਹ ਗੁਰੂਦੁਆਰੇ ਵੱਲ ਚੱਲ ਪਿਆ।

ਖਾਲਸਾ ਜੀ ਦੇ ਆਉਣ ਤੋਂ ਪਹਿਲਾਂ ਢਾਡੀ ਜੱਥਾ ਲੱਗਿਆ ਹੋਇਆ ਸੀ ਤੇ ਬੜੇ ਜੋਸ਼ ਨਾਲ਼ 'ਸਾਹਿਬਜ਼ਾਦਿਆਂ ਦੀ ਵਾਰ' ਗਾ ਰਿਹਾ ਸੀ। ਜੱਗੀ ਮੱਥਾ ਟੇਕ ਕੇ ਪਿੱਛੇ ਜਿਹੇ ਹੀ ਬੈਠ ਗਿਆ।ਥੋੜੇ ਚਿਰ ਬਾਅਦ ਉਹਨੇ ਪਿੱਛੇ ਮੁੜ ਕੇ ਦੇਖਿਆ ਖਾਲਸਾ ਜੀ ਦੀ ਇਨੋਵਾ ਕਾਰ ਗੇਟ ਅੱਗੇ ਰੁਕੀ, ਚਿੱਟੇ-ਦੁੱਧ ਕੱਪੜਿਆਂ ਉਤੇ ਗਰਮ ਜਾਕਟ ਪਾਈ ਖਾਲਸਾ ਜੀ ਆਏ, ਉਹਨਾਂ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਕੀਤੇ ਜਾ ਰਹੇ ਉਪਰਾਲਿਆਂ ਤੇ ਸ਼੍ਰੋਮਣੀ ਕਮੇਟੀ ਦੀਆਂ ਆ ਰਹੀਆਂ ਚੋਣਾਂ ਬਾਰੇ ਦੱਸਿਆ ਅਤੇ ਪਿੰਡ ਦੇ ਗੁਰੂਦੁਆਰਾ ਸਾਹਿਬ ਲਈ ਇੱਕ ਚੰਦੋਆ ਸਾਹਿਬ ਦੇਣ ਦਾ ਵਾਅਦਾ ਕੀਤਾ। ਪਿੰਡ ਦੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਖਾਲਸਾ ਜੀ ਦਾ ਸਨਮਾਨ ਕੀਤਾ ਅਤੇ ਫਿਰ ਜਾਂਦੇ ਸਮੇਂ ਖਾਲਸਾ ਜੀ ਨੇ ਨਾਈ ਦਾ ਕੰਮ ਛੱਡ ਕੇ ਸਿੰਘ ਸਜੇ ਜਗਦੀਪ ਸਿੰਘ ਦਾ ਸਿਰੋਪਾਉ ਨਾਲ਼ ਸਨਮਾਨ ਕੀਤਾ।

"ਖਾਲਸਾ ਜੀ ਮੁੰਡੇ ਦੀ ਕੋਈ ਮਾਇਕ ਮਦਦ ਨੀ ਹੋ ਸਕਦੀ?" ਇੱਕ ਕਮੇਟੀ ਮੈਂਬਰ ਨੇ ਹੌਲੀ ਜਿਹੀ ਪੁੱਛਿਆ।

"ਭਾਈ ਇਹੋ ਜੇ ਕਿਸੇ ਫੰਡ ਬਾਰੇ ਤਾਂ ਮੈਨੂੰ ਪਤਾ ਨੀਂ, ਬਾਕੀ ਚੱਲੋ ਚੋਣਾਂ ਤੋਂ ਬਾਅਦ ਦੇਖਦੇ ਆਂ, ਥੋਡੀ ਚੰਦੋਆ ਸਾਹਿਬ ਦੀ ਮੰਗ ਤਾਂ ਅਸੀਂ ਪੂਰੀ ਕਰ ਏ ਦਿੱਤੀ, ਚੰਗਾ ਜੀ ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।"

ਜੱਗੀ ਨੂੰ ਆਰਥਿਕ ਮਦਦ ਦੀ ਸ਼ਾਇਦ ਜਿਆਦਾ ਲੋੜ ਨਹੀਂ ਸੀ, ਕਈ ਪਿੰਡ ਵਾਸੀਆਂ ਨੇ ਉਹਨੂੰ ਵਧਾਈ ਦਿੱਤੀ। ਉਹ ਗਲ਼ ਵਿੱਚ ਸਿਰੋਪਾ ਪਾਈ ਘਰ ਨੂੰ ਤੁਰ ਪਿਆ। ਆਪਣੀ ਦੁਕਾਨ ਅੱਗਿਉਂ ਲੰਘਦਿਆਂ ਉਹਨੇ ਕਰਿਆਨੇ ਸਟੋਰ ਦੇ ਬਾਹਰ ਲੱਗੇ ਬਲਬ ਵੱਲ ਦੇਖਿਆ। ਰਾਤ ਉਤਰ ਚੁੱਕੀ ਸੀ ਤੇ ਹਲਕੀ ਸਰਦੀ ਹੋਣ ਕਾਰਨ ਬਲਬ ਦੀ ਪੀਲ਼ੀ ਰੌਸ਼ਨੀ ਦੁਆਲ਼ੇ ਕੁੱਝ ਧੁੰਦ ਜਿਹੀ ਇੱਕਠੀ ਹੋ ਰਹੀ ਸੀ। ਬਲਬ ਦੀ ਰੌਸ਼ਨੀ ਨਾਲ਼ ਦੀ ਦੁਕਾਨ 'ਤੇ ਵੀ ਪੈ ਰਹੀ ਸੀ, ਉਸ ਦੁਕਾਨ ਉਤੇ ਅਜੇ ਵੀ 'ਜੱਗੀ ਹੇਅਰ-ਡਰੈਸਰ' ਲਿਖਿਆ ਹੋਇਆ ਸੀ ਤੇ ਕੋਲ਼ ਗਿੱਪੀ ਮੁਸਕਰਾ ਰਿਹਾ ਸੀ ਪਰ ਜੱਗੀ ਦੇ ਚਿਹਰੇ 'ਤੇ ਸਵੇਰ ਵਰਗੀ ਖੁਸ਼ੀ ਨਹੀਂ ਸੀ, ਸ਼ਾਇਦ ਥਕਾਵਟ ਕਰਕੇ। ਉਹ ਦੋ ਕੁ ਮਿੰਟ ਉਥੇ ਖੜਾ ਦੋਵੇਂ ਦੁਕਾਨਾਂ ਵੱਲ ਨੀਝ ਨਾਲ ਦੇਖਦਾ ਰਿਹਾ ਅਤੇ ਉਂਗਲ਼ਾਂ ਨਾਲ਼ ਆਪਣੀ ਦਾੜੀ ਠੀਕ ਕਰਨ ਲੱਗਾ , ਉਸ ਦੀ ਦਾੜੀ ਤਾਂ ਸੁਲਝ ਗਈ ਪਰ ਉਸ ਦਾ ਮਨ ਸਾਇਦ ਉਲਝਿਆ ਹੀ ਰਹਿ ਗਿਆ ਪਰ ਉਸ ਦੇ ਚਿਹਰੇ ਤੋਂ ਕੁੱਝ ਪਤਾ ਨਹੀ ਸੀ ਲੱਗ ਰਿਹਾ ਕਿ ਉਹ ਕੀ ਸੋਚ ਰਿਹਾ ਸੀ. . . . . .।•

ਪਤਾ- ਪਿੰਡ ਲਾਡਪੁਰ, ਤਹਿ, ਅਮਲੋਹ, ਫਤਿਹਗੜ ਸਾਹਿਬ

ਫੋਨ-9463476932.

ਮਾਲਵੇ ਦੇ ਕਿਸਾਨੀ ਸੱਭਿਆਚਾਰ ਨੂੰ ਮਨੋਵਿਗਿਆਨਕ ਤਰੀਕੇ ਨਾਲ ਪੇਸ਼ ਕਰਨ ਵਾਲੇ ਕਹਾਣੀਕਾਰ ਦਰਸ਼ਨ ਸਿੰਘ ਗੁਰੂ ਦਾ ਪਹਿਲਾਂ ਨਾਵਲ ਜਿਸ ਵਿਚ ਉਸ ਨੇ ਕਿਸਾਨੀ ਦੀਆਂ ਨਿਵੇਕਲੀਆਂ ਪਰਤਾਂ ਨੂੰ ਪੇਸ਼ ਕੀਤਾ ਹੈ।

ਬੁਰਜਾਂ ਦੇ ਖੰਡਰ



ਗੁਰੂ ਨੇ ਕਹਾਣੀ ਤੋਂ ਉਪਰੰਤ ਆਪਣਾ ਪਹਿਲਾ ਨਾਵਲ 'ਬੁਰਜਾਂ ਦੇ ਖੰਡਰ' ਲਿਖ ਕੇ ਪੇਂਡੂ ਕਿਸਾਨੀ ਨਾਲ ਸਬੰਧਿਤ ਆਪਣੇ ਅਨੁਭਵ ਨੂੰ ਵਿਸਥਾਰ ਦਿੱਤਾ ਹੈ। ਇਸ ਨਾਵਲ ਵਿਚ ਪੰਜਾਬੀ ਦੇ ਖ਼ਾਸ ਕਰਕੇ ਮਾਲਵਾ ਧਰਤੀ ਦੇ ਕਿਸਾਨਾਂ ਦੀ ਜ਼ਮੀਨ ਪ੍ਰਾਪਤੀ ਲਈ ਹਵਸ, ਵੱਡੇ ਜ਼ਿਮੀਂਦਾਰ ਤੇ ਸਰਦਾਰ ਕਹਾਉਣ ਦੀ ਲਾਲਸਾ, ਕਿਸੇ ਦੂਸਰੇ ਸ਼ਰੀਕ ਨੂੰ ਅੱਗੇ ਵਧਦਾ ਵੇਖ ਕੇ ਈਰਖਾ, ਉਸ ਦੀਆਂ ਜੜ੍ਹਾਂ ਵੱਢਣ ਲਈ ਨੈਤਿਕ-ਅਨੈਤਿਕ ਸ਼ਾਤਰ ਚਾਲਾਂ ਚੱਲਣ ਦੀਆਂ ਕਮੀਨਗੀਆਂ ਅਤੇ ਪਰਾਈ ਔਰਤ ਨੂੰ ਆਪਣੇ ਮਨਸੂਬੇ ਸਫ਼ਲ ਕਰਨ ਲਈ ਮੋਹਰਾ ਬਣਾ ਕੇ ਵਰਤਣ ਦੇ ਵਿਵਹਾਰ ਦਾ ਏਨਾ ਨੇੜੇ ਹੋ ਕੇ ਅਤੇ ਬਾਰੀਕੀ ਨਾਲ ਯਥਾਰਥ ਚਿਤਰਣ ਕੀਤਾ ਹੈ, ਇਹ ਦਰਸ਼ਨ ਸਿੰਘ ਗੁਰੂ ਵਰਗਾ ਲੇਖਕ ਹੀ ਕਰ ਸਕਦਾ ਸੀ। ਜਿਹੜਾ ਪੇਂਡੂ ਜੀਵਨ ਦੇ ਹਰ ਪਹਿਲੂ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ। ਇਸ ਨਾਵਲ ਵਿਚ ਬੁਰਜਾਂ ਦੇ ਖੰਡਰ ਬਣਨ ਦੀ ਗਾਥਾ ਤਾਂ ਹੈ ਹੀ, ਖੰਡਰਾਂ ਤੋਂ ਬੁਰਜ ਬਣਨ ਦੇ ਵਸੀਲਿਆਂ ਦੀ ਵੀ ਬਾਤ ਪਾਈ ਗਈ ਹੈ। **-ਬਲਦੇਵ ਸਿੰਘ (ਸੜਕਨਾਮਾ)**

ਪ੍ਰਕਾਸ਼ਕ:
ਵਿਸ਼ਵਭਾਰਤੀ ਪ੍ਰਕਾਸ਼ਨ,
ਬਰਨਾਲਾ
ਮੁੱਲ: 260, ਪੰਨੇ :336

ਕਹਾਣੀ / ਦਫ਼ਨਾਏ ਜ਼ਖ਼ਮ / ਲਖਵੀਰ ਚੰਦ

ਸਵੇਰੇ ਉੱਠਦੀ ਹਾਂ ਤਾਂ ਰਾਤ ਵੇਖੇ ਸੁਪਨੇ ਨੂੰ ਯਾਦ ਕਰਕੇ ਡਰ ਜਾਂਦੀ ਹਾਂ। ਸੋਚਦੀ ਹਾਂ ਕਿਤੇ ਭਾਪੇ ਨੂੰ ਤਾਂ ਨੀ ਕੁੱਝ . . . । ਨਹੀਂ ਐਦਾ ਨੀ ਹੋ ਸਕਦਾ। ਅਭੜਵਾਹੀ ਉੱਠਦੀ ਹਾਂ ਤਾਂ ਅੱਖਾਂ ਮੂਹਰੇ 'ਨੇਰਾ ਜਿਹਾ ਪਸਰ ਜਾਂਦੈ। ਦੋ ਮਿੰਟ ਫਰਸ਼ 'ਤੇ ਹੀ ਬੈਠ ਜਾਂਦੀ ਹਾਂ। ਬੱਚੇ ਤੇ ਪਤੀ ਸੁੱਤੇ ਪਏ ਨੇ। ਨਹਾ-ਧੋ ਕੇ ਚਾਹ ਬਣਾਉਂਦੀ ਹਾਂ ਤੇ ਪਤੀ ਨੂੰ ਜਗਾਉਂਦੀ ਹਾਂ, "ਸਤੀਸ਼ ਉਠੋ! ਮੈਂ ਬਡਾਲੀ ਜਾਣੈ. . . । ਭਾਪੇ ਦੀ ਤਬੀਅਤ ਮੈਨੂੰ ਠੀਕ ਨ੍ਹੀ ਲੱਗ ਰਹੀ।"

"ਕਿਉਂ ? ਕੀ ਹੋ ਗਿਆ ਭਾਪੇ ਨੂੰ . . . ??? ਉੱਥੋ ਕੋਈ ਫ਼ੋਨ ਆਇਆ ਕਿਸੇ ਦਾ. . . ?"

"ਨਹੀਂ ਫ਼ੋਨ ਤਾਂ ਕਿਸੇ ਦਾ ਨੀ ਆਇਆ। ਪਰ ਰਾਤੀ ਭਿਆਨਕ ਜਿਹਾ ਸੁਪਨਾ ਆਇਆ ਸੀ। ਉਦੋਂ ਦਾ ਦਿਲ ਜਿਹਾ ਘਬਰਾਈ ਜਾਂਦੈ। ਡਰ ਲੱਗਦਾ ਕਿਤੇ ਭਾਪੇ ਨੂੰ ਤਾਂ ਨੀ ਕੁੱਝ . . ."

"ਏਹ ਸੁਪਨੇ ਤਾਂ ਐਵੇਂ ਈ ਆਉਂਦੇ ਰਹਿੰਦੇ ਨੇ ਸਾਲੇ. . . । ਤੂੰ ਘਬਰਾ ਨਾ ਜੇ ਮਨ ਨਹੀਂ ਖੜ੍ਹਦਾ ਤਾਂ ਬੇ-ਸ਼ੱਕ ਚਲੇ ਜਾਹ. . . ਪਰ ਐਦਾ ਨਾ ਹੋਵੇ ਕਿਤੇ ਰਮੇਸ਼ ਤੇ ਉਹਦੀ ਵਹੁਟੀ ਸਿਮਰ ਤੈਨੂੰ . . . "

"ਨਹੀਂ ਨਹੀਂ! ਮੈਨੂੰ ਘਰੋਂ ਤਾਂ ਨੀ ਕੱਢਣ ਲੱਗੇ ਉਹ. . . । ਤੁਸੀ ਫਿਕਰ ਨਾ ਕਰੋ ਅਜਿਹਾ ਕੁੱਝ ਨੀ ਹੁੰਦਾ।" ਸਤੀਸ਼ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਜੁਆਬ ਦਿੰਦੀ ਨੇ ਕਿਹਾ।

"ਚੱਲ ਜਿਵੇਂ ਤੇਰੀ ਇੱਛਾ।"

" ਭਾਪੇ ਦੀ ਖ਼ਬਰ ਲੈ ਕੇ ਅਗਲੇ ਦਿਨ ਵਾਪਸ ਆ ਜਾਉਂਗੀ।" ਐਨਾਂ ਕਹਿ ਕੇ ਇੱਕ ਲਿਫ਼ਾਫ਼ਾ ਚੁੱਕਦੀ ਹਾਂ ਜਿਸ ਵਿਚ ਮੇਰੇ ਦੋ ਸੂਟ ਪਹਿਲਾਂ ਤੋਂ ਹੀ ਪਾਏ ਹੋਏ ਨੇ।

ਘਰੋਂ ਨਿਕਲ ਕੇ ਬੱਸ ਅੱਡੇ ਵੱਲ ਜਾਂਦੀ ਹਾਂ। ਉੱਥੋਂ ਬਡਾਲੀ ਦੀ ਟਿੱਕਟ ਲੈਂਦੀ ਹਾਂ। ਸੀਟ ਉੱਤੇ ਬੈਠੀ-ਬੈਠੀ ਸੋਚਦੀ ਹਾਂ, 'ਇੱਕ ਤਾ ਚੰਗਾਂ ਈ ਆ ਵਿਚਾਰੇ ਨੂੰ ਮੁਕਤੀ ਮਿਲ ਜਾਏ. . . । ਆਖਰ ਹੋਰ ਕਿੰਨੇ ਕੁ ਰੱਬ ਦੁੱਖ ਦਿਖਾਏਗਾ ਉਹਨੂੰ ਤੇ . . .???' ਦੂਜੇ ਪਾਸੇ ਮੇਰੇ ਅੰਦਰਲੀ ਧੀ ਆਖਦੀ ਏ, 'ਭਾਪੇ ਨੂੰ ਕੁੱਝ ਨਾ ਹੋਵੇ, ਉਹਦੇ ਬਿਨਾਂ ਮੈਂ ਆਪਣਾ ਦੁੱਖ-ਸੁੱਖ ਸਾਂਝਾ ਕਿਸ ਨਾਲ ਕਰਉਂਗੀ . . .? ਬੀਬੀ ਦੇ ਜਾਣ ਤੋਂ ਬਾਦ ਇੱਕ ਭਾਪਾ ਹੀ ਤਾਂ ਹੈ ਜਿਸ ਨਾਲ. . . ।'

ਆਪਣੇ ਵਿਚਾਰਾਂ ਦੀ ਕਸ਼ਮਕਸ਼ ਵਿਚੋਂ ਕੰਡਕਟਰ ਦੀ ਸੀਟੀ ਕਾਰਨ ਜਾਗ ਉੱਠਦੀ ਹਾਂ। ਬਡਾਲੀ ਦੇ ਬੱਸ ਅੱਡੇ 'ਤੇ ਉੱਤਰ ਕੇ ਰਮੇਸ਼ ਦੇ ਘਰ ਨੂੰ ਤੁਰ ਪੈਂਦੀ ਹਾਂ। ਰਸਤਾ ਤਾਂ ਦਸ ਮਿੰਟ ਦਾ ਹੈ ਪਰ ਮੈਨੂੰ ਅੱਗੇ ਵਾਂਗੂੰ ਤੀਹ ਮਿੰਟ ਲੱਗ ਜਾਂਦੇ ਨੇ। ਇਹਨਾਂ ਵੀਹ ਮਿੰਟਾਂ 'ਚ ਮੈਂ ਆਪਣੇ ਇੱਕ ਰੂਪ ਦਾ ਕਤਲ ਜੋ ਕਰਦੀ ਹਾਂ।

ਮੈਨੂੰ ਅੱਜ ਵੀ ਯਾਦ ਏ . . . । ਭਾਪੇ ਨੇ ਕਿਵੇਂ ਵੱਡੇ ਦੋਵਾਂ ਵੀਰਾਂ ਨੂੰ ਨੌਕਰੀ 'ਤੇ ਲਗਵਾਇਆ ਸੀ। ਵੀਹ ਸਾਲ ਸਰਪੰਚੀ ਕਰਨ ਕਰਕੇ ਭਾਪੇ ਦੇ ਵੱਡੇ-ਵੱਡੇ ਲੀਡਰਾਂ ਨਾਲ ਚੰਗੇ ਸਬੰਧ ਜੋ ਸਨ। ਛੋਟੇ ਦੀ ਵਾਰੀਂ ਵੀ ਬਹੁਤ ਜ਼ੋਰ ਲਾਇਆ ਪਰ ਗੱਲ ਸਿਰੇ ਨਾ ਚੜ੍ਹ ਸਕੀ।

ਇਨਸਾਨ ਭਾਵੇਂ ਉਹ ਜਵਾਨੀ ਵੇਲੇ ਕਿੰਨਾਂ ਵੀ ਰੋਅਬ-ਦਾਅਬ ਵਾਲਾ ਕਿਉਂ ਨਾ ਹੋਵੇ, ਜਦ ਆਪਣਿਆਂ ਕੋਲੋਂ ਹੀ ਬੇ-ਇਜ਼ੱਤ ਹੁੰਦਾ ਹੋਵੇ ਤਾਂ ਬਾਹਰਲੇ ਲੋਕ ਵੀ ਉਸਦੀ ਇੱਜ਼ਤ ਕਰਨੋਂ ਹੱਟ ਈ ਜਾਂਦੇ ਨੇ ।

ਵੱਡਾ ਮੁੰਡਾ ਪਟਿਆਲੇ ਆਨੰਦ ਨਗਰ ਵਿਚ ਆਪਣੀ ਵਹੁਟੀ ਨਾਲ ਰਹਿਣ ਲੱਗ ਪਿਆ। ਉਹਦੀ ਘਰਵਾਲੀ ਮਹਿਲਾ ਮੰਡਲ ਦੀ ਪ੍ਰਧਾਨ ਸੀ, ਸੋ ਜ਼ਿਆਦਾਤਰ ਘਰ ਤੋਂ ਬਾਹਰ ਹੀ ਰਹਿੰਦੀ।. . . ਬਾਅਦ 'ਚ ਪਤਾ ਲੱਗਾ ਕਿ ਉਸਦਾ ਤਾਂ ਕਿਸੇ ਹੋਰ ਆਦਮੀ ਨਾਲ ਚੱਕਰ ਸੀ । ਉਸਨੇ ਖੁੱਦ ਹੀ

ਆਪਣੇ ਪਤੀ ਨੂੰ ਗਾਇਬ ਕਰਵਾ ਦਿੱਤਾ ਜਾਂ . . . ??? ਅਸੀਂ ਪੁਲਿਸ ਤੱਕ ਵੀ ਪਹੁੰਚ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਗਰੀਬਾਂ ਦੀ ਕੌਣ ਸੁਣਦੈ ?

ਦੂਜੇ ਪਾਸੇ ਭਾਪੇ ਨੇ ਹਰਕੇਸ਼ ਨੂੰ ਆਪਣੇ ਅਸਰ-ਰਸੂਖ ਨਾਲ ਬਿਜਲੀ ਬੋਰਡ ਦੇ ਦਫ਼ਤਰ ਵਿਚ ਲਾਇਨਮੈਨ ਲੱਗਵਾ ਦਿੱਤਾ। ਸੱਤ ਕੁ ਮਹੀਨੇ ਬਾਅਦ ਉਸਦੀ ਬਦਲੀ ਲੁਧਿਆਣੇ ਸ਼ਹਿਰ ਦੀ ਹੋ ਗਈ। ਉਹਦੀ ਵਹੁਟੀ ਨੇ ਤਾਂ ਭਾਪੇ ਦੇ ਪੈਰਾਂ ਹੇਠ ਅੱਗ ਹੀ ਮਚਾ ਦਿੱਤੀ।"ਪਿਤਾ ਜੀ! ਏਹਨਾਂ ਦੀ ਬਦਲੀ ਦੂਰ ਦੀ ਹੋਣ ਕਾਰਨ ਆਉਣ-ਜਾਣ ਦੀ ਔਖਿਆਈ ਰਹਿੰਦੀ ਏ। ਮੈਂ ਤਾਂ ਆਹਨੀ ਆ ਕਿ ਏਥੋਂ ਮਕਾਨ ਵੇਚ ਵੱਟ ਕੇ ਸ਼ੈਹਰ ਈ ਲੈ ਲੈਂਦੇ ਆ। ਉਂਝ ਵੀ ਪਿੰਡਾਂ ਵਿਚ ਕੀ ਪਿਐ ?"

"ਪੁੱਤ ਸ਼ੈਹਰਾਂ 'ਚ ਤਾਂ ਜ਼ਮੀਨਾਂ ਦੇ ਰੇਟ ਅਸਮਾਨ ਨੂੰ ਛੂੰਹਦੇ ਨੇ। ਅਸੀਂ ਪਿੰਡ ਆਲਾ ਸਾਰਾਂ ਮਕਾਨ ਵੀ ਭਾਵੇਂ ਵੇਚ ਦੱਈਏ, ਉੱਥੇ ਚਾਰ ਵਿਸਵੇ ਦਾ ਪਲਾਟ ਮਸਾ ਮਿਲਣੈ।. . . ਪਿੰਡ ਆਲਾ ਮਕਾਨ ਤਾਂ ਭੰਗ ਦੇ ਭਾੜੇ ਈ ਜਾਊਗਾ।" ਭਾਪੇ ਨੇ ਆਪਣੀ ਦਲੀਲ ਦਿੰਦਿਆ ਕਿਹਾ।

"ਪਿਤਾ ਜੀ! ਪਿੰਡਾਂ 'ਚ ਮਿੱਟੀ-ਘੱਟੇ ਤੋਂ ਬਿਨਾਂ ਹੈ ਵੀ ਕੀ ਆ? ਸ਼ੈਹਰਾਂ 'ਚ ਪੱਕੀਆਂ ਸੜਕਾਂ ਨੇ, ਹਰੇਕ ਚੀਜ ਉੱਥੇ ਅਸਾਨੀ ਨਾਲ ਮਿਲ ਜਾਂਦੀ ਆ।"

"ਪਰ ਪੁੱਤ ਚਾਰ ਵਿਸਵੇ 'ਚ ਆਪਣਾ ਗੁਜ਼ਾਰਾ ਕਿਵੇਂ ਹੋਊਗਾ? ਡੰਗਰ-ਵੱਛੇ ਨੂੰ ਕਿੱਥੇ ਰੱਖਾਂਗੇ ?"

" ਸ਼ੈਹਰਾਂ ਵਿਚ ਡੰਗਰਾਂ ਦਾ ਕੀ ਕੰਮ ? ਉੱਥੇ ਤਾਂ ਡੈਅਰੀਆਂ 'ਚੋਂ ਲਿਆਇਆ ਕਰਾਂਗੇ ਦੁੱਧ। ਉਂਝ ਵੀ ਜੇ ਡੰਗਰ ਉੱਥੇ ਲਿਜਾਣੇ ਨੇ ਤਾਂ ਸ਼ੈਹਰ ਵੱਸਣ ਦਾ ਕੀ ਫੈਦਾ ?"

"ਪੁੱਤ ਮੈਂ ਤਾਂ ਏਹੀ ਆਹਨਾਂ ਇੱਕ ਵਾਰ ਚੰਗੀ ਤਰ੍ਹਾਂ ਸਾਰੇ ਜਣੇ ਸਲਾਹ ਕਰ ਲੋ। ਫਿਰ ਜਿਵੇਂ ਕਹੋਂਗੇ ਕਰਲਾਂਗੇ।" ਭਾਪੇ ਨੇ ਨੂੰਹ ਸਾਹਮਣੇ ਕੋਈ ਪੇਸ਼ ਨਾ ਜਾਂਦੇ ਹੋਏ ਤਰਲਾ ਮਾਰਿਆ।

" ਸਲਾਹ ਕੀ ਕਰਨੀ ਆ . . . ??? ਮੈਂ ਉਹਨਾਂ ਨਾਲ ਕਰ ਲਈ ਆ। ਬੱਸ ਤੁਸੀਂ ਏਹ ਮਕਾਨ ਦਾ ਸੌਦਾ ਕਰੋ।"

ਮੈਂ ਮੂਕ ਦਰਸ਼ਕ ਬਣੀ ਸਭ ਸੁਣਦੀ ਰਹੀ। ਆਖਰ ਭਾਪੇ ਨੇ ਨਾ ਚਾਹੁੰਦੇ ਹੋਏ ਹਰਕੇਸ਼ ਦੀ ਵਹੁਟੀ ਦੀ ਗੱਲ ਮੰਨ ਕੇ ਪਿੰਡ ਆਲੇ ਮਕਾਨ ਦਾ ਸੌਦਾ ਕਰ ਦਿੱਤਾ ਅਤੇ ਸਾਰਾ ਪਰਿਵਾਰ ਲੁਧਿਆਣੇ ਸ਼ਹਿਰ ਜਾ ਵਸਿਆ। ਰਮੇਸ਼ ਬਠਿੰਡੇ ਕਿਸੇ ਮਿੱਲ 'ਚ ਕੰਮ ਸਿੱਖਣ ਚਲਾ ਗਿਆ।

ਦੋ ਮਹੀਨੇ ਹੀ ਲੰਘੇ ਸਨ ਕਿ ਹਰਕੇਸ਼ ਦੀ ਵਹੁਟੀ ਨੇ ਆਪਣੇ ਉੱਤੇ ਮਿੱਟੀ ਦਾ ਤੇਲ ਪਾ ਕੇ ਪਿੱਟ ਸਿਆਪਾ ਕਰਨਾ ਸ਼ੁਰੂ ਕਰ ਦਿੱਤਾ "ਏਹ ਘਰ ਸਾਡੇ ਨਾਂ ਕਰਾਓ ਨਹੀਂ ਤਾਂ . . . ???"

ਬੀਬੀ- ਭਾਪੇ ਨੇ ਨੂੰਹ ਤੋਂ ਡਰਦਿਆ ਵਸੀਅਤ ਹਰਕੇਸ਼ ਦੀ ਵਹੁਟੀ ਦੇ ਨਾਂ ਕਰਵਾ ਦਿੱਤੀ ਅਤੇ ਆਪ ਬਡਾਲੀ ਕਿਰਾਏ ਦੇ ਮਕਾਨ ਵਿਚ ਰਹਿਣ ਲੱਗੇ। ਰਮੇਸ਼ ਨੂੰ ਬਠਿੰਡੇ ਤੋਂ ਆਪਣੇ ਕੋਲ ਹੀ ਬੁਲਾ ਲਿਆ ਅਤੇ ਉੱਥੇ ਹੀ ਪ੍ਰਾਈਵੇਟ ਮਿੱਲ 'ਚ ਨੌਕਰੀ 'ਤੇ ਲਗਵਾ ਦਿੱਤਾ।

ਕਰਜਾ ਚੁੱਕ ਕੇ ਭਾਪੇ ਨੇ ਰਮੇਸ਼ ਦਾ ਵਿਆਹ ਵੀ ਕਰ ਦਿੱਤਾ। ਓਧਰ ਮਾੜੀ ਕਿਸਮਤ ਨੂੰ ਤੀਜੀ ਨੂੰਹ ਵੀ ਮਾੜੀ ਹੀ ਨਿੱਕਲੀ।

"ਭੈਣ ਨਮਸਤੇ !" ਰਮੇਸ਼ ਦੇ ਗੁਆਂਢੀ ਨੇ ਮੈਨੂੰ ਅਤੀਤ 'ਚ ਗੁਆਚੀ ਨੂੰ 'ਵਾਜ ਮਾਰ ਕੇ ਜਗਾ ਦਿੱਤਾ।

"ਨਮਸਤੇ ਵਿਕਾਸ। ਹੋਰ ਘਰੇ ਠੀਕ-ਠਾਕ ਨੇ ਸਾਰੇ . . ?"

"ਹਾਂ ਭੈਣ ਸਭ ਠੀਕ ਨੇ। . . . ਬਸ ਭਾਪੇ ਦਾ ਬਹੁਤ ਬੁਰਾ ਹਾਲ ਏ। ਮੈਂ ਤਾਂ ਆਹਨਾ ਉਹਨੂੰ ਨੂੰ ਤੁਸੀਂ ਆਪਣੇ ਘਰ ਹੀ ਲੈਜੋ। ਰਮੇਸ਼ ਦੀ ਵਹੁਟੀ ਤਾਂ ਭਾਪੇ ਦੇ ਕੋਲ ਜਾਣ ਤੋਂ ਵੀ ਡਰਦੀ ਆ ਜਿਵੇਂ ਭਾਪੇ ਤੋਂ ਲਾਗ ਲੱਗਣ ਦਾ ਖਤਰਾ ਹੋਵੇ।"

"ਕੀ ਕਰਾਂ ਵਿਕਾਸ . . .? ਮੇਰੀ ਤਾਂ ਕੋਈ ਪੇਸ਼ ਈ ਨੀ ਜਾਂਦੀ . . .। ਭਾਪੇ ਨੂੰ ਕਹਿਨੀ ਆ ਤਾਂ

ਅੱਗੋ ਕਹਿ ਦਿੰਦਾ 'ਲੋਕ ਕੀ ਕਹਿਣਗੇ ਕਿ ਬਾਪ ਆਪਣੀ ਧੀ ਦੇ ਘਰ ਮਰ ਗਿਆ' ਓਧਰ ਸਤੀਸ਼ ਨੇ ਵੀ ਕਹਿ ਦਿੱਤਾ 'ਮੈਂ ਭਾਪੇ ਨੂੰ ਦੁਬਾਰਾ ਆਪਣੇ ਘਰ ਨਹੀਂ ਲਿਆਉਂਗਾ'।

"ਤੂੰ ਦਿਲ ਨਾ ਸੁੱਟ ਭੈਣ ਪ੍ਰਮਾਤਮਾ ਸਭ ਠੀਕ ਕਰ ਦਊਗਾ।"

"ਬਸ ਇੱਕ ਓਸੇ ਦਾ ਹੀ ਸਹਾਰਾ ਏ ਜਿਵੇਂ ਉਹਨੂੰ ਮੰਜੂਰ।"

"ਚੰਗਾ ਭੈਣ! ਮੈਂ ਸ਼ਾਮ ਨੂੰ ਸੁਨੀਤਾ ਨੂੰ ਲੈ ਕੇ ਰਮੇਸ਼ ਦੇ ਘਰ ਆਉਂਗਾ।"

"ਹਾਂ ਹਾਂ ਵਹੁਟੀ ਨੂੰ ਜ਼ਰੂਰ ਲੈ ਕੇ ਆਂਵੀ ਬਹੁਤ ਟੈਮ ਹੋ ਗਿਆ ਮਿਲਿਆ ਨੂੰ।"

ਵੀਹ ਸਾਲ ਭਾਪੇ ਨੂੰ ਅਸੀਂ ਆਪਣੇ ਕੋਲ ਹੀ ਰੱਖਿਆ ਸੀ।ਰਮੇਸ਼ ਹੀ ਆਇਆ ਸੀ ਤੇ ਆਖਣ ਲੱਗਾ, 'ਭੈਣ!ਕਿਰਾਏ 'ਤੇ ਰਹਿਣਾ ਬੜ੍ਹਾ ਮੁਸ਼ਕਿਲ ਆ। ਮਕਾਨ ਮਾਲਕ ਨਿੱਕੀ-ਨਿੱਕੀ ਗੱਲ ਪਿੱਛੇ ਰੋਕਾ-ਟੋਕੀ ਕਰਦੇ ਰਹਿੰਦੇ ਨੇ। . . . ਤੂੰ ਜੀਜੇ ਨਾਲ ਗੱਲ ਕਰੀਂ ਜੇ ਉਹ ਕੋਈ ਸਸਤਾ ਮਕਾਨ ਦਿਵਾ ਦੇਣ. . . ਕੁੱਝ ਪੈਸਿਆ ਦਾ ਇੰਤਜ਼ਾਮ ਤਾਂ ਮੈਂ ਕਰ ਹੀ ਲਉਂਗਾ।'

ਸਤੀਸ਼ ਨੇ ਚਾਰ ਦਿਨਾਂ 'ਚ ਹੀ ਆਪਣੇ ਘਰ ਤੋਂ ਥੋੜ੍ਹੀ ਦੂਰੀ 'ਤੇ ਇੱਕ ਛੋਟੇ ਜਿਹੇ ਘਰ ਦਾ ਸੌਦਾ ਕਰ ਲਿਆ ਤੇ ਇਸ ਤਰ੍ਹਾਂ ਬੀਬੀ, ਭਾਪਾ, ਰਮੇਸ਼ ਤੇ ਉਸਦੀ ਵਹੁਟੀ ਰਾਮਗੜ੍ਹ ਵੱਸ ਗਏ।

ਹਾਲੇ ਦੋ ਮਹੀਨੇ ਹੀ ਲੰਘੇ ਸੀ ਕਿ ਰਮੇਸ਼ ਦੀ ਵਹੁਟੀ ਨੇ ਓਹੀ ਰੰਡੀ-ਰੋਣਾ ਪਾਉਣਾ ਸ਼ੁਰੂ ਕਰ ਦਿੱਤਾ ਜਿਸ ਤੋਂ ਤੰਗ ਆ ਕੇ ਬੀਬੀ-ਭਾਪੇ ਨੇ ਲੁਧਿਆਣਾ ਛੱਡਿਆ ਸੀ। ਗੱਲ-ਗੱਲ 'ਤੇ ਤਾਹਨੇ-ਮਿਹਣੇ ਮਾਰਦੀ ਰਹਿੰਦੀ। ਭਾਪੇ ਨੂੰ ਕੰਜਰ ਤੱਕ ਆਖ ਦਿੰਦੀ।. . . ਜਦ ਮੈਂ ਘਰ ਜਾਣਾ ਤਾਂ ਸਿਮਰ ਸਿੱਧੇ ਮੂੰਹ ਗੱਲ ਤੱਕ ਨਾ ਕਰਦੀ। ਬੀਬੀ ਵਿਚਾਰੀ ਮੇਰੇ ਕੋਲ ਰੋਈ ਜਾਂਦੀ। ਇੱਕ ਦਿਨ ਰਮੇਸ਼ ਘਰ ਆਇਆ ਤੇ ਕਹਿਣ ਲੱਗਾ, " ਅਸੀਂ ਭਾਪੇ-ਬੀਬੀ ਨੂੰ ਆਪਣੇ ਨਾਲ ਨੀ ਰੱਖ ਸਕਦੇ। . . . ਮੇਰੇ ਜਿੰਨੇ ਪੈਸੇ ਮਕਾਨ 'ਤੇ ਲੱਗੇ ਨੇ ਉਹ ਵਾਪਸ ਕਰ ਦਿਉ। ਅਸੀਂ ਬਡਾਲੀ ਹੀ ਰਹਾਂਗੇ।"

"ਰਮੇਸ਼ ਤੂੰ ਆਪਣੇ ਮਾਂ-ਬਾਪ ਦਾ ਸਹਾਰਾ ਏ ਤੇ ਤੂੰ ਹੀ ਐਦਾ ਕਹਿ ਰਿਹਾ ਏ। ਕਿਉਂ ਨੀ ਰੱਖ ਸਕਦਾ ਤੂੰ ਉਹਨਾਂ ਨੂੰ ਆਪਣੇ ਨਾਲ ???"

"ਮੈਂ ਹੁਣ ਇਕੱਲਾ ਨੀ ਭੈਣ। ਮੈਂ ਤਾਂ ਰੋਜ-ਰੋਜ ਦੀ ਲੜਾਈ ਤੋਂ ਤੰਗ ਜਿਹਾ ਆ ਗਿਆ। ਬਸ ਹੁਣ ਹੋਰ ਬਰਦਾਸ਼ਤ ਨੀ ਹੁੰਦਾ।"

"ਤੂੰ ਸਿਮਰ ਨੂੰ ਕਿਉਂ ਨਹੀਂ ਸਮਝਾਉਂਦਾ ?"

"ਸਿਮਰ ਨੂੰ ਤਾਂ ਬਥੇਰਾ ਸਮਝਾ ਲਿਆ, ਅੱਗੋਂ ਬੀਬੀ-ਭਾਪੇ ਨੂੰ ਵੀ ਤਾਂ ਕੁੱਝ ਸਮਝਣਾ ਚਾਹੀਦਾ ਸੀ। . . . ਸਭ ਕੁੱਝ ਵੱਡੇ ਦੇ ਹੀ ਨਾਂ ਕਰਾ ਦਿੱਤਾ ਇੱਕ ਵਾਰ ਵੀ ਏਹ ਨੀ ਸੋਚਿਆਂ ਕਿ ਮੇਰਾ ਕੀ ਬਣੂੰ।"

"ਰਮੇਸ਼ ਪੁਰਾਣੀਆਂ ਗੱਲਾਂ ਨੂੰ ਭੁੱਲ ਜਾ ਹੁਣ। ਨਾਲੇ ਤੈਨੂੰ ਕੀ ਲੱਗਦਾ ਉਹਨਾਂ ਨੇ ਏਹ ਜਾਣ ਬੁੱਝ ਕੇ ਕੀਤਾ। ਉਹਨਾਂ ਵਿਚਾਰਿਆਂ ਨੂੰ ਕੀ ਪਤਾ ਸੀ ਕਿ ਉਹਨਾਂ ਦੀ ਔਲਾਦ ਐਦਾ ਦੀ ਨਿਕਲੂ।"

"ਗੱਲ ਤਾਂ ਐਨੀ ਹੀ ਆ ਭੈਣ ਕਿ ਮੈਂ ਤੇ ਸਿਮਰ ਬੀਬੀ-ਭਾਪੇ ਤੋਂ ਅਲੱਗ ਰਹਿਣਾ ਚਾਹੁੰਦੇ ਆ। ਉਹ ਵੀ ਬਡਾਲੀ।"

"ਚੱਲ ਜੇ ਤੈਂ ਇਹ ਫੈਸਲਾ ਕਰ ਹੀ ਲਿਆ ਏ ਤਾਂ ਠੀਕ ਏ। ਸਤੀਸ਼ ਸ਼ਾਮ ਤੱਕ ਆਉਣਗੇ ਪੈਸੇ ਲੈ ਜਾਵੀਂ।"

ਬੀਬੀ ਤਾਂ ਏਸੇ ਸਦਮੇ ਵਿਚ ਰੱਬ ਨੂੰ ਪਿਆਰੀ ਹੋ ਗਈ ਸੀ। ਭਾਪੇ ਨੂੰ ਅਸੀਂ ਆਪਣੇ ਨਾਲ ਹੀ ਰੱਖ ਲਿਆ। ਬਾਪ ਦਾ ਧੀ ਦੇ ਘਰ ਰਹਿਣ ਨਾਲ ਲੋਕਾਂ ਨੂੰ ਵਿਅੰਗ ਕਰਨ ਦਾ ਮੌਕਾ ਮਿਲ ਗਿਆ। ਸੋ ਲੋਕਾਂ ਨੇ ਗੱਲਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹਨਾਂ ਦੇ ਤਾਹਨੇ-ਮਿਹਣੇ ਸੁਣ-ਸੁਣ ਸਤੀਸ਼ ਦਾ ਵਤੀਰਾ ਵੀ ਬਦਲ ਜਿਹਾ ਗਿਆ। ਗੱਲ-ਗੱਲ ਉੱਤੇ ਭਾਪੇ ਨੂੰ ਝਿੜਕਦਾ ਜਿਹਾ ਰਹਿੰਦਾ। ਭਾਪਾ

ਔਖੇ-ਸੌਖੇ ਸਮਾਂ ਲੰਘਾਈ ਜਾਂਦਾ . . . ਹੋਰ ਕਰਦਾ ਵੀ ਕੀ ਜਦ ਆਪਣੀ ਔਲਾਦ ਨੇ ਹੀ ਬੇਗਾਨਾ ਕਰ ਦਿੱਤਾ ਹੋਵੇ ਤਾਂ ਦੂਜੇ ਨੂੰ ਕੀ ਦੋਸ਼ ਦਿੰਦਾ ?

ਮੇਰੇ ਨਾਲ ਵੀ ਸਤੀਸ਼ ਦਾ ਰਵੱਈਆ ਬੇਰੁੱਖੀ ਭਰਿਆ ਰਹਿਣ ਲੱਗ ਪਿਆ . . .।ਪਰ ਮੈਂ ਵੀ ਕੀ ਕਰਦੀ . . . ਪੁੱਤਰਾਂ ਦਾ ਦਿਲ ਪੱਥਰ ਬਣ ਸਕਦਾ ਪਰ ਇੱਕ ਧੀ ਕਿਵੇਂ . . . ???

ਲੋਕਾਂ ਦੀਆਂ ਅੱਗੇ-ਪਿੱਛੇ ਕੀਤੀਆਂ ਗੱਲਾਂ ਭਾਪੇ ਦੇ ਕੰਨੀ ਪੈ ਹੀ ਜਾਂਦੀਆਂ। ਸੋ ਅਣਖ ਦੇ ਮਾਰੇ ਨੇ ਰਮੇਸ਼ ਨੂੰ ਫ਼ੋਨ ਕੀਤਾ, 'ਮੈਂ ਬਹੁਤ ਔਖਾ ਏ ਮੈਨੂੰ ਏਥੋਂ ਆ ਕੇ ਲੈ ਜਾਹ . . .।' ਰਮੇਸ਼ ਨੇ ਭਾਪੇ ਦੀ 'ਵਾਜ ਸੁਣਕੇ ਫ਼ੋਨ ਕੱਟ ਦਿੱਤਾ। ਭਾਪਾ ਵਿਚਾਰਾਂ ਕੰਬਦੇ ਹੱਥਾਂ ਨਾਲ ਮੋਬਾਇਲ ਹੱਥ 'ਚ ਫੜੀ ਤੜਫਦਾ ਹੈਲੋ-ਹੈਲੋ ਕਰਦਾ ਰਿਹਾ।

ਇਕ ਦਿਨ ਪਿੰਡ ਤੋਂ ਮਿਸਤਰੀਆਂ ਦਾ ਮੁੰਡਾ ਆਇਆ। ਭਾਪੇ ਨੂੰ ਤਾਂ ਚਾਅ ਹੀ ਚੜ੍ਹ ਗਿਆ। ਉਸ ਅੱਗੇ ਤਰਲਾ ਮਾਰਦਿਆ ਕਹਿਣ ਲੱਗਾ, 'ਵੇਖ ਪੁੱਤ! ਮੇਰੀ ਇੱਜ਼ਤ ਤੇਰੇ ਹੱਥ ਏ। ਮੈਂ ਨੀ ਚਾਹੁੰਦਾ ਕਿ ਆਪਣੀ ਧੀ ਦੇ ਘਰ ਮਰਾਂ। . . . ਲੋਕੀਂ ਕੀ ਕਹਿਣਗੇ. . .। ਮੈਂ ਤਾਂ ਮਰ ਕੇ ਪਤਾ ਨੀ ਸੁਰਗ 'ਚ ਜਾਣੇ ਜਾਂ ਨਰਕ 'ਚ ਪਰ ਬਾਦ 'ਚ ਮੇਰੀ ਧੀ ਨੂੰ ਜੋ ਨਰਕ ਸਹਿਣਾ ਪਉਗਾ ਤਕਲੀਫ਼ ਤਾਂ ਸਿਰਫ ਓਸ ਦੀ ਏ। ਮੇਰੀ ਧੀ ਇਹ ਸਭ ਸਹਿਣ ਨੀ ਕਰ ਸਕਦੀ। ਤੂੰ ਰਮੇਸ਼ ਨੂੰ ਸਮਝਾ ਕੇ ਮੇਰੇ ਕੋਲ ਘੱਲ ਤਾਂ ਕਿ ਮੈਨੂੰ ਜਲਦੀ ਤੋਂ ਜਲਦੀ ਇੱਥੋਂ ਲੈ ਕੇ ਜਾਵੇ।'

ਹਫ਼ਤਾ ਬੀਤ ਗਿਆ। ਕਿਸੇ ਨੇ ਵੀ ਭਾਪੇ ਦੀ ਸਾਰ ਨਾ ਪੁੱਛੀ। ਇੱਕ ਦਿਨ ਮਲੇਰ ਕੋਟਲੇ ਵਾਲੀ ਭੂਆ ਆਪਣੇ ਮੁੰਡੇ ਨਾਲ ਭਾਪੇ ਦੀ ਖ਼ਬਰ ਲੈਣ ਆ ਗਈ। ਭਾਪੇ ਦੀਆਂ ਅੱਖਾਂ ਵਿਚੋਂ ਤਾਂ ਹੰਝੂ ਈ ਨਾ ਬੰਦ ਹੋਣ। ਹਾਲੇ ਉਨ੍ਹਾਂ ਚਾਹ ਹੀ ਪੀਤੀ ਸੀ ਕਿ ਲੱਗ ਪਿਆ ਜ਼ਿੱਦ ਕਰਨ, 'ਹੁਣੇ ਬਡਾਲੀ ਜਾਣੈ . . . ਰਮੇਸ਼ ਕੋਲ।'

ਭਾਪੇ ਦੀ ਜ਼ਿੱਦ ਸਾਹਮਣੇ ਮੈਂ ਵੀ ਬੇ-ਵੱਸ ਹੋ ਗਈ। ਸੋ ਇਸ ਤਰ੍ਹਾਂ ਭਾਪਾ ਆਪਣੇ ਮੁੰਡੇ ਰਮੇਸ਼ ਕੋਲ ਪਹੁੰਚ ਗਿਆ। ਸਤੀਸ਼ ਨੇ ਮੈਨੂੰ ਆਖ ਦਿੱਤਾ 'ਹੁਣ ਤੇਰੇ ਭਾਪੇ ਨੂੰ ਮੈਂ ਵਾਪਸ ਆਪਣੇ ਘਰ ਨਹੀਂ ਲੈ ਕੇ ਆਉਣਾ।' ਓਸ ਰਾਤ ਮੈਂ ਇਹੀ ਸੋਚਦੀ ਰਹੀ ਕਿ ਜਦ ਮੇਰੀ ਡੋਲੀ ਬਾਬਲ ਦੇ ਘਰੋਂ ਉੱਠੀ ਸੀ ਓਸ ਦਿਨ ਤੋਂ ਇੱਕ ਘਰ ਤਾਂ ਮੇਰਾ ਬੇਗਾਨਾ ਹੋ ਗਿਆ ਸੀ, ਹੁਣ ਸਤੀਸ਼ ਨੇ ਵੀ ਇੱਕ ਪਲ ਵਿਚ ਇਹ ਘਰ ਮੇਰੇ ਲਈ ਬੇਗਾਨਾ ਬਣਾ ਦਿੱਤਾ, ਜਿਸ ਨੂੰ ਬਾਈ-ਤੇਈ ਸਾਲ ਆਪਣੇ ਤਨ-ਮਨ ਨਾਲ ਸਿੰਜਿਆਂ ਸੀ। . . . ਆਖਰ ਇੱਕ ਔਰਤ ਦੀ ਸਮਾਜ ਵਿਚ ਹੋਂਦ ਕੀ ਏ ? ਜਿਸ ਲਈ ਨਾ ਆਪਣੇ ਮਾਂ-ਬਾਪ ਦਾ ਘਰ ਆਪਣਾ ਬਣਦਾ ਏ ਤੇ ਨਾ ਹੀ ਪਤੀ ਦਾ . . .।

ਭਾਪੇ ਦੇ ਰਮੇਸ਼ ਕੋਲ ਜਾਣ 'ਤੇ ਮੈਂ ਆਪਣੇ ਪਤੀ ਤੇ ਬੱਚਿਆਂ ਨਾਲ ਗਈ ਵੀ ਸੀ ਇੱਕ ਵਾਰ ਉਹਦੇ ਘਰ । ਆਸੇ-ਪਾਸੇ ਵਾਲਿਆਂ ਨੇ ਦੱਸਿਆਂ ਕਿ ਨੂੰਹ-ਪੁੱਤ ਤਾਂ ਉਹਨੂੰ ਬੁਲਾਉਂਦੇ ਤੱਕ ਨੀ। ਰਾਹਦਾਰੀ ਵਿਚ ਭਾਪੇ ਦਾ ਮੰਜਾ ਡਾਹਿਆ ਹੁੰਦਾ। ਸਵੇਰੇ ਇੱਕ ਰੋਟੀ ਅਚਾਰ ਨਾਲ ਅਤੇ ਰਾਤ ਨੂੰ ਇੱਕ ਬਾਟੀ ਚੌਲਾਂ ਦੀ। ਭਾਪੇ ਦੀ ਹਾਲਤ ਐਨੀ ਬਦਤਰ ਹੋ ਗਈ ਸੀ ਕਿ ਟੱਟੀ-ਪਿਸ਼ਾਬ ਵੀ ਬਿਸਤਰੇ 'ਤੇ ਹੀ ਕਰਦਾ ਸੀ, ਉੱਠਣ ਦੀ ਹਿੰਮਤ ਜੋ ਨਹੀਂ ਰਹੀ ਸੀ।

ਸਾਨੂੰ ਰਮੇਸ਼ ਦੀ ਵਹੁਟੀ ਤੇ ਬੱਚਿਆਂ ਨੇ ਪਾਣੀ ਤੱਕ ਨਾ ਪੁੱਛਿਆ। ਸ਼ਾਮੀਂ ਰਮੇਸ਼ ਆਇਆ ਤੇ ਦਸ ਮਿੰਟ ਸਾਡੇ ਕੋਲ ਬੈਠ ਕੇ ਉੱਪਰ ਚੁਬਾਰੇ ਵਿਚ ਚਲਾ ਗਿਆ। ਮੈਂ ਨਾ ਚਾਹੁੰਦੇ ਹੋਏ ਉਸ ਦੇ ਮਗਰ-ਮਗਰ ਚੁਬਾਰੇ 'ਤੇ ਚੜ੍ਹ ਗਈ। ਮੇਰੀ ਬਿੜਕ ਸੁਣ ਕੇ ਰਮੇਸ਼ ਦੀ ਵਹੁਟੀ ਬੈੱਡ ਉੱਤੇ ਚਾਦਰ ਤਾਣ ਕੇ ਲੇਟ ਗਈ। ਮੈਂ ਸਭ ਵੇਖ ਤਾਂ ਲਿਆ ਪਰ ਕਲੇਸ਼ ਪੈਣ ਦੇ ਡਰ ਤੋਂ ਚੁੱਪ ਰਹੀ। ਬੈੱਡ ਕੋਲ ਪਈ ਕੁਰਸੀ 'ਤੇ ਬੈਠ ਗਈ ਅਤੇ ਰਮੇਸ਼ ਨੂੰ ਸਮਝਾਇਆ, "ਰਮੇਸ਼ ਭਾਪੇ ਦੀ ਖੁਰਾਕ ਵੱਲ ਧਿਆਨ ਦੇ। ਦਿਨੋ ਦਿਨ ਕਮਜ਼ੋਰ ਹੋਈ ਜਾ ਰਿਹਾ ਏ. . . ।"

"ਮੈਥੋਂ ਨੀ ਇਹਦੀਆਂ ਟੱਟੀਆਂ ਸਾਫ ਹੁੰਦੀਆਂ। ਨਾ ਮੇਰੇ ਕੋਲ ਇਹਨੂੰ ਖਲਾਉਣ ਨੂੰ ਕੋਈ ਪੈਸਾ ਏ, ਬਾਹਲੀ ਔਖੀਂ ਆ ਤਾਂ ਤੂੰ ਕਿਉਂ ਨੀ ਲੈ ਜਾਂਦੀ ਆਪਣੇ ਘਰ . . ."

"ਅੱਛਾ! ਤੂੰ ਤਾਂ ਆਪਣੇ ਆਪ ਹੀ ਪਲ ਗਿਆ . . . ਬਿਨਾਂ ਕਿਸੇ ਹੂਜ਼ੱਤ ਦੇ ?"

ਅੱਗੋਂ ਰਮੇਸ਼ ਚੁੱਪ ਕਰ ਗਿਆ। ਮੈਂ ਵੀ ਬਹੁਤ ਔਖਾ ਆਪਣੇ ਆਪ 'ਤੇ ਕਾਬੂ ਪਾਇਆ। ਸੋਚਿਆ ਕਿਤੇ ਸਤੀਸ਼ ਹੇਠਾਂ ਬੈਠੇ ਕੁੱਝ ਸੁਣ ਹੀ ਨਾ ਲੈਣ। ਮੈਂ ਚੁੱਪ-ਚਾਪ ਹੇਠਾਂ ਉੱਤਰ ਆਈ। ਸਤੀਸ਼ ਤੋਂ ਡਰਦੀ ਨੇ ਫਿਰ ਵੀ ਭਾਪੇ ਨੂੰ ਬਹੁਤ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਮੇਰੇ ਨਾਲ ਚੱਲੇ . . . ਪਰ ਉਹ ਮੰਨਣ ਨੂੰ ਤਿਆਰ ਈ ਨਹੀਂ ਸੀ, ਜਿਵੇਂ ਮੰਜੇ ਉੱਤੇ ਪਿਆ ਆਪਣੀ ਮੌਤ ਹੀ ਉਡੀਕ ਰਿਹਾ ਹੋਵੇ।

ਭਾਪੇ ਨੂੰ ਅਲਵਿਦਾ ਕਹਿ ਕੇ ਅਸੀਂ ਰਸਤੇ ਵਿੱਚ ਹੀ ਪਹੁੰਚੇ ਸੀ ਕਿ ਮੇਰੇ ਫ਼ੋਨ 'ਤੇ ਰਮੇਸ਼ ਦੀ ਕਾਲ ਆ ਗਈ। ਹੈਲੋ ਕਰਨ 'ਤੇ ਕੋਈ ਨਾ ਬੋਲਿਆ। ਐਦਾ ਲੱਗ ਰਿਹਾ ਸੀ ਜਿਵੇਂ ਕੋਈ ਪਰਿੰਦਾ ਬਾਜ਼ ਦੇ ਪੰਜਿਆਂ ਵਿਚ ਜਕੜਿਆ ਵਿਲਕਦਾ ਹੋਵੇ। ਮੈਂ ਦੁਬਾਰਾ ਰਮੇਸ਼ ਦੇ ਫ਼ੋਨ 'ਤੇ ਕਾਲ ਕੀਤੀ । ਮੇਰੇ ਤੀਜੀ ਵਾਰ ਹੈਲੋ-ਹੈਲੋ ਕਹਿਣ 'ਤੇ ਭਾਪਾ ਬੋਲ ਪਿਆ,

"ਪੁੱਤ ਪਹੁੰਚਗੇ ਘਰ ?"

"ਨਹੀਂ ਭਾਪਾ! ਹਾਲੇ ਤਾਂ ਅਸੀਂ ਪੁਰਾਤਨ ਸ਼ਿਵ ਮੰਦਿਰ ਆਏ ਆ। ਸ਼ਿਵਰਾਤਰੀ ਦਾ ਮੱਥਾ ਟੇਕਣਾ ਸੀ ਨਾ। . . .ਕੀ ਗੱਲ ਕੋਈ ਕੰਮ ਸੀ ???"

"ਪੁੱਤ ਮੈਂ ਤਾਂ ਇਹੀ ਕਹਿਣਾ ਸੀ ਕੇ ਹੁਣ ਤੁਸੀਂ ਇੱਥੇ ਨਾ ਆਇਓ।

ਇਹ ਥੋਡਾ ਆਉਣਾ-ਜਾਣਾ ਚੰਗਾ ਨੀ ਸਮਝਦੇ। ਬਸ ਹੁਣ ਤੁਸੀਂ ਇੱਥੇ ਨਾ ਆਇਓ. . . ।"

"ਚੰਗਾ ਭਾਪਾ ਤੂੰ ਆਪਣਾ ਖਿਆਲ ਰੱਖੀਂ . . . ਆਪਣੀ ਖ਼ਬਰ-ਸਾਰ ਦਿੰਦਾ ਰਹੀ। ਅਸੀਂ ਨਹੀਂ ਆਵਾਂਗੇ।"

ਓਸ ਦਿਨ ਤੋਂ ਮੈਂ ਪੱਥਰ ਜਿਹੀ ਬਣ ਗਈ। ਸੋਚਦੀ ਰਹੀ ਕਿ ਇਹ ਓਹੀ ਰਮੇਸ਼ ਆ ਜਿਸ ਨੂੰ ਮੈਂ ਸਾਰੀ-ਸਾਰੀ ਰਾਤ ਜਾਗ ਕੇ ਪੜ੍ਹਾਉਂਦੀ ਸੀ, ਸਾਰਿਆ ਨਾਲੋਂ ਵੱਧ ਲਾਡ ਪਿਆਰ ਕਰਦੀ ਸੀ।ਉਸ ਨੂੰ ਇੱਕ ਪਲ ਵੀ ਦਰਦ ਨਾ ਹੋਇਆ ਇੱਕ ਧੀ ਨੂੰ ਬਾਪ ਤੋਂ ਮਿਲਣ ਲਈ ਰੋਕਦੇ ਹੋਏ ??? ਐਨਾ ਖਿਆਲ ਰੱਖਿਆ ਉਹਦਾ ਤੇ ਇਸ ਦੇ ਬਦਲੇ ਉਹਨੇ ਕੀ. . .

ਹੁਣ ਵੀ ਕੁੱਝ ਕਹਿਣੋ ਤਾਂ ਹੀ ਡਰ ਜਾਂਦੀ ਆ ਕਿ ਕਿਤੇ ਫਿਰ ਨਾ ਕਹਿ ਦੇਣ 'ਇੱਥੇ ਨਾ ਆਵੀਂ' ਉਹ ਤਾਂ ਹਰੀਪੁਰ ਵਾਲੀ ਭੂਆ ਦੀਆਂ ਮਿੰਨਤਾ ਕੀਤੀਆਂ ਰਮੇਸ਼ ਨੂੰ ਮਨਾਏ ਕਿ ਸਿਰਫ ਭੈਣ ਆ ਜਾਇਆ ਕਰੇ ।

ਓ ਸਾਹਮਣੇ ਰਮੇਸ਼ ਦਾ ਘਰ ਆ। ਮੈਂ ਆਪਣੇ ਆਪ ਨੂੰ ਸੰਭਾਲਦੀ ਗੇਟ ਖੋਲ੍ਹ ਕੇ ਅੰਦਰ ਚਲੇ ਜਾਂਦੀ ਆ। ਭਾਪਾ ਰਾਹਦਾਰੀ ਵਿਚ ਬਾਣ ਦੇ ਮੰਜੇ 'ਤੇ ਪਿਆ ਪਾਸੇ ਜਿਹੇ ਮਾਰ ਰਿਹਾ ਸੀ ਅਤੇ ਕੁੱਝ ਨਾ ਕੁੱਝ ਬੋਲੀ ਜਾ ਰਿਹਾ ਸੀ। ਮੈਨੂੰ ਦੇਖ ਕੇ ਖੁਸ਼ ਹੋ ਗਿਆ।

"ਆ ਗਿਆ ਤੂੰ ?"

"ਹਾਂ ਭਾਪਾ! ਮੈਂ ਆ ਗਈ।" ਮੈਨੂੰ ਲੱਗਿਆ ਸ਼ਾਇਦ ਭਾਪੇ ਨੂੰ ਕਿਸੇ ਹੋਰ ਦਾ ਭੁਲੇਖਾ ਪਿਆ ਹੋਵੇ . . . ਪਰ ਨਹੀਂ ਉਸ ਨੇ ਮੈਨੂੰ ਹੀ ਕਿਹਾ ਸੀ। . . . ਭਾਵੇ ਸਮਝ ਮੈਨੂੰ ਥੋੜੀ ਦੇਰ ਬਾਅਦ ਆਈ।

"ਰਸਗੁੱਲੇ ਲਿਆਈ ਆ ???"

"ਹਾਂ ਭਾਪਾ।" ਮੈਂ ਬੱਚਿਆਂ ਵਾਲੇ ਨਮਕੀਨ ਪਾਪੜ ਜਿਨਾਂ 'ਤੇ ਰਸਗੁੱਲੇ ਲਿਖਿਆ ਹੁੰਦਾ ਏ, ਵਾਲਾ ਪੈਕਟ ਖੋਲ੍ਹ ਕੇ ਭਾਪੇ ਨੂੰ ਖਿਲਾਉਂਦੀ ਆ।

"ਭਾਪਾ ਹੁਣ ਤਬੀਅਤ ਕਿਵੇਂ ਆ ਤੇਰੀ? ਪਿਸ਼ਾਬ ਆਈ ਜਾਂਦਾ ਏ ਖੁੱਲ ਕੇ, ਤਕਲੀਫ ਤਾਂ ਨੀ ਹੁੰਦੀ?"

"ਪਿਸ਼ਾਬ ਤਾ ਆਈ ਜਾਂਦੈ ਪੁੱਤ ਪਰ ਜਿਹੜੀ ਡਾਕਟਰਾਂ ਨੇ ਪਾਈਪ ਲਗਾਈ ਆ ਉਹਦੇ ਕਾਰਨ

ਅੰਦਰ ਜ਼ਖ਼ਮ ਬਣ ਗਏ ਨੇ।"

"ਜ਼ਖ਼ਮਾਂ ਕਾਰਨ ਦਰਦ ਵੀ ਬਹੁਤ ਹੁੰਦਾ ਹੋਣੈ . . . ਜ਼ਖ਼ਮ ਸੁਕਾਉਣ ਦੀ ਦਵਾਈ ਵੀ ਦੱਸੀ ਹੋਣੀ ਆ ਡਾਕਟਰਾਂ ਨੇ? "

"ਦਵਾਈ ਤਾਂ ਪੁੱਤ ਰਮੇਸ਼ ਨੂੰ ਬੰਦ ਕਰੇ ਦੋ ਮਹੀਨੇ ਤੋਂ ਵੀ ਉੱਪਰ ਹੋ ਗਿਆ ਹੋਣੈ।ਅਖੇ 'ਅੱਜ ਦੇ ਟੈਮ 'ਚ ਤਾਂ ਰੋਟੀ ਜੋਗੇ ਪੈਸੇ ਕਮਾਉਣੇ ਬੜੇ ਔਖੇ ਨੇ। ਉਂਝ ਵੀ ਉਮਰ ਦੇ ਸਾਥ ਨਾਲ ਮਰਨਾ ਤਾਂ ਹਰੇਕ ਨੇ ਹੀ ਏ . . . ਜੇ ਦਵਾਈਆਂ ਨਾਲ ਲੋਕੀਂ ਨਾ ਮਰਨ ਤਾਂ ਸਾਰੀ ਦੁਨੀਆਂ ਰੋਟੀ ਦੀ ਥਾਂ ਦਵਾਈਆਂ ਹੀ ਖਾਣ ਲੱਗ ਪਵੇ' ਸੋ ਮੁੜ ਮੈਂ ਵੀ ਨੀ ਕਿਹਾ ਕੁੱਝ।. . . ਬਾਕੀ ਗੱਲ ਰਹੀਂ ਜ਼ਖਮਾਂ ਦੀ, ਇਨ੍ਹਾਂ ਦਾ ਐਨਾਂ ਦਰਦ ਨੀ ਹੁੰਦਾ ਪੁੱਤ ਜਿੰਨਾ ਆਪਣਿਆਂ ਦੇ ਦਿੱਤੇ ਜ਼ਖ਼ਮਾਂ ਦਾ ਹੁੰਦੈ।ਹੁਣ ਤਾਂ ਬਸ ਆਪਣੀ ਮੌਤ ਉਡੀਕਦੈ. . . ਅੱਜ ਆਉਂਦੀ ਕਿ ਕੱਲ।"

"ਨਾ ਭਾਪਾ ਐਦਾਂ ਕਿਉਂ ਬੋਲਦੈ। ਹਾਲੇ ਤਾਂ ਮੈਨੂੰ ਉਰਦੂ ਦੇ ਅੰਕੜਿਆਂ ਦੀ ਹੀ ਪਹਿਚਾਣ ਕਰਨੀ ਆਈ ਆ, ਸ਼ਬਦਾਂ ਦੀ ਪਹਿਚਾਣ ਤਾਂ ਤੈਨੇ ਸਿਖਾਉਣੀ ਆ। ਨਾਲੇ ਤੈਨੇ ਤਾਂ ਸੁੱਖ ਨਾਲ ਆਪਣੇ ਦੋਹਤੇ-ਪੋਤਿਆਂ ਦੇ ਵਿਆਹ ਵੀ ਆਪਣੇ ਹੱਥੀਂ ਈ ਕਰਨੇ ਨੇ।. . . ਯਾਦ ਏ ਭਾਪਾ ਬਚਪਨ ਵਿੱਚ ਜਦ ਰਮੇਸ਼ ਨੂੰ ਤਾਪ ਨਹੀਂ ਉੱਤਰ ਰਿਹਾ ਸੀ ਤਾਂ ਤੂੰ ਕਿੰਨੇ ਹੀ ਡਾਕਟਰ ਬਦਲੇ ਕਦੇ ਪਟਿਆਲਾ ਕਦੇ ਲੁਧਿਆਣਾ ਤੇ ਕਦੇ ਚੰਡੀਗੜ੍ਹ। ਇੱਕ ਵਾਰ ਤਾਂ ਤੂੰ ਮੀਂਹ ਪੈਂਦੇ ਈ ਰਮੇਸ਼ ਨੂੰ ਗੋਦੀ ਚੁੱਕ ਕੇ ਲੈ ਗਿਆ ਸੀ ਸ਼ਹਿਰ ਦਵਾਈ ਦਿਵਾਉਣ। ਰਮੇਸ਼ ਤਾਂ ਠੀਕ ਹੋ ਗਿਆ ਪਰ ਤੈਨੂੰ ਨਿਮੋਨੀਆ ਹੋ ਗਿਆ ਸੀ। ਤਿੰਨ ਮਹੀਨੇ ਪਿਆ ਰਿਹਾ ਸੀ ਮੰਜੇ ਨਾਲ ਲੱਗ ਕੇ।"

"ਓਹੀ ਗੱਲਾਂ ਯਾਦ ਕਰ ਕਰ ਕੇ ਤਾਂ ਰੋਣਾ ਆ ਜਾਂਦੈ ਪੁੱਤ।"

ਦਰਵਾਜੇ ਦਾ ਖੜਾਕ ਹੋਇਆ ਏ। ਸ਼ਾਇਦ ਰਮੇਸ਼ ਦੁਪਹਿਰ ਦੀ ਰੋਟੀ ਖਾਣ ਆਇਆ ਹੋਣੈ।

"ਨਮਸਤੇ ਭੈਣ"

"ਨਮਸਤੇ ਰਮੇਸ਼। ਹੋਰ ਸੁਣਾ ਕੰਮ-ਕਾਰ ਠੀਕ ਚੱਲਦੈ?"

"ਕੰਮ-ਕਾਰ ਕਾਹਦਾ ਭੈਣ ਮੰਦਾ ਹੀ ਚੱਲ ਰਿਹੈ। ਅੱਜ ਦੀ ਮਹਿੰਗਾਈ ਦੇ ਦੌਰ 'ਚ ਤਾਂ ਦੋ ਟੈਮ ਦੀ ਰੋਟੀ ਮਿਲੀ ਜਾਵੇ ਬਹੁਤ ਆ।"

"ਘਬਰਾ ਨਾ ਤੂੰ ਭਾਪੇ ਦੀ ਸੇਵਾ ਕਰ ਪ੍ਰਮਾਤਮਾ ਤੈਨੂੰ ਕੋਈ ਘਾਟ ਨ੍ਹੀ ਆਉਣ ਦਿੰਦਾ।"

"ਭੈਣ ਤੈਨੂੰ ਕਿੰਨਾ ਟੈਮ ਹੋ ਗਿਆ ਆਈ ਨੂੰ ?"

"ਮੈਂ ਸਵੇਰੇ ਨੌਂ ਕੁ ਵੱਜੇ ਆ ਗਈ ਸੀ। ਭਾਪੇ ਨਾਲ ਗੱਲਾਂ ਕਰਦਿਆਂ ਟੈਮ ਦਾ ਪਤਾ ਈ ਨੀ ਲੱਗਿਆ।"

"ਇਹ ਕੀ ਗੱਲ ਆ ਭੈਣ ? ਇੱਕ ਵਾਰ ਚੁਬਾਰੇ ਚੜ੍ਹ ਕੇ ਸਿਮਰ ਨੂੰ ਤਾਂ ਮਿਲ ਆਉਂਦੀ ਉਹ ਤਾਂ ਪਹਿਲਾਂ ਹੀ ਗੁੱਸਾ ਕਰਦੀ ਆ ਕਿ ਭੈਣ ਸਾਨੂੰ ਆਪਣਾ ਸਮਝਦੀ ਹੀ ਨ੍ਹੀ।"

" ਚੱਲ ਮੈਂ ਤੇਰੇ ਨਾਲ ਈ ਉੱਪਰ ਚੱਲਦੀ ਆ। ਨਾਲੇ ਭਾਪੇ ਦੀ ਰੋਟੀ ਲੈ ਆਉਂਗੀ।"

ਸਿਮਰ ਨੇ ਮੈਨੂੰ ਪੋਲੇ ਜਿਹੇ ਬੁੱਲਾਂ ਨਾਲ ਨਮਸਤੇ ਬੁਲਾਈ ਤੇ ਦੋ ਥਾਲੀਆਂ ਸਾਡੇ ਦੋਵਾਂ ਮੂਹਰੇ ਰੱਖ ਦਿੱਤੀਆਂ। ਜਦ ਮੈਂ ਭਾਪੇ ਦੀ ਥਾਲੀ ਬਾਰੇ ਪੁੱਛਿਆਂ ਤਾਂ ਕਹਿਣ ਲੱਗੀ, 'ਉੱਨ੍ਹਾਂ ਦੇ ਰੋਟੀ ਹਜ਼ਮ ਨੀ ਆਉਂਦੀ ਸੋ ਦੋ ਟੈਮ ਦੀ ਹੀ ਖਾਂਦੇ ਨੇ।' ਮੈਂ ਜਾਣ ਬੁੱਝ ਕੇ ਨਲਕੇ ਦਾ ਪਾਣੀ ਪੀਣ ਦੇ ਬਹਾਨੇ ਥਾਲੀ ਹੇਠਾਂ ਲੈ ਆਈ ਅਤੇ ਭਾਪੇ ਨੂੰ ਰੱਜ ਕੇ ਰੋਟੀ ਖੁਆਈ। ਪਤਾ ਨੀ ਕਿਉਂ ਰੋਟੀ ਖਾਂਦੇ ਸਮੇਂ ਭਾਪੇ ਦੀਆਂ ਅੱਖਾਂ ਵਿੱਚੋ ਹੰਝੂ ਝਲਕਣ ਲੱਗੇ, ਮੈਂ ਹੈਰਾਨ ਸੀ ਕਿ ਇਹ ਓਹੀ ਦਲੇਰ ਸਰਪੰਚ ਕਿਸ਼ਨ ਦਿਆਲ ਏ ਜਿਸ ਤੋਂ ਕਿਸੇ ਸਮੇਂ ਵੱਡੇ-ਵੱਡੇ ਲੀਡਰ ਵੀ ਥਰ-ਥਰ ਕੰਬਦੇ ਹੁੰਦੇ ਸੀ।

ਇੱਕ ਉਹ ਸਮਾਂ ਸੀ ਜਦ ਸਵੇਰ ਤੋਂ ਈ ਪਿੰਡ ਦੇ ਲੋਕ ਭਾਪੇ ਕੋਲ ਆਪਣੀਆਂ ਸਮੱਸਿਆਵਾਂ ਦੇ

ਹੱਲ ਲਈ ਆਇਆ ਕਰਦੇ ਸੀ ਤੇ ਇੱਕ ਇਹ ਸਮਾਂ ਏ . . . ਲੋਕਾਂ ਦੀਆਂ ਸਮੱਸਿਆਵਾਂ ਸੁਲਝਾਉਣ ਵਾਲਾ ਸਰਪੰਚ ਅੱਜ ਖੁਦ ਆਪਣਿਆ ਲਈ ਸਮੱਸਿਆ ਬਣ ਚੁੱਕਾ ਏ।

ਰਾਤ ਨੂੰ ਰਮੇਸ਼ ਸਾਡੇ ਲਈ ਕੁੱਝ ਫੁਲਕੇ ਅਤੇ ਦਾਲ ਦੇ ਗਿਆ। ਮੈਂ ਉਹਨੂੰ ਆਪਣੇ ਕੋਲ ਬੈਠਣ ਲਈ ਵੀ ਕਿਹਾ ਪਰ . . . ਐਦਾ ਲੱਗਿਆ ਜਿਵੇਂ ਉਹਦਾ ਆਪਾ ਨਮੋਸ਼ੀ ਵੱਸ ਉਹਨੂੰ ਮੇਰੇ ਕੋਲ ਬੈਠਣ ਤੋਂ ਝਿੜਕ ਰਿਹਾ ਹੋਵੇ।

"ਗੁੱਡੀ ਤੂੰ ਉੱਪਰ ਜਾ ਕੇ ਰੋਟੀ ਲੈ ਆ।"

"ਭਾਪਾ ਅੱਜ ਰਮੇਸ਼ ਚੌਲ ਨੀ ਰੋਟੀ ਦੇ ਕੇ ਗਿਆ ਏ।"

ਭਾਪੇ ਨੇ ਖੁਸ਼ ਹੋ ਕੇ ਰੋਟੀ ਖਾਦੀ।ਮੈਂ ਵੀ ਭਾਪੇ ਦੇ ਕੋਲ ਈ ਆਪਣੀ ਮੰਜੀ ਡਾਹ ਲਈ।ਰਾਤ ਨੂੰ ਪਈ-ਪਈ ਦੀ ਪਿਆਸ ਕਾਰਨ ਨੀਂਦ ਖੁਲ ਗਈ ਅਤੇ ਘਬਰਾਹਟ ਜਿਹੀ ਮਹਿਸੂਸ ਹੋਣ ਲੱਗੀ। ਉੱਠ ਕੇ ਪਾਣੀ ਪੀਣ ਲੱਗਦੀ ਆ। ਦੀਵਾਰ 'ਤੇ ਟੰਗੇ ਟਾਇਮ ਪੀਸ ਵੱਲ ਦੇਖਦੀ ਹਾਂ ਸਵੇਰ ਦੇ ਪੌਣੇ ਚਾਰ ਵੱਜੇ ਨੇ। ਭਾਪੇ ਕੋਲ ਜਾ ਕੇ ਬੈਠ ਜਾਂਦੀ ਆ, ਕੋਈ ਹਿੱਲ-ਜੁਲ ਨਹੀਂ. . .। ਭਾਪੇ ਨੂੰ 'ਵਾਜ ਮਾਰ ਕੇ ਜਗਾਉਂਣ ਦੀ ਕੋਸ਼ਿਸ਼ ਕਰਦੀ ਆ। ਪਰ . . . ਭਾਪਾ ਸਾਰਿਆਂ ਨੂੰ ਅਲਵਿਦਾ ਕਹਿ ਗਿਆ ਸੀ। ਮੇਰੀਆਂ ਲੇਰਾਂ ਸੁਣ ਕੇ ਰਮੇਸ਼, ਉਸਦੀ ਵਹੁਟੀ ਅਤੇ ਬੱਚੇ ਚੁਬਾਰੇ ਤੋਂ ਹੇਠਾਂ ਉੱਤਰ ਆਏ।

ਅੱਧੇ ਘੰਟੇ ਬਾਅਦ ਸਤੀਸ਼ ਵੀ ਪਹੁੰਚ ਗਏ। ਸ਼ਾਇਦ ਰਮੇਸ਼ ਨੇ ਫ਼ੋਨ ਕੀਤਾ ਜਾਂ ਕਰਵਾਇਆ ਹੋਵੇ। ਸਵੇਰ ਤੱਕ ਸਭ ਰਿਸ਼ਤੇਦਾਰ ਇਕੱਠੇ ਹੋ ਗਏ ਪਰ ਮੇਰਾ ਕਿਸੇ ਨੂੰ ਮਿਲਣ ਨੂੰ ਦਿਲ ਨਾ ਕੀਤਾ . . . ਕਰਦਾ ਵੀ ਕਿਵੇਂ ਉਸਦੇ ਜਿਉਂਦੇ ਜੀਅ ਤਾਂ ਕਿਸੇ ਨੇ ਬਾਤ ਨੀ ਪੁੱਛੀ ਤੇ ਹੁਣ ਅਫ਼ਸੋਸ ਜ਼ਾਹਿਰ ਕਰਨ ਆਏ ਨੇ ਮਖੌਟੇ ਪਾ ਕੇ। ਪੰਡਿਤ ਦੁਆਰਾ ਦੱਸੇ ਰੀਤੀ-ਰਿਵਾਜ਼ ਨਿਭਾਅ ਕੇ ਭਾਪੇ ਨੂੰ ਸਸਕਾਰ ਲਈ ਲਿਜਾਇਆ ਗਿਆ। ਜਦ ਸਸਕਾਰ ਕਰਕੇ ਵਾਪਸ ਰਮੇਸ਼ ਦੇ ਘਰ ਪਹੁੰਚੇ ਤਾਂ ਮੈਂ ਰਾਹਦਾਰੀ ਵਿਚ ਬੈਠ ਗਈ, ਜਿੱਥੇ ਭਾਪੇ ਦਾ ਮੰਜਾਂ ਡਾਹਿਆ ਹੁੰਦਾ ਸੀ।ਰੋਂਦਿਆਂ-ਰੋਂਦਿਆਂ ਦੀ ਨਜ਼ਰ ਸਾਹਮਣੇ ਦੀਵਾਰ 'ਤੇ ਚਲੀ ਜਾਂਦੀ ਏ। . . . ਉਰਦੂ ਵਿਚ ਕੁੱਝ ਲਿਖਿਆ ਹੋਇਆ ਸੀ ਹੇਠਾਂ ਗਿਣਤੀ ਦੇ ਅੰਕੜੇ ਤਾਂ ਪੜ੍ਹ ਹੋ ਗਏ ਜੋ ਕਿ ਵੀਹ ਫਰਵਰੀ ਦੋ ਹਜ਼ਾਰ ਬਾਰਾਂ ਤਾਰੀਕ ਬਣਦੀ ਸੀ ਪਰ ਉਪਰ ਲਿਖੇ ਹਰਫ਼ ਨਾ ਪੜ੍ਹ ਸਕੀ। ਕਾਫ਼ੀ ਦੇਰ ਤੱਕ ਸੋਚਦੀ ਰਹੀ ਕਿ ਆਖਰ ਭਾਪੇ ਨੇ ਕੀ ਲਿਖਿਆ ਹੋਉਗਾ . . . ??? ਐਨੇ ਨੂੰ ਸਤੀਸ਼ ਨੇ ਵਾਪਸ ਜਾਣ ਲਈ ਅਵਾਜ਼ ਮਾਰ ਦਿੱਤੀ।

ਮੈਂ ਆਪਣੀਆਂ ਅੱਖਾਂ ਪੂੰਝੀਆਂ ਤੇ ਹਮੇਸ਼ਾ ਲਈ ਰਮੇਸ਼ ਦੇ ਘਰ ਨੂੰ ਅਲਵਿਦਾ ਕਹਿ ਬਿਨਾਂ ਕਿਸੇ ਨੂੰ ਮਿਲੇ ਬਾਹਰ ਨਿੱਕਲ ਆਈ। ਆਪਣੇ ਘਰ ਪਹੁੰਚਦੀ ਆ ਤਾਂ ਮੋਬਾਇਲ ਦੀ ਰਿੰਗ ਵੱਜਦੀ ਏ। ਫ਼ੋਨ ਚੁੱਕਦੀ ਆ ਤਾਂ ਅੱਗੋਂ ਕੰਪਿਊਟਰ ਆਪਰੇਟਰ ਫ਼ੋਨ ਦੇ ਬਿੱਲ ਦੀ ਅੰਤਿਮ ਤਰੀਕ ਵੀਹ ਜੂਨ ਚੇਤੇ ਕਰਾਉਂਦੀ ਏ। ਫ਼ੋਨ ਕੱਟ ਦਿੰਦੀ ਆ . . . ਅਚਾਨਕ ਕਾਲ ਲਾਗਸ ਖੋਲ੍ਹਦੀ ਆ। ਵੀਹ ਫਰਵਰੀ ਦੀ ਮਿਤੀ ਆਉਂਦੇ ਹੀ ਮੈਨੂੰ ਸ਼ਿਵਰਾਤਰੀ ਵਾਲਾ ਦਿਨ ਯਾਦ ਆ ਜਾਂਦਾ ਏ ਤਾਂ ਮੇਰੇ ਹੱਥੋਂ ਮੋਬਾਇਲ ਡਿੱਗ ਪੈਂਦਾ ਏ ਤੇ ਹੰਝੂ ਪਰਲ-ਪਰਲ ਵਹਿਣ ਲੱਗਦੇ ਨੇ। ਸੋਚਦਿਆਂ-ਸੋਚਦਿਆਂ ਮੇਰੀ ਭੁੱਬ ਨਿੱਕਲ ਜਾਂਦੀ ਏ ਕਿ ਉਸ ਬੇ-ਸਹਾਰਾ ਦੀ ਮੌਤ ਅੱਜ ਨਹੀਂ ਬਲਕਿ ਉਸਦਾ ਤਾਂ 'ਕਤਲ' ਹੋਇਆ ਏ 'ਕਤਲ' ਉਹ ਵੀ ਚਾਰ ਮਹੀਨੇ ਪਹਿਲਾਂ . . . •

ਵਾਰਡ ਨੰ: 03, ਮਕਾਨ ਨੰ: 169,
ਅਮਲੋਹ
(ਫਤਿਹਗੜ੍ਹ ਸਾਹਿਬ)
ਮੋਬਾ. 98555-86687

ਕਹਾਣੀ/ ਉਹ ਲੋਕ / ਸੰਤਵੀਰ

ਕਦੇ ਕਦੇ ਮੈਂ ਸੋਚਦਾ ਹਾਂ ਕਿ ਕੀ ਲਗਦਾ ਸੀ ਆਗਿਆ ਸਿੰਘ ਮੇਰਾ। ਨਾ ਕੋਈ ਉਮਰ ਦੀ ਸਾਂਝ ਨਾ ਕੋਈ ਖ਼ਿਆਲਾਂ ਦੀ ਸਾਂਝ ਅਤੇ ਨਾ ਹੀ ਅਸੀਂ ਕਿਸੇ ਇਕ ਜਾਤ ਬਰਾਦਰੀ ਦੇ ਸਾਂ ਪਰ ਪਤਾ ਨਹੀਂ ਕਿਉਂ ਅੱਜ ਵੀ ਉਹ ਮੇਰਿਆਂ ਚੇਤਿਆਂ ਵਿਚ ਵਸਦਾ ਰਹਿੰਦਾ ਹੈ। ਚਾਲੀ ਵਰ੍ਹੇ ਬੀਤ ਗਏ। ਚਾਲੀ ਵਰ੍ਹੇ ਬਹੁਤ ਲੰਮਾ ਅਰਸਾ ਹੁੰਦਾ ਹੈ। ਜਦੋਂ ਕਦੇ ਮੈਂ ਭੂਤ ਵਲ ਨਜ਼ਰ ਮਾਰਦਾ ਹਾਂ ਤਦ ਧੁੰਦਲੀਆਂ ਜਿਹੀਆਂ ਯਾਦਾਂ ਵਿਚੋਂ ਨਿਕਲ ਕੇ ਜਿਵੇਂ ਉਹ ਰੂਬਰੂ ਮੇਰੇ ਸਾਮ੍ਹਣੇ ਆ ਖਲੋਂਦਾ ਹੋਵੇ। ਉਹੀਓ ਲੰਮਾ ਕੱਦ ਲਮੋਤਰਾ ਜਿਹਾ ਚਿਹਰਾ। ਮੂੰਹ ਤੇ ਮਾਤਾ ਦੇ ਦਾਗ਼ ਬੋਕ ਨੁਮਾ ਦਾੜੀ ਦੇ ਛਿੱਦੇ ਵਾਲ। ਗੋਲ ਪੱਗ ਪੂਰਾ ਗੁਰਦਾਸਪੁਰੀਆਂ ਮਝੈਲ।

ਆਗਿਆ ਸਿੰਘ ਭਾਖੜਾ ਡੈਮ ਤੇ ਮਕੈਨੀਕਲ ਸਬ ਡਵੀਜ਼ਨਲ ਵਿਚ ਚਾਰਜਮੈਨ ਹੁੰਦਾ ਸੀ। ਟੈਕਨੀਕਲ ਬੰਦਿਆਂ ਵਿਚ ਇਕ ਰਿਵਾਜ਼ ਜਿਹਾ ਹੁੰਦਾ ਸੀ ਕਿ ਉਹ ਆਪ ਤੋਂ ਸੀਨੀਅਰ ਵਰਕਰ ਨੂੰ ਨਾਂ ਲੈਣ ਦੀ ਬਜਾਏ ਫੋਰਮੈਨ ਸਾਹਿਬ ਹੀ ਸੱਦਦੇ ਹੁੰਦੇ ਸਨ। ਮੈਂ ਵੀ ਉਨ੍ਹਾਂ ਦੀ ਰੀਸ ਵਿਚ ਆਗਿਆ ਸਿੰਘ ਨੂੰ ਫੋਰਮੈਨ ਸਾਹਿਬ ਹੀ ਕਹਿਣ ਲਗ ਪਿਆ ਸਾਂ। ਪਹਿਲਾਂ ਪਹਿਲਾਂ ਮੈਂ ਬਹੁਤ ਹੈਰਾਨ ਹੋਇਆ ਅਤੇਸੋਚਣ ਲੱਗਾ ਕਿ ਡੈਮ ਤੇ ਕਿੰਨੇ ਕੁ ਫੋਰਮੈਨ ਹੁੰਦੇ ਹੋਣਗੇ। ਮੇਰੀ ਆਗਿਆ ਸਿੰਘ ਦੇ ਨਾਲ ਵਾਕਫੀਅਤ ਉਦੋਂ ਹੋਈ ਸੀ ਜਦੋਂ ਮੈਨੂੰ ਪਹਿਲੀ ਵਾਰ ਭਾਖੜਾ ਡੈਮ ਤੇ ਟਾਇਮ ਕਲਰਕ ਦੀ ਨੌਕਰੀ ਮਿਲੀ ਸੀ। ਉਮਰ ਮਸਾਂ ਅਠਾਰਾਂ ਕੁ ਸਾਲਾਂ ਦੀ। ਘਰ ਤੋਂ ਬਾਹਰ ਰਹਿਣ ਦਾ ਨਵਾਂ ਨਵਾਂ ਅਨੁਭਵ ਪੇਂਡੂ ਪਿਛੋਕੜ ਕੱਦ ਕਾਠੋਂ ਹਲਕਾ ਅਤੇ ਸਰੀਰ ਤੋਂ ਵੀ ਲਿੱਸਾ ਜਿਹਾ। ਸਾਡਾ ਅਸਲ ਕੰਮ ਤਾਂ ਭਾਖੜਾ ਡੈਮ ਦੀਆਂ ਵੱਖ-ਵੱਖ ਸ਼ਾਪਾਂ ਵਿਚ ਘੁੰਮ ਕੇ ਹਾਜਰੀ ਚੈੱਕ ਕਰਨ ਦਾ ਹੁੰਦਾ ਸੀ ਪਰ ਮੈਨੂੰ ਟਾਈਮ ਕੀਪਿੰਗ ਸਬ ਡਵੀਜ਼ਨ ਦੇ ਐਸ. ਡੀ. ਓ. ਨੇ ਦਫ਼ਤਰ ਵਿਚ ਹੀ ਰੱਖ ਲਿਆ ਸੀ। ਇਹ ਉਹ ਦਿਨ ਸਨ ਜਦੋਂ ਭਾਖੜਾ ਡੈਮ ਤੇ ਉਸਾਰੀ ਦਾ ਕੰਮ ਤਾਂ ਲਗਪਗ ਮੁੱਕ ਹੀ ਚੁੱਕਾ ਸੀ ਅਤੇ ਡੈਮ 'ਤੇ ਸਿਰਫ ਅਪਰੇਸ਼ਨਲ ਸਟਾਫ਼ ਦੀ ਹੀ ਲੋੜ ਸੀ ਇਸ ਲਈ ਵਰਕਰਾਂ ਦੀ ਛਾਂਟੀ ਦਾ ਬਹੁਤ ਰੌਲਾ ਪਿਆ ਹੋਇਆ ਸੀ। ਛਾਂਟੀ ਦੀ ਪ੍ਰਕਿਰਿਆ ਦੇ ਪਹਿਲੇ ਪੜਾਅ 'ਤੇ ਕੁਝ ਸੀਨੀਅਰ ਵਰਕਰਾਂ ਨੂੰ ਦੂਜੇ ਡੈਮਾਂ 'ਤੇ ਜਿੱਥੇ ਉਸਾਰੀ ਦਾ ਕੰਮ ਚਲ ਰਿਹਾ ਸੀ 'ਤੇ ਬਦਲਿਆ ਜਾ ਰਿਹਾ ਸੀ।

ਮੈਂ ਆਪਣੇ ਇਕ ਵਾਕਿਫ ਧਰਮ ਸਿੰਘ ਲੈਂਗੀਏ ਕੋਲ ਕੁਝ ਦਿਨ ਲਈ ਰਹਿ ਰਿਹਾ ਸਾਂ, ਜਿਹੜਾ ਇਸ ਪ੍ਰਜੈਕਟ ਤੇ ਬਿਜਲੀ ਵਿਭਾਗ ਵਿਚ ਕੰਮ ਕਰਦਾ ਹੁੰਦਾ ਸੀ। ਉਹ ਨੰਗਲ ਡੈਮ ਤੋਂ ਥੋੜ੍ਹੀ ਜਿਹੀ ਦੂਰੀ ਤੇ ਬਲਸੇੜੇ ਪਿੰਡ ਵਿਚ ਰਹਿੰਦਾ ਹੁੰਦਾ ਸੀ। ਅਤੇ ਆਗਿਆ ਸਿੰਘ ਨਾਂ ਦਾ ਗੁਰਦਾਸਪੁਰੀਆਂ ਮਝੈਲ ਉਸ ਦੇ ਨਾਲ ਵੱਖ ਕਮਰੇ ਵਿਚ ਰਹਿੰਦਾ ਹੁੰਦਾ ਸੀ। ਦੋਹਾਂ ਕਮਰਿਆਂ ਵਿਚਕਾਰ ਇਕ ਦਰਵਾਜਾ ਸੀ ਜਿਹੜਾ ਉਹ ਨੌਕਰੀ ਤੋਂ ਜਾਣ ਸਮੇਂ ਬੰਦ ਕਰ ਲੈਂਦੇ ਸਨ ਅਤੇ ਆ ਕੇ ਖੋਲ ਦਿੰਦੇ ਹੁੰਦੇ ਸਨ। ਊਨੇ ਵੱਲ ਨੂੰ ਜਾਂਦੀ ਸੜਕ ਤੋਂ ਥੋੜ੍ਹਾ ਜਿਹਾ ਹੱਟ ਕੇ ਉਨ੍ਹਾਂ ਦੇ ਕਮਰੇ ਸਨ ਜਿਨ੍ਹਾਂ ਦੇ ਸਾਮ੍ਹਣੇ ਉੱਚਾ ਪੱਕਾ ਚੌਂਤਰਾ ਸੀ ਜਿੱਥੇ ਆਗਿਆ ਸਿੰਘ ਦੋਹਾਂ ਹੱਥਾਂ ਨਾਲ ਆਪਣਾ ਸਾਈਕਲ ਚੁੱਕ ਕੇ ਖੜਾ ਕਰ ਦਿੰਦਾ ਸੀ। ਉਹ ਹਰ ਰੋਜ਼ ਬਲਸੇੜੇ ਤੋਂ ਨੰਗਲ ਟਾਊਨ ਸਿੱਪ ਤਕ ਸਾਇਕਲ ਤੇ ਆਉਂਦਾ ਅਤੇ ਉਥੋਂ ਇੱਕ ਛਕੜਾ ਜਿਹੀ ਡੀਜ਼ਲ ਨਾਲ ਚਲਣ ਵਾਲੀ ਰੇਲ ਗੱਡੀ 'ਤੇ ਭਾਖੜਾ ਡੈਮ ਤਕ ਜਾਂਦਾ ਹੁੰਦਾ ਸੀ। ਇਹ ਗੱਡੀ ਹੌਲੀ ਹੌਲੀ ਡਿਚਕੂੰ-ਡਿਚਕੂੰ ਕਰਦੀ ਨੰਗਲ ਡੈਮ ਤੋਂ ਭਾਖੜੇ ਡੈਮ ਤੱਕ ਦਾ ਨੌਂ ਕਿਲੋਮੀਟਰ ਦਾ ਸਫ਼ਰ ਸੱਤ ਥਾਂ ਤੇ ਰੁੱਕ ਕੇ ਲਗਭਗ

ਚਾਲੀ ਮਿੰਟਾਂ ਵਿਚ ਤੈਅ ਕਰਦੀ ਹੁੰਦੀ ਸੀ। ਪਹਾੜੀ ਰਸਤੇ ਵਿਚੋਂ ਸੱਪ ਵਾਂਗੂੰ ਵਲ ਖਾਂਦੀ ਕਿਤੇ ਸੁਰੰਗ ਵਿਚ ਲੰਘਦੀ ਅਤੇ ਕਦੇ ਧਰਤੀ ਦੇ ਹੇਠ ਕਿਸੇ ਨਾਲੇ ਵਾਂਗ ਵਗਦੇ ਦਿਸਦੇ ਸਤਲੁੱਜ ਦਰਿਆ ਦੇ ਨਾਲ ਨਾਲ ਤੁਰਦੀ ਕੁਦਰਤੀ ਸੁਹੱਪਣ ਅਤੇ ਹਰਿਆਵਲ ਵਾਦੀ ਵਿਚੋਂ ਸੈਰ ਕਰਾਉਂਦੀ ਜਾਂਦੀ।

ਇਸ ਰੇਲ ਗੱਡੀ ਦਾ ਵੀ ਆਪਣਾ ਇਤਿਹਾਸ ਸੀ ਆਪਣਾ ਵੱਖਰਾ ਹੀ ਸਭਿਆਚਾਰ ਸੀ। ਇਹ ਨੰਗਲ ਵਰਕਸ਼ਾਪ ਤੱਕ ਦਾ ਹੀ ਸਫ਼ਰ ਤੈਅ ਕਰਦੀ ਰਹੀ। ਪੁਰਾਣੀ ਹੋਣ ਉਪਰੰਤ ਇਸ ਦਾ ਢਾਂਚਾ ਕਬਾੜ ਬਣ ਕੇ ਨੰਗਲ ਵਰਕਸ਼ਾਪ ਦੇ ਹੀ ਲੇਖੇ ਲੱਗਿਆ। ਇਸ ਗੱਡੀ ਦੇ ਡੱਬੇ ਲੱਕੜ ਦੇ ਅਤੇ ਸੀਟਾਂ ਵੀ ਲੱਕੜ ਦੀਆਂ । ਇਹ ਆਪਣੀ ਮੰਜਿਲ ਤੱਕ ਦਿਨ ਵਿਚ ਕਈ ਚੱਕਰ ਮਾਰਦੀ ਅਤੇ ਵੱਖ ਵੱਕ ਸਿਫਟਾਂ ਵਿਚ ਭਾਖੜਾ ਡੈਮ 'ਤੇ ਕੰਮ ਕਰਦੇ ਵਰਕਰਾਂ ਨੂੰ ਢੋਂਦੀ ਰਹਿੰਦੀ ਸੀ। ਇਸ ਵਿਚ ਦੋ ਡੱਬੇ ਅਜਿਹੇ ਸਨ ਜਿਨ੍ਹਾਂ ਨੂੰ ਭਗਤਾਂ ਦੇ ਡੱਬੇ ਕਿਹਾ ਜਾਂਦਾ ਸੀ। ਇਕ ਵਿਚੋਂ ਸਵੇਰ ਸ਼ਾਮ ਸਤਿਨਾਮ-ਸਤਿਨਾਮ ਜੀ ਵਾਹਿਗੁਰੂ ਵਾਹਿਗੁਰੂ ਜੀ ਦੀਆਂ ਆਵਾਜ਼ਾਂ ਨਾਲ ਇਕ ਮਨ ਇਕ ਚਿੱਤ ਹੋ ਕੇ ਵਰਕਰ ਪ੍ਰਭੂ ਭਗਤੀ ਵਿਚ ਲੀਨ ਹੋ ਜਾਂਦੇ। ਸੰਗਰਾਦ ਵਾਲੇ ਦਿਨ ਇਸ ਡੱਬੇ ਵਿਚ ਦੇਗ ਵਰਤਾਈ ਜਾਂਦੀ। ਦੂਜਾ ਡੱਬੇ ਵਿਚ ਹਰੇ ਰਾਮ ਹਰੇ ਕ੍ਰਿਸ਼ਨਾ ਹਰੇ ਹਰੇ ਦਾ ਮਧੁਰ ਸੰਗੀਤ ਵਰਕਰ ਢੋਲਕੀ ਦੀ ਮੱਠੀ ਮੱਠੀ ਤਾਲ ਨਾਲ ਇਕ ਸੁਰ ਹੋ ਜਾਂਦੇ। ਇਸ ਡੱਬੇ ਵਿਚ ਪੂਰਨਮਾਸ਼ੀ ਵਾਲੇ ਦਿਨ ਪਤਾਸਿਆ ਦਾ ਭੋਗ ਵਰਤਾਇਆ ਜਾਂਦਾ। ਇਕ ਡੱਬਾ ਅਜਿਹਾ ਹੁੰਦਾ ਜਿਸ ਵਿਚ ਮੁੰਡੀਰ-ਬਾਧਾ ਹੱਲਾ-ਗੁੱਲਾ ਕਰਦਾ ਰਹਿੰਦਾ। ਵੱਖ-ਵੱਖ ਚੌਕੜੀਆਂ ਤਾਸ਼ ਕੁਟਦੀਆਂ। ਕੋਈ ਸੀਪ ਖੇਡਦਾ ਅਤੇ ਕੋਈ ਰੰਗ ਥੱਲ੍ਹੇ ਦੂਸਰ। ਗਾਲ੍ਹ -ਦੁਪੜ ਉੱਚੀ-ਉੱਚੀ ਚੀਕਾਂ। ਸਿਗਰਟ ਬੀੜ੍ਹੀਆਂ ਦਾ ਧੂੰਆਂ। ਕਦੇ ਕਦੇ ਕੋਈ ਵਰਕਰ ਆਪਣੇ ਬਟੂਏ ਵਿਚ ਆਫੀਮ ਦੀ ਗੋਲੀ ਕੱਢ ਕੇ ਆਪਣੇ ਸਾਥੀਆਂ ਨੂੰ ਨਾਗਣੀ ਦਾ ਲਟਕਾ ਵੀ ਦੁਆ ਦਿੰਦਾ। ਬਾਕੀ ਕੁਝ ਡੱਬੇ ਅਜਿਹੇ ਵੀ ਹੁੰਦੇ ਸਨ ਜਿੱਥੇ ਵਰਕਰ ਅਰਾਮ ਨਾਲ ਬੈਠ ਕੇ ਖਿੜਕੀ ਵਲ ਮੂੰਹ ਕਰ ਕੇ ਕੁਦਰਤ ਰਾਣੀ ਦੇ ਖੁੱਲ੍ਹੇ ਦਰਸ਼ਨ ਦੀਦਾਰ ਕਰਦੇ ਮਨਾਂ ਵਿਚ ਕਿੰਨਾ ਕੁਝ ਚਿਤਰੀ ਜਾਂਦੇ।

ਮੈਨੂੰ ਕੁਝ ਦਿਨ ਆਗਿਆ ਸਿੰਘ ਆਪਣੇ ਨਾਲ ਭਾਖੜਾ ਡੈਮ ਤੇ ਲੈ ਕੇ ਜਾਂਦਾ ਰਿਹਾ। ਸਰਦੀਆਂ ਦੇ ਦਿਨ ਸਨ। ਸਵੇਰ ਸਾਰ ਤਾਂ ਬਹੁਤ ਜਿਆਦਾ ਠੰਡ ਹੁੰਦੀ। ਆਗਿਆ ਸਿੰਘ ਦੇ ਸਾਇਕਲ 'ਤੇ ਬੈਠਾ ਮੈਂ ਠੰਡ ਵਿਚ ਠਰ ਜਾਂਦਾ। ਮੇਰੇ ਦੰਦ ਵੱਜਣ ਲਗ ਪੈਂਦੇ। ਉਹ ਸਵੇਰ ਸਾਰ ਮੂੰਹ ਹਨੇਰੇ ਆਪਣੀ ਡਿਉਟੀ 'ਤੇ ਜਾਣ ਲਈ ਤਿਆਰ ਹੋ ਜਾਂਦਾ। ਦਾੜੀ ਨੂੰ ਠਾਠੀ ਬੰਨ੍ਹਦਾ। ਕਾਲੀ ਕੰਬਲੀ ਦੀ ਬੁੱਕਲ ਮਾਰਦਾ 'ਚਲ ਬਈ ਨਿੱਕੇ ਬੈਹ ਖਾਂ ਸੀਕਲ ਤੇ' ਉਹ ਚੌਂਤਰੇ ਤੋਂ ਸਾਇਕਲ ਉਤਾਰ ਕੇ ਸਾਇਕਲ ਤੇ ਦੋਹੀਂ ਪਾਸੇ ਪੈਰ ਲਾ ਖਲੋ ਜਾਂਦਾ। ਮੈਂ ਮੱਲਕ ਦੇ ਕੇ ਸਾਇਕਲ 'ਤੇ ਬੈਠ ਜਾਂਦਾ। ਉਹ ਸਾਇਕਲ ਨੂੰ ਪਹਿਲਾਂ ਜੋਰ ਜੋਰ ਨਾਲ ਪੈਡਲ ਮਾਰ ਕੇ ਰੇਹੜੇ ਪਾ ਲੈਂਦਾ ਅਤੇ ਫੇਰ ਉਸ ਦਾ ਸਾਇਕਲ ਪੂਰੀ ਰਫ਼ਤਾਰ ਨਾਲ ਧੁੰਦ ਨੂੰ ਚੀਰਦਾ ਹੋਇਆ ਸੜਕ ਤੇ ਦੌੜਿਆ ਜਾਂਦਾ। ਨੰਗਲ ਆ ਕੇ ਪਹੁ-ਫਟਾਲਾ ਹੁੰਦਾ। ਆਗਿਆ ਸਿੰਘ ਸਾਈਕਲ ਨੂੰ ਸਟੈਂਡ ਤੇ ਲਾਉਂਦਾ ਅਤੇ ਅਸੀਂ ਦੋਵੇਂ ਖਟਾਰਾ ਕਿਸਮ ਦੀ ਰੇਲ ਗੱਡੀ ਵਿਚ ਬੈਠ ਕੇ ਆਪਣੀ ਆਪਣੀ ਡਿਊਟੀ 'ਤੇ ਚਲੇ ਜਾਂਦੇ। ਸ਼ਾਮ ਨੂੰ ਫੇਰ ਨੰਗਲ ਟਾਊਨ ਸਿੱਪ ਦੇ ਸਟੇਸ਼ਨ ਤੇ ਉਤਰ ਕੇ ਰੇਲਵੇ ਲਾਈਨ ਦੇ ਨਾਲ ਲੱਗੀ ਰੇਲਿੰਗ ਕੋਲ ਆਪਣੀ ਸਾਇਕਲ ਖੜੀ ਕਰ ਕੇ ਮੇਰਾ ਇੰਤਜ਼ਾਰ ਕਰਦਾ। ਉਹ ਮੈਨੂੰ ਸਾਇਕਲ 'ਦੇ ਕੈਰੀਅਰ ਤੇ ਬੈਠਣ ਦਾ ਇਸ਼ਾਰਾ ਕਰਦਾ। ਹਨੇਰਾ ਗਾੜ੍ਹਾ ਹੋ ਜਾਂਦਾ। ਸ਼ਹਿਰ ਵਿਚ ਲਾਈਟਾਂ ਦੀ ਮੱਧਮ ਜਿਹੀ ਰੋਸ਼ਨੀ ਵਿਚ ਉਸ ਦਾ ਸਾਇਕਲ ਥੋੜ੍ਹੀ ਦੇਰ ਵਿਚ ਹੀ ਨੰਗਲ ਡੈਮ ਟੱਪ ਕੇ ਊਨੇ ਵਾਲੀ ਸੜਕ 'ਤੇ ਚੜ੍ਹ ਜਾਂਦਾ। ਉਸ ਦਾ ਸਾਇਕਲ ਐਨੀ ਰਫ਼ਤਾਰ ਨਾਲ ਦੌੜਦਾ ਕਿ ਮਜ਼ਾਲ ਐ ਕੋਈ ਸਾਇਕਲ ਸਵਾਰ ਉਸ ਨੂੰ ਕਰਾਸ ਕਰ ਜਾਵੇ। ਮੈਂ ਠੰਡ ਵਿਚ ਸੁੰਗੜਦਾ ਜਾਂਦਾ ਅਤੇ ਕੈਰੀਅਰ 'ਤੇ ਬੈਠਾ ਸਾਈਕਲ ਦੇ

ਟਾਇਰਾਂ ਦੀ ਆਵਾਜ਼ ਸੁਣਦਾ ਰਹਿੰਦਾ। ਕਦੇ ਉਤਰਾਈ ਅਤੇ ਕਦੇ ਚੜ੍ਹਾਈ। ਕਦੇ ਡੈਮ ਵਲ ਜਾਂਦਿਆਂ ਤੇਜ ਰੋਸ਼ਨੀ ਸੜਕ ਤੇ ਫੈਲ ਜਾਂਦੀ ਅਤੇ ਡੈਮ ਤੋਂ ਅਗਾਂਹ ਇੱਕ ਦਮ ਘੁੱਪ ਹਨੇਰਾ ਛਾ ਜਾਂਦਾ। ਕੋਈ ਟਾਵਾਂ ਟਾਵਾਂ ਵਹੀਕਲ ਕੋਲੋਂ ਗੁਜਰ ਕੇ ਸੜਕ ਤੇ ਦੂਰ ਤਕ ਰੋਸ਼ਨੀ ਖਲੇਰ ਦਿੰਦਾ ਅਤੇ ਇਸ ਤੋਂ ਇਕ ਦਮ ਸੜਕ ਦਾ ਨੂਰਮਈ ਰੰਗ ਕਾਲੇ ਹਨੇਰੇ ਜਿਹਾ ਹੋ ਜਾਂਦਾ। ਕਿੰਨਾ ਸਮਾਂ ਡੈਮ ਦੇ ਪਾਣੀ ਦੀ ਆਵਾਜ਼ ਦਾ ਸ਼ੋਰ ਸੁਣਦਾ ਰਹਿੰਦਾ। ਹੌਲੀ ਹੌਲੀ ਅਸੀਂ ਡੈਮ ਦੀਆਂ ਰੋਸ਼ਨੀਆਂ ਤੋਂ ਦੂਰ ਲੰਘ ਜਾਂਦੇ ਅਤੇ ਬਲਸੇੜੇ ਪਹੁੰਚ ਜਾਂਦੇ। ਲੌਂਗੀਆਂ ਸਾਥੋਂ ਪਹਿਲਾਂ ਆ ਜਾਂਦਾ। ਆਗਿਆ ਸਿੰਘ ਰੋਜ ਵਾਂਗ ਦੋਹਾਂ ਹੱਥਾਂ ਨਾਲ ਚੁੱਕ ਕੇ ਸਾਈਕਲ ਨੂੰ ਫੇਰ ਚੌਂਤਰੇ ਤੇ ਖੜਾ ਕਰ ਦਿੰਦਾ। ਉਹ ਕਮਰੇ ਦਾ ਦਰਵਾਜ਼ਾ ਬੰਦ ਕਰਦਾ। ਕਪੜੇ ਬਦਲਦਾ। ਤੇੜ ਨਿੱਕੀ-ਨਿੱਕੀ ਡੱਬੀ ਦਾ ਚਾਦਰਾ ਬੰਨ੍ਹ ਲੈਂਦਾ। ਸਿਰ 'ਤੇ ਪਰਨਾ। ਵਲੇਟਦਾ ਅਤੇ ਆਪਣੇ ਕਮਰੇ ਵਿਚ ਰੋਟੀ ਬਨਾਉਣ ਦੇ ਆਹਰ ਵਿਚ ਜੁਟ ਜਾਂਦਾ। ਦੋਹਾਂ ਦੇ ਸਟੋਵਾਂ ਦੀ ਗੂੰਜ ਵਿਚ ਸਿਰਫ ਆਗਿਆ ਸਿੰਘ ਦੇ ਗੀਤ ਦੀ ਆਵਾਜ਼ ਮੇਰੇ ਕੰਨੀਂ ਪੈਂਦੀ। ਸੁਣ ਪੱਪੂ ਦਿਆ ਭਾਪਾ ਵੇ, ਫੜ ਪੱਪੂ ਭਾਂਡੇ ਮਾਂਜ ਲਾਂ,

ਨੀ ਠਹਿਰ ਪੱਪੂ ਦੀਏ ਝਾਈਏ ਨੀ ਕੁੜਤੇ ਨੂੰ ਬੱਟਣ ਲਾ ਲਵਾਂ।

ਮੈਂ ਲੌਂਗੀਏ ਕੋਲ ਮਸਾਂ ਹਫ਼ਤਾ ਕੁ ਰਹਿਣ ਮਗਰੋਂ ਨੰਗਲ ਟਾਊਨ ਸਿੱਪ ਵਿਖੇ ਹੀ ਵੱਖਰਾ ਕਮਰਾ ਲੈ ਕੇ ਰਹਿਣ ਲੱਗ ਪਿਆ ਸਾਂ। ਹੁਣ ਮੈਨੂੰ ਆਗਿਆ ਸਿੰਘ ਬਹੁਤ ਘਟ ਮਿਲਦਾ । ਬਸ ਐਨੀ ਕੁ ਸਾਡੀ ਸਾਂਝ ਰਹੀ। ਪਰ ਐਨੀ ਕੁ ਸਾਂਝ ਵਿਚ ਆਗਿਆ ਸਿੰਘ ਨਿੱਕੇ ਬੱਚੇ ਵਾਂਗ ਬਹੁਤ ਮੋਹ ਕਰਨ ਲੱਗ ਪਿਆ ਸੀ। ਵਰਕਰਾਂ ਦੀ ਛਾਂਟੀ ਸ਼ੁਰੂ ਹੋ ਗਈ ਸੀ। ਮੈਨੂੰ ਵੀ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਸਾਲ ਕੁ ਮਗਰੋਂ ਮੈਨੂੰ ਫੇਰ ਇਕ ਵਾਰ ਨੰਗਲ ਵਿਖੇ ਕਿਸੇ ਕੰਮ ਆਉਣਾ ਪਿਆ। ਪੈਦਲ ਟੁਰ ਕੇ ਆਉਣ ਕਾਰਨ ਨੰਗਲ ਬਸ ਸਟੈਂਡ ਤੇ ਆਉਣ ਨੂੰ ਪੌਣਾ ਘੰਟਾ ਲਗ ਗਿਆ। ਘੁਸਮੁਸਾ ਜਿਹਾ ਹਨੇਰਾ ਪੈ ਚਲਿਆ। ਅਜੇ ਮੈਂ ਨਹਿਰ ਦੇ ਪੁਲ 'ਤੇ ਹੀ ਸਾਂ ਕਿ ਆਗਿਆ ਸਿੰਘ ਮੇਰੇ ਅੱਗੇ ਆ ਕੇ ਖਲੋ ਗਿਆ। ਮੈਨੂੰ ਤੱਕ ਕੇ ਉਹ ਹੈਰਾਨ ਜਿਹਾ ਹੋਇਆ ਅਤੇ ਫੇਰ ਬਹੁਤ ਮੋਹ ਅਤੇ ਅਪਣੱਤ ਨਾਲ ਕਹਿਣ ਲੱਗਾ, ਉਇ ਨਿੱਕੇ ਤੂੰ ! ਵਾਹ, ਹੁਣ ਤਾਂ ਵਾਹਵਾ ਕੱਦ ਕੱਢ ਆਇਆ ਏ... ਦਾੜੀ ਵੀ ਆਉਣ ਡਹੀ ਏ। ਤੂੰ ਇੱਥੇ ਕਿਵੇਂ ਆਇਐਂ?''

ਮੈਂ ਸਤਿ ਸੀ ਅਕਾਲ ਬੁਲਾਈ , ''ਮੈਂ ਨੰਗਲ ਆਇਆ ਸੀ ਜਰਾ ਲੇਟ ਹੋ ਗਿਆ।''

''ਤੂੰ ਹੁਣ ਕਿੱਥੇ ਚੱਲਿਆ ਵਾਂ।''

''ਵਾਪਸ ਘਰੇ।''

ਉਸ ਨੇ ਘੜੀ ਵਲ ਤੱਕਿਆ ਅਤੇ ਸੋਚਕੇ ਕਹਿਣ ਲੱਗਾ, ''ਵਾਪਸ ਹੁਣ ਤੂੰ ਕਿਵੇਂ ਜਾਏਂਗਾ, ਆਖਰੀ ਬਸ ਤੇ ਲੰਘ ਗਈ ਏ ਅਤੇ ਰੇਲ ਦਾ ਵੀ ਹੁਣ ਕੋਈ ਟੈਮ ਨਹੀਂ ਜੇ ਰਿਹਾ ਰੇਲ ਇੱਥੋਂ ਦਸ ਵਜੇ ਚਲੇਗੀ ਅਤੇ ਰਾਤੀਂ ਇਕ ਵਜੇ ਪੁਚਾਏਗੀ। ਤੂੰ ਇੰਜ ਕਰ ਮੇਰੇ ਸਕੂਟਰ ਤੇ ਬੈਠ ਅੱਜ ਰਾਤੀਂ ਮੇਰੇ ਕੋਲੀ ਅਟਕ ਜਾਵੀਂ। ਇਕ ਪਲ ਮੈਂ ਸੋਚਾਂ ਵਿਚ ਪੈ ਗਿਆ। ਰਾਤ ਦੀ ਖੱਜਲ ਖੁਆਰੀ ਤੋਂ ਮੈਨੂੰ ਡਰ ਜਿਹਾ ਲਗਣ ਲਗ ਪਿਆ। ਮੈਂ ਥੋੜ੍ਹੀ ਜਿਹੀ ਝਿੜਕ ਨਾਲ ਉਸ ਦੇ ਸਕੂਟਰ 'ਤੇ ਬੈਠ ਗਿਆ। ਡਬਲ ਈ. ਈ. ਬਲਾਕ ਕੋਲ ਆ ਕੇ ਉਸ ਨੇ ਇਕ ਕੁਆਟਰ ਅੱਗੇ ਸਕੂਟਰ ਖੜਾ ਕੀਤਾ। ਦਰਵਾਜ਼ਾ ਖੜਕਾਇਆ। ਅੰਦਰੋਂ ਸੱਜ ਵਿਆਹੀ ਔਰਤ ਨੇ ਦਰਵਾਜ਼ਾ ਖੋਲ੍ਹਿਆ । ਮੈਂ ਸਮਝ ਗਿਆ ਕਿ ਆਗਿਆ ਸਿੰਘ ਨੇ ਵਿਆਹ ਕਰਵਾ ਲਿਆ ਹੈ। ਹਲਕੀ ਹਲਕੀ ਠੰਡ ਸੀ। ਮੇਰੇ ਕੋਈ ਗਰਮ ਕਪੜਾ ਵੀ ਨਹੀਂ ਸੀ ਪਹਿਨਿਆ ਹੋਇਆ। ਕੁਆਟਰ ਦੇ ਅੰਦਰ ਆ ਕੇ ਨਿੱਘ ਜਿਹਾ ਮਹਿਸੂਸ ਹੋਣ ਲੱਗਾ। ਚਾਹ ਪੀਤੀ। ਖਾਣੇ ਦਾ ਸਮਾਂ ਹੋ ਗਿਆ। ਖਾਣਾ ਖਾਧਾ। ''ਮੇਰੀ ਤੇ ਅੱਜ ਰਾਤ ਦੀ ਡਿਊਟੀ ਏ ਤੁਸੀਂ ਦੋਵਾਂ ਨੇ ਸੌ ਜਾਣਾ।'' ਸਵੇਰੇ ਮੈਂ ਨੌਂ ਕੁ ਵਜੇ ਆਵਾਂਗਾ। ਮੈਂ ਤੁਹਾਨੂੰ ਮੇਨ ਮਾਰਕੀਟ ਛਡ ਦੇਨਾ ਆ। ਉੱਥੇ ਰਾਮ ਲੀਲਾ ਹੁੰਦੀ ਏ ਰਾਮ ਲੀਲਾ

ਵੇਖਣ ਮਗਰੋਂ ਕੁਆਟਰ 'ਚ ਆ ਜਾਣਾ।'' ਇਕ ਦਮ ਜਿਵੇਂ ਮੈਂ ਹੱਕਾ ਬੱਕਾ ਜਿਹਾ ਰਹਿ ਗਿਆ। ਸੋਚਣ ਲੱਗਾ, 'ਕਿ ਇਹਦੇ ਨਾਲੋਂ ਤਾਂ ਮੈਂ ਇਕ ਰਾਤ ਕਿਸੇ ਧਰਮਸ਼ਾਲਾ ਵਿਚ ਹੀ ਗੁਜ਼ਾਰ ਲੈਂਦਾ ਜਾਂ ਫੇਰ ਰਾਤ ਵਾਲੀ ਰੇਲ ਹੀ ਚਲਾ ਜਾਂਦਾ। ਪਰ ਮੈਨੂੰ ਕੀ ਪਤਾ ਸੀ ਕਿ ਆਗਿਆ ਸਿੰਘ ਦਾ ਵਿਆਹ ਹੋ ਗਿਆ ਹੋਊ ਅਤੇ ਉਸ ਦੀ ਰਾਤ ਦੀ ਡਿਊਟੀ ਚਲਦੀ ਹੋਊ।'' ਆਗਿਆ ਸਿੰਘ ਨੇ ਆਪਣੀ ਘੜੀ ਵਲ ਤੱਕਿਆ ਅਤੇ ਕਿਹਾ , ''ਮੇਰਾ ਤਾਂ ਜਾਣ ਦਾ ਟੈਮ ਹੋ ਚੱਲਾ ਈ, ਆਓ ਮੈਂ ਥੋਨੂੰ ਰਾਮ ਲੀਲਾ ਗਰਾਉਂਡ ਕੋਲ ਛੱਡ ਆਉਂਦਾ ਆ ਤੁਹੀਂ ਰਾਮ ਲੀਲਾ ਵੇਖ ਲੈਣੀ ਅਤੇ ਮੈਂ ਉਥੋਂ ਰੇਲ ਚੜ੍ਹ ਜਾਵਾਂਗਾ।''

ਰਾਮ ਲੀਲਾ ਗਰਾਂਉਡ ਕੋਲ ਆ ਕੇ ਉਸ ਨੇ ਸਾਨੂੰ ਦੋਹਾਂ ਨੂੰ ਸਮਝਾਇਆ ਕਿ ਤੁਸੀਂ ਇਸ ਖੰਭੇ ਕੋਲ ਆ ਕੇ ਖਲੋ ਜਾਣਾ ਅਤੇ ਇੱਥੋਂ ਇਕੱਠੇ ਹੋ ਕੇ ਕੁਆਟਰ ਵਿਚ ਚਲੇ ਜਾਣਾ। ਜਿਹੜਾ ਵੀ ਪਹਿਲਾਂ ਆਵੇਗਾ ਉਹ ਇੱਥੇ ਆ ਕੇ ਖਲੋ ਜਾਵੇਗਾ। ਆਗਿਆ ਸਿੰਘ ਦੀ ਵਹੁਟੀ ਔਰਤਾਂ ਵਾਲੇ ਪਾਸੇ ਬੈਠ ਗਈ ਅਤੇ ਮੈਂ ਮਰਦਾਂ ਵਾਲੇ ਪਾਸੇ। ਮੈਂ ਰਾਮ ਲੀਲਾ ਘੱਟ ਵੇਖਦਾ ਸਾਂ ਪਰ ਆਉਣ ਵਾਲੇ ਪਲਾਂ ਦੀ ਮੈਨੂੰ ਚਿੰਤਾ ਲੱਗੀ ਹੋਈ ਸੀ। ਮੇਰੀਆਂ ਅੱਖਾਂ ਖੰਭੇ ਵਾਲੀ ਥਾਂ ਤੇ ਹੀ ਟਿਕੀਆਂ ਰਹੀਆਂ। ਮੈਂ ਤਾਂ ਅਜੇ ਆਗਿਆ ਸਿੰਘ ਦੀ ਵਹੁਟੀ ਨੂੰ ਚੰਗੀ ਤਰ੍ਹਾਂ ਪਛਾਣਦਾ ਵੀ ਨਹੀਂ ਸੀ ਤਾਂ ਉਸ ਦੇ ਲਾਲ ਸੂਹੇ ਕਪੜੇ ਹੀ ਵੇਖੇ ਸਨ।

ਬਹੁਤ ਹੀ ਦੁਬਿਧਾ ਦੇ ਪਲ ਸਨ। ਮਸਾਂ ਘੰਟਾ ਵੀ ਨਹੀਂ ਬੀਤਿਆ ਹੋਣਾ ਕਿ ਆਗਿਆ ਸਿੰਘ ਦੀ ਪਤਨੀ ਖੰਬੇ ਕੋਲ ਆ ਖਲੋ ਗਈ। ਮੈਂ ਵੀ ਝੱਟ ਆਪਣੀ ਥਾਂ ਤੋਂ ਉੱਠ ਆਇਆ। ਖੰਭੇ ਕੋਲ ਟਿਯੂਬ ਲਾਈਟ ਦੀ ਮੱਧਮ-ਮੱਧਮ ਰੋਸ਼ਨੀ ਸੀ ਜਿਸ ਵਿਚ ਚਿਹਰਾ ਸਾਫ਼ ਨਹੀਂ ਸੀ ਦਿਸ ਰਿਹਾ। ਮੇਰੇ ਕੋਲ ਆਉਣ ਤੇ ਉਹ ਟੁਰ ਪਈ ਅਤੇ ਮੈਂ ਵੀ ਚੁੱਪ ਚਪੀਤੇ ਉਸ ਦੇ ਮਗਰ ਟੁਰ ਪਿਆ। ਥੋੜ੍ਹੀ ਦੂਰ ਜਾ ਕੇ ਉਸ ਨੇ ਰੇਲਵੇ ਲਾਈਨ ਕਰਾਸ ਕੀਤੀ ਅਤੇ ਉਹ ਆਦਮ ਕੱਦ ਕਾਂਗਰਸ ਘਾਹ ਵਿਚੋਂ ਬਣੀ ਪਗਡੰਡੀ 'ਤੇ ਮਲਕ ਮਲਕ ਕਦਮ ਪੁਟਦੀ ਜਾ ਰਹੀ ਸੀ ਅਤੇ ਉਸ ਤੋਂ ਥੋੜੀ ਵਿੱਥ 'ਤੇ ਮੈਂ ਸੁੰਗੜਿਆ ਜਿਹਾ ਉਸ ਦੇ ਮਗਰ ਮਗਰ ਟੁਰ ਰਿਹਾ ਸਾਂ। ਅਚਾਨਕ ਉਹ ਧੜੱਮ ਦੇ ਕੇ ਡਿੱਗ ਪਈ ਪਰ ਜਲਦੀ ਹੀ ਸੰਭਲ ਕੇ ਖਲੋ ਗਈ। ਮੈਂ ਉਸ ਦੇ ਕੋਲ ਆ ਕੇ ਪੁੱਛਿਆ, ''ਕੀ ਗੱਲ? ਹੋ ਗਈ? '' ਉਸ ਕਿਹਾ ''ਉੱਚੀ ਅੱਡੀ ਕਰਕੇ ਫਿਸਲ ਗਈ ਸਾਂ।'' ਦੋਹਾਂ ਵਿਚਕਾਰ ਤਣੀ ਹੋਈ ਚੁੱਪ ਟੁੱਟ ਗਈ ਸੀ। ਦੋ ਅਜਨਬੀ ਹੁਣ ਅਜਨਬੀ ਨਹੀਂ ਸੀ ਰਹੇ। ਇਹ ਰਾਹ ਸ਼ਾਰਟ ਕੱਟ ਵੇ ਬਸ ਆਹ ਨਜ਼ਦੀਕ ਈ ਐ ਕੁਆਟਰ। ''ਪਹਿਲਾਂ ਤਾਂ ਆਪਾ ਉਧਰ ਨੂੰ ਆਏ ਸੀ? ਆਹੋ ਚਿੰਤਾ ਨਾ ਕਰ ਮੈਨੂੰ ਪਤਾ ਈ ਰਾਹ ਦਾ।'' ਹਨੇਰਾ ਬਹੁਤ ਗਾੜਾ ਸੀ। ਅਸੀਂ ਰਾਮ ਲੀਲਾ ਗਰਾਉਂਡ ਤੋਂ ਦੂਰ ਲੰਘ ਆਏ ਸਾਂ। ਕੁਆਟਰ ਕੋਲ ਆ ਕੇ ਉਸ ਦਰਵਾਜ਼ਾ ਖੋਲ੍ਹਿਆ। ਲਾਈਟ ਜਗਾਈ। ਫੇਰ ਦੋਵੇਂ ਇੰਜ ਬਣ ਗਏ ਜਿਵੇਂ ਮੁਦਤਾਂ ਤੋਂ ਇਕ ਦੂਜੇ ਨੂੰ ਜਾਣਦੇ ਹੋਈਏ। ਆਗਿਆ ਸਿੰਘ ਦੀ ਵਹੁਟੀ ਦੀ ਉਮਰ ਮਸਾਂ ਵੀਹ ਕੁ ਦੀ ਹੋਣੀ। ਉਸ ਦਾ ਰੰਗ ਗੋਰਾ ਜਿਸ ਤੇ ਲਾਲ ਕਪੜਿਆ ਦਾ ਅਕਸ ਪੈ ਕੇ ਉਸ ਦੇ ਚਿਹਰੇ ਦੇ ਗੋਰੇ ਰੰਗ ਨੂੰ ਸਧੂੰਗੀ ਬਣਾਈ ਜਾ ਰਿਹਾ ਸੀ। ਮੋਟੀਆ ਮੋਟੀਆਂ ਅੱਖਾਂ। ਲੰਮੋਤਰਾ ਜਿਹਾ ਚਿਹਰਾ। ਲੰਮਾ ਕੱਦ। ਇਕ ਵਾਰ ਉਸ ਦੇ ਚਿਹਰੇ ਵਲ ਤਕ ਕੇ ਮੇਰੀਆਂ ਅੱਖਾਂ ਨੀਵੀਆਂ ਪੈ ਜਾਂਦੀਆਂ । ਉਹ ਆਪਣੇ ਵਿਆਹ ਦੀ ਐਲਬਮ ਚੁੱਕ ਲਿਆਈ। ਕਿੰਨਾ ਚਿਰ ਉਹ ਆਪਣੇ ਰਿਸ਼ਤੇ ਦਾਰਾਂ ਦੀ ਜਾਣ ਪਛਾਣ ਮੇਰੇ ਨਾਲ ਕਰਾਉਂਦੀ ਰਹੀ। ਇਕ ਤਸਵੀਰ ਵਿਚ ਆਗਿਆ ਸਿੰਘ ਦੀ ਵਹੁਟੀ ਅਤੇ ਆਗਿਆ ਬਹੁਤ ਹੀ ਕਰੀਬੀ ਪੋਜ਼ ਵਿਚ ਖਲੋਤੇ ਸਨ। ਮੇਰਾ ਧਿਆਨ ਤਸਵੀਰ ਵਲੋਂ ਹੱਟ ਕੇ ਆਗਿਆ ਸਿੰਘ ਦੀ ਵਹੁਟੀ ਦੇ ਚਿਹਰੇ ਵਲ ਚਲਿਆ ਗਿਆ। ਉਹ ਝੱਟ ਤਾੜ ਗਈ।

''ਕੀ ਵਹਿੰਨਾ ਏ? ਸ਼ੈਤਾਨ ਕਿਤੋਂ ਦਾ।'' ਉਸ ਨੇ ਕਿਹਾ।

ਉਸ ਦੀ ਘੁੜਕੀ ਵਿਚ ਵੀ ਮੈਨੂੰ ਇਕ ਅਜੀਬ ਅਪਣੱਤ ਦਾ ਅਹਿਸਾਸ ਹੋਣ ਲੱਗਾ। ਰਾਮ ਲੀਲਾ

ਗਰਾਉਂਡ ਤੋਂ ਲਾਊਡ ਸਪੀਕਰ ਦੀ ਆਵਾਜ਼ ਸੁਣਨੀ ਬੰਦ ਹੋ ਗਈ ਸੀ। ਰਾਤ ਕਾਫੀ ਗੁਜਰ ਗਈ ਸੀ ਪਰ ਸਾਡੀਆਂ ਗੱਲਾਂ ਖਤਮ ਹੋਣ ਵਿਚ ਨਹੀਂ ਸੀ ਆ ਰਹੀਆਂ।

ਆਗਿਆ ਸਿੰਘ ਦੀ ਵਹੁਟੀ ਨੇ ਕੰਧ ਨਾਲ ਲਟਕਦੇ ਕਲਾਕ ਵੱਲ ਤੱਕਿਆ, "ਉਈ ਮਾਂ ਇਕ ਵਜ ਗਿਆ ਈਂ... ਚੰਗਾ ਸੰਵੀਏ ਹੁਣ?"

"ਹਾਂ।"

"ਇਵੇਂ ਕਰਦੇ ਆਂ ਬਹਾਡੇ ਚੋਂ ਫੋਲਡਿੰਗ ਮੰਜਾ ਖੜਾ, ਲਿਆ ਅਤੇ ਏਥੇ ਡਾਹ ਲੈ... ਅਜੇ ਅਸੀਂ ਰਜਾਈਆਂ ਵੀ ਨੀ ਘਰੋਂ ਖੜੀਆਂ, ਸਾਡੇ ਕੋਲ ਇਕ ਰਜਾਈ ਐ ਅਤੇ ਇਕੋ ਤਲਾਈ ਐ।"

"ਨਹੀਂ ਮੈਂ ਬਾਹਰ ਵਰਾਂਡੇ ਵਿਚ ਹੀ ਮੰਜਾ ਡਾਹ ਲੈਂਦਾ ਹਾਂ।" ਮੈਂ ਕਿਹਾ।

"ਤੂੰ ਸ਼ੈਦਾਈ ਤਾਂ ਨਹੀਂ ਹੋ ਗਿਆ। ਏਥੇ ਰਾਤੀਂ ਬਹੁਤ ਠੰਡ ਹੋ ਜਾਂਦੀ ਐ, ਪਾਲੇ ਨਾਲ ਰਾਤੀਂ ਕੂੰਗੜ ਜਾਏਂਗਾ।"

"ਨਹੀਂ ਮੈਨੂੰ ਖੇਸੀ ਵਿਚ ਪਾਲਾ ਨਹੀਂ ਲੱਗਦਾ। ਮੈਂ ਆਪਣੇ ਘਰ ਖੇਸੀ ਵਿਚ ਹੀ ਸੌਂਦਾ ਹਾਂ।"

"ਜ਼ਿਦ ਨਹੀਂ ਕਰੀਦੀ ਰਾਤੀਂ ਏਥੇ ਠੰਡ ਬਹੁਤ ਹੁੰਦੀ ਐ।"

ਪਰ ਮੈਂ ਨਹੀਂ ਮੰਨਿਆ। ਕਮਰੇ ਵਿਚ ਉਸਦਾ ਮੰਜਾ ਸੀ ਅਤੇ ਵਰਾਂਡੇ ਵਿਚ ਮੇਰਾ। ਸਾਡੇ ਵਿਚਕਾਰ ਇਕ ਦਰਵਾਜ਼ਾ ਸੀ ਜਿਹੜਾ ਉਸ ਨੇ ਬੰਦ ਨਹੀਂ ਸੀ ਕੀਤਾ।

ਮੇਰੀ ਅੱਖ ਸਵੇਰ ਸਾਰ ਉਦੋਂ ਖੁੱਲੀ ਜਦੋਂ ਸਵੇਰੇ ਆਗਿਆ ਸਿੰਘ ਨੇ ਦਰਵਾਜ਼ਾ ਖੜਕਾਇਆ। ਮੈਂ ਵੇਖਿਆ ਕਿ ਮੇਰੇ ਉਤੇ ਖੇਸੀ ਦੇ ਉਪਰ ਉਹ ਆਪਣੇ ਹੇਠੋਂ ਤਲਾਈ ਕੱਢ ਕੇ ਪਤਾ ਨਹੀਂ ਰਾਤੀਂ ਕਦੋਂ ਦੇ ਗਈ ਸੀ। ਮੈਂ ਦਰਵਾਜ਼ਾ ਖੋਲ੍ਹਿਆ। ਆਗਿਆ ਸਿੰਘ ਆ ਕੇ ਉੱਚੀ ਉੱਚੀ ਕਹਿਣ ਲੱਗਾ, "ਉਇ ਨਿੱਕੂ ਅਜੇ ਉੱਠੇ ਈ ਨਹੀਂ ਮੈਨੂੰ ਲਗਦੈ ਰਾਤੀਂ ਦਿਓਰ ਭਰਜਾਈ ਸੁੱਤੇ ਨਹੀਂ ਜੇ ਹੋਣੇ।"

ਮੈਂ ਅੱਖਾਂ ਮਲਦਾ ਹੋਇਆ ਆਗਿਆ ਸਿੰਘ ਵਲ ਤੱਕ ਰਿਹਾ ਸਾਂ ਮੈਨੂੰ ਲੱਗਾ ਜਿਵੇਂ ਆਗਿਆ ਸਿੰਘ ਦਾ ਲੰਮਾ ਕੱਦ ਹੋਰ ਵੀ ਉੱਚਾ ਹੋ ਗਿਆ ਹੋਵੇ। ਪਤਾ 270-7, ਕੁਰਾਲੀ, ਮੁਹਾਲੀ

ਮਨੁੱਖੀ ਰਿਸ਼ਤਿਆਂ ਨੂੰ ਚਿਤਰਨ ਵਾਲੇ ਨਾਵਲਕਾਰ
ਸੰਤਵੀਰ ਦਾ ਨਵਾਂ ਨਾਵਲ

ਧੁੰਦ ਤੋਂ ਪਾਰ

ਇਸ ਨਾਵਲ ਵਿਚ ਬਦਲ ਰਹੇ ਸਮਾਜਿਕ ਸਰੋਕਾਰਾਂ ਅਤੇ ਮਨੁੱਖੀ ਰਿਸ਼ਤਿਆਂ ਵਿੱਚ ਆ ਰਹੀਆਂ ਤਬਦੀਲੀਆਂ ਦੇ ਫ਼ਲਸਰੂਪ ਪੈਦਾ ਹੋ ਰਹੇ ਪਰਿਵਾਰਕ ਸੰਕਟ ਨੂੰ ਇੱਕ ਮੂਕ-ਪਾਤਰ ਦੇ ਮਨੋਭਾਵਾਂ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਨਾਵਲ 'ਚੋਂ, "ਨਹੀਂ ਚਾਚੀ ਜਗੀਰੇ ਨੂੰ ਰਹਿਣ ਦੇ। ਤੂੰ ਹੀ ਚੱਲੀਂ। ਜਿਹੜੇ ਸਬੰਧ ਜਗੀਰੇ ਨਾਲ ਐਂ ਉਸ ਦੇ ਵਿੱਚ ਹਮਦਰਦੀ ਆਲੀ ਕਿਹੜੀ ਗੱਲ ਹੁੰਦੀ ਐ। ਮੈਨੂੰ ਨੀ ਆਹ ਗੱਲ ਚੰਗੀ ਲੱਗਦੀ। ਮੈਂ ਤਾਂ ਤੇਰੇ ਘਰ ਤੋਂ ਬਾਹਰ ਉਸ ਵੱਲ ਕਦੇ ਅੱਖ ਚੱਕ ਕੇ ਨਹੀਂ ਦੇਖਿਆ। ਤੇਰੀ ਗੱਲ ਹੋਰ ਆ ਅਤੇ ਮੇਰੀ ਹੋਰ।"



ਪ੍ਰਕਾਸ਼ਕ:
ਤਰਲੋਚਨ ਪਬਲਿਸ਼ਰਜ਼,
ਚੰਡੀਗੜ੍ਹ
ਮੁੱਲ: 400, ਪੰਨੇ :255

ਕਹਾਣੀ/ ਸਾਹਾਂ 'ਚ ਮਚਦਾ ਸਿਵਾ/ -ਗੁਰਪ੍ਰੀਤ ਸੰਧੂ

ਸਵੇਰ ਤੋਂ ਹੀ ਉਦਾਸੀ ਦੀ ਗਹਿਰੀ ਪਰਤ ਚਿਹਰੇ ਨੂੰ ਸਿੰਗਾਰ ਰਹੀ ਹੈ। ਹੰਝੂਆਂ ਦੇ ਤਾਰੇ ਅੱਖੀਆਂ ਦੇ ਅੰਬਰੋਂ ਲੀਕਾ ਛੱਡਦੇ ਨਿਰੰਤਰ ਟੁੱਟ-ਖਿੰਡ ਰਹੇ ਨੇ। ਚੁੱਪ ਦੀ ਨਿੱਘੀ ਲੋਈ ਆਪਣੇ ਦੁਆਲੇ ਲਪੇਟੀ ਮੈਂ ਆਪਣੇ ਕਦਮਾਂ ਦਾ ਰੁਖ ਮੜੀਆਂ ਵਲ ਕੀਤਾ ਹੋਇਆ ਹੈ ਜਿਥੇ ਨਾਥ ਮੰਗਲੂ ਆਪਣੇ ਅਹਿੱਲ ਹੋਏ ਸਰੀਰ ਨਾਲ ਚਿਖਾ ਦੀਆਂ ਲਕੜਾਂ ਦੇ ਇੰਤਜ਼ਾਰ 'ਚ ਪਿਆ ਹੈ ਰਾਖ ਦੀ ਢੇਰੀ 'ਚ ਵਟਣ ਲਈ।

ਸਵੇਰ ਦੇ ਦਾ ਵਕਤ ਸੀ ਜਦੋਂ ਮੈਲੂ ਦਾ ਫੋਨ ਆਇਆ ਕਿ ਨਾਥ ਮੰਗਲੂ ਨਹੀਂ ਰਿਹਾ। ਇੱਕ ਹੈਰਾਨੀ ਜੇਹੀ ਦਾ ਭਾਵ ਮੇਰੇ ਚਿਹਰੇ 'ਤੇ ਪਸਰ ਗਿਆ ਸੀ ਉਸ ਵੇਲੇ ਬਿਲਕੁਲ ਵੀ ਯਕੀਨ ਨਹੀਂ ਸੀ ਆ ਰਿਹਾ ਮੈਲੂ ਦੀ ਗਲ ਦਾ। ਮੈਂ ਆਪਣੇ ਆਪ ਨੂੰ ਹਿਲਾਇਆ ਝੰਜੋੜਿਆ ਕਿ ਕਿਤੇ ਸੁਪਨਾ ਤਾਂ ਨਹੀਂ ਦੇਖ ਰਿਹਾ। ਨਾਲੇ ਹਾਲੇ ਰਾਤ ਦੇ ਗਿਆਰਾ ਕੁ ਵਜੇ ਤਾਂ ਮੈਂ ਨਾਥ ਮੰਗਲੂ ਕੋਲੋਂ ਮੜੀਆਂ ਤੋਂ ਘਰ ਪਰਤਿਆ ਸੀ ਅਤੇ ਹਾਲੇ ਤਾਂ ਅਗਲੇ ਦਿਨ ਦਾ ਸੂਰਜ ਵੀ ਨਹੀਂ ਸੀ ਨਿਕਲਿਆ ਕਿ ਨਾਥ ਦੀ ਮੌਤ ਵਾਲੀ ਖ਼ਬਰ ਮੇਰੇ ਕੋਲ ਪਹੁੰਚ ਗਈ। ਹਾਲੇ ਤਾਂ ਰਾਤ ਵੇਲੇ ਦੀ ਸੰਘਣੀ ਧੁੰਦ ਦੇ ਵਰਨ ਨਾਲ ਗਿੱਲੇ ਹੋਏ ਗਲੀਆਂ ਦੇ ਲਿਬਾਸ ਵੀ ਉਂਵੇ ਦੇ ਉਂਵੇ ਹੀ ਭਿੱਜੇ ਪਏ ਨੇ ਤੇ ਸੰਘਣੀ ਜੇਹੀ ਧੁੰਦ ਹਾਲੇ ਵੀ ਗਲੀਆਂ 'ਚ ਭੌਂਦੀ ਫਿਰ ਰਹੀ ਹੈ। ਐਹੋ ਜਿਹੇ ਵੇਲੇ ਅਚਨਚੇਤ ਇੱਕ ਖ਼ਬਰ ਤੁਹਾਡੇ ਕੰਨਾਂ ਨੂੰ ਵਿੰਨ ਦੇਵੇ ਕਿ ਕੋਈ ਜਿਹਨੂੰ ਤੁਸੀਂ ਸਹੀ ਸਲਾਮਤ ਛੱਡ ਕੇ ਆਏ ਹੋ ਹੁਣ ਸਦੀਵੀਂ ਨੀਂਦ ਸੌ ਗਿਆ ਹੈ ਤਾਂ ਕਿਥੋਂ ਯਕੀਨ ਹੁੰਦਾ ਹੈ।

ਦੁਪਹਿਰੇ ਜਿਹੇ ਦਾ ਵਕਤ ਸੀ ਕੱਲ ਜਦੋਂ ਮੈਂ ਨਾਥ ਮੰਗਲੂ ਕੋਲ ਗਿਆ ਸੀ ਮੜੀਆਂ 'ਚ ਪੂਰੇ ਛੇ ਮਹੀਨੇ ਹੋ ਗਏ ਸਨ ਨਾਥ ਮੰਗਲੂ ਕੋਲ ਗਿਆ ਨੂੰ। ਉਹਨੂੰ ਦੇਖ ਕੇ ਤਰਸ ਆਉਂਦਾ ਸੀ। ਉਲਝੇ ਹੋਏ ਵਾਲ, ਵੱਧੀ ਹੋਈ ਦਾੜੀ, ਅੰਦਰ ਨੂੰ ਧਸੀਆਂ ਅੱਖਾਂ ਥੱਲੇ ਜੰਮੀ ਕਾਲਖ ਦੀ ਗੂੜੀ ਪਰਤ। ਸੁੱਕ ਕੇ ਤੀਲੇ ਵਰਗਾ ਹੋਇਆ ਪਿਆ ਸੀ ਨਾਥ ਮੰਗਲੂ ਦਾ ਸਰੀਰ ਤੇ ਮੂੰਹ 'ਤੇ ਗਹਿਰੀ ਉਦਾਸੀ ਡੇਰਾ ਲਾ ਕੇ ਬੈਠੀ ਸੀ। ਇੱਕ ਹੌਂਕਾ ਮੇਰੇ ਸਾਹਵਾਂ 'ਚੋਂ ਨਿਕਲ ਕੇ ਕੋਸੀ-ਕੋਸੀ ਧੁੱਪ 'ਚ ਬਿਖਰ ਗਿਆ ਸੀ। ਅੱਗ ਸੇਕਣ ਵਾਲੀ ਠੰਡੀ ਹੋਈ ਲੱਕੜਾਂ ਤੋਂ ਕੋਲਾ ਬਣੀ ਢੇਰੀ ਕੋਲ ਬੈਠੇ ਗਹਿਰੀਆਂ ਸੋਚਾਂ 'ਚ ਡੁੱਬੇ ਨਾਥ ਦਾ ਧਿਆਨ ਜਦੋਂ ਮੇਰੇ 'ਤੇ ਪਿਆ ਤਾਂ ਉਹਨੇ ਤਪਾਕ ਨਾਲ ਉਠ ਕੇ ਮੈਨੂੰ ਆਪਣੀ ਗਲਵਕੜੀ 'ਚ ਘੁੱਟ ਲਿਆ। "ਤੂੰ ਵੀ ਹੋਰਾਂ ਵਾਂਗ ਛੱਡ ਗਿਆ ਮੈਨੂੰ 'ਕੱਲੇ ਨੂੰ ਯਾਰ, ਆ ਜਿਆ ਕਰ ਕਦੇ-ਕਦੇ ਮਿਲ ਜਾਇਆ ਕਰ, ਚਿੱਤ ਜਿਹਾ ਠੀਕ ਹੋ ਜਾਂਦੈ ਤੈਨੂੰ ਮਿਲ ਕੇ। ਇੱਕਲੇਪਣ ਦਾ ਅਹਿਸਾਸ ਜਿਹੜਾ ਪਲ-ਪਲ ਆਪਣੀਆਂ ਨੋਂਹਦਰਾ ਨਾਲ ਮੈਨੂੰ ਨੋਚਦਾ ਰਹਿੰਦਾ ਹੈ ਉਹ ਅਹਿਸਾਸ ਕਿਤੇ ਹਨੇਰੇ ਖੂੰਜੇ 'ਚ ਛਾਪਨ ਜਾਂਦਾ ਹੈ ਤੈਨੂੰ ਤੇ ਜੀਤ ਨੂੰ ਮਿਲ ਕੇ। ਅੰਤਾਂ ਦੀ ਦਰਦ ਭਰੀ ਆਵਾਜ਼ ਨੂੰ ਸੁਣ ਕੇ ਮੇਰੇ ਕਲੇਜੇ 'ਚ ਸੁਲ ਜਿਹਾ ਚੁਭਿਆ। ਕੀ ਹਾਲ ਬਣਾ ਲਿਆ ਹੈ ਤੂੰ ਯਾਰ ਆਪਣਾ, ਕਿਥੇ ਗਿਆ ਤੇਰੇ ਵਿਚਲਾ ਉਹ ਹਾਸਿਆ-ਠੱਠਿਆ ਨਾਲ ਭਰਿਆ ਮੰਗਲੂ।" ਮੈਂ ਨਾਥ ਨੂੰ ਆਪਣੇ ਨਾਲ ਘੁਟਦਿਆਂ ਕਿਹਾ।

"ਉਹ ਮੰਗਲੂ ਤਾਂ ਪਤਾ ਨਹੀਂ ਕਿਹੜੀ ਚਿਖਾ 'ਚ ਸੜਕੇ ਭਸਮ ਹੋ ਗਿਐ ਯਾਰਾ।" ਉਹ ਦਿਨ ਤਾਂ ਯਾਰਾ, ਬਸ ਹੁਣ ਸੁਪਨਾ ਜਿਹਾ ਬਣ ਕੇ ਰਹਿ ਗਿਆ ਹੈ। ਪਤਾ ਨਹੀਂ ਕਿਹੜੇ ਅੰਬਰਾਂ 'ਚ ਭਟਕ ਕੇ ਰਹਿ ਗਈ ਹੈ ਮੇਰੇ ਹਾਸਿਆਂ ਦੇ ਪੰਛੀਆਂ ਦੀ ਪਰਵਾਜ਼ ਲਗਦੈ ਜਿਵੇਂ ਸਦੀਆਂ ਹੋ ਗਈਆਂ ਹੋਣ ਹਾਸਿਆਂ ਦੇ ਰਾਹ ਭੁਲਿਆ, ਖੌਰੇ ਕਦੋਂ ਘਰ ਬੁਹੜਣ। ਹੁਣ ਤਾਂ ਲੱਗਦਾ ਹੈ ਸ਼ਾਇਦ ਹੀ ਇਹ ਪੰਛੀ ਕਦੇ ਘਰ ਪਰਤਣ।" ਆਪਣੀਆਂ ਹੰਝੂਆਂ ਭਰੀਆਂ ਅੱਖਾਂ ਹੱਥਾਂ ਦੀਆਂ ਤਲੀਆਂ ਨਾਲ ਸਾਫ਼ ਕਰਦਾ ਹੈ ਨਾਥ ਮੰਗਲੂ ਹੁਣ ਤਾਂ ਦਰਦਾਂ ਦੀ ਇੱਕ ਚਿਖਾ ਜੇਹੀ ਮਚਦੀ ਹੈ ਮੇਰੇ ਅੰਦਰ, ਜੀਣ ਤੋਂ ਹੀ ਜੀਅ ਅੱਕਿਆ

ਪਿਆ ਹੈ, ਬਸ ਡੰਗ ਜਿਹਾ ਟਪਾਉਂਦਾ ਹਾਂ। ਬੜੇ ਦਿਨਾਂ ਤੋਂ ਉਡੀਕ ਰਿਹਾ ਸੀ ਤੈਨੂੰ, ਹਰ ਰੋਜ ਫੋਨ ਕਰਦਾ ਸੀ ਪਰ ਤੇਰਾ ਫੋਨ ਵੀ ਹਮੇਸ਼ਾ ਬੰਦ ਹੀ ਆਉਂਦਾ ਸੀ। ਤੇਰੇ ਨਾਲ ਗੱਲਾਂ ਕਰਕੇ ਤੈਨੂੰ ਮਿਲਕੇ ਇੱਕ ਸਕੂਨ ਜਿਹਾ ਮਿਲਦਾ ਹੈ।''

ਮੈਂ ਸੋਚਾਂ 'ਚ ਗਹਿਰਾ ਉਤਰ ਗਿਆ ਸੀ ਕੱਲ ਉਸ ਵੇਲੇ ਪਿਛਲੇ 6 ਮਹੀਨਿਆਂ ਤੋਂ ਮੈਂ ਵੀ ਰੋਜ ਸੋਚਦਾ ਸੀ ਕਿ ਅੱਜ ਨਾਥ ਨੂੰ ਜ਼ਰੂਰ ਮਿਲਕੇ ਆਉਣਾ ਹੈ। ਪਰ ਹਰ ਵਾਰ ਮੇਰੇ ਕਦਮ ਘਰੋਂ ਬਾਹਰ ਨਿਕਲਣ ਤੋਂ ਪਹਿਲਾਂ ਹੀ ਥੰਮ ਜਾਂਦੇ ਸਨ। ਇੱਕ ਕਦਮ ਵੀ ਘਰ ਦੀ ਦਹਿਲੀਜ਼ ਤੋਂ ਬਾਹਰ ਨਹੀਂ ਪੱਟਿਆ ਗਿਆ। 80 ਕੁ ਕਿਤਾਬਾਂ ਖਰੀਦ ਕੇ ਲਿਆਂਦੀਆਂ ਸੀ ਮੈਂ ਵਿਸ਼ਵ ਦੇ ਮਹਾਨ ਲੇਖਕਾਂ ਦੀਆਂ ਸ਼ਾਹਕਾਰ ਕਲਾਸਿਕ ਕਿਤਾਬਾਂ ਦੇ ਅਨੁਵਾਦ ਸਨ। ਪੁਰਾਤਨ ਯੂਨਾਨੀ ਨਾਟਕਾਂ ਤੋਂ ਲੈ ਕੇ ਰੂਸੀ, ਅੰਗ੍ਰੇਜ਼ੀ, ਫਰਾਂਸੀਸੀ, ਇਟੈਲੀਅਨ, ਜਰਮਨੀ ਤੇ ਹੋਰ ਬਹੁਤ ਸਾਰੇ ਦੇਸ਼ਾਂ ਦੇ ਪ੍ਰਸਿੱਧ ਨਾਵਲ ਨਾਟਕ ਤੇ ਕਹਾਣੀਆਂ ਦੀਆਂ ਕਿਤਾਬਾਂ ਦੇ ਅਨੁਵਾਦ ਸਨ। ਏਹੋ ਜਿਹੇ ਵੇਲੇ ਘਰੋਂ ਬਾਹਰ ਨਿਕਲਿਆ ਜਾਂਦੈ ਕਿਤੇ ਉਹ ਵੀ ਕਿਤਾਬਾਂ ਪੜ੍ਹੇ ਤੋਂ ਬਿਨਾਂ। ਫਾਉਸਤ 'ਚ ਵੈਗਨਰ ਠੀਕ ਹੀ ਕਹਿੰਦਾ ਹੈ, ਜਦੋਂ ਕੋਈ ਇਸ ਤਰ੍ਹਾਂ ਅਧਿਐਨ ਕਰ ਰਿਹਾ ਹੁੰਦਾ ਹੈ, ਇੱਕ ਕੈਦੀ ਵਾਕਰ ਜਿਸ ਨੂੰ ਦੁਨੀਆਂ ਕਦੇ ਕਦਾਈ ਹੀ ਕਿਸੇ ਛੁੱਟੀ ਵਾਲੇ ਦਿਨ ਹੀ ਦੇਖ ਸਕਦੀ ਹੈ।

ਨਾਲੇ ਜਿੰਨਾਂ ਕੁਝ ਮੈਂ ਆਪਣੇ ਪਿੰਡੇ ਤੇ ਹੰਢਾਇਆ ਹੈ ਉਹਦੀ ਥਾਹ ਸਿਰਫ ਮੈਂ ਹੀ ਪਾ ਸਕਦਾ ਹਾਂ। ਪਹਿਲੀ ਵਾਰ ਜਦੋਂ ਯਾਰਾਂ ਵਰਗੇ ਪਿਓ ਦੀ ਅਚਨਚੇਤ ਮੌਤ ਹੋ ਜਾਵੇ ਜਿਹਦੇ ਨਾਲ ਹੱਦੋਂ ਵੱਧ ਪਿਆਰ ਹੋਵੇ ਤੇ ਫੇਰ ਦਿਲ ਦੇ ਕੋਰੇ ਸਫ਼ੇ ਤੇ ਗਹਿਰਾ ਖੁਣਿਆ ਕਿਸੇ ਦਾ ਨਾਂ ਜੋ ਕਦੇ ਵੀ ਨਹੀਂ ਮਿਟਦਾ ਉਹ ਚਿਹਰਾ ਪੈੜ੍ਹਾਂ ਨਾਲ ਪੈੜ੍ਹਾਂ ਮਿਲਾ ਕੇ ਤੁਰਨ ਦਾ ਦਮ ਭਰਦਾ ਅਚਾਨਕ ਆਪਣੀਆਂ ਪੈੜ੍ਹਾਂ ਸਮੇਟ ਕੇ ਆਪਣੇ ਕਦਮ ਕਿਸੇ ਹੋਰ ਦੇ ਰਾਹਵਾਂ ਤੇ ਧਰਦਾ ਵਿਆਹ ਦੇ ਬੰਧਨਾ 'ਚ ਬੱਝ ਜਾਵੇ ਉਸ ਵੇਲੇ ਜ਼ਿੰਦਗੀ ਦੀਆਂ ਰਾਹਵਾਂ ਤੇ ਬਾਘੀਆਂ ਪਾ ਕੇ ਤੁਰਨ ਦੇ ਸਾਰੇ ਸੁਪਨੇ ਰਾਖ ਦੀ ਢੇਰੀ ਬਣ ਜਾਂਦੇ ਹਨ। ਤੇ ਫਿਰ ਉਸੇ ਨਾਲ ਜਦੋਂ ਹਾਲੇ ਪਿਛਲੇ ਜ਼ਖ਼ਮ ਮੱਥੇ ਨਾ ਪੈ ਕੇ ਲਟ-ਲਟ ਮਚਦੇ ਹੋਣ ਸੱਜੀ ਬਾਂਹ ਵਰਗਾ ਭਰਾ ਆਪਣੇ ਸਾਹ ਲੈ ਕੇ ਘਰੋਂ ਨਿਕਲਿਆ ਹੋਵੇ ਤੇ ਰਾਹ 'ਚ ਹੀ ਆਪਣੇ ਸਾਹ ਕਿਸੇ ਐਕਸੀਡੈਂਟ ਵਾਲੀ ਥਾਂ ਤੇ ਟਰੱਕ ਦੇ ਥੱਲੇ ਹੀ ਭੁੱਲ ਆਇਆ ਹੋਵੇ ਤੇ ਜਰਦ ਪੀਲੇ ਫਿੱਕੇ ਜਿਹੇ ਰੰਗ ਨਾਲ ਚਾਰ ਮੋਢਿਆ ਤੇ ਸਵਾਰ ਹੋ ਕੇ ਅੱਗ ਦੀ ਧੁੱਪ 'ਚ ਮਚ ਕੇ ਮੁੱਠ ਕੁ ਰਾਖ ਦੀ ਢੇਰੀ 'ਚ ਵਟੀਜ ਜਾਵੇ ਉਦੋਂ ਸਾਹਾਂ 'ਚ ਦਰਦਾਂ ਦੀਆਂ ਤਿੱਖੀਆਂ ਗੋਡੇ-ਗੋਡੇ ਸੂਲਾਂ ਪਲਮ ਪੈਂਦੀਆਂ ਹਨ ਤੇ ਹਰ ਵੇਲੇ ਮੌਤ ਦੇ ਸੰਘਣੇ ਜੰਗਲਾਂ 'ਚ ਭਟਕਣ ਦੀ ਸੋਚ ਮੱਥੇ 'ਤੇ ਜੰਮ ਪੈਂਦੀ ਹੈ। ਅਜਿਹੇ ਵੇਲੇ ਕਿਤਾਬਾਂ ਹੀ ਸੀ ਜਿਨ੍ਹਾਂ ਨੇ ਮੈਨੂੰ ਆਸਰਾ ਦਿੱਤਾ। ਜੇ ਕਿਤੇ ਕਿਤਾਬਾਂ ਦੀ ਮੇਰੀ ਜ਼ਿੰਦਗੀ 'ਚ ਆਮਦ ਨਾ ਹੁੰਦੀ ਤਾਂ ਹੁਣ ਤੱਕ ਤਾਂ ਮੈਂ ਮੌਤ ਦੀਆਂ ਡੂੰਘੀਆਂ ਵਾਦੀਆਂ 'ਚ ਕਦੋਂ ਦਾ ਗਵਾਚ ਗਿਆ ਹੁੰਦਾ। ਅਚਾਨਕ ਰੋਣ ਕੁਰਲਾਉਣ ਦੀ ਆਵਾਜ਼ ਸੁਣ ਕੇ ਮੇਰੀ ਸੋਚਾਂ ਦੀ ਲੜੀ ਟੁੱਟੀ। ਪਤਾ ਲੱਗਿਆ ਇੱਕ ਜਵਾਨ ਜੇਹੀ ਕੁੜੀ ਦੀ ਮੌਤ ਐਕਸੀਡੈਂਟ 'ਚ ਹੋਈ ਸੀ। ਨਾਥ ਦੀਆਂ ਅੱਖਾਂ 'ਚੋਂ ਹੰਝੂ ਪਰਲ-ਪਰਲ ਵਗ ਰਹੇ ਸੀ। ਲੱਕੜਾਂ ਚਿਣਨ ਵੇਲੇ ਉਹ ਬੜੀ ਹੌਲੀ ਪੋਲੇ-ਪੋਲੇ ਜਿਹੇ ਲਕੜਾਂ ਧਰ ਰਿਹਾ ਸੀ ਜਿਵੇਂ ਕਿਤੇ ਮੁਰਦੇ ਨੂੰ ਸੱਟ ਵੱਜਣ ਦਾ ਡਰ ਹੋਵੇ ਉਹਦੇ ਹੱਥ ਬੁਰੀ ਤਰ੍ਹਾਂ ਕੰਬ ਰਹੇ ਸਨ, ਜਿਵੇਂ ਉਹਨੂੰ ਅੱਗ ਦੇ ਸਪੁਰਦ ਕਰਨ ਤੋਂ ਝਕ ਰਹੇ ਹੋਣ। ਮੁਰਦੇ ਨੂੰ ਅੱਗ ਦੇ ਸਪੁਰਦ ਕਰਕੇ ਉਹ ਵਾਪਸ ਮੇਰੇ ਕੋਲ ਆ ਗਿਆ। ਉਹਦੇ ਚਿਹਰੇ 'ਤੇ ਬੜੀ ਹੀ ਗਹਿਰੀ ਉਦਾਸੀ ਪਸਰੀ ਹੋਈ ਸੀ। ਅੱਖਾਂ 'ਚੋਂ ਨਿਕਲਦੇ ਹੰਝੂਆਂ ਨੂੰ ਰੋਕਣ ਤੋਂ ਬੇਵੱਸ ਜਾਪ ਰਿਹਾ ਸੀ ਨਾਥ, ਜਿਹੜੇ ਬਦੋ ਬਦੀ ਪਲਕਾਂ ਦੇ ਕਿਨਾਰੇ ਤੋੜ ਕੇ ਬਾਹਰ ਛਲਕ ਰਹੇ ਸੀ। ਇੱਕ ਉਦਾਸ ਚੁੱਪ ਦੀ ਵਾੜ ਨੇ ਉਹਦੇ ਵਜੂਦ ਨੂੰ ਆਵਾਜ਼ ਵੱਲ ਵੱਧਣ ਤੋਂ ਰੋਕਿਆ ਹੋਇਆ ਸੀ। ਬਸ ਗੁੰਮ-ਸੁੰਮ ਜਿਹਾ ਹੋਇਆ ਪਿਆ ਸੀ। ਮੈਂ ਬੜੀ ਕੋਸ਼ਿਸ਼ ਕੀਤੀ ਕਿ ਉਹ ਦੀ ਚੁੱਪ ਦੀ ਉੱਚੀ ਤੇ ਮੋਟੀ

ਦੀਵਾਰ ਤੋੜੀ ਜਾਵੇ। ਪਰ ਸਫਲਤਾ ਕਿਤੇ ਦੂਰ ਦੀ ਗੱਲ ਬਣੀ ਰਹੀ। ਮੇਰੀ ਹਰੇਕ ਗੱਲ ਦਾ ਜਵਾਬ ਦੇਣ ਦੀ ਜੀਵੇਂ ਹਿੰਮਤ ਹੀ ਨਹੀਂ ਸੀ ਉਹਦੇ 'ਚ। ਜਿਵੇਂ ਮੇਰੀ ਕੋਈ ਗੱਲ ਉਹ ਸੁਣ ਹੀ ਨਾ ਰਿਹਾ ਹੋਵੇ ਬਸ ਅਤੀਤ ਦੀਆਂ ਯਾਦਾਂ ਦੀ ਤੇਜ਼ਧਾਰ 'ਤੇ ਟੁਰਦਾ ਅੱਖਾਂ ਥਾਣੀਂ ਲਹੂ ਦੇ ਫੁਹਾਰੇ ਛੱਡ ਰਿਹਾ ਸੀ। ਰਾਤ ਦੇ ਗਿਆਰਾ ਕੁ ਵਜੇ ਮੈਂ ਚੁੱਪ-ਚਾਪ ਉਹਨੂੰ ਉਹਦੀਆਂ ਯਾਦਾਂ 'ਚ ਛੱਡ ਕੇ ਘਰ ਪਰਤ ਆਇਆ ਸੀ।

ਸੋਚਾ 'ਚ ਡੁੱਬੇ ਨੂੰ ਪਤਾ ਹੀ ਨਹੀਂ ਚੱਲਿਆ ਕਦੋਂ ਮੜੀਆਂ ਤੱਕ ਦਾ ਫਾਸਲਾ ਤਹਿ ਹੋ ਗਿਆ। ਜੀਤ ਮੇਰੇ ਤੋਂ ਪਹਿਲਾਂ ਹੀ ਮੜੀਆਂ 'ਚ ਪਹੁੰਚਿਆ ਹੋਇਆ ਸੀ। ਇੱਕ ਸੰਨਾਟਾ ਜਿਹਾ ਮੜੀਆਂ 'ਚ ਦੱਬੇ ਪੈਰੀਂ ਫਿਰ ਰਿਹਾ ਸੀ। ਗਿਣਵੇਂ-ਚੌਣਵੇਂ ਜੇ ਬੰਦੇ ਹੀ ਮੜੀਆਂ 'ਚ ਦਿਸ ਰਹੇ ਸੀ। ਸਭ ਦੀਆਂ ਅੱਖਾਂ ਹੰਝੂਆਂ ਨਾਲ ਲਿਸ਼ਕ ਰਹੀਆਂ ਸਨ। ਮੇਲੂ ਦੀ ਹਾਲਤ ਤਾਂ ਸਭ ਤੋਂ ਜ਼ਿਆਦਾ ਸੋਗੀ ਜੇਹੀ ਸੀ ਜਿਵੇਂ ਕੋਈ ਸਕਾ ਮਰਿਆ ਹੋਵੇ। ਨਾਥ ਤੇ ਮੇਲੂ 'ਚ ਪਿਆਰ ਵੀ ਬਹੁਤ ਸੀ। ਦੋਵੇਂ ਇਕੱਠੇ ਹੀ ਬਚਪਨ ਤੋਂ ਜਵਾਨੀ ਤੱਕ ਖੇਡਦੇ ਮੱਲਦੇ ਪ੍ਰਵਾਨ ਚੜੇ ਸਨ। ਸਭ ਦੇ ਮੂੰਹ ਤੇ ਨਾਥ ਮੰਗਲੂ ਦੇ ਫੱਕਰਪੁਣੇ ਤੇ ਵਧੀਆ ਸੁਭਾਅ ਦੀਆਂ ਹੀ ਗੱਲਾਂ ਸਨ।

ਜਦੋਂ ਜੀਤ ਨੇ ਮੇਲੂ ਨੂੰ ਬੁਲਾ ਕੇ ਨਾਥ ਦੀ ਦੇਹ ਤੋਂ ਕੱਪੜਾ ਹਟਾਇਆ ਤਾਂ ਮੇਰੇ ਮੂੰਹ 'ਚੋਂ ਗਾੜੀ ਪੀੜ ਭਰੀ ਆਹ ਨਿਕਲ ਕੇ ਹਲਕੀ-ਹਲਕੀ ਜੇਹੀ ਧੁੰਦ 'ਚ ਗਵਾਚ ਗਈ। ਨਾਥ ਦਾ ਸਰੀਰ ਬੁਰੀ ਤਰ੍ਹਾਂ ਝੁਲਸਿਆ ਪਿਆ ਸੀ। ਉਹਦੇ ਹੱਥਾਂ ਤੇ ਮਾਸ ਦੀ ਕੋਈ ਬੋਟੀ ਵੀ ਨਹੀਂ ਸੀ ਨਜ਼ਰੀ ਚੜ੍ਹਦੀ, ਜੇ ਦਿਖਦੀਆਂ ਸਨ ਤਾਂ ਸਿਰਫ ਨੰਗੀਆਂ ਹੱਡੀਆਂ ਜਿਹੀਆਂ ਹੀ ਦਿਖਦੀਆਂ ਸਨ। ਜਿਵੇਂ ਹੱਥ ਮੱਘਦੇ ਹੋਏ ਅੰਗਿਆਰਿਆਂ ਦੇ ਢੇਰ ਥੱਲੇ ਦੱਬੇ ਗਏ ਹੋਣ। ਨਾਥ ਮੰਗਲੂ ਦੀ ਦੇਹ 'ਚੋਂ ਸੜੇ ਹੋਏ ਕੱਚੇ ਮਾਸ ਜਿਹੀ ਬਦਬੂ ਆ ਰਹੀ ਸੀ। ਨਾਥ ਦੀ ਐਨੀ ਬੁਰੀ ਹਾਲਤ ਦੇਖ ਕੇ ਮੈਨੂੰ ਕੈ ਆਉਣ ਵਾਲੀ ਹੋ ਗਈ। ਉਹਦੀ ਲੋਥ ਕੋਲ ਖੜਿਆ ਵੀ ਨਹੀਂ ਸੀ ਜਾ ਰਿਹਾ। ਮੈਂ ਤੇ ਜੀਤ ਨੇ ਮੇਲੂ ਨੂੰ ਇਸ ਵਾਪਰੇ ਘਟਨਾ ਚੱਕਰ ਬਾਰੇ ਪੁੱਛਿਆ ਤਾਂ ਜੋ ਇਸ ਭਿਆਨਕ ਮੌਤ ਬਾਰੇ ਕੁਝ ਜਾਣ ਸਕੀਏ ਕਿਉਂਕਿ ਨਾਥ ਮੰਗਲੂ ਨੂੰ ਮੇਲੂ ਨੇ ਹੀ ਸਭ ਤੋਂ ਪਹਿਲਾਂ ਮੱਘਦੇ ਸਿਵੇ 'ਚ ਸੜ ਕੇ ਮਰੇ ਨੂੰ ਦੇਖਿਆ ਸੀ ਤੇ ਉਹਨੂੰ ਬਾਹਰ ਕੱਢਿਆ ਸੀ। ਮੇਲੂ ਦੀਆਂ ਅੱਖਾਂ 'ਚੋਂ ਹੰਝੂ ਝੜੀ ਵਾਂਗ ਵਰਨ ਲੱਗੇ ਤੇ ਇੱਕ ਡਰ ਜਿਹਾ ਉਹਦੇ ਵਜੂਦ ਉੱਤੇ ਛਾ ਗਿਆ। ਉਹਦੇ ਮੂੰਹ ਦੇ ਉੱਡੇ ਹੋਏ ਰੰਗ ਤੇ ਜਬਾਨ ਤੋਂ ਨਿਕਲਣ ਤੋਂ ਪਹਿਲਾਂ ਹੀ ਜੜ੍ਹ ਹੋਈ ਆਵਾਜ਼ ਤੋਂ ਮਹਿਸੂਸ ਹੋਇਆ ਜਿਵੇਂ ਉਹ ਕੋਈ ਅਜਿਹੀ ਗੱਲ ਜਾਣਦਾ ਹੈ। ਜਿਹਦਾ ਸਬੰਧ ਨਾਥ ਦੀ ਮੌਤ ਤੋਂ ਪਹਿਲਾਂ ਵਾਪਰੇ ਕਿਸੇ ਅਜਿਹੇ ਰਾਜ ਨਾਲ ਹੈ ਜੋ ਡਰ ਦਾ ਰੂਪ ਧਾਰ ਕੇ ਉਹਦੇ ਦਿਲੋ-ਦਿਮਾਗ ਤੇ ਛਾਇਆ ਹੋਇਆ ਹੈ।

''ਮੈਂ ਬੜਾ ਚਿਰ ਪਹਿਲਾਂ ਇਹ ਗੱਲ ਤੁਹਾਨੂੰ ਦੱਸਣਾ ਚਾਹੁੰਦਾ ਸੀ ਜੋ ਮੈਂ ਹੁਣ ਦੱਸਣ ਦੀ ਕੋਸ਼ਿਸ਼ ਕਰਾਂਗਾ ਮੈਂ ਪਹਿਲਾਂ ਕਿਉਂ ਨੀ ਇਹ ਗੱਲ ਦੱਸ ਸਕਿਆ ਇਹਦੇ ਪਿਛੇ ਇੱਕ ਕਾਰਣ ਹੈ, ਡਰ ਦਾ ਕਾਰਣ, ਜੀਹਦੇ ਕਰਕੇ ਮੈਂ ਇਹ ਗੱਲ ਕਿਸੇ ਅੱਗੇ ਨਾ ਕਰ ਸਕਿਆ।''

ਮੈਂ ਤੇ ਜੀਤ ਹੈਰਾਨ ਹੋਏ ਉਤਸਕ ਹੋ ਗਏ ਗੱਲ ਸੁਣਨ ਨੂੰ ਜਿਵੇਂ ਕੋਈ ਬਹੁਤ ਵੱਡਾ ਭੇਦ ਸਾਡੇ ਸਾਹਮਣੇ ਨਸ਼ਰ ਹੋਣ ਜਾ ਰਿਹਾ ਹੋਵੇ।

''7-8 ਮਹੀਨੇ ਹੋ ਗਏ ਸੀ ਮੈਨੂੰ ਰੋਜ ਦੇਖਦਿਆਂ ਨੂੰ, ਮੇਲੂ ਧਰਤੀ ਵੱਲ ਅੱਖਾਂ ਗੱਡੀ ਪੈਰਾਂ ਨਾਲ ਮਿੱਟੀ ਖੁਰਚਦਾ ਗੱਲ ਸ਼ੁਰੂ ਕਰਦਾ ਹੈ, ਕਿ ਨਾਥ 'ਚ ਦਿਨੋਂ-ਦਿਨ ਕੋਈ ਨਾ ਕੋਈ ਤਬਦੀਲੀ ਆਈ ਜਾ ਰਹੀ ਸੀ। ਰਾਧਾ ਦੀ ਮੌਤ ਤੋਂ ਬਾਅਦ ਉਹ ਪਰਾਂ ਲੱਕੜਾਂ ਦੇ ਢੇਰ ਦੇ ਪਰਲੇ ਪਾਸੇ ਬੈਠਾ ਪਤਾ ਨਹੀਂ ਕੀਹਦੇ ਨਾਲ ਗੱਲਾਂ ਕਰਦਾ ਰਹਿੰਦਾ ਸੀ। ਹਰ ਵੇਲੇ ਇਕੱਲਤਾ ਜਿਹੀ ਭਾਲਦਾ ਰਹਿੰਦਾ ਸੀ। ਮੌਤ ਵਰਗੀ ਡੂੰਘੀ ਚੁੱਪ ਹਰ ਵੇਲੇ ਉਹਦੇ ਪਾਸ ਧੜਕਦੀ ਰਹਿੰਦੀ। ਮੈਂ ਅੱਧੀ-ਅੱਧੀ ਰਾਤ ਨੂੰ ਉਹਦੀਆਂ ਸਿਸਕੀਆਂ ਤੇ ਰੋਣ ਦੀ ਆਵਾਜ਼ ਸੁਣ ਕੇ ਉਠ ਖੜਦਾ ਸੀ। ਉਹ ਸਿਵੇ ਕੋਲ ਪਹੁੰਚਿਆ ਹੁੰਦਾ ਸੀ। ਮੈਂ ਚੁੱਪ-ਚਾਪ ਦੱਬੇ ਪੈਰੀਂ

ਤੁਰਦਾ ਬਰਾਂਡੇ ਦੇ ਥਮਲੇ ਦੀ ਓਟ 'ਚ ਲੁਕ ਕੇ ਖੜ ਜਾਂਦਾ ਸੀ ਤੇ ਉਹਨੂੰ ਦੇਖਦਾ ਰਹਿੰਦਾ ਸੀ। ਉਹਦੇ ਰੋਣ 'ਚ ਐਨੀ ਗਾੜੀ ਪੀੜ ਪਹੁੰਚੀ ਹੁੰਦੀ, ਲੱਗਦਾ ਜਿਵੇਂ ਉਹਦੀ ਰੂਹ ਗਹਿਰੇ ਗ਼ਮ 'ਚ ਗਰੱਸੀ ਅਸਿਹ ਵਿਰਲਾਪ ਕਰ ਰਹੀ ਹੋਵੇ। ਮੈਂ ਕਦੇ ਵੀ ਉਹਦੇ ਰੋਣ-ਧੋਣ ਤੇ ਵਿਰਲਾਪ 'ਚ ਖਲ੍ਹਲ ਨਹੀਂ ਸੀ ਪਾਇਆ। ਸੋਚਦਾ ਸਾਂ ਸ਼ਾਇਦ ਰੋ-ਰੋ-ਕੇ ਅੰਦਰ ਡੱਕਿਆ ਗ਼ਮ ਖੁਰ ਜਾਵੇ ਤੇ ਉਹ ਆਪਣਾ ਮਨ ਹਲਕਾ ਕਰਕੇ ਫੇਰ ਪਹਿਲਾ ਵਰਗਾ ਨਾਥ ਬਣ ਜਾਵੇ। ਮੈਂ ਉਹਨੂੰ ਦੇਖਦਾ ਰਹਿੰਦਾ ਕਈ ਵਾਰ ਮਨ ਕਰਦਾ ਕਿ ਉਹਨੂੰ ਵਰਾਵਾਂ, ਉਹਨੂੰ ਗਲ਼ ਨਾਲ ਲਾ ਕੇ ਦਿਲਾਸਾ ਦੇਵਾ। ਪਰ ਉਹਦੇ ਰੋਣੇ ਤੇ ਵੈਣਾਂ 'ਚ ਲਿਬੜੀ ਆਵਾਜ਼ ਸੁਣਕੇ ਲੱਗਦਾ ਜਿਵੇਂ ਮੇਰੇ ਪੈਰਾਂ 'ਚ ਕਿੱਲ ਠੁਕ ਗਏ ਹੋਣ, ਮੇਰੇ ਪੈਰ ਭਾਰੀ-ਭਾਰੀ ਜਿਹੇ ਹੋ ਜਾਂਦੇ ਜਿਵੇਂ ਪਹਾੜ ਮੇਰੇ ਪੈਰਾਂ ਨਾਲ ਬਝ ਗਏ ਹੋਣ ਇੱਕ ਇੰਚ ਵੀ ਪੈਰ ਪੁੱਟਿਆ ਨਾ ਜਾਂਦਾ। ਉਹਦੀ ਆਵਾਜ਼ ਸੁਣ ਕੇ, ਉਹਦੀ ਦੁੱਖਾਂ ਭਰੀ ਹਾਲਤ ਦੇਖ ਕੇ ਮੇਰੀਆਂ ਅੱਖਾਂ ਅੱਥਰੂਆਂ ਨਾਲ ਭਰ ਜਾਂਦੀਆਂ ਤੇ ਧੁੰਦਲੀ-ਧੁੰਦਲੀ ਜੇਹੀ ਹਰ ਇੱਕ ਚੀਜ਼ ਨਜ਼ਰ ਆਉਣ ਲੱਗਦੀ। ਮੈਂ ਅੱਖਾਂ ਪੁੰਝਦਾ ਤੇ ਹੋਕਾ ਜਿਹਾ ਭਰਕੇ ਉਹਨੂੰ ਦੇਖਦਾ ਰਹਿੰਦਾ। ਕੁਝ ਕੁ ਸਮਾਂ ਬੀਤਦਾ ਤੇ ਜੋ ਕੁਝ ਮੈਂ ਦੇਖਦਾ ਉਹਨੂੰ ਦੇਖਕੇ ਅਵਾਕ ਰਹਿ ਜਾਂਦਾ, ਠਠੰਬਰ ਜਾਂਦਾ, ਥਾਂਏ, ਈ ਜੜ੍ਹ ਹੋ ਜਾਂਦਾ। ਨਾਥ ਮੰਗਲੂ ਸਿਵੇ ਦੀ ਰਾਖ ਚੱਕਦਾ ਤੇ ਆਪਣੇ ਸਿਰ 'ਚ ਬੁੱਕਾਂ ਭਰ-ਭਰ ਪਾਈ ਜਾਂਦਾ। ਆਪਣੇ ਮੂੰਹ ਤੇ ਮਲਦਾ, ਆਪਣੇ ਸਾਰੇ ਸਰੀਰ ਤੇ ਰਾਖ ਮਲਦਾ ਤੇ ਉੱਚੀ-ਉੱਚੀ ਵੈਣ ਪਾਉਣ ਲੱਗ ਜਾਂਦਾ ਕੀਰਨੇ ਪਾਉਂਦਾ ਪਿੱਟਣ ਲੱਗ ਜਾਂਦਾ ਤੇ ਉਪਰ ਵੱਲ ਮੂੰਹ ਕਰ ਕੇ ਰਾਧਾ-ਰਾਧਾ ਕਹਿ ਕੇ ਸੁਦਾਈਆਂ ਵਾਂਗ ਆਵਾਜ਼ਾਂ ਮਾਰਨ ਲੱਗ ਜਾਂਦਾ ਆਪਣੇ ਪਿਆਰ ਦਾ ਵਾਸਤਾ ਪਾ ਕੇ ਜਿਥੇ ਜਿਥੇ ਮਿਲੇ ਹੁੰਦੇ ਸੀ ਉਨ੍ਹਾਂ ਥਾਵਾਂ ਦੇ ਨਾ ਦੱਸਦਾ ਜਿਵੇਂ ਉਹਨੂੰ ਯਾਦ ਦਵਾਉਂਦਾ ਹੋਵੇ ਤੇ ਫੇਰ ਤਰਲੇ-ਮਿੰਨਤਾ ਕਰਦਾ ਕਿ ਇੱਕ ਵਾਰ ਸਿਰਫ ਇੱਕ ਵਾਰ ਆਪਣੀ ਸ਼ਕਲ ਦਿਖਾ ਜਾਵੇ। ਬਸ ਇੱਕ ਵਾਰ ਆਪਣੀ ਆਵਾਜ਼ ਨਾਲ ਮੇਰੇ ਕੰਨਾ 'ਚ ਰਸ ਘੋਲ ਜਾਵੇ ਜਾਂ ਆਪਣੇ ਕੋਲ ਬੁਲਾ ਲਵੇ। ਰੋਂਦਾ-ਕੁਰਲਾਉਂਦਾ ਉਹ ਜਿਵੇਂ ਕਿਸੇ ਨੂੰ ਆਪਣੀਆਂ ਬਾਹਵਾਂ 'ਚ ਭਰ ਰਿਹਾ ਹੋਵੇ ਏਸ ਢੰਗ ਨਾਲ ਸਿਵੇ 'ਚ ਢਿੱਡ ਭਾਰ ਲੰਮਾ ਪੈ ਜਾਂਦਾ। ਹੌਲੀ-ਹੌਲੀ ਉਡਦੀ ਹੋਈ ਰਾਖ ਦੀ ਗਰਦ ਉਹਦੇ ਪਿੰਡੇ 'ਤੇ ਚਾਦਰ ਵਾਂਗ ਵਿਛ ਜਾਂਦੀ। ਮੈਂ ਕਈ ਵਾਰ ਦੇਖਿਆ ਸੀ ਨਾਥ ਨੂੰ ਇਸ ਤਰ੍ਹਾਂ ਕਰਦਿਆਂ। ਉਹਦੀ ਹਾਲਤ ਦੇਖ ਕੇ ਮੈਂ ਡਰ ਨਾਲ ਸੁੰਨ ਹੋ ਜਾਂਦਾ ਸਾਂ ਤੇ ਬਿਨਾਂ ਖੜਾਕ ਕੀਤਿਆਂ ਪੋਲੇ ਪੈਰੀ ਕਾਹਲੀ-ਕਾਹਲੀ ਕਮਰੇ ਅੰਦਰ ਆ ਕੇ ਬਿਸਤਰੇ 'ਚ ਦੁਬਕ ਕੇ ਵੜ ਜਾਂਦਾ ਤੇ ਰਜਾਈ 'ਚ ਮੂੰਹ ਦੇ ਕੇ ਲੰਮਾ ਪੈ ਜਾਂਦਾ ਸਾਂ। ਡਰ ਨਾਲ ਰਜਾਈ 'ਚੋਂ ਮੂੰਹ ਬਾਹਰ ਕੱਢਣ ਦਾ ਹੀਆ ਹੀ ਨਹੀਂ ਸੀ ਪੈਂਦਾ। ਮੇਰਾ ਦਿਲ ਜ਼ੋਰ-ਜ਼ੋਰ ਨਾਲ ਧੜਕਦਾ ਰਹਿੰਦਾ ਮੈਂ ਸਾਫ-ਸਾਫ ਸੁਣ ਸਕਦਾ ਸਾਂ ਆਪਣੇ ਧੜਕਦੇ ਦਿਲ ਦੀ ਆਵਾਜ਼। ਮੈਂ ਕਦੇ ਦਿਨ ਵੇਲੇ ਨਾਥ ਨਾਲ ਨਾ ਕਿਸੇ ਹੋਰ ਨਾਲ ਰਾਤ ਵਾਲੀ ਗੱਲ ਦਾ ਜ਼ਿਕਰ ਛੇੜਦਾ। ਉਹੀਓ ਇੱਕ ਸਿਵਾ ਹੁੰਦਾ ਸੀ ਜਿਥੇ ਨਾਥ ਕਈ ਵਾਰ ਇਹੋ ਜਿਹੀ ਘਟਨਾ ਦੁਹਰਾਉਂਦਾ ਸੀ। ਨਾਥ ਉਂਗਲ ਦੇ ਇਸ਼ਾਰੇ ਨਾਲ ਸਾਡਾ ਧਿਆਨ ਉਸ ਸਿਵੇ ਵਲ ਕਰਵਾਉਂਦਾ ਹੈ। ਉਹੀ ਸਿਵਾ ਸੀ ਜਿਹੜਾ ਉਹਨੂੰ ਆਪਣੇ ਵੱਲ ਖਿੱਚਦਾ ਸੀ। ਜਿਥੇ ਅੱਜ ਸਵੇਰੇ ਮੈਂ ਉਹਨੂੰ ਮਰਿਆ ਹੋਇਆ ਦੇਖਿਆ। ਹੰਝੂਆਂ ਦੀ ਨਦੀ ਨਾਥ ਦੀਆਂ ਅੱਖਾਂ 'ਚੋਂ ਨਿਕਲ ਕੇ ਗੱਲਾਂ ਤੇ ਲਕੀਰਾਂ ਪਾਉਂਦੀ ਧਰਤੀ ਦੀ ਹਿੱਕ ਚੁੰਮ ਰਹੀ ਸੀ। ਸਿਸਕ-ਸਿਸਕ ਕੇ ਰੋਂਦਾ ਨਾਥ ਫੇਰ ਬੋਲਣਾ ਸ਼ੁਰੂ ਕਰਦਾ ਹੈ। ਜੇ ਮੈਂ ਰਾਤ ਨੂੰ ਉੱਠ ਕੇ ਪਹਿਲਾਂ ਵਾਂਗ ਲੁਕ ਛਿਪ ਕੇ ਦੇਖਦਾ ਹੁੰਦਾ ਤਾਂ ਸ਼ਾਇਦ ਹੁਣ ਨਾਥ ਜੀਉਂਦਾ ਹੁੰਦਾ। ਮੈਂ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ ਹਾਂ। "ਨਹੀਂ ਮੇਲੂ ! ਜਿੰਨੀ ਕੋਈ ਮੱਥੇ ਦੀਆਂ ਲਕੀਰਾਂ ਤੇ ਖੁਣਵਾ ਕੇ ਲਿਆਇਆ ਹੁੰਦਾ ਹੈ ਉਸ ਤੋਂ ਵੱਧ ਕੋਈ ਇੱਕ ਸਾਹ ਵੀ ਨਹੀਂ ਲੈ ਸਕਦਾ, ਇਹਦੇ 'ਚ ਤੇਰਾ ਕੀ ਕਸੂਰ ਆ।" ਮੈਂ ਮੇਲੂ ਦੀਆਂ ਅੱਖਾਂ ਸਾਫ ਕਰਕੇ ਉਹਨੂੰ ਆਪਣੀ ਗਲਵਕੜੀ 'ਚ ਵਲ ਕੇ ਵਰਾਉਂਦਾ ਹਾਂ। "ਬਾਈ ਪਿਛਲੇ ਕਈ ਚਿਰ ਤੋਂ ਮੈਂ ਤੁਹਾਨੂੰ ਇਹ ਸਭ ਕੁਝ ਦੁਹਰਾਉਂਦਿਆਂ ਦੇਖਣ ਦੀ ਹਿੰਮਤ ਹੀ

'ਕੱਠੀ ਨਹੀਂ ਸੀ ਕਰ ਪਾ ਰਿਹਾ। ਮੈਂ ਅੰਦਰ ਤੱਕ ਡਰ ਨਾਲ ਦਹਿਲ ਗਿਆ ਸੀ। ਕੀ ਦੱਸਾਂ ਬਾਈ ਉਹਦਾ ਰੋਣਾਂ-ਧੋਣਾਂ, ਵਿਰਲਾਪ ਕਰਨਾ, ਵੈਣ ਪਾਉਣਾ, ਉੱਚੀ-ਉੱਚੀ ਪਿਟਣਾ ਦਿਨੋਂ-ਦਿਨ ਕਲੇਜੇ ਨੂੰ ਚੀਰ ਪਾਉਣ ਵਾਂਗ ਡੂੰਘੀ ਪੀੜ ਨਾਲ ਭਰਿਆ ਹੁੰਦਾ ਜਾਂਦਾ ਸੀ। ਦਰਦਾਂ ਦੀ ਕੋਈ ਛਿਲਤਰ ਉਹਦੇ ਦਿਲ ਦੇ ਕੋਨੇ 'ਚ ਰੜਕਦੀ ਲੱਗਦੀ ਸੀ। ਰਾਤ ਵੇਲੇ ਉਹਦੀ ਜੋ ਹਾਲਤ ਹੁੰਦੀ ਸੀ ਸਵੇਰ ਵੇਲੇ ਉਹਦੇ ਬਿਲਕੁਲ ਉਲਟ ਇੱਕ ਠਹਿਰਾਅ ਜਿਹਾ ਹੁੰਦਾ ਸੀ ਉਹਦੇ ਵਜੂਦ 'ਚ ਜੀਵੇਂ ਰਾਤ ਵਾਲੀ ਗਲ ਦਾ ਉਹਨੂੰ ਚੇਤਾ ਹੀ ਨਾ ਹੋਵੇ। ਮੈਂ ਰਾਤ ਨੂੰ ਉਹਨੂੰ ਜਦੋਂ ਅਜਿਹੀ ਹਾਲਤ'ਚ ਦੇਖਿਆ ਸੀ ਹਮੇਸ਼ਾ ਲੱਗਦਾ ਸੀ ਜਿਵੇਂ ਉਹਨੂੰ ਕੋਈ ਸੁੱਧ-ਬੁੱਧ ਹੀ ਨਾ ਹੋਵੇ। ਕਈ ਵਾਰ ਤਾਂ ਮੈਨੂੰ ਲੱਗਦਾ ਸੀ ਕਿ ਜਿਵੇਂ ਕਿਸੇ ਓਪਰੀ ਸੈਅ, ਓਪਰੀ ਕਸਰ ਨੇ ਉਹਨੂੰ ਜਕੜਿਆ ਹੋਇਆ ਹੋਵੇ। ਤਾਂ ਹੀ ਤਾਂ ਉਹਨੂੰ ਪਤਾ ਨਹੀਂ ਲੱਗਿਆ, ਕੋਈ ਸੁੱਧ-ਬੁੱਧ ਨਾ ਰਹੀ ਕਿ ਸਿਵਾ ਮਘਦਾ ਪਿਆ ਹੈ ਹਾਲਾਂਕਿ ਉਹਨੇ ਆਪ ਹੀ ਦੁਪਹਿਰ ਵੇਲੇ ਸਿਵੇ 'ਚ ਲੱਕੜਾਂ ਚਿਣੀਆਂ ਸਨ ਤੂੰ ਵੀ ਤਾਂ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਉਹਨੂੰ ਉਦਾਸੀ ਦੇ ਹਨ੍ਹੇਰੀ 'ਚ ਤਿਣਕੇ ਵਾਂਗ ਉਡਦਿਆਂ ਤੇ ਕਿੰਨੀ ਕੋਸ਼ਿਸ਼ ਕੀਤੀ ਸੀ ਤੂੰ ਦਿਲਾਸਿਆਂ ਦਾ ਜੱਫਾ ਮਾਰ ਕੇ ਉਹਨੂੰ ਉਦਾਸੀਆਂ ਦੀ ਹਨ੍ਹੇਰੀ 'ਚ ਭਟਕਣ ਤੋਂ ਬਚਾਉਣ ਲਈ। ਜੇ ਉਹਨੂੰ ਕੋਈ ਸੁੱਧ-ਬੁੱਧ ਹੁੰਦੀ ਤਾਂ ਇਹ ਭਾਣਾ ਹੀ ਨਹੀਂ ਸੀ ਵਾਪਰਨਾ। ਇੱਕ ਹੈਰਾਨੀ ਜੇਹੀ ਦਾ ਭਾਵ ਜੀਤ ਦੇ ਚਿਹਰੇ 'ਤੇ ਪਸਰਿਆ ਹੋਇਆ ਹੈ ਮੇਲੂ ਦੀ ਗੱਲ ਸੁਣਨ ਤੋਂ ਬਾਅਦ ਉਹਦੀਆਂ ਅੱਖਾਂ ਮੇਰੀਆਂ ਅੱਖਾਂ ਨਾਲ ਮਿਲੀਆਂ ਉਹਨ੍ਹਾਂ 'ਚ ਮੈਨੂੰ ਇੱਕ ਸਵਾਲ ਤੈਰਦਾ ਹੋਇਆ ਦਿੱਸਿਆ। ਮੇਲੂ ਦੇ ਗਲ ਖਤਮ ਕਰਕੇ ਜਾਣ ਤੋਂ ਬਾਅਦ ਜੀਤ ਦੀਆਂ ਅੱਖਾਂ ਵਿਚਲਾ ਸਵਾਲ ਉਹਦੇ ਬੁੱਲਾਂ 'ਤੇ ਆ ਗਿਆ। "ਅਵੀ ਤੈਨੂੰ ਕੀ ਲੱਗਦੈ ਹੈ ਕਿ ਇਹ ਆਤਮ ਹੱਤਿਆ ਦਾ ਮਾਮਲਾ ਹੈ? ਇੱਕ ਚੁੱਪ ਮੇਰੇ ਬੁੱਲਾਂ ਤੇ ਅਡੋਲ ਬੈਠੀ ਹੈ। ਜਿੱਤ ਦੀ ਆਵਾਜ਼ ਮੇਰੇ ਕੰਨੀ ਪੈਂਦੀ ਹੈ। ਉਹਨੇ ਮੇਰੀ ਚੁੱਪ ਦਾ ਮਤਲਬ ਮੇਰੀ ਹਾਂ ਸਮਝ ਲਈ ਲੱਗਦੀ ਹੈ।" ਸਾਲ ਦੋ ਸਾਲ ਪਹਿਲਾ ਕੌਣ ਸੋਚ ਸਕਦਾ ਸੀ ਕਿ ਨਾਥ ਵਰਗਾ ਪੱਥਰ ਦਿਲ ਜਿਹੜਾ ਆਪਣੇ ਪਿਓ ਦੇ ਮਰਨ ਤੇ ਵੀ ਇੱਕ ਹੰਝੂ ਨਹੀਂ ਸੀ ਡੋਲ੍ਹ ਸਕਿਆ ਇੰਜ ਆਤਮ-ਹੱਤਿਆ ਕਰ ਸਕਦਾ ਹੈ।

"ਨਹੀਂ ਜੀਤ ਨਾਥ ਮੰਗਲੂ ਹਰ ਪਲ੍ਹ ਜ਼ਿੰਦਗੀ ਦਾ ਲੁਤਫ਼-ਮਾਨਣ ਵਾਲਾ ਸ਼ਖ਼ਸ ਸੀ। ਉਹ ਹਰ ਖੁਸ਼ੀ-ਗ਼ਮੀ, ਇੱਕਲਤਾ, ਦਰਦ ਨੂੰ ਪੂਰੀ ਹਿੰਮਤ ਨਾਲ ਸਹਿੰਦਾ ਹੋਇਆ, ਜ਼ਿੰਦਗੀ ਦੀ ਕਦਰ ਕਰਦਾ ਹੋਇਆ, ਪਲ-ਪਲ ਮਰਦਾ ਹੋਇਆ ਵੀ ਜ਼ਿੰਦਗੀ ਨੂੰ ਹਰ ਢੰਗ 'ਚ ਜੀਉਣ ਦਾ ਵਿਸ਼ਵਾਸ਼ ਰੱਖਦਾ ਸੀ। ਆਤਮ-ਹੱਤਿਆ ਨੂੰ ਘਿਰਣਤ ਕਵਿਤਾ ਸਮਝਦਾ ਸੀ ਤੇ ਕੁਦਰਤੀ ਮੌਤ ਮਰਨ 'ਚ ਉਹਦਾ ਪ੍ਰਬਲ ਵਿਸ਼ਵਾਸ਼ ਸੀ। ਤੂੰ ਤਾਂ ਮੇਰੇ ਤੋਂ ਪਹਿਲਾਂ ਦਾ ਨਾਥ ਨੂੰ ਜਾਣਦਾ ਹੈ ਤਾਂ ਵੀ ਇਹੋ ਜਿਹੇ ਸਵਾਲ ਉਠਾ ਰਿਹਾ ਹੈ।"

"ਅਵੀ ਬੰਦਾ ਚਾਹੇ ਜਿੰਨਾ ਮਰਜੀ ਇਹੋ ਜੇਹੀ ਮੌਤ ਮਰਨ (ਆਤਮ-ਹੱਤਿਆ) ਤੋਂ ਨਫ਼ਰਤ ਕਰਦਾ ਹੋਵੇ। ਪਰ ਕਈ ਵਾਰ ਐਹੋ ਜਿਹਾ ਵਕਤ ਆਉਂਦਾ ਹੈ ਜਦੋਂ ਬੰਦਾ ਇੱਕ ਦੋਰਾਹੇ ਤੇ ਖੜਾ ਸਾਰੇ ਬੰਦ ਰਾਹਾਂ ਤੇ ਝੂਰਦਾ ਬਦੋ-ਬਦੀ ਆਤਮ ਹੱਤਿਆ ਵਾਲੇ ਪਾਸੇ ਝੁਕ ਜਾਂਦਾ ਹੈ। ਇਹੋ ਜਿਹੇ ਫੈਸਲੇ ਕੋਈ ਸੋਚ-ਵਿਚਾਰ ਕੇ ਨਹੀਂ ਲਏ ਜਾਂਦੇ ਬਸ ਪਲ੍ਹ ਦੋ ਪਲ੍ਹ 'ਚ ਜ਼ਿੰਦਗੀ ਤੋਂ ਨਿਜ਼ਾਤ ਪਾਉਣ ਦੀ ਜਿਹੜੀ ਜ਼ਿੰਦਗੀ ਜੀਣੀ ਉਹਨੂੰ ਮਰਨ ਤੋਂ ਵੀ ਜ਼ਿਆਦਾ ਔਖੀ ਲੱਗਦੀ ਹੈ ਦਾ ਖਿਆਲ ਉਹਦੇ ਤੇ ਭਾਰੂ ਹੋ ਜਾਂਦਾ ਹੈ ਤੇ ਉਹ ਉਸ ਜ਼ਿੰਦਗੀ ਤੋਂ ਛੁਟਕਾਰਾ ਪਾਉਣ ਲਈ ਦ੍ਰਿੜ ਹੋ ਜਾਂਦਾ ਹੈ ਤੇ ਨਤੀਜਾ ਉਹਦੇ ਕਦਮ ਆਪ-ਮੁਹਾਰੇ ਆਤਮ ਹੱਤਿਆ ਦੇ ਸਫ਼ਰ ਵੱਲ ਨਿਕਲ ਪੈਂਦੇ ਹਨ ਤੇ ਉਹ ਹੋਣੀ ਜਿਹਨੂੰ ਉਹ ਹਮੇਸ਼ਾਂ ਨਫ਼ਰਤ ਦੀ ਨਿਗਾਹ ਨਾਲ ਦੇਖਦਾ ਹੁੰਦੀ ਹੈ, ਉਹੀ ਹੋਣੀ ਉਹਦੇ ਲਈ ਅਟੱਲ ਦੁੱਖਾਂ ਦਰਦਾਂ ਤੋਂ ਬਾਹਰ ਨਿਕਲਣ ਦਾ ਕਾਰਨ ਬਣ ਜਾਂਦੀ ਹੈ।

"ਤੂੰ ਜੋ ਕੁਝ ਮਰਜੀ ਸਮਝ ਜਿਹੜੀ ਮਰਜੀ ਦਲੀਲ ਦੇਹ ਪਰ ਮੈਂ ਇਹ ਨਹੀਂ ਮੰਨ ਸਕਦਾ ਕਿ ਇਹ ਆਤਮ ਹੱਤਿਆ ਹੈ। ਨਾਥ ਦੇ ਅਤੀਤ ਵੱਲ ਝਾਤ ਮਾਰ ਕੇ ਮੇਲੂ ਦੀ ਗਲ ਸੁਣ ਕੇ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਇਹ ਅਣਜਾਣ ਪੁਣੇ 'ਚ ਹੋਇਆ ਇੱਕ ਹਾਦਸਾ ਹੈ।

"ਤੂੰ ਕਿਵੇਂ ਐਨਾ ਦ੍ਰਿੜ ਹੋ ਕੇ ਕਹਿ ਸਕਦਾ ਹੈ ਕਿ ਇਹ ਆਤਮ-ਹੱਤਿਆ ਨਹੀਂ ਮਹਿਜ ਅਣਜਾਣ ਪੁਣੇ 'ਚ ਹੋਇਆ ਇੱਕ ਹਾਦਸਾ ਹੈ। ਜਦੋਂਕਿ ਉਹਦੇ ਚਿਖਾ 'ਚ ਸੜ ਕੇ ਮਰਨ ਦੀ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਹੈ? ਜੀਤ ਮੇਰੇ ਚਿਹਰੇ ਤੋਂ ਕੁਝ ਪੜਨ ਦੀ ਕੋਸ਼ਿਸ਼ ਕਰਦਾ ਹੋਇਆ ਕੁਝ ਟਟੋਲ ਰਿਹਾ ਹੈ।

"ਜੀਤ ਤੂੰ ਇਸ ਗੱਲ ਨੂੰ ਤਾਂ ਮੰਨਦਾ ਹੈ ਕਿ ਆਦਮੀ ਦੇ ਸਰੀਰ ਦਾ ਸਾਰਾ ਕੰਟਰੋਲ ਦਿਮਾਗ ਤੇ ਨਿਰਭਰ ਕਰਦਾ ਹੈ।

"ਬਿਲਕੁਲ ਮੈਂ ਇਸ ਗੱਲ ਨੂੰ ਮੰਨਦਾ ਹਾਂ।"

"ਤਾਂ ਤੂੰ ਹੁਣ ਸੰਖੇਪ 'ਚ ਸੁਣ ਕਿ ਕਿਵੇਂ ਨਾਥ ਦੀ ਮੌਤ ਆਤਮ ਹੱਤਿਆ ਨਹੀਂ ਬਲਕਿ ਇੱਕ ਹਾਦਸਾ ਸੀ। ਜੀਤ ਜਦੋਂ ਮੁਹੱਬਤ ਆਪਣੀ ਵਚਿੱਤਰ ਦੁਨੀਆਂ 'ਚ ਇਨਸਾਨ ਨੂੰ ਦਾਖਲ ਕਰ ਲੈਂਦੀ ਹੈ ਉਦੋਂ ਇਨਸਾਨ ਦੀਆਂ ਕਲਪਨਾਵਾਂ ਨੂੰ ਖੰਭ ਲੱਗ ਜਾਂਦੇ ਨੇ। ਪਿਆਰ ਦਾ ਵਿਛੋੜਾ ਇੰਨਾ ਕਲਪਨਾਵਾਂ ਨੂੰ ਹੋਰ ਤੀਬਰ ਤੇ ਸ਼ਕਤੀਸ਼ਾਲੀ ਬਣਾ ਦਿੰਦਾ ਹੈ। ਇਹ ਕਲਪਨਾਵਾਂ ਇਨਸਾਨ ਨੂੰ ਆਪਣੀ ਗ੍ਰਿਫ਼ਤ 'ਚ ਇਸ ਕਦਰ ਜਕੜ ਲੈਂਦੀਆਂ ਹਨ ਕਿ ਉਹ ਅਸਲ ਤੇ ਕਲਪਨਾ 'ਚ ਫਰਕ ਹੀ ਨਹੀਂ ਸਮਝ ਪਾਉਂਦਾ। ਭਵਿੱਖ ਵਾਲੇ ਰਾਹਾਂ ਤੋਂ ਉਹਦੀ ਸੋਚ ਹਟ ਕੇ ਅਤੀਤ ਵਲ ਭੱਜ ਉੱਠਦੀ ਹੈ ਤੇ ਹਰ ਵੇਲੇ ਅਤੀਤ ਦੀਆਂ ਯਾਦਾਂ ਉਹਦੇ ਤੇ ਹਾਵੀ ਰਹਿੰਦੀਆਂ ਹਨ। ਹੁਣ ਤੂੰ ਨਾਥ ਵੱਲੋਂ ਸੁਣਾਈ ਗੱਲਬਾਤ ਤੇ ਵਿਚਾਰ ਕਰਕੇ ਕਿਵੇਂ ਉਹ ਹਰ ਵੇਲੇ ਸੋਚਾਂ 'ਚ ਡੁੱਬਿਆ ਹੋਇਆ ਚੁੱਪ ਤਾਣੀ ਉਦਾਸ ਜੇਹਾ ਬੈਠਾ ਰਹਿੰਦਾ ਸੀ। ਉਹਨੂੰ ਕੋਈ ਸੁਧ-ਬੁਧ ਹੀ ਨਹੀਂ ਸੀ ਕਿ ਉਹ ਕੀ ਕਰਦਾ ਹੈ ਤੇ ਸਵੇਰ ਵੇਲੇ ਉਹ ਰਾਤ ਤੋਂ ਬਿਲਕੁਲ ਉਲਟ ਹੁੰਦਾ ਸੀ ਜਿਵੇਂ ਰਾਤ ਵਾਲੀ ਘਟਨਾ ਦਾ ਉਹ ਨੂੰ ਕੋਈ ਇਲਮ ਹੀ ਨਾ ਹੋਵੇ। ਉਹ ਰੋਂਦਾ-ਕੁਰਲਾਉਂਦਾ ਸਿਵੇ 'ਚ ਲੰਮਾ ਪੈ ਜਾਂਦਾ ਜਿਵੇਂ ਕਿਸੇ ਨੂੰ ਗਲਵਕੜੀ 'ਚ ਭਰ ਰਿਹਾ ਹੋਵੇ। ਨਾਥ ਦੀ ਮੁਹੱਬਤ ਦੀ ਅੱਗ ਐਨੀ ਪ੍ਰਚੰਡ ਸੀ ਕਿ ਉਹ ਅਤੀਤ ਤੋਂ ਪਿੱਛਾ ਨਹੀਂ ਛੁਡਾ ਸਕਿਆ। ਉਹਦੇ ਦਿਲੋ-ਦਿਮਾਗ ਤੇ ਰਾਧਾ ਦਾ ਖਿਆਲ ਇਸ ਤਰ੍ਹਾਂ ਹਾਵੀ ਹੋ ਚੁੱਕਾ ਸੀ ਕਿ ਉਹ ਆਪਣੀ ਹੋਂਦ ਤੱਕ ਨੂੰ ਭੁਲ ਚੁਕਿਆ ਸੀ ਤੇ ਰਾਤ ਵੇਲੇ ਉਹਦੀ ਕਲਪਨਾ ਐਨੀ ਤਿੱਖੀ ਹੋ ਜਾਂਦੀ ਸੀ ਕਿ ਉਹ ਮਰੀ ਹੋਈ ਰਾਧਾ ਦਾ ਜਿਹੜੇ ਸਿਵੇ 'ਚ ਦਾਹ ਕੀਤਾ ਸੀ। ਉਸੇ ਸਿਵੇ 'ਚ ਰਾਧਾ ਨੂੰ ਪਈ ਹੋਈ ਚਿਤਵ ਲੈਂਦਾ ਸੀ ਤੇ ਉਹਦੇ ਨਾਲ ਜੱਫੀ ਪਾ ਕੇ ਸੌ ਜਾਂਦਾ ਸੀ। ਤੇ ਕੱਲ੍ਹ ਜਦੋਂ ਐਕਸੀਡੈਂਟ 'ਚ ਮਰੀ ਕੁੜੀ ਦਾ ਦਾਹ ਕੀਤਾ ਸੀ ਤਾਂ ਉਹਦਾ ਦਿਮਾਗ਼ ਪੂਰੀ ਤਰ੍ਹਾਂ ਅਤੀਤ 'ਚ ਗਵਾਚ ਚੁੱਕਾ ਸੀ। ਕਿਉਂਕਿ ਰਾਧਾ ਦੀ ਮੌਤ ਵੀ ਐਕਸੀਡੈਂਟ 'ਚ ਹੀ ਹੋਈ ਸੀ ਤੇ ਉਹਨੂੰ ਰਾਧਾ ਦੀ ਮੌਤ ਦੀ ਯਾਦ ਨੇ ਐਨਾ ਬੇ-ਸੁਧ ਕਰ ਦਿੱਤਾ ਕਿ ਉਹਨੂੰ ਪਤਾ ਹੀ ਨਹੀਂ ਲੱਗਿਆ ਕਿ ਉਹ ਮੌਤ ਦੇ ਵਲ ਆਪਣੇ ਕਦਮ ਪੁਟ ਰਿਹਾ ਹੈ।"

"ਅਵੀ ਇਹ ਕਿਵੇਂ ਹੋ ਸਕਦੀ ਹੈ ਕਿ ਬੰਦਾ ਨੂੰ ਪਤਾ ਹੀ ਨਾ ਲੱਗੇ ਕਿ ਸਿਵੇ ਦੇ ਅੰਗਿਆਰ ਉਹਨੂੰ ਝੁਲਸਾ ਰਹੇ ਨੇ ਉਹਦੀਆਂ ਹੱਡੀਆਂ ਨੂੰ ਨੰਗਾ ਕਰ ਰਹੇ ਨੇ ਉਹਦਾ ਮਾਸ ਤਿੜ-ਤਿੜ ਕਰਕੇ ਹੜੱਪ ਰਹੇ ਨੇ। ਕੋਈ ਦਰਦ, ਕੋਈ ਤਕਲੀਫ ਹੀ ਉਹਨੂੰ ਨਾ ਹੁੰਦੀ ਹੋਵੇ। ਜੀਤ ਮੇਰੇ ਨਾਲ ਸਹਿਮਤ ਨਾ ਹੋ ਕੇ ਆਪਣਾ ਤਰਕ ਰੱਖਦਾ ਹੈ।

"ਜੀਤ ਤੈਨੂੰ ਪਤਾ ਹੈ ਕਿ ਇੱਕ ਇਲਾਜ ਹੈ ਅਜਿਹਾ ਵੱਖਰੀ ਤਰ੍ਹਾਂ ਦਾ ਉਹ ਬੰਦੇ ਨੂੰ ਹਿਪਨੋਟਾਈਜ ਕਰਕੇ ਉਹਦਾ ਇਲਾਜ਼ ਕਰਦੇ ਹਨ. ਨਾ ਕੋਈ ਸੁੰਨ ਕਰਨ ਵਾਲਾ ਟੀਕਾ, ਨਾ ਦਰਦ ਰੋਧਕ ਦਵਾਈ ਦੇਂਦੇ ਨੇ। ਉਹਨੂੰ ਚੀਰਾ ਦਿੱਤਾ ਜਾਵੇ ਚਾਹੇ ਅਪ੍ਰੇਸ਼ਨ ਕੀਤਾ ਜਾਵੇ ਮਰੀਜ਼ ਨੂੰ ਬਿਲਕੁਲ ਤਕਲੀਫ ਨਹੀਂ ਹੁੰਦੀ।

ਕਿਉਂਕਿ ਉਹ ਮਰੀਜ਼ ਦੇ ਦਿਮਾਗ਼ ਨੂੰ ਤਕਲੀਫ ਤੇ ਪੀੜ ਤੋਂ ਨਿਰਲੇਪ ਕਰ ਦਿੰਦੇ ਨੇ ਤੇ ਦਿਮਾਗ਼ ਹੀ ਹੁੰਦਾ ਹੈ ਜੋ ਤਕਲੀਫ ਤੇ ਪੀੜ ਦੇ ਅਹਿਸਾਸ ਨੂੰ ਸਰੀਰ ਤੱਕ ਮਹਿਸੂਸ ਕਰਨ ਦੀ ਤਰੰਗ ਭੇਜਦਾ ਹੈ। ਜੋਂ ਦਿਮਾਗ਼ ਕਿਸੇ ਹੋਰ ਪਾਸੇ ਉਲਝ ਜਾਵੇ ਤਾਂ ਪੀੜ ਦਾ ਅਹਿਸਾਸ ਮਹਿਸੂਸ ਹੀ ਨਹੀਂ ਹੁੰਦਾ। ਬਿਲਕੁਲ ਐਂਵੇ ਹੀ ਨਾਥ ਨਾਲ ਵਾਪਰਿਆ ਉਹਦਾ ਦਿਮਾਗ਼ ਪੂਰੀ ਤਰ੍ਹਾਂ ਅਤੀਤ ਦੇ ਗਲਬੇ 'ਚ ਸੀ। ਰਾਧਾ ਦੀ ਯਾਦ ਦੀ ਗੁੰਝਲ 'ਚ ਉਲਝਿਆ ਉਹਦਾ ਦਿਮਾਗ਼, ਉਹਦੇ ਸਰੀਰ ਨੂੰ ਪੀੜ ਦੇ ਅਹਿਸਾਸ ਤੋਂ ਨਿਰਲੇਪ ਕਰ ਗਿਆ ਤੇ ਉਹਦਾ ਸਰੀਰ ਤਕਲੀਫ, ਪੀੜ ਨੂੰ ਮਹਿਸੂਸ ਹੀ ਨਾ ਕਰ ਸਕਿਆ। ਹੁਣ ਤੂੰ ਆਪ ਸੋਚ ਜੇ ਨਾਥ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਕਿ ਉਹ ਕੀ ਕਰਨ ਜਾ ਰਿਹਾ ਹੈ। ਉਹ ਸੁਧ-ਬੁਧ ਨਾਲ ਇਸ ਤਰ੍ਹਾਂ ਦਾ ਕਦਮ ਪੁਟਦਾ ਹੋਇਆ ਚਿਖਾ 'ਚ ਆਤਮ ਹੱਤਿਆ ਕਰਨ ਦੇ ਨਾਲ ਲੰਮਾ ਪੈਂਦਾ ਤਾਂ ਉਹਨੂੰ ਦੁਖ, ਤਕਲੀਫ ਨਾ ਹੁੰਦੀ, ਉਹ ਚੀਕਾ ਨਾ ਮਾਰਦਾ ਦਰਦ ਦਾ ਭੰਨਿਆ ਹੋਇਆ ਤੇ ਉਹਦੀਆਂ ਚੀਕਾ ਸੁਣ ਕੇ ਉਹਨੂੰ ਬਚਾਉਣ ਵਾਸਤੇ ਕੋਈ ਨਾ ਕੋਈ ਉੱਠ ਨਾ ਖੜਦਾ ਮੈਂ ਜੀਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹਾਂ।

ਇੱਕ ਗੂੜੀ ਜਿਹੀ ਹੈਰਾਨੀ ਦਾ ਭਾਵ ਜੀਤ ਦੇ ਪੂਰੇ ਵਜੂਦ ਤੇ ਪਸਰ ਗਿਆ। ਉਹਦਾ ਮੂੰਹ ਮੇਰੀ ਦਲੀਲ ਸੁਣ ਕੇ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ ਤੇ ਅੱਖਾਂ ਵਿਸਮਾਦ ਦੀ ਹਾਲਤ 'ਚ ਅੱਡੀਆਂ ਰਹਿ ਗਈਆ। "ਐਵੇਂ ਵੀ ਹੋ ਸਕਦਾ ਹੈ ਅਵੀ।"

"ਅੱਛਾ। ਜੀਤ ਹਾਲੇ ਵੀ ਹੈਰਾਨੀ ਦੀ ਵਲਗਣ 'ਚ ਵਲਿਆ ਪਿਆ ਹੈ।

ਨਾਥ ਦਾ ਸੰਸਕਾਰ ਵੀ ਉਹੀ ਸਿਵੇ 'ਚ ਕਰਨ ਦਾ ਅਸੀਂ ਫੈਸਲਾ ਕੀਤਾ ਜਿਥੇ ਰਾਧਾ ਦਾ ਸੰਸਕਾਰ ਕੀਤਾ ਗਿਆ ਸੀ ਤੇ ਜਿਥੇ ਨਾਲ ਮੱਚ ਕੇ ਮਰਿਆ ਸੀ। ਸਿਵੇ 'ਚ ਪਹਿਲਾਂ ਵਾਲੇ ਹੋਏ ਸੰਸਕਾਰ (ਐਕਸੀਡੈਂਟ 'ਚ ਮਰੀ ਕੁੜੀ) ਦੇ ਫੁੱਲ ਤੇ ਰਾਖ ਮੇਲੂ ਨੇ ਹੂੰਝ ਕੇ ਖਾਲੀ ਪਏ ਸਿਵੇ 'ਚ 'ਕੱਠੇ ਕਰ ਦਿੱਤੇ। ਇੱਕ ਅਜੀਬ ਜੇਹੀ ਬੈਚੇਨੀ ਮੇਰੇ ਅੰਦਰ ਤੱਕ ਧਸੀ ਹੋਈ ਲੱਗਦੀ ਸੀ। ਇੱਕ ਹੋਰ ਯਾਰ ਤੋਂ ਸਦਾ ਲਈ ਵਿਛੜਣ ਦਾ ਗ਼ਮ ਅੱਖਾਂ ਨੂੰ ਲੁਣੇ ਪਾਣੀਆਂ ਨਾਲ ਭਰ ਰਿਹਾ ਸੀ। ਨਾਥ ਦੇ ਸੰਸਕਾਰ ਤੋਂ ਬਾਅਦ ਹੌਲੀ-ਹੌਲੀ ਸਾਰੇ ਮੜੀਆਂ 'ਚੋਂ ਵਾਪਸ ਜਾਣ ਲੱਗ ਪਏ। ਮੈਨੂੰ ਲੱਗਦਾ ਸੀ ਕਿ ਸਾਡਾ ਵੀ ਹੁਣ ਆਖਰੀ ਦਿਨ ਹੈ ਮੜੀਆਂ 'ਚ। ਜਿਹਦੇ ਕੋਲ ਮੜੀਆਂ 'ਚ ਆਈਦਾ ਸੀ ਜਦ ਉਹ ਹੀ ਨਹੀਂ ਰਿਹਾ ਤਾਂ ਹੁਣ ਸਾਡਾ ਕੀ ਰੱਖਿਆ ਹੈ ਮੜੀਆਂ 'ਚ। ਇੱਕ ਹੌਂਕਾ ਅੱਥਰੂਆਂ ਨਾਲ ਲੱਗ ਕੇ ਬਾਹਰ ਵੱਲ ਲਪਕ ਗਿਆ।

"ਜੀਤ ਮੈਂ ਤੇਰਾ ਅਹਿਸਾਨ ਕਦੇ ਵੀ ਨਹੀਂ ਭੁੱਲ ਸਕਦਾ ਕਿਉਂਕਿ ਨਾਥ ਜਿਹੇ ਸਖ਼ਸ਼ ਨਾਲ ਯਾਰੀ ਤੇਰੀ ਦੇਣ ਕਰਕੇ ਮੈਨੂੰ ਹਾਸਿਲ ਹੋਈ ਸੀ। ਜਿਹਨੇ ਮੇਰੀ ਸੋਚ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਮੇਰਾ ਸਾਰਾ ਗਿਆਨ ਜੋ ਮੈਂ ਪੜ੍ਹ-ਪੜ੍ਹ ਕੇ ਹਾਸਲ ਕੀਤਾ ਸੀ ਉਸ ਗਿਆਨ ਸਾਗਰ ਨੂੰ ਨਾਥ ਜਿਹੇ ਸਖ਼ਸ਼ ਨੇ ਬਹੁਤ ਜ਼ਿਆਦਾ ਵਿਸ਼ਾਲ ਕਰ ਦਿੱਤਾ ਸੀ।" ਮੇਰੀ ਉਦਾਸ ਜੇਹੀ ਆਵਾਜ਼ ਨੇ ਜੀਤ ਨੂੰ ਸੰਬੋਧਿਤ ਕੀਤਾ। ਇੱਕ ਪੀੜ ਜੇਹੀ ਦਾ ਭਾਵ ਜੀਤ ਦੇ ਚਿਹਰੇ ਤੇ ਫੈਲਿਆ ਹੋਇਆ ਸੀ। ਮੇਰੀ ਆਵਾਜ਼ ਦੇ ਖੰਭਾ ਨੇ ਫੇਰ ਪਰਵਾਜ਼ ਭਰੀ। "ਜੇਕਰ ਉਸ ਦਿਨ ਤੂੰ ਮੈਨੂੰ ਮੜੀਆਂ 'ਚ ਲੈ ਕੇ ਜਾਂਦਾ ਤਾਂ ਮੇਰੀ ਜ਼ਿੰਦਗੀ ਦੀ ਕਿਤਾਬ 'ਚ ਖੁਸ਼ੀ-ਗਮੀ, ਪੀੜ-ਨਿਰਾਸ਼ਤਾ ਦਾ ਇੱਕ ਅਧਿਆਏ ਹੋਰ ਨਾ ਜੁੜ ਸਕਦਾ। ਮੈਨੂੰ ਅੱਜ ਵੀ ਯਾਦ ਹੈ ਉਹ ਦਿਨ ਜਦੋਂ ਪਹਿਲੀ ਵਾਰ ਤੂੰ ਮੈਨੂੰ ਇਸ ਵਿਲੱਖਣ ਜੇਹੀ ਦੁਨੀਆਂ 'ਚ ਮੇਰੀਆਂ ਸੋਚਾਂ ਦੇ ਕਾਂ ਅਤੀਤ ਦੇ ਬਨ੍ਹੇਰੇ ਤੇ ਬੈਠ ਕੇ ਕਾਂ-ਕਾਂ ਕਰ ਰਹੇ ਨੇ। 2006 ਦੇ ਅੱਧ ਦਸੰਬਰ ਮਹੀਨੇ ਦੀ ਪਹਿਲੀ ਸ਼ਾਮ ਸੀ ਜਦੋਂ ਮੈਂ ਪਹਿਲੀ ਵਾਰ ਮੜੀਆਂ 'ਚ ਆਪਣੇ ਕਦਮ ਧਰੇ ਸਨ। ਸੂਰਜ ਸਵੇਰ ਦਾ ਹੀ ਬੱਦਲਾਂ ਦੇ ਮੋਟੇ ਪਰਦਿਆਂ ਉਹਲੇ ਲੁਕਿਆ ਬੈਠਾ ਸੀ। ਬਸ ਕਦੇ-ਕਦੇ ਹੀ ਬੱਦਲਾਂ ਦੇ ਪਰਦੇ ਖਿੱਚ ਕੇ ਮਾੜੀ-ਮੋਟੀ ਝਾਤ ਮਾਰਦਾ ਆਪਣੇ ਅਗਨ-ਬਾਣਾ ਨਾਲ ਧਰਤੀ ਦੀ ਹਿੱਕ ਛੇਕਣ ਦੀ ਨਿਸਫਲ ਕੋਸ਼ਿਸ਼ ਕਰਦਾ ਫੇਰ ਬੱਦਲਾਂ ਦੀ ਬੁੱਕਲ 'ਚ ਲੁਕ ਜਾਂਦਾ। ਪਿਛਲੇ ਪੰਜ-ਛੇ ਦਿਨਾਂ ਤੋਂ ਨਿਰੰਤਰ ਸਰਦ ਮੌਸਮਾਂ ਤੇ ਜਿੱਤ ਪਾਉਂਦਾ ਉਸ ਦਿਨ

ਹਾਰਿਆ ਜਿਹਾ ਮੂੰਹ ਲੈ ਕੇ ਚੁੱਪ-ਚਾਪ ਆਪਣੇ ਅਗਨ-ਬਾਣ ਸਮੇਟ ਕੇ ਪੱਛਮ ਦੀ ਡੂੰਘੀ ਝੀਲ 'ਚ ਸ਼ਰਮਸਾਰ ਹੋਇਆ ਡੁੱਬ ਗਿਆ ਸੀ ਤੇ ਠੰਡੇ ਸਵੇਰ ਤੋਂ ਹੀ ਭੱਜਦੇ ਜਾਂਦੇ ਦੁਸ਼ਮਣ ਦੀ ਹਾਰ ਤੇ ਬਾਘੀਆ ਪਾਉਂਦੀ ਖੁਸ਼ੀਆਂ ਦਾ ਤਾਂਡਵ ਨੱਚਦੀ ਗਲੀਆਂ ਅਤੇ ਸੜਕਾਂ ਤੇ ਆਪਣੇ ਜ਼ੋਰ ਦਾ ਮੁਜ਼ਾਹਰਾ ਕਰ ਰਹੀ ਸੀ। ਹਨ੍ਹੇਰਾ ਹਾਲੇ ਚਾਨਣ ਨੂੰ ਨਿਗਲਣ ਲਈ ਆਪਣੀਆਂ ਪੈੜਾਂ ਅੱਗੇ ਵਧਾ ਰਹੀ ਰਿਹਾ ਸੀ। ਜਦੋਂ ਮੈਂ ਭਟਕਣਾ ਦੀ ਪਾਜੇਬ ਛਣਕਾਉਂਦਾ ਸਰਹਿੰਦ ਰੋਡ ਤੇ ਜਾ ਰਿਹਾ ਸੀ ਤੇ ਪਿੱਛੋਂ ਮੋਟਰ ਸਾਇਕਲ ਦੇ ਹਾਰਨ ਨੇ ਮੈਨੂੰ ਅਤੀਤ ਦੀ ਨਦੀ 'ਚ ਗੋਤੇ ਖਾਂਦਿਆਂ ਨੂੰ ਵਰਤਮਾਨ ਦੇ ਕਿਨਾਰੇ ਤੇ ਪਟਕਾ ਮਾਰਿਆ ਸੀ। "ਆ ਅਵੀ ਬੈਠ ਯਾਰਾ ਦੇ ਘੜੁੱਕੇ ਤੇ, ਦਿਖਾਈਐ ਤੈਨੂੰ ਅੱਜ ਅਸਲੀ ਮਹਿਫਲਾਂ ਦੇ ਰੰਗ ਐਵੇਂ ਈ ਸੜਕਾਂ ਘਸਾਈ ਜਾਨੈ।" ਜੀਤ ਜੋ ਮੇਰੇ ਨਾਲ ਪੜ੍ਹਦਾ ਰਿਹਾ ਸੀ ਤੇ ਮੇਰੇ ਹੀ ਮੁਹੱਲੇ ਦਾ ਵਸਨੀਕ ਸੀ ਦੀ ਆਵਾਜ਼ ਸੁਣ ਕੇ ਮੇਰੇ ਕਦਮ ਖੜੋ ਗਏ ਸੀ। ਮੈਂ ਜੀਤ ਦੇ ਮੋਟਰਸਾਇਕਲ 'ਤੇ ਬੈਠ ਗਿਆ ਜਦੋਂ ਜੀਤ ਨੇ ਮੋਟਰਸਾਇਕਲ ਮੜੀਆਂ 'ਚ ਵਾੜਿਆ ਤਾਂ ਇੱਕ ਹੈਰਾਨੀ ਜਿਹੀ ਮੇਰੇ 'ਤੇ ਭਾਰੂ ਹੋ ਗਈ ਸੀ। "ਤੂੰ ਕਿਤੇ ਰਾਹ ਤਾਂ ਨੀ ਭੁੱਲ ਗਿਆ ਜੀਤ ਕਿ ਮੁਰਦਿਆਂ ਨਾਲ ਸਮਾਂ ਬਿਤਾਉਣ ਨੂੰ ਮਹਿਫ਼ਲਾਂ ਦੇ ਰੰਗ ਸਮਝਦੇ।" ਮੈਂ ਜੀਤ ਨੂੰ ਮਖੌਲ ਕਰਦਿਆਂ ਕਿਹਾ। "ਬਸ ਦੇਖੀ ਜਾ ਕਿਵੇਂ ਭੁਤਨੀਆਂ ਦਾ ਕੈਂਬਰੇ ਦਿਖਾਉਦਾ ਤੈਨੂੰ, ਤੇਰੇ ਗਲ 'ਚ ਬਾਹਾਂ ਪਵਾ ਕੇ ਚੁੜੇਲਾਂ ਨੂੰ ਨਾ ਨਚਾਇਆ ਤਾਂ ਕਹੀ ਬੱਚੂ।" ਜੀਤ ਨੇ ਬਰਾਬਰ ਦੀ ਚੋਟ ਮਾਰੀ। ਮੋਟਰਸਾਇਕਲ ਇੱਕ ਪਾਸੇ ਖੜਾ ਕਰਕੇ ਜੀਤ ਨੇ ਆਪਣੀ ਬਾਂਹ ਮੇਰੇ ਲੱਕ ਦੁਆਲੇ ਵਲ ਕੇ ਮੈਨੂੰ ਆਪਣੇ ਨਾਲ ਤੌਰ ਲਿਆ। ਮੜੀਆਂ 'ਚ ਡੁੱਬਦੇ ਪਾਸੇ ਵੱਲ ਵੱਡ ਆਕਾਰੀ ਸ਼ਿਵ ਦੀ ਮੂਰਤੀ ਨੇ ਮੇਰਾ ਧਿਆਨ ਖਿਚਿਆ ਮੂਰਤੀ ਤੋਂ ਪਹਿਲਾਂ ਘਾਹ ਦਾ ਵਿਸ਼ਾਲ ਲਾਨ ਤੇ ਆਸੇ-ਪਾਸੇ ਬਣੀਆਂ ਕਿਆਰੀਆਂ 'ਚ ਖਿੜੇ ਗੁਲਾਬ ਤੇ ਕਈ ਤਰ੍ਹਾਂ ਦੇ ਰੰਗ-ਬਰੰਗੇ ਫੁੱਲਾਂ ਨੇ ਮੇਰਾ ਮਨ ਮੋਹ ਲਿਆ ਸੀ। ਫਰਸ਼ ਦੀ ਪਹੀ ਤੋਂ ਵਾਪਸ ਮੁੜ ਕੇ ਬਰਾਂਡਾ ਪਾਰ ਕਰਕੇ ਅਸੀ ਸਿਵਿਆਂ ਵਾਲੇ ਪਾਸੇ ਤੁਰ ਪਏ । ਸਿਵਿਆਂ ਤੋਂ ਅੱਗੇ ਲੱਕੜੀਆਂ ਦੇ ਲੱਗੇ ਵੱਡੇ ਢੇਰ ਦੇ ਉਹਲਿਓਂ ਹਾਸੇ ਦੀ ਆਵਾਜ਼, ਰੌਲੇ-ਰੱਪੇ ਦੀ ਆਵਾਜ਼ ਮੇਰੇ ਕੰਨਾਂ 'ਚ ਪਈਆ ਲੱਕੜਾਂ ਦੇ ਢੇਰ ਉਹਲੇ ਇੱਕ ਪਾਸੇ ਧੂਣੀ ਬਾਲੀ 15-20 ਜਣੇ ਬੈਠੇ ਸੀ, ਸਿਗਰਟਾਂ ਦਾ ਧੂੰਆਂ ਅੱਗ ਦੇ ਚਾਨਣ 'ਚ ਉੱਡਦਾ ਹੋਇਆ ਆਪਣੀ ਵਾਸ਼ਨਾ ਫੈਲਾ ਰਿਹਾ ਸੀ।

ਇੱਕ ਪਤਲਾ ਜਿਹਾ ਪਿੰਜਰ ਵਰਗਾ ਲੰਮਾ ਜਿਹਾ 23-24 ਕੁ ਸਾਲ ਦਾ ਮੁੰਡਾ ਜਿਹਾ ਜਿਹਦੇ ਸਰੀਰ ਤੇ ਮਾਸ ਦੀ ਅਣਹੋਂਦ ਕਾਰਨ ਇੱਕ-ਇੱਕ ਹੱਡੀ ਗਿਣੀ ਜਾ ਸਕਦੀ ਹੈ। ਕਣਕ-ਵੰਨਾ ਰੰਗ, ਲੰਮੇ ਘੁੰਗਰਾਲੇ ਜਿਹੇ ਵਾਲ, ਮੈਲੇ ਜਿਹੇ ਕੱਪੜੇ ਤੇ ਸਰੀਰ ਤੇ ਜੰਮੀ ਮੈਲ ਖਾਸਕਰ ਧੋਣ ਤੇ ਤਾਂ ਦੂਰੋਂ ਹੀ ਲਿਸ਼ਕਦੀ ਸੀ। ਪਹਿਲੀ ਨਜ਼ਰ ਦੇਖਣ ਤੇ ਸਿਰੇ ਦਾ ਅਮਲੀ ਲੱਗਦਾ ਸੀ। ਕਿਸੇ ਗੱਲ ਤੇ ਹੱਸਦਿਆਂ ਦੇ ਉਹਦੇ ਪੀਲੇ ਦੰਦ, ਮੇਰਾ ਧਿਆਨ ਉਹਦੇ ਕਾਲੇ ਜਿਹੇ ਬੁੱਲਾਂ ਤੇ ਪਿਆ ਜੋ ਕਿ ਸਿਗਰਟ ਪੀਣ ਕਰਕੇ ਆਪਣਾ ਰੰਗ ਬਦਲ ਗਏ ਲੱਗਦੇ ਸਨ। ਉਹ ਇੱਕ ਹੱਥ ਦੇ ਬੁੱਕ 'ਚ ਫੜੇ ਤੰਮਾਕੂ ਨੂੰ ਦੂਜੇ ਹੱਥ 'ਚ ਫੜੀ ਸਿਗਰਟ 'ਚ ਭਰ ਰਿਹਾ ਸੀ। ਇਹੀ ਸੀ ਨਾਥ ਮੰਗਲੂ।

"ਸਿਵਿਆਂ ਦਾ ਰਾਖਾਂ ਬਾਈ ਮੇਰਿਓ, ਸਿਵਿਆਂ ਦਾ, ਮਜਾਲ ਆ ਕੋਈ ਲੱਲੀ-ਛੱਲੀ, ਸ਼ਾਧ-ਸੁਧ, ਤਾਂਤਰਿਕ-ਤੁੰਤਰਿਕ ਮੂੰਹ ਕਰਜੇ ਇਧਰ ਨੂੰ, ਪਾਣੀ ਵਾਂਗ ਚੱਲਦੇ ਨੇ ਸਾਰੇ ਥੋਡੇ ਬਾਈ ਤੋਂ। ਜੈ-ਜੈ ਕਾਰ ਆ, ਬਾਈ ਥੋਡੇ ਦੀ, ਜੈ-ਜੈ ਕਾਰ। ਹੁਣ ਐਂ ਕਰੋ ਬਾਈ ਮੇਰਿਓ ਧੂਣੀ ਦੁਆਲੇ ਕਿਸੇ ਸੋਹਣੀ ਜੇਹੀ ਰੰਨ ਦੀ ਵੰਗ-ਵਾਂਗ ਗੋਲ-ਕਤਾਰਾ ਜਿਹਾ ਬਣਾ ਕੇ ਬੈਠ ਜੋ, ਐਂਵੇ ਉਗੜ-ਦੁਗੜ ਜਿਹੇ ਹੋ ਕੇ ਨਾ ਬੈਠੋ। ਭੋਲੇ ਸ਼ੰਕਰ ਦਾ ਪ੍ਰਸ਼ਾਦ ਤਿਆਰ ਆ। ਇੱਕੋ ਕਸ਼ ਲਾ ਕੇ ਦਿਮਾਗ਼ ਦੇ ਬੰਦ ਕਵਾੜ ਖੁੱਲ੍ਹ ਜਾਣਗੇ। ਪਹਾੜ ਸਮਾਨ ਆ ਬਾਈ ਮੇਰਿਓ ਪਹਾੜ ਦੇਖਿਓ ਕਿਵੇਂ ਹਜ਼ਾਰ ਵਾਟ ਦਾ ਬਲਬ ਜਗੂ ਥੋਡੇ ਦਿਮਾਗ਼ 'ਚ ਇੱਕੋ ਕਸ਼ ਨੇ ਸਿਰ ਦੀ ਫਿਰਕੀ ਬਣਾ ਕੇ ਰੱਖ ਦੇਣੀ ਆਂ।" ਜੈ ਭੋਲੇ ਸ਼ੰਕਰ ਦੀ ਕਹਿ ਕੇ ਨਾਥ ਨੇ ਸਿਗਰਟ ਬਾਲੀ

ਤੇ ਕਸ਼ ਲਾ ਕੇ ਮੂੰਹ ਉਪਰ ਨੂੰ ਕਰਕੇ ਅੱਖਾਂ ਬੰਦ ਕਰਕੇ ਅਕਿਹ ਨਸ਼ੇ ਦੇ ਸਰੂਰ 'ਚ ਆ ਗਿਆ ਸੀ। ਇੱਕ ਹੋਰ ਕਸ਼ ਖਿੱਚ ਕੇ ਪੂਰੇ ਵਜਦ 'ਚ ਆ ਗਿਆ ਤੇ ਮੇਲੂ ਨੂੰ ਸੁਲਫ਼ੇ ਆਲੀ ਸਿਗਰਟ ਫੜਾ ਕੇ ਅੱਖਾਂ ਬੰਦ ਕਰੀ ਕਹਿਣ ਲੱਗਾ, "ਸਵਾਦ ਆ ਗਿਆ ਬਾਈ ਮੇਰਿਓ ਸਵਾਦ, ਵਾਕੇ ਈ ਸਿਰੇ ਦਾ ਸਮਾਨ ਆ ਸਿਰ ਚੜ ਬੋਲਦੈ। ਹਾਲੇ ਥੋੜਾ ਕੁ ਚਿਰ ਹੀ ਹੋਇਆ ਸੀ ਬੈਠਿਆ ਨੂੰ ਬੱਦਲ ਲਿਸ਼ਕਣ ਲੱਗ ਪਿਆ। "ਰਬ ਵੀ ਵੈਰੀਆ ਅਮਲੀਆਂ ਦਾ, ਜਿਹਨੇ ਜਾਣੈ ਚੱਲੇ ਜਾਵੇ ਐਂਵੇ ਈ ਵਰਦੇ 'ਚ ਜਾ ਕੇ ਖਾਧਾ-ਪੀਤਾ ਉਤਾਰੋਗੇਂ, ਅਮਲੀ ਬੰਦੇ ਦੇ ਗੋਲੀ ਵੱਜ ਜੇ ਪਰ ਪਾਣੀ ਦੀ ਇੱਕ ਛਿੱਟ ਨਾ ਵੱਜੇ ਬਾਈ ਮੇਰਿਓ। ਇੱਕ ਹਾਸੜ ਮਚ ਗਿਆ ਸੀ ਮਹਿਫਲ 'ਚ।

ਰਾਤ ਦੇ ਬਾਰਾ ਕੁ ਵਜੇ ਤੱਕ ਉਥੇ ਬਹਿ ਕੇ ਬਗੈਰ ਕਸ਼ ਲਾਇਆ ਤੋਂ ਹੀ ਮੈਂ ਅਜੀਬ ਜਿਹੇ ਨਸ਼ੇ 'ਚ ਗਲਤਾਨ ਹੋ ਗਿਆ ਸੀ। ਚੀਕ-ਚਿਹਾੜੇ ਆਲੀ ਥਾਂ 'ਤੇ ਲੱਗੀ ਮਹਿਫ਼ਲ ਤੇ ਖਿਲਰਿਆ ਹਾਸਾ ਮਖੌਲ ਦੇਖ ਕੇ ਮੈਂ ਹੈਰਾਨ ਹੋ ਕੇ ਰਹਿ ਗਿਆ ਸੀ। ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਜਿਥੇ ਆਪਣੇ ਖਤਮ ਹੋਏ ਵਕਤ ਨਾਲ ਇੱਕ ਇਨਸਾਨ ਹੱਡ-ਮਾਸ ਤੋਂ ਰਾਖ ਦੀ ਢੇਰੀ ਬਣ ਕੇ ਰਹਿ ਜਾਂਦਾ ਹੈ, ਉਸ ਥਾਂ ਨੂੰ ਜਿਹਨੂੰ ਰੋਣ-ਪਿਟਣ ਤੇ ਸੋਗ ਦਾ, ਮੌਤ ਦਾ ਪ੍ਰਤੀਕ ਸਮਝਿਆ ਜਾਂਦਾ ਹੈ, ਕਿਵੇਂ ਉਥੇ ਜ਼ਿੰਦਗੀ ਪੈਲ੍ਹਾਂ ਪਾਉਂਦੀ, ਮਸਤੀ ਤੇ ਸਰੂਰ 'ਚ ਰਾਤਾਂ ਦੇ ਹਨ੍ਹੇਰੇ ਦੀ ਹਿੱਕ ਤੇ ਪੈਰ ਧਰ ਕੇ ਸੋਗ ਤੇ ਗ਼ਮ ਨੂੰ ਆਪਣੇ ਹਾਸੇ ਨਾਲ ਮਸਲ ਰਹੀ ਸੀ। ਉਥੇ ਬੈਠਿਆਂ ਨੂੰ ਪਤਾ ਹੀ ਨਹੀਂ ਸੀ ਲੱਗਿਆ ਕਿ ਕਿਵੇਂ ਵਕਤ ਖੰਭ ਮਾਰਦਾ ਉਡ ਗਿਆ। ਘੰਟੇ ਸਕਿੰਟਾਂ ਵਾਂਗ ਬੀਤ ਗਏ ਲੱਗੇ। ਮੈਂ ਮਹਿਸੂਸ ਕੀਤਾ ਜਿਵੇਂ ਵਰਿਆਂ ਤੋਂ ਮੇਰੇ ਦਿਲ ਦੇ ਪੈਰਾਂ 'ਚ ਉਦਾਸੀਆਂ, ਪੀੜਾਂ, ਇਕੱਲਤਾ ਦੀਆਂ ਛਣਕਦੀਆਂ ਪੰਜੇਬਾਂ ਇੱਕ ਦਮ ਅਹਿਲ ਹੋ ਕੇ ਰਹਿ ਗਈਆਂ ਹੋਣ। ਮੈਂ ਹੋਲਾ-ਫੁੱਲ ਜਿਹਾ ਹੋ ਗਿਆ ਸੀ। ਨਾਥ ਮੰਗਲੂ ਦੀ ਸ਼ਖ਼ਸੀਅਤ ਤੋਂ ਮੈਂ ਬਹੁਤ ਹੀ ਪ੍ਰਭਾਵਿਤ ਹੋ ਕੇ ਰਹਿ ਗਿਆ ਸੀ। ਉਸ ਰਾਤ ਤੋਂ ਬਾਅਦ ਮੇਰੀਆਂ ਰਾਤਾਂ ਦਾ ਜ਼ਿਆਦਾਤਰ ਸਮਾਂ ਮੜ੍ਹੀਆਂ 'ਚ ਹੀ ਬਤੀਤ ਹੋਣ ਲੱਗ ਪਿਆ ਸੀ। ਦਿਨਾਂ 'ਚ ਹੀ ਨਾਥ ਮੰਗਲੂ ਨਾਲ ਮੇਰੀ ਗੂੜੀ ਯਾਰੀ ਪੈ ਗਈ ਸੀ। ਇਹ ਯਾਰੀ ਉਦੋਂ ਹੋਰ ਵੀ ਜ਼ਿਆਦਾ ਡੂੰਘੀ ਹੋ ਗਈ ਸੀ। ਜਦੋਂ ਨਾਥ ਮੰਗਲੂ ਦੇ ਸ਼ਖ਼ਸੀਅਤ ਦੇ ਹੋਰ ਪੱਖ ਮੇਰੇ ਸਾਹਮਣੇ ਉਜਾਗਰ ਹੋਏ ਸੀ। ਮੈਂ ਨਾਥ ਮੰਗਲੂ ਬਾਰੇ ਉਹਦੀ ਜ਼ਿੰਦਗੀ ਬਾਰੇ ਸਭ ਕੁਝ ਜਾਨਣ ਲਈ ਉਤਾਵਲਾ ਹੋ ਗਿਆ ਸੀ। ਮੇਲੂ ਤੇ ਜੀਤ ਕੋਲੋਂ ਮੈਨੂੰ ਨਾਥ ਮੰਗਲੂ ਦੀ ਸਾਰੀ ਜਾਣਕਾਰੀ ਉਹਦੀ ਜ਼ਿੰਦਗੀ ਬਾਰੇ ਮਿਲ ਗਈ ਸੀ।

ਚਾਰ-ਪੰਜ ਕੁ ਸਾਲ ਦਾ ਸੀ ਨਾਥ ਮੰਗਲੂ ਜਦੋਂ ਉਹਦਾ ਬਾਪ ਮਾਘੂ ਉਹਨੂੰ ਰਿਸ਼ੀਕੇਸ ਤੋਂ ਪਟਿਆਲੇ ਤ੍ਰਿਪੜੀ ਮੜੀਆਂ 'ਚ ਲੈ ਕੇ ਆਇਆ ਸੀ। ਮੁਰਦੇ ਫੂਕਣ ਦੇ ਕੰਮ 'ਤੇ ਜਿਹੜਾ ਉਨ੍ਹਾਂ ਦਾ ਜੱਦੀ-ਪੁਸਤੀ ਕੰਮ ਸੀ। ਨਾਥ ਦੇ ਬਾਪੂ ਮਾਘੂ ਦਾ ਦਿਲ ਆਪਣੀ ਘਰਵਾਲੀ ਬਿਸ਼ਨੀ ਦੀ ਮੌਤ ਤੋਂ ਬਾਅਦ ਰਿਸ਼ੀਕੇਸ 'ਚ ਬਿਲਕੁਲ ਨਹੀਂ ਸੀ ਲੱਗਿਆ ਜਿਹੜੀ ਅਚਾਨਕ ਬਿਮਾਰ ਪੈ ਕੇ ਚੱਲ ਵਸੀ ਸੀ। ਏਸੇ ਮੜੀਆਂ 'ਚ ਨਾਥ ਦਾ ਬਚਪਨ ਬੀਤਿਆ ਤੇ ਜਵਾਨੀ ਨੇ ਅੰਗੜਾਈ ਲਈ ਸੀ। ਜੱਦੀ-ਪੁਸ਼ਤੀ ਕੰਮ ਹੋਣ ਕਰਕੇ ਮੁਰਦੇ ਫੂਕਣ ਦੀ ਕਲਾ ਨਾਥ ਨੂੰ ਵਿਰਸੇ 'ਚ ਹੀ ਮਿਲੀ ਸੀ। ਬਚਪਨ ਤੋਂ ਹੀ ਉਹਦੀ ਇਹ ਕਾਬਲੀਅਤ ਉਘੜ ਕੇ ਸਾਹਮਣੇ ਆ ਗਈ ਸੀ। ਉਹ ਬੜੀ ਤੇਜੀ ਤੇ ਫੁਰਤੀ ਨਾਲ ਸਿਵੇ ਦੇ ਦੁਆਲੇ ਸੱਬਲ ਗੱਡਦਾ ਤੇ ਐਨ ਤਰਤੀਬ ਨਾਲ ਮੁਰਦੇ ਦਾ ਦਾਹ ਕਰਨ ਵਾਸਤੇ ਲੱਕੜਾਂ ਚਿਣਦਾ ਕਿ ਮਜਾਲ ਹੈ ਮੁਰਦੇ ਦਾ ਕੋਈ ਵੀ ਅੰਗ ਅਣਜਲਿਆ ਰਹਿ ਜਾਵੇ। ਮੁਰਦੇ ਦੇ ਕਿਹੜੇ ਹਿੱਸੇ ਤੇ ਮੋਟੀ ਲੱਕੜ ਚਿਣਨੀ ਹੈ ਤੇ ਕਿਹੜੇ ਤੇ ਪਤਲੀ ਚਿਣਨੀ ਹੈ ਇਹ ਸਭ ਕੁਝ ਉਹਨੂੰ ਕਦੇ ਸਿਖਾਉਣ ਦੀ ਲੋੜ ਹੀ ਨਹੀਂ ਪਈ। ਮੁਰਦਾ ਫੂਕਣ ਆਏ ਲੋਕ ਉਹਦੀ ਛੋਟੀ ਉਮਰ 'ਚ ਐਨੀ ਫੁਰਤੀ 'ਤੇ ਤੇਜੀ ਨਾਲ ਲੱਕੜਾ ਚਿਣਨ ਦੀ ਕਲਾ ਦੇਖ ਕੇ ਹੈਰਾਨ ਹੋਏ ਦੰਦਾਂ ਥੱਲ੍ਹੇ ਉਂਗਲਾ ਦੇਣ ਤੋਂ ਬਗੈਰ ਨਹੀਂ ਸੀ ਰਹਿ ਸਕਦੇ।

ਪਰ ਨਾਥ ਮੰਗਲੂ ਦਾ ਸੁਭਾਅ ਬਚਪਨ ਤੋਂ ਹੀ ਰੁੱਖਾਂ ਤੇ ਅੜਬ ਜੇਹੀ ਕਿਸਮ ਦਾ ਸੀ, ਹਰ ਗੱਲ 'ਚ ਆਪਣੀ ਲੱਤ ਉਪਰ ਰੱਖਣ ਵਾਲਾ। ਜਿਉਂ-ਜਿਉਂ ਉਹ ਬਚਪਨ ਤੋਂ ਜਵਾਨੀ ਵੱਲ ਵਧਦਾ ਜਾਂਦਾ ਸੀ ਉਹਦੇ ਸੁਭਾਅ 'ਚ ਖਰਵਾਪਣ ਤੇ ਅੜਬਪੁਣਾ ਵੀ ਵੱਧਦਾ ਜਾਂਦਾ ਸੀ। ਪਰ ਇਸਦੇ ਨਾਲ-ਨਾਲ ਬੇਪਰਵਾਹੀ ਤੇ ਯਾਰਾਂ ਲਈ ਹੱਦੋਂ ਵੱਧ ਪਿਆਰ ਵੀ ਸ਼ਾਮਿਲ ਹੁੰਦਾ ਜਾਂਦਾ ਸੀ। ਆਪਣੇ ਕੋਲ ਆਉਣ ਵਾਲੀ ਸੁਲਫ਼ਾ, ਸੀਸ਼ੀਆਂ ਤੇ ਕੈਪਸੂਲ ਖਾਣ-ਪੀਣ ਵਾਲੀ ਢਾਣੀ ਨੂੰ ਉਹ ਕਦੇ ਵੀ ਖਰਵਾ ਨਹੀਂ ਸੀ ਬੋਲਿਆ। ਸ਼ਾਇਦ ਮਾਂ ਦੇ ਬਚਪਨ 'ਚ ਹੀ ਗੁਜਰ ਜਾਣ ਕਰਕੇ ਤੇ ਮੜੀਆਂ 'ਚ ਪਾਲਣ ਪੋਸ਼ਣ ਹੋਣ ਕਾਰਨ ਖਰਵਾਪਣ ਤੇ ਬੇਪਰਵਾਹੀ ਉਹਦੇ ਸੁਭਾਅ ਦਾ ਹਿੱਸਾ ਬਣ ਗਈ ਸੀ। ਕਿਉਂਕਿ ਸਹਿਨਸ਼ੀਲਤਾ, ਤਰਸ, ਦਯਾ, ਨਰਮੀ ਜਿਹੇ ਲੱਛਣ ਸਿਰਫ ਉਸਦੀ ਮਾਂ ਹੀ ਉਹਦੀ ਸ਼ਖ਼ਸੀਅਤ 'ਚ ਭਰ ਸਕਦੀ ਸੀ। ਪਰ ਤਾਂ ਵੀ ਤਰਸ ਤੇ ਦਯਾ ਉਹਦੇ ਸੁਭਾਅ 'ਚ ਭਰੇ ਹੋਏ ਸਨ ਜਿਹੜੇ ਕਿਸੇ-ਕਿਸੇ ਨੂੰ ਹੀ ਨਜ਼ਰ ਆਉਂਦੇ ਸਨ। ਉਹਦਾ ਸਾਰਾ ਬਚਪਨ ਖੇਡਣ-ਮੱਲਣ ਦੀ ਜਗ੍ਹਾ ਮੜ੍ਹੀਆਂ 'ਚ ਮੁਰਦੇ ਫੂਕਦੇ ਦੇਖਣ ਤੇ ਮੁਰਦੇ ਫੂਕਣ 'ਚ ਲੰਘਿਆ ਸੀ। ਇਸ ਕਰਕੇ ਉਹਦੇ ਸੁਭਾਅ 'ਚ ਬੇ-ਪਰਵਾਹੀ ਤੇ ਬੇਫਿਕਰੀ ਦੇ ਅੰਸ਼ ਸ਼ਾਮਿਲ ਹੋ ਗਏ ਸਨ। ਨਾਥ ਮੰਗਲੂ ਦਾ ਖਰਵਾਪਣ ਤੇ ਅੜਬਪੁਣਾ ਉਦੋਂ ਉਘੜ ਕੇ ਸਾਹਮਣੇ ਆਉਂਦਾ ਜਦੋਂ ਮੁਰਦੇ ਨੂੰ ਫੂਕਣ ਵੇਲੇ ਉਹਦੇ ਉੱਤੇ ਪਾਏ ਹੋਏ ਕਪੜੇ, ਖੇਸ, ਕੰਬਲ ਨੂੰ ਉਹ ਮੁਰਦੇ ਤੋਂ ਲਾਹੁਣ ਲੱਗ ਜਾਂਦਾ ਤੇ ਅਗਲੇ ਜਿੱਦ ਕਰਦੇ ਕਿ ਇਹ ਸਭ ਕੁਝ ਮੁਰਦੇ ਦੇ ਨਾਲ ਹੀ ਫੂਕਿਆ ਜਾਵੇ। ਜਦੋਂ ਗੱਲ ਵੱਧ ਜਾਂਦੀ ਤਾਂ ਨਾਥ ਤੈਸ਼ 'ਚ ਆਇਆ ਉਨ੍ਹਾਂ ਦੇ ਗਲ੍ਹ ਪੈਣ ਤੱਕ ਜਾਂਦਾ ਅਤੇ ਸੱਬਲ ਪੱਟ ਕੇ ਸਿਵੇ ਕੋਲੋਂ ਜਾਣ ਲੱਗਾ ਕਹਿੰਦਾ ਕਿ "ਲੈ ਜੋ ਮੁਰਦੇ ਨੂੰ ਕਿਤੇ ਹੋਰ ਜਿੱਥੇ ਇਹਨੂੰ ਕੋਈ ਪੂਰੇ ਸਮਾਨ ਨਾਲ ਫੂਕ ਦੇਵੇ" ਉਸ ਵੇਲੇ ਅਗਲੇ ਆਪਣੀ ਜਿੱਦ ਛੱਡ ਕੇ ਉਹਨੂੰ ਖੇਸ, ਕੰਬਲ ਤੇ ਕੱਪੜੇ ਲਾਹੁਣ ਦੇ ਦਿੰਦੇ। ਦਾਹ ਤੋਂ ਬਾਅਦ ਜਦੋਂ ਸਾਰੇ ਚਲੇ ਜਾਂਦੇ ਅਸੀਂ ਉਹਨੂੰ ਸਮਝਾਉਂਦੇ ਕਿ ਜ਼ਿਆਦਾ ਜਿੱਦ ਨਾ ਕਰਿਆ ਕਰ ਜਿਹੜਾ ਕੋਈ ਖੁਸ਼ੀ-ਖੁਸ਼ੀ ਦੇਵੇ ਉਹਦੇ ਤੋਂ ਕੱਪੜੇ, ਖੇਸ ਤੇ ਕੰਬਲ ਵਗੈਰਾ ਲੈ ਲਿਆ ਕਰ ਹਰੇਕ ਅੱਗੇ ਨਾ ਅੜਿਆ ਕਰ।

ਮੈਨੂੰ ਇੱਕ ਗੱਲ ਦਸੋ ਯਾਰ ਜਿਹੜੇ ਇਹ ਖੇਸ, ਕੰਬਲ ਜਾਂ ਕੱਪੜੇ ਹਨ ਇਨ੍ਹਾਂ ਨੂੰ ਫੂਕਣ ਦਾ ਕੋਈ ਫਾਇਦਾ ਹੈਗਾ ਹੈ, ਜੇ ਕੋਈ ਫਾਇਦਾ ਹੈ ਤਾਂ ਦੱਸੋ। ਐਥੇ ਮੜੀਆਂ ਕੋਲ ਸਾਹਮਣੇ ਚੌਰਾਹੇ 'ਚ ਇੱਕ ਬਜ਼ੁਰਗ ਜਿਹਾ ਅਪਾਹਜ ਮੰਗਤਾ ਬੈਠਦਾ ਹੈ ਪਾਟੇ-ਪੁਰਾਣਿਆਂ ਕੱਪੜਿਆਂ 'ਚ ਠੁਰ-ਠੁਰ ਕਰਦਾ। ਇੱਕ ਰੇਲਵੇ ਰੋਡ ਤੇ ਬੈਠਦੀ ਹੈ ਜਿਹਦੀਆਂ ਦੋਹੇ ਬਾਹਵਾਂ ਹੀ ਨਹੀਂ ਹੈਗੀਆ ਹੋਰ ਕਈ ਨੇ ਲਾਚਾਰ ਗਰੀਬ ਜਿਹੇ ਮੰਗਤੇ ਬੱਸ ਅੱਡੇ ਵਾਲੇ ਪੁਲ਼ ਥੱਲ੍ਹੇ ਸਾਰੀ ਸਾਰੀ ਰਾਤ ਠੰਡ ਆਪਣੇ ਪਿੰਡੇ ਤੇ ਹੰਢਾਉਂਦੇ। ਮੈਂ ਇਹ ਕੰਬਲ, ਖੇਸ ਤੇ ਕੱਪੜੇ ਉਨ੍ਹਾਂ ਨੂੰ ਦਾਨ ਕਰ ਦਿੰਦਾ ਹਾਂ ਮੈਂ ਕੀ ਮਾੜਾ ਕਰਦਾ ਹਾਂ ਜੇ ਕਿਸੇ ਗਰੀਬ ਦਾ ਤਨ ਢੱਕਣ ਦਾ ਜਰੀਆ ਬਣਦਾ ਹਾਂ। ਆਪਣੇ ਵਾਸਤੇ ਇਨ੍ਹਾਂ ਚੀਜ਼ਾਂ ਵਿੱਚੋਂ ਮੈਂ ਕੁਝ ਵੀ ਨਹੀਂ ਰੱਖਦਾ। ਇੱਕ-ਇੱਕ ਚੀਜ਼ ਲੋੜਵੰਦਾ ਨੂੰ ਦੇ ਦਿੰਦਾ ਹਾਂ। ਜੇ ਮੈਂ ਤੁਹਾਨੂੰ ਗਲਤ ਲੱਗਦਾ ਹਾਂ ਤਾਂ ਗਲਤ ਸਹੀ ਪਰ ਗਰੀਬਾਂ ਵਾਸਤੇ ਮੈਂ ਹਰੇਕ ਨਾਲ ਲੜ ਸਕਦਾ ਹਾਂ। ਕਿਸੇ ਦਾ ਤਨ ਢੱਕਣ ਵਾਸਤੇ ਅੜਨਾ ਉਹ ਵੀ ਉਸ ਚੀਜ਼ ਲਈ ਜਿਹੜੀ ਪਲ੍ਹਾਂ 'ਚ ਹੀ ਸੁਆਹ ਦੀ ਢੇਰੀ ਬਣ ਜਾਣੀ ਹੈ ਕਿਸੇ ਦੇ ਤਨ ਢੱਕਣ ਤੋਂ ਬਿਨਾਂ ਹੀ ਸੜ ਜਾਣੀ ਹੈ। ਮੈਥੋਂ ਇਹ ਬੇਕਦਰੀ ਜਰੀ ਨਹੀਂ ਜਾਂਦੀ। ਇਨ੍ਹਾਂ ਚੀਜ਼ਾਂ ਦਾ ਮੁੱਲ ਉਨ੍ਹਾਂ ਲੋਕਾਂ ਨੂੰ ਕੀ ਪਤਾ ਜਿਹੜੇ ਇਨ੍ਹਾਂ ਨੂੰ ਫੂਕਣ ਦੀ ਜਿੱਦ ਕਰਦੇ ਨੇ। ਇਨ੍ਹਾਂ ਦਾ ਮੁੱਲ ਉਨ੍ਹਾਂ ਨੂੰ ਪਤਾ ਹੈ ਜਿਹੜੇ ਠੰਡ 'ਚ ਹਰ ਸਾਲ ਇਨ੍ਹਾਂ ਚੀਜ਼ਾਂ ਦੀ ਘਾਟ ਕਰਨ ਸਦਾ ਦੀ ਨੀਂਦ ਸੌਂ ਜਾਂਦਾ ਨੇ ਅਤੇ ਕਿਸੇ ਨੂੰ ਮਰਨ ਤੋਂ ਬਚਾਉਣਾ ਇਨਸਾਨੀ ਫਰਜ ਹੈ ਯਾਰ ਤੇ ਮੈਂ ਇਸ ਫਰਜ ਤੋਂ ਮੂੰਹ ਨਹੀਂ ਮੋੜ ਸਕਦਾ। ਮੈਂ ਅੱਖਾਂ ਅੱਡੀ ਦੇਖਦਾ ਹੀ ਰਹਿ ਗਿਆ ਨਾਥ ਮੰਗਲੂ ਵੱਲ ਮੇਰੇ ਕੋਲ ਉਹਦੀਆਂ ਗੱਲਾਂ ਦਾ ਸਮਰਥਨ ਕਰਨ ਤੋਂ ਬਗੈਰ ਕੋਈ ਚਾਰਾ ਹੀ ਨਹੀਂ ਸੀ ਬਚਿਆ।

ਹਾਲੇ 4-5 ਮਹੀਨੇ ਹੀ ਮਸਾਂ ਹੋਏ ਹੋਣਗੇ ਮੈਨੂੰ ਮੜੀਆਂ 'ਚ ਆਉਂਦਿਆਂ ਨੂੰ ਕਿ ਨਾਥ ਮੰਗਲੂ ਦਾ ਇੱਕ ਹੋਰ ਰੂਪ ਮੇਰੇ ਸਾਹਮਣੇ ਪ੍ਰਗਟ ਹੋਇਆ। ਇੱਕ ਰਾਤ ਨਾਥ ਮੰਗਲ ਦਾ ਬਾਪ ਮਾਘੂ ਜ਼ਿਆਦਾ ਨਸ਼ਾ ਕਰਕੇ ਸੁੱਤੇ ਦਾ ਸੁੱਤਾ ਰਹਿ ਗਿਆ ਸੀ। ਆਪਣੇ ਬਾਪ ਨੂੰ ਮਰਿਆ ਹੋਇਆ ਦੇਖ ਕੇ ਨਾਥੂ ਨੂੰ ਭੋਰਾ ਵੀ ਦੁੱਖ ਨਹੀਂ ਸੀ ਹੋਇਆ। ਇੱਕ ਹੰਝੂ ਵੀ ਉਹਦੀ ਅੱਖ 'ਚੋਂ ਨਾ ਟਪਕਿਆ। ਉਹਦੀ ਬੇਪਰਵਾਹੀ ਤੇ ਪੱਥਰ ਦਿਲ ਦੇਖ ਕੇ ਮੈਂ ਅਵਾਕ ਰਹਿ ਗਿਆ ਸੀ। ਆਪਣੇ ਸਕੇ ਪਿਓ ਦੇ ਮਰਨ ਦਾ ਉਹਨੂੰ ਭੋਰਾ ਕੁ ਵੀ ਅਫਸੋਸ ਨਹੀਂ ਸੀ ਤੇ ਨਾ ਹੀ ਕੋਈ ਉਦਾਸੀ ਉਹਨੂੰ ਛੋਹ ਕੇ ਲੰਘੀ ਸੀ। ਸੁਲਫਾ ਪੀਣ ਵਾਲੀ ਮਿੱਤਰ ਢਾਣੀ ਨੇ ਜਦੋਂ ਉਹਦੇ ਪਿਓ ਦੇ ਮਰਨ ਦਾ ਅਫਸੋਸ ਕਰਨਾ ਚਾਹਿਆ ਤਾਂ ਨਾਥ ਨੇ ਹੱਥ ਦੇ ਇਸ਼ਾਰੇ ਨਾਲ ਉਨ੍ਹਾਂ ਨੂੰ ਰੋਕ ਦਿੱਤਾ ਤੇ ਕਹਿਣ ਲੱਗਾ। "ਅਫਸੋਸ ਕਾਹਦਾ ਬਾਈ ਮੇਰਿਓ, ਬੁੜੇ ਨੇ ਕਿਹੜਾ ਸਦੀਵ-ਕਾਲ ਤੱਕ ਜ਼ਿੰਦਗੀ ਦੀ ਪੀਂਘ ਪਾਈ ਰੱਖਣੀ ਸੀ। ਚੰਗਾ ਹੋਇਆ ਤੁਰਦਾ-ਫਿਰਦਾ ਨਿਕਲ ਗਿਆ ਐਥੋਂ। ਗੂੰਹ-ਮੂਤ 'ਚ ਲਿਬੜ ਕੇ ਬਿਮਾਰੀ ਮਾਰਿਆ ਮੰਜੀ ਤੇ ਤੜਫੀ ਜਾਂਦਾ ਉਹਦੇ ਨਾਲੋਂ ਤਾਂ ਚੰਗਾ ਈ ਆ ਨਾ ਕਿ ਪੈਂਡਾ ਛੁਡਾ ਗਿਆ। ਨਾਲੇ ਮੈਂ ਛੋਟੇ ਹੁੰਦਿਆਂ ਤੋਂ ਦੇਖਦਾ ਆ ਰਿਹਾ ਸੀ ਉਹਨੂੰ ਬੁੜੀ ਬਿਨਾਂ ਉਦਰਦਿਆਂ ਨੂੰ ਹਰ ਵੇਲੇ ਬੂੜੀ ਨੂੰ ਯਾਦ ਕਰ-ਕਰ ਝੂਰਦਾ ਰਹਿੰਦਾ ਸੀ। ਹੁਣ ਪਹੁੰਚ ਗਿਆ ਅਗਲਾ ਆਪਣੀ ਮਸ਼ੂਕ ਕੋਲ ਉਹਦੇ ਆਲੀਆਂ ਤਾਂ ਤੀਆਂ ਹੋ ਗੀਆ ਨਾ ਬਾਈ ਮੇਰਿਓ ਤੇ ਫੇਰ ਆਪਾਂ ਕਿਓਂ ਰੋ-ਰੋ ਉਹਦੀ ਖੁਸ਼ੀ 'ਚ ਖਲ੍ਹਲ ਪਾਈ ਐ। ਐਹੋ ਜਿਹਾ ਸੀ ਨਾਥ ਮੰਗਲੂ ਬੇ-ਪ੍ਰਵਾਹ, ਬੇ-ਫਿਕਰਾਂ ਹਰ ਇੱਕ ਗੱਲ ਹਾਸੇ ਦੀ ਪਾਣ ਚੜਾਉਣ ਵਾਲਾ। ਹਰ ਹਾਲਤ ਚੀਜ਼ ਵਿਰੁੱਧ ਅੜ ਜਾਣ ਵਾਲਾ ਤੇ ਆਪਣੀ ਜਿੱਦ ਪੁਗਾਉਂਣ ਵਾਲਾ। ਉਹਦੇ ਸੀਨੇ 'ਚ ਇੱਕ ਹੀਰਾ ਰੱਖਿਆ ਹੋਇਆ ਸੀ। ਹੀਰੇ ਵਰਗੇ ਦਿਲ ਦਾ ਮਾਲਕ ਸੀ ਨਾਥ ਮੰਗਲੂ ਜਿਹਦੀ ਪਛਾਣ ਕਿਸੇ-ਕਿਸੇ ਨੂੰ ਹੀ ਸੀ। ਜੇ ਕਿਸੇ ਨੇ ਇਸ ਹੀਰੇ ਵਰਗੇ ਦਿਲ ਨੂੰ ਪਛਾਣਿਆ ਸੀ ਉਹ ਸੀ ਰਾਧਾ ਜਿਹੜੀ ਝਿੱਲ ਪਿੰਡ ਦੀ ਰਹਿਣ ਵਾਲੀ ਸੀ ਤੇ ਟਿਊਸ਼ਨ ਪੜ੍ਹਨ ਰੋਜ ਮੜੀਆਂ ਸਾਹਮਣਿਓਂ ਲੰਘਦੀ ਸੀ। ਛੋਟਾ ਜਿਹੇ ਕੱਦ ਦੀ, ਰੰਗ ਥੋੜੀ ਜਿਹੀ ਕਲਿਤਣ ਦੀ ਭਾਹ ਮਾਰਦਾ ਸੀ। ਭਰਵਾ ਸਰੀਰ, ਮੋਟੀਆਂ ਅੱਖਾਂ ਨੈਣ-ਨਕਸ਼ ਐਨੇ ਦਿਲ ਖਿਚਵੇਂ ਕਿ ਵੇਖਣ ਵਾਲਾ ਵੇਖਦਾ ਰਹਿ ਜਾਂਦਾ ਸੀ। ਜਦੋਂ ਦਾ ਪਿਆਰ ਨਾਥ ਦੇ ਦਿਲ 'ਚ ਧੜਕਣ ਲੱਗਿਆ ਸੀ ਉਦੋਂ ਤੋਂ ਨਾਥ 'ਚ ਇੱਕ ਭਾਰੀ ਤਬਦੀਲੀ ਕਰਵਟ ਲੈਣ ਲੱਗ ਪਈ ਸੀ। ਗੰਭੀਰਤਾ ਉਹਦੇ ਚਿਹਰੇ ਨੂੰ ਸਿੰਗਾਰਨ ਲੱਗ ਪਈ ਸੀ। ਹੁਣ ਨਾਥ ਸਾਫ-ਸੁਥਰਾ ਬਣ ਕੇ ਰਹਿਣ ਲੱਗ ਪਿਆ ਸੀ। ਰਾਧਾ ਨਾਲ ਜਾਂਦਿਆਂ ਇੱਕ ਦਿਨ ਉਹਨੂੰ ਮਹਿਸੂਸ ਹੋਇਆ ਕਿ ਰਾਧਾ ਉਹਦੇ ਮੂੰਹ 'ਚੋਂ ਆਉਂਦੀ ਸਿਗਰਟਾਂ ਦੀ ਵਾਸਨਾ ਕਰਕੇ ਮੂੰਹ ਮੋੜ ਲੈਂਦੀ ਹੈ ਜਦੋਂ ਵੀ ਉਹ ਰਾਧਾ ਨਾਲ ਕੋਈ ਗੱਲ ਕਰਨ ਵਾਸਤੇ ਮੂੰਹ ਖੋਲਦਾ ਹੈ। ਉਸ ਦਿਨ ਤੋਂ ਬਾਅਦ ਨਾਥ ਮੰਗਲੂ ਨੇ ਸਿਗਰਟਾਂ ਪੀਣੀਆਂ ਛੱਡ ਦਿੱਤੀਆਂ ਸਨ। ਪਰ ਆਪਣੇ ਕੋਲ ਆਉਂਦੇ ਯਾਰਾਂ-ਦੋਸਤਾਂ ਨੂੰ ਉਹਨੇ ਕਦੇ ਵੀ ਨਹੀਂ ਸੀ ਰੋਕਿਆ। ਕਈ ਜਾਣਿਆਂ ਨੇ ਬੜਾ ਜ਼ੋਰ ਲਾਇਆ ਕਿ ਨਾਥ ਬਸ ਇੱਕ ਵਾਰ ਸਿਰਫ ਇੱਕ ਸੂਟਾ ਹੀ ਲਾ ਲੈ। ਪਰ ਨਾਥ ਆਪਣੇ ਫੈਸਲੇ ਤੇ ਅੜਿਆ ਰਿਹਾ ਸੀ। ਸਾਰੇ ਜਣੇ ਹੈਰਾਨ ਸਨ ਕਿ ਇਹ ਕੀ ਭਾਣਾ ਵਰਤ ਗਿਆ। ਦੋਹਾਂ 'ਚ ਐਨਾ ਪਿਆਰ ਸੀ ਕਿ ਇੱਕ ਦੂਜੇ ਨੂੰ ਕੋਈ ਗੱਲ ਕਹਿਣ ਤੋਂ ਪਹਿਲਾਂ ਹੀ ਸਮਝ ਜਾਂਦੇ ਸਨ।

ਮੌਸਮ ਕਰਵਟ ਬਦਲਣ ਲੱਗ ਪਿਆ ਸੀ। ਧੁੱਪ ਦਿਨੋਂ-ਦਿਨ ਤਿੱਖੀ ਹੋਈ ਜਾਂਦੀ ਸੀ ਤੇ ਚੁੱਭਣ ਲੱਗ ਪਈ ਸੀ। ਦੋ-ਤਿੰਨ ਮਹੀਨੇ ਪਹਿਲਾਂ ਜਿਸ ਸੂਰਜ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਾਫੀ ਦੇਰ ਤੱਕ ਦੇਖਿਆ ਜਾ ਸਕਦਾ ਸੀ ਹੁਣ ਉਸ ਸੂਰਜ ਵੱਲ ਅੱਖਾਂ ਚੁੱਕ ਕੇ ਵੀ ਨਹੀਂ ਸੀ ਦੇਖਿਆ ਜਾਂਦਾ। ਵੀਰਾਨ ਹੋਏ ਰੁੱਖਾਂ ਦੀਆਂ ਟਾਹਣੀਆਂ ਤੇ ਨਵੇਂ ਨਿੱਕੇ-ਨਿੱਕੇ ਜਿਹੇ ਮੁਲਾਇਮ ਪੱਤੇ ਪੁੰਗਰਨੇ ਸ਼ੁਰੂ ਹੋ ਗਏ ਸਨ। ਸਭ ਪਾਸੇ ਹਰਿਆਵਲ ਹੀ ਹਰਿਆਵਲ ਨਿਗਾਹਾਂ 'ਚ ਚੜਦੀ ਸੀ। ਜਿਵੇਂ ਜੀਵਨ ਲੰਮੀ ਬੇਹੋਸ਼ੀ ਤੋਂ ਬਾਅਦ ਸਾਹ ਭਰ ਰਿਹਾ ਹੋਵੇ ਤੇ ਜ਼ਿੰਦਗੀ ਦਾ ਨਿੱਘ ਮਾਨਣ ਲੱਗ ਪਿਆ ਹੋਵੇ। ਸੜਕਾਂ ਤੱਪਣ ਲੱਗ ਪਈਆਂ ਸਨ।

ਗਰਮ ਲੂੰ ਚਿਹਰਿਆਂ ਨੂੰ ਝੁਲਸਣ ਲੱਗ ਪਈ ਸੀ। ਦਰੱਖਤਾਂ ਦੇ ਪੱਤੇ ਅਹਿਲ ਹੋਏ ਪਏ ਸਨ ਜਿਵੇਂ ਸੋਗ 'ਚ ਡੁੱਬੇ ਹੋਣ। ਰੁੱਖਾਂ ਦੀ ਛਾਂ ਆਪਣੇ ਪਰਛਾਵਿਆਂ ਨਾਲ ਧਰਤੀ ਦੀ ਹਿੱਕ ਤੇ ਲੱਗੇ ਧੁੱਪ ਦੇ ਜ਼ਖ਼ਮਾਂ ਦੀ ਮਲ੍ਹਮ-ਪੱਟੀ ਕਰਨ ਦਾ ਅਸਫਲ ਯਤਨ ਕਰ ਰਹੇ ਸਨ। ਇਹੋ ਜਿਹੇ ਵਕਤ 'ਚ ਨਾਥ ਦੀ ਰੂਹ 'ਤੇ ਗਹਿਰੀ ਪੀੜ ਦੀ ਇਬਾਰਤ ਖੁਣੀ ਗਈ ਸੀ। ਉਹਦੀ ਹਾਸੀ ਨੂੰ ਗ਼ਮਾਂ ਦੇ ਅੰਨ੍ਹੇ ਹਨ੍ਹੇਰੇ ਨੇ ਨਿਗਲ ਲਿਆ ਸੀ। ਇੱਕ ਉਦਾਸ ਚੁੱਪ ਉਹਦੇ ਹੋਠਾਂ ਤੇ ਚਿਪਕ ਗਈ ਸੀ ਜਿਵੇਂ ਉਹਦੇ ਵਜੂਦ ਦਾ ਹੀ ਇੱਕ ਹਿੱਸਾ ਹੋਵੇ। ਸੱਤ ਜੁਲਾਈ ਦੀ ਸੰਝ ਦਾ ਵਕਤ ਸੀ ਜਦੋਂ ਮੈਂ ਤੇ ਨਾਥ ਮੰਗਲੂ ਮੜੀਆਂ 'ਚੋਂ ਬਾਹਰ ਨਿਕਲ ਕੇ ਝਿੱਲ ਪਿੰਡ ਵੱਲ ਜਾਂਦੀ ਸੜਕ ਤੇ ਰਾਧਾ ਨੂੰ ਮਿਲਣ ਜਾ ਰਹੇ ਸੀ। ਰਾਧਾ ਦਾ ਰੋਜ ਵਾਂਗ ਵਕਤ ਹੋ ਗਿਆ ਸੀ ਲੰਘਣ ਦਾ ਟਿਊਸ਼ਨ ਤੇ ਜਾਣ ਵਾਸਤੇ ਤੁਰਦੇ-ਤੁਰਦੇ ਅਸੀਂ ਅੱਧਾ ਕੁ ਮੀਲ ਦਾ ਸਫ਼ਰ ਤੈਅ ਕਰ ਚੁੱਕੇ ਸੀ। ਪਰ ਰਾਧਾ ਹਾਲੇ ਤੱਕ ਉਸ ਸੜਕ ਤੇ ਆਉਂਦੀ ਨਹੀਂ ਸੀ ਦਿਸ ਰਹੀ। ਪਹਿਲੇ ਮੋੜ ਤੋਂ ਅੱਗੇ ਲੰਘ ਕੇ ਜਦੋਂ ਅਸੀਂ ਅੱਗੇ ਵੱਧ ਰਹੇ ਸੀ ਉਦੋਂ ਸਾਨੂੰ ਸੜਕ ਤੇ ਕਾਫੀ ਇੱਕਠ ਹੋਇਆ ਦਿੱਸਿਆ। ਇੱਕਠ ਨੂੰ ਚੀਰ ਕੇ ਜਦੋਂ ਅਸੀਂ ਅੱਗੇ ਵਧੇ ਤੇ ਦੇਖਿਆ ਕਿ ਰਾਧਾ ਦਾ ਸਾਈਕਲ ਟੁੱਟਾ ਪਿਆ ਸੀ ਤੇ ਮਿੱਟੀ ਦੀ ਭਰੀ ਟਰਾਲੀ ਥੱਲੇ ਆ ਕੇ ਰਾਧਾ ਦੀ ਮੌਤ ਹੋ ਚੁੱਕੀ ਸੀ। ਨਾਥ ਮੰਗਲੂ ਦੇ ਹੋਸ਼-ਹਵਾਸ ਗੁੰਮ ਹੋ ਗਏ ਸੀ। ਪੱਥਰ ਦੀ ਮੂਰਤੀ ਜੇਹੀ ਬਣ ਕੇ ਰਹਿ ਗਿਆ ਸੀ। ਨਾਥ ਮੰਗਲੂ ਫਰਕ ਸਿਰਫ ਐਨਾ ਸੀ ਕਿ ਇਸ ਪੱਥਰ ਦੀ ਮੂਰਤੀ ਦੀਆਂ ਅੱਖਾਂ 'ਚੋਂ ਹੰਝੂ ਜਾਰ-ਜਾਰ ਡਿੱਗ ਰਹੇ ਸਨ। ਮੇਰੇ ਨਾਲ ਲੱਗ ਕੇ ਨਾਥ ਮੰਗਲੂ ਰੋਣ ਲੱਗ ਪਿਆ ਸੀ। ਉਹਦਾ ਰੋਣਾ ਬਿਲਕੁਲ ਵੀ ਬੰਦ ਨਹੀਂ ਸੀ ਹੋ ਰਿਹਾ। ਮੈਂ ਨਾਥ ਨੂੰ ਆਪਣੀ ਗਲਵਕੜੀ 'ਚ ਘੁੱਟ ਕੇ ਵਰਾਉਣ ਦਾ ਯਤਨ ਕੀਤਾ ਪਰ ਮੇਰੇ ਹੰਝੂ ਵੀ ਵਹਿ ਤੁਰੇ ਸਨ। ''ਮੇਰੇ ਲਈ ਤਾਂ ਜ਼ਿੰਦਗੀ ਦੇ ਸਾਰੇ ਰਾਹ ਹੀ ਬੰਦ ਹੋ ਗਏ ਨੇ ਯਾਰਾਂ, ਪਤਾ ਨੀ ਖੁਸ਼ੀਆਂ ਦਾ ਮੇਰੇ ਨਾਲ ਕੀ ਵੈਰ ਹੈ ਮਾਂ-ਪਿਉ ਤਾਂ ਖੋਹੇ ਹੀ ਸਨ ਮੇਰੇ ਕੋਲ ਤੂੰ ਹੁਣ ਆਖਰੀ ਸਹਾਰਾ ਵੀ ਖੋਹ ਲਿਆ।'' ਉਪਰ ਵੱਲ ਮੂੰਹ ਕਰਕੇ ਰੋਂਦਾ ਹੋਇਆ ਨਾਥ ਰੱਬ ਨੂੰ ਉਲਾਹਮਾ ਦੇ ਰਿਹਾ ਸੀ। ''ਮੇਰੇ ਤਾਂ ਸਾਰੇ ਸੁਪਨੇ ਹੀ ਰਾਖ ਦੀ ਢੇਰੀ ਬਣ ਕੇ ਰਹਿ ਗਏ ਨੇ ਯਾਰਾ।'' ਨਾਥ ਮੰਗਲੂ ਦੀ ਹਾਲਤ ਹੱਦੋ ਵੱਧ ਬਦ ਤੋਂ ਬਦਤਰ ਹੋ ਰਹੀ ਸੀ। ਮੈਂ ਪੂਰਾ ਤਾਣ ਲਾ ਕੇ ਉਹਨੂੰ ਰੋਂਦੇ ਨੂੰ ਵਾਪਸ ਮੜੀਆਂ, 'ਚ ਲੈ ਆਇਆ ਸੀ। ਉਹ ਰਾਤ ਮੈਂ ਕਿਵੇਂ ਗੁਜਾਰੀ ਸੀ ਮੈਂ ਹੀ ਜਾਣਦਾ ਹਾਂ। ਸਾਰੀ ਰਾਤ ਰੋ-ਰੋ ਕੇ ਉਹਦੀਆਂ ਅੱਖਾਂ ਸੁਹੀਆ ਹੋ ਗਈਆਂ ਸਨ ਤੇ ਉਨ੍ਹਾਂ ਤੇ ਸੋਜਾ ਚੜ ਗਿਆ ਸੀ। ਜਿਥੇ ਰਾਧਾ ਦਾ ਐਕਸੀਡੈਂਟ ਹੋਇਆ ਸੀ ਉਸ ਥਾਂ ਤੇ ਰਾਤ ਨੂੰ ਉਹ ਬਾਰ-ਬਾਰ ਜਾਣ ਦੀ ਕੋਸ਼ਿਸ਼ ਕਰਦਾ। ਮੈਂ ਬੜੀ ਮੁਸ਼ਕਿਲ ਨਾਲ ਉਹਨੂੰ ਫੜ ਕੇ ਜਾਣ ਤੋਂ ਰੋਕਿਆ। ਉਹਨੇ ਆਪਣਾ ਸਿਰ ਥਮਲੇ ਨਾਲ ਮਾਰ-ਮਾਰ ਕੇ ਜ਼ਖਮੀ ਕਰ ਲਿਆ ਸੀ ਉਹਦੇ ਮੱਥੇ ਤੇ ਮੋਟਾ ਜਿਹਾ ਰਵੜਾ ਪੈ ਗਿਆ ਸੀ। ਰਾਧਾ ਦੀ ਮੌਤੇ ਨੇ ਨਾਥ ਨੂੰ ਬੁਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ ਸੀ।

ਅਗਲੇ ਦਿਨ ਜਦੋਂ ਰਾਧਾ ਦੀ ਦੇਹ ਮੜੀਆਂ 'ਚ ਆਈ ਤਾਂ ਨਾਥ ਦੀਆਂ ਅੱਖਾਂ 'ਚੋਂ ਹੰਝੂ ਫੇਰ ਉਮੜ ਆਏ ਸੀ। ਉਹਦਾ ਤਾਂ ਦੁਬਾਰਾ ਜਿਵੇਂ ਫੇਰ ਕੜ ਪਾਟ ਗਿਆ ਸੀ। ਮੜੀਆਂ 'ਚ ਵੀ ਵਿਰਲਾਪ ਦੀ ਲਹਿਰ ਪਸਰ ਗਈ ਸੀ। ਹਰੇਕ ਦੀਆਂ ਅੱਖਾਂ 'ਚ ਹੰਝੂਆਂ ਦੀ ਝੜੀ ਵਰ ਰਹੀ ਸੀ। ਹਰੇਕ ਦੇ ਚੇਹਰੇ ਤੇ ਉਦਾਸੀ ਦੀ ਘਟਾ ਛਾਈ ਹੋਈ ਸੀ। ਪਰ ਇਸ ਇਕੱਠ ਤੋਂ ਅਲੱਗ ਇੱਕ ਚੇਹਰਾ ਅਜਿਹਾ ਵੀ ਸੀ ਜਿਹਦੇ ਤੇ ਸਭ ਤੋਂ ਵੱਧ ਉਦਾਸੀ ਦੀ ਧੂੜ ਜੰਮੀ ਪਈ ਸੀ। ਉਹਦੇ ਦਿਲ ਦਾ ਜ਼ਖ਼ਮ ਸਭ ਤੋਂ ਡੂੰਘਾ ਸੀ। ਇਹ ਜ਼ਖ਼ਮ ਉਹਦੇ ਦਿਲ ਤੇ ਹੀ ਨਹੀਂ ਉਹਦੀ ਰੂਹ ਤੇ ਵੀ ਜੰਮ ਗਿਆ ਹੋਇਆ ਸੀ। ਆਪਣੇ-ਆਪ ਨੂੰ ਸੰਭਾਲ ਕੇ ਨਾਥ ਨੇ ਸਿਵੇ 'ਚ ਪੂਰੀ ਰੂਹ ਨਾਲ ਲਕੜ ਚਿਣੀ। ਬਾਂਸ ਦੇ ਡੰਡੇ ਤੇ ਪਰਾਲੀ ਬੰਨ ਕੇ ਰਾਧਾ ਦੇ ਪਿਤਾ ਦੇ ਹੱਥ 'ਚ ਫੜਾਈ। ਰਾਧਾ ਦਾ ਪਿਤਾ ਵੀ ਜਵਾਨ ਮੌਤ ਕਰਕੇ ਬੇ-ਹਾਲ ਸੀ। ਪਰਾਲੀ ਨੂੰ ਅੱਗ ਲਾ ਕੇ ਨਾਥ ਨੇ ਉਹਦੇ ਪਿਤਾ ਨੂੰ ਸੰਭਾਲਣ ਬਹਾਨੇ ਆਪਣੀ ਇੱਕ ਬਾਂਹ ਉਹਦੇ ਲੱਕ ਦੁਆਲਿਓਂ ਵਲ ਕੇ ਅੱਗ ਵਾਲੇ ਡੰਡੇ ਨੂੰ

ਅੱਗੇ ਤੋਂ ਫੜ ਲਿਆ ਤੇ ਦੂਸਰਾ ਹੱਥ ਦੂਜੇ ਪਾਸਿਓਂ ਪਾ ਕੇ ਚਿਖਾ ਨੂੰ ਅੱਗ ਦੇਂਦਾ ਪਰਿਕਰਮਾ ਪੂਰੀ ਕਰ ਗਿਆ ਸੀ। ਰਾਧਾ ਨੂੰ ਅੱਗ ਦੇ ਕੇ ਨਾਥ ਨੇ ਉਹਦੇ ਨਾਲ ਆਪਣੇ ਰਿਸ਼ਤੇ ਦੇ ਪੱਕਾ ਹੋਣ ਦਾ ਸਬੂਤ ਦੇ ਦਿੱਤਾ ਸੀ। ਜਿਵੇਂ ਰਾਧਾ ਨੂੰ ਦਾਹ ਲਾਉਣ ਦਾ ਹੱਕ ਉਹਨੂੰ ਹੀ ਹੋਵੇ ਤੇ ਉਹਨੇ ਉਹ ਹੱਕ ਹਾਸਲ ਕਰ ਲਿਆ ਸੀ।

''ਮੈਂ ਤੇ ਰਾਧਾ ਨੇ ਹਰ ਪਲ੍ਹ ਇੱਕ ਦੂਜੇ ਨੂੰ ਉਮਰ ਭਰ ਦੇ ਬੰਧਨ 'ਚ ਬੱਝੇ ਹੋਣ ਦੇ ਸੁਪਨੇ ਦੇਖੇ ਸਨ। ਇੱਕ ਦੂਜੇ ਦੇ ਉਮਰ ਭਰ ਦੇ ਸਾਥ ਲਈ ਅਸੀਂ ਕਸਮਾ ਵਾਅਦਿਆਂ ਦੀਆਂ ਦਹਿਲੀਜਾਂ ਪਾਰ ਕਰ ਚੁੱਕੇ ਸੀ। ਹੁਣ ਜਦੋਂ ਉਹ ਇਸ ਦੁਨੀਆਂ ਤੋਂ ਆਪਣਾ ਨਾਤਾ ਤੋੜ ਕੇ ਅਦਿਖ ਰਾਹਾਂ ਤੇ ਆਪਣੀਆਂ ਪੈੜਾਂ 'ਚ ਪੈਰ ਧਰਦੀ ਤੁਰ ਗਈ ਤਾਂ ਉਹਦੇ ਲਈ ਸੁਪਨਿਆਂ ਦੇ ਪ੍ਰਤੀ ਮੈਂ ਆਪਣਾ ਫਰਜ ਨਿਭਾਉਣਾ ਹੀ ਸੀ। ਕਿਉਂਕਿ ਇੱਕ ਦੂਜੇ ਦੇ ਉਮਰ ਭਰ ਦੇ ਸਾਥ ਲਈ ਅਸੀਂ ਦਿਲ ਤੇ ਰੂਹ ਦੀਆਂ ਗਹਿਰਾਈਆਂ ਤੱਕ ਸੋਚ ਚੁੱਕੇ ਸੀ। ਭਾਵੇਂ ਦੁਨੀਆਵੀ ਰਸਮਾਂ ਤੇ ਰਿਵਾਜ ਇਸ ਪਾਕ ਰਿਸ਼ਤੇ ਦੇ ਗਵਾਹ ਨਾ ਬਣ ਸਕੇ। ਪਰ ਸਾਡੀਆਂ ਰੂਹਾਂ ਤਾਂ ਇਸ ਰਿਸ਼ਤੇ 'ਚ ਬੱਝ ਚੁੱਕੀਆਂ ਸਨ ਤੇ ਜਦੋਂ ਰੂਹਾਂ ਹੀ ਰਿਸ਼ਤੇ ਲੈਣ ਫੇਰ ਦੁਨੀਆਵੀ ਗੀਤਾਂ-ਰਸਮਾ ਦੀ ਲੋੜ ਵੀ ਕੀ ਰਹਿ ਜਾਂਦੀ ਹੈ। ਕਿਉਂਕਿ ਉਮਰਾਂ ਦੇ ਸਾਥ ਜਿਹੇ ਰਿਸ਼ਤੇ ਕਿਸੇ ਵੀ ਅਗਨੀ ਤੇ ਪਵਿੱਤਰ ਗ੍ਰੰਥਾਂ ਦੇ ਮੁਹਤਾਜ਼ ਨਹੀਂ ਹੁੰਦੇ ਇਹਦੇ ਲਈ ਰੂਹਾਂ ਦੀ ਪਾਕੀਜਗੀ ਹੀ ਪਵਿੱਤਰ ਹੁੰਦੀ ਹੈ ਤੇ ਸਾਡੀਆਂ ਰੂਹਾਂ ਪਹਿਲੀ ਨਜ਼ਰ ਤੋਂ ਹੀ ਇੱਕ ਦੂਜੇ ਨਾਲ ਵਿਆਹੀਆਂ ਗਈਆਂ ਸਨ ਤੇ ਰਾਧਾ ਨੂੰ ਕਿਸੇ ਵੀ ਬਹਾਨੇ ਦਾਹ ਦੇਣਾ ਉਸ ਵਿਛੜੀ ਰੂਹ ਤੇ ਪ੍ਰਤੀ ਆਪਣੇ ਰਿਸ਼ਤੇ ਦੀ ਮਜਬੂਤੀ ਲਈ ਪੱਟਿਆ ਇੱਕ ਕਦਮ ਹੀ ਸੀ। ਉਹਦਾ ਰੂਹਾਨੀ ਪਤੀ ਹੋਣ ਦੇ ਨਾਤੇ ਮੇਰਾ ਫਰਜ ਸੀ ਕਿ ਮੈਂ ਉਹਨੂੰ ਦਾਹ ਦੇਵਾਂ ਤਾਂ ਜੋ ਉਹਨੂੰ ਸ਼ਾਂਤੀ ਮਿਲ ਸਕੇ। ਰਾਤ ਦੇ ਹਨ੍ਹੇਰੇ 'ਚ ਕਹੇ ਨਾਥ ਦੇ ਲਫ਼ਜ ਹੁੰਮਸ ਭਰੇ ਮੌਸਮ ਨੂੰ ਚੀਰ ਕੇ ਲੰਘ ਗਏ ਸਨ। ਹਨ੍ਹੇਰਾ ਆਪਣੀਆਂ ਸੰਘਣੀਆਂ ਜੁਲਫ਼ਾਂ ਦਿਨ ਦੇ ਚਾਨਣ ਦੀਆਂ ਅੱਖਾਂ ਅੱਗੇ ਖਲਾਰਨ ਲੱਗ ਪਿਆ ਸੀ। ਇੱਕ ਚੁੱਪ ਅਛੋਪਲੇ ਜਿਹੇ ਸਾਡੇ ਵਿਚਕਾਰ ਛਹਿ ਕੇ ਬਹਿ ਗਈ ਸੀ। ਨਾਥ ਹੌਲੀ ਜਿਹੀ ਉੱਠਿਆ ਤੇ ਕਮਰੇ 'ਚੋਂ ਕਾਲਾ ਧਾਗਾ ਤੇ ਇੱਕ ਕੰਹਿ ਦੇ ਗਲਾਸ 'ਚ ਦੁੱਧ ਪਾ ਕੇ ਲੈ ਆਇਆ ਸੀ ਨਲਕਾ ਗੇੜ ਕੇ ਉਹਨੇ ਗਲਾਸ 'ਚ ਪਾਣੀ ਪਾ ਕੇ ਕੱਚੀ ਲੱਸੀ ਜਿਹੀ ਬਣਾ ਲਈ। ਸਿਵੇ ਕੋਲ ਜਾ ਕੇ ਉਹ ਬਾਂਸ ਨਾਲ ਚਿਖਾ ਫੋਲਣ ਲਗ ਪਿਆ ਸੀ। ਚਿਖਾ ਹਾਲੇ ਤੱਕ ਵੀ ਸੇਕ ਨਾਲ ਮਘਦੀ ਪਈ ਸੀ। ਨਾਥ ਵਾਪਸ ਕਮਰੇ ਵੱਲ ਗਿਆ ਜਿਵੇਂ ਕੁਝ ਭੁੱਲ ਆਇਆ ਹੋਵੇ। ਹੱਥ 'ਚ ਚਿਮਟਾ ਫੜੀ ਨਾਥ ਵਾਪਸ ਚਿਖਾ ਕੋਲ ਗਿਆ ਤੇ ਇੱਕ ਛੋਟੀ ਜਿਹੀ ਹੱਡੀ ਚਿਖਾਂ 'ਚ ਕੱਢ ਕੇ ਉਹਨੇ ਕੈਂਹ ਦੇ ਗਲਾਸ 'ਚ ਸੁੱਟੀ। ਸੂੰ-ਸੂੰ ਦੀ ਆਵਾਜ਼ ਨਾਲ ਇੱਕ ਗਾੜੀ ਜਿਹੀ ਭਾਫ ਗਲਾਸ 'ਚੋਂ ਨਿਕਲੀ। ਥੋੜ੍ਹੇ ਚਿਰ ਬਾਅਦ ਉਸਨੇ ਗਲਾਸ 'ਚੋਂ ਹੱਡੀ ਕੱਢੀ ਤੇ ਕਾਲੇ ਧਾਗੇ ਨਾਲ ਬੰਨ੍ਹ ਕੇ ਗਲ 'ਚ ਪਾ ਕੇ ਦਿਲ ਤੱਕ ਧਾਗਾ ਮਿਣਿਆ ਤੇ ਗਲ ਦੇ ਪਿੱਛੇ ਗੱਠ ਦੇ ਦਿੱਤੀ। ਅਸੀਂ ਚੁੱਪ-ਚਾਪ ਬੈਠੇ ਦੇਖ ਰਹੇ ਸੀ। ਹੁਣ ਰਾਧਾ ਦੀ ਇਹ ਨਿਸ਼ਾਨੀ ਮੌਤ ਤੱਕ ਮੇਰੇ ਧੜਕਦੇ ਟੁੱਟੇ ਹੋਏ ਦਿਲ ਦੀ ਧੜਕਣ ਮਹਿਸੂਸ ਕਰਿਆ ਕਰੇਗੀ।'' ਨਾਥ ਨੇ ਸਾਡੇ ਕੋਲ ਵਾਪਸ ਆ ਕੇ ਕਿਹਾ ਸੀ।

ਜਿਵੇਂ-ਜਿਵੇਂ ਵਕਤ ਬੀਤਦਾ ਜਾਂਦਾ ਸੀ ਉਦਾਸੀ ਦੀ ਧੁੰਦ ਛਟਣ ਦੀ ਬਜਾਏ ਹੋਰ ਸੰਘਣੀ ਹੁੰਦੀ ਜਾਂਦੀ ਸੀ। ਨਾਥ ਦੇ ਸਰੀਰ 'ਚੋਂ ਫੁਰਤੀ ਤੇ ਤੇਜ਼ੀ ਵਿਛੋੜੇ ਦੇ ਤੁਫਾਨ ਨੇ ਨਾਲ ਹੀ ਉਡ ਗਈ ਸੀ। ਉਹਦੀ ਤੋਰ, ਉਹਦੇ ਸਰੀਰ 'ਚ ਸੁਸਤੀ ਭਰ ਗਈ ਸੀ। ਹਰ ਕੰਮ ਬਿਲਕੁਲ ਹੌਲੀ-ਹੌਲੀ ਕਰਦਾ ਜਿਵੇਂ ਉਹਦਾ ਧਿਆਨ ਉਸ ਕੰਮ 'ਚ ਨਾ ਹੋ ਕੇ ਕਿਤੇ ਹੋਰ ਭਟਕ ਰਿਹਾ ਹੋਵੇ। ਉਹਦੇ ਸੁਭਾਅ 'ਚ ਇੱਕ ਸ਼ਾਂਤ ਜਿਹੀ ਨਰਮੀ ਭਰ ਗਈ ਸੀ ਤੇ ਅੜਬਾਈ ਤੇ ਜਿੱਦ ਤਾਂ ਕਿਸੇ ਕਬਰ 'ਚ ਦਫਨ ਹੋ ਕੇ ਰਹਿ ਗਈ ਸੀ। ਆਪਣੇ ਸੁਭਾਅ ਤੋਂ ਬਿਲਕੁਲ ਉਲਟ ਸ਼ਖ਼ਸੀਅਤ ਬਣ ਕੇ ਰਹਿ ਗਈ ਸੀ ਉਹਦੀ। ਹਰ ਵੇਲੇ ਇਕੱਲ ਜਿਹੀ ਭਾਲਦਾ ਰਹਿੰਦਾ ਸੀ। ਮਾੜੀ-ਮੋਟੀ ਜਿਹੀ ਗੱਲ ਤੇ ਹੀ ਜਿਹਦੇ 'ਚ ਦੁੱਖ ਦੀ ਛੋਹ ਲੱਗੀ ਹੋਵੇ ਸੁਣ ਕੇ ਆਪ-ਮੁਹਾਰੇ ਉਹਦੀਆਂ ਅੱਖਾਂ ਝਲਕ ਆਉਂਦੀਆਂ ਸਨ। ਉਹ ਹਰ ਰਾਤ ਮੜੀਆਂ 'ਚੋਂ ਨਿਕਲ ਕੇ ਉਹ

ਉਸ ਥਾਂ ਜਾਂਦਾ ਜਿਥੇ ਰਾਧਾ ਦੀ ਐਕਸੀਡੈਂਟ 'ਚ ਮੌਤ ਹੋਈ ਸੀ। ਉਸ ਥਾਂ ਨੂੰ ਲੰਮਾ ਪੈ ਕੇ ਮੱਥਾ ਟੇਕਦਾ ਤੇ ਆਪਣੇ ਬੁੱਲ ਛੁਹਾ ਕੇ ਕਿੰਨਾ ਹੀ ਚਿਰ ਉੱਥੇ ਲੰਮਾ ਪਿਆ-ਪਿਆ ਆਪਣੇ ਅੱਥਰੂਆਂ ਨਾਲ ਉਸ ਥਾਂ ਨੂੰ ਸਿੰਜਦਾ ਉਹਦੇ ਕੋਲ ਲਗਦੀਆਂ ਮਹਿਫਲਾਂ ਵੀ ਹੁਣ ਬੀਤੇ ਦੀ ਗੱਲ ਹੋ ਚੁੱਕੀ ਸੀ। ਹੌਲੀ-ਹੌਲੀ ਸਾਰੇ ਮੜੀਆਂ 'ਚ ਆਉਣੋ ਹੱਟ ਗਏ ਸੀ ਤੇ ਮੜੀਆਂ ਦੇ ਸਾਹਮਣੇ ਕੁਝ ਦੂਰੀ ਤੇ ਇੱਕ ਖੁੱਲੀ ਜਿਹੀ ਬਗੈਰ ਛੱਤ ਤੋਂ ਬਣੀ ਦਰਗਾਹ 'ਚ ਜਾਣ ਲੱਗ ਪਏ ਸੀ ਤੇ ਉਥੇ ਹੀ ਮਹਿਫਲਾਂ ਜੰਮਾਉਂਦੇ ਸਨ।

ਜਦੋਂ ਵੀ ਕੋਈ ਐਕਸੀਡੈਂਟ ਵਾਲੀ ਦੇਹ ਮੜੀਆਂ 'ਚ ਆਉਂਦੀ ਸੀ ਉਸ ਦਿਨ ਤੇ ਰਾਤ ਨਾਥ ਦੀ ਹਾਲਤ ਬਹੁਤ ਭੈੜੀ ਹੋ ਜਾਂਦੀ ਸੀ। ਸਾਰੀ-ਸਾਰੀ ਰਾਤ ਸੋਚਾਂ 'ਚ ਡੁਬੇ ਹੋਏ ਦੇ ਅੱਥਰੂ ਆਪ-ਮੁਹਾਰੇ ਨਿਕਲੀ ਜਾਂਦੇ ਸਨ। ਅਸੀਂ ਵੀ ਅਸਮਰਥ ਸੀ ਉਹ ਨੂੰ ਹੌਸਲਾ ਦੇਣ ਤੇ ਵਰਾਉਣ 'ਚ ਅਸੀਂ ਹੌਸਲਾ ਦਿੰਦੇ ਵੀ ਕੀ ਜੇਕਰ ਉਹ ਕਿਤੇ ਦੂਰ ਗਈ ਹੁੰਦੀ ਉਹਨੂੰ ਛੱਡ ਕੇ ਤਾਂ ਉਹਦੇ ਵਾਪਸ ਆਉਣ ਦਾ ਦਿਲਾਸਾ ਦੇ ਸਕਦੇ ਸੀ। ਪਰ ਜਿਹੜੀ ਆਪਣੀਆਂ ਪੈੜਾਂ ਸਮੇਟ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਉਹਦੇ ਵਾਪਸ ਆਉਣ ਦੀ ਆਸ ਵੀ ਕਿਵੇਂ ਬਨਾਉਂਦੇ। ਬਹੁਤ ਲਾਚਾਰ ਜਿਹੇ ਮਹਿਸੂਸ ਕਰ ਰਹੇ ਸੀ ਅਸੀਂ। ਉਹਦਾ ਦੁੱਖ ਘਟਾਉਣ ਵਾਸਤੇ ਅਸੀਂ ਕੁਝ ਵੀ ਨਹੀਂ ਕਰ ਸਕਦੇ ਸੀ। ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰੀਆਂ ਪੜੀਆਂ ਸਾਰੀਆਂ ਕਿਤਾਬਾਂ, ਸਾਰਾ ਗਿਆਨ ਇਸ ਮੌਕੇ ਨਾਥ ਨੂੰ ਗਮ 'ਚੋਂ ਬਾਹਰ ਕੱਢਣ 'ਚੋਂ ਅਸਮਰਥ ਧਰਿਆ ਧਰਾਇਆ ਰਹਿ ਗਿਆ ਹੋਵੇ।

ਮੈਂ ਕਈ ਵਾਰ ਨਾਥ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। "ਆਪਣੇ-ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਨਾਥ ਜ਼ਿੰਦਗੀ ਐਥੇ ਹੀ ਖਤਮ ਨਹੀਂ ਹੁੰਦੀ। ਸਗੋਂ ਜ਼ਿੰਦਗੀ ਤਾਂ ਸ਼ੁਰੂ ਹੀ ਪਿਆਰ ਦੇ ਗ਼ਮ ਝੱਲਣ ਤੋਂ ਬਾਅਦ ਹੁੰਦੀ ਹੈ। ਜ਼ਿੰਦਗੀ ਜੀਉਣ ਦੀ ਅਸਲੀ ਸੋਝੀ ਤਾਂ ਦੁੱਖ ਤੋਂ ਬਾਅਦ ਹੀ ਆਉਂਦੀ ਹੈ। ਹਰ ਚੀਜ਼ ਨੂੰ ਹਾਸਲ ਕਰਕੇ ਖੁਸ਼ੀ ਮਨਾਉਣੀ ਜ਼ਿੰਦਗੀ ਤਾਂ ਹਰ ਚੀਜ਼ ਦੇ ਨਾ ਮਿਲਣ ਦੇ ਤੇ ਉਹਨੂੰ ਹਾਸਲ ਕਰਨ ਦੇ ਨਾਕਾਮਯਾਬ ਸੰਸਿਆ 'ਚ ਸਿਸਕੀਆ ਬਿਤਾਉਣ ਨੂੰ ਕਹਿੰਦੇ ਨੇ। ਹਰ ਵਾਰ ਖੁਸ਼ੀ ਜਦੋਂ ਮਿਲਦੀ ਹੈ ਉਦੋਂ ਖੁਸ਼ੀਆਂ ਦੀ ਥਾਹ ਕੋਈ ਵੀ ਪਾ ਸਕਦਾ ਹੈ ਉਹ ਖੁਸ਼ੀ ਦਾ ਅਸਲੀ ਰੰਗ ਮਹਿਸੂਸ ਨਹੀਂ ਕਰ ਸਕਦਾ। ਹਰ ਵੇਲੇ ਖੁਸ਼ੀਆਂ ਤੋਂ ਵਿਰਵਾ ਹੋਇਆ ਇਨਸਾਨ ਲੰਮੇ ਸਮੇਂ ਤੱਕ ਦੁੱਖਾਂ ਦੇ ਪੱਥਰਾਂ ਨਾਲ ਟੱਕਰਾ ਮਾਰ-ਮਾਰ ਜਦੋਂ ਖੁਸ਼ੀ ਦਾ ਅਰਥ ਹੀ ਭੁੱਲ ਜਾਂਦਾ ਹੈ ਜੇ ਉਹਦੀ ਜ਼ਿੰਦਗੀ 'ਚ ਅਚਾਨਕ ਵੱਡੀ ਜਿਹੀ ਖੁਸ਼ੀ ਆ ਜਾਵੇ ਤਾਂ ਉਸ ਵੇਲੇ ਉਹੀ ਖੁਸ਼ੀ ਦਾ ਅਸਲੀ ਰੰਗ ਸਮਝ ਸਕਦਾ ਹੈ। ਉਹ ਖੁਸ਼ੀ ਦੀ ਥਾਹ ਨਹੀਂ ਪਾ ਸਕਦਾ। ਹਰ ਵਾਰ ਜਿੱਤਣਾ ਕੋਈ ਮਾਈਨੇ ਨਹੀਂ ਰੱਖਦਾ ਵਾਰ-ਵਾਰ ਹਾਰ ਕੇ ਇੱਕ ਜਿੱਤ ਪ੍ਰਾਪਤ ਕਰ ਲੈਣੀ ਵਾਰ-ਵਾਰ ਦੀ ਜਿੱਤ ਤੋਂ ਕਿਤੇ ਵੱਡੀ ਤੇ ਖੁਸ਼ਦਾਇਕ ਹੁੰਦੀ ਹੈ।

"ਬਿਲਕੁਲ ਠੀਕ ਕਹਿਦੈਂ ਤੂੰ ਬਾਈ ਮੇਰਿਆ। ਪਰ ਮੈਂ ਕੀ ਕਰਾਂ ਯਾਰਾ ਮੇਰੇ ਵੱਸ ਹੀ ਨਹੀਂ ਚੱਲਦਾ ਆਪਣੇ ਦਿਲ ਤੇ ਮੈਂ ਬੜੀ ਕੋਸ਼ਿਸ਼ ਕਰਦਾ ਹਾਂ ਕਿ ਇੱਕ ਹਾਸੀ ਮੇਰੇ ਬੁੱਲਾਂ ਦੀ ਬਗੀਚੀ 'ਚ ਖਿੜੇ ਪਰ ਹਾਸੀ ਦੇ ਫੁੱਲ ਖਿੜਣ ਤੋਂ ਪਹਿਲਾਂ ਅੱਖਾਂ 'ਚ ਕੰਡੇ ਉਗ ਪੈਂਦੇ ਨੇ। ਹਰ ਪਲ੍ਹ ਆਪਣੀ ਲਾਸ਼ ਆਪਣੇ ਮੋਢਿਆਂ ਤੇ ਚੱਕ ਕੇ ਸੋੜੇ ਜਿਹੇ ਰਾਹਾਂ 'ਚ ਵਿਚਰਨਾ ਬਹੁਤ ਔਖਾ ਹੁੰਦੈ। ਇੱਕ ਅੰਨੀ ਹਨ੍ਹੇਰੇ ਲੱਦੀ ਗੁਫਾ 'ਚ ਰੀਂਗ-ਰੀਂਗ ਕੇ ਚਾਨਣ ਦੀ ਦੂਰੋਂ ਆਉਂਦੀ ਕਾਤਰ ਨੂੰ ਫੜਨ ਤੱਕ ਪਹੁੰਚਣ ਦੀ ਕੋਸ਼ਿਸ਼ ਕਰਨਾ ਸਾਰੀ ਸੱਤਿਆ ਨਿਚੋੜ ਲੈਂਦਾ ਹੈ। ਜੀਅ ਕਰਦਾ ਹੈ ਕਿ ਇੱਕ ਹਨ੍ਹੇਰੇ ਕਮਰੇ 'ਚ ਕੈਦ ਰਹਾਂ ਤੇ ਕਿਸੇ ਦੇ ਪੈਰਾਂ ਦੀ ਆਹਟ ਤੇ ਨਾ ਕਿਸੇ ਦੀ ਆਵਾਜ਼ ਮੇਰੇ ਤੱਕ ਪਹੁੰਚੇ। ਬਸ ਇੱਕ ਤਨਹਾਈਆਂ ਦੇ ਖੋਲ 'ਚ ਬੈਠਾ ਰਹਾਂ ਤੇ ਅਤੀਤ ਦੀਆਂ ਯਾਦਾਂ 'ਚ ਗਵਾਚਿਆ ਰਹਾਂ। ਦੁਨੀਆਂ ਦੀ ਕੋਈ ਵੀ ਚੀਜ਼ ਮਨ ਨੂੰ ਨਹੀਂ ਭਾਉਂਦੀ। ਹਾਸਾ-ਠੱਠਾ, ਮਹਿਫਲਾਂ, ਭੀੜਾਂ ਬੇਕਾਰ ਜਿਹੀਆਂ ਲੱਗਦੀਆਂ ਨੇ। ਕਦੇ ਸੋਚਿਆ ਵੀ ਨਹੀਂ ਸੀ ਕਿ ਐਹੋ ਜਿਹੇ ਦਿਨ ਵੀ ਵਕਤ ਦਿਖਾਏਗਾ। ਜੇ ਮੈਨੂੰ ਪਹਿਲਾਂ ਪਤਾ ਵੀ ਹੁੰਦਾ ਤਾਂ ਵੀ ਮੈਂ ਇਸ ਤਰ੍ਹਾਂ ਦੀ ਜ਼ਿੰਦਗੀ

ਜ਼ਰੂਰ ਜੀਉਂਦਾ ਤੇ ਹਰ ਜਨਮ ਇਸ ਤਰ੍ਹਾਂ ਦੇ ਜੀਵਨ ਨੂੰ ਹਾਸਲ ਕਰਨ ਨੂੰ ਆਪਣੀ ਖੁਸ਼ਕਿਸਮਤੀ ਸਮਝਦਾ ਤੇ ਹਰ ਜਨਮ ਪਿਆਰ ਜ਼ਰੂਰ ਕਰਦਾ ਚਾਹੇ ਲੱਖਾਂ ਦੀ ਤਾਦਾਦ 'ਚ ਗ਼ਮ ਮੈਨੂੰ ਕਚੋਟਦੇ। ਮੈਂ ਇੱਕ ਗਲ ਸਮਝੀ ਹੈ ਬਾਈ ਕਿ ਜ਼ਿੰਦਗੀ 'ਚ ਪਿਆਰ ਜ਼ਰੂਰ ਕਰਨਾ ਚਾਹੀਦਾ ਹੈ। ਕਈ ਰਾਜ ਅਜਿਹੇ ਹੁੰਦੇ ਨੇ ਜਿਹੜੇ ਸਾਰੀ ਉਮਰ ਨਹੀਂ ਖੁੱਲਦੇ ਪਰ ਜਦੋਂ ਤੁਸੀਂ ਪਿਆਰ ਦੇ ਗ਼ਮ 'ਚ ਵਿਚਰ ਰਹੇ ਹੁੰਦੇ ਹੋ ਉਦੋਂ ਉਹ ਰਾਜ ਆਪ-ਮੁਹਾਰੇ ਪ੍ਰਗਟ ਹੋ ਜਾਂਦੇ ਨੇ। ਦੁਨੀਆਂ ਦੀ ਸ਼ੈਅ ਹੈ ਕਿਸ ਤਰ੍ਹਾਂ ਤੇ ਇਨਸਾਨ ਇਸ ਦੁਨੀਆਂ 'ਚ ਰਹਿੰਦੇ ਤੁਹਾਡੇ ਸੰਪਰਕ 'ਚ ਆਉਂਦੇ ਹਨ। ਝੂਠੇ-ਸੱਚੇ ਮੂੰਹਾਂ ਤੇ ਦਿਖਾਵਿਆ ਦੇ ਅਦਿਸ ਨਕਾਬ ਪਾਈ, ਮਤਲਬ ਪ੍ਰਸਤ ਜਿਹੇ, ਮੂੰਹ ਤੇ ਹੋਰ ਪਿੱਠ ਪਿੱਛੇ ਹੋਰ ਹੁੰਦੇ ਨੇ ਅਜਿਹੇ ਲੋਕਾਂ ਨੂੰ ਪਛਾਨਣ ਦੀ ਮੁਹਾਰਤ ਤੁਹਾਡੇ ਅੰਦਰ ਪਿਆਰ ਦੇ ਵਿਛੋੜੇ ਤੋਂ ਬਾਅਦ ਆਪਣੇ-ਆਪ ਪੈਦਾ ਹੋ ਜਾਂਦੀ ਹੈ। ਤੁਸੀਂ ਉਨ੍ਹਾਂ ਦੇ ਚਿਹਰਿਆਂ ਨੂੰ ਜੋ ਨਕਾਬ ਉਹਲੇ ਲੁੱਕੇ ਹੁੰਦੇ ਨੇ ਪਛਾਨਣ ਦੀ ਕਲਾਂ ਤੋਂ ਜਾਣੂ ਹੋ ਜਾਂਦੇ ਹੋ ਜੇ ਤੁਹਾਡੇ ਅੰਦਰ ਇਹ ਕਲਾ ਜਨਮ ਲੈਂਦੀ ਹੈ ਤਾਂ ਇਹਦਾ ਕਾਰਣ ਪਿਆਰ ਦਾ ਗ਼ਮ ਹੀ ਹੁੰਦਾ ਹੈ ਜੋ ਤੁਹਾਡੇ ਅੰਦਰ ਤੀਜੀ ਅੱਖ ਸੋਝੀ ਦੀ ਖੋਲ ਦਿੰਦਾ ਹੈ। ਮੈਂ ਵੀ ਸ਼ਾਇਦ ਸਾਰੀ ਜ਼ਿੰਦਗੀ ਇੱਕ ਝੂਠੇ ਭਰਮ 'ਚ ਮਤਲਬ ਪ੍ਰਸਤ, ਝੂਠੇ ਇਨਸਾਨਾਂ 'ਚ ਵਿਚਰਦਾ ਹੀ ਬਿਤਾ ਦਿੰਦਾ। ਪਰ ਪਿਆਰ ਕਰਨ ਤੇ ਗ਼ਮ ਝੱਲਣ ਤੋਂ ਬਾਅਦ ਜ਼ਿੰਦਗੀ ਦੀ ਅਸਲੀ ਹਕੀਕਤ ਮੇਰੇ ਸਾਹਮਣੇ ਚਾਨਣ ਵਾਂਗ ਫੈਲ ਗਈ ਸੀ।

ਮੈਂ ਵਿਸਮਾਦ ਜਿਹੇ 'ਚ ਨਾਥ ਨੂੰ ਦੇਖਦਾ ਹੀ ਰਹਿ ਗਿਆ ਸੀ। ਕਿਥੋਂ ਸਿਖ ਲਈਆਂ ਨਾਥ ਨੇ ਇਹੋ ਜਿਹੀਆਂ ਗੱਲਾਂ ਐਨੀਆਂ ਡੂੰਘੀਆਂ ਤੇ ਵਿਦਵਾਨਾਂ ਵਰਗੀਆਂ ਗੱਲਾਂ ਉਹ ਇਨਸਾਨ ਕਰ ਰਿਹਾ ਸੀ ਜਿਹਨੇ ਕਦੀ ਜ਼ਿੰਦਗੀ 'ਚ ਕੋਈ ਕਿਤਾਬ ਚੱਕ ਕੇ ਨਹੀਂ ਦੇਖੀ, ਪਤਨੀ ਤਾਂ ਬੜੀ ਦੂਰ ਦੀ ਗੱਲ ਹੈ, ਤੇ ਕਦੇ ਸਕੂਲ, ਕਾਲਜ ਦੀ ਸ਼ਕਲ ਵੀ ਇਨ੍ਹੇ ਨਹੀਂ ਦੇਖੀ। ਪਰ ਇਹ ਮੁਹੱਬਤ ਹੀ ਸੀ ਜਿਹਨੇ ਨਾਥ ਅੰਦਰ ਇਹ ਗੱਲਾਂ ਭਰੀਆਂ ਇਹ ਸਿੱਖਿਆ ਦਿੱਤੀ ਕਿਉਂਕਿ ਮੁਹੱਬਤ 'ਚ ਹਾਸਲ ਕੀਤੀ ਆਪ-ਮੁਹਾਰੀ ਸਿੱਖਿਆ, ਕਾਲਜਾਂ, ਯੂਨੀਵਰਸਿਟੀਆਂ 'ਚ ਹਾਸਲ ਕੀਤੀ ਸਿੱਖਿਆ ਤੋਂ ਕਿਤੇ ਉਪਰ ਹੁੰਦੀ ਹੈ।

ਰਾਧਾ ਦੀ ਮੌਤ ਨੂੰ ਡੇਢ ਸਾਲ ਹੋ ਚੁੱਕਿਆ ਸੀ। ਪਰ ਨਾਥ ਦੇ ਜ਼ਖ਼ਮ ਹਾਲੇ ਤੱਕ ਵੀ ਅੱਲ੍ਹੇ ਹੀ ਸਨ। ਵਕਤ ਦੀ ਮਰਹਮ ਵੀ ਬੇਕਾਰ ਸਾਬਤ ਹੋਈ ਸੀ। ਮੈਂ ਸਮਝਦਾ ਹਾਂ ਕਿ ਵਕਤ ਦੀ ਮਰਹਮ ਸਰੀਰ ਤੇ ਦਿਲ ਤੇ ਲੱਗੀ ਸੱਟ ਦੇ ਜ਼ਖ਼ਮ ਨੂੰ ਤਾਂ ਭਰ ਦਿੰਦੀ ਹੈ, ਪਰ ਜਿਹੜੇ ਜ਼ਖ਼ਮ ਰੂਹਾਂ ਤੇ ਲੱਗੇ ਹੁੰਦੇ ਨੇ ਉਹਨਾਂ ਦਾ ਇਲਾਜ਼ ਸਾਰੀ ਉਮਰ ਕਦੇ ਵੀ ਨਹੀਂ ਹੋ ਸਕਦਾ ਇਹ ਤਾਂ ਵਕਤ ਬੀਤਣ ਤੇ ਸਗੋਂ ਹੋਰ ਡੂੰਘੇ ਤੇ ਪੀੜ ਭਰੇ ਹੁੰਦੇ ਜਾਂਦੇ ਹਨ। "ਚੱਲੀਏ ਅਵੀ ਬਹੁਤ ਰਾਤ ਹੋ ਗਈ ਹੈ।" ਜੀਤ ਦੀ ਆਵਾਜ਼ ਨਾਲ ਸੋਚਾਂ ਦੀ ਮਾਲਾ ਟੁੱਟ ਗਈ ਤੇ ਮਣਕੇ ਬਿਖਰ ਗਏ। " ਹਾਂ ਚਲਦੇ ਹਾਂ ਜੀਤ ਪਹਿਲਾਂ ਇਨ੍ਹਾਂ ਸਾਰੀਆਂ ਚੀਜ਼ਾਂ ਤੇ ਹਰ ਕੋਨੇ ਨੂੰ ਚੰਗੀ ਤਰਾਂ ਨਿਹਾਰ ਲਈਐ ਕੀ ਪਤਾ ਫੇਰ ਕਦੀ ਦੁਬਾਰਾ ਐਥੇ ਆਉਣਾ ਹੋਵੇ ਕਿ ਨਾ।"

"ਮੇਰੇ ਦਿਲ 'ਚ ਐਹੀ ਗੱਲ ਸੀ ਅਵੀ, ਪਤਾ ਨਹੀਂ ਕਿੰਨਾ ਕੁ ਮੋਹ ਪੈ ਗਿਆ ਸੀ ਨਾਥ ਨਾਲ ਤੇ ਮੜੀਆਂ ਦੀ ਹਰ ਇੱਕ ਚੀਜ਼ ਨਾਲ। ਮੇਰੀ ਜ਼ਿੰਦਗੀ 'ਚ ਇਨ੍ਹਾਂ ਚੀਜ਼ਾਂ ਦੀ ਤੇ ਇਸ ਥਾਂ ਇੱਕ ਖਾਸ ਜਗ੍ਹਾ ਬਣ ਗਈ ਹੈ ਤੇ ਜੀਵਨ 'ਚ ਇਨ੍ਹਾਂ ਪ੍ਰਤੀ ਮੋਹ ਸਭ ਤੋਂ ਉਪਰ ਰਹੇਗਾ। ਗਹਿਰੇ ਗ਼ਮ 'ਚ ਡੁੱਬੀ ਪਈ ਸੀ ਜੀਤ ਦੀ ਆਵਾਜ਼। ਸਾਰੀਆਂ ਥਾਵਾਂ ਮੜੀਆਂ ਵਿਚਲੀਆਂ ਦੇਖ ਕੇ ਸਾਰਿਆਂ ਨੂੰ ਅਲਵਿਦਾ ਕਹਿ ਕੇ ਮੇਲੂ ਨੂੰ ਘੁੱਟ ਕੇ ਜੱਫੀ ਪਾ ਕੇ ਅਸੀਂ ਮੋਟਰ ਸਾਇਕਲ ਵੱਲ ਵਧੇ।

ਹਨ੍ਹੇਰਾ ਪੂਰੀ ਤਰ੍ਹਾਂ ਦਿਨ ਦੇ ਚਾਨਣ ਨੂੰ ਨਿਗਲ ਗਿਆ ਸੀ। ਸੜਕਾਂ ਤੇ ਲੱਗੀਆਂ ਲਾਇਟਾਂ ਦੀ ਰੌਸ਼ਨੀ ਗਹਿਗੀ ਤੇ ਸੰਘਣੀ ਧੁੰਦ ਕਰਕੇ ਦੀਵੇ ਜਿਹੇ ਵਰਗੀ ਮੱਧਮ ਲੱਗ ਰਹੀ ਹੈ। ਧੁੰਦ ਦੇ ਸੜਕ ਤੇ ਵਰਕੇ ਡਿੱਗਣ ਦੀ ਆਵਾਜ਼ ਰਾਤ ਦੀ ਖ਼ਾਮੋਸ਼ੀ ਨੂੰ ਭੰਨ ਰਹੀ ਹੈ। ਸੰਘਣੀ ਧੁੰਦ ਕਰਕੇ ਹੱਥ ਪਸਾਰਿਆ ਵੀ ਕੁਝ ਅੱਗੇ ਦਾ ਨਹੀਂ ਦਿਖ ਰਿਹਾ ਹੈ। ਮੋਟਰਸਾਇਕਲ ਦੀ ਲਾਈਟ ਵੀ ਧੁੰਦ ਨੂੰ ਚੀਰਨ 'ਚ ਅਸਮਰਥ ਹੈ। ਬਹੁਤ

ਹੌਲੀ-ਹੌਲੀ ਜਾ ਰਹੇ ਹਾਂ ਅਸੀਂ। ਮੀਂਹ ਵਾਂਗ ਵਰ ਰਹੀ ਧੁੰਦ ਨਾਲ ਸਾਰੇ ਕੱਪੜੇ ਨੁਚੜ ਰਹੇ ਹਨ। ਠੰਡ ਕੰਗਰੋੜ 'ਚੋਂ ਹੁੰਦੀ ਹੋਈ ਸਾਰੇ ਸਰੀਰ ਨੂੰ ਝੁਨਝੁਨਾ ਗਈ। ਸਰੀਰ ਠੰਡ ਨਾ ਬੁਰੀ ਤਰ੍ਹਾਂ ਕੰਬ ਰਹੇ ਹਨ। ਜੀਤ ਦੇ ਹੱਥ ਤਾਂ ਸੁੰਨ ਹੀ ਹੋ ਕੇ ਰਹਿ ਗਏ ਨੇ ਤੇ ਸਾਡੇ ਮੂੰਹ ਤਾਂ ਪਤਾ ਹੀ ਨਹੀਂ ਲੱਗਦਾ ਹੈਗੇ ਨੇ ਕਿ ਨਹੀਂ ਠੰਡ ਨਾਲ ਸੁੰਨ ਹੋ ਕੇ ਲਾਲ ਸੂਹੇ ਹੋ ਗਏ ਨੇ। ਸੜਕਾਂ ਤੇ ਗਲੀਆਂ ਬਿਲਕੁਲ ਸੁੰਨ-ਮਸਾਨ ਬਣੀਆਂ ਪਈਆਂ ਹਨ। ਮਨੁੱਖ ਤਾਂ ਕੀ ਕਿਸੇ ਕੁੱਤੇ ਦੀ ਆਵਾਜ਼ ਵੀ ਕੰਨਾ 'ਚ ਨਹੀਂ ਪੈਂਦੀ ਜਿਹੜੇ ਪਹਿਲੇ ਭੌਂਕ-ਭੌਂਕ ਕੇ ਸਾਰੀ ਰਾਤ ਸਿਰ ਤੇ ਚੱਕ ਲੈਂਦੇ ਸਨ।

ਘਰ ਪਹੁੰਚ ਕੇ ਸੁੱਖ ਦਾ ਸਾਹ ਆਇਆ। ਗਿੱਲੇ ਕੱਪੜੇ ਬਦਲ ਕੇ ਮੈਂ ਰਜਾਈ 'ਚ ਵੜ ਕੇ ਲੰਮਾ ਪੈ ਗਿਆ। ਨਾਥ ਦੇ ਖਿਆਲ ਹਾਲੇ ਤਾਈਂ ਵੀ ਮੇਰੇ ਉੱਤੇ ਹਾਵੀ ਨੇ। ਮੈਂ ਸੋਚ ਰਿਹਾ ਹਾਂ ਕਿ ਇੱਕ ਕੁੜੀ ਕਿਵੇਂ ਆਦਮੀ ਦੀ ਜ਼ਿੰਦਗੀ ਦੇ ਅਰਥ ਹੀ ਬਦਲ ਦਿੰਦੀ ਹੈ। ਉਹੀ ਨਾਥ ਸੀ ਜਿਹੜਾ ਐਨਾ ਬੇਫਿਕਰਾਂ ਤੇ ਪੱਥਰ ਦਿਲ ਸੀ ਕਿ ਪਿਉ ਦੀ ਮੌਤ ਵੀ ਉਹਦੇ ਤੇ ਆਪਣਾ ਅਸਰ ਨਾ ਪਾ ਸਕੀ ਪਰ ਰਾਧਾ ਦੀ ਮੌਤ ਨੇ ਉਹਦੀ ਜ਼ਿੰਦਾਦਿਲੀ ਤਾਂ ਕਿ ਉਹਦੀ ਸ਼ਖ਼ਸੀਅਤ ਹੀ ਬਿਲਕੁਲ ਉਲਟ ਦਿੱਤੀ ਸੀ। ਮੌਤ ਤੋਂ ਵੀ ਬਦਤਰ ਜ਼ਿੰਦਗੀ ਬਣਾ ਦਿੱਤੀ ਸੀ ਨਾਥ ਮੰਗਲੂ ਦੀ। ਮੈਂ ਹਮੇਸ਼ਾ ਜੋ ਸੋਚਦਾ ਸਾਂ ਉਹ ਗੱਲ ਬਿਲਕੁਲ ਸੱਚ ਨਿਕਲੀ ਕਿ ਇੱਕ ਹਾਸੀ ਦੀ ਕੀਮਤ ਉਮਰਾਂ ਲੰਮੇ ਗਮ ਨਾਲ ਚੁਕਾਉਣੀ ਪੈਂਦੀ ਹੈ। ਮੈਂ ਸੋਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਨੀਂਦ ਅੱਖਾਂ ਤੋਂ ਕੋਹਾਂ ਦੂਰ ਹੈ ਤੇ ਅੱਥਰੂ ਅੱਖਾਂ ਦੇ ਬਹੁਤ ਨੇੜੇ ਨੇ ਜੋ ਲਗਾਤਾਰ ਆਪਣੀ ਹੋਂਦ ਦਾ ਅਹਿਸਾਸ ਕਰਾ ਰਹੇ ਨੇ।

ਅਜੀਬ ਜਿਹੀ ਅਸਮੰਜਸ 'ਚ ਫਸਿਆ ਹੋਇਆ ਹਾਂ ਮੈਂ ਕਦੇ ਸੋਚਦਾ ਹਾਂ ਕਿ ਚੱਲੋ ਚੰਗਾ ਹੋਇਆ ਮੌਤ ਤੋਂ ਵੀ ਬਦਤਰ ਜ਼ਿੰਦਗੀ ਤੋਂ ਤਾਂ ਨਾਥ ਦਾ ਛੁਟਕਾਰਾ ਹੋਇਆ। ਜਿਹੜੀ ਦਰਦਾਂ ਦੀ ਚਿਖਾਂ ਉਹਦੇ ਸੀਨੇ 'ਚ ਬਲਦੀ ਸੀ ਉਹ ਚਿਖਾ ਦੂਸਰੀ ਚਿਖਾ 'ਚ ਪੈ ਕੇ ਠੰਡੀ ਤਾਂ ਹੋ ਗਈ। ਪਰ ਦੂਜੇ ਪਾਸੇ ਸੋਚਦਾ ਹਾਂ ਕਿ ਬਹੁਤ ਬੁਰਾ ਹੋਇਆ ਨਾਥ ਨਾਲ ਉਹਨੂੰ ਹਾਲੇ ਹੋਰ ਜੀਣਾ ਚਾਹੀਦਾ ਸੀ। ਸੋਚ-ਸੋਚ ਕੇ ਵੀ ਮੈਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਪਾ ਰਿਹਾ।

ਨੀਂਦਾ ਦੇ ਊਠ ਆਪਣੇ ਕਾਫ਼ਲੇ ਤੋਂ ਭਟਕ ਗਏ ਹਨ ਤੇ ਸੋਚਾਂ ਦੇ ਥਲਾਂ ਦੀ ਰੇਤ ਨੇ ਮੇਰੇ ਦਿਲ-ਦਿਮਾਗ਼ ਨੂੰ ਪੂਰੀ ਤਰ੍ਹਾਂ ਢੱਕ ਕੇ ਆਪਣੀ ਕਬਰ 'ਚ ਦਫ਼ਨਾ ਦਿੱਤਾ ਹੈ।

ਇੱਕ ਪੁਰਾਣੀ ਬੁਝੀ ਹੋਈ ਚਿਖਾਂ ਫੇਰ ਦੁਬਾਰਾ ਮੇਰੇ ਸੀਨੇ 'ਚ ਮਚ ਗਈ ਹੈ। ਜੋ ਮੜੀਆਂ 'ਚ ਜਾ ਕੇ ਬੁੱਝ ਗਈ ਸੀ। ਬੇਚੈਨੀਆਂ-ਉਦਾਸੀਆਂ ਦੀਆਂ ਪੰਜੇਬਾਂ ਫੇਰ ਦੁਬਾਰਾ ਦਿਲ ਦੇ ਪੈਰਾਂ 'ਚ ਛਣਕਣ ਲੱਗ ਪਈਆਂ ਹਨ। ਇਸ ਦੁਬਾਰਾ ਮਚੀ ਹੋਈ ਚਿਖਾਂ 'ਚ ਨਾਥ ਮੰਗਲੂ ਦੀ ਯਾਦ ਦਾ ਕੰਮ ਕਰ ਰਹੀ ਹੈ ਤੇ ਹੋਰ ਮਘਾ ਰਹੀ ਹੈ ਬੀਤੇ ਪਲ੍ਹਾਂ ਦੀਆਂ ਫੂਕਾਂ ਮਾਰ-ਮਾਰ ਕੇ।

ਗੁਰੂ ਨਾਨਕ ਨਗਰ, ਨੇੜੇ ਨਵੀਂ ਆਨਾਜ਼ ਮੰਡੀ, ਪਟਿਆਲਾ-147001

ਪੁਸਤਕਾਂ ਛਪਵਾਉਣ ਲਈ ਅਤੇ
ਖਰੀਦਣ ਲਈ ਮਿਲੋ ਜਾਂ ਲਿਖੋ-
ਪਰਵਾਜ਼ ਪ੍ਰਕਾਸ਼ਨ
Mob. 94170-64350
e.mail:parwazparkashan@gmail.com,

ਸਵੈ ਜੀਵਨੀ-5

ਕਿਹੜੇ ਪਿੰਡ ਦਾ ਮੈਂ ਹਾਂ... ਦੱਸ ਜਾਇਓ ਵੇ ਪੂਰਵਜੋ? / -ਸਰੂਪ ਸਿਆਲਵੀ

ਮੈਂ ਕਈ ਸਾਲ ਲਾ ਕੇ ਸਵੈ-ਜੀਵਨੀ ਲਿਖੀ ਸੀ। ਤੇ ਪ੍ਰਕਾਸ਼ਕ ਨੂੰ ਛਾਪਣ ਲਈ ਦੇ ਆਇਆ ਸਾਂ। ਪ੍ਰਕਾਸ਼ਕ ਮੈਨੂੰ ਫੋਨ ਕਰਕੇ ਵਾਰ ਵਾਰ ਪੁੱਛਦਾ ਹੈ ਕਿ ਮੈਂ ਸਵੈ-ਜੀਵਨੀ 'ਤੇ ਆਪਣਾ ਪਤਾ ਤਾਂ ਲਿਖਿਆ ਨਹੀਂ? ਜਦ ਮੈਥੋਂ ਆਪਣਾ ਕੋਈ ਅਤਾ ਪਤਾ ਨਹੀਂ ਦੱਸਿਆ ਜਾਂਦਾ ਤਾਂ ਉਹ ਰਤਾ ਔਖਾ ਹੋ ਕੇ ਬੋਲਦਾ ਹੈ, "ਓ ਤੂੰ ਕੋਈ ਯੂ. ਪੀ., ਬਿਹਾਰ ਤੋਂ ਆਇਆ ਪਰਵਾਸੀ ਭਈਆ ਏ, ਜਾਂ ਫੇਰ ਪਾਕਿਸਤਾਨ ਤੋਂ ਆਇਆ ਕੋਈ ਏਜੰਟ ਏਂ?? ਜਿਹੜਾ ਕਿ ਤੂੰ ਆਪਣਾ ਐਡਰੈੱਸ ਨਹੀਂ ਦੱਸ ਰਿਹਾ ???"

ਮੈਂ ਨਿਮਰਤਾ ਸਹਿਤ ਜਵਾਬ ਦਿੰਦਾ ਹਾਂ, "ਹਾਂ ਜੀ ਮੇਰੇ ਪਰਿਵਾਰ ਦੇ ਜੀਅ ਗੱਲਾਂ ਕਰਦੇ ਹੁੰਦੇ ਹਨ... ਕਿ ਉਹ ਹੱਲਿਆ ਵਿਚ ਪਾਕਿਸਤਾਨ ਤੋਂ ਆਏ ਸਨ।"

"ਅੱਛਾ-ਅੱਛਾ ਆ ਫੇਰ ਤਾਂ ਤੁਹਾਡਾ ਪਰਵਾਰ ਬਹੁਤ ਕੱਟ ਵੱਢ ਵਿਚੋਂ ਬਚਦਾ ਬਚਾਉਂਦਾ ਏਧਰ ਆਇਆ ਹੋਊ? ਮੈਂ ਬਹੁਤ ਸਾਰੇ ਉਧਰੋਂ-ਏਧਰ ਆਏ ਲੇਖਕਾਂ ਦੀਆਂ, ਵੰਡ ਦੇ ਦਰਦ ਨੂੰ ਬਿਆਨ ਕਰਦੀਆਂ ਸਵੈ-ਜੀਵਨੀਆਂ ਛਾਪੀਆ ਨੇ। ਉਹ ਹੁਣ ਵੀ ਆਪਣੇ ਜੱਦੀ ਪੁਸ਼ਤੀ ਪਿੰਡ ਜਾਂਦੇ ਰਹਿੰਦੇ ਹਨ। ਉਹਨਾਂ ਨੂੰ ਆਪਣੇ ਪਿੰਡ ਦੇ ਪੁਰਾਣੇ ਖੜੇ ਪਿੱਪਲ, ਬਰੋਟੇ, ਨਿਮਾਂ, ਗਲੀਆਂ, ਮੁਹੱਲਿਆਂ ਤੇ ਘਰਾਂ ਦੀ ਅਜੀਬ ਖਿੱਚ ਮਹਿਸੂਸ ਹੁੰਦੀ ਹੈ। ਉਹ ਆਪਣੇ ਘਰ ਪਹੁੰਚਕੇ, ਆਪਣੇ ਹਾਣੀਆਂ ਨੂੰ ਮਿਲ ਕੇ ਜਾਰੋ ਜਾਰ ਰੋਣ ਲੱਗ ਪੈਂਦੇ ਹਨ। ਉਹਨਾਂ ਦੇ ਵਗਦੇ ਹੰਝੂ ਰੁਕਣ ਦਾ ਨਾ ਨਹੀਂ ਲੈਂਦੇ। ਉਹਨਾਂ ਨੂੰ ਆਪਣੇ ਜੱਦੀ ਪੁਸਤੀ ਪਿੰਡ ਦੇ ਲੋਕ ਆਪਣੇ ਆਪਣੇ ਜਾਪਦੇ ਹਨ। ਉਹਨਾਂ ਨੂੰ ਏਧਰਲੇ ਤੇ ਉਧਰਲੇ ਲੋਕਾਂ ਵਿਚ ਕੋਈ ਫਰਕ ਮਹਿਸੂਸ ਨਹੀਂ ਹੁੰਦਾ। ਉਹੀ ਮਾਖਿਉਂ ਮਿੱਠੀ ਬੋਲੀ, ਉਹੀ ਪਹਿਰਾਵਾ, ਰੀਤੀ ਰਿਵਾਜ਼ ਬੋਲ ਚਾਲ ਤੇ ਰਹਿਣ ਸਹਿਣ ਦੀਆਂ ਆਦਤਾਂ। ਉਸ ਪਿੰਡ ਦੇ ਏਧਰੋਂ-ਉਧਰ ਗਏ ਬਜ਼ੁਰਗ ਵੀ ਆਪਣੇ ਜੱਦੀ ਪੁਸ਼ਤੀ ਪਿੰਡਾਂ ਨੂੰ ਯਾਦ ਕਰਕੇ ਹੰਝੂ ਵਗਾਉਣ ਲੱਗ ਪੈਂਦੇ ਹਨ।

ਪ੍ਰਕਾਸ਼ਕ ਮੈਨੂੰ ਵੀ ਪੁੱਛਦਾ ਹੈ ਕਿ ਮੇਰੇ ਘਰ ਦੇ ਲਹਿੰਦੇ ਪੰਜਾਬ ਦੇ ਕਿਹੜੇ ਇਲਾਕੇ ਦੇ ਕਿਸ ਪਿੰਡ ਤੋਂ ਆਏ ਸਨ? ਤੇ ਉਹ ਵੀ ਉਧਰਲੇ ਪਿੰਡ ਛੱਡ ਕੇ ਆਏ ਆਪਣੇ ਘਰ-ਬਾਰ, ਜ਼ਮੀਨ-ਜਾਇਦਾਦ ਤੇ ਪਿੰਡ ਦੇ ਲੋਕਾਂ ਨੂੰ ਪਿੰਡ ਦੀਆਂ ਗਲੀਆਂ, ਬ੍ਰਿਛ ਬੂਟਿਆਂ ਨੂੰ ਯਾਦ ਕਰਕੇ, ਉਹਨਾਂ ਨਾਲ ਲਗਾਣ ਦੀਆਂ ਗੱਲਾਂ ਕਰਕੇ ਉਦਾਸ ਹੁੰਦੇ ਹੋਣਗੇ, ਹੰਝੂ ਵਗਾਉਂਦੇ ਹੋਣਗੇ। ਤੇ ਉਹ ਆਪਣਾ ਜੱਦੀ-ਪੁਸ਼ਤੀ ਪਿੰਡ ਦੇਖਣ ਜ਼ਰੂਰ ਪਾਕਿਸਤਾਨ ਗਏ ਹੋਣਗੇ?

ਪਰ ਮੇਰੇ ਉਧਰੋਂ ਆਏ ਘਰ ਦੇ ਜੀਅ ਅਜਿਹੀਆਂ ਗੱਲਾਂ ਨਹੀਂ ਕਰਦੇ, ਜਿਹੋ ਜਿਹੀਆਂ ਪ੍ਰਕਾਸ਼ਕ ਦੱਸਦਾ ਹੈ। ਇਸ ਲਈ ਮੈਂ ਚੁੱਪ ਰਹਿੰਦਾ ਹਾਂ। ਜਦ ਮੈਂ ਪ੍ਰਕਾਸ਼ਕ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ ਤਾਂ ਉਹ ਸਮਝਦਾ ਹੈ ਕਿ ਸ਼ਾਇਦ ਫੋਨ ਕੱਟ ਗਿਆ ਹੋਵੇ। ਪਰ ਫੋਨ ਚਲਦਾ ਦੇਖਕੇ, ਉਹਦੇ ਬੋਲਣ ਦਾ ਲਹਿਜਾ ਕੁਝ ਸਖਤ ਹੋ ਜਾਂਦਾ ਹੈ। ਪਰ ਉਹਨੇ ਮੇਰੀ ਸਵੈ-ਜੀਵਨੀ ਛਾਪਣੀ ਹੈ ਤੇ ਸਵੈ-ਜੀਵਨੀ ਛਪਵਾਉਣ ਲਈ ਮੈਂ ਉਹਨੂੰ ਕੁਝ ਪੈਸੇ ਦੇਣ ਦਾ ਵਾਅਦਾ ਕਰਕੇ ਵੀ ਆਇਆ ਹਾਂ।

ਉਹਨੂੰ ਮੇਰੇ ਤੱਕ ਮਤਲਬ ਹੈ, ਇਸ ਲਈ ਉਹ ਮੇਰੇ ਨਾਲ ਮਤਲਬ ਦੀ ਗੱਲ ਕਰਦਾ ਏ।

ਉਹ ਮੈਨੂੰ ਪੁੱਛਦਾ ਏ, "ਚਲ ਅੱਛਾ ਐਂ ਦੱਸ ਆ ਤੁਸੀਂ ਪਾਕਿਸਤਾਨ ਤੋਂ ਆਏ ਓਂ? ਤੇ ਉਧਰੋਂ ਆ ਕੇ ਜਿਹੜੇ ਪਿੰਡ ਠਹਿਰੇ ਉਹੀ ਤੁਹਾਡਾ ਪਿੰਡ ਹੋਇਆ। ਉਹੀ ਪਤਾ ਤੇ ਉਹੀ ਐਡਰੈਸ।"

ਮੈਂ ਪੁੱਛਿਆ, "ਪ੍ਰਕਾਸ਼ਕ ਜੀ! ਮੈਂ ਤਾਂ ਸਮਝਦਾ ਹਾਂ ਕਿ ਜਿਹੜੇ ਪਿੰਡ ਕਿਸੇ ਦਾ ਘਰ ਹੋਵੇ, ਜ਼ਮੀਨ ਜਾਇਦਾਤ ਹੋਵੇ, ਉਹੀ ਉਸਦਾ ਪਿੰਡ ਹੁੰਦਾ ਏ? "

ਪ੍ਰਕਾਸ਼ਕ ਫਿਰ ਰਤਾ ਤਰਾਰੇ ਨਾਲ ਬੋਲਿਆ, "ਜਦ ਤੁਸੀਂ ਪਾਕਿਸਤਾਨ ਤੋਂ ਆਏ ਤਾਂ ਜਿਹੜੇ ਪਿੰਡ ਵੀ ਰਹੇ, ਤੁਸੀਂ ਘਰਾਂ ਵਿਚ ਨੀ ਰਹੇ? ਦਰਖ਼ਤਾਂ ਤੇ ਰਹੇ ਸੀ?? ਮੈਨੂੰ ਸੱਚ ਸੱਚ ਦੱਸ, ਉਹ ਕਿਹੜਾ ਪਿੰਡ ਹੈ? "

"ਪ੍ਰਕਾਸ਼ਕ ਜੀ !" ਕਿਉਂਕਿ ਮੇਰੇ ਕੋਲ ਨਿਮਰਤਾ ਅਧੀਨਗੀ ਤੋਂ ਬਿਨਾ ਹੋਰ ਕੁਝ ਹੈ ਹੀ ਨਹੀਂ, ਮੈਂ ਫੇਰ ਨਿਮਰਤਾ ਨਾਲ ਬੋਲਿਆ, " ਪ੍ਰਕਾਸ਼ਕ ਜੀ ! ਮੇਰੇ ਬਜ਼ੁਰਗ ਦੱਸਦੇ ਹੁੰਦੇ ਨੇ ਕਿ ਉਧਰੋਂ ਆ ਕੇ ਰਹੇ ਤਾਂ ਉਹ ਮਕਾਨਾਂ ਵਿਚ ਹੀ ਸਨ। ਤੇ ਉਨ੍ਹਾਂ ਨੇ ਉਨ੍ਹਾਂ ਮਕਾਨਾਂ ਵਿਚੋਂ ਮਾਸ ਦੇ ਲੋਥੜਿਆਂ ਟੁਕੜਿਆਂ ਨੂੰ ਬਾਹਰ ਸੁੱਟ ਕੇ ਤੀਵੀਆਂ ਨੇ ਲਿਪ ਪੋਚ ਕੇ ਉਨ੍ਹਾਂ ਨੂੰ ਆਪਣੇ ਘਰ ਬਾਰ ਬਣਾ ਲਿਆ ਸੀ। ਕੰਧਾਂ ਤੇ ਪਾਂਡੂ ਤੇ ਲਾਲ ਮਿੱਟੀ ਫੇਰ ਕੇ ਘਰਾਂ ਨੂੰ ਸਾਫ਼ ਸੁਥਰੇ ਬਣਾ ਲਿਆ ਸੀ। ਤੇ ਤੀਵੀਆਂ ਘਰਾਂ ਦੀਆਂ ਕੰਧਾਂ 'ਤੇ ਵੱਖੋ ਵੱਖਰੇ ਰੰਗਾ ਨਾਲ ਫੁੱਲ, ਬੂਟੇ, ਮੋਰ ਤੋਤੇ, ਘੋੜੇ ਛਾਪ ਕੇ ਖੁਸ਼ੀ ਖੁਸ਼ੀ ਦੀਵਾਲੀ ਮਨਾਉਣ ਦੀ ਤਿਆਰੀ ਕਰਨ ਲੱਗ ਪਈਆਂ ਸਨ।

ਪਰ ਏਨੇ ਨੂੰ ਪੁਲਿਸ ਵਾਲੇ ਪਾਕਿਸਤਾਨ ਤੋਂ ਆਏ ਰਫ਼ੂਜੀਆਂ ਜਿਨ੍ਹਾਂ ਲੋਕਾਂ ਨੂੰ ਉਧਰਲੀ ਸਰਕਾਰ ਨੇ ਆਪਣੇ ਕੋਲ ਰੱਖਣ ਤੋਂ ਰਿਫਿਯੂਜ... ਇਨਕਾਰ ਕਰ ਦਿੱਤਾ ਸੀ, ਉਨ੍ਹਾਂ ਨੂੰ ਉਦੋਂ ਏਧਰਲੇ ਲੋਕ 'ਰਫ਼ੂਜੀ' ਕਹਿੰਦੇ ਸਨ। ਦੇ ਕਾਫ਼ਲੇ ਨੂੰ ਲੈ ਕੇ ਆਣ ਧਮਕੇ ਸਨ। ਪੁਲਿਸ ਵਾਲਿਆਂ ਨੇ ਸਾਡੇ ਬਜ਼ੁਰਗਾਂ ਨੂੰ 'ਕੱਠੇ ਪੁੱਛਿਆ ਕਿ ਉਹ ਪਾਕਿਸਤਾਨ ਤੋਂ ਕਿਹੜੇ ਇਲਾਕੇ ਦੇ ਕਿਸ ਕਿਸ ਪਿੰਡ ਤੋਂ ਆਏ ਹਨ? ਤੇ ਉਥੇ ਉਨ੍ਹਾਂ ਦੇ ਕਿੰਨੇ ਕਿੰਨੇ ਕੁ ਵੱਡੇ ਘਰ, ਮਕਾਨ, ਹਵੇਲੀਆਂ, ਜ਼ਮੀਨ-ਜਾਇਦਾਦ ਸਨ??

ਸਾਡੇ ਬਜ਼ੁਰਗ ਪੁਲਿਸ ਵਾਲਿਆਂ ਦੀ ਇੱਛਾ-ਮਨਸ਼ਾ ਭਾਂਪ ਗਏ ਸਨ। ਉਨ੍ਹਾਂ ਨੇ ਹੱਥ ਜੋੜ ਕੇ ਗਿੜਗਿੜਾਉਂਦਿਆਂ ਅਰਜ਼ ਕੀਤੀ, "ਜਨਾਬ ਅਸੀਂ ਤਾਂ ਚਮਾਰ, ਰਵਿਦਾਸੀਆ, ਕੰਮੀ-ਕਮੀਣ ਜਾਤੀ ਨਾਲ ਸੰਬੰਧ ਰੱਖਦੇ ਹਾਂ। ਸਾਡੇ ਨਾਂ ਘਰ, ਹਵੇਲੀਆਂ ਜ਼ਮੀਨ ਜਾਇਦਾਦਾ ਕਿਥੇ ਸਨ? ਅਸੀਂ ਤਾਂ ਜ਼ਿੰਮੀਦਾਰਾਂ ਦੇ ਖੇਤਾਂ ਵਿਚ ਛੰਨਾ-ਢਾਰੇ ਬਣਾ ਕੇ ਰਹਿੰਦੇ ਸਾਂ। ਤੇ ਉਨ੍ਹਾਂ ਦੇ ਖੇਤਾਂ ਵਿਚ ਕੰਮ ਕਾਰ ਕਰਕੇ ਪੇਟ ਪਾਲਦੇ ਸਾਂ।" ਉਨ੍ਹਾਂ ਨੇ ਪੁਲਿਸ ਅਫਸਰ ਦੇ ਪੈਰਾਂ ਵਿਚ ਡਿੱਗਕੇ ਮਿੰਨਤ ਖੁਸ਼ਾਮਦ ਕੀਤੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਕੱਢ ਨਾ ਦੇਣ। ਉਪਰੋਂ ਸਿਆਲ ਸ਼ੁਰੂ ਹੋਣ ਵਾਲਾ ਹੈ। ਉਹ ਨਿੱਕੇ ਨਿੱਕੇ ਬੱਚਿਆਂ ਨੂੰ ਲੈ ਕੇ ਕਿੱਥੇ ਜਾਣਗੇ? ਪੁਲਿਸ ਅਫਸਰ ਨੇ ਉਨ੍ਹਾਂ ਨੂੰ ਝਿੜਕਿਆ-ਝੰਬਿਆ, ਡਰਾਇਆ ਧਮਕਾਇਆ, "ਉਧਰੋਂ ਜ਼ਮੀਨਾਂ-ਜਾਇਦਾਦਾਂ, ਮਹਿਲ-ਅਟਾਰੀਆਂ ਛੱਡ ਕੇ ਆਏ ਲੋਕ ਥਾਂ ਥਾਂ ਭਟਕਦੇ ਫਿਰਦੇ ਨੇ ਤੇ ਤੁਸੀਂ ਉਧਰੋਂ ਆਏ ਬੇਘਰੇ, ਖਾਨਾਬਦੋਸ਼ ਲੋਕ ਘਰਾਂ ਦੇ ਮਾਲਕ ਬਣੇ ਬੈਠੇ ਓ। ਚਲੋ ਛੱਡੋ ਇਹ ਘਰ, ਕੱਢੋ ਆਪਣਾ ਸਮਾਨ?" ਫੇਰ ਪੁਲਿਸ ਅਫਸਰ ਨੇ ਖਾਂਦੇ-ਪੀਂਦੇ ਜਾਪਦੇ ਕਾਫ਼ਲੇ ਦੇ ਜੀਆਂ ਨੂੰ ਸੰਬੋਧਨ ਕੀਤਾ, "ਅਜੇ ਤੁਸੀਂ ਇਨ੍ਹਾਂ ਘਰਾਂ ਵਿਚ ਬੈਠੋ ਫਿਰ ਤੁਹਾਨੂੰ ਮੁਸਲਮਾਨਾਂ ਦੇ ਛੱਡੇ ਵੱਡੇ ਘਰ, ਹਵੇਲੀਆਂ ਵੀ ਲੱਭ ਕੇ ਅਲਾਟ ਕਰ ਦਿਆਂਗੇ।"

ਸਾਡੇ ਪਰਵਾਰਾਂ ਦੇ ਬਜ਼ੁਰਗਾਂ ਨੇ ਵੀ ਪੁਲਿਸ ਅਫਸਰ ਕੋਲ ਅਰਜ਼ ਕੀਤੀ, "ਹਜ਼ੂਰ ! ਸਾਨੂੰ ਵੀ ਦੱਸੋ... ਅਸੀਂ ਕਿੱਥੇ ਰਹੀਏ?"

"ਤੁਸੀਂ ਜਾਓ ਖੂਹ-ਖਾਤੇ ਵਿਚ ਆ...।" ਪੁਲਿਸ ਅਫਸਰ ਗਰਜਿਆ, "ਕੀ ਤੁਹਾਨੂੰ ਆਪਣੀ ਔਕਾਤ ਦਾ ਪਤਾ ਨਹੀਂ? ਤੁਸੀਂ ਮੈਨੂੰ ਪੁੱਛਦੇ ਓ ਕਿਥੇ ਜਾਈਏ? ਤੁਸੀਂ ਜਾਓ ਉਨ੍ਹਾਂ ਪਿੰਡਾਂ ਵਿਚ ਜਿਨ੍ਹਾਂ ਪਿੰਡਾਂ ਵਿਚ ਉਧਰੋਂ ਆਏ ਜ਼ਿੰਮੀਦਾਰ ਠਹਿਰੇ ਹੋਏ ਨੇ। ਤੁਸੀਂ ਉਨ੍ਹਾਂ ਨਾਲ ਸੀਰ, ਸੇਪ ਕਰੋ। ਜੇ ਉਹ ਤੁਹਾਨੂੰ ਰਹਿਣ ਲਈ ਥਾਂ ਦਿੰਦੇ ਨੇ, ਉਥੇ ਰਹੋ, ਪਰ ਤੁਹਾਡੇ ਨਾਂ ਕੋਈ ਘਰ ਘਾਟ ਜ਼ਮੀਨ ਨਹੀਂ ਲਗ ਸਕਦੀ। ਕਿਉਂਕਿ ਸਨ 1901 ਦਾ ਪੰਜਾਬ ਸਰਕਾਰ ਦਾ ਇੰਤਕਾਲ ਇਰਾਜੀ ਐਕਟ ਤੁਹਾਡੇ ਨਾਂ ਤੇ ਕੋਈ ਜ਼ਮੀਨ ਜਾਇਦਾਦ ਖਰੀਦੇ ਜਾਣ ਵਿਚ ਰੁਕਾਵਟ ਪਾਉਂਦਾ ਹੈ।"

ਕਾਫ਼ਲੇ ਦੇ ਲੋਕਾਂ ਨੇ ਸਾਡੇ ਪੁਰਖਿਆ ਦੇ ਘਰਾਂ ਵਿਚੋਂ ਉਨ੍ਹਾਂ ਦਾ ਘਰੇਲੂ ਸਮਾਨ ਕੱਢਕੇ ਬਾਹਰ

ਮਾਰਿਆ ਤੇ ਆਪਣਾ ਸਮਾਨ ਉਨ੍ਹਾਂ ਪੰਜ ਸੱਤ ਘਰਾਂ ਵਿਚ ਰਖਕੇ ਬਹਿ ਗਏ ਤੇ ਖੁਸ਼ੀ ਖੁਸ਼ੀ ਦੀਵਾਲੀ ਮਨਾਉਣ ਦੀ ਤਿਆਰੀ ਕਰਨ ਲੱਗ ਪਏ। ਸਾਡੇ ਪੁਰਖਿਆ ਦੇ ਪੰਜ ਸੱਤ ਪਰਵਾਰਾਂ ਨੂੰ ਉਸ ਪਿੰਡ ਦੇ ਵਸਨੀਕਾਂ ਵਿਚੋਂ ਕਿਸੇ ਨੇ ਵੀ ਅਛੂਤ ਹੋਣ ਕਰਕੇ, ਰੁਕ ਕੇ ਦੀਵਾਲੀ ਮਨਾਉਣ ਲਈ ਨਹੀਂ ਕਿਹਾ। ਮੈਂ ਸੋਚਦਾ 'ਆਤਿਥੀ ਦੇਵੋ ਭਵ' ਕੀ 'ਅਤਿਥੀ ਸਤਿਕਾਰ' ਦੀ ਉਦੋਂ ਕੋਈ ਉਕਤੀ, ਕਹਾਵਤ ਭਾਰਤ ਦੇ ਅਛੂਤਾਂ 'ਤੇ ਲਾਗੂ ਨਹੀਂ ਹੁੰਦੀ ਸੀ? ਕੀ ਭਾਰਤ ਦੇ ਆਛੂਤ, ਭਾਰਤੀ ਸਮਾਜ ਦਾ ਅੰਗ ਨਹੀਂ ਸਨ??

ਤੇ ਸਾਡੇ ਘਰਾਂ ਦੇ ਜੀਆ ਦਾ ਕਾਫ਼ਲਾ ਆਪਣਾ ਸਮਾਨ ਚੁੱਕੀ, ਉਨ੍ਹਾਂ ਲਈ ਮਨਹੂਸ ਬਣ ਪਿੰਡ ਦੇ ਬਾਹਰਵਾਰ ਵੀ ਨਹੀਂ ਰੁਕਿਆ ਸੀ। ਤੇ ਚਲੋਂ ਚਾਲ ਚਲਦਿਆਂ ਜੰਗਲ ਵਿਚ ਇਕ ਤਾਲਾਬ ਦੇ ਕਿਨਾਰੇ ਜਾ ਕੇ ਮੁਕਾਮ ਕੀਤਾ ਸੀ।

ਮੈਂ ਪ੍ਰਕਾਸ਼ਕ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਨੂੰ ਪਾਕਿਸਤਾਨ ਤੋਂ ਆ ਕੇ ਸਾਡੇ ਪੁਰਖਿਆ ਨੇ... ਵੰਡ ਦੇ ਦੁੱਖ ਦਰਦ ਨਾਲ ਲਹੂ ਲੁਹਾਣ ਹੋਏ ਮਕਾਨਾਂ ਨੂੰ ਧੋ ਸੁਆਰ ਕੇ ਲਿਪ-ਪੋਚ ਕੇ ਰਹਿਣ ਲਈ ਆਪਣੇ ਘਰ ਬਣਾਇਆ ਸੀ, ਜਦ ਉਸ ਪਿੰਡ ਵਿਚੋਂ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ... ਤਾਂ ਮੈਂ ਉਸ ਪਿੰਡ ਦਾ ਨਾਂ ਆਪਣੀ ਸਵੈ ਜੀਵਨੀ ਵਿਚ ਆਪਣੇ ਐਡਰੈੱਸ ਵਜੋਂ ਲਿਖਣ ਲਈ ਕਿਵੇਂ ਭੇਜ ਸਕਦਾ ਹਾਂ? ਪਰ ਜਦ ਮੈਂ ਕਦੋਂ ਤੋਂ ਚਾਲੂ ਫੋਨ 'ਤੇ ਇਹ ਦੱਸਣ ਲਈ ਪ੍ਰਕਾਸ਼ਕ ਨੂੰ ਫੋਨ ਕਰਦਾ ਹਾਂ,

"ਹੈਲੋ ਆ ਅ ਅ... " ਤਾਂ ਉਹ ਕਦੋਂ ਦਾ ਫੋਨ ਕੱਟ ਚੁੱਕਿਆ ਹੁੰਦਾ ਹੈ।

ਪ੍ਰਕਾਸ਼ਕ ਨੇ ਤਾਂ ਮੇਰੀ ਗੱਲ ਸੁਣਨ ਤੋਂ ਬਾਅਦ ਫੋਨ ਕੱਟ ਦਿੱਤਾ ਸੀ ਤੇ ਮੁੜ ਫੋਨ ਨਹੀਂ ਸੀ ਚੁੱਕ ਰਿਹਾ। ਪਰ ਮੇਰੇ ਮਨ ਵਿਚ ਤਾਂ ਖਿਆਲਾਂ ਦੀ ਲੜੀ ਤੁਰ ਪਈ ਸੀ। ਇਹਨਾਂ ਵਿਚਾਰਾਂ ਨੂੰ ਮੈਂ ਮਨ ਵਿਚ ਲਿਆਉਣ ਤੋਂ ਬਚਦਾ ਰਹਿੰਦਾ ਹਾਂ। ਕਿਉਂਕਿ ਇਹਨਾਂ ਘਟਨਾਵਾਂ ਦਾ ਸਿਲਸਿਲਾ ਜਦ ਵੀ ਮੇਰੇ ਮਨ ਵਿਚ ਆਉਂਦਾ ਹੈ, ਅੱਗੇ ਤੋਂ ਅੱਗੇ ਪਰੇਸ਼ਾਨ ਕਰਦਾ ਤੁਰਿਆ ਚਲਿਆ ਜਾਂਦਾ ਹੈ।

ਉਧਰ ਹੈਰਾਨ ਪਰੇਸ਼ਾਨ ਪਿੰਡੋਂ ਕੱਢੇ ਸਾਡੇ ਪਰਵਾਰ, ਤਲਾਬ ਤੇ ਡੇਰਾ ਜਮਾਈਂ ਭੁੱਖਣ ਭਾਣੇ ਬੈਠੇ ਸਨ। ਇਸਤਰੀਆਂ ਤੇ ਬੱਚੇ ਰੋ ਰਹੇ ਸਨ। ਆਦਮੀ ਖਾਣੇ ਦੀ ਤਲਾਸ਼ ਵਿਚ ਗਏ ਹੋਏ ਸਨ। ਕੁਝ ਸਮੇਂ ਬਾਅਦ ਕੁਝ ਬੰਦੇ ਮੱਕੀ ਦੇ ਖੇਤਾਂ ਵਿਚੋਂ ਛੱਲੀਆਂ ਤੋੜ ਕੇ ਲੈ ਆਏ ਸਨ ਤੇ ਕੁਝ ਬੰਦੇ ਆਲੇ-ਦੁਆਲੇ ਨਜ਼ਰ ਮਾਰ ਕੇ ਕਿ ਕੋਈ ਦੇਖ ਤਾਂ ਨਹੀਂ ਰਿਹਾ, ਖੇਤ ਵਿਚਲਾ ਹਲਟ ਗੇੜ ਕੇ ਪਾਣੀ ਦੇ ਘੜੇ ਬਾਲਟੀਆਂ ਭਰ ਲਿਆਏ ਸਨ। ਜੀ ਤਾਂ ਉਹਨਾਂ ਦਾ ਕੁਝ ਖਾਣ ਨੂੰ ਕਰਦਾ ਨਹੀਂ ਸੀ ਪਰ ਸਾਰਿਆਂ ਨੇ ਇਕ ਇਕ ਦੋ ਭੁੰਨੀਆਂ ਹੋਈਆਂ ਛੱਲੀਆਂ ਖਾ ਕੇ ਰਾਤ ਲੰਘਾਈ ਸੀ। ਕੁਝ ਦਿਨਾਂ ਤੱਕ ਇਹ ਕਾਫ਼ਲਾ ਜੰਗਲਾ ਬੇਲਿਆਂ ਵਿਚ ਘੁੰਮਦਿਆਂ ਛੱਲੀਆਂ ਭੁੰਨ ਕੇ ਖਾਂਦਿਆਂ ਗੁਜ਼ਾਰਾ ਕਰਦਾ ਰਿਹਾ। ਤੇ ਪਰਵਾਰਾਂ ਦੇ ਮਰਦ ਦਿਨ ਵਿਚ ਦੂਰ, ਨੇੜੇ ਦੇ ਪਿੰਡਾਂ ਵਿਚ ਆਸਰਾ ਭਾਲਣ ਲਈ ਜਾਂਦੇ ਰਹੇ ਸਨ।

ਪਰ ਜਦ ਉਨ੍ਹਾਂ ਲਈ ਕਿਸੇ ਪਿੰਡ ਰਹਿਣ ਲਈ ਕੋਈ ਟਿਕਾਣਾ ਨਾ ਮਿਲਿਆ ਤਾਂ ਉਹ ਜਿਸ ਪਿੰਡੋਂ ਹਿਜ਼ਰਦ ਕਰਕੇ ਬਾਰ ਵਿਚ ਗਏ ਸਨ, ਮੁੜ ਉਸੇ ਪਿੰਡ ਦੇ ਜ਼ਿੰਮੀਦਾਰਾਂ ਦਾ ਮਿੰਨਤ ਤਰਲਾ ਕਰਕੇ ਉਸੇ ਪਿੰਡ ਆਣ ਵਸੇ ਸਨ। ਉਨ੍ਹਾਂ ਦੇ ਜੱਦੀ-ਪੁਸ਼ਤੀ ਘਰ ਤਾਂ ਸ਼ਰੀਕਾ ਨੇ ਸਾਂਭ ਲਏ ਸਨ। ਪਿੰਡ ਵਿਚੋਂ ਮੁਸਲਮਾਨ ਦੀ ਪਾਕਿਸਤਾਨ ਚਲੇ ਗਏ ਸਨ। ਉਨ੍ਹਾਂ ਦੇ ਛੱਡੇ ਹੋਏ ਪੱਕੇ ਮਕਾਨ ਪਾਕਿਸਤਾਨ ਤੋਂ ਆਏ ਬਾਜੀਗਰਾਂ ਨੇ ਸਾਂਭ ਲਏ ਸਨ। ਤੇ ਮੁਸਲਮਾਨਾਂ ਦੇ ਖੂਹ ਤੋਂ ਚੜ੍ਹਦੇ ਵੱਲ ਜਾਂਦੀ ਗਲੀ ਵਿਚ ਖਾਲੀ ਪਏ ਕੱਚੇ ਮਕਾਨ ਸਾਡੇ ਪੁਰਖਿਆ ਨੇ ਸਾਂਭ ਲਏ ਸਨ। ਤੇ ਉਨ੍ਹਾਂ ਨੂੰ ਲਿਪ ਪੋਚ ਕੇ ਉਨ੍ਹਾਂ ਵਿਚ ਵਸਣਾ ਸ਼ੁਰੂ ਕਰ ਦਿੱਤਾ ਸੀ।

ਪਾਕਿਸਤਾਨ ਗਏ ਇਸ ਮੁਸਲਮਾਨਾਂ ਦੇ ਖੂਹ ਤੋਂ ਕੁਝ ਘਰ ਮੁਸਲਮਾਨ-ਪੇਂਜਿਆਂ ਦੇ ਤੇ ਕੁਝ ਘਰ ਮੁਸਲਮਾਨ ਬਣੇ ਰਾਜਪੂਤਾਂ ਦੇ ਪਾਣੀ ਭਰਦੇ ਸਨ। ਪਾਕਿਸਤਾਨ ਤੋਂ ਆਏ ਬਾਜ਼ੀਗਰ ਵੀ ਇਸ ਖੂਹ ਤੋਂ ਪਾਣੀ ਭਰਨ ਲੱਗ ਪਏ ਸਨ। ਪਰ ਸਾਡੇ ਪੁਰਖੇ ਦੱਸਦੇ ਸਨ ਕਿ ਉਨ੍ਹਾਂ ਨੂੰ ਚਮਾਰ-ਅਛੂਤ ਜਾਤੀ ਨਾਲ

ਸੰਬੰਧਤ ਹੋਣ ਕਰਕੇ ਇਸ ਖੂਹ ਤੋਂ ਪਾਣੀ ਨਹੀਂ ਭਰਨ ਦਿੱਤਾ ਗਿਆ। ਤੇ ਸਾਡੇ ਪਰਵਾਰਾਂ ਦੀਆਂ ਵਿਚਾਰੀਆਂ ਔਰਤਾਂ ਸਿਰਾਂ ਤੇ ਘੜੇ ਤੇ ਹੱਥਾਂ ਵਿਚ ਲੱਜ ਬਾਲਟੀਆਂ ਚੁੱਕ ਕੇ ਲੰਮੇ ਲੰਮੇ ਘੁੰਡ ਕੱਢੀ ਮਜ਼ਬੂਰੀ ਵਸ ਆਪਣੀ ਜਾਤੀ ਦੇ ਰਵਿਦਾਸੀਆਂ ਦੇ ਪਿੰਡੋਂ ਬਾਹਰਲੇ ਪਾਸੇ ਵਾਲੇ ਖੂਹ ਤੋਂ ਪਾਣੀ ਭਰਕੇ ਲਿਆਉਣ ਲੱਗ ਪਈਆਂ ਸਨ।

ਸਾਡੇ ਘਰ ਦੇ ਗੱਲਾਂ ਕਰਦੇ ਹੁੰਦੇ ਸਨ ਕਿ ਪਾਕਿਸਤਾਨ ਤੋਂ ਸਾਡੇ ਘਰਦੇ ਪੜਦਾਦਾ ਹੀਰਾ ਸਿੰਘ, ਦਾਦਾ ਨੱਥਾ ਸਿੰਘ, ਦਾਦੀ ਅੱਛਰੋ, ਪਿਤਾ ਆਸਾ ਸਿੰਘ ਮਾਤਾ ਰਤਨ ਕੌਰ, ਚਾਚਾ ਅਜੀਤ ਸਿੰਘ ਤੇ ਭੂਆ ਸੁਰਜੀਤ ਕੌਰ, ਸੱਤ ਜੀਅ ਬਚ ਕੇ ਆਏ ਸਨ। ਮੇਰੇ ਵੱਡੇ ਭਰਾ ਰੂਪ ਦੀ ਮੌਤ ਰਾਹ ਵਿਚ ਆਉਂਦਿਆਂ ਬੀਮਾਰੀ ਕਾਰਨ ਹੋਈ ਸੀ ਤੇ ਭੂਆ ਪ੍ਰੇਮੋ ਨੂੰ ਗੁੰਡੇ ਕਾਫ਼ਲੇ ਵਿਚੋਂ ਚੁੱਕ ਕੇ ਲੈ ਗਏ ਸਨ ਤੇ ਪਰ੍ਹਾਂ ਲਿਜਾ ਕੇ ਰੋਂਦੀ ਚੀਕਦੀ ਨੂੰ ਕਤਲ ਕਰ ਦਿੱਤਾ ਗਿਆ ਸੀ। ਕਾਫ਼ਲੇ ਵਿਚੋਂ ਹੋਰ ਵੀ ਕਈ ਜੀਆਂ ਦੇ ਮਰਨ ਤੇ ਔਰਤਾਂ ਦੇ ਚੁੱਕੇ ਜਾਣ ਦੀਆਂ ਕਹਾਣੀਆਂ ਸਾਡੇ ਪਰਵਾਰ ਤੇ ਨਾਲ ਆਏ ਹੋਰ ਪਰਵਾਰਾਂ ਦੇ ਜੀਅ ਸੁਣਾਉਂਦੇ ਹੁੰਦੇ ਸਨ। ਤੇ ਇਹ ਕਹਾਣੀਆਂ ਸੁਣਾਉਂਦਿਆਂ ਉਹ ਰੋਂਦੇ, ਹੰਝੂ ਵਗਾਉਂਦੇ ਰਹਿੰਦੇ ਸਨ।

ਇਸ ਘਰ ਵਿਚ ਮਿਤੀ ਚੌਦਾ ਜਨਵਰੀ, 1948 ਨੂੰ ਮੇਰਾ ਜਨਮ ਹੋਇਆ। ਢਾਈ ਤਿੰਨ ਸਾਲ ਦੀ ਉਮਰ ਵਿਚ ਜਦ ਮੈਂ ਬੋਲਣਾ ਸ਼ੁਰੂ ਕੀਤਾ ਤਾਂ ਭੂਆ ਜੀਤੋ ਦੀ ਰੀਸ ਪੜ ਬਾਬੇ ਹੀਰਾ ਸਿੰਘ ਨੂੰ 'ਬਾਬਾ' ਬਾਬੇ ਨੱਥਾ ਸਿੰਘ ਨੂੰ 'ਬਾਪੂ' ਪਿਓ ਆਸਾ ਸਿੰਘ ਨੂੰ 'ਬਾਈ ਜੀ' ਦਾਦੀ ਅੱਛਰੋ ਨੂੰ 'ਬੇਬੇ' ਕਹਿਕੇ ਬੁਲਾਉਣਾ ਸ਼ੁਰੂ ਕਰ ਦਿੱਤਾ ਸੀ। ਤੇ ਮਾਤਾ ਰਤਨ ਕੌਰ ਨੂੰ 'ਬੀਬੀ' ਕਹਿੰਦਾ ਹੁੰਦਾ ਸੀ।

ਬੇਬੇ ਬੈਠੀ, ਬੈਠੀ ਆਪਣੀ ਧੀ ਪ੍ਰੇਮੋ ਨੂੰ ਯਾਦ ਕਰਕੇ ਰੋਣ ਲੱਗ ਪੈਂਦੀ ਤਾਂ ਨਾਲ ਹੀ ਬੀਬੀ ਆਪਣੇ ਪੁੱਤਰ ਰੂਪ ਨੂੰ ਯਾਦ ਕਰਕੇ ਰੋਣਾ ਸ਼ੁਰੂ ਕਰ ਦਿੰਦੀ। ਉਨ੍ਹਾਂ ਨੂੰ ਮੁਹੱਲੇ ਦੀਆਂ ਤੀਵੀਆਂ ਆ ਕੇ ਢਾਰਸ ਬੰਨ੍ਹਾਉਂਦੀਆਂ ਕਿ ਮਰੇ ਹੋਏ ਤੇ ਮੁੱਕੇ ਹੋਇਆ ਨੇ ਕਿਹੜਾ ਮੁੜ ਆਉਣਾ, ਜਿੰਨਾ ਮਰਜ਼ੀ ਰੋ ਰੋ ਕੇ ਅੱਖਾਂ ਪਕਾਈ ਜਾਓ। ਤੇ ਉਹ ਦੋਵੇਂ ਵੈਣ ਪਾ ਕੇ, ਮਨ ਹੌਲਾ ਕਰਕੇ ਆਪਣੇ ਆਪ ਚੁੱਪ ਕਰ ਜਾਂਦੀਆਂ ਸਨ।

ਇਸ ਘਰ ਵਿਚ ਮੇਰੇ ਪੜ੍ਹਦੇ ਰਹਿਣ ਤੱਕ ਬਾਬੇ ਹੀਰਾ ਸਿੰਘ ਦਾ ਖੂੰਡਾ ਖੜਕਦਾ ਰਿਹਾ। ਉਸ ਦੇ ਅੱਗੇ ਪਰਵਾਰ ਦਾ ਕੋਈ ਵੀ ਜੀਅ ਬੋਲਦਾ ਨਹੀਂ ਸੀ, ਸਭ ਸੁਸਰੀ ਵਾਂਗ ਸੌਂ ਜਾਂਦੇ ਸਨ। ਇਥੋਂ ਤੱਕ ਕਿ ਕਈ ਵਾਰੀ ਮੈਂ ਵੀ ਬਾਬੇ ਦੀਆਂ ਗੱਲਾਂ ਤੋਂ ਕਾਇਲ ਹੋ ਕੇ ਉਸਦੇ ਹੱਕ ਵਿਚ ਖੜ੍ਹਨ ਲੱਗ ਪਿਆ ਸਾਂ।

ਉਹ ਰਾਤ ਪੈਂਦਿਆਂ ਹੀ, ਮੰਜੇ 'ਤੇ ਬਹਿ ਕੇ ਪਰਵਾਰ ਦੇ ਜੀਆਂ ਨੂੰ ਕਹਾਣੀਆਂ ਸੁਣਾਉਣ ਲਗ ਪੈਂਦਾ, "ਲਓ ਜੀ ਇਕ ਬੰਦਾ, ਲਾਹੌਰ ਸ਼ਹਿਰ ਦੀ ਸਿਫ਼ਤ ਸੁਣਕੇ, ਲਾਹੌਰ ਸ਼ਹਿਰ ਦੇਖਣ ਚਲਿਆ ਗਿਆ। ਉਹ ਲਾਹੌਰ ਦੀਆਂ ਗਲੀਆਂ ਵਿਚ ਘੁੰਮ ਰਿਹਾ ਸੀ ਕਿਸੇ ਨੇ ਆਵਾਜ਼ ਮਾਰੀ, ਓਏ ਬੁੱਧੂਆ! ਕਿਵੇਂ ਘੁੰਮ ਰਿਹਾ ਏਂ? ਤਾਂ ਉਹ ਆਵਾਜ਼ ਮਾਰਨ ਵਾਲੇ ਕੋਲ ਜਾ ਕੇ ਪੁੱਛਣ ਲੱਗਿਆ, "ਪਹਿਲਾਂ ਇਹ ਦੱਸ ਆ ਤੈਨੂੰ ਮੇਰੇ ਪਿੰਡ ਦਾ ਕਿਹੜਾ ਬੰਦਾ ਮਿਲਿਆ ਜੀਹਨੇ ਤੈਨੂੰ ਦੱਸਿਆ ਬਈ ਮੈਨੂੰ ਪਿੰਡ ਦੇ ਲੋਕ ਵੀ ਬੁੱਧੂ ਕਹਿੰਦੇ ਹੁੰਦੇ ਐ।" ਉਹਨੂੰ ਆਵਾਜ਼ ਮਾਰਨ ਵਾਲਾ ਬੁੱਧੂ ਹੱਸਿਆ ਤੇ ਹੱਸਦਿਆਂ ਲੋਟ ਪੋਟ ਹੁੰਦਿਆਂ ਕਹਿਣ ਲੱਗਿਆ, "ਜਦ ਤੂੰ ਹੈ ਈ ਬੁੱਧੂ ਊ ਊ... ਤੈਨੂੰ ਬੁੱਧੂ ਈ ਕਹਿਣਾ ਆ... ਬੁੱਧੂਆਂ ! ਤੈਨੂੰ ਪਤਾ ਨਹੀਂ ਜਿਹੜਾ ਪਿੰਡ ਬੁੱਧੂ ਉਹ ਲਾਹੌਰ ਬੁੱਧੂ... ਉਹਨੇ ਲਾਹੌਰ ਜਾ ਕੇ ਬੁੱਧੂ ਈ ਰਹਿਣਾ... ਅਕਲਮੰਦ ਤਾਂ ਨੀ ਬਣ ਜਾਣਾ?"

ਮੈਂ ਬਾਬੇ ਨੂੰ ਪੁੱਛਣਾ, "ਬਾਬਾ ਜੀ! ਭਲਾ ਇਹ ਬੁੱਧੂ ਵਾਲੀ ਬਾਤ ਤੁਸੀਂ ਕਿਸੇ ਉੱਤੇ ਢਕਾਉਂਦੇ ਓ?"

"ਓ ਆਹ ਬੈਠਾ ਤਾਂ ਹੈ, ਤੇਰੇ ਸਾਹਮਣੇ, ਤੇਰਾ ਬਾਪੂ ਨਾਥੂ ਆ ਲਾਹੌਰ ਦਾ ਬੁੱਧੂ ਓ...। ਲੋਕੀਂ ਨਵੇਂ ਨਵੇਂ ਕੰਮ ਧੰਦਿਆਂ ਦੀ ਭਾਲ ਵਿਚ ਲਾਹੌਰ ਨੂੰ ਜਾਂਦੇ ਐ...। ਇਹ ਲਾਹੌਰ ਤੋਂ ਏਧਰ ਨੂੰ ਪਿੰਡ ਵਿਚ ਨੂੰ ਆਇਆ ਪਰਵਾਰ ਨੂੰ ਲੈ ਕੇ।" ਬਾਬਾ ਦੱਸਦਾ ਹੁੰਦਾ ਸੀ ਕਿ ਉਹ ਆਪਣੇ ਪਿੰਡ ਦੇ ਤੇ ਹੋਰ ਕਈ ਪਿੰਡਾਂ ਦੇ ਕਿੰਨੇ ਹੀ ਪਰਵਾਰਾਂ ਨੂੰ ਲੈ ਕੇ ਉਧਰ ਬਾਰ ਵਿਚ ਚਲਿਆ ਗਿਆ ਸੀ। ਬਾਰ ਵਿਚ ਬਿਨਾ ਕਿਸੇ ਜਾਤ-

ਪਾਤ ਦੀ ਰੋਕ ਟੋਕ ਦੇ ਖੁਲ੍ਹਾ ਕੰਮ ਧੰਦਾ ਸੀ। ਨਹਿਰਾਂ ਕੱਢੀਆਂ ਜਾ ਰਹੀਆਂ ਸਨ। ਜੰਗਲ-ਬੇਲੇ ਤੋੜ ਕੇ ਉਪਜਾਊ ਜ਼ਮੀਨਾਂ ਬਣਾਈਆਂ ਜਾ ਰਹੀਆਂ ਸਨ। ਕੰਮੀ-ਕਮੀਣ, ਇਧਰ-ਉਧਰ ਖੇਤਾਂ ਵਿਚ ਖੁੱਲ੍ਹੇ ਡੁੱਲ੍ਹੇ ਘਰ ਬਣਾ ਕੇ ਰਹਿਣ ਲੱਗ ਪਏ ਸਨ। ਖੁੱਲ੍ਹੀਆਂ ਡੁੱਲ੍ਹੀਆਂ ਚਰਾਂਦਾ, ਘਾਹ ਪੱਠੇ ਦਾ ਅੰਤ ਨਹੀਂ ਸੀ ਕਈ ਕਈ ਮੱਝਾਂ ਘਰ ਘਰ ਖੜੀਆਂ ਸਨ। ਦੁੱਧ ਘਿਓ ਦੀ ਲਹਿਰ ਬਹਿਰ ਸੀ।"

"ਬਾਬੇ! ਆਹ ਤਾਂ ਹੋਈ ਆਰਥਿਕ ਹਾਲਤ? ਜਿਹੜੀ ਇਥੇ ਨਾਲੋਂ ਹਜ਼ਾਰ ਦਰਜੇ ਚੰਗੀ ਸੀ। ਪਰ ਉਥੇ ਥੁਆਡੀ ਸਮਾਜਿਕ ਹਾਲਤ, ਆਪਸੀ ਭਾਈਚਾਰਾ ਕਿੱਦਾਂ ਦਾ ਸੀ?" ਬਾਬਾ ਮੇਰੇ ਉੱਤੇ ਨੂੰ ਖੂੰਡਾ ਖੜਕਾਉਂਦਾ ਹੈ। "ਓ ਤੇਰੀਆਂ ਬੜੇ ਭੜਾਕੂ ਦੀਆਂ ਗੱਲਾਂ ਤਾਂ ਮੈਨੂੰ ਸਮਝ ਨੀ ਆਉਂਦੀਆਂ? ਤੂੰ ਕੀ ਪੁੱਛੀ ਜਾਂਦਾ ਏਂ?? ਪਰ ਮੈਂ ਦੱਸਦਾ ਹਾਂ ਕਿ ਉਧਰ ਮੁਸਲਮਾਨਾਂ ਦਾ ਜ਼ੋਰ ਹੋਣ ਕਰਕੇ ਸਾਡੇ ਨਾਲ ਛੂਤ-ਛਾਤ ਨਹੀਂ ਕੀਤੀ ਜਾਂਦੀ ਸੀ। ਕਿਉਂਕਿ ਇਸਲਾਮ ਧਰਮ ਵਿਚ ਸਭ ਕਿੱਤਾ-ਕਾਰ ਦਸਤਕਾਰ ਬਰਾਬਰ ਸਨ। ਹਿੰਦੂ ਤਾਂ ਮੀਟ ਖਾਂਦੇ ਨਹੀਂ। ਪਰ ਮੁਸਲਮਾਨ ਮੀਟ ਖਾਂਦੇ ਹਨ ਤੇ ਅਸੀਂ ਵੀ ਮੀਟ ਖਾਂਦੇ ਹਾਂ, ਮੁਸਲਮਾਨ ਬਕਰੀਦ ਨੂੰ ਮੀਟ ਸਾਡੇ ਘਰਾਂ ਵਿਚ ਭੇਜ ਦਿੰਦੇ ਸਨ।"

ਪਰ ਬਾਬੇ ਦੀ ਗੱਲ ਅਜੇ ਪੂਰੀ ਨਹੀਂ ਸੀ ਹੋਈ ਹੁੰਦੀ ਉਹ ਮੈਨੂੰ ਨਹੀਂ, ਬਾਪੂ ਤੇ ਬਾਈ ਜੀ ਨੂੰ ਦਬਕਣਾ ਸ਼ੁਰੂ ਕਰ ਦਿੰਦਾ। ਖਾਸ ਕਰਕੇ ਬਾਪੂ ਨੂੰ ਪੁੱਛਦਾ, "ਨਾਥੂ ਓ ਓ... ਤੂੰ ਮੈਨੂੰ ਦੱਸ? ... ਤੂੰ ਇਧਰ ਆਉਣ ਦੀ ਜ਼ਿੱਦ ਕਰਦਾ ਹੁੰਦਾ ਸੀ। ਪਰ ਤੂੰ ਮੈਨੂੰ ਇਹ ਦੱਸ ਬਈ ਏਧਰ ਆ ਕੇ ਕੀ ਖੱਟਿਆ?" ਬਾਪੂ ਤੇ ਬਾਈ ਜੀ ਬਾਬੇ ਅੱਗੇ ਕੁਝ ਨਾ ਬੋਲਦੇ। ਉਹ ਕਸੂਰਵਾਰਾਂ ਵਾਂਗ ਨੀਵੀਂ ਪਾਈਂ ਬੈਠੇ ਰਹਿੰਦੇ। ਬਾਬਾ ਬੋਲਣ ਲਗਦਾ, "ਪਹਿਲੀ ਗੱਲ ਜਿਹੜੀ ਸੀਰ-ਸੇਪ ਦੇ ਛੂਆ-ਛੂਤ ਦੀ ਗੁਲਾਮੀ ਵਿਚੋਂ ਮੈਂ ਥੁਆਨੂੰ ਨਿਜਾਤ ਦੁਆ ਕੇ ਕੱਢ ਕੇ ਬਾਰ ਵਿਚ ਲੈ ਕੇ ਗਿਆ ਸੀ ਤੈਂ ਇਹਨਾਂ ਪਰਵਾਰ ਦੇ ਮਾਸੂਮ ਜੀਆਂ ਨੂੰ ਫੇਰ ਲਿਆ ਕੇ ਉਸੇ ਗੁਲਾਮੀ ਦੀ ਦਲਦਲ ਵਿਚ ਵਾੜ ਦਿੱਤਾ। ਓ ਨਾਥੂ ਤੂੰ ਤੂੰ ਮੈਨੂੰ ਦੱਸ ਤਾਂ ਸਹੀ ਬਈ ਉਧਰੋਂ ਪੈਰ ਪੁੱਟਣ ਲੱਗਿਆ... ਤੈਨੂੰ ਉਹ ਕਿਹੜੀ ਚੀਜ ਦੀ ਉਮੀਦ ਸੀ... ਜਿਹੜੀ ਤੂੰ ਉਧਰੋਂ ਖੋ ਕੇ ਏਧਰ ਆ ਕੇ ਪ੍ਰਾਪਤ ਕਰਨਾ ਚਾਹੁੰਦਾ ਸੀ?"

ਬਾਬਾ ਆਪਣੀ ਗੱਲ ਨੂੰ ਸਪਸ਼ਟ ਕਰਨ ਲਈ ਫੇਰ ਇਕ ਕਹਾਣੀ ਸੁਣਾਉਂਦਾ, "ਹੱਲਿਆਂ ਤੋਂ ਪਹਿਲਾਂ ਕਿਸਾਨਾਂ ਦੇ ਇਕ ਦੋ ਸਿੱਖ ਤੇ ਮੁਸਲਮਾਨ ਘਰਾਣੇ ਨੇ ਆਪਣੀ ਆਪਣੀ ਬੈਲਾਂ ਦੀ ਜੋੜੀ ਦਾ ਤਬਾਦਲਾ ਕਰ ਲਿਆ ਸੀ। ਤੇ ਹੱਲਿਆਂ ਵਿਚ ਸਿੱਖ ਪਰਵਾਰ ਮੁਸਲਮਾਨਾਂ ਤੋਂ ਲਏ ਬੈਲਾਂ ਦੀ ਜੋੜੀ ਗੱਡੇ ਨੂੰ ਜੋੜਕੇ ਚੜ੍ਹਦੇ ਪੰਜਾਬ ਤੇ ਮੁਸਲਮਾਨ ਪਰਵਾਰ ਸਿੱਖਾਂ ਤੋਂ ਲਏ ਬੈਲਾਂ ਦੀ ਜੋੜੀ ਗੱਡੇ ਨੂੰ ਜੋੜਕੇ ਲਹਿੰਦੇ ਪੰਜਾਬ ਵਿਚ ਚਲਿਆ ਗਿਆ ਸੀ। ਸਮਝ ਲਓ ਜਿਵੇਂ ਮੁਸਲਮਾਨਾਂ ਦੇ ਬੈਲ ਸਿੱਖਾਂ ਕੋਲ ਜਾ ਕੇ ਸਿੱਖਾਂ ਦੇ ਤੇ ਸਿੱਖਾਂ ਦੇ ਬੈਲ ਮੁਸਲਮਾਨਾਂ ਕੋਲ ਜਾ ਕੇ ਮੁਸਲਮਾਨਾਂ ਦੇ ਬਣ ਗਏ ਇਸੇ ਤਰ੍ਹਾਂ ਸਿੱਖਾਂ ਦੇ ਪਿੰਡਾਂ ਵਿਚ ਬੈਠੇ ਅਛੂਤ ਸਿੱਖ ਬਣਕੇ ਤੇ ਹਿੰਦੂਆਂ ਦੇ ਪਿੰਡਾਂ ਵਿਚ ਬੈਠੇ ਆਛੂਤ ਹਿੰਦੂ ਬਣਕੇ ਰਹਿ ਰਹੇ ਹਨ ਜਦ ਗੁਲਾਮਾਂ ਦੀ ਡੰਗਰਾ ਪਸ਼ੂਆਂ ਵਾਂਗ ਕੋਈ ਪਛਾਣ ਹੀ ਨਹੀਂ ਮਾਲਕ ਨਾਲ ਹੀ ਉਨ੍ਹਾਂ ਦੀ ਪਛਾਣ ਹੈ। ਬਾਬੇ ਨੇ ਪੁੱਛਿਆ ਫੇਰ ਜੇ ਤੁਸੀਂ ਪਾਕਿਸਤਾਨ ਵਿਚ ਮੁਸਲਮਾਨ ਬਣ ਕੇ ਰਹਿ ਜਾਂਦੇ, ਥੁਆਨੂੰ ਕੀ ਫਰਕ ਪੈਣਾ ਸੀ? ਪਿੰਡ ਵਿਚ ਵੀ ਤਾਂ ਸੈਕੜਿਆਂ ਦੀ ਗਿਣਤੀ ਵਿਚ ਮੁਸਲਮਾਨ ਪਰਵਾਰ ਹਿੰਦੂ ਬਣ ਕੇ, ਹਿੰਦੂਆਂ ਦੇ ਨਾਂ ਰੱਖਕੇ ਰਹਿ ਹੀ ਰਹੇ ਹਨ। ਥੁਆਡੇ ਕੋਲ ਉਹ ਕਿਹੜੀ ਵਸਤੂ ਇੰਜਤ ਮਾਣ, ਰੁਪਿਆ ਪੈਸਾ, ਘਰ ਬਾਰ ਹੈ, ਜਿਹੜੀ ਤੁਸੀਂ ਉਧਰ ਖੋ ਕੇ ਆਏ ਸੀ, ਏਧਰ ਆ ਕੇ ਪ੍ਰਾਪਤ ਕਰ ਲਿਆ? ਉੱਚ ਜਾਤੀ ਦੇ ਲੋਕਾਂ ਨੇ ਤਾਂ ਜਿਹੜਾ ਉਧਰੋਂ ਘਰ ਬਾਰ, ਜ਼ਮੀਨ-ਜਾਇਦਾਦ ਛੱਡ ਕੇ ਆਏ ਸੀ, ਉਸਦਾ ਕਲੇਮ ਲੈ ਉਸ ਤੋਂ ਵੱਧ ਜ਼ਮੀਨ-ਜਾਇਦਾਦ, ਕਾਰੋਬਾਰ ਸ਼ੁਰੂ ਕਰ ਲਿਆ। ... ਪਰ ਤੁਸੀਂ ਰਾਹ ਵਿਚ ਬੀਮਾਰੀਆਂ ਨਾਲ ਆਪਣੇ ਬੱਚੇ ਮਰਵਾ ਕੇ, ਨੌਜਵਾਨਾਂ ਨੂੰ ਕਤਲ ਕਰਵਾ ਕੇ ਤੇ ਮੁਟਿਆਰਾਂ ਦੇ ਬਲਾਤਕਾਰ ਪਿਛੋਂ ਕਤਲ ਕਰਵਾਕੇ ਕੀ ਖੱਟਿਆ?" ਤੇ ਬਾਬਾ ਖੂੰਡਾ ਚੁੱਕ ਕੇ ਬਾਪੂ ਤੇ ਬਾਈ ਜੀ ਨੂੰ ਮਾਰਨ ਨੂੰ ਪੈਂਦਾ। ਜਦ ਉਹਨੂੰ ਜੋਰ

ਜ਼ਬਰਦਸਤੀ ਕਰਕੇ ਮੰਜੇ 'ਤੇ ਬਿਠਾਉਂਦੇ, ਫਿਰ ਉਹ ਆਪਣੀ ਜਵਾਨ-ਜਹਾਨ ਪੋਤੀ ਪ੍ਰੇਮ ਕੌਰ ਨੂੰ ਯਾਦ ਕਰਕੇ ਰੋਣ ਲੱਗ ਪੈਂਦਾ। ਕੀਰਨੇ ਪਾਉਣ ਲੱਗ ਪੈਂਦਾ, ਵੈਣ ਪਾਉਣ ਲੱਗ ਪੈਂਦਾ। ਉਹ ਆਪਣੇ ਸਰੀਰ ਨੂੰ ਤੋੜ ਤੋੜ ਕੇ ਸੁੱਟਦਾ, ਤਰਲੋ ਮੱਛੀ ਹੁੰਦਾ। "ਓ ਜਦ ਮੇਰੀ ਪੋਤੀ ਨੂੰ ਗੁੰਡੇ ਚੁੱਕ ਕੇ ਝਿੜੀ ਵਿਚ ਲੈ ਗਏ, ਉਹ ਮੈਨੂੰ ਬਚਾਓ ਮੈਨੂੰ ਬਚਾਓ ਦੀ ਚੀਕ ਪੁਕਾਰ ਕਰ ਰਹੀ ਸੀ। ਤੇ ਗੁੰਡੇ ਉਸਦਾ ਮਾਸ ਨੋਚ ਰਹੇ ਸਨ। ਤਾਂ ਜਦ ਮੈਂ ਬਰਛਾ ਚੁੱਕੀਂ ਉਹਨੂੰ ਬਚਾਉਣ ਲਈ ਨੱਸ ਭੱਜ ਕਰ ਰਿਹਾ ਸੀ, ਤੁਸੀਂ ਫੜ ਫੜ ਕੇ ਮੈਨੂੰ ਕਿਉਂ ਰੋਕ ਰਹੇ ਸੀ? ...ਮੈਂ ਆਪਣੀ ਪੋਤੀ ਨੂੰ ਗੁੰਡਿਆਂ ਕੋਲੋਂ ਛੁਡਾ ਕੇ ਲਿਆਉਂਦਾ... ਜਾਂ ਉਹਦੇ ਨਾਲ ਈ ਕਤਲ ਕਰ ਦਿੱਤਾ ਜਾਂਦਾ। ਤੁਸੀਂ ਦੱਸੋ? ਮੈਂ ਜੀ ਕੇ ਕੀ ਲੈਣਾ ਸੀ?? ਬੱਸ ਆਹ ਬੁਆਡੀ ਸਹੇੜੀ ਗੁਲਾਮੀ ਦੇ ਦਿਨ ਦੇਖਣੇ ਸਨ??? " ਬਾਬਾ ਫੇਰ ਬਾਪੂ ਤੇ ਬਾਈ ਜੀ ਉੱਤੇ ਨੂੰ ਉੱਠ-ਉੱਠ ਕੇ ਭੱਜਦਾ, ਜਿਵੇਂ ਉਹ ਹੀ ਉਹਦੀ ਲਾਡਲੀ ਪੋਤੀ ਪ੍ਰੇਮੋ ਨੂੰ ਮਰਵਾਉਣ ਲਈ ਦੋਸ਼ੀ ਹੋਣ। ਬਾਬਾ ਆਪਣੀ ਪੋਤੀ ਦੀ ਅਣਿ ਆਈ ਮੌਤ ਦਾ ਸਦਮਾ ਬਰਦਾਸਤ ਨਹੀਂ ਸੀ ਕਰ ਸਕਿਆ। ਤੇ ਇਕ ਦਿਨ ਉਹਦੀ ਇਸੇ ਤਰ੍ਹਾਂ ਰੋਂਦੇ ਪਿੱਟਦੇ ਦੀ ਮੰਜੇ 'ਤੇ ਡਿੱਗ ਕੇ ਬੇਸੁਧ ਹੋਏ ਦੀ ਜਾਨ ਨਿਕਲ ਗਈ ਸੀ।

ਬਾਬੇ ਦੇ ਮਰਨ ਤੋਂ ਬਾਅਦ ਸਾਡੇ ਘਰ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਚਲੀ ਗਈ ਸੀ। ਕਿਉਂਕਿ ਬਦਲੇ ਹੋਏ ਸਮੇਂ ਅਨੁਸਾਰ ਸੇਪ ਤੇ ਸ਼ਿਲਪ ਭਾਵ ਜੁੱਤੀਆਂ ਬਣਾਉਣ ਦੀ ਦਸਤਕਾਰੀ ਦੇ ਮੇਲ ਨਾਲ ਸਾਡੇ ਘਰ ਦਾ ਗੁਜਾਰਾ ਹੋਣਾ ਔਖਾ ਹੋ ਗਿਆ ਸੀ। ਜੁੱਤੀਆਂ ਬਣਾਉਣ ਲਈ ਵਰਤੇ ਜਾਂਦੇ ਰੰਗੇ ਹੋਏ ਚਮੜੇ ਦੇ ਭਾਅ ਵਧ ਗਏ ਸਨ। ਪਰ ਪਿੰਡ ਦੇ ਲੋਕ ਜੁੱਤੀ ਬਣਵਾ ਕੇ ਪੈਰੀਂ ਪਾ ਕੇ ਤੁਰ ਜਾਂਦੇ ਸਨ। ਪੈਸੇ ਦੇਣ ਲਈ ਲੜ ਹੀ ਨਹੀਂ ਫੜਾਉਂਦੇ ਸਨ। ਵਪਾਰੀ ਅੱਗੇ ਨੂੰ ਚਮੜਾ ਦੇਣਾ ਬੰਦ ਕਰ ਦਿੰਦੇ ਸਨ। ਬਾਈ ਜੀ ਕਈ ਸਾਲ ਤੋਂ ਅਲੱਗ ਹੋ ਗਏ ਸਨ। ਉਹ ਬੂਟ, ਗੁਰਗਾਬੀਆਂ ਬਣਾਉਣ ਦਾ ਕੰਮ ਬੰਦ ਕਰਕੇ ਕੁਝ ਦੇਰ ਬੇਰੋਜ਼ਗਾਰ ਘੁੰਮਦੇ ਰਹੇ। ਬਹੁਤ ਘੁੰਮ ਫਿਰ ਕੇ ਫੇਰ ਡੀ. ਐਸ. ਸੀ. (ਡਿਫੈਂਸ ਸਿਕਿਉਰਟੀ ਕੋਰ) ਵਿਚ ਭਰਤੀ ਹੋ ਗਏ ਸਨ। ਉਹ ਪਹਿਲਾਂ ਵੀ ਫ਼ੌਜ ਵਿਚੋਂ ਨਾਂ ਕਟਵਾ ਕੇ ਆਏ ਹੋਏ ਸਨ। ਬਾਪੂ ਜੁੱਤੀਆਂ ਬਣਾਉਣ ਦਾ ਕਿੱਤਾ ਛੱਡਕੇ ਪਤਾ ਨਹੀਂ ਕਿਵੇਂ ਤੇਸੀ, ਕਾਂਡੀ ਚੁੱਕ ਕੇ ਕੱਚੇ-ਪੱਕੇ ਮਕਾਨਾਂ ਦੀ ਉਸਾਰੀ ਕਰਨ ਲਈ ਰਾਜ ਮਿਸਤਰੀ ਬਣ ਗਏ ਸੀ। ਲੋਕ ਉਸਨੂੰ ਕੰਧਾਂ, ਕੌਲੇ, ਕਮਰੇ ਬਣਾਉਣ ਲਈ ਬੁਲਾਉਣ ਲਗ ਪਏ ਸਨ। ਮੈਂ ਉਸਨੂੰ ਬੁੱਢੇ ਬਾਰੇ ਸੂਤ ਬੰਨ੍ਹਕੇ ਇੱਟਾਂ ਲਾਉਂਦੇ ਤੇ ਸਾਹਲ ਲਾ ਕੇ ਚਿਣੀ ਹੋਈ ਕੰਧ ਦੀਆਂ ਇੱਟਾਂ ਠੀਕ ਕਰਦੇ ਨੂੰ ਦੇਖਕੇ ਹੈਰਾਨ ਰਹਿ ਜਾਂਦਾ ਸੀ। ਜੁੱਤੀਆਂ ਬਣਾਉਣ ਦੇ ਜਿਸ ਕਿੱਤੇ ਨੂੰ ਮੇਰੇ ਪੁਰਖਿਆ ਨੇ ਹਜ਼ਾਰਾਂ ਸਾਲ ਲਾ ਕੇ ਵਿਕਸਿਤ ਕੀਤਾ ਸੀ, ਮੇਰਾ ਬਾਪੂ ਤੇ ਬਾਈ ਜੀ ਉਸ ਪਿਤਾ ਪੁਰਖੀ ਦਸਤਕਾਰੀ ਨੂੰ ਛੱਡ ਕੇ ਲਾਂਭੇ ਹੋ ਗਏ ਸਨ, ਜਾਂ ਉਨ੍ਹਾਂ ਨੂੰ ਲਾਂਭੇ ਹੋਣਾ ਪਿਆ ਸੀ। ਪਰ ਚਾਚੇ ਦਾ ਇਕ ਪਾਸਾ ਮਾਰਿਆ ਹੋਣ ਕਰਕੇ ਬੋਝ-ਭਾਰ ਦਾ ਕੰਮ ਨਹੀਂ ਕਰ ਸਕਦਾ ਸੀ। ਉਹ ਬੈਠਕ ਵਿਚ ਬੈਠਿਆ ਸੇਪ ਵਾਲੇ ਕਿਸਾਨਾਂ ਦੀਆਂ ਜੁੱਤੀਆਂ, ਚੱਪਲਾਂ ਗੱਠੀ ਜਾਂਦਾ। ਹੋਰ ਲੋਕਾਂ ਦੀਆਂ ਜੁੱਤੀਆਂ ਗੱਠ ਕੇ ਪਾਲਿਸ ਕਰਕੇ ਕੁਝ ਪੈਸੇ ਵੀ ਕਮਾਈ ਜਾਂਦਾ ਸੀ।

ਬਾਈ ਜੀ ਦੇ ਦੁਬਾਰਾ ਫ਼ੌਜ ਵਿਚ ਜਾਣ ਨਾਲ ਸਾਡੇ ਪਰਵਾਰ ਨੂੰ ਕੋਈ ਫਰਕ ਨਹੀਂ ਸੀ ਪਿਆ। ਉਦੋਂ ਉਹਦੀ ਤਨਖਾਹ ਹੀ ਬਹੁਤ ਘੱਟ ਸੀ, ਜਾਂ ਉਹਨੇ ਕੋਈ ਵੱਡਾ ਕਰਜ਼ਾ ਮੋੜਨਾ ਸੀ। ਕਿਉਂਕਿ ਘਰ ਦੀ ਆਰਥਿਕ ਹਾਲਤ ਬਾਰੇ ਘਰ ਵਿਚ ਉਹ ਕਦੇ ਕੋਈ ਗੱਲ ਨਹੀਂ ਸੀ ਕਰਦਾ। ਉਹਦਾ ਮਨੀ ਆਰਡਰ ਵੀ ਬਾਪੂ ਦੇ ਨਾਂ ਆਉਂਦਾ ਸੀ। ਮੈਨੂੰ ਪੜ੍ਹਨ ਦੇ ਨਾਲ ਨਾਲ ਛੁੱਟੀ ਵਾਲੇ ਦਿਨ ਜਾਂ ਸਕੂਲ ਤੋਂ ਛੁੱਟੀ ਲੈ ਕੇ ਕਿਸਾਨਾਂ ਦੇ ਖੇਤਾਂ ਵਿਚ ਤੇ ਰਾਜ ਮਿਸਤਰੀਆਂ ਨਾਲ ਦਿਹਾੜੀਆਂ ਕਰਨੀਆਂ ਪੈਂਦੀਆਂ ਸਨ।

ਇਕ ਦਿਨ ਦਿਹਾੜੀ ਜਾਂਦੇ ਨੂੰ ਮੈਨੂੰ ਇਕ ਮੋਬਾਇਲ ਡਿੱਗਿਆ ਪਿਆ ਮਿਲਿਆ। ਬਹੁਤ ਸਾਲਾਂ ਤੋਂ ਮੈਂ ਇਸ ਮੋਬਾਇਲ ਫੋਨ ਦੀ ਵਰਤੋਂ ਕਰਦਾ ਆ ਰਿਹਾ ਹਾਂ। ਮੇਰੇ ਕੋਲ ਪ੍ਰਕਾਸ਼ਕ ਦੇ ਫੋਨ ਆਈ ਜਾਂਦੇ ਹਨ। ਉਹ ਆਖਦਾ ਹੈ ਕਿ ਉਹਨੇ ਮੇਰੀ ਸਵੈ ਜੀਵਨੀ ਪੜ੍ਹ ਲਈ ਹੈ। ਉਹ ਇਸਨੂੰ ਛਾਪਣੀ ਚਾਹੁੰਦਾ ਹੈ। ਉਹ

ਮੈਨੂੰ ਆਖਦਾ ਹੈ, "ਤੇਰੇ ਮਨ ਵਿਚ ਕੋਈ ਗੱਲ ਦੱਬੀ ਹੋਈ ਹੈ, ਜਿਸਦਾ ਤੇਰੇ ਮਨ 'ਤੇ ਭਾਰ ਹੈ, ਇਸ ਲਈ ਤੇਰੇ ਕੋਲੋਂ ਆਪਣਾ ਐਡਰੈੱਸ ਨਹੀਂ ਦੱਸ ਹੋ ਰਿਹਾ।" ਉਹ ਆਪ ਹੀ ਇਸਦਾ ਹੱਲ ਲੱਭਦਾ ਹੈ, ਉਹ ਪੁੱਛਦਾ ਹੈ ਕਿ ਮੈਂ ਜਿਹੜੇ ਪਤੇ 'ਤੇ ਮੋਬਾਇਲ ਫੋਨ ਦਾ ਕੁਨੈਕਸ਼ਨ ਲਿਆ ਹੈ। ਉਹ ਉਸਨੂੰ ਲਿਖਵਾ ਦਵਾਂ। ਉਹ ਕਿਸੇ ਨਾ ਕਿਸੇ ਬਹਾਨੇ ਮੇਰੇ ਕੋਲੋਂ ਮੇਰਾ ਪਤਾ ਲਿਖਵਾਉਣਾ ਚਾਹੁੰਦਾ ਹੈ।

ਜਦ ਵੀ ਪ੍ਰਕਾਸ਼ਕ ਦਾ ਫੋਨ ਆਉਂਦਾ ਹੈ, ਉਹ ਮੈਨੂੰ ਅਸਮੰਜਸ, ਉਲਝਣ ਵਿਚ ਪਾ ਦਿੰਦਾ ਹੈ। ਹੁਣ ਜੇ ਮੈਂ ਫੋਨ ਦਾ ਕੁਨੈਕਸ਼ਨ ਆਪਣੇ ਨਾਂ 'ਤੇ ਲਿਆ ਹੋਵੇ ਤਾਂ ਉਹਨੂੰ ਉਹ ਪਤਾ ਲਿਖਵਾਵਾਂ? ਇਹ ਮੋਬਾਇਲ ਫੋਨ ਬਹੁਤ ਸੋਹਣਾ ਹੈ, ਕੀਮਤੀ ਹੈ, ਇਸ ਨਾਲ ਫੋਟੋਆ ਖਿੱਚੀਆਂ ਜਾ ਸਕਦੀਆਂ ਹਨ। ਕਿਸੇ ਦਾ ਭਾਸ਼ਣ ਰੀਕਾਰਡ ਕੀਤਾ ਜਾ ਸਕਦਾ ਹੈ। ਹੁਣ ਮੈਂ ਪੜ੍ਹ ਲਿਖ ਕੇ ਨੌਕਰੀ ਲੱਗ ਗਿਆ ਹਾਂ, ਮੇਰੀ ਕਿੰਨੀ ਸਰਵਿਸ ਵੀ ਹੋ ਗਈ ਹੈ। ਪਰ ਮੈਂ ਇਹ ਮੋਬਾਇਲ ਫੋਨ ਬਦਲਿਆ ਨਹੀਂ।

ਜਿਸਦਾ ਇਹ ਫੋਨ ਡਿੱਗਿਆ ਸੀ, ਉਹ ਮੇਰੇ ਕੋਲੋਂ ਇਹ ਫੋਨ ਲੈਣ ਆਇਆ ਵੀ ਸੀ। ਮੈਂ ਉਹਨੂੰ ਫੋਨ 'ਤੇ ਸਪਸ਼ਟ ਸ਼ਬਦਾਂ ਵਿਚ ਕਹਿ ਦਿੱਤਾ ਸੀ ਕਿ ਇਹ ਮੋਬਾਇਲ ਫੋਨ ਮੈਨੂੰ ਪਿੰਡ ਦੀ ਲਿੰਕ ਰੋਡ 'ਤੇ ਪਿਆ ਲੱਭਿਆ ਹੈ, ਉਹ ਫੋਨ ਕਰਕੇ ਆ ਕੇ ਮੈਥੋਂ ਲੈ ਜਾਵੇ?

ਮੈਂ ਮਿਸਤਰੀ ਨਾਲ ਦਿਹਾੜੀ ਤੇ ਆਇਆ ਹੋਇਆ ਸਾਂ। ਬਾਹਰਲੀ ਚਾਰ ਦੀਵਾਰੀ ਦੀ ਗਾਰੇ ਵਿਚ ਚਿਣਾਈ ਕੀਤੀ ਜਾਣੀ ਸੀ। ਮੈਂ ਗਾਰੇ ਦੇ ਘਾਣ ਵਿਚ ਵੜਿਆ, ਗਾਰੇ ਨਾਲ ਲਿਬੜਿਆ ਖੜ੍ਹਾ ਸਾਂ। ਪਸੀਨਾਂ ਚੋਣ ਨਾਲ ਮੇਰੇ ਕੱਪੜੇ ਭਿੱਜੇ ਹੋਏ ਸਨ। ਮੇਰੇ ਕੋਲੋਂ ਪਸੀਨੇ ਦੀ ਬਦਬੂ ਆ ਰਹੀ ਸੀ। ਚਿਹਰੇ ਤੋਂ ਪੂੰਝਦਿਆਂ ਪੂੰਝਦਿਆਂ ਨਮਕੀਨ ਪਸੀਨਾ ਚੋ ਕੇ ਮੇਰੇ ਮੂੰਹ ਵਿਚ ਪੈ ਜਾਂਦਾ ਸੀ।

ਮੇਰੇ ਕੋਲੋਂ ਚੋਰੀ ਦਾ ਮੋਬਾਇਲ ਲਿਜਾਣ ਵਾਲਿਆਂ ਦੀ ਕਾਰ ਆ ਕੇ ਰੁਕੀ। ਮੈਂ ਉਹਨਾਂ ਵੱਲੋਂ ਪੈਣ ਵਾਲੀ ਝਾੜ ਝੰਬ ਤੋਂ ਡਰਦੇ ਡਰਦੇ ਨੇ ਗਾਰੇ ਨਾਲ ਲਿੱਬੜੇ ਹੋਏ ਹੱਥ-ਝੱਗੇ ਦੇ ਪੱਲੇ ਨਾਲ ਪੂੰਝੇ। ਤੇ ਖ਼ੀਸ਼ੇ ਵਿਚੋਂ ਮੋਬਾਇਲ ਫੋਨ ਕੱਢਕੇ ਮੇਰੇ ਕੋਲ ਆ ਖੜ੍ਹੇ ਬਾਬੂ ਜੀ ਨੂੰ ਫੜਾਉਣ ਲੱਗਿਆ ਉਹਦੇ ਨਾਲ ਖੜ੍ਹੀ ਉਹਦੀ ਮੇਮ ਨੂੰ ਪਤਾ ਨਹੀਂ ਕੀ ਸੁਝਿਆ, ਉਹਨੇ ਬਾਬੂ ਜੀ ਦਾ ਮੈਥੋਂ ਮੋਬਾਇਲ ਫੋਨ ਫੜਨ ਲਈ ਵਧਾਇਆ ਹੱਥ ਪਿਛਾਂਹ ਨੂੰ ਖਿੱਚ ਲਿਆ। ਸ਼ਾਇਦ ਉਹਨੂੰ ਮੇਰੇ ਪਸੀਨੇ ਨਾਲ ਭਿੱਜੇ ਮੋਬਾਇਲ ਤੋਂ ਬਦਬੂ ਆਈ ਹੋਵੇ। ਜਾਂ ਉਹਨੇ ਸੋਚਿਆ ਹੋਵੇ ਕਿ ਮੇਰੇ ਛੂਹਣ ਨਾਲ ਮੋਬਾਇਲ ਫੂਨ ਨੂੰ ਕਿਸੇ ਛੂਤ ਦੀ ਬੀਮਾਰੀ ਦੇ ਕਿਰਮ ਨਾ ਚਿੰਬੜੇ ਗਏ ਹੋਣ। ਬਾਬੂਆਣੀ ਆਪਣੇ ਬਾਬੂ ਨਾਲ ਕਾਰ ਵਿਚ ਬੈਠਦਿਆਂ ਮੈਨੂੰ ਕਹਿਣ ਲੱਗੀ, "ਅਸੀਂ ਇਹ ਮੋਬਾਇਲ ਹੁਣ ਨਹੀਂ ਲੈਣਾ, ਤੂੰ ਆਪਣੇ ਕੋਲ ਹੀ ਰੱਖ ਲੈ।" ਇਸ ਤਰ੍ਹਾਂ ਨਾਲ ਇਹ ਕੀਮਤੀ ਮੋਬਾਇਲ ਫੋਨ ਮੈਨੂੰ ਹੀ ਮਿਲ ਗਿਆ ਸੀ। ...ਹੁਣ ਪ੍ਰਕਾਸ਼ਕ ਮੇਰੇ ਦੁਆਰਾ ਮੋਬਾਇਲ ਫੂਨ ਦੇ ਲਏ ਹੋਏ ਕੁਨੈਕਸ਼ਨ ਦਾ ਪਤਾ ਪੁੱਛਦਾ ਹੈ। ਪਰ ਮੈਂ ਉਹਨੂੰ ਚੋਰੀ ਕੀਤੇ ਮੋਬਾਇਲ ਫੂਨ ਦੇ ਮਾਲਕ ਦੁਆਰਾ ਲਏ ਹੋਏ ਕੁਨੈਕਸ਼ਨ ਦਾ ਥਹੁ ਪਤਾ ਕਿਵੇਂ ਲਿਖਵਾ ਦਵਾਂ?

ਇਹ ਤਾਂ ਮੈਂ ਵੀ ਚਾਹੁੰਦਾ ਹਾਂ ਕਿ ਪ੍ਰਕਾਸ਼ਕ ਮੇਰੀ ਸਵੈ-ਜੀਵਨੀ ਨੂੰ ਛੇਤੀ ਛੇਤੀ ਛਾਪੇ। ਪਰ ਮੈਂ ਉਸ 'ਤੇ ਐਡਰੈੱਸ ਲਿਖਵਾਉਣਾ ਚਾਹੁੰਦਾ ਹਾਂ ਜਿੱਥੇ ਅਸੀਂ ਮਾਣ ਸਨਮਾਨ ਨਾਲ ਰਹਿੰਦੇ ਸਾਂ ਪਰ ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਅਸੀਂ ਕਿਥੋਂ ਆਏ? ਜਿਵੇਂ ਆਰੀਆ ਨੂੰ ਪਤਾ ਲੱਗ ਗਿਆ ਕਿ ਉਹ ਮੱਧ ਏਸੀਆ ਤੋਂ ਆਏ। ਤੇ ਉਹਨਾਂ ਨੇ ਆਕਰਮਣ ਕਰਕੇ ਇਥੇ ਵਸਦੇ ਅਨਾਰੀਆਂ, ਅਸੁਰਾਂ ਨੂੰ ਆਪਣੇ ਗੁਲਾਮ ਬਣਾ ਲਿਆ ਤੇ ਆਪ ਰਾਜੇ ਮਹਾਰਾਜੇ ਰਜਵਾੜੇ ਬਣ ਕੇ ਮਾਣ-ਸਨਮਾਨ ਨਾਲ ਜੀਵਨ ਗੁਜਾਰਨ ਲੱਗ ਪਏ।

ਮੈਂ ਵੀ ਢੂੰਢ-ਭਾਲ ਕਰਕੇ ਇਹ ਜਾਣਨ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਅਸੀਂ ਕਿਥੋਂ ਆਏ ਸਾਂ, ਜਿਥੇ ਅਸੀਂ ਮਾਣ-ਸਨਮਾਨ ਨਾਲ ਰਹਿੰਦੇ ਸੀ। ਮੈਂ ਆਪਣਾ ਉਹੀ ਐਡਰੈੱਸ ਸਵੈ-ਜੀਵਨੀ ਤੇ ਲਿਖਵਾ ਦੇਣਾ ਹੈ। ਕਿਉਂਕਿ ਇਹ ਤਾਂ ਕੋਈ ਨਹੀਂ ਦੇਖਦਾ ਕਿ ਲੇਖਕ ਕਿਥੋਂ ਦਾ ਰਹਿਣ ਵਾਲਾ ਹੈ। ਸਵੈ-ਜੀਵਨੀ ਪੜ੍ਹਕੇ ਲੇਖਕ ਨੂੰ ਫੋਨ ਕਰਨ ਲਈ ਪਾਠਕ ਤਾਂ ਲੇਖਕ ਦਾ ਫੋਨ ਨੰਬਰ ਹੀ ਭਾਲਦੇ ਹਨ। ਉਹ ਮੈਂ ਚੋਰੀ ਕੀਤੇ

ਮੋਬਾਇਲ ਫੋਨ ਜਿਸਨੂੰ ਬਾਬੂਆਣੀ ਨੇ ਕਿਹਾ ਸੀ ਕਿ ਮੈਂ ਆਪਣੇ ਕੋਲ ਹੀ ਰੱਖ ਲਵਾਂ। ਦਾ ਨੰਬਰ 9888129977 ਸਵੈ ਜੀਵਨੀ ਤੇ ਲਿਖ ਹੀ ਦਿੱਤਾ ਹੈ।

ਸਿਆਣੇ ਕਹਿੰਦੇ ਹਨ ਕਿ ਜੋ ਕਿਸੇ ਗੱਲ ਦਾ ਆਪ ਨੂੰ ਪਤਾ ਨਾ ਲੱਗਦਾ ਹੋਵੇ ਤਾਂ ਕੰਧ ਤੋਂ ਹੀ ਪੁੱਛ ਲੈਣਾ ਚਾਹੀਦਾ ਹੈ। ਮੈਂ ਰਾਤ ਨੂੰ ਸੌਣ ਲੱਗਿਆ ਕੰਧਾਂ ਨਾਲ ਗੱਲਾਂ ਕਰਦਾ ਹਾਂ। ਸੌਣ ਲੱਗਿਆ ਮਨ ਵਿਚ ਧਾਰ ਕੇ ਪੈਂਦਾ ਹਾਂ ਕਿ ਰਾਤ ਨੂੰ ਸੁਪਨੇ ਵਿਚ ਪੁਰਾਣੇ ਪੂਰਵਜ ਆ ਕੇ ਹੀ ਮੈਨੂੰ ਕੋਈ ਆਪਣੇ ਪਿਛੋਕੜ ਬਾਰੇ ਦੱਸ ਦੇਵੇ। ਇਕ ਰਾਤ ਸਚਮੁਚ ਮੈਨੂੰ ਸੁਪਨੇ ਵਿਚ ਮੇਰੇ ਪੂਰਵਜ ਦੂਰ ਕਿਤੇ ਘੁੰਮਦੇ ਫਿਰਦੇ ਦਿਸੇ ਪਰ ਇਹ ਮੈਂ ਕੀ ਦੇਖ ਰਿਹਾ ਹਾਂ? ਉਹਨਾਂ ਦੇ ਮੂੰਹਾਂ 'ਤੇ ਮਟਕੇ ਬੰਨ੍ਹੇ ਹੋਏ ਹਨ। ਉਹਨਾਂ ਦੀ ਪਿੱਠ ਪਿੱਛੇ ਧਰਤੀ ਸੰਭਰਦੇ ਘੱਗਰੇ ਨਹੀਂ ਸਗੋਂ ਝਾੜੂ ਬੰਨ੍ਹੇ ਹੋਏ ਹਨ ਤੇ ਉਹਨਾਂ ਦੇ ਗਲ ਵਿਚ ਵੱਡੇ ਵੱਡੇ ਟੱਲ ਬੰਨ੍ਹੇ ਹੋਏ ਹਨ। ਉਨ੍ਹਾਂ ਦੇ ਚਿਹਰਿਆਂ ਤੋਂ ਜਾਪਦਾ ਹੈ ਜਿਵੇਂ ਉਨ੍ਹਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਗਈਆਂ ਹੋਣ। ਮੈਂ ਉਹਨਾਂ ਨੂੰ ਬੁਲਾਉਂਦਾ ਹਾਂ ਤਾਂ ਉਹ ਆਪਣਾ ਮੂੰਹ ਅੱਡ ਕੇ ਦਿਖਾਉਂਦੇ ਹਨ। ... ਮੈਂ ਹੈਰਾਨ ਪਰੇਸ਼ਾਨ ਤੇ ਦੁਖੀ ਹੋ ਜਾਂਦਾ ਹਾਂ। ਉਹ ਬੋਲਣ ਕਿਵੇਂ ਉਨ੍ਹਾਂ ਦੀਆਂ ਤਾਂ ਜੀਭਾਂ ਕੱਟੀਆਂ ਹੋਈਆਂ ਹਨ। ਮੈਂ ਉਹਨਾਂ ਨੂੰ 'ਜੀ ਆਇਆ ਨੂੰ' ਕਹਿਣ ਲਈ ਬਾਂਹ ਉਪਰ ਚੁੱਕ ਕੇ ਹੱਥ ਹਿਲਾਉਂਦਾ ਹਾਂ। ਉਹ ਹੱਥ ਉਪਰ ਚੁੱਕ ਹੀ ਨਹੀਂ ਸਕਦੇ, ਉਨ੍ਹਾਂ ਦੀਆਂ ਬਾਹਾਂ ਕੱਟੀਆਂ ਹੋਈਆਂ ਹਨ। ਮੈਂ ਧਿਆਨ ਨਾਲ ਦੇਖਦਾ ਹਾਂ, ਉਨ੍ਹਾਂ ਵਿਚੋਂ ਕਈਆਂ ਦੀ ਇੱਕ ਇੱਕ ਲੱਤ ਕੱਟੀ ਹੋਈ ਹੈ। ਮੈਂ ਪੜ੍ਹਿਆ ਹੈ ਕਿ ਜੇ ਸ਼ੂਦਰ ਬਰਾਬਰ ਬੋਲਦਾ ਹੈ ਉਹਦੀ ਜੀਭ ਕੱਟ ਦਿਓ। ਜੇ ਉਹ ਉੱਚ ਜਾਤੀਆ ਦੁਆਰਾ ਉਹਨੂੰ ਮਾਰਨ ਕੁੱਟਣ ਤੇ ਉਹ ਬਰਾਬਰ ਹੱਥ ਚੁੱਕਦਾ ਹੈ ਤਾਂ ਉਹਦਾ ਹੱਥ ਕੱਟ ਦਿਓ ਤੇ ਜੇ ਕਿਸੇ ਉੱਚ ਜਾਤੀਏ ਦੇ ਵਿਰੋਧ ਵਜੋਂ ਲੱਤ ਮਾਰਦਾ ਹੈ ਤਾਂ ਉਹਦੀ ਲੱਤ ਕੱਟ ਦਿਓ। ਮੈਂ ਸੋਚਦਾ ਹਾਂ ਕਿ ਸਾਡੇ ਇਨ੍ਹਾਂ ਪੂਰਵਜਾਂ ਨੇ ਉਸ ਵਿਵਸਥਾ ਦਾ ਵਿਰੋਧ ਕੀਤਾ, ਜਿਸਨੇ ਉਨ੍ਹਾਂ ਨੂੰ ਇਸ ਅਵਸਥਾ ਵਿਚ ਪਹੁੰਚਾਇਆ, ਇਸੇ ਕਰਕੇ ਉਨ੍ਹਾਂ ਨੂੰ ਇਹ ਸਜ਼ਾਵਾਂ ਦਿੱਤੀਆਂ ਗਈਆਂ ਹਨ। ਪਰ ਮੇਰੀ ਸਮੱਸਿਆ ਤਾਂ ਇਹ ਜਾਨਣ ਦੀ ਹੈ... ਕਿ ਅਸੀਂ ਕਿਥੋਂ ਆਏ ਹਾਂ?

ਇਸੇ ਤਰ੍ਹਾਂ ਮੈਂ ਅਖ਼ਬਾਰ ਵਿਚ, ਪਾਕਿਸਤਾਨ ਵਿਚ ਰਹਿੰਦੇ ਹਿੰਦੂ ਪਰਵਾਰ ਦੀ ਫੋਟੋ ਦੇਖੀ ਸੀ। ਫੋਟੋ ਵਿਚਲੇ ਪਰਵਾਰ ਦੇ ਮਰਦਾਂ, ਔਰਤਾਂ ਤੇ ਨੌਜਵਾਨ ਲੜਕੀਆਂ ਦੀਆਂ ਅੱਖਾਂ ਵਿਚ ਡਰ ਤੇ ਦਹਿਸ਼ਤ ਦੇ ਭਾਵ ਸਨ। ਕਿਉਂਕਿ ਪਾਕਿਸਤਾਨ ਵਿਚ ਬਹੁ-ਗਿਣਤੀ ਮੁਸਲਮਾਨਾਂ ਦਾ ਰਾਜ ਹੋਣ ਕਰਕੇ, ਉਥੇ ਹਿੰਦੂਆਂ ਦੀ ਇੱਜਤ ਆਬਰੂ ਸੁਰੱਖਿਅਤ ਨਹੀਂ। ਉਹ ਡਰ ਤੇ ਭੈਅ ਦੇ ਮਾਹੌਲ ਵਿਚ ਰਹਿੰਦੇ ਹਨ। ਉਨ੍ਹਾਂ ਨੂੰ ਬਰਾਬਰੀ ਵਾਲੇ ਸਮਾਜਕ, ਆਰਥਿਕ ਅਧਿਕਾਰ ਪ੍ਰਾਪਤ ਨਹੀਂ।

ਮੇਰੇ ਸੁਪਨੇ ਵਿਚ ਆਏ ਹੱਥ ਤੇ ਪੈਰ ਕੱਟੇ ਹੋਇਆ ਵਾਲੇ ਪੁਰਖਿਆ ਦੀਆਂ ਅੱਖਾਂ ਵਿਚ ਵੀ, ਪਾਕਿਸਤਾਨ ਵਿਚਲੇ ਹਿੰਦੂ ਪਰਵਾਰ ਦੇ ਜੀਆਂ ਵਾਲੇ ਡਰ, ਭੈਅ ਤੇ ਦਹਿਸ਼ਤ ਦੇ ਭਾਵ ਹਨ।

ਪਰ ਪਾਕਿਸਤਾਨ ਤੋਂ ਭਾਰਤ ਆਏ, ਪਾਕਿਸਤਾਨੀ ਹਿੰਦੂਆਂ ਦੇ ਪਰਵਾਰਾਂ ਨੂੰ, ਉਹਨਾਂ ਦੇ ਭਾਰਤੀ ਰਿਸ਼ਤੇਦਾਰ ਪੂਰਨ ਸੁਰਖਿਆ ਦੇ ਰਹੇ ਹਨ। ਰਹਿਣ ਲਈ ਘਰ ਤੇ ਕਰਨ ਲਈ ਕੰਮ ਦੇ ਰਹੇ ਹਨ। ਹੁਣ ਉਹ ਬਾਕੀ ਸਮਾਜ ਨਾਲ ਸਮਾਜਿਕ ਆਰਥਿਕ ਤੌਰ ਤੇ ਬਰਾਬਰੀ ਵਾਲਾ ਸੁਖੀ ਤੇ ਸਮਾਜਿਕ ਜੀਵਨ ਜੀਅ ਰਹੇ ਹਨ।

ਮੈਂ ਵੀ ਆਪਣੇ ਸੁਪਨੇ ਵਿਚ ਦਿਖਾਈ ਦਿੰਦੇ ਪੁਰਖਿਆ ਨੂੰ ਪੁੱਛਦਾ ਹਾਂ ਕਿ ਜਿਵੇਂ ਭਾਰਤ ਤੋਂ ਪੇਸ਼ਾਵਰ ਵਪਾਰ ਕਰਨ ਲਈ ਪਰਵਾਰ, ਪਾਕਿਸਤਾਨ ਵਿਚ ਉਨ੍ਹਾਂ ਲਈ ਹਾਲਾਦ ਖਰਾਬ ਹੋਣ ਕਰਕੇ ਵਾਪਸ ਆਪਣੇ ਪਛੋਕੜ ਵਾਲੇ ਭਰਾਵਾਂ ਵਿਚ ਆ ਕੇ ਸੁਖੀ ਤੇ ਸਮਰਿਧ ਹੋ ਗਏ ਹਨ। ਉਸੇ ਤਰ੍ਹਾਂ ਸਾਡੇ ਪੁਰਵਜ ਵੀ ਦੱਸ ਦੇਣ ਕਿ ਉਹ ਕਿਥੋਂ ਆਏ ਸੀ? ਜਿਥੇ ਕਿ ਉਹ ਸਮਾਜਿਕ ਆਰਥਿਕ ਬਰਾਬਰੀ ਵਾਲਾ ਸੁਖੀ ਜੀਵਨ ਬਿਤਾ ਰਹੇ ਸਨ। ਤਾਂ ਜੋ ਅਸੀਂ ਵੀ ਸੁਖੀ ਜੀਵਨ ਗੁਜਾਰਨ ਲਈ ਪਾਕਿਸਤਾਨ ਤੋਂ ਭਾਉ ਆਏ ਹਿੰਦੂਆਂ ਵਾਂਗ ਉਸ ਸਥਾਨ 'ਤੇ ਚਲੇ ਜਾਈਏ, ਜਿਥੋਂ ਸਾਡੇ ਪੁਰਖੇ ਆਏ ਸਨ? ਤੇ ਉਹੀ ਪਤਾ, ਐੱਡਰੈੱਸ ਮੈਂ ਆਪਣੀ ਸ੍ਵੈ-ਜੀਵਨੀ ਤੇ ਦਰਜ ਕਰਨ ਲਈ ਪ੍ਰਕਾਸ਼ਕ ਨੂੰ ਭੇਜ ਦਵਾਂ। ਤਾਂ ਜੋ ਮੇਰੀ ਸਵੈ

ਜੀਵਨੀ ਛੇਤੀ ਤੋਂ ਛੇਤੀ ਛਪ ਜਾਵੇ।

ਪਰ ਹੱਥ ਤੇ ਪੈਰ ਕੱਟੇ ਮੂੰਹ, ਗਲ ਤੇ ਪਿੱਠ ਪਿਛੇ ਗੁਲਾਮੀ ਦੇ ਚਿਨ੍ਹ ਧਾਰਨ ਕੀਤੇ ਮੇਰੇ ਪੁਰਖੇ ਅੱਖਾਂ ਵਿਚ ਡਰ ਤੇ ਭੈਅ 'ਤੇ ਚਿਹਰੇ 'ਤੇ ਦਹਿਸਤ ਦੇ ਭਾਵ ਧਾਰਨ ਕਰੀਂ ਸਿਰ ਤੇ ਹੱਥ ਕੱਟੀਆਂ ਬਾਹਾਂ ਹਿਲਾ ਰਹੇ ਹਨ, ਜਿਵੇਂ ਕਹਿ ਰਹੇ ਹੋਣ ਕਿ ਪੀੜ੍ਹੀ ਦਰ ਪੀੜ੍ਹੀ ਹਜਾਰਾਂ ਸਾਲਾਂ ਦੀ ਗੁਲਾਮੀ ਤੇ ਪੜ੍ਹਨ ਲਿਖਣ ਦੇ ਅਧਿਕਾਰ ਖੋਹੇ ਜਾਣ ਕਰਕੇ ਉਹ ਆਪਣੇ ਬਰਾਬਰੀ ਦਾ ਜੀਵਨ ਜੀਣ ਵਾਲੇ ਵਿਰਸੇ ਤੇ ਪਛੋਕੜ ਨੂੰ ਹੀ ਵਿਸਾਰ ਚੁੱਕੇ ਹਨ। ਤੇ ਦੱਸ ਹੀ ਨਹੀਂ ਸਕਦੇ ਕਿ ਉਹ ਸਮਾਜਿਕ ਆਰਥਿਕ ਬਰਾਬਰੀ ਵਾਲਾ ਜੀਵਨ ਕਿਸੇ ਸਥਾਨ 'ਤੇ ਜਿਉਂਦੇ ਸਨ। ਕਿਥੋਂ ਆਏ। ਪੁਰਵਜਾਂ ਬਾਰੇ ਮੈਂ ਕਿਸੇ ਨੂੰ ਕੁਝ-ਦਸਦਾ ਤਾਂ ਨਹੀਂ ਸੀ। ਪਰ ਮਨ ਹੀ ਮਨ ਅੰਦਰੇ ਅੰਦਰ ਕੁਝ ਚਿੰਤਾਤੁਰ ਰਹਿਣ ਲੱਗ ਪਿਆ ਸਾਂ। ਪਰ ਇਸਦੇ ਨਾਲ ਨਾਲ ਸਕੂਲ ਵਿਚ ਕਲਰਕ ਦੀ ਪੋਸਟ 'ਤੇ ਕੰਮ ਕਰਦਿਆਂ ਪ੍ਰਾਈਵੇਟ ਤੌਰ ਤੇ ਪ੍ਰੀਖਿਆਵਾਂ ਦੇਂਦਿਆਂ ਬੀ. ਏ., ਬੀ. ਐੱਡ. ਤੇ ਐਮ. ਏ. ਪਾਸ ਕਰ ਗਿਆ ਸਾਂ ਤੇ ਐਧਰ ਉਧਰ ਰੁਲਦਿਆਂ ਖੁਲਦਿਆਂ ਬਦਲੀਆਂ-ਨਿਯੁਕਤੀਆਂ ਕਰਵਾਉਂਦਿਆਂ ਪਿੰਡ ਦੇ ਨਾਲ ਸਿਆਲਬਾ ਸਕੂਲ ਵਿਚ ਪੰਜਾਬੀ ਦਾ ਲੈਕਚਰਾਰ ਪਰਮੋਟ ਹੋ ਕੇ ਆ ਗਿਆ ਸਾਂ।

ਮੇਰੀ ਸਵੈ-ਜੀਵਨੀ ਛਾਪਣ ਵਾਲੇ ਪ੍ਰਕਾਸ਼ਕ ਨੂੰ ਮੇਰੇ ਸਰਕਾਰੀ ਸਕੂਲ ਵਿਚ ਲੈਕਚਰਾਰ ਲੱਗੇ ਹੋਣ ਬਾਰੇ ਪਤਾ ਨਹੀਂ ਕਿਵੇਂ ਪਤਾ ਲੱਗ ਗਿਆ? ਉਹਨੇ ਮੈਨੂੰ ਫੋਨ ਕਰਕੇ ਕਿਹਾ ਕਿ ਮੈਂ ਉਹਨੂੰ ਜਿਸ ਪਿੰਡ ਵਿਚ ਰਹਿੰਦਾ ਹਾਂ, ਉਹਦਾ ਨਾਂ, ਪਤਾ ਲਿਖਵਾ ਦਵਾਂ। ਉਹ ਉਹੀ ਐਡਰੈੱਸ ਮੇਰੀ ਸਵੈ-ਜੀਵਨੀ ਤੇ ਲਿਖਕੇ ਮੇਰੀ ਸਵੈ-ਜੀਵਨੀ ਛਾਪ ਦੇਵੇਗਾ।

ਪਰ ਮੈਂ ਉਸ ਪਿੰਡ ਦਾ ਨਾਂ ਕਿਵੇਂ ਲਿਖਵਾਉਂਦਾ? ਕਿਉਂਕਿ ਸਨ 1998 ਵਿਚ ਜਿਮੀਂਦਾਰਾਂ ਦੇ ਗਲਬੇ ਵਾਲੀ ਪੰਚੈਤ ਬਣ ਗਈ ਸੀ। ਬੁੱਢੀ ਪੁਰਾਣੀ ਸੋਚ ਵਾਲੇ ਜ਼ਿੰਮੀਂਦਾਰ ਇਹ ਗੱਲਾਂ ਬਣਾਉਂਦੇ ਕਿ ਪਿੰਡ ਦੇ ਚੂੜ੍ਹੇ-ਚਮਾਰ, ਕੰਮੀ-ਕਮੀਣ ਜਿਹੜੇ ਕਿ ਉਨ੍ਹਾਂ ਦੀ ਦਾਦੇ ਲਾਹੀ, ਉਨ੍ਹਾਂ ਦੇ ਬਜ਼ੁਰਗਾਂ ਦੀ ਦਿੱਤੀ ਥਾਂ ਵਿਚ ਰਹਿੰਦੇ ਹਨ, ਉਹ ਗਲੀਆਂ ਦੀ ਅਦਲਾ-ਬਦਲੀ ਉਨ੍ਹਾਂ ਦੀ ਮਰਜੀ ਤੋਂ ਬਿਨਾ ਕਿਵੇਂ ਕਰ ਸਕਦੇ ਹਨ? ਤੇ ਉਨ੍ਹਾਂ ਨੂੰ ਮੇਰੇ ਘਰ ਕੋਲ ਦੀ ਵਿੰਗ ਤੜਿੰਗੀ ਗਲੀ ਵਾਲੀ ਥਾਂ ਮੈਨੂੰ ਦੇ ਕੇ ਤੇ ਮੇਰੀ ਥਾਂ ਵਿਚ ਨੂੰ ਸਿੱਧੀ ਗਲੀ ਬਣਾਉਣ ਦਾ ਪੁਰਾਣੀ ਪੰਚੈਤ ਦਾ ਫੈਸਲਾ ਕਤੱਈ ਮਨਜ਼ੂਰ ਨਹੀਂ ਸੀ। ਸਿੱਧੀ ਗਲੀ ਬਣਾਉਣ ਲੱਗਿਆ ਉਦੋਂ ਦੀ ਪੰਚੈਤ ਨੇ ਪੁਰਾਣੀ, ਵਿੰਗੀ-ਤੜਿੰਗੀ ਗਲੀ ਵਿਚ ਲੱਗੀਆਂ ਬਹੁਤ ਪੁਰਾਣੀਆਂ ਟੁੱਟ ਭੱਜ ਗਈਆਂ ਇੱਟਾਂ ਬੇਕਾਰ ਸਮਝ ਕੇ ਪੁਟਵਾਈਆਂ ਨਹੀਂ ਸਨ। ਪਿੰਡ ਵਿਚ ਚਲਦੀਆਂ ਗੱਲਾਂ ਸੁਣਕੇ ਮੈਂ ਪੁਰਾਣੀ ਗਲੀ ਵਿਚੋਂ ਟੁੱਟੀਆ ਫੁੱਟੀਆਂ ਇੱਟਾਂ, ਇਟਾਂ ਦੇ ਰੋੜੇ, ਉਹ ਅਧਿਕਾਰੀਆਂ ਦੀ ਪ੍ਵਾਨਗੀ ਲੈ ਕੇ, ਪ੍ਰਸ਼ਾਸ਼ਨ ਤੇ ਪੁਲਿਸ ਪਾਰਟੀ ਦੀ ਮੌਜੂਦਗੀ ਵਿਚ ਲੇਬਰ ਲਾ ਕੇ ਪੁਟਵਾ ਦਿੱਤੇ ਸਨ। ਸਬੰਧਤ ਜੇ . ਈ. ਨੇ ਇੱਟਾਂ ਪੁਟਵਾਉਣ ਦੇ ਆਰਡਰ 'ਤੇ ਮੌਜੂਦਾ ਸਰਪੰਚ ਦੇ ਸਾਈਨ ਕਰਵਾ ਕੇ, ਸਰਪੰਚ ਦੀ ਮੁਹਰ ਵੀ ਲੁਆ ਲਈ ਸੀ।

ਕੁਝ ਪੰਚਾਇਤ ਮੈਂਬਰਾਂ ਤੇ ਕੁਝ ਜ਼ਿੰਮੀਂਦਾਰਾਂ ਨੇ ਚਿੜ੍ਹ ਕੇ ਉਹਨਾਂ ਦੇ ਖੇਤਾਂ ਵਿਚ ਕੰਮ ਕਰਦੇ, ਸਾਡੇ ਮੁਹੱਲੇ ਦੇ ਕੁਝ ਖੇਤ ਮਜ਼ਦੂਰ ਮਰਦ, ਔਰਤਾਂ ਨੂੰ ਪੁਰਾਣੀ ਗਲੀ ਵਿਚੋਂ ਇੱਟਾਂ ਪੁਟ ਰਹੀ ਲੇਬਰ ਨੂੰ ਇੱਟਾਂ ਪੁਟਣ ਤੋਂ ਰੋਕਣ ਲਈ ਭੇਜ ਦਿੱਤਾ ਸੀ। ਪੁਲਿਸ ਕਰਮਚਾਰੀਆਂ ਦੇ ਸਮਝਾਉਣ ਤੇ ਵੀ ਜ਼ਿੰਮੀਂਦਾਰਾਂ ਦੇ ਭੜਕਾਏ ਹੋਏ ਖੇਤ ਮਜ਼ਦੂਰ ਇੱਟਾਂ ਪੁਟਣ ਦੇ ਕੰਮ ਵਿਚ ਵਿਘਨ ਪਾਉਣ ਤੋਂ ਨਾ ਹਟੇ। ਤਾਂ ਪੁਲਿਸ ਪਾਰਟੀ ਇਨ੍ਹਾਂ ਖੇਤ ਮਜ਼ਦੂਰਾਂ ਨੂੰ ਜੀਪ ਵਿਚ ਬਿਠਾ ਕੇ ਥਾਣੇ ਲੈ ਗਈ ਤੇ ਉਨ੍ਹਾਂ ਤੇ ਸਰਕਾਰੀ ਕੰਮ ਵਿਚ ਵਿਘਨ ਪਾਉਣ ਤੇ ਪ੍ਰਸ਼ਾਸ਼ਨ ਦੇ ਕਰਮਚਾਰੀਆਂ ਨਾਲ ਹੱਥੋਂ ਪਾਈ ਹੋਣ ਦਾ ਦੋਸ਼ ਲਾ ਕੇ ਫ਼ੌਜਦਾਰੀ ਕੇਸ ਬਣਾ ਦਿੱਤਾ। ਪੰਚੈਤ ਮੈਂਬਰ ਉਨ੍ਹਾਂ ਖੇਤ ਮਜ਼ਦੂਰਾਂ ਨੂੰ ਜਮਾਨਤਾ ਕਰਵਾ ਕੇ, ਪੁਲਿਸ ਕੋਲੋਂ ਛੁਡਾ ਲਿਆਏ ਸਨ।

ਵਿੰਗੀ ਟੇਢੀ ਗਲੀ ਵਿਚੋਂ ਇੱਟਾਂ ਪੁਟਵਾਏ ਜਾਣ ਸਬੰਧੀ ਪਿੰਡ ਵਿਚ ਇਕ ਮੀਟਿੰਗ ਬੁਲਾਈ ਗਈ

ਸੀ। ਮੈਨੂੰ ਵੀ ਉਸ ਵਿਚ ਬੁਲਾਇਆ ਗਿਆ ਸੀ। ਪਰ ਮੈਂ ਘਰੋਂ ਬਾਹਰ ਹੋਣ ਕਰਕੇ ਉਸ ਵਿਚ ਸ਼ਾਮਿਲ ਨਹੀਂ ਹੋ ਸਕਿਆ ਸਾਂ। ਮੈਨੂੰ ਮੇਰੇ ਗੁਆਂਢੀ ਚੌਂਕੀਦਾਰ, ਕਰਮ ਸਿੰਘ ਨੇ ਆ ਕੇ ਦੱਸਿਆ ਸੀ ਕਿ ਮੈਂ ਚੰਗਾ ਕੀਤਾ, ਉਸ ਮੀਟਿੰਗ ਵਿਚ ਨਹੀਂ ਗਿਆ। ਕਿਉਂਕਿ ਉਸ ਮੀਟਿੰਗ ਵਿਚ ਮੇਰੇ ਤੇ ਮੇਰੇ ਪਰਵਾਰ ਬਾਰੇ ਜਾਤੀ ਸੂਚਕ ਸ਼ਬਦ ਵਰਤਦਿਆਂ ਗਾਲਾਂ ਕੱਢੀਆ ਗਈਆਂ ਸਨ। ਮੈਂ ਨਾਲ ਦੀ ਨਾਲ ਸੋਚੀ ਜਾ ਰਿਹਾ ਸਾਂ ਕਿ ਜੇ ਮੈਂ ਉਥੇ ਹੁੰਦਾ ਤਾਂ ਇਹਨਾਂ ਗਾਲੀਆਂ ਨੂੰ ਕਿਵੇਂ ਬਰਦਾਸ਼ਤ ਕਰਦਾ? ਉਹਨੇ ਦੱਸਿਆ ਕਿ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਹੈ ਕਿ ਮੈਂ ਪੰਚਾਇਤ ਨੂੰ ਵੀਹ ਹਜ਼ਾਰ ਰੁਪਏ ਡੰਨ ਦਵਾਂ ਤੇ ਵਿੰਗੀ ਟੇਢੀ ਗਲੀ ਪੱਕੀ ਕਰਨ ਲਈ ਪੰਚਾਇਤ ਨੂੰ ਖਰਚਾ ਦੇਵਾਂ ਨਾਲੇ ਨਵੀਂ ਬਣਾਈ ਸਿੱਧੀ ਗਲੀ ਦੀ ਥਾਂ ਪੁਰਾਣੀ ਵਿੰਗੀ ਟੇਢੀ ਗਲੀ ਹੀ ਚਾਲੂ ਰਹੇਗੀ। ਚੌਂਕੀਦਾਰ ਨੇ ਮੈਨੂੰ ਤਾਕੀਦ ਕੀਤੀ ਸੀ ਕਿ ਜੇ ਇਹ ਫੈਸਲਾ ਮੈਨੂੰ ਮਜ਼ੂਰ ਹੈ ਤਾਂ ਮੈਂ ਪਿੰਡ ਦੀ ਪੰਚੈਤ ਕੋਲ ਜਾ ਕੇ ਦੱਸ ਦਵਾਂ।

ਪਿੰਡ ਦੀ ਪੰਚੈਤ ਦਾ ਫੈਸਲਾ ਸੁਣ ਕੇ ਮੇਰੇ ਹੋਸ਼ ਉਡ ਗਏ ਸਨ। ਪੁਰਾਣੀ ਗਲੀ ਦੀ ਥਾਂ ਨਵੀਂ, ਸਿੱਧੀ ਗਲੀ ਪੰਚੈਤ ਦੇ ਰੀਕਾਰਡ ਵਿਚ ਦਰਜ ਹੋ ਚੁੱਕੀ ਸੀ ਤੇ ਪੁਰਾਣੀ ਪੰਚੈਤ ਨੇ ਵਿੰਗੀ ਟੇਢੀ ਗਲੀ ਦੀ ਥਾਂ ਨਵੀਂ, ਸਿੱਧੀ ਗਲੀ ਬਣਾਉਣ ਦੀ ਪ੍ਰਵਾਨਗੀ ਡਾਇਰੈਕਟ ਪੰਚਾਇਤ ਤੋਂ ਲੈ ਲਈ ਸੀ। ਪਰ ਨਵੀਂ ਪੰਚੈਤ ਪਿੰਡ ਵਿਚ ਮਨ ਮਰਜੀ ਦਾ ਕਾਨੂੰਨ ਲਾਗੂ ਕਰ ਰਹੀ ਸੀ।

ਨਵੀਂ ਪੰਚੈਤ ਦਾ ਪੁਰਾਣੀ ਵਿੰਗੀ ਟੇਢੀ ਗਲੀ ਚਾਲੂ ਕਰਨ ਦਾ ਧੱਕੇਸ਼ਾਹੀ ਵਾਲਾ ਫੈਸਲਾ ਸੁਣਕੇ ਤੇ ਪੰਚੈਤ ਵਿਚ ਸ਼ਰੇਆਮ ਮੈਨੂੰ ਤੇ ਮੇਰੇ ਪਰਿਵਾਰ ਦੇ ਜੀਆਂ ਲਈ ਜਾਤੀ ਸੂਚਕ ਸ਼ਬਦ ਵਰਤੇ ਜਾਣ ਤੇ ਗਾਲੀਆਂ ਕੱਢੇ ਜਾਣ ਬਾਰੇ ਸੁਣ ਕੇ ਮੈਂ ਡਿਪਰੈਸ਼ਨ ਵਿਚ ਚਲਿਆ ਗਿਆ ਸਾਂ।

ਜਦ ਮੈਂ ਪੰਚੈਤ ਵਿਚ ਜਾ ਕੇ ਪੰਚੈਤ ਦਾ ਫੈਸਲਾ ਮੰਨਣ ਜਾਂ ਨਾ ਮੰਨਣ ਬਾਰੇ ਸੂਚਨਾ ਦਿੱਤੀ ਤਾਂ ਪਿੰਡ ਵਿਚ ਮੈਨੂੰ ਤੇ ਮੇਰੇ ਪਰਿਵਾਰ ਦੇ ਜੀਆਂ ਨੂੰ, ਗ੍ਰਿਫਤਾਰ ਕਰਵਾਉਣ ਦਾ ਸ਼ੋਰ ਪਾਇਆ ਜਾਣ ਲੱਗਿਆ।

ਪੰਚਾਇਤ ਨੇ, ਪੰਚਾਇਤ ਦੇ ਕਾਰਵਾਈ ਰਜਿਸਟਰ ਵਿਚ ਮਤਾ ਪਾਸ ਕੀਤਾ ਕਿ 'ਸਰੂਪ ਸਿੰਘ ਦੇ ਪਰਿਵਾਰ ਨੇ ਪੰਚੈਤ ਦੀ ਗਲੀ ਵਿਚੋਂ ਇੱਟਾਂ ਪੁਟ ਕੇ, ਪੰਚਾਇਤ ਦੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਲਈ ਸਰੂਪ ਸਿੰਘ ਦੇ ਪਰਵਾਰ ਵਿਰੁੱਧ ਫ਼ੌਜਦਾਰੀ ਕੇਸ ਦਰਜ ਕੀਤਾ ਜਾਵੇ ਤੇ ਉਸਦੇ ਪਰਵਾਰ ਨੂੰ ਅਰੈਸਟ ਕੀਤਾ ਜਾਵੇ।' ਇਸ ਮਤੇ ਵਿਚ ਅਰੈਸਟ ਕਰਨ ਦੀ ਸੂਚੀ ਵਿਚ ਮੇਰਾ, ਮੇਰੀ ਪਤਨੀ, ਮੇਰੇ ਲੜਕੇ ਅਤੇ ਉਹਦੀ ਪਤਨੀ ਮੇਰੀਆਂ ਦੋਵੇਂ ਅਨਮੈਰਿਡ ਲੜਕੀਆਂ ਤੇ ਮੇਰੇ ਭਤੀਜੇ ਦੇ ਨਾਂ ਲਿਖੇ ਸਨ। ਇਸ ਮਤੇ ਦੀਆਂ ਨਕਲਾਂ ਲੈ ਕੇ ਪੰਚੈਤ ਮੈਂਬਰ ਪੁਲਿਸ ਇਸਪੈਕਟਰ, ਕੁਰਾਲੀ ਤੇ ਪੁਲਿਸ ਕਪਤਾਨ, ਰੋਪੜ ਨੂੰ ਮਿਲਕੇ, ਮੇਰੇ ਪਰਿਵਾਰ ਨੂੰ ਫ਼ੌਜਦਾਰੀ ਕੇਸ ਦਰਜ ਕਰਕੇ ਗ੍ਰਿਫਤਾਰ ਕਰਵਾਉਣ ਲਈ ਸਿਫਾਰਿਸ਼ਾਂ ਲੁਆਉਣ ਲੱਗੇ। ਕਿਉਂਕਿ ਗਲੀ ਸਿੱਧੀ ਕਰਨ ਦੇ ਹੁਕਮਾਂ ਤੇ ਪੁਰਾਣੀ ਵਿੰਗੀ ਟੇਢੀ ਗਲੀ ਵਿਚੋਂ ਇੱਟਾਂ ਪੁਟਵਾਏ ਜਾਣ ਦੇ ਹੁਕਮਾਂ ਦੀ ਇਕ ਫਾਈਲ ਪੁਲਿਸ ਦੇ ਰੀਕਾਰਡ ਵਿਚ ਵੀ ਪਈ ਸੀ। ਇਸ ਲਈ ਪੁਲਿਸ ਪੰਚੈਤ ਦੀਆਂ ਅਰਜੀਆਂ 'ਤੇ ਕੋਈ ਕਾਰਵਾਈ ਨਹੀਂ ਕਰ ਰਹੀ ਸੀ।

ਪਿੰਡ ਦੀ ਪੰਚੈਤ ਤੇ ਉਹਨਾਂ ਦੇ ਸਰਗਰਮ ਸਮਰਥਕ ਤੈਸ਼ ਵਿਚ ਆ ਗਏ ਸਨ ਕਿ ਪੁਲਿਸ ਕੌਣ ਹੁੰਦੀ ਹੈ? ਜਿਹੜੀ ਪੰਚੈਤ ਦੇ ਪਾਸ ਕੀਤੇ ਮਤੇ ਨੂੰ ਦਰ ਕਿਨਾਰ ਕਰਕੇ, ਪਿੰਡ ਦੇ ਇਕ ਪਰਿਵਾਰ ਨੂੰ ਆਰੈਸਟ ਨਾ ਕਰੇ? ਤੇ ਪੰਚੈਤ ਨੇ ਉਹਨੂੰ ਦਿੱਤੀਆਂ ਵਿਸ਼ੇਸ਼ ਤਾਕਤਾਂ ਦੀ ਵਰਤੋਂ ਕਰਦਿਆਂ ਹਾਈ ਕੋਰਟ ਦਾ ਦਰ ਜਾ ਖੜਕਾਇਆ।

ਮੈਨੂੰ ਪਿੰਡ ਦੇ ਲੋਕਾਂ ਤੋਂ ਪੰਚੈਤ ਦੁਆਰਾ ਕੀਤੀ ਜਾ ਰਹੀ ਕਾਰਵਾਈ ਬਾਰੇ ਪਤਾ ਲਗਦਾ ਰਹਿੰਦਾ ਸੀ। ਮੈਂ ਆਪ ਵੀ ਦਫ਼ਤਰਾਂ ਵਿਚ ਘੁੰਮ-ਫਿਰ ਕੇ ਪਤਾ ਕਰਦਾ ਰਹਿੰਦਾ ਸਾਂ। ਮੈਂ ਸੋਚ-ਸੋਚ ਕੇ ਥੱਕ ਜਾਂਦਾ ਸਾਂ ਪਰ ਮੈਨੂੰ ਸਮਝ ਨਹੀਂ ਸੀ ਲਗਦੀ ਕਿ ਆਖਰ ਮੈਂ ਪੰਚੈਤ ਮੈਂਬਰਾਂ ਤੇ ਪਿੰਡ ਵਾਲਿਆਂ ਦਾ ਕੀ ਵਿਗਾੜਿਆ ਸੀ... ਕਿ ਉਹ ਹੱਥ ਧੋ ਕੇ ਮੇਰੇ ਤੇ ਮੇਰੇ ਪਰਿਵਾਰ ਦੇ ਮਗਰ ਕਿਉਂ ਪੈ ਗਏ ਸਨ। ਇਹ

ਸੋਚਦਿਆਂ ਮੈਂ ਦਿਨ, ਰਾਤ ਡਿਪਰੈਸ਼ਨ ਵਿਚ ਰਹਿਣ ਲੱਗ ਪਿਆ ਸਾਂ। ਮੇਰਾ ਤਾਂ ਪਿੰਡ ਵਾਲਿਆਂ ਨਾਲ ਕੋਈ ਵੈਰ ਵਿਰੋਧ ਨਹੀਂ ਸੀ, ਮੈਂ ਸਕੂਲ ਵਿਚ ਉਨ੍ਹਾਂ ਦੇ ਲੜਕੇ ਲੜਕੀਆਂ ਨੂੰ ਪੜ੍ਹਾਉਂਦਾ ਸਾਂ। ਮੈਨੂੰ ਜਾਪਦਾ ਕਿ ਜਿਵੇਂ ਪਿੰਡ ਦੇ ਮੇਰੇ ਪੇਸ਼ ਪਏ ਹੋਏ ਇਨ੍ਹਾਂ ਉੱਚ-ਜਾਤੀ ਦੇ ਲੋਕਾਂ ਦੇ ਪੂਰਵਜਾਂ ਦਾ ਮੇਰੇ ਪੂਰਵਜਾਂ ਜਿਹੜੇ ਜੀਭਾਂ, ਹੱਥ ਤੇ ਪੈਰ ਕੱਟੇ ਹੋਏ... ਮੈਨੂੰ ਸੁਪਨੇ ਵਿਚ ਮਿਲੇ ਸਨ... ਨਾਲ ਕੋਈ ਪੁਰਾਣਾ ਵੈਰ ਚੱਲਿਆ ਆਉਂਦਾ ਉਸਦਾ ਬਦਲਾ ਇਹ ਉੱਚ ਜਾਤੀਏ ਮੈਥੋਂ ਇਹਨਾਂ ਦੇ ਅੜਿੱਕੇ ਚੜ੍ਹੇ ਹੋਏ ਤੋਂ ਲੈ ਰਹੇ ਹੋਣ।

ਜਦੋਂ ਮੈਨੂੰ ਪਤਾ ਲੱਗਿਆ ਕਿ ਪੰਚੈਤ ਨੇ ਮੇਰੇ ਪਰਿਵਾਰ ਦੇ ਮੈਂਬਰਾਂ ਨੂੰ ਅਰੈਸਟ ਕਰਵਾਉਣ ਲਈ ਹਾਈ ਕੋਰਟ ਵਿਚ ਫ਼ੌਜਦਾਰੀ ਰਿੱਟ ਪਟੀਸ਼ਨ ਦਾਇਰ ਕੀਤੀ ਹੈ, ਤਾਂ ਮੇਰਾ ਦਿਲ ਦਹਿਲ ਗਿਆ ਕਿਉਂਕਿ ਮੈਨੂੰ ਪਤਾ ਸੀ ਕਿ ਪੰਚੈਤ ਦੇ ਵਕੀਲ ਨੇ ਹਾਈ ਕੋਰਟ ਵਿਚ ਤੱਥਾਂ ਨੂੰ ਲਕੋ ਕੇ ਜਾਂ ਤੋੜ ਮਰੋੜ ਕੇ ਕੇਸ ਪਾਇਆ ਹੋਵੇਗਾ, ਜਿਸ ਕਰਕੇ ਮੇਰੀ ਤੇ ਮੇਰੇ ਪਰਿਵਾਰ ਦੇ ਮੈਂਬਰਾਂ ਦੀ ਗ੍ਰਿਫਤਾਰੀ ਯਕੀਨੀ ਹੈ।

ਉਹੀ ਗੱਲ ਹੋਈ ਜਿਸਦਾ ਡਰ ਸੀ, ਕੁਝ ਦਿਨਾਂ ਬਾਅਦ ਦਲਿਤ ਪੰਚ, ਬਜ਼ੁਰਗ ਰਾਮ ਕਿਸ਼ਨ ਪਿੰਡ ਵਿਚ ਰੌਲਾ ਪਾਉਂਦਾ ਘੁੰਮਣ ਲੱਗਿਆ, ''ਤਾਂ ਬਾਕੀ ਬਾਅਦ ਮਾਂ ਪੰਚੈਤ ਨੇ ਸਰੂਪ ਦੇ ਪਰਿਵਾਰ ਦੇ ਗ੍ਰਿਫਤਾਰੀ ਵਰੰਟ ਹਾਈ ਕੋਰਟ ਤੋਂ ਕਢਵਾਏ ਐ। ਅੱਜ ਪੁਲਿਸ ਨੇ ਉਹਨੂੰ ਅਤੇ ਉਹਦੀਆਂ ਕੁੜੀਆਂ ਨੂੰ ਗ੍ਰਿਫਤਾਰ ਕਰਨ ਆਉਣਾ। ਲੁਕੋ ਦੇਣ ਇਹ ਕੁੜੀਆਂ ਨੂੰ ਕਿਥੇ ਲੁਕੋਂਦੇ ਐ। ਤਾਂ ਬਾਕੀ ਬਾਅਦ ਮਾਂ ਪੁਲਿਸ ਤਾਂ ਬੰਦੇ ਨੂੰ ਪਤਾਲ ਮਾਂ ਤੇ ਬੀ ਲੱਭ ਲੈਂਦੀ ਐ।''

ਮੈਨੂੰ ਪਿੰਡ ਦਾ ਸਰਪੰਚ, ਰਣਬੀਰ ਸਿੰਘ ਰਾਹ ਵਿਚ ਮਿਲ ਗਿਆ। ਕੱਟੀ ਹੋਈ ਦਾੜੀ ਮੁੱਛਾਂ ਖੜੀਆਂ ਕੀਤੀ ਹੋਈਆਂ ਸਨ। ਮੈਨੂੰ ਕਹਿਣ ਲੱਗਿਆ, ''ਪੰਚਾ ਨੇ ਥੁਆਡੇ ਪਰਿਵਾਰ ਦੇ ਗ੍ਰਿਫਤਾਰੀ ਦੇ ਆਰਡਰ ਕਰਵਾਏ ਐ। ਪਿੰਡ ਦੀਆਂ ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ, ਕੁੜੀਆਂ ਨੂੰ ਪਾਸੇ ਕਰ ਦਿਓ। ... ਮੇਰੇ ਕੋਲ ਤਾਂ ਚਾਰੇ ਪੰਚ 'ਕੱਠੇ ਹੋ ਕੇ ਆ ਜਾਂਦੇ ਐ... ਕਹਿ ਦਿੰਦੇ ਐ... ਪੰਚੈਤ ਦੇ ਕਾਰਵਾਈ ਰਜਿਸਟਰ 'ਤੇ ਸਾਈਨ ਕਰ ਦੇ। ਨਹੀਂ ਤੈਨੂੰ ਸਰਪੰਚੀ ਤੋਂ ਲਾਹ ਦੇਣੈ। ਮੈਨੂੰ ਮਜ਼ਬੂਰੀ ਵਿਚ ਸਾਈਨ ਕਰਨੇ ਪੈਂਦੇ ਐ।'' ਇਹ ਕਹਿੰਦਿਆਂ ਉਹ ਖੱਚਰੀ ਹਾਸਾ ਹੱਸਣ ਲੱਗਾ। ਜਿਵੇਂ ਸਾਡੇ ਪਰਿਵਾਰ ਵਿਰੁੱਧ ਪਾਏ ਕੇਸ ਵਿਚ ਆਪਣੀ ਲਾਚਾਰੀ ਪ੍ਰਗਟ ਕਰ ਰਿਹਾ ਹੋਵੇ।

'ਪਿੰਡ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਸਭ ਦੀ ਸਾਂਝੀ ਹੁੰਦੀ ਹੈ।' ਸਰਪੰਚ ਰਣਬੀਰ ਸਿੰਘ ਨੇ ਕਿਹਾ ਤਾਂ ਸੀ ਪਰ ਉਹਦੇ ਮੂੰਹੋਂ ਇੰਜ ਕਹਿਣਾ ਫਬਿਆ ਨਹੀਂ ਸੀ। ਮੈਨੂੰ ਤਾਂ ਉਦੋਂ ਇਹੀ ਜਾਪਿਆ ਸੀ ਕਿ ਪਿੰਡ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਸਭ ਦੀ ਸਾਂਝੀ ਹੁੰਦੀ ਏ' ਇਹ ਅਖਾਉਤ ਪਿੰਡ ਦੇ ਉੱਚ ਜਾਤੀ ਲੋਕਾਂ ਦੀਆਂ ਧੀਆਂ-ਭੈਣਾਂ ਤੇ ਹੀ ਲਾਗੂ ਹੁੰਦੀ ਏ। ਤੇ ਪੰਜਾਬੀ ਸੱਭਿਆਚਾਰ ਦੀ ਇਹ ਕਹਾਵਤ ਉਕਤੀ ਅਛੂਤਾਂ ਦਲਿਤਾਂ ਦੀਆਂ ਧੀਆਂ ਭੈਣਾਂ ਲਈ ਨਹੀਂ ਬਣੀ। ਕਿਉਂਕਿ ਪਿੰਡ ਦੇ ਬਹੁਤ ਸਾਰੇ ਲੋਕ ਮੇਰੇ ਘਰ ਦੇ ਬੂਹੇ ਅੱਗੇ ਨੂੰ ਦਿਨ ਵਿਚ ਕਈ ਕਈ ਗੇੜੇ ਮਾਰਦੇ ਸਨ ਤਾਂ ਜੋ ਉਹ ਮੇਰੀਆਂ ਨੌਜਵਾਨ ਧੀਆਂ ਦੀ ਪੁਲਿਸ ਰਾਹੀਂ ਗ੍ਰਿਫਤਾਰੀ ਹੁੰਦੀ... ਆਪਣੀਆਂ ਅੱਖਾਂ ਨਾਲ ਦੇਖ ਸਕਣ। ਮੇਰਾ ਪਿੰਡ ਦੇ ਸਾਰੇ ਲੋਕਾਂ ਉੱਤੇ ਭਰੋਸਾ ਚੁੱਕਿਆ ਗਿਆ ਸੀ। ਮੈਂ ਸੋਚਦਾ ਕਿ ਕੀ ਪਿੰਡ ਵਿਚ ਇਕ ਵੀ ਅਜਿਹਾ ਵਿਅਕਤੀ ਨਹੀਂ, ਜਿਹੜਾ ਉਹਨਾਂ ਚਾਰ ਪੰਚੈਤ ਮੈਂਬਰਾਂ ਨੂੰ ਸਮਝਾ ਸਕਦਾ ਹੋਵੇ ਕਿ ਮੇਰੇ ਪਰਿਵਾਰ ਦੇ ਜੀਆਂ ਵਿਰੁੱਧ ਉਹ ਅਜਿਹਾ ਝੂਠਾ ਕੇਸ ਕਿਉਂ ਬਣਾ ਰਹੇ ਹਨ?

ਮੈਂ ਸਕੂਲ ਤੋਂ ਤਿੰਨ ਮਹੀਨੇ ਦੀ ਲੰਮੀ ਛੁੱਟੀ ਲੈ ਲਈ ਸੀ। ਪਿੰਡ ਵਿਚ ਆਪਣੇ ਘਰ ਨੂੰ ਤਾਲਾ ਲਾ ਦਿੱਤਾ ਸੀ। ਕੁੜੀਆਂ ਨੂੰ ਤੇ ਪਰਿਵਾਰ ਦੇ ਜੀਆਂ ਨੂੰ ਦੂਰ-ਪਾਰ ਦੀਆਂ ਰਿਸ਼ਤੇਦਾਰੀਆਂ ਵਿਚ ਛੱਡ ਆਇਆ ਸਾਂ। ਮੈਂ ਜਾਣਕਾਰਾਂ ਨੂੰ ਲੈ ਕੇ ਪੁਲਿਸ ਇੰਸਪੈਕਟਰ ਕੁਰਾਲੀ ਤੇ ਪੁਲਿਸ ਕਪਤਾਨ ਰੋਪੜ ਦੇ ਦਫ਼ਤਰਾਂ ਵਿਚ ਚੱਕਰ ਮਾਰ ਰਿਹਾ ਸਾਂ ਤਾਂ ਜੋ ਪਤਾ ਲਗਾ ਸਕਾਂ ਕਿ ਮੇਰੇ ਪਰਿਵਾਰ ਦੇ ਜੀਆਂ ਖ਼ਿਲਾਫ਼ ਕਿਹੜੀਆਂ ਕਿਹੜੀਆਂ ਫ਼ੌਜਦਾਰੀ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਹੈ? ਤੇ ਕੀ ਮੇਰੇ ਪਰਿਵਾਰ ਦੇ

ਜੀਆਂ ਦੀਆਂ ਅਗੇਤੀਆਂ ਜ਼ਮਾਨਤਾਂ ਹੋ ਸਕਦੀਆਂ ਹਨ? ਜੇ ਹੋ ਸਕਦੀਆਂ ਹਨ ਤਾਂ ਜ਼ਿਲ੍ਹਾ ਅਦਾਲਤ ਤੋਂ ਜਾਂ ਹਾਈਕੋਰਟ ਤੋਂ ਕਰਵਾਈਆਂ ਜਾ ਸਕਦੀਆਂ ਹਨ? ਮੇਰੇ ਕੋਲੋਂ ਹਜ਼ਾਰਾ ਰੁਪਏ ਨਿੱਤ ਪਾਰਟੀਆਂ ਤੇ ਕਿਰਾਏ 'ਤੇ ਕੀਤੀਆਂ ਕਾਰਾਂ ਤੇ ਖਰਚ ਹੋ ਰਹੇ ਸਨ। ਜਿਨ੍ਹਾਂ ਨੂੰ ਨਾਲ ਤੋਰਨਾ ਹੈ, ਉਨ੍ਹਾਂ 'ਤੇ ਖਰਚਾ ਤਾਂ ਕਰਨਾ ਹੀ ਪੈਂਦਾ ਹੈ। ਮੈਨੂੰ ਕੁਝ ਵੀ ਸੁਝਦਾ ਨਹੀਂ ਸੀ, ਕੀ ਕਰਾਂ? ਕਿਧਰ ਨੂੰ ਜਾਵਾਂ?? ਕਿਸੇ ਨੂੰ ਪਾਰਟੀ ਕਰਦਿਆਂ ਪਾਰਟੀ ਵਿਚ ਆਪ ਵੀ ਦਾਰੂ ਪੀਣੀ ਪੀਂਦੀ ਸੀ ਰਾਤ ਨੂੰ ਕੋਈ ਪਤਾ ਨਹੀਂ ਸੀ ਹੁੰਦਾ ਕਿ ਸਵੇਰ ਨੂੰ ਕਿਧਰ ਨੂੰ ਜਾਣਾ ਹੈ? ਸਵੇਰੇ ਉਠਕੇ ਕਦੇ ਪੁਲਿਸ ਕੋਲ ਨੂੰ ਚੱਲ ਪੈਂਦੇ, ਕਦੇ ਵਕੀਲਾਂ ਕੋਲ ਨੂੰ ਤੇ ਕਦੇ ਜ਼ਮਾਨਤੀਆਂ ਕੋਲ ਨੂੰ? ਪਤਾ ਨਹੀਂ ਸੀ ਲੱਗ ਰਿਹਾ ਕੀ ਹੋਣਾ ਹੈ ਤੇ ਕੀ ਨਹੀਂ?? ਦੌੜ-ਭੱਜ ਕਰਕੇ, ਬੜੀ ਮੁਸ਼ਕਲ ਨਾਲ, ਪੰਚੈਤ ਰਾਹੀਂ ਮੇਰੇ ਤੇ ਮੇਰੇ ਪਰਿਵਾਰ ਦੇ ਮੈਂਬਰਾਂ ਖ਼ਿਲਾਫ਼ ਹਾਈ ਕੋਰਟ ਵਿਚ ਪਾਈ ਫ਼ੌਜਦਾਰੀ ਰਿਟ ਪਟੀਸ਼ਨ ਦਾ ਨੰਬਰ ਲਿਆ ਹੈ। ਇਹ ਕਰਿਮੀਨਲ ਮਿਸਲੇਨੀਅਸ ਨੰ. 12614 ਐਮ, ਆਫ 2001 ਹੈ। ਅਜੇ ਇਸਦਾ ਪਤਾ ਕਰਨਾ ਹੈ ਕਿ ਇਸ ਵਿਚ ਕੀ ਲਿਖਿਆ ਹੈ...? ... ਤੇ ਫੇਰ ਪਰਿਵਾਰ ਦੇ ਜੀਆਂ ਦੀਆਂ ਅਗੇਤੀਆਂ ਜ਼ਮਾਨਤਾਂ...।

ਤੇ ਇਸ ਵੇਲੇ ਮੈਨੂੰ ਪਤਾ ਨਹੀਂ ਲੱਗ ਰਿਹਾ ਕਿ ਮੈਂ ਆਪਣੀ ਸਵੈ-ਜੀਵਨੀ ਛਾਪਣ ਵਾਲੇ ਪ੍ਰਕਾਸ਼ਕ ਨੂੰ ਕੀ ਦੱਸਾ? ਤੇ ਕੀ ਨਾਂ ਦੱਸਾਂ? ਮੈਂ ਉਹਨੂੰ ਫ਼ੋਨ ਕਰਦਾ ਹਾਂ। ਪ੍ਰਕਾਸ਼ਕ ਜੀ! ਇਸ ਵੇਲੇ ਮੈਂ ਤੇ ਮੇਰਾ ਪਰਿਵਾਰ ਦਰਿਸ਼ਤ ਵਿਚ ਦਿਨ ਕੱਟ ਰਹੇ ਹਨ। ਸਨ 2001 ਤੋਂ ਹੀ ਮੇਰੇ ਪਰਿਵਾਰ ਵਿਰੁੱਧ ਹਾਈ ਕੋਰਟ ਵਿਚ ਫ਼ੌਜਦਾਰੀ ਕੇਸ ਤੇ ਸਿਵਲ ਕੇਸ ਚੱਲ ਰਹੇ ਹਨ। ਮੈਂ ਇਹ ਪਿੰਡ ਛੱਡ ਕੇ ਪਤਾ ਨਹੀਂ ਕਦੋਂ ਤੇ ਕਿੱਥੇ ਚਲਿਆ ਜਾਣਾ ਹੈ।

ਅਜਿਹੀ ਅਵਸਥਾ ਵਿਚ ਮੈਂ ਸਵੈ-ਜੀਵਨੀ ਤੇ ਇਸ ਪਿੰਡ ਦਾ ਨਾਂ ਨਹੀਂ ਲਿਖਵਾ ਸਕਦਾ। ਇਸ ਲਈ ਮੇਰੀ ਸਵੈ ਜੀਵਨੀ ਬਿਨਾ ਕਿਸੇ ਐਡਰੈੱਸ ਤੋਂ ਹੀ ਛਾਪਣ ਦੀ ਕ੍ਰਿਪਾਲਤਾ ਕਰਨਾ। •

ਮਾਲਵੇ ਦੇ ਕਿਸਾਨੀ ਸੱਭਿਆਚਾਰ ਨੂੰ ਮਨੋਵਿਗਿਆਨ ਤਰੀਕੇ ਨਾਲ ਪੇਸ਼ ਕਰਨ ਵਾਲੇ ਕਹਾਣੀਕਾਰ ਦਰਸ਼ਨ ਸਿੰਘ ਗੁਰੂ ਦਾ ਨਵਾਂ ਕਹਾਣੀ ਸੰਗ੍ਰਹਿ

ਓਪਰਾ ਖੇਤ



ਗੁਰੂ ਕਵੀ ਵੀ ਹੈ ਅਤੇ ਕਹਾਣੀਕਾਰ ਵੀ। ਉਸ ਅੰਦਰ ਪੋਂਡੂ ਕਥਾ ਲੜੀਆਂ ਦਾ ਇੱਕ ਭੰਡਾਰ ਹੈ ਅਤੇ ਉਹ ਇੱਕ ਜਣਨੀ ਵਾਂਗ ਇਹਨਾਂ ਕਹਾਣੀਆਂ ਨੂੰ ਇੱਕ ਇੱਕ ਕਰਕੇ ਇਸ ਦੁਨੀਆਂ ਵਿੱਚ ਲਿਆ ਰਿਹਾ ਹੈ। ਉਹ ਚਾਹੇ ਆਪਣੀ ਸਾਰੀ ਉਮਰ ਇਹ ਕਹਾਣੀਆਂ ਲਿਖੀਂ ਜਾਵੇ, ਭੰਡਾਰ ਖਤਮ ਹੋਣ ਵਾਲਾ ਨਹੀਂ ਹੈ। 'ਨੁਕਤਾ' ਕਹਾਣੀ ਲਿਖ ਕੇ ਗੁਰੂ ਨੇ ਜੱਟ ਦਾ ਜ਼ਮੀਨ ਨਾਲ ਮੋਹ ਅਜਿਹਾ ਦਿਖਾਇਆ ਕਿ ਮਨੁੱਖ ਦੀ ਜਾਨ ਵੀ ਜਾਇਦਾਦ ਤੋਂ ਕੁਰਬਾਨ ਹੋ ਗਈ 'ਨੁਕਤਾ' ਜਿਹੀ ਗਹਿਰ ਗੰਭੀਰ ਕਹਾਣੀ ਪਹਿਲਾਂ ਕਦੇ ਸ਼ਾਇਦ ਹੀ ਲਿਖੀ ਗਈ ਹੋਵੇ। 'ਓਪਰਾ ਖੇਤ' ਜੱਟ ਦੀ ਨਿਘਰਦੀ ਦਸ਼ਾ ਨੂੰ ਬਿਆਨ ਕਰਦੀ ਬੜੀ ਮਾਰਮਿਕ ਕਹਾਣੀ ਹੈ। ਅਜਿਹੀਆਂ ਕਹਾਣੀਆਂ ਦਰਸ਼ਨ ਗੁਰੂ ਹੀ ਲਿਖ ਸਕਦਾ ਹੈ, ਜਿਸਦੇ ਹੱਥ ਵਿੱਚ ਪਿੰਡ ਦੀਆਂ ਅਨੇਕਾਂ ਕਸਰਾਂ ਦੀ ਨਬਜ਼ ਫੜੀ ਹੋਈ ਹੈ। **-ਰਾਮ ਸਰੂਪ ਅਣਖੀ**

ਪ੍ਰਕਾਸ਼ਕ:
ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ
ਮੁੱਲ: 100, ਪੰਨੇ :112

ਯਾਦਾਂ: ਬੁੱਲ੍ਹੇ ਸ਼ਾਹ ਚੱਲ ਉੱਥੇ ਚੱਲੀਏ - ਦੀਪ ਦੇਵਿੰਦਰ ਸਿੰਘ

ਆਪਣੇ ਪਿੰਡ ਵਾਲੇ ਫ਼ੌਜੀ ਰਤਨ ਸਿਹੁੰ ਦੇ ਮਰਨ ਦੀ ਸਾਰੇ ਪਿੰਡ 'ਚ ਬੜ੍ਹੀ ਚਰਚਾ ਛਿੜੀ ਸੀ। ਸਿਖ਼ਰ ਦੁਪਹਿਰੇ ਉਪਲਾਂ ਦੇ ਮੋਰ੍ਹੇ 'ਚ ਝੋਨਾ ਲਾਉਂਦਿਆਂ ਦਿਮਾਗ਼ ਦੀ ਨਾੜੀ ਫੱਟਣ ਨਾਲ ਮਰਿਆ ਸੀ ਉਹ। ਪਿੰਡ 'ਚ ਜਿਹੜਾ ਵੀ ਸੁਣਦਾ ਯਕੀਨ ਨਾ ਕਰਦਾ। ਸੁਣ ਕੇ ਹੱਕਾ-ਬੱਕਾ ਜਿਹਾ ਰਹਿ ਜਾਂਦਾ ਤੇ ਆਪਣੇ ਲਾਗਲੇ ਨੂੰ ਹੈਰਾਨਗੀ ਜਿਹੀ 'ਚ ਕਹਿੰਦਾ 'ਕਿਤੇ ਲੋਕ ਖੰਭਾਂ ਦੀਆਂ ਡਾਰਾਂ ਤਾਂ ਨਹੀਂ ਬਣਾਈ ਜਾਂਦੇ।" ਫ਼ੌਜੀ ਆਪਣਾ ਤਾਂ ਕੱਲ ਸਾਡੇ ਨਾਲ ਗਿਆ ਸੀ ਟਰੱਕ 'ਚ ਬੈਠ ਕੇ। ਗੁਰੂ ਘਰਾਂ ਦੇ ਦਰਸ਼ਨ ਕਰਨ। ਸਾਰੇ ਰਾਹ ਆਪ ਢੋਲਕੀ ਵਜਾ ਕੇ ਸ਼ਬਦ ਪੜ੍ਹਦਾ ਰਿਹਾ। ਫਿਰ ਰਾਜ਼ੀ ਖ਼ੁਸ਼ੀ ਰਾਤੀਂ ਪਿੰਡ ਆਇਆ। ਇਹ ਕਿੰਦਾਂ ਹੋ ਸਕਦਾ। ਹਰ ਕੋਈ ਸੋਚ ਰਿਹਾ ਸੀ।

ਪਿੰਡ ਦੀ ਲਹਿੰਦੀ ਗੁੱਠੇ, ਛਪੜ ਦੇ ਪਾਰਲੇ ਕੰਢੇ, ਕੰਮੀਆਂ ਦੇ ਮਸਾਣਾਂ 'ਚ ਟੀਨ ਦੇ ਸ਼ੈੱਡ ਹੇਠਾਂ ਫ਼ੌਜੀ ਰਤਨ ਸਿਹੁੰ ਦੇ ਲੱਟ ਲੱਟ ਮੱਚਦੇ ਸਿਵੇ ਨੂੰ ਮੈਂ ਪਰ੍ਹਾਂ ਹਟਵਾਂ ਖਲੋਤਾ ਵੇਖ ਰਿਹਾ ਸਾਂ। ਚਿਖਾ 'ਚੋਂ ਉੱਠਦਾ ਘਸਮੈਲੇ ਜਿਹੇ ਰੰਗ ਦਾ ਧੂੰਆਂ ਵਿੰਗੇ ਟੇਢੇ ਰਾਹ ਬਣਾਉਂਦਾ ਦੂਰ ਨੀਲੇ ਅੰਬਰਾਂ ਦੇ ਖੁੱਲ੍ਹੇ ਖਲ੍ਹਾਅ ਜਾ ਕੇ ਖਿੰਡ ਪੁੰਡ ਰਿਹਾ ਸੀ। ਮੇਰੇ ਆਸ-ਪਾਸ ਖੜ੍ਹੇ ਲੋਕ ਅਜਿਹੇ ਮਾਤਮੀ ਮਾਹੌਲ 'ਚ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਹੇ ਸਨ। 'ਇਹ ਵੀ ਸ਼ੈਅ ਮੇਰੀ ਐ, ਉਹ ਵੀ ਮੇਰੀ ਐ ਕਰਦਾ ਬੰਦਾ ਖਪੀ ਜਾਂਦੈ। ਘਰ ਬਾਹਰ ਨੂੰ ਜੱਫੇ ਮਾਰਦਾ। ਇਥੇ ਆ ਕੇ ਜਦੋਂ ਸਾਢੇ ਤਿੰਨ ਹੱਥ ਜਿੰਮੀ 'ਤੇ ਲੱਗੀ ਲੱਕੜਾਂ ਦੀ ਢੇਰੀ ਤੇ ਆਣ ਪੈਂਦਾ ਤਾਂ ਮੁੱਕ ਜਾਂਦੈ ਸਭ ਕੁਝ।"

ਸਭ ਕੁਝ ਛਡ ਛਡਾ ਕੇ ਫ਼ੌਜੀ ਰਤਨ ਸਿਹੁੰ ਵੀ ਚਿੱਟੀ ਕੋਰੇ ਲੱਠੇ 'ਚ ਲਪੇਟਿਆਂ ਨੌਂ ਮਣ ਲੱਕੜਾਂ ਦੇ ਮੱਚਦੇ ਅੱਗ ਦੇ ਭਾਬੜਾਂ 'ਚ ਘਿਰਿਆ ਮੇਰੇ ਸਾਹਮਣੇ ਸੀ। ਉਸ ਦੀ ਜੀਵਨ-ਜਾਚ ਮੇਰੀਆਂ ਸੋਚਾਂ ਦਾ ਹਿੱਸਾ ਬਣਦੀ ਐ। ਮੈਂ ਸਕੂਲ ਪੜ੍ਹਦਾ ਹੁੰਦਾ ਸੀ ਉਦੋਂ ਜਦੋਂ ਫ਼ੌਜੀ ਪੈਨਸ਼ਨ ਪਾ ਕੇ ਘਰ ਆ ਗਿਆ ਸੀ। ਉਹ ਹੱਟੀਆਂ ਭੱਠੀਆਂ 'ਤੇ ਬੈਠਾ ਅਕਸਰ ਦੱਸਿਆ ਕਰਦਾ ਸੀ ਕਿ ਮਜਬੀ ਸਿੱਖ ਹੋਣ ਕਰਕੇ ਉਹ ਫ਼ੌਜ ਦੀ ਸਿੱਖ ਲਾਈ ਇੰਫੈਂਟਰੀ 'ਚ ਭਰਤੀ ਹੋਇਆ ਸੀ ਤੇ ਆਪਣੀ ਪਲਟਣ ਵਲੋਂ ਪੈਂਹਠ ਅਤੇ ਘਹੱਤਰ ਦੀਆਂ ਜੰਗਾਂ 'ਚ ਹਿੱਸਾ ਵੀ ਲਿਆ ਸੀ। ਉਹ ਫ਼ੌਜੀ ਜੀਵਨ ਦੀਆਂ ਨਿੱਕੀਆਂ ਨਿੱਕੀਆਂ ਗੱਲਾਂ ਦੱਸਦਾ ਤੇ ਲੋਕ ਰੀਝ ਨਾਲ ਸੁਣਦੇ। ਹੁਨਾਲ ਹੁੰਦਾ ਜਾਂ ਸਿਆਲ, ਪਿੰਡ ਆਏ ਫ਼ੌਜੀ ਨੂੰ ਜਦੋਂ ਵੀ ਵੇਖੋ ਪੋਚਵੀਂ ਪੱਗ, ਡੋਰੀ ਪਾ ਕੇ ਬੰਨ੍ਹੀ ਦਾੜ੍ਹੀ, ਸੂਟ-ਬੂਟ ਪਾ ਕੇ ਤਿਆਰ-ਬਰ-ਤਿਆਰ ਹੀ ਵਿਖਾਈ ਦਿੰਦਾ ਸੀ।

ਕੁਝ ਸਮਾਂ ਪਿੰਡ ਰਹਿ ਕੇ ਉਹ ਸਾਈਕਲ ਪਿੱਛੇ ਟੋਕਰੀ ਬੰਨ੍ਹ ਕੇ ਸਬਜ਼ੀ ਵੇਚਣ ਲੱਗਿਆ ਸੀ। ਸਾਈਕਲ ਦੇ ਕੈਰੀਅਲ ਹੇਠਾਂ ਉਹ ਚਾਰ ਕੁ ਫੁੱਟ ਦਾ ਪਤਲੀ ਜਿਹੀ ਸੋਟੀ ਅੜ੍ਹਾ ਕੇ ਰੱਖਦਾ ਹੁੰਦਾ ਸੀ। ਪਿੰਡ ਦੀਆਂ ਗਲੀਆਂ 'ਚ ਘੁੰਮਦਿਆਂ ਜਦ ਕਿਸੇ ਨਾਲੀ 'ਚ ਕੱਖ-ਕਾਨ ਅੜਿਆ ਵੇਖਦਾ ਤਾਂ ਝੱਟ ਆਪਣਾ ਸਾਈਕਲ ਕੰਧ ਨਾਲ ਢੋਅ ਲਾ ਕੇ ਖੜਾ ਕਰਦਾ। ਸਾਈਕਲ 'ਚ ਅੜਾਈ ਸੋਟੀ ਕੱਢ ਕੇ ਨਾਲੀ 'ਚ ਅੜੇ ਕਖ-ਕਾਨ ਨੂੰ ਬਾਹਰ ਕੱਢਦਾ। ਖਲੋਤੇ ਪਾਣੀ ਨੂੰ ਰਵਾਂ ਕਰਦਾ। ਰਸਤੇ ਵਿਚ ਪਏ ਇੱਟ ਵੱਟੇ ਜਾਂ ਛਾਪੇ ਢੀਂਗਰ ਨੂੰ ਚੁੱਕ ਕੇ ਦੂਰ ਖਤਾਨਾ 'ਚ ਵਗਾਹ ਮਾਰਦਾ। ਰਾਹ ਵਿਚਲੇ ਟੋਏ ਟਿੱਬਿਆਂ 'ਚ ਮਿੱਟੀ ਪਾ ਕੇ ਲੋਕਾਂ ਦੇ ਆਉਣ ਜਾਣ ਦਾ ਰਾਹ ਪਧਰਾ ਕਰਦਾ। ਗਲੀਆਂ 'ਚ ਫਿਰਦੇ ਨਿਆਣਿਆਂ ਨੂੰ ਆਪ ਉਹਨਾਂ ਦੀ ਉਂਗਲ ਫੜ ਕੇ ਪ੍ਰਾਇਮਰੀ ਸਕੂਲ 'ਚ ਪੜ੍ਹਾਉਂਦੇ ਵੱਡੇ ਮਾਸਟਰ ਸਾਹਮਣੇ ਵਿਛੇ ਤੱਪੜ ਉੱਤੇ ਬਿਠਾ ਕੇ ਆਉਂਦਾ ਹੁੰਦਾ ਸੀ। ਪਿੰਡ 'ਚ ਕਿਸੇ ਦੇ ਘਰ ਵਿਆਹ-ਸ਼ਾਦੀ ਹੁੰਦਾ ਜਾਂ ਮਰਨਾ ਪਰਨਾ, ਫ਼ੌਜੀ ਸਾਰੇ ਕੰਮ ਛੱਡ ਅਗਲਿਆਂ ਦੇ ਘਰ ਜਾ ਪਹੁੰਚਦਾ ਸੀ ਕੰਮ-ਧੰਦਾ ਕਰਵਾਉਣ ਲਈ।

ਮੈਨੂੰ ਚੇਤੇ ਐ ਸਿਆਲਾਂ ਦੇ ਠੰਢੇ ਯਖ਼ ਮੌਸਮ 'ਚ ਪ੍ਰਭਾਤ ਫੇਰੀ ਨਿਕਲਦੀ ਤਾਂ ਫ਼ੌਜੀ ਸਾਰੇ ਪਿੰਡ ਦੀ ਅਗਵਾਈ ਕਰਦਾ ਹੁੰਦਾ ਸੀ। ਮੂੰਹ ਹਨੇਰੇ ਗਲ 'ਚ ਢੋਲਕੀ ਪਾ ਕੇ ਸਭ ਤੋਂ ਮੂਹਰੇ ਹੋ ਕੇ ਤੁਰਦਾ। ਤਾਰਿਆਂ ਦੀ ਮੱਠੀ ਮੱਠੀ ਲੋਅ 'ਚ ਪਿੰਡ ਦੀ ਫਿਰਨੀ ਦੇ ਕੰਢੇ ਕੰਢੇ ਨੰਗੇ ਪੈਰੀਂ ਤੁਰਦਿਆਂ ਲੈਅ 'ਚ ਆਇਆ ਫ਼ੌਜੀ ਨਿੰਮੀ ਨਿੰਮੀ ਅਵਾਜ਼ 'ਚ ਸ਼ਬਦ ਪੜ੍ਹਦਾ- ਮੈਂ ਕਿਥੇ ਗੁਜ਼ਾਰਾਂ ਝਟ ਸਾਈਆਂ, ਜਗ ਕਿਸੇ ਗੱਲੇ ਨਾ ਰਾਜ਼ੀ।

ਫ਼ੌਜੀ ਦੀ ਜ਼ਬਾਨ ਤੋਂ ਨਿਕਲਿਆ 'ਕੱਲਾ 'ਕੱਲਾ ਸ਼ਬਦ ਦਿਲ ਦੇ ਦਿਮਾਗ਼ ਨੂੰ ਠੰਢਕ ਪਹੁੰਚਾਉਂਦਾ

ਤੇ ਅੰਮ੍ਰਿਤ ਵੇਲੇ ਪਿੰਡ ਦੀ ਫ਼ਿਜਾ ਹੋਰ ਸੁਹਾਵਣੀ ਤੇ ਨਿਖਰੀ ਨਿਖਰੀ ਲੱਗਦੀ। ਹਰ ਕੋਈ ਐਸਾ ਮੰਤਰ ਮੁਗਧ ਹੋਇਆ ਹੁੰਦਾ ਕਿ ਉਹਦੇ ਪਿੱਛੇ ਪਿੱਛੇ ਫਿਰਨੀ ਦੇ ਕੰਢੇ ਤੁਰਦਿਆਂ ਪਤਾ ਹੀ ਨਾ ਲੱਗਦਾ ਕਿ ਕਦੋਂ ਅੱਧੇ ਪਿੰਡ ਦਾ ਗੇੜਾ ਲੱਗ ਜਾਂਦਾ ਸੀ।

ਕੋਈ ਨਹੀਂ ਸੀ ਜਾਣਦਾ ਕਿ ਕੱਲ ਵਾਪਰੀ ਘਟਨਾ ਨਾਲ ਫ਼ੌਜੀ ਟੁੱਟ ਜਾਵੇਗਾ। ਕੱਲ ਰਾਤੀਂ ਮੈਂ ਆਪ ਦੇਖਿਆ ਸੀ ਜਦੋਂ ਵੱਡੇ ਗੁਰਦੁਆਰੇ ਦੇ ਲਾਗੇ ਖਲੋਤੇ ਯਾਤਰਾ ਵਾਲੇ ਟਰੱਕ ਵਿਚੋਂ ਉਹ ਹੇਠਾਂ ਉਤਰਿਆ ਸੀ ਤਾਂ ਉਸ ਦੀਆਂ ਦਿਮਾਗ਼ ਦੀਆਂ ਨਸਾਂ ਦਾ ਤਣਾਉ ਸਿਖਰ 'ਤੇ ਲੱਗਦਾ ਸੀ। ਉਹ ਕਦੀ ਆਪਣੇ ਦੋਹਾਂ ਹੱਥਾਂ ਦੇ ਪੋਟਿਆ ਨਾਲ ਪੁੜਪੁੜੀਆਂ ਨੂੰ ਘੁੱਟ ਕੇ ਫੜਦਾ ਤੇ ਫਿਰ ਜ਼ੋਰ ਜ਼ੋਰ ਝਪਕੀਆਂ ਜਿਹੀਆਂ ਮਾਰ ਕੇ ਸਿਰ ਨੂੰ ਛੰਡਦਾ। ਉਹ ਮੁੜ ਮੁੜ ਆਪਣੇ ਮੱਥੇ 'ਤੇ ਟਪਕਦੀਆਂ ਪਸੀਨੇ ਦੀਆਂ ਬੰਦਾਂ ਨੂੰ ਆਪਣੇ ਗਲ ਪਾਏ ਕਮੀਜ਼ ਦੇ ਕਫ਼ ਨਾਲ ਪੂੰਝਦਾ। ਲੱਤਾਂ ਧੂਹ-ਧੂਹ ਕੇ ਤੁਰਦਾ ਇਉਂ ਲੱਗਦਾ ਸੀ ਜਿਵੇਂ ਕਿਤੇ ਚਿਰ੍ਹਾਂ ਦਾ ਬੀਮਾਰ ਹੋਵੇ। ਉਹ ਬਿਨਾਂ ਕਿਸੇ ਨਾਲ ਬੋਲਿਆਂ ਚਾਲਿਆਂ ਆਪਣੇ ਘਰ ਨੂੰ ਜਾਂਦੀ ਤੰਗ ਗਲੀ ਵਾਲਾ ਮੋੜ ਮੁੜ ਗਿਆ ਸੀ।

ਫ਼ੌਜੀ ਦਾ ਵੱਡਾ ਮੁੰਡਾ ਵੀ ਅਫ਼ਸੋਸ ਕਰਨ ਆਇਆਂ ਨੂੰ ਦੱਸਦਾ ਕਿ ਘਰ ਜਾ ਕੇ ਵੀ ਉਹ ਉਖੜਿਆ-ਉਖੜਿਆ ਜਿਹਾ ਰਿਹਾ ਸੀ ਅਤੇ ਰਾਤੀਂ ਚੁੱਪ-ਚਾਪ ਕੋਠੇ ਉਪਰ ਡਿੱਠੀ ਮੰਜੀ ਤੇ ਜਾ ਪਿਆ ਸੀ। ਸਵੇਰੇ ਮੂੰਹ ਹਨੇਰੇ ਉੱਪਲਾਂ ਦੇ ਮੈਰੇ ਨੂੰ ਨਿਕਲ ਗਿਆ ਸੀ। ਜਿਥੋਂ ਉਹਨਾਂ ਮਰੇ ਨੂੰ ਮੰਜੇ 'ਤੇ ਪਾ ਕੇ ਘਰ ਲਿਆਂਦਾ ਸੀ।

ਮੈਂ ਸੋਚਿਆ ਕਿ ਉਹ ਤਾਂ ਉਦੋਂ ਹੀ ਮਰ ਗਿਆ ਸੀ ਜਦੋਂ ਨਮੋਸ਼ੀ ਦਾ ਮਾਰਿਆ ਨਿੰਮੋਝਿਊਣਾ ਮੂੰਹ ਲੈ ਕੇ ਡੇਰੇ ਦੇ ਗੇਟ ਤੋਂ ਬਾਹਰ ਨਿਕਲਿਆ ਸੀ। ਕਿੰਨੇ ਚਾਅ ਤੇ ਸ਼ਰਧਾ ਨਾਲ ਫ਼ੌਜੀ ਘਰੋਂ ਬਾਕੀ ਪਿੰਡ ਵਾਲਿਆਂ ਨਾਲ ਧਾਰਮਿਕ ਸਥਾਨਾਂ ਦੀ ਯਾਤਰਾ ਨੂੰ ਨਿਕਲਿਆ ਸੀ। ਕਿਸੇ ਵੱਡੀ ਨਹਿਰ ਦੇ ਕੰਢੇ ਤੇ ਬਣੇ ਆਲੀਸ਼ਾਨ ਸਥਾਨ 'ਤੇ ਰੁਕੇ ਸੀ ਜਾ ਕੇ। ਸੰਗਤ 'ਚ ਬੈਠ ਕੇ ਫ਼ੌਜੀ ਨੇ ਦੂਜਿਆਂ ਨਾਲੋਂ ਉੱਚੇ ਉੱਚੇ ਹੋ ਹੋ ਕੇ ਸੰਤਾਂ ਦੇ ਪ੍ਰਵਚਨ ਸੁਣੇ। ਲੰਮੇ ਚੌੜੇ ਭਾਸ਼ਨ ਤੋਂ ਬਾਅਦ ਡੇਰੇ ਦੇ ਮੁੱਖੀ ਨੇ ਆਪਣੀ ਗੱਲ ਸਮੇਟਦਿਆਂ ਕਿਹਾ ਕਿ ਭਾਈ ਤੁਸੀਂ ਦੂਰੋਂ ਨੇੜਿਉਂ ਚੱਲ ਕੇ ਆਏ ਜੇ, ਤੁਹਾਡੇ ਆਇਆਂ ਦਾ ਇਕ ਇਕ ਕਦਮ ਲੇਖੇ 'ਚ ਲੱਗਿਆ। ਤੁਹਾਡਾ ਆਉਣਾ ਸਫਲ ਹੋਇਆ। ਇਕ ਬੇਨਤੀ ਸਾਡੀ ਜ਼ਰੂਰ ਮੰਨਿਉ ਜੇ, ਕੋਈ ਵੀ ਮਾਈ ਭਾਈ ਪ੍ਰਸ਼ਾਦ ਛਕਣ ਤੋਂ ਬਗੈਰ ਨਾ ਜਾਇਉ। ਹਾਂ, ਇਕ ਗੱਲ ਦਾ ਖ਼ਾਸ ਖ਼ਿਆਲ ਰੱਖਿਉ, ਤੁਹਾਡੇ 'ਚ ਕੋਈ ਮਜਬੀ ਸਿੱਖ ਜਾਂ ਕੋਈ ਹੋਰ ਹੇਠਲੀ ਜਾਤੀ ਨਾਲ ਸਬੰਧਤ ਹੋਵੇ ਤਾਂ ਉਹਨਾਂ ਦਾ ਲੰਗਰ ਬਾਹਰ ਟੀਨ ਦੇ ਸ਼ੈੱਡ ਹੇਠਾਂ ਤਿਆਰ ਹੈ। ਉਥੇ ਹੀ ਬਰਤਨ ਪਏ ਨੇ। ਲੰਗਰ ਛਕ ਕੇ ਆਪੋ-ਆਪਣੇ ਭਾਂਡੇ ਉਥੇ ਹੀ ਧੋ ਕੇ ਮੂਧੇ ਮਾਰ ਜਾਇਉ ਜੇ।'

ਕ੍ਰੋਲਿਉ ਕ੍ਰੋਲੀ ਹੋਇਆ ਫ਼ੌਜੀ ਲੱਕ 'ਤੇ ਹੱਥ ਧਰ ਕੇ ਉੱਠਿਆ ਸੀ। ਉਹਦੇ ਚਿਹਰੇ 'ਤੇ ਛਾਈ ਪਿਲੱਤਣ ਵੇਖ ਕੇ ਲੱਗਦਾ ਸੀ ਜਿਵੇਂ ਉਹ ਚਾਹੁੰਦਾ ਹੋਵੇ ਕਿ ਧਰਤੀ ਦਾ ਕੜ੍ਹ ਪਾਟ ਜਾਵੇ ਤੇ ਉਹ ਉਹਦੇ ਵਿਚ ਹੀ ਗਰਕ ਹੋ ਜਾਵੇ। ਧੌਣ ਸੁੱਟੀ ਸਹਿਜ ਸਹਿਜ ਤੁਰਦਿਆਂ ਉਹਦੇ ਪੈਰ ਮਣ੍ਹਾਂ ਮੂੰਹੀ ਭਾਰੇ ਹੋ ਗਏ ਜਾਪਦੇ ਸਨ। ਬਿਨਾਂ ਕਿਸੇ ਨੂੰ ਉਡੀਕਿਆਂ ਨੀਵੀਂ ਪਾਈ ਉਹ ਟਰੱਕ ਦੇ ਡਾਲੇ 'ਚ ਲੱਤਾਂ ਲਮਕਾ ਕੇ ਜਾ ਬੈਠਾ ਤੇ ਅੰਦਰੇ ਅੰਦਰ ਖ਼ਿਆਲਾਂ ਦੇ ਯੁੱਧ ਲੜਦਾ ਰਿਹਾ ਸੀ।

ਮੈਂ ਵੇਖਦਾ ਹਾਂ ਕਿ ਫ਼ੌਜੀ ਦੀ ਚਿਖਾ ਅਧਿਉਂ ਬਹੁਤੀ ਬਲ ਗਈ ਐ। ਦੋ ਤਿੰਨ ਜਣ੍ਹੇ ਬਾਂਸ ਦੀਆਂ ਲੰਮੀਆਂ ਧੁਖੜੀਆਂ ਨਾਲ ਬਲਦੇ ਚੋਆਂ ਨੂੰ ਉਹਦੇ ਛਾਤੀ ਵਾਲੇ ਹਿੱਸੇ ਲਾਗੇ ਇਕੱਠੇ ਕਰ ਰਹੇ ਹਨ ਤਾਂ ਜੋ ਸਰੀਰ ਦੇ ਬਾਕੀ ਹਿੱਸਿਆਂ ਨਾਲ ਛਾਤੀ ਦਾ ਸੰਸਕਾਰ ਵੀ ਵੇਲੇ ਸਿਰ ਹੋ ਸਕੇ।

ਲੋਕ ਹੌਲੀ-ਹੌਲੀ ਪਿੰਡ ਵੱਲ ਜਾ ਰਹੇ ਹਨ ਮੈਂ ਵੀ ਮੜ੍ਹੀਆਂ ਦੁਆਲੇ ਹੋਏ ਵਲਗਣ 'ਚੋਂ ਬਾਹਰ ਨਿਕਲ ਕੇ ਪਿੰਡ ਦੀ ਫਿਰਨੀ ਤੇ ਆਣ ਚੜ੍ਹਦਾ ਹਾਂ। ਮੈਨੂੰ ਲੱਗਦੈ ਜਿਵੇਂ ਮੈਂ ਕਿਥੇ ਗੁਜ਼ਾਰਾਂ ਝੱਟ ਸਾਈਆਂ ਦਾ ਹੋਕਾ ਦਿੰਦੀ ਤੇ ਦਿਲ ਨੂੰ ਠੰਢਕ ਪਹੁੰਚਾਉਣ ਵਾਲੀ ਅਵਾਜ਼ ਪਿੰਡ ਦੀ ਫ਼ਿਜ਼ਾ 'ਚੋਂ ਖ਼ਾਮੋਸ਼ ਹੋ ਜਾਣ ਨਾਲ ਘੁੱਗ ਵੱਸਦਾ ਪਿੰਡ ਯਤੀਮ ਹੋ ਗਿਆ ਹੋਵੇ। •

498-ਏ, ਨਿਊ ਜਸਪਾਲ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਸਤਰ, ਮੋਬਾ. 98721-65707

ਵਿਚਾਰ ਚਰਚਾ

ਪੰਜਾਬੀ ਕਹਾਣੀ ਅਤੇ ਕਹਾਣੀ ਆਲੋਚਨਾ

ਕਹਾਣੀ ਧਾਰਾ ਵਲੋਂ ਕਹਾਣੀ ਆਲੋਚਨਾ ਤੇ ਵਿਚਾਰ ਚਰਚਾ ਚਲਾਉਣ ਲਈ ਅਸੀਂ ਪੰਜਾਬੀ ਦੇ ਕਹਾਣੀਕਾਰਾਂ, ਆਲੋਚਕਾਂ ਅਤੇ ਪਾਠਕਾਂ ਨੂੰ ਸਵਾਲ ਭੇਜੇ ਸਨ। ਪਤਾ ਨਹੀਂ ਕਿਉਂ ਕਹਾਣੀਕਾਰ ਸਵਾਲਾਂ ਦੇ ਉੱਤਰ ਲਿਖਣ ਵਿਚ ਤੁਬਕਦੇ ਹਨ। ਯੂਨੀਵਰਸਿਟੀਆਂ ਦੇ 'ਡਾਕਟਰ' ਇਸ ਨੂੰ ਨਿਖੱਧ ਕੰਮ ਸਮਝਦੇ ਹਨ। ਪੰਜਾਬੀ ਵਿਚ ਵਿਚਾਰ ਚਰਚਾ ਕਰਨ, ਚਲਾਉਣ ਪਿੱਛੇ ਖਤਰਨਾਕ ਕਿਸਮ ਦੀ ਖ਼ਮੋਸ਼ੀ ਹੈ। ਇਹਦੇ ਪਿੱਛੇ ਬਹੁਤ ਕਾਰਨ ਹਨ। ਕਹਾਣੀਕਾਰ ਡਰਦੇ ਹਨ ਕਿ ਮਤੇ ਸਾਡੀ ਗੱਲ ਤੇ ਕੋਈ ਆਲੋਚਕ ਜਾਂ ਕਹਾਣੀਕਾਰ ਗੁੱਸੇ ਨਾ ਹੋ ਜਾਵੇ। ਪਰ ਸਾਨੂੰ ਤਾਂ ਕੰਡਿਆ ਤੇ ਤੁਰਨ ਦੀ ਆਦਤ ਹੈ। - ਸੰਪਾਦਕ

1. ਅੱਜ ਲਿਖੀ ਜਾ ਰਹੀ ਪੰਜਾਬੀ ਕਹਾਣੀ 'ਚ ਜਟਿਲ ਬਿਰਤਾਂਤ ਕਿਉਂ ਵਧ ਰਿਹਾ ਹੈ।

2. ਕੀ ਤੁਸੀਂ ਸਮਝਦੇ ਹੋ ਕਿ ਅੱਜ ਦੀ ਕਹਾਣੀ ਕਥਾ ਰਸ ਤੋਂ ਬੇਮੁੱਖ ਹੋ ਗਈ ਹੈ।

3. ਕਹਾਣੀ ਆਲੋਚਕਾ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਅਜੋਕੀ ਪੰਜਾਬੀ ਕਹਾਣੀ ਦਾ ਭਵਿੱਖ ਕੋਈ ਬਹੁਤ ਵਧੀਆਂ ਨਹੀਂ ਬਣ ਰਿਹਾ।

4. ਵਿਸ਼ੇ ਪੱਖੋਂ ਪੰਜਾਬੀ ਕਹਾਣੀ ਦਿਨੋਂ ਦਿਨ ਸੁੰਗੜਨ ਕਿਓ ਲੱਗ ਰਹੀ ਹੈ।

5. ਪੰਜਾਬੀ ਕਹਾਣੀ ਵਿਚ ਘੱਟ ਗਿਣਤੀ ਲੋਕਾਂ ਪਾਤਰ ਦੇ ਤੌਰ ਨੇ ਕਿਉ ਨਹੀਂ ਆ ਰਹੇ। ਜਿਵੇਂ ਮੁਸਲਮਾਨ, ਬਾਜੀਗਰ ਆਦਿ

6. ਕੀ ਤੁਹਾਨੂੰ ਲੱਗਦਾ ਹੈ ਅੱਜ ਲਿਖੀ ਜਾ ਰਹੀ ਕਹਾਣੀ ਵਿਚ ਵਿਸ਼ੇ, ਪੇਸ਼ਕਾਰੀ ਤੇ ਜੁਗਤਾਂ ਪੱਖੋ ਤਜ਼ਰਬੇ ਹੋ ਰਹੇ ਹਨ।

7. ਕੀ ਕਾਰਨ ਹੈ ਕਿ ਅੱਜ ਦੀ ਕਹਾਣੀ ਵਿਚ ਬੇਲੌੜਾ ਵਿਸਥਾਰ ਆਉਣ ਲੱਗ ਪਿਆ ਹੈ। ਕਹਾਣੀਕਾਰਾਂ ਵਿਚ ਲੰਮੀ ਹੋਰ ਲੰਮੀ ਖਿੱਚਣ ਦੀ ਪ੍ਰਵਿਰਤੀ ਦਿਨੋਂ ਦਿਨ ਹਾਵੀ ਹੋ ਰਹੀ ਹੈ।

8. ਸਮਕਾਲੀ ਲਿਖੀ ਜਾ ਰਹੀ ਪੰਜਾਬੀ ਕਹਾਣੀ ਤੋਂ ਪਹਿਲੀ ਕਹਾਣੀ ਕਿਵੇਂ ਅਤੇ ਕਿੰਨੀ ਕੁ ਭਿੰਨ ਹੈ?

9. ਕੀ ਅੱਜ ਦੀ ਕਹਾਣੀ 'ਚ ਕੋਈ ਨਵੀਂ ਗੱਲ ਵੀ ਤੁਹਾਨੂੰ ਲੱਭਦੀ ਹੈ ਜਾਂ ਕਿ ਨਵੇਂ ਕਹਾਣੀਕਾਰ ਪੁਰਾਣੀ ਗੱਲ ਨੂੰ ਹੀ ਵਾਰ-ਵਾਰ ਲਿਖੀ ਜਾ ਰਹੇ ਹਨ?

10. 11ਵੇਂ ਦਹਾਕੇ ਦੀ ਕਹਾਣੀ ਯਥਾਰਥ, ਕਥਾ ਸ਼ਿਲਪ, ਭਾਸ਼ਾ, ਵਿਸ਼ੇ ਦੀ ਪੱਧਰ 'ਤੇ ਪਹਿਲੀ ਕਹਾਣੀ ਤੋਂ ਕਿਵੇਂ ਭਿੰਨ ਹੈ?

11. 80 ਵਿਆਂ ਤੋਂ ਪਹਿਲੀ ਲਿਖੀ ਹੋਈ ਬਹੁਤੀ ਕਹਾਣੀ ਕਿਸੇ ਕਾਰਨ ਲਹਿਰਾਂ, ਦ੍ਰਿਸ਼ਟੀਆਂ ਜਾਂ ਦ੍ਰਿਸ਼ਟੀਕੋਣ ਤੋਂ ਲਿਖੀ ਕਹਾਣੀ ਹੋਣ ਕਾਰਨ ਬਹੁਤ ਨਿੱਗਰ ਕਹਾਣੀ ਹੈ, 90 ਵਿਆਂ ਤੋਂ ਬਾਅਦ ਦੀ ਕਹਾਣੀ ਵਿਚ ਉਹੋ ਜਿਹੀ ਨਿੱਗਰਤਾ ਕਿਉਂ ਨਹੀਂ?

12. ਤੁਸੀਂ ਇਹਦਾ ਕੀ ਕਾਰਨ ਲੱਭਦੇ ਹੋ ਕਿ ਦੇਸ਼ ਵੰਡ ਤੇ ਪੰਜਾਬ ਸੰਕਟ ਵਰਗੇ ਰਾਜਸੀ ਮੁੱਦਿਆਂ ਤੇ ਅਨੇਕਾਂ ਕਹਾਣੀਆਂ ਲਿਖੀਆਂ ਗਈਆਂ, ਪ੍ਰੰਤੂ ਚੇਤੇ 2-4 ਹੀ ਹਨ। ਇਹਦੇ ਕੀ ਕਾਰਨ ਹਨ?

13. ਸਮਕਾਲੀ ਕਹਾਣੀ ਵਿਚ ਇਕੋ ਸਮੇਂ ਤਿੰਨ ਪੀੜ੍ਹੀਆਂ ਕਹਾਣੀਆਂ ਲਿਖ ਰਹੀਆਂ ਹਨ ਇਹ ਤਿੰਨ ਪੀੜ੍ਹੀਆਂ ਆਪਣੀ ਸੋਚ ਤੇ ਵਿਚਾਰਧਾਰਾ ਦੇ ਅਧਾਰ 'ਤੇ ਸਮਕਾਲੀ ਯਥਾਰਥ ਨੂੰ ਪੇਸ਼ ਕਰ ਰਹੀਆਂ ਹਨ? ਇਨ੍ਹਾਂ ਤਿੰਨੋਂ ਪੀੜ੍ਹੀਆਂ ਵਿਚ ਪੇਸ਼ਕਾਰੀ ਪੱਖੋਂ ਤੁਸੀਂ ਕਿੰਨਾ ਕੁ ਅਤੇ ਕਿਹੜਾ ਅੰਤਰ ਮਹਿਸੂਸ ਕਰਦੇ ਹੋ?

14. ਤੁਸੀਂ ਮਹਿਸੂਸ ਕਰਦੇ ਹੋ ਕਿ ਪੰਜਾਬੀ ਕਹਾਣੀ ਵਿਚ ਖੜੋਤ ਆ ਗਈ ਹੈ?

15. ਕੀ ਤੁਹਾਨੂੰ ਲੱਗਦਾ ਹੈ ਕਿ ਕਹਾਣੀ ਆਲੋਚਨਾ ਵਿਚ ਖੜੋਤ ਆ ਗਈ ਲੱਗਦੀ ਹੈ?

16. ਹਮੇਸ਼ਾਂ ਕਿਸਾਨੀ ਕਹਾਣੀ ਹੀ ਕਿਉ ਮੁੱਖ ਧਾਰਾ ਵਿਚ ਰਹੀ ਹੈ। ਕਿਸਾਨੀ ਕਹਾਣੀ ਲਿਖਣ ਵਾਲੇ ਨੂੰ ਹੀ ਕਿਓ ਵੱਧ ਮਾਨਤਾ ਮਿਲਦੀ ਹੈ।

17. ਦੂਜੀਆਂ ਭਾਸ਼ਾਵਾਂ ਵਿਚ ਪੰਜਾਬੀ ਕਹਾਣੀ ਨੂੰ ਕਿੰਨੀ ਕੁ ਮਾਨਤਾ ਮਿਲੀ ਹੈ।

ਗੁਰਬਚਨ ਸਿੰਘ ਭੁੱਲਰ

ਕੁਛ ਅਜੋਕੇ ਪੰਜਾਬੀ ਕਹਾਣੀਕਾਰ ਆਪਣੀ ਗੱਲ ਜਟਿਲ ਬਿਰਤਾਂਤ ਰਾਹੀਂ ਪੇਸ਼ ਕਰਦਿਆਂ ਇਹ ਬਹਾਨਾ ਲਾਉਂਦੇ ਹਨ ਕਿ ਅਜੋਕਾ ਜੀਵਨ ਵੀ ਤਾਂ ਜਟਿਲ ਹੈ। ਇਸ ਬਹਾਨੇ ਦੇ ਓਹਲੇ ਅਸਲ ਮਨਸ਼ਾ ਆਪਣੇ ਆਪ ਨੂੰ ਬੁੱਧੀਮਾਨ ਕਹਾਣੀਕਾਰ ਦਿਖਾਉਣ ਦੀ ਹੁੰਦੀ ਹੈ। ਸੱਚ ਇਹ ਹੈ ਕਿ ਜ਼ਰੂਰੀ ਨਹੀਂ, ਜਟਿਲ ਜੀਵਨ-ਖੰਡ ਜਟਿਲ ਰੂਪ ਵਿਚ ਹੀ ਪੇਸ਼ ਹੋ ਸਕੇ। ਸਾਹਿਤ ਦਾ ਟਕਸਾਲੀ ਕਥਨ ਹੈ ਕਿ ਸੌਖੀ ਗੱਲ ਨੂੰ ਜਟਿਲ ਬਣਾ ਕੇ ਤਾਂ ਕੋਈ ਵੀ ਪੇਸ਼ ਕਰ ਸਕਦਾ ਹੈ, ਖਰੀ ਕਲਾ ਜਟਿਲ ਗੱਲ ਨੂੰ ਸੌਖੀ-ਸਰਲ ਬਣਾ ਕੇ ਪੇਸ਼ ਕਰਨ ਵਿਚ ਹੁੰਦੀ ਹੈ।

ਕਥਾ-ਰਸ ਤੋਂ ਬਿਨਾਂ ਕਹਾਣੀ ਦੀ ਗੱਲ ਉਸ ਤਰ੍ਹਾਂ ਹੀ ਹੈ ਜਿਵੇਂ ਬੰਧਿਆਈ ਤੋਂ ਬਿਨਾਂ ਘਿਓ ਜਾਂ ਮਿਠਾਸ ਤੋਂ ਬਿਨਾਂ ਗੁੜ ਹੋਵੇ। ਕਥਾ-ਰਸ ਤੋਂ ਵਿਰਵੀ ਰਚਨਾ ਅਕਹਾਣੀ ਤਾਂ ਹੋ ਸਕਦੀ ਹੈ, ਕਹਾਣੀ ਨਹੀਂ।

ਪੰਜਾਬੀ ਵਿਚ ਸਮੁੱਚੇ ਸਾਹਿਤ ਬਾਰੇ ਜਾਂ ਕਿਸੇ ਇਕ ਵਿਧਾ ਬਾਰੇ ਸਿਧਾਂਤਕ ਪੱਖ ਤੋਂ ਗੱਲ ਕਰਨ ਵਾਲੇ ਕੁਛ ਵਿਦਵਾਨ ਆਲੋਚਕ ਤਾਂ ਹਨ, ਜਿਨ੍ਹਾਂ ਵਿਚੋਂ ਕੁਛ ਲੋਕ ਖਾਸੇ ਸਿਆਣੇ ਵੀ ਹੈ ਗੇ ਨੇ। ਪਰ ਆਪਣੇ ਆਪ ਨੂੰ ਸਮੁੱਚੀ ਪੰਜਾਬੀ ਕਹਾਣੀ ਦੇ ਪਾਰਖੂ ਕਹਾਉਣ ਵਾਲੇ ਨਿਰੋਲ ਕਹਾਣੀ-ਆਲੋਚਕ ਵੀ ਹੈ ਗੇ ਨੇ, ਤੁਹਾਥੋਂ ਇਹ ਜਾਣ ਕੇ ਬੜੀ ਖ਼ੁਸ਼ੀ ਹੋਈ! ਵੈਸੇ ਸਮੇਂ ਸਮੇਂ ਇਧਰੋਂ-ਉਧਰੋਂ ਹੱਥ ਲੱਗੀਆਂ ਕਹਾਣੀਆਂ ਜਾਂ ਆਪਣੇ ਕੁਛ ਇਕ ਦੋਸਤਾਂ-ਮਿੱਤਰਾਂ ਦੀਆਂ ਕਹਾਣੀਆਂ ਪੜ੍ਹ ਕੇ ਸਮੁੱਚੀ ਪੰਜਾਬੀ ਕਹਾਣੀ ਬਾਰੇ ਫ਼ਤਵਾ ਜਾਰੀ ਕਰਨ ਵਾਲੇ ਕਿਸੇ ਸੱਜਨ ਨੂੰ ਮੈਂ ਕਹਾਣੀ-ਆਲੋਚਕ ਨਹੀਂ ਮੰਨਦਾ। ਇਹ ਠੀਕ ਹੈ ਕਿ ਹੁਣ ਛਪ ਰਹੀ ਸਾਰੀ ਕਹਾਣੀ ਪੜ੍ਹਨੀ ਕਿਸੇ ਲਈ ਵੀ ਸੰਭਵ ਨਹੀਂ। ਪਰ ਇਹਦੀ ਤਾਂ ਲੋੜ ਵੀ ਨਹੀਂ ਹੁੰਦੀ। ਆਲੋਚਕ ਛਾਣਨੀ ਸੂਝ ਵਾਲਾ ਹੋਣਾ ਚਾਹੀਦਾ ਹੈ ਜੋ ਤਰਦੀ ਨਜ਼ਰ ਨਾਲ ਇਹ ਪਰਖਣ ਦੇ ਸਮਰੱਥ ਹੋਵੇ ਕਿ ਕਿਹੜੀ ਕਹਾਣੀ ਪੜ੍ਹਨੀ ਹੈ ਤੇ ਕਿਹੜੀ ਅਣਪੜ੍ਹੀ ਛੱਡੀ ਜਾ ਸਕਦੀ ਹੈ। ਪੂਰੀ ਕਹਾਣੀ ਨੂੰ ਇਉਂ ਨਜ਼ਰ ਵਿਚ ਰੱਖਣ ਵਾਲਾ ਆਲੋਚਕ ਮੈਨੂੰ ਤਾਂ ਕੋਈ ਦਿਸਦਾ ਨਹੀਂ। ਅਜਿਹੀ ਹਾਲਤ ਵਿਚ ਕਿਸੇ ਕਥਿਤ ਆਲੋਚਕ ਦਾ ਇਹ ਕਹਿਣਾ ਕੋਈ ਅਰਥ ਜਾਂ ਮਹੱਤਵ ਨਹੀਂ ਰਖਦਾ ਕਿ ਪੰਜਾਬੀ ਕਹਾਣੀ ਦਾ ਭਵਿੱਖ ਕੋਈ ਬਹੁਤ ਵਧੀਆ ਨਹੀਂ। ਮੇਰਾ ਕਹਿਣਾ ਤਾਂ ਇਹ ਹੈ ਕਿ ਅਸਲ ਵਿਚ ਅਜਿਹੇ ਆਲੋਚਕਾਂ ਦਾ ਕੋਈ ਭਵਿੱਖ ਨਹੀਂ।

ਵਿਸ਼ੇ ਦੇ ਪੱਖੋਂ ਪੰਜਾਬੀ ਕਹਾਣੀ ਦੇ ਸੁੰਗੜਨ ਦੀ ਗੱਲ ਨਾਲ ਮੈਂ ਸਹਿਮਤ ਨਹੀਂ। ਜਿਹੜੇ ਕਹਾਣੀਕਾਰ ਜਾਂ ਕਹਾਣੀ-ਆਲੋਚਕ ਅਜਿਹਾ ਆਖਦੇ ਹਨ, ਉਹ ਉਸ ਮਹਾਂਪੁਰਸ਼ ਵਰਗੇ ਹਨ ਜਿਸਨੇ ਆਪਣੇ ਛੋਟੇ ਜਿਹੇ ਰੱਸੇ ਨਾਲ ਬੰਨ੍ਹਿਆ ਡੋਲ ਖੂਹ ਵਿਚੋਂ ਖਾਲੀ ਨਿਕਲਿਆ ਦੇਖ ਕੇ ਖੂਹ ਨੂੰ ਹੀ ਖਾਲੀ ਕਰਾਰ ਦੇ ਦਿੱਤਾ ਸੀ। ਜੀਵਨ ਦਿਨੋ-ਦਿਨ ਵਧੀਕ ਵੰਨਸੁਵੰਨਾ ਹੁੰਦਾ ਰਹਿੰਦਾ ਹੈ ਅਤੇ ਲੇਖਕ ਦੀ ਦ੍ਰਿਸ਼ਟੀ ਤੇ ਸੂਝ ਦਾ ਘੇਰਾ ਨਿਰੰਤਰ ਫ਼ੈਲ ਕੇ ਸ੍ਰਿਸ਼ਟੀ ਦੇ ਨਵੇਂ ਤੋਂ ਨਵੇਂ ਪੱਖ ਨੂੰ ਕਲਾਵੇ ਵਿਚ ਲੈ ਰਿਹਾ ਹੈ। ਇਉਂ ਪੰਜਾਬੀ ਕਹਾਣੀ ਨੂੰ ਵਿਸ਼ੇ ਦੇ ਪੱਖੋਂ ਸੁੰਗੜ ਰਹੀ ਕਹਿਣਾ ਸਾਰੇ ਲੇਖਕਾਂ ਦੇ ਸੰਬੰਧ ਵਿਚ ਠੀਕ ਨਹੀਂ। ਇਹ ਸੱਚ ਕੁਛ ਇਕ ਕਹਾਣੀਕਾਰਾਂ ਦਾ ਹੋ ਸਕਦਾ ਹੈ ਤੇ ਅਜਿਹਾ ਹੈ ਵੀ।

ਪੰਜਾਬੀ ਕਹਾਣੀ ਵਿਚ ਮੁਸਲਮਾਨ, ਬਾਜ਼ੀਗਰ ਅਤੇ ਗਿਣਤੀ ਦੇ ਪੱਖੋਂ ਛੋਟੇ ਹੋਰ ਭਾਈਚਾਰੇ ਪੇਸ਼ ਨਾ ਹੋਣ ਦਾ ਕਾਰਨ ਮੇਰੀ ਜਾਚੇ ਕੋਈ ਗਿਣਿਆ-ਮਿਥਿਆ ਪੱਖਪਾਤ ਜਾਂ ਤੁਅੱਸਬ ਨਹੀਂ, ਸਗੋਂ ਬੱਸ ਇਹਨਾਂ ਨਾਲ ਬਹੁਤੇ ਲੇਖਕਾਂ ਦੇ ਰੋਜ਼ਾਨਾ ਜੀਵਨ ਦਾ ਕੋਈ ਵਾਹ-ਵਾਸਤਾ ਨਾ ਹੋਣਾ ਹੈ। ਮਿਸਾਲ ਵਜੋਂ ਸੰਤਾਲੀ ਤੋਂ ਪਹਿਲਾਂ ਜਦੋਂ ਪੰਜਾਬ ਦੇ ਇਧਰ ਵਾਲੇ ਹਿੱਸੇ ਵਿਚ ਮੁਸਲਮਾਨ ਭਰਾ ਕਾਫ਼ੀ ਗਿਣਤੀ ਵਿਚ ਹੋਣ ਕਰਕੇ ਸਮਾਜਕ ਜੀਵਨ ਦਾ ਅਹਿਮ ਅੰਗ ਹੁੰਦੇ ਸਨ, ਉਸ ਦੌਰ ਦੀ ਪੰਜਾਬੀ ਕਹਾਣੀ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ।

ਵਿਸ਼ੇ, ਪੇਸ਼ਕਾਰੀ ਤੇ ਜੁਗਤ ਦੇ ਪੱਖੋਂ ਤਜਰਬੇ ਕੀਤੇ ਜਾਣ ਨੂੰ ਅੱਜ ਦੀ ਕਹਾਣੀ ਨਾਲ ਹੀ ਜੋੜਨਾ ਵਾਜਬ ਨਹੀਂ। ਹਰ ਕਹਾਣੀ ਹੀ ਆਪਣੇ ਆਪ ਵਿਚ ਇਕ ਨਵਾਂ ਤਜਰਬਾ ਹੁੰਦੀ ਹੈ। ਜੇ ਕੋਈ ਰਚਨਾ ਨਵਾਂ ਤਜਰਬਾ ਨਹੀਂ ਤਾਂ ਉਹ ਕਿਸੇ ਪਹਿਲੀ ਰਚਨਾ ਦੀ ਨਕਲ ਤਾਂ ਹੋ ਸਕਦੀ ਹੈ, ਨਵੀਂ ਮੌਲਕ ਰਚਨਾ ਨਹੀਂ।

ਕੁਛ ਕਹਾਣੀਕਾਰਾਂ ਨੇ ਪਤਾ ਨਹੀਂ ਕਿਸ ਸੋਚ ਨਾਲ ਇਹ ਨਿਰਣਾ ਕਰ ਲਿਆ ਕਿ ਕਹਾਣੀ ਦਾ ਗੁਰਜ ਸਭ ਤੋਂ ਲੰਮੀਆਂ ਕਹਾਣੀਆਂ ਲਿਖਣ ਵਾਲੇ ਦੇ ਹੱਥ ਹੋਵੇਗਾ। ਇਸ ਗੁਰਜ ਦੀ ਹੱਕਦਾਰੀ ਜਤਾਉਣ ਲਈ ਬਹਿਸ ਵਿਚ ਮੈਂ ਕਹਾਣੀਕਾਰਾਂ ਨੂੰ ਪਾਠਕਾਂ ਦੀ ਅਦਾਲਤ ਵਿਚ ਇਹ ਦਲੀਲ ਦਿੰਦੇ ਵੀ ਸੁਣਿਆ ਹੈ ਕਿ ਅਮਕੇ ਨੇ ਤਾਂ ਲੰਮੀ ਕਹਾਣੀ ਫਲ਼ਾਣੇ ਮਹੀਨੇ ਦੀ ਸਤਾਈ ਤਾਰੀਖ਼ ਨੂੰ ਲਿਖੀ ਸੀ ਜਦੋਂ ਕਿ ਮੈਂ ਤਾਂ ਛੱਬੀ ਤਾਰੀਖ ਨੂੰ ਹੀ ਲਿਖ ਚੁੱਕਿਆ ਸੀ। ਲੰਮੀਆਂ ਕਹਾਣੀਆਂ ਤਾਂ ਨਾਨਕ ਸਿੰਘ, ਅਮਰ ਸਿੰਘ ਕਬਰਪੁੱਟ ਤੇ ਹੋਰ ਕਈ ਮੋਢੀ ਕਹਾਣੀਕਾਰ ਹੀ ਲਿਖ ਗਏ ਸਨ। ਮੈਂ ਨਹੀਂ ਸਮਝਦਾ ਕਿ ਕਹਾਣੀ ਦੇ ਚੰਗੀ-ਮਾੜੀ ਹੋਣ ਨਾਲ ਉਹਦੇ ਆਕਾਰ ਦਾ ਵੀ ਕੋਈ ਸੰਬੰਧ ਹੈ, ਨਾ ਹੀ ਕਹਾਣੀ ਦਾ ਕੋਈ ਆਕਾਰ ਨਿਸਚਿਤ ਹੀ ਹੈ।

ਪਹਿਲਾਂ ਵੀ ਗੱਲ ਹੋਈ ਹੈ ਕਿ ਹਰ ਨਵੀਂ ਕਹਾਣੀ ਪਹਿਲਾਂ ਵਾਲੀਆਂ ਕਹਾਣੀਆਂ ਤੋਂ ਵੱਖਰੀ ਹੁੰਦੀ ਹੈ ਜਾਂ, ਜੇ ਉਹ ਮੌਲਕ ਕਹਾਉਂਦੀ ਹੈ, ਵੱਖਰੀ ਹੋਣੀ ਹੀ ਚਾਹੀਦੀ ਹੈ। ਨਿੱਤ ਬਦਲਦੇ ਸੰਸਾਰ ਵਿਚ ਨਵੀਆਂ ਨਵੀਆਂ ਗੱਲਾਂ ਵਾਪਰਨ ਸਦਕਾ ਨਵੀਂ ਕਹਾਣੀ ਦਾ ਪਹਿਲੀਆਂ ਨਾਲੋਂ ਵੱਖਰੀ ਹੋਣਾ ਤਾਂ ਸੁਭਾਵਿਕ ਹੈ। ਮਿਸਾਲ ਵਜੋਂ ਪਿੱਛੇ ਜਿਹੇ ਲਿਖੀ ਮੇਰੀ ਕਹਾਣੀ 'ਤਨਖ਼ਾਹ, ਪਰਕ ਤੇ ਗੁਲਾਬੀ ਪਰਚੀ' ਇਸਤੋਂ ਪਹਿਲਾਂ ਲਿਖੀ ਨਹੀਂ ਸੀ ਜਾ ਸਕਦੀ ਕਿਉਂਕਿ ਪਹਿਲਾਂ ਉਹ ਹਾਲਾਤ ਹੀ ਨਹੀਂ ਸਨ ਜਿਨ੍ਹਾਂ ਦਾ ਚਿਤਰਨ ਉਸ ਕਹਾਣੀ ਵਿਚ ਹੈ।

ਇਸ ਸਵਾਲ ਦਾ ਜਵਾਬ ਮੈਂ ਪਹਿਲਾਂ ਹੀ ਦੇ ਚੁੱਕਿਆ ਹਾਂ ਕਿ ਨਵੀਂ ਕਹਾਣੀ ਵਿਚ ਪੁਰਾਣੀ ਕਹਾਣੀ ਵਾਲੀ ਗੱਲ ਨਹੀਂ ਕੀਤੀ ਜਾ ਸਕਦੀ। ਪੁਰਾਣੀ ਗੱਲ ਦਾ ਦੁਹਰਾਉ ਤਾਂ ਨਕਲ ਹੋਵੇਗਾ। ਇਕ ਵਾਰ ਭਾਪਾ ਪ੍ਰੀਤਮ ਸਿੰਘ ਜੀ ਕਹਿੰਦੇ, ਸਤਿਆਰਥੀ ਜੀ, 'ਆਰਸੀ ਵਾਸਤੇ 'ਦਸੌਂਧਾ ਸਿੰਘ ਵਰਗੀ ਕਹਾਣੀ ਲਿਖ ਕੇ ਦਿਉ। ਸਤਿਆਰਥੀ ਜੀ ਹੱਸ ਕੇ ਕਹਿੰਦੇ, ਵਰਗੀ ਦੀ ਗੱਲ ਤਾਂ ਛੱਡੋ, ਮੈਂ ਤਾਂ ਜੀ ਅਸਲ 'ਦਸੌਂਧਾ ਸਿੰਘ ਹੀ ਬਹੁਤ ਪਹਿਲਾਂ ਲਿਖ ਕੇ ਪਾਠਕਾਂ ਨੂੰ ਦੇ ਚੁੱਕਿਆ ਹਾਂ; ਹੁਣ ਉਸ ਅਸਲ ਵਰਗੀ ਨਕਲ ਲਿਖਣ ਦੀ ਕੀ ਲੋੜ ਹੈ!

ਕਹਾਣੀਆਂ ਨੂੰ ਦਹਾਕਿਆਂ ਵਿਚ ਵੰਡ ਕੇ ਕਿਸੇ ਦਹਾਕੇ ਦੀ ਕਹਾਣੀ ਦਾ ਕਿਸੇ ਵੀ ਪੱਖੋਂ ਉਸਤੋਂ ਪਹਿਲੇ ਦਹਾਕੇ ਦੀ ਕਹਾਣੀ ਨਾਲ ਟਾਕਰਾ ਕਰਨਾ ਸੰਭਵ ਨਹੀਂ ਹੋ ਸਕਦਾ। ਕਹਾਣੀ ਇਉਂ ਦਹਾਕਿਆਂ ਦੀਆਂ ਪੁਲਾਂਘਾਂ ਭਰ ਭਰ ਅੱਗੇ ਨਹੀਂ ਵਧਦੀ। ਕੋਈ ਭਿੰਨਤਾ ਜੇ ਆਵੇ ਵੀ, ਇਉਂ ਅਚਾਨਕ ਨਹੀਂ ਆਉਂਦੀ ਕਿ ਇਕ ਦਹਾਕੇ ਦੇ ਅੰਤ ਤੇ ਦੂਜੇ ਦੇ ਆਰੰਭ ਵਿਚਕਾਰ ਉਹਦੇ ਆਉਣ ਦਾ ਸਮਾਂ ਪਛਾਣਿਆ ਜਾ ਸਕੇ। ਰਚਨਾ ਤਾਂ ਇਕ ਨਿਰੰਤਰ ਸਾਹਿਤਕ ਵਰਤਾਰਾ ਹੈ।

ਤੁਹਾਡੇ ਇਸ ਸਵਾਲ ਦਾ ਜਵਾਬ ਤਾਂ ਸਵਾਲ ਵਿਚ ਹੀ ਪਿਆ ਹੈ। ਪੂਰਾ ਜੀਵਨ ਹਰ ਮਨੁੱਖ ਸਿਰਫ਼ ਦੋ ਮਸਲਿਆਂ ਦੇ ਕੌਹਲੂ-ਗੇੜ ਵਿਚ ਘੁੰਮਦਾ ਰਹਿੰਦਾ ਹੈ। ਇਹਨਾਂ ਵਿਚੋਂ ਇਕ ਸਰੀਰਕ ਹੈ ਤੇ ਦੂਜਾ ਮਾਨਸਿਕ।

ਸਰੀਰਕ ਮਸਲਾ ਰੋਟੀ ਦਾ ਹੈ। ਰੋਟੀ ਦੇ ਛੋਟੇ ਜਿਹੇ ਗੋਲ ਚੱਕਰ ਵਿਚ ਅਰਬਾਂ ਮਨੁੱਖਾਂ ਵਾਲੀ ਏਡੀ ਵੱਡੀ ਗੋਲ ਦੁਨੀਆਂ ਨੱਚਦੀ ਰਹਿੰਦੀ ਹੈ। ਬਾਬੇ ਨੇ ਇਸੇ ਨੂੰ 'ਰੋਟੀਆ ਕਾਰਣਿ ਪੂਰਹਿ ਤਾਲ' ਕਿਹਾ ਹੈ। ਬਹੁਤੀ ਵਾਰ ਤਾਂ ਇਕ ਦੀ ਰੋਟੀ ਖੋਹਣ ਲਈ ਦੂਜੇ ਦਾ ਇਹ ਨਾਚ ਤਾਂਡਵ ਦਾ ਰੂਪ ਧਾਰ ਲੈਂਦਾ ਹੈ। ਇਸੇ ਛੋਟੀ ਜਿਹੀ ਰੋਟੀ ਵਿਚੋਂ ਕਿਰਤ ਤੇ ਉਸ ਕਿਰਤ ਦੀ ਲੁੱਟ, ਗਿਆਨ-ਵਿਗਿਆਨ, ਖੇਤ-ਖੇਤੀ, ਕਲ-ਕਾਰਖਾਨੇ, ਗੱਲ ਕੀ ਪੂਰੀ ਆਰਥਕਤਾ ਅਤੇ ਵੱਖ ਵੱਖ ਵਾਦਾਂ ਸਮੇਤ ਉਸ ਨਾਲ ਜੁੜਿਆ ਪੂਰਾ ਸਮਾਜਕ ਅਡੰਬਰ ਹੋਂਦ ਵਿਚ ਆਉਂਦਾ ਹੈ।

ਦੂਜਾ ਮਸਲਾ ਕਾਮ ਦਾ ਹੈ ਜੋ ਅੰਤ ਨੂੰ ਭਾਵੇਂ ਸਰੀਰਕ ਰੂਪ ਧਾਰਦਾ ਹੈ ਪਰ ਜਿਸ ਦਾ ਅਸਲ ਖੇਤਰ ਮਨ ਹੈ।

ਆਰਥਕਤਾ ਬਾਹਰ ਦਿਸਦੇ ਬੰਦੇ ਦਾ ਕਾਰਜ-ਖੇਤਰ ਹੈ ਅਤੇ ਕਾਮ ਇਸ ਬੰਦੇ ਅੰਦਰ ਲੁਕੇ ਰਹਿੰਦੇ ਬੰਦੇ ਦੀ ਕਰਨੀ ਹੈ। ਕਾਮ ਦਾ ਬੜਾ ਹੀ ਅਜੀਬ ਸੱਚ ਇਹ ਹੈ ਕਿ ਪਸ਼ੂਆਂ ਵਿਚ ਇਹਨੇ ਦੰਗ ਕਰਨ ਦੀ ਹੱਦ ਤੱਕ ਠਰ੍ਹੰਮੇ ਵਾਲਾ, ਸਗੋਂ ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਮਾਨਵੀ ਰੂਪ ਧਾਰਿਆ ਹੋਇਆ ਹੈ ਅਤੇ ਮਾਨਵ ਇਸ ਮਾਮਲੇ ਵਿਚ ਪਸ਼ੂਤਾ ਦੀ ਕੋਈ ਹੱਦ ਹੀ ਨਹੀਂ ਰਹਿਣ ਦਿੰਦਾ !

ਰੋਟੀ ਦੀ ਸਮੱਸਿਆ ਸੁਲਝਾਉਣ ਲਈ ਮਨੁੱਖ ਨੂੰ ਨਜ਼ਰ ਤੇ ਨਜ਼ਰੀਏ ਦੀ, ਦ੍ਰਿਸ਼ਟੀ ਤੇ ਦ੍ਰਿਸ਼ਟੀਕੋਣ ਦੀ, ਲਹਿਰਾਂ, ਜਦੋਜਹਿਦਾਂ ਤੇ ਅੰਦੋਲਨਾਂ ਦੀ, ਗੱਲ ਕੀ, ਵਿਚਾਰਧਾਰਾ ਦੀ ਤੇ ਉਸ ਵਿਚਾਰਧਾਰਾ ਨੂੰ ਅਮਲੀ ਰੂਪ ਦੇਣ ਲਈ ਸੰਘਰਸ਼ ਦੀ ਲੋੜ ਹੁੰਦੀ ਹੈ। ਦੋ ਦਹਾਕੇ ਪਹਿਲਾਂ ਤੱਕ ਪੰਜਾਬੀ ਸਾਹਿਤ ਦੇ ਕਲਾਵੇ ਵਿਚ ਆਉਂਦੇ ਭੂਗੋਲਿਕ ਖੇਤਰ ਵਿਚ ਮਾਨਵ-ਹਿਤੈਸ਼ੀ ਵਿਚਾਰਧਾਰਾ ਦਾ ਬੋਲਬਾਲਾ ਸੀ। ਕੁਦਰਤੀ ਸੀ ਕਿ ਅਜਿਹੇ ਮਾਹੌਲ ਵਿਚ ਨਰੋਆ ਮਾਨਵਵਾਦੀ ਸਾਹਿਤ ਸਿਰਜਿਆ ਜਾਂਦਾ। ਇਸ ਤੱਥ ਦਾ ਇਕ ਬੜਾ ਮਹੱਤਵਪੂਰਨ ਪੱਖ ਇਹ ਹੈ ਕਿ ਮਾਨਵਵਾਦੀ ਵਿਚਾਰਧਾਰਾ ਦੂਜੇ ਖੇਤਰ, ਇਸਤਰੀ-ਪੁਰਸ਼ ਮਾਨਸਿਕ-ਸਰੀਰਕ ਸੰਬੰਧਾਂ ਦੇ ਖੇਤਰ ਵਿਚ ਵਿਚਰਨ ਲਈ ਵੀ ਸਾਕਾਰਾਤਮਕ ਨਜ਼ਰ ਤੇ ਨਜ਼ਰੀਆ ਦਿੰਦੀ ਸੀ। ਇਸੇ ਕਰਕੇ ਉਸ ਦੌਰ ਦੀਆਂ ਕਾਮ ਨੂੰ ਵਿਸ਼ਾ ਬਣਾਉਣ ਵਾਲੀਆਂ ਕਹਾਣੀਆਂ ਵੀ ਕਰੂਰ, ਉਜੱਡ, ਅਮਾਨਵੀ ਤੇ ਅਸਮਾਜਕ ਨਹੀਂ ਸਨ ਹੁੰਦੀਆਂ।

ਪਿਛਲੀ ਸਦੀ ਦੇ ਅੰਤਲੇ ਦਹਾਕੇ ਦੇ ਸ਼ੁਰੂ ਵਿਚ ਸਮਾਜਵਾਦੀ ਦੇਸਾਂ ਵਿਚ ਹੋਈ ਰਾਜਨੀਤਕ-ਆਰਥਕ ਟੁੱਟ-ਭੱਜ ਨੂੰ 'ਕਲਾ ਕਲਾ ਲਈ' ਦੇ ਸਮਰਥਕ ਵਿਚਾਰਧਾਰਾ ਦੇ ਖ਼ਾਤਮੇ ਵਜੋਂ ਪੇਸ਼ ਕਰ ਕੇ 'ਕਲਾ ਮਨੁੱਖ ਲਈ' ਦੇ ਤੇ 'ਅੱਗੇ ਵਧੂ ਸਾਹਿਤ' ਦੇ ਸੰਕਲਪਾਂ ਦੀ ਗੱਲ ਇਉਂ ਕਰਨ ਲੱਗੇ ਜਿਵੇਂ ਇਹ ਸਰਾਪੇ ਹੋਏ, ਛੁੱਟੜ ਤੇ ਗਾਲ਼ ਵਰਗੇ ਸ਼ਬਦ ਹੋਣ। ਮਾਨਵੀ ਵਿਚਾਰਧਾਰਾ ਦੇ ਉਤਾਰ ਦੇ ਇਸ ਦੌਰ ਵਿਚ ਅਨੇਕ ਪੰਜਾਬੀ ਸਾਹਿਤਕਾਰ ਨਜ਼ਰ ਤੇ ਨਜ਼ਰੀਏ ਤੋਂ ਵਿਰਵੇ ਹੋਣ ਕਰਕੇ ਭੰਬਲਭੂਸੇ ਵਿਚ ਪੈ ਗਏ। ਵਰਤਮਾਨ ਆਰਥਕਤਾ ਜਿਹੇ ਉਲਝਵੇਂ ਵਰਤਾਰੇ ਦੀ ਉਹਨਾਂ ਨੂੰ ਕੋਈ ਸਮਝ ਨਹੀਂ ਆਉਂਦੀ। ਇਸ ਕਰਕੇ ਜੇ ਉਹ ਆਰਥਕਤਾ ਨੂੰ ਕਹਾਣੀ ਦਾ ਵਿਸ਼ਾ ਬਣਾਉਣ ਦਾ ਜਤਨ ਕਰਦੇ ਹਨ, ਉਹਨਾਂ ਦੀ ਹਾਲਤ ਉਸ ਦਿਹਾੜੀਏ ਵਾਲੀ ਹੋ ਨਿੱਬੜਦੀ ਹੈ ਜੋ ਹਨੇਰੀ-ਝੱਖੜ ਨਾਲ ਬੁਰੀ ਤਰ੍ਹਾਂ ਉਲਝਿਆ ਹੋਇਆ ਗੁਆਰਾ ਵੱਢਣ ਗਿਆ ਸੀ ਅਤੇ ਸਾਰਾ ਦਿਨ ਇਹੋ ਸੋਚਦਾ ਖੇਤ ਦੇ ਦੁਆਲੇ ਫਿਰਦਾ ਰਿਹਾ ਸੀ ਕਿ ਪਹਿਲੀ ਦਾਤੀ ਕਿਥੇ ਪਾਵੇ !

ਅਜਿਹੇ ਕਹਾਣੀਕਾਰਾਂ ਨੂੰ ਇਸਤਰੀ-ਪੁਰਸ਼ ਸੰਬੰਧਾਂ ਦਾ ਮੁੱਦਾ ਆਪਣੀ ਰਚਨਾ ਲਈ ਸੌਖਾ ਵਿਸ਼ਾ ਦਿਸਦਾ ਹੈ। ਪਰ ਮਾਨਵਵਾਦੀ ਵਿਚਾਰਧਾਰਾ ਦੀ ਸੱਖਣਤਾ ਤੇ ਨਜ਼ਰ-ਨਜ਼ਰੀਏ ਦੀ ਅਣਹੋਂਦ ਨੇ ਇਹ ਵਿਸ਼ਾ ਵੀ ਮਾਨਸਿਕ ਪੱਖ ਤੋਂ ਵਿਰਵਾ ਕਰ ਕੇ ਉਹਨਾਂ ਲਈ ਨਿਰੋਲ ਸਰੀਰਕ ਬਣਾ ਦਿੱਤਾ ਹੈ। ਕੁਛ ਘੜੀਆਂ ਦੇ ਲਗਭਗ ਇਕੋ ਜਿਹੇ ਘਟਨਾਕ੍ਰਮ ਵਿਚ ਭਲਾ ਕਿੰਨੀ ਕੁ ਵੰਨਸੁਵੰਨਤਾ ਲਿਆਂਦੀ ਜਾ ਸਕਦੀ ਹੈ ! ਇਸ ਕਰਕੇ ਉਹ ਕਥਿਤ ਨਵੀਨਤਾ ਖ਼ਾਤਰ ਮੂਰਖਾਨਾ ਗੱਲਾਂ ਦੇ ਰਾਹ ਪੈ ਜਾਂਦੇ ਹਨ। ਮਿਸਾਲ ਵਜੋਂ ਪਿੱਛੇ ਜਿਹੇ ਮੈਂ ਇਕ ਵਿਦਵਾਨ ਕਹਾਣੀਕਾਰ ਦੀ ਕਹਾਣੀ ਪੜ੍ਹੀ ਜਿਸਦਾ ਕੇਂਦਰੀ ਨੁਕਤਾ ਨਾਇਕ ਦਾ ਆਪਣੀ ਪਤਨੀ ਦੇ ਨਾਰੀ-ਅੰਗ ਨੂੰ ਚੱਟਣਾ, ਚੂਸਣਾ, ਚਪੋਲਣਾ ਹੈ। ਅਜਿਹਾ ਸਭ ਕੁਛ ਤਾਂ ਸਦੀਆਂ ਪਹਿਲਾਂ ਮਹਾਂਰਿਸ਼ੀ ਵਾਤਸਾਇਨ ਆਪਣੇ ਗ੍ਰੰਥ 'ਕਾਮਸੂਤਰ' ਵਿਚ ਲਿਖ ਗਏ ਹਨ। ਜਾਂ ਫੇਰ ਭੈਣ-ਭਰਾ, ਮਾਂ-ਪੁੱਤ, ਪਿਉ-ਧੀ ਦੀਆਂ ਕਾਮ ਕਹਾਣੀਆਂ ਲਿਖੀਆਂ ਜਾ ਰਹੀਆਂ ਹਨ ਜਦੋਂ ਕਿ ਵਰਤਮਾਨ ਜੁੱਗ ਵਿਚ ਅਜਿਹੇ ਰਿਸ਼ਤੇ ਮਾਨਵੀ ਹੱਦਾਂ ਉਲੰਘਦਿਆਂ ਵਹਿਸ਼ੀ ਬਣ ਕੇ ਹੀ ਕਾਇਮ ਕੀਤੇ ਜਾ ਸਕਦੇ ਹਨ। ਹਜ਼ਾਰਾਂ ਸਾਲ ਪਹਿਲਾਂ ਸਾਡੇ ਵਣਵਾਸੀ ਪੂਰਵ-ਸਮਾਜੀ ਵਡੇਰਿਆਂ ਦੇ ਇੱਜੜਾਂ ਵਿਚ ਜਦੋਂ ਅਜਿਹੇ ਰਿਸ਼ਤੇ ਜਾਨਵਰਾਂ ਵਾਂਗ ਹੀ ਸਾਧਾਰਨ ਵਰਤਾਰਾ ਸਨ, ਉਹਨਾਂ ਦਾ ਕਈ ਦਹਾਕੇ ਪਹਿਲਾਂ ਕਮਾਲ ਦੀ ਖ਼ੂਬਸੂਰਤੀ ਨਾਲ ਕੀਤਾ ਹੋਇਆ ਸਹਿਜ-ਸੂਖਮ ਗਲਪੀ ਚਿਤਰਨ ਮਹਾਂ-ਮਾਰਕਸਵਾਦੀ, ਮਹਾਂ-ਪੰਡਿਤ ਰਾਹੁਲ ਸਾਂਕਰਤਿਆਇਨ ਦੀ ਕਹਾਣੀਆਂ ਦੀ ਪੁਸਤਕ 'ਵੋਲਗਾ ਸੇ ਗੰਗਾ' ਵਿਚ ਦੇਖਿਆ ਜਾ ਸਕਦਾ ਹੈ।

ਮੇਰਾ ਮਤਲਬ ਹੈ, ਸਪੱਸ਼ਟ ਵਿਚਾਰਧਾਰਾ ਅਤੇ ਨਜ਼ਰ-ਨਜ਼ਰੀਏ ਤੋਂ ਬਿਨਾਂ ਕਹਾਣੀਕਾਰ ਨਾ ਸਮਾਜਕ ਆਰਥਕਤਾ ਬਾਰੇ ਲਿਖ ਸਕਾ ਹੈ ਤੇ ਨਾ ਇਸਤਰੀ-ਪੁਰਸ਼ ਸੰਬੰਧਾਂ ਬਾਰੇ। ਤੇ ਲੇਖਕ ਦੇ ਲਿਖਣ ਲਈ ਤੀਜਾ ਵਿਸ਼ਾ ਕੋਈ ਹੈ ਨਹੀਂ !

ਸੰਤਾਲੀ ਦੀ ਵੰਡ ਹੋਵੇ ਜਾਂ ਪੰਜਾਬ ਦਾ ਅੱਤਵਾਦ, ਅਜਿਹੇ ਵਡ-ਆਕਾਰੀ, ਖਾਸ ਕਰਕੇ ਵਿਰਾਟ-ਵਿਕਰਾਲ ਵਿਸ਼ਿਆਂ ਨੂੰ ਲੈ ਕੇ ਲਿਖਣਾ ਸੌਖਾ ਕਾਰਜ ਨਹੀਂ ਹੁੰਦਾ। ਇਹ ਬਿਲਕੁਲ ਕੋਲ ਖਲੋ ਕੇ ਦੇਖੀ ਹੋਈ ਕੁਤਬ ਮੀਨਾਰ ਦਾ ਹੁਲੀਆ ਦੱਸਣ ਵਾਂਗ ਹੁੰਦਾ ਹੈ ਜੋ ਅਕਸਰ ਬਗੀਕੀ ਨਾਲ ਤੇ ਸਹੀ ਨਹੀਂ ਦੱਸਿਆ ਜਾ ਸਕਦਾ। ਲੇਖਕ ਕੁਛ ਵਿੱਥ ਬਣਾ ਕੇ ਅਜਿਹੇ ਦੁਖਾਂਤ ਦਾ ਕੋਈ ਪੱਖ ਚੁਣ ਸਕੇ, ਤਾਂ ਹੀ ਸਫਲ ਹੋ ਸਕਦਾ ਹੈ। ਅਜਿਹੇ ਵਿਸ਼ੇ ਨੂੰ ਸਮੁੱਚ ਵਿਚ ਹੱਥ ਪਾਉਣ ਵਾਸਤੇ ਤਾਂ ਤਾਲਸਤਾਇ ਤੇ ਸ਼ੋਲੋਖੋਵ ਜਿਹੀ ਪ੍ਰਤਿਭਾ ਲੋੜੀਂਦੀ ਹੈ।

ਇਸ ਸਮੇਂ ਹੀ ਨਹੀਂ, ਹਰ ਸਮੇਂ ਹੀ ਪੰਜਾਬੀ ਸਾਹਿਤ ਸਮੇਤ ਹਰ ਸਾਹਿਤ ਵਿਚ ਤਿੰਨ-ਚਾਰ ਪੀੜ੍ਹੀਆਂ ਨਾਲੋ-ਨਾਲ ਰਚਨਾ ਕਰ ਰਹੀਆਂ ਹੁੰਦੀਆਂ ਹਨ। ਸੁਭਾਵਿਕ ਹੈ ਕਿ ਉਹ ਇਕੋ ਯਥਾਰਥ ਨੂੰ ਆਪਣੇ ਆਪਣੇ ਨਜ਼ਰੀਏ ਅਨੁਸਾਰ ਪੇਸ਼ ਕਰਨਗੀਆਂ। ਵੱਖ ਵੱਖ ਪੀੜ੍ਹੀਆਂ ਦੀ ਗੱਲ ਤਾਂ ਛੱਡੋ, ਇਕੋ ਪੀੜ੍ਹੀ ਦੇ ਕਹਾਣੀਕਾਰ ਵੀ ਜੇ ਇਕੋ ਗੱਲ ਜਾਂ ਘਟਨਾ ਨੂੰ ਵਿਸ਼ਾ ਬਣਾ ਕੇ ਕਹਾਣੀਆਂ ਲਿਖਣ, ਸਭ ਦਾ ਆਦਿ-ਅੰਤ, ਨਿਭਾਅ ਤੇ ਰੰਗ-ਰੂਪ ਵੱਖ ਵੱਖ ਹੋਵੇਗਾ।

ਪੰਜਾਬੀ ਕਹਾਣੀ ਵਿਚ ਖੜੋਤ ਦੀ ਧਾਰਨਾ ਨਾਲ ਤਾਂ ਮੈਂ ਸਹਿਮਤ ਨਹੀਂ। ਹਾਂ, ਖੁੰਬਾਂ ਵਾਂਗ ਪੈਦਾ ਹੋਏ ਕਹਾਣੀਕਾਰ ਕੁੜੀਆਂ-ਮੁੰਡਿਆਂ ਦਾ ਸੀਮਤ ਜਿਹੀ ਸੋਚ ਨਾਲ, ਮਿਸਾਲ ਵਜੋਂ ਇਕੋ ਕਾਮ ਨੂੰ ਲੈ ਕੇ ਲਿਖੀ ਜਾਣਾ ਖੜੋਤ ਦਾ ਪ੍ਰਭਾਵ ਜ਼ਰੂਰ ਦਿੰਦਾ ਹੈ। ਪਰ ਨਵੇਂ ਬਣਦੇ ਰਹਿੰਦੇ ਹਾਲਾਤ ਬਾਰੇ ਬਿਲਕੁਲ ਨਵੀਂ ਗੱਲ ਕਰਨ ਵਾਲੀਆਂ ਕਹਾਣੀਆਂ ਵੀ ਤਾਂ ਲਿਖੀਆਂ ਜਾ ਰਹੀਆਂ ਹਨ। ਖੁੰਬਾਂ ਵਾਂਗ ਪੈਦਾ ਹੋਏ ਖੜੋਤ ਦਾ ਪ੍ਰਭਾਵ ਦੇਣ ਵਾਲੇ ਅਜਿਹੇ ਕਹਾਣੀਕਾਰਾਂ ਨੂੰ ਬਹੁਤਾ ਗੌਲਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਆਖ਼ਰ ਮੌਸਮ ਲੰਘੇ ਤੋਂ ਇਹਨਾਂ ਨੇ ਖੁੰਬਾਂ ਵਾਂਗ ਹੀ ਖ਼ਤਮ ਹੋ ਜਾਣਾ ਹੁੰਦਾ ਹੈ।

ਜੇ ਕਿਸੇ ਦੌਰ ਵਿਚ ਘੱਟ ਮਾਤਰਾ ਵਿਚ ਜਾਂ ਘੱਟ ਚੰਗਾ ਵੀ ਲਿਖਿਆ ਜਾ ਰਿਹਾ ਹੋਵੇ, ਇਸ ਵਿਚ ਨਿਰਾਸ ਹੋਣ ਵਾਲੀ ਕੋਈ ਗੱਲ ਨਹੀਂ ਹੁੰਦੀ। ਬਹੁਤੇ ਲੋਕ ਇਹ ਨਹੀਂ ਜਾਣਦੇ ਕਿ ਪੂਰੇ ਮਨੁੱਖੀ ਇਤਿਹਾਸ ਵਿਚ ਕਲਾ ਕਦੀ ਵੀ ਵਿਕਾਸ ਦੇ ਮਾਰਗ ਉੱਤੇ ਸਿੱਧੀ ਨਹੀਂ ਤੁਰੀ। ਅਨੇਕ ਦੌਰਾਂ ਵਿਚ ਕਲਾ-ਰਚਨਾ ਸੁਸਤ ਪੈਂਦੀ ਰਹੀ ਹੈ ਤੇ ਅਨੇਕ ਦੌਰਾਂ ਵਿਚ ਪਿਛਲੇ ਦੌਰ ਨਾਲੋਂ ਗੁਣਤਾ ਦੇ ਪੱਖੋਂ ਨੀਵੀਂ ਗਹਿੰਦੀ ਰਹੀ ਹੈ। ਵਰਤਮਾਨ ਵਿਚ ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਮੋਹਨ ਸਿੰਘ, ਅੰਮ੍ਰਿਤਾ, ਸੇਖੋਂ, ਸਤਿਆਰਥੀ, ਸੁਜਾਨ ਸਿੰਘ, ਹਰਿਭਜਨ ਸਿੰਘ, ਦੁੱਗਲ, ਗਾਰਗੀ, ਸਰਨਾ ਤੇ ਉਹਨਾਂ ਵਰਗੇ ਉਹਨਾਂ ਦੇ ਹੋਰ ਸਮਕਾਲੀ ਲੱਭਣ ਦੀ ਕੋਈ ਤੁਕ ਨਹੀਂ। ਪਰ ਇਹਦਾ ਇਹ ਭਾਵ ਉੱਕਾ ਹੀ ਨਹੀਂ ਕਿ ਭਲਕੇ ਉਹਨਾਂ ਜਿੰਨੇ ਜਾਂ ਸਗੋਂ ਉਹਨਾਂ ਤੋਂ ਵੀ ਵੱਧ ਪ੍ਰਤਿਭਾ ਵਾਲੇ ਲੇਖਕ ਪੈਦਾ ਨਹੀਂ ਹੋਣਗੇ।

ਪੰਜਾਬੀ ਕਹਾਣੀ-ਆਲੋਚਨਾ ਹੁਣ ਖੜੋਤ ਵਿਚ ਨਹੀਂ ਆਈ ਸਗੋਂ ਚਿਰਾਂ ਤੋਂ ਖੜੋਤ ਦੀ ਰੋਗਣ ਹੈ। ਇਹ ਇਸੇ ਰੋਗ ਦੀਆਂ ਨਿਸ਼ਾਨੀਆਂ ਹਨ ਕਿ ਜਿਥੇ ਪਹਿਲਾਂ ਕਿਸੇ ਕਹਾਣੀਕਾਰ ਦੀ ਸਮੁੱਚੀ ਰਚਨਾ ਬਾਰੇ ਗੋਸ਼ਟੀ ਸਜਦੀ ਸੀ, ਹੁਣ ਉਹ ਇਕ ਪੁਸਤਕ ਵਿਚੋਂ ਹੁੰਦੀ ਹੋਈ ਇਕ ਕਹਾਣੀ ਉੱਤੇ ਪੁੱਜ ਗਈ ਹੈ; ਕਹਾਣੀ ਵੀ ਕੋਈ ਉਹ ਨਹੀਂ ਜਿਸਨੇ ਪਾਠਕਾਂ ਨੂੰ ਦੰਗ ਕਰ ਦਿੱਤਾ ਹੋਵੇ। ਕਹਾਣੀਕਾਰ ਆਪਣੀ ਇਕ ਇਕ ਕਹਾਣੀ ਬਾਰੇ ਗੋਸ਼ਟੀਆਂ ਰਚਾ ਰਹੇ ਹਨ ਤੇ ਕਥਿਤ ਆਲੋਚਕ ਹੁੰਮ-ਹੁੰਮਾ ਕੇ ਉਹਨਾਂ ਗੋਸ਼ਟੀਆਂ ਵਿਚ ਵਿਦਵਤਾ-ਭਰਪੂਰ ਪਰਚੇ ਪੜ੍ਹ ਰਹੇ ਹਨ। ਇਥੋਂ ਤੱਕ ਕਿ ਇਕ ਇਕ ਕਹਾਣੀ ਬਾਰੇ ਦੋਸਤਾਂ-ਮਿੱਤਰਾਂ ਤੋਂ ਲੇਖ ਲਿਖਵਾ ਕੇ ਪੁਸਤਕਾਂ ਛਾਪੀਆਂ ਜਾ ਰਹੀਆਂ ਹਨ ! ਮੇਰੀ ਤਾਂ ਇਹੋ ਅਰਦਾਸ ਹੈ ਕਿ ਰੱਬ ਬਿਚਾਰੇ ਅਜਿਹੇ ਕਹਾਣੀਕਾਰਾਂ ਦਾ ਭਰਮ ਵੀ ਬਣਾਈ ਰੱਖੇ ਤੇ ਅਜਿਹੇ ਵਰਤਾਰੇ ਨੂੰ ਆਲੋਚਨਾ ਆਖਣ ਵਾਲੇ ਆਲੋਚਕਾਂ ਦੀ ਲਾਜ ਵੀ ਬਚਾਈ ਰੱਖੇ ! ਆਖ਼ਰ ਰੱਬ ਸਭ ਦੇ ਪਰਦੇ ਕੱਜਣ ਵਾਲਾ ਮੰਨਿਆ ਜਾਂਦਾ ਹੈ !

ਪਿੱਛੇ ਜਿਹੇ ਖੇਤੀ ਪੰਜਾਬ ਦਾ ਪ੍ਰਮੁੱਖ ਧੰਦਾ ਰਹੀ ਹੈ। ਇਹ ਕਹਿਣਾ ਵੀ ਗ਼ਲਤ ਨਹੀਂ ਹੋਵੇਗਾ ਕਿ ਇਕੋ-ਇਕ ਭਾਰੂ ਧੰਦਾ ਰਹੀ ਹੈ। ਸੁਭਾਵਿਕ ਸੀ ਕਿ ਕਿਸਾਨੀ ਜੀਵਨ ਪੰਜਾਬ ਦਾ ਪ੍ਰਤੀਨਿਧ ਜੀਵਨ ਹੁੰਦਾ ਤੇ ਸਾਹਿਤ ਵਿਚ ਵੀ ਕੇਂਦਰੀ ਸਥਾਨ ਮੱਲੀ ਰਖਦਾ। ਬਾਕੀ ਸਭ ਛੋਟੇ-ਵੱਡੇ ਕੰਮ ਕਰਨ ਵਾਲੇ ਭਾਈਚਾਰੇ ਰੋਜ਼ੀ-ਰੋਟੀ ਵਾਸਤੇ ਕਿਸਾਨ ਉੱਤੇ ਨਿਰਭਰ ਹੁੰਦੇ ਸਨ। ਬਹੁਤੇ ਲੇਖਕ ਵੀ ਜੇ ਕਿਸਾਨੀ ਪਿਛੋਕੜ ਵਾਲੇ ਨਹੀਂ ਸਨ ਹੁੰਦੇ, ਪੇਂਡੂ ਪਿਛੋਕੇ ਵਾਲੇ ਜ਼ਰੂਰ ਹੁੰਦੇ ਸਨ। "ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਨੌਕਰੀ, ਭੀਖ ਖੁਆਰ" ਦੀ ਕਹਾਵਤ ਇਸੇ ਸੱਚ ਨੂੰ ਸਾਕਾਰਦੀ ਸੀ। ਹੁਣ ਕਿਸਾਨ ਤੇ ਖੇਤੀ ਦੀ ਹਾਲਤ ਵਿਚ ਨਿਘਾਰ ਨਾਲ ਤੇ ਹੋਰ ਪੇਸ਼ਿਆਂ ਦੇ ਉਭਾਰ ਨਾਲ ਹਾਲਤ ਬਦਲ ਗਈ ਹੈ। ਇਸੇ ਕਰਕੇ ਕਿਸਾਨੀ ਤੇ ਪੇਂਡੂ ਜੀਵਨ ਨੂੰ ਪੰਜਾਬੀ ਕਹਾਣੀ ਵਿਚ ਹੁਣ ਪਹਿਲਾਂ ਵਾਲੀ ਪ੍ਰਮੁੱਖਤਾ ਹਾਸਲ ਨਹੀਂ ਰਹੀ।

ਪੰਜਾਬੀ ਕਹਾਣੀ ਉਸ ਹੱਦ ਤੱਕ ਅੰਗਰੇਜ਼ੀ ਤੇ ਹਿੰਦੀ ਵਿਚ ਅਤੇ ਉਹਨਾਂ ਦੇ ਸਾਧਨ ਰਾਹੀਂ ਹੋਰ ਭਾਸ਼ਾਵਾਂ ਵਿਚ ਅਨੁਵਾਦ ਨਹੀਂ ਹੋਈ ਜਿਸ ਤੱਕ ਹੋ ਸਕਦੀ ਸੀ ਤੇ ਹੋਣੀ ਚਾਹੀਦੀ ਸੀ। ਪਰ ਹਾਲਤ ਮੂਲੋਂ ਹੀ ਨਿਰਾਸ ਕਰਨ ਵਾਲੀ ਵੀ ਨਹੀਂ। ਇਹ ਗੱਲ ਬਿਨਾਂ-ਸ਼ੱਕ ਠੀਕ ਹੈ ਕਿ ਅਨੁਵਾਦ ਰਾਹੀਂ ਹੋਰ ਜ਼ਬਾਨਾਂ ਵਿਚ ਜਿੰਨੀ ਕੁ ਪੰਜਾਬੀ ਕਹਾਣੀ ਪੁੱਜੀ ਹੈ, ਉਸਨੇ ਆਦਰ ਹੀ ਖੱਟਿਆ ਹੈ। ਹੋਰ ਭਾਸ਼ਾਵਾਂ ਵਿਚ ਪੁੱਜੀ ਪੰਜਾਬੀ ਕਹਾਣੀ ਦੀ ਚੰਗੀ ਵਧੀਆ ਪੜਤ ਬਣੀ ਹੈ। 011-65736868

ਦਰਸ਼ਨ ਧੀਰ

ਸਾਹਿਤਕਾਰ ਨੇ ਆਪਣੇ ਸਮੇਂ ਦਾ ਸੱਚ ਹੀਰਚਨਾ ਵਿਚ ਪੇਸ਼ ਕਰਨਾ ਹੁੰਦਾ ਹੈ। ਜੇ ਜੀਵਨ ਸਿੱਧਾ ਸਾਦਾ ਹੈ ਤਾਂ ਉਹਦਾ ਬਿਰਤਾਂਤ ਵੀ ਸਾਦਾ ਹੋਵੇਗਾ। ਜੇ ਜ਼ਿੰਦਗੀ ਗੁੰਝਲਾਂ ਭਰੀ ਹੋਵੇਗੀ, ਉਹਨੂੰ ਗੁੰਝਲਦਾਰ ਬਿਰਤਾਂਤ ਹੀ ਸਹੀ ਢੰਗ ਨਾਲ ਪੇਸ਼ ਕਰ ਸਕੇਗਾ। ਪਰ ਪ੍ਰਸ਼ਨ ਸਿਰਫ਼ ਇਹ ਹੈ ਕਿ ਜਿਹੜਾ ਵਿਸ਼ਾ ਕਹਾਣੀ 'ਚ ਪੇਸ਼ ਹੋ ਰਿਹਾ ਹੈ; ਕੀ ਉਹ ਜਟਿਲ ਬਿਰਤਾਂਤ ਦੀ ਮੰਗ ਕਰਦਾ ਹੈ ਜਾਂ ਕਹਾਣੀ ਲੇਖਕ ਖਾਹਮਖਾਹ ਉਹਨੂੰ ਉਲਝੇਵਿਆਂ ਭਰਪੂਰ ਬਣਾ ਰਿਹਾ ਹੈ?

ਅਜੋਕੀ ਕਹਾਣੀ ਕਥਾ ਰਸ ਤੋਂ ਬਿਲਕੁਲ ਬੇਮੁੱਖ ਨਹੀਂ ਹੋ ਰਹੀ ਤੇ ਨਾ ਹੀ ਇਹ ਇਸ ਗੱਲ ਤੋਂ ਬਿਨਾਂ ਕਹਾਣੀ ਕਹਾਣੀ ਹੋ ਸਕਦੀ ਅਤੇ ਨਾ ਜੀਂਦੀ ਰਹਿ ਸਕਦੀ ਹੈ। ਹਾਂ, ਕੁਝ ਕੁ ਕਹਾਣੀਕਾਰ ਆਪਣੇ ਆਪ ਨੂੰ ਵੱਖਰਾ ਦਰਸਾਉਣ ਲਈ ਜਾਣ-ਬੁੱਝ ਕੇ ਅਜਿਹਾ ਜ਼ਰੂਰ ਕਰ ਰਹੇ ਹਨ ਜਿਹਦੇ ਲਈ ਉਨ੍ਹਾਂ ਨਾਲੋਂ ਵੀ ਸ਼ਾਇਦ ਉਹ ਸੋ-ਕਾਲਡ ਮਹਾਨ ਕਹਾਣੀਕਾਰ ਜ਼ਿੰਮੇਵਾਰ ਕਹੇ ਜਾ ਸਕਦੇ ਹਨ ਜਿਨ੍ਹਾਂ ਨੇ ਨਵੀਂ ਪੀੜ੍ਹੀ ਦੇ ਉਭਰ ਰਹੇ ਕਹਾਣੀਕਾਰਾਂ ਨੂੰ ਅਜਿਹੀ ਦ੍ਰਿਸ਼ਟੀ ਅਪਣਾਉਣ ਦਾ ਆਸ਼ੀਰਵਾਦ ਵੀ ਦਿੱਤਾ ਹੈ ਤੇ ਪ੍ਰੇਰਨਾ ਵੀ ਜਾਂ ਫਿਰ ਕਹਾਣੀ ਨੂੰ ਸੈਕਸ ਅਤੇ ਨਿੱਜੀ ਖਾਇਸ਼ਾਂ ਦੇ ਪਰਗਟਾਉਣ ਤਕ ਮਹਿਦੂਦ ਬਣਾ ਦੇਣ ਦਾ ਆਪਣਾ ਮਹਾਨ ਸਾਹਿਤਕ ਕਰਤੱਵ ਨਿਭਾਇਆ ਹੈ। ਮੇਰੇ ਖਿਆਲ 'ਚ ਰੌਚਕਤਾ ਵਿਸ਼ੇ ਦੀ ਨਵੀਨਤਾ ਜਾਂ ਮੌਲਕਤਾ ਜਾਂ ਫਿਰ ਉਹਦੀ ਪੇਸ਼ਕਾਰੀ ਤੇ ਨਿਰਭਰ ਕਰਦੀ ਹੈ। ਜੇ ਕਹਾਣੀ ਦਾ ਵਿਸ਼ਾ ਮਹੱਤਵਪੂਰਨ ਹੈ ਜਾਂ ਲੇਖਕ ਦਾ ਗੱਲ ਕਹਿਣ ਦਾ ਅੰਦਾਜ਼ ਅਜਿਹਾ ਹੈ ਜਿਹੜ ਪਾਠਕ ਨੂੰ ਕਹਾਣੀ ਦੇ ਨਾਲ ਧੂਈ ਲਿਜਾ ਸਕਦਾ ਹੋਵੇ ਤਾਂ ਰੌਚਕਤਾ ਕਿਸ ਤਰ੍ਹਾਂ ਨਾ ਹੋਵੇਗੀ। ਜੇ ਇਨ੍ਹਾਂ ਦੋਹਾਂ ਗੱਲਾਂ ਚੋਂ ਇਕ ਗੱਲ ਵੀ ਕਹਾਣੀ 'ਚ ਨਹੀਂ ਤਾਂ ਪਾਠਕ ਉਹਨੂੰ ਨਹੀਂ ਪੜ੍ਹੇਗਾ। ਇਸ ਗੱਲ ਨੂੰ ਤੁਸੀਂ ਕਥਾ ਰਸ ਤੋਂ ਬੇਮੁੱਖ ਹੋਣ ਦਾ ਨਾਂ ਦੇ ਲਓ, ਚਾਹੇ ਰਾਜਿੰਦਰ ਸਿੰਘ ਬੇਦੀ ਦੇ ਸ਼ਬਦਾਂ 'ਚ ਚੀਂ ਚੀਂ ਦੇ ਮੁਰੱਬੇ ਦਾ ਨਾਂ ਦੇ ਲਓ ਤੇ ਚਾਹੇ ਕੋਈ ਹੋਰ ਨਾਂ ਰਖ ਦਿਓ। ਉਂਜ ਵਿਸ਼ੇ ਨਾਲੋਂ ਵੀ ਕਹਾਣੀ ਕਹਿਣ ਦਾ ਅੰਦਾਜ਼/ਸਟਾਈਲ ਕਿਤੇ ਵਧ ਆਪਣੀ ਭੂਮਿਕਾ ਨਿਭਾਉਂਦਾ ਹੈ। ਕਈ ਕਹਾਣੀਕਾਰ ਸਧਾਰਨ ਵਿਸ਼ੇ ਨੂੰ ਵੀ ਇੰਨਾ ਰੌਚਕ ਬਣਾ ਦਿੰਦੇ ਹਨ ਕਿ ਪਾਠਕ ਕਹਾਣੀ ਛੱਡ ਨਹੀਂ ਸਕਦਾ ਤੇ ਕਈ ਅਹਿਮ ਵਿਸ਼ੇ ਤੇ ਕਹਾਣੀ ਲਿਖ ਕੇ ਵੀ ਉਹਦਾ ਸਤਿਆਨਾਸ਼ ਮਾਰ ਦਿੰਦੇ ਹਨ। ਜੇ ਮੈਨੂੰ ਆਪਣੇ ਗੱਲ ਕਹਿਣ ਦੀ ਇਜਾਜ਼ਤ ਹੋਵੇ ਤਾਂ ਮੈਂ ਕਹਾਂਗਾ ਕਿ ਮੈਂ ਹਰ ਲਿਖਣਯੋਗ ਵਿਸ਼ੇ ਤੇ ਕਹਾਣੀ

ਲਿਖ ਸਕਦਾ ਹਾਂ, ਪਰ ਨਾਵਲ ਨਹੀਂ। ਲਿਖਣ ਦੇ ਅੰਦਾਜ਼ ਬਾਰੇ ਮੈਂ ਆਪਣੀ ਗੱਲ ਦੀ ਪੁਸ਼ਟੀ ਲਈ ਸੰਸਾਰ ਦੇ ਪ੍ਰਮੁੱਖ ਯਥਾਰਥਵਾਦੀ ਤੇ ਮਹਾਨ ਲੇਖਕ ਫਲੌਬਰਟ ਦੇ ਅਜ਼ੀਜ਼, ਮੋਪਾਸਾਂ ਦੇ ਹੇਠ ਲਿਖੇ ਹੋਏ ਸ਼ਬਦ ਤੁਹਾਡੇ ਨਾਲ ਸਾਂਝੇ ਕਰਨ ਦੀ ਆਗਿਆ ਚਾਹਾਂਗਾ। ਉਹ ਲਿਖਦਾ ਹੈ:

"Amid so many and various masters of the art, of such many-sided genius, what remains to be done that has not already been done, or what to say that has not been said? Who among us can boast of having written a page or sentence which cannot be found - or something closely resembling it –in some other books?"

ਉਹ ਠੀਕ ਹੀ ਕਹਿ ਰਹੇ ਹਨ। ਜਦ ਕਹਾਣੀ ਲੇਖਕ ਕਹਾਣੀ ਨੂੰ ਸਮਾਜਕ ਮਸਲਿਆਂ ਨੂੰ ਪੇਸ਼ ਕਰਨ ਦੀ ਥਾਂ ਉਹਨੂੰ ਆਪਣੇ ਨਿੱਜ ਨੂੰ ਪੇਸ਼ ਕਰਨ ਦਾ ਸਾਧਨ ਬਣਾ ਲੈਣਗੇ ਤਾਂ ਉਨ੍ਹਾਂ ਵਲੋਂ ਲਿਖੀ ਜਾ ਰਹੀ ਕਹਾਣੀ ਦਾ ਵਧੀਆ ਭਵਿੱਖ ਕਿਸ ਤਰ੍ਹਾਂ ਬਣ ਸਕਦਾ ਹੈ? ਮੇਰੀ ਨਜ਼ਰ 'ਚ ਸਿਰਜਣਾ ਪ੍ਰਕਿਰਿਆ ਇਕ ਅਤਿ ਗੰਭੀਰ ਤੇ ਜ਼ਿੰਮੇਵਾਰੀ ਦਾ ਕੰਮ ਹੈ। ਇਹ ਸਿਰਫ਼ ਤੇ ਸਿਰਫ਼ ਸ਼ੁਗਲ ਜਾਂ ਦਿਲ ਬਹਿਲਾਵੇ ਦਾ ਕੰਮ ਨਹੀਂ ਹੈ। ਮੈਂ ਸਮਝਦਾ ਹਾਂ ਕਿ ਜੀਵਨ ਇਕ ਸੰਘਰਸ਼ ਹੈ, ਜਿਹੜੀ ਕਹਾਣੀ ਜਾਂ ਕੋਈ ਵੀ ਰਚਨਾ ਪਾਠਕ ਨੂੰ ਇਸ ਕਾਰਜ ਵਿਚ ਉਹਦੀ ਸਹਾਇਤਾ ਨਹੀਂ ਕਰਦੀ ਜਾਂ ਰੋਸ਼ਨੀ ਦੀ ਕੋਈ ਕਿਰਨ ਨਹੀਂ ਬਖ਼ਸ਼ਦੀ ਜਾਂ ਜੇ ਉਹ ਪਾਠਕ ਨੂੰ ਸੁਹਿਜਾਤਮਿਕ ਜੀਵਨ ਜੀਣ ਲਈ ਕੋਈ ਦਿਸ਼ਾ ਨਹੀਂ ਦਿਖਾਉਂਦੀ ਤਾਂ ਗੰਭੀਰ ਕਿਸਮ ਦੇ ਪਾਠਕ ਉਹਨੂੰ ਕਿਉਂ ਪੜ੍ਹਨਗੇ? ਜੇ ਗੰਭੀਰ ਪਾਠਕ ਉਹਨੂੰ ਨਹੀਂ ਪੜ੍ਹਨਗੇ ਤਾਂ ਉਹਦੇ ਭਵਿੱਖ ਬਾਰੇ ਤੁਸੀਂ ਆਪ ਅੰਦਾਜ਼ਾ ਲਾ ਸਕਦੇ ਹੋ। ਸਪੱਸ਼ਟ ਸ਼ਬਦਾਂ 'ਚ ਜੇ ਉਹਨੂੰ ਕਹਾਣੀ ਚੋਂਟੀ ਵੀ ਸੀਰੀਅਲ ਵਰਗਾ ਹੀ 'ਕੁਝ ਮਿਲਣਾ ਹੈ, ਉਹ ਕਹਾਣੀ ਨਾਲ ਕਿਉਂ ਮੱਥਾ ਮਾਰੇਗਾ? ਟੀ ਵੀ ਸੀਰਅਲ ਹੀ ਕਿਉਂ ਨਾ ਦੇਖ ਲਵੇਗਾ? ਜਿਥੇ ਕਰਾਮਾਤ ਵਾਂਗ ਝੱਟ ਹਰ ਚੀਜ਼ ਵਾਪਰ ਜਾਂਦੀ ਹੈ। ਇਹ ਜ਼ਮਾਨਾ ਕਰਾਮਾਤਾਂ ਦਾ ਨਹੀਂ, ਤਰਕ ਦਾ ਹੈ।

ਉਂਜ ਤਾਂ ਇਸ ਪ੍ਰਸ਼ਨ ਦਾ ਉੱਤਰ ਉਪਰਲੇ ਸਵਾਲ 'ਚ ਦਿੱਤਾ ਜਾ ਚੁੱਕਾ ਹੈ ਫਿਰ ਵੀ ਮੈਂ ਕਹਾਂਗਾ ਕਿ ਜੇ ਤੁਸੀਂ ਕਹਾਣੀ ਦਾ ਭਵਿੱਖ ਰੋਸ਼ਨ ਦੇਖਣਾ ਚਾਹੁੰਦੇ ਹੋ ਤਾਂ ਕੇਵਲ ਸੈਕਸ ਬਾਰੇ ਜਾਂ ਆਪਣੀਆਂ ਜਾਤੀ ਖਾਇਸ਼ਾਂ ਦੇ ਪਰਗਟਾਵੇ ਦੇ ਸਾਧਨ ਤਕ ਕਹਾਣੀ ਨੂੰ ਸੀਮਤ ਨਾ ਕਰੋ। ਲੇਖਕ ਨੂੰ ਹਰ ਵਿਸ਼ੇ ਤੇ ਕਹਾਣੀ ਲਿਖਣ ਦਾ ਹੱਕ ਹੈ। ਉਹ ਜਿਸ ਵਿਸ਼ੇ ਤੇ ਵੀ ਕਹਾਣੀ ਲਿਖਣੀ ਚਾਹੇ, ਜ਼ਰੂਰ ਲਿਖੇ। ਪਰ ਦੇਖਣਾ ਇਹ ਹੁੰਦਾ ਹੈ ਕਿ ਉਹ ਉਸ ਵਿਸ਼ੇ ਨੂੰ ਕਿਸ ਐਂਗਲ ਤੋਂ ਪੇਸ਼ ਕਰ ਰਿਹਾ ਹੈ ਤੇ ਕਿਉਂ ਕਰ ਰਿਹਾ ਹੈ। ਕੀ ਉਹਦੀ ਮਨੁੱਖਤਾ ਲਈ ਕੋਈ ਸਾਰਥਕਤਾ ਹੈ ਜਾਂ ਦਿਲ ਆਈ ਕਰਨਾ ਹੀ ਹੈ? ਅਕਸਰ ਸਾਹਿਤ ਸਿਰਜਣ ਦੇ ਅਰਥ ਹੁੰਦੇ ਹਨ। ਜੇ ਕਹਾਣੀ ਨੂੰ ਸਿਰਫ਼ ਮਨੋਰੰਜਨ ਤਕ ਹੀ ਸੀਮਤ ਕਰ ਦੇਣਾ ਹੈ ਤਾਂ ਉਹਦੇ ਨਾਲ ਇਹ ਭਾਣਾ ਵਾਪਰ ਕੇ ਹੀ ਰਹਿਣਾ ਹੈ। ਮੈਂ ਅਰਦਾਸ ਕਰਦਾ ਹਾਂ ਕਿ ਅਜਿਹੀ ਗੱਲ ਪੰਜਾਬੀ ਕਹਾਣੀ ਨਾਲ ਕਦੀ ਨਾ ਵਾਪਰੇ! ਸਿਰਜਣ ਪ੍ਰਕਿਰਿਆ ਬਾਰੇ ਸ਼ੈਕਸਪੀਅਰ ਦੇ ਹੇਠ ਲਿਖੇ ਸ਼ਬਦ ਬੜੇ ਡੂੰਘੇ ਤੇ ਸਾਰਥਕ ਅਰਥ ਰਖਦੇ ਹਨ:

Life is tale told by idiot
Full of sound and fury signifying nothing.

ਲੇਖਕ ਉਨ੍ਹਾਂ ਲੋਕਾਂ ਨੂੰ ਹੀ ਪਾਤਰਾਂ ਦੇ ਤੌਰ ਤੇ ਪੇਸ਼ ਕਰ ਸਕਦਾ ਹੈ, ਵਿਸ਼ੇਸ਼ ਕਰਕੇ ਨੀਝ ਤੇ ਗਹਿਰਾਈ ਨਾਲ ਜਿਹੜੇ ਉਹਦੇ ਅਨੁਭਵ 'ਚ ਆਏ ਹੋਣ। ਅਨੁਭਵ ਵਿਚ ਹੀ ਨਹੀਂ, ਉਨ੍ਹਾਂ ਦਾ ਕੋਈ ਪੱਖ ਰੌਚਕ ਵੀ ਹੋਵੇ, ਮਨੁੱਖਤਾ ਦਾ ਪੱਖ ਪੂਰਨ ਵਾਲਾ ਵੀ ਤੇ ਪਾਠਕ ਦੇ ਪੱਲੇ ਸੋਹਿਜ ਭਰੀ ਜ਼ਿੰਦਗੀ ਜੀਣ ਲਈ ਕੋਈ ਰੋਸ਼ਨੀ ਦੀ ਕਿਰਨ ਵੀ ਪਾਉਂਦਾ ਹੋਵੇ। ਐਵੀਂ ਹਵਾ 'ਚੋਂ ਫੜ ਕੇ ਤਾਂ ਪਾਤਰ ਕਹਾਣੀ ਜਾਂ ਨਾਵਲ 'ਚ ਪੇਸ਼ ਨਹੀਂ ਕੀਤੇ ਜਾ ਸਕਦੇ। ਜਿਥੋਂ ਤਕ ਮੇਰੀ ਕਹਾਣੀ ਜਾਂ ਨਾਵਲ ਦਾ ਸਬੰਧ ਹੈ। ਉਨ੍ਹਾਂ 'ਚ ਬੇਸ਼ੁਮਾਰ ਮੁਸਲਮਾਨ ਪਾਤਰ

ਵੀ ਹਨ, ਟੱਪਰੀਵਾਸ ਵੀ ਹਨ, ਤਰਖਾਣ ਵੀ ਤੇ ਗਧੀਲੇ ਵੀ ਹਨ ਅਤੇ ਹੋਰ ਕਮਿਊਨਿਟੀਆਂ ਦੇ ਲੋਕ ਵੀ ਹਨ। ਸ਼ਾਇਦ ਬਾਜੀਗਰ ਨਹੀਂ ਹਨ। ਇਸ ਗੱਲ ਦਾ ਇਹੀ ਕਾਰਨ ਹੋ ਸਕਦਾ ਹੈ ਕਿ ਮੇਰਾ ਇਸ ਕਮਿਊਨਿਟੀ ਨਾਲ ਬਾਹਲਾ ਨਜ਼ਦੀਕੀ ਸੰਪਰਕ ਨਾ ਰਿਹਾ ਹੋਵੇਗਾ। ਲੇਖਕ ਸੋਚ-ਸਮਝ ਕੇ ਤਾਂ ਕਿਸੇ ਕਮਿਊਨਿਟੀ ਚੋਂ ਪਾਤਰ ਨਹੀਂ ਲੈਂਦਾ।

ਇਸ ਗੱਲ ਦੇ ਕਈ ਕਾਰਨ ਹੋ ਸਕਦੇ ਹਨ ਪਰ ਪ੍ਰਮੁੱਖ ਕਾਰਨ ਇਹ ਹੈ ਕਿ ਜਿੰਨਾ ਕੁ ਸਮਕਾਲੀ ਸਮਾਜਿਕ ਯਥਾਰਥ ਪਹਿਲੇ ਸਮਾਜਿਕ ਯਥਾਰਥ ਨਾਲੋਂ ਭਿੰਨ ਹੈ, ਓਨਾ ਕੁ ਹੀ ਵਖਰੇਵਾਂ ਹੈ। ਦੂਜੀ ਗੱਲ, ਪਹਿਲੇ ਕਹਾਣੀਕਾਰ ਮੁੱਖ ਤੌਰ 'ਤੇ ਉਹੀ ਵਿਸ਼ੇ ਕਹਾਣੀ 'ਚ ਪੇਸ਼ ਕਰਦੇ ਸਨ ਜਿਹੜੇ ਸਮਾਜ ਜਾਂ ਮਨੁੱਖ ਲਈ ਸਾਰਥਕ ਹੋਣ। ਅਜ ਦੇ ਬਹੁਤੇ ਕਹਾਣੀ ਲੇਖਕਾਂ ਵਾਂਗ ਜੋ ਦਿਲ 'ਚ ਆਇਆ ਉਸ 'ਤੇ ਕਹਾਣੀ ਨਹੀਂ ਸਨ ਲਿਖ ਮਾਰਦੇ। ਤੀਜੀ ਗੱਲ, ਅਜੋਕੀ ਕਹਾਣੀ ਸੈਕਸ ਦੀ ਅਜ਼ਾਦੀ ਤੇ ਜਾਤੀ ਇਛਾਵਾਂ ਤੇ ਲੋੜੋਂ ਵਧ ਜ਼ੋਰ ਦੇਣ ਲਗ ਪਈ। ਪਰ ਉਹ ਇਸ ਗੱਲ ਵਲ ਧਿਆਨ ਨਹੀਂ ਦਿੰਦੇ ਕਿ ਉਹ ਲਿਖੀ ਕਿਉਂ ਜਾ ਰਹੀ ਹੈ ਤੇ ਉਸ ਗੱਲ ਦੀ ਕਿੰਨੀ ਕੁ ਸਾਰਥਕਤਾ ਹੈ।

ਜਿਉਂ ਜਿਉਂ ਸਮਾਜ ਅਗੇ ਵਧਦਾ ਜਾਂਦਾ ਹੈ ਤਿਉਂ ਤਿਉਂ ਨਵਾਂ ਯਥਾਰਥ ਵੀ ਵਜੂਦ ਵਿਚ ਆਉਂਦਾ ਰਹਿੰਦਾ ਹੈ ਜਿਸ ਨਾਲ ਨਵੀਆਂ ਸਮੱਸਿਆਵਾਂ, ਨਵੀਂ ਸੋਚ, ਨਵੇਂ ਰਿਸ਼ਤੇ ਵੀ ਬਣਦੇ ਰਹਿੰਦੇ ਹਨ ਤੇ ਨਵੀਂ ਭਾਸ਼ਾ ਵੀ ਆਪਣਾ ਰੂਪ ਧਾਰਦੀ ਰਹਿੰਦੀ ਹੈ। ਇਸ ਕਰਕੇ ਇਹ ਗੱਲ ਕਿੱਦਾਂ ਕਹੀ ਜਾ ਸਕਦੀ ਹੈ ਕਿ ਅਜੋਕੀ ਕਹਾਣੀ 'ਚ ਕੋਈ ਨਵੀਂ ਗੱਲ ਨਹੀਂ। ਕੀ ਅੱਜ ਸਮਾਜ ਵਿਚ ਨਵੇਂ ਮਸਲੇ ਨਹੀਂ ਪੈਦਾ ਹੋ ਰਹੇ, ਨਵੇਂ ਰਿਸ਼ਤੇ ਨਹੀਂ ਬਣ ਰਹੇ? ਜੇ ਬਣ ਰਹੇ ਹਨ ਤਾਂ ਕਹਾਣੀ 'ਚ ਨਵੀਂ ਗੱਲ ਵੀ ਜ਼ਰੂਰ ਆਵੇਗੀ। ਪਰ ਇਥੇ ਸਮੱਸਿਆ ਨਵੀਂ ਕਹਾਣੀ 'ਚ ਨਵੀਂ ਗੱਲ ਦੀ ਨਹੀਂ। ਸਮੱਸਿਆ ਨਵੀਂ ਗੱਲ ਨੂੰ ਪੇਸ਼ ਕਰਨ ਦੇ ਅੰਦਾਜ਼ ਵਿਚ ਲੁਪਤ ਹੈ ਜਿਹੜੀ ਮੈਂ ਸੰਸਾਰ ਪ੍ਰਸਿੱਧ ਕਹਾਣੀਕਾਰ ਮੋਪਾਸਾਂ ਦੇ ਸ਼ਬਦਾਂ ਵਿਚ ਤੁਹਾਡੇ ਨਾਲ ਸਾਂਝੀ ਕਰ ਚੁੱਕਾ ਹਾਂ। ਇਸ ਗੱਲ ਤੋਂ ਬਿਨਾਂ ਇੰਜ ਵੀ ਲਗਦਾ ਹੈ ਜਿਵੇਂ ਬਹੁਤੇ ਨਵੇਂ ਕਹਾਣੀਕਾਰਾਂ ਦਾ ਨਾ ਕਿਸੇ ਆਡਿਆਲੋਜੀ 'ਚ ਵਿਸ਼ਵਾਸ ਹੈ, ਨਾ ਹੀ ਕਿਸੇ ਆਸਥਾ ਵਿਚ। ਜਿੰਨਾ ਚਿਰ ਕਿਸੇ ਲੇਖਕ ਕੋਲ ਕੋਈ ਦ੍ਰਿਸ਼ਟੀਕੋਣ ਜਾਂ ਆਸਥਾ ਨਹੀਂ ਹੈ ਓਨਾ ਚਿਰ ਉਹਦੀ ਰਚਨਾ ਦੇ ਸ਼ਬਦ-ਸੰਸਾਰ ਚੋਂ ਰੋਸ਼ਨੀ ਦੇ ਚਿੰਗਿਆੜੇ ਨਿਕਲਣੇ ਅਸੰਭਵ ਗੱਲ ਹੈ ਜਿਹੜੀ ਗੱਲ ਚੰਗੀ ਕਹਾਣੀ ਲਈ ਜ਼ਰੂਰੀ ਹੈ। ਮੇਰੇ ਕਹਿਣ ਦਾ ਇਹ ਭਾਵ ਉੱਕਾ ਨਹੀਂ ਲੇਖਕ ਨੂੰ ਆਪਣੀ ਆਡਿਆਲੋਜੀ ਦਾ ਕਹਾਣੀ ਚ ਪਰਚਾਰ ਕਰਨ ਲਗ ਪੈਣਾ ਚਾਹੀਦਾ ਹੈ ਪਰ ਉਹ ਉਹਨੂੰ ਹਨੇਰੇ ਚ ਇਧਰ ਉਧਰ ਭਟਕਣ ਤੋਂ ਬਚਾ ਜ਼ਰੂਰ ਸਕਦੀ ਹੈ ਜਾਂ ਦ੍ਰਿਸ਼ਟੀ ਕੋਣ ਲੇਖਕ ਨੂੰ ਹਨੇਰੇ ਚ ਭਟਕਣ ਤੋਂ ਰੋਸ਼ਨੀ ਦਿੰਦੀ ਕਹੀ ਜਾ ਸਕਦੀ ਹੈ। ਅਜੋਕੇ ਬਹੁਤੇ ਕਹਾਣੀਕਾਰਾਂ ਦਾ ਇਹੀ ਹਾਲ ਜਾਪਦਾ ਹੈ। ਇਸ ਕਰਕੇ ਹੀ ਲਗਦਾ ਹੈ ਕਿ ਕਹਾਣੀ 'ਚ ਦੁਹਰਾਅ ਆ ਗਿਆ ਹੈ ਜਾਂ ਖੜੋਤ ਆ ਗਈ ਲਗਦੀ ਹੈ।

ਪੰਜਾਬੀਆਂ ਨੂੰ ਇਸ ਗੱਲ ਦਾ ਬੜਾ ਦੁਖ ਹੈ ਤੇ ਰਹੇਗਾ ਵੀ ਕਿ ਉਨ੍ਹਾਂ ਨਾਲ ਦਿਲ ਦਹਿਲਾ ਦੇਣ ਵਾਲੇ ਦੋ ਮਹਾਂ ਚੰਦਰੇ ਵਰਤਾਰੇ ਵਾਪਰੇ ਹਨ ਤੇ ਪੰਜਾਬੀ ਕਹਾਣੀਕਾਰ ਉਨ੍ਹਾਂ ਤੇ ਬਹੁਤ ਘਟ ਲੰਮਾ ਸਮਾਂ ਜੀਂਦੀਆਂ ਰਹਿਣ ਵਾਲੀਆਂ ਜਾਂ ਹੰਢਣ ਸਾਰ ਕਹਾਣੀਆਂ ਸਿਰਜ ਸਕੇ ਹਨ। ਇਹ ਗੱਲ ਪੰਜਾਬੀ ਪ੍ਰਤਿਭਾ ਲਈ ਮਿਹਣਾ ਵੀ ਹੈ ਤੇ ਵੰਗਾਰ ਵੀ। ਇਸ ਗੱਲ ਦਾ ਇਹ ਅਰਥ ਉੱਕਾ ਨਹੀਂ ਕਿ ਪੰਜਾਬੀ ਪ੍ਰਤਿਭਾ ਕੋਲ ਵੱਡੇ ਰਾਜਨੀਤਕ ਮਸਲਿਆਂ ਨੂੰ ਗ੍ਰਹਿਣ ਕਰਨ ਤੇ ਸਿਰਜਣ ਦੀ ਸਮਰੱਥਾ ਨਹੀਂ ਹੈ। ਜ਼ਰੂਰ ਹੈ ਜਿਹੜੀ ਪ੍ਰਤਿਭਾ ਨੇ ਬਾਲਮੀਕ, ਵੇਦ ਬਿਆਸ, ਬਾਬਾ ਫ਼ਰੀਦ, ਗੁਰੂ ਨਾਨਕ ਵਰਗੇ ਮਹਾਨ ਲੇਖਕ ਪੈਦਾ ਕੀਤੇ ਹਨ, ਉਸ ਪੰਜਾਬੀ ਪ੍ਰਤਿਭਾ ਤੋਂ ਇਨ੍ਹਾਂ ਵਰਤਾਰਿਆਂ ਤੇ ਮਹਾਨ ਕਹਾਣੀਆਂ ਕਿਉਂ ਨਹੀਂ ਸਿਰਜੀਆਂ ਜਾ ਸਕੀਆਂ? ਇਸ ਸਵਾਲ ਦੇ ਨਾਲ ਇਹ ਗੱਲ ਵੀ ਸਾਮ੍ਹਣੇ ਆਉਂਦੀ ਹੈ ਕਿ ਜੇ ਪੰਜਾਬੀ ਲੇਖਕ ਹੰਢਣਸਾਰ ਨਾਵਲ ਲਿਖ ਸਕਦੇ ਹਨ ਤਾਂ ਪੰਜਾਬੀ ਕਹਾਣੀਕਾਰ ਵੱਡੀ ਗਿਣਤੀ ਚ ਵੱਡੀਆਂ ਰਚਨਾਵਾਂ ਕਿਉਂ ਨਹੀਂ

ਰਚ ਸਕੇ? ਇਸ ਗੱਲ ਦਾ ਕਿਤੇ ਇਹ ਕਾਰਨ ਤਾਂ ਨਹੀਂ ਹੈ ਕਿ ਬਹੁਤੇ ਕਹਾਣੀਕਾਰਾਂ ਨੇ ਉਪਭਾਵਕ ਹੋ ਕੇ ਕਾਹਲ਼ੀ ਚ ਕਹਾਣੀਆਂ ਲਿਖ ਦਿੱਤੀਆਂ ਹਨ। ਰਾਜਨੀਤਕ ਸਮੱਸਿਆਵਾਂ ਨੂੰ ਪਚਾਉਣ ਜਾਂ ਉਨ੍ਹਾਂ ਤੋਂ ਡਿਟੈਚਡ ਹੋ ਕੇ ਡੂੰਘਾਈ ਨਾਲ ਸੋਚਣ, ਦੇਖਣ, ਪਰਖਣ ਤੇ ਸਾਧਨਾ ਕਰਨ ਦੀ ਬੜੀ ਜ਼ਰੂਰਤ ਹੁੰਦੀ ਹੈ, ਕਿਉਂਕਿ ਇਨ੍ਹਾਂ ਮਸਲਿਆਂ ਨੂੰ ਉਡਦੀ ਉਡਦੀ ਨਜ਼ਰ ਨਾਲ ਦੇਖ ਕੇ ਲਿਖੀ ਰਚਨਾ ਲੰਮੇ ਸਮੇਂ ਲਈ ਲੋਕਾਂ ਦੇ ਮਨਾਂ 'ਚ ਆਪਣਾ ਘਰ ਬਣਾ ਕੇ ਨਹੀਂ ਟਿਕ ਸਕਦੀ। ਜਿਥੇ ਇਨ੍ਹਾਂ ਗੱਲਾਂ ਲਈ ਵੱਡੀ ਪ੍ਰਤਿਭਾ ਦੀ ਜ਼ਰੂਰਤ ਹੁੰਦੀ ਹੈ, ਉਥੇ ਸਬਰ ਤੇ ਲੰਮੀ ਘਾਲਣਾ ਦੀ ਜ਼ਰੂਰਤ ਵੀ ਹੁੰਦੀ ਹੈ ਅਤੇ ਮਸਲਿਆਂ ਦੀ ਤਹਿ ਤਕ ਜਾਣ ਦੀ ਤਿੱਖੀ ਨਜ਼ਰ ਵੀ।

ਨਹੀਂ, ਮੈਂ ਅਜਿਹਾ ਬਿਲਕੁਲ ਨਹੀਂ ਸਮਝਦਾ। ਜਦ ਤਕ ਕੋਈ ਸਮਾਜ ਤੁਰਦਾ ਰਹੇਗਾ ਤਦ ਉਹਦੇ 'ਚ ਲਿਖੀ ਜਾ ਰਹੀ ਸਿਰਜਣਾ 'ਚ ਖਲੋਤ ਵਰਗੀ ਕੋਈ ਚੀਜ਼ ਨਹੀਂ ਆ ਸਕਦੀ। ਕਿਉਂਕਿ ਜਿਉਂ ਜਿਉਂ ਸਮਾਜ ਅਗਾਂਹ ਤੁਰਦਾ ਰਹੇਗਾ ਤਿਉਂ-ਤਿਉਂ ਉਹਦੇ 'ਚ ਨਵੇਂ ਨਵੇਂ ਮਸਲੇ ਵੀ ਪੈਦਾ ਹੁੰਦੇ ਰਹਿਣਗੇ ਤੇ ਲੇਖਕ ਉਨ੍ਹਾਂ ਮਸਲਿਆਂ ਬਾਰੇ ਆਪਣੀ ਸਿਰਜਣਾ ਵੀ ਕਰਦੇ ਰਹਿਣਗੇ। ਇਹ ਗੱਲ ਕਿਵੇਂ ਹੋ ਸਕਦੀ ਹੈ ਕਿ ਸਮਾਜਕ ਸਮੱਸਿਆਵਾਂ ਤਾਂ ਨਿੱਤ ਨਵੀਆਂ ਪੈਦਾ ਹੁੰਦੀਆਂ ਰਹਿਣ ਪਰ ਉਹਦੀ ਸਿਰਜਣ-ਪ੍ਰਕਿਰਿਆ ਇਕ ਥਾਂ ਖਲੋਤੀ ਰਹੇ?

ਨਹੀਂ ਮੈਨੂੰ ਅਜਿਹਾ ਬਿਲਕੁਲ ਨਹੀਂ ਲਗਦਾ। ਆਲੋਚਕਾਂ ਨੇ ਉਸ ਸਮਾਜਿਕ ਯਥਾਰਥ ਦੀ ਨਿਰਖ-ਪਰਖ ਹੀ ਕਰਨੀ ਹੁੰਦੀ ਹੈ ਜਿਹੜਾ ਸਿਰਜਣਾ 'ਚ ਪੇਸ਼ ਹੋਇਆ ਹੁੰਦਾ ਹੈ। ਜੇ ਸਮਾਜ ਵਿਚ ਖੜੋਤ ਪੈਦਾ ਨਹੀਂ ਹੋ ਸਕਦੀ ਤਾਂ ਨਾ ਉਸ ਸਮਾਜ ਵਿਚ ਹੋ ਰਹੀ ਰਚਨਾ-ਪ੍ਰਕਿਰਿਆ 'ਚ ਖਲੋਤ ਆ ਸਕਦੀ ਹੈ ਤੇ ਨਾ ਹੀ ਉਹਦੀ ਆਲੋਚਨਾ ਵਿਚ? ਇਕ ਮਿੰਟ ਲਈ ਮੰਨ ਲੈਂਦੇ ਹਾਂ, ਜਿਹੜੀ ਗੱਲ ਦਿਨੇ ਤਾਰੇ ਦੇਖਣ ਵਾਲੀ ਕਹੀ ਜਾ ਸਕਦੀ ਹੈ। ਜੇ ਹੋ ਜਾਵੇ ਤਾਂ ਉਹਦੇ ਲਈ ਆਲੋਚਕਾਂ ਨਾਲੋਂ ਕਹਾਣੀਕਾਰ ਕਿਤੇ ਵਧ ਦੋਸ਼ੀ ਤੇ ਜ਼ਿੰਮੇਵਾਰ ਹੋਣਗੇ।

ਇਸ ਗੱਲ ਦੇ ਅਨੇਕਾਂ ਕਾਰਨ ਹੋ ਸਕਦੇ ਹਨ। ਪਹਿਲਾ ਪ੍ਰਮੁੱਖ ਕਾਰਨ ਇਹ ਹੈ ਕਿ ਪੰਜਾਬ ਦੀ ਹੀ ਨਹੀਂ, ਸਮੁੱਚੇ ਭਾਰਤ ਦੀ ਵੀ, ਸਗੋਂ ਸਾਰੇ ਸੰਸਾਰ ਦੀ ਆਬਾਦੀ ਵੀ ਹਜ਼ਾਰਾਂ ਸਾਲਾਂ ਤੋਂ ਪਿੰਡਾਂ 'ਚ ਰਹਿੰਦੀ ਆ ਰਹੀ ਹੈ। ਜੇ ਲੋਕ ਹਜ਼ਾਰਾਂ ਸਾਲਾਂ ਤੋਂ ਪਿੰਡਾਂ ਚ ਰਹਿੰਦੇ ਆ ਰਹੇ ਹਨ ਤਾਂ ਉਨ੍ਹਾਂ ਦੇ ਸੰਸਕਾਰ ਵੀ ਇਨ੍ਹਾਂ ਹਜ਼ਾਰਾਂ ਵਰ੍ਹਿਆਂ 'ਚ ਉਥੇ ਦੀ ਜ਼ਿੰਦਗੀ ਨੇ ਹੌਲ਼ੀ ਹੌਲ਼ੀ ਬਣਾਏ ਹਨ। ਸੰਸਕਾਰ ਦਸਾਂ-ਵੀਹਾਂ ਵਰ੍ਹਿਆਂ ਚ ਬਣਨ ਵਾਲੀ ਚੀਜ਼ ਨਹੀਂ। ਭਾਰਤ ਦੀ ਬਹੁ-ਗਿਣਤੀ ਵਸੋਂ ਅਜੇ ਵੀ ਪਿੰਡਾਂ ਚ ਹੀ ਰਹਿੰਦੀ ਹੈ। ਜੋ ਲੋਕ ਸ਼ਹਿਰਾਂ ਚ ਜਾ ਕੇ ਵਸ ਵੀ ਗਏ ਹਨ, ਉਨ੍ਹਾਂ ਦੀਆਂ ਜੜ੍ਹਾਂ ਜਾਂ ਸੰਸਕਾਰ ਵੀ ਸੌ ਚੋਂ ਪੰਜਾਵੇਂ ਫ਼ੀਸਦੀ ਪਿੰਡਾਂ ਵਾਲੇ ਹੀ ਹਨ ਜਾਂ ਕਹਿ ਲਓ ਉਨ੍ਹਾਂ ਦੇ ਅਚੇਤ ਵਿਚ ਅਜੇ ਵੀ ਪਿੰਡ ਹੀ ਘਰ ਕਰੀ ਬੈਠੇ ਹਨ ਤੇ ਰਚਨਾ ਦਾ ਬਹੁਤਾ ਸਬੰਧ ਸੁਚੇਤ ਨਾਲੋਂ ਅਚੇਤ ਨਾਲ ਹੁੰਦਾ ਹੈ। ਦੂਜਾ, ਜਿਹੜੇ ਕਿਸਾਨ ਹਨ, ਉਨ੍ਹਾਂ ਦਾ ਸਬੰਧ ਤਾਂ ਕਿਸਾਨੀ ਨਾਲ ਹੋਣਾ ਹੀ ਹੋਣਾ ਹੈ। ਪਿੰਡਾਂ ਦੇ ਜਿਹੜੇ ਲੋਕ ਖੇਤੀ ਨਹੀਂ ਵੀ ਕਰਦੇ, ਉਨ੍ਹਾਂ ਦਾ ਸਬੰਧ ਵੀ ਕਿਸੇ ਨਾ ਕਿਸੇ ਰੂਪ ਚ ਸਿੱਧਾ ਜਾਂ ਅਸਿੱਧਾ ਕਿਸਾਨੀ ਨਾਲ ਬਣਿਆਂ ਰਹਿੰਦਾ ਹੈ। ਇਸ ਲਈ ਇਹ ਗੱਲ ਬੜੀ ਜ਼ਰੂਰੀ ਹੈ ਕਿ ਬਹੁ-ਗਿਣਤੀ ਕਹਾਣੀ ਜਾਂ ਨਾਵਲ ਕਿਸਾਨੀ ਨਾਲ ਸਬੰਧਤ ਹੋਣਗੇ। ਸਿੱਟੇ ਵਜੋਂ ਜੇ ਪੰਜਾਬੀ ਕਹਾਣੀ ਲਿਖਣ ਵਾਲਿਆਂ ਦੀ ਵਧ ਗਿਣਤੀ ਕਿਸਾਨੀ ਨਾਲ ਸਬੰਧ ਰਖਦੀ ਹੈ ਤਾਂ ਜ਼ਰੂਰੀ ਹੈ ਕਿ ਉਹ ਪ੍ਰਮਾਣਿਤ ਵੀ ਵਧ ਹੋਵੇਗੀ ਤੇ ਉਹਦੀ ਗੱਲ ਵੀ ਵਧ ਚਲੇਗੀ। ਪਰ ਇਸ ਗੱਲ ਦਾ ਇਹ ਮਤਲਬ ਉੱਕਾ ਨਹੀਂ ਹੋਣਾ ਚਾਹੀਦਾ ਕਿ ਸ਼ਹਿਰਾਂ ਨਾਲ ਸਬੰਧਤ ਕੰਮਾਂ ਕਾਰਾਂ, ਰਿਲੇਸ਼ਨਜ਼ ਤੇ ਸਮੱਸਿਆਵਾਂ ਜਾਂ ਸ਼ਹਿਰੀ ਜ਼ਿੰਦਗੀ ਬਾਰੇ ਲਿਖੀ ਜਾ ਰਹੀ ਕਹਾਣੀ ਦੀ ਮਾਨਤਾ ਨਹੀਂ ਹੋਣੀ ਚਾਹੀਦੀ। ਮੈਂ ਤਾਂ ਇਹ ਗੱਲ ਬੜੇ ਸਾਲਾਂ ਤੋਂ ਕਹਿੰਦਾ ਆ ਰਿਹਾ ਹਾਂ ਕਿ ਸਾਨੂੰ, ਲੇਖਕਾਂ ਨੂੰ, ਪਿੰਡਾਂ ਤਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ ਸਗੋਂ ਨਵੀਆਂ ਧਰਤੀਆਂ ਵੀ ਫਰੋਲਣੀਆਂ ਚਾਹੀਦੀਆਂ ਹਨ। ਇਹ ਠੀਕ ਹੈ ਕਿ ਨਵੀਆਂ ਚੀਜ਼ਾਂ ਜਾਂ ਸਮੱਸਿਆਵਾਂ ਬਾਰੇ ਲਿਖਣ ਚ ਖ਼ਤਰਾਂ ਵੀ ਵਧ ਹੁੰਦਾ ਹੈ ਤੇ ਉਹਦੇ ਤੇ ਮਿਹਨਤ ਵੀ

ਵਧ ਕਰਨੀ ਪੈਂਦੀ ਹੈ। ਪਰ ਇਹੀ ਦੋਵੇਂ ਗੱਲਾਂ ਕਿਸੇ ਰਚਨਾ ਨੂੰ ਵਧ ਹੰਢਣਸਾਰ ਵੀ ਬਣਾ ਸਕਦੀਆਂ ਹਨ ਤੇ ਉਹਦੇ ਖਲੋਤੇ ਪਾਣੀ ਚ ਹਿਲਜੁਲ ਵੀ ਪੈਦਾ ਕਰ ਸਕਦੀਆਂ ਹਨ।

ਪੰਜਾਬੀ ਕਹਾਣੀ ਨੂੰ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਚ ਕਿੰਨੀ ਕੁ ਮਾਨਤਾ ਮਿਲੀ ਹੈ। ਇਸ ਗੱਲ ਦਾ ਜਵਾਬ ਮੇਰੇ ਨਾਲੋਂ ਪੰਜਾਬ ਚ ਬੈਠੇ ਲੇਖਕ ਵਧ ਠੀਕ ਦੇ ਸਕਦੇ ਹਨ। ਪਰ ਮੈਂ ਇਹ ਗੱਲ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਕਹਾਣੀ ਭਾਰਤ ਦੀਆਂ ਦੂਸਰੀਆਂ ਭਾਸ਼ਵਾਂ ਦੇ ਮੁਕਾਬਲੇ 'ਚ ਹਿੱਕ ਥਾਪੜ ਕੇ ਖੜ੍ਹ ਸਕਦੀ ਹੈ। ਚੰਗੀ ਪੰਜਾਬੀ ਕਹਾਣੀ ਗਿਣਤੀ ਦੇ ਪੱਖੋਂ ਭਾਰਤ ਦੀ ਕਿਸੇ ਹੋਰ ਭਾਸ਼ਾ ਦੀ ਚੰਗੀ ਕਹਾਣੀ ਨਾਲੋਂ ਘਟ ਵਧ ਜ਼ਰੂਰ ਹੋ ਸਕਦੀ ਹੈ। ਇਸ ਗੱਲ ਦਾ ਕਾਰਨ ਉਸ ਭਾਸ਼ਾ ਨੂੰ ਬੋਲਣ-ਲਿਖਣ ਵਾਲਿਆਂ ਦੀ ਗਿਣਤੀ ਵਧ ਘਟ ਵੀ ਹੋ ਸਕਦੀ ਹੈ ਤੇ ਕੋਈ ਹੋਰ ਕਾਰਨ ਵੀ ਹੋ ਸਕਦਾ ਹੈ। ਪਰ ਕਿਸੇ ਭਾਸ਼ਾ ਦੇ ਬੋਲਣ-ਲਿਖਣ ਵਾਲਿਆਂ ਦੀ ਗਿਣਤੀ ਵਧ-ਘਟ ਹੋਣ ਨਾਲ ਜ਼ਰੂਰੀ ਨਹੀਂ ਹੁੰਦਾ ਕਿ ਉਸ ਭਾਸ਼ਾ ਦੀ ਚੰਗੀ ਕਹਾਣੀ ਗਿਣਤੀ ਦੇ ਪੱਖੋਂ ਵੀ ਜ਼ਰੂਰ ਵਧ ਚੰਗੀ ਹੋਵੇਗੀ। ਇਸ ਦਲੀਲ ਨੂੰ ਈ. ਐਮ. ਫੋਸਟਰ ਅਪਰਵਾਨ ਕਰਦਾ ਹੋਇਆ ਲਿਖਦਾ ਹੈ ਕਿ ਅੰਗਰੇਜ਼ ਯੂ. ਕੇ. ਦੀ ਵੱਡੀ ਗਿਣਤੀ ਵਿਚ ਹਨ ਪਰ ਉਨ੍ਹਾਂ ਕੋਲ ਨਾ ਵਧੀਆ ਨਾਵਲ ਹੈ ਤੇ ਨਾ ਹੀ ਕਹਾਣੀ। ਜਦ ਕਿ ਆਰਿਸ਼ਾਂ, ਸਕਾਟਿਸ਼ਾਂ, ਇਥੋਂ ਤਕ ਕਿ ਵੇਲਿਸ਼ਾਂ ਕੋਲ ਚੰਗੀ ਕਹਾਣੀ ਹੈ।

ਪੰਜਾਬੀ ਕਹਾਣੀ ਬਾਰੇ ਮੈਂ ਡਾ. ਫਰੈਂਕ ਰੀਵਜ਼, (ਪਲੀਜ਼ ਇਸ ਗੱਲ ਨੂੰ ਪਰਸਨਲ ਲੈਣ ਦੀ ਕਿਰਪਾ ਨਾ ਕਰਨਾ) ਜਿਹੜੇ ਬਿਲਸਟਨ ਕਾਲਜ ਦੇ ਡਿਪਟੀ ਪ੍ਰਿੰਸੀਪਲ ਵੀ ਸਨ ਤੇ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ ਵੀ ਹਨ। ਹੁਣ ਤਾਂ ਰਿਟਾਇਰਡ ਹੋ ਚੁੱਕੇ ਹਨ। ਨਰੰਜਨ ਸਿੰਘ ਨੂਰ ਵੀ ਇਸ ਕਾਲਜ ਵਿਚ ਹੀ ਪੜ੍ਹਾਉਂਦਾ ਹੁੰਦਾ ਸੀ। ਉਹ ਆਪਸ ਵਿਚ ਮਿੱਤਰ ਵੀ ਸਨ। ਉਹ ਨੂਰ ਜੀ ਰਾਹੀਂ ਮੇਰੇ ਵੀ ਕੁਝ ਜਾਣੂ ਸਨ। ਹੋ ਸਕਦਾ ਹੈ ਕਿ ਨੂਰ ਸਾਹਿਬ ਮੇਰੀ ਰਚਨਾ ਬਾਰੇ ਵੀ ਉਹਦੇ ਨਾਲ ਗੱਲਾਂ ਕਰਦੇ ਰਹਿੰਦੇ ਹੋਣਗੇ। ਜਦ 1999 ਵਿਚ ਉਹ ਇਕ ਰਾਤ ਅਚਾਨਕ ਹੀ ਸਦਾ ਲਈ ਸਾਡੇ ਨਾਲੋਂ ਵਿਛੜ ਗਏ ਤੇ ਸਭਾ ਨੇ ਸਨ, 2000 ਵਿਚ ਇੰਟਰਨੈਸ਼ਨਲ ਕਾਨਫਰੰਸ ਕਰਵਾਉਣ ਦਾ ਫੈਸਲਾ ਲੈ ਲਿਆ ਤਾਂ ਉਸ ਲਈ ਸਾਨੂੰ ਬ੍ਰਿਟਿਸ਼ ਲੌਟਰੀ ਕੋਲੋਂ ਗਰਾਂਟ ਲਈ ਅਪਲਾਈ ਕਰਨ ਦੀ ਲੋੜ ਸੀ ਜਿਸ ਲਈ ਦਰਖਾਸਤ ਤੇ ਕਿਸੇ ਜਾਣੀ ਪਛਾਣੀ ਸ਼ਖ਼ਸੀਅਤ ਦੀ ਸਿਫ਼ਾਰਸ਼ ਦੀ ਲੋੜ ਸੀ ਜਿਹੜਾ ਸਾਡੀ ਪ੍ਰਗਤੀਸ਼ੀਲ ਲਿਖਾਰੀ ਸਭਾ (ਯੂ. ਕੇ.) ਦੇ ਕਾਰਜ ਨੂੰ ਜਾਣਦਾ ਹੋਵੇ। ਅਸੀਂ ਆਪਣੇ ਸਮਾਗਮ ਅਕਸਰ ਬਿਲਸਟਨ ਕਾਲਜ ਵਿਚ ਕਰਵਾਉਂਦੇ ਰਹਿੰਦੇ ਸੀ। ਖੈਰ, ਮੇਰੇ ਕੋਲ ਡਾ. ਫਰੈਂਕ ਰੀਵਜ਼ ਦਾ ਫੋਨ ਸੀ। ਮੈਂ ਆਪਣੀ ਸਮੱਸਿਆ ਉਹਨੂੰ ਦਸੀ ਤਾਂ ਉਹ ਕਹਿਣ ਲਗਾ, "ਦਸੋ, ਮੈਂ ਕਿੰਨੇ ਵਜੇ ਤੁਹਾਡੇ ਘਰ ਆ ਜਾਵਾਂ?"

ਮੈਂ ਉਹਨੂੰ ਸੱਤ ਵਜੇ ਆਉਣ ਲਈ ਬੇਨਤੀ ਕਰ ਦਿੱਤੀ। ਉਹ ਟਾਈਮ ਸਿਰ ਪੁੱਜ ਗਿਆ। ਉਸ ਚਾਹ ਪੀਤੀ, ਸਾਡਾ ਕੰਮ ਕੀਤਾ ਤੇ ਜਾਣ ਤੋਂ ਪਹਿਲਾਂ ਕਹਿਣ ਲਗਾ, "ਦਰਸ਼ਨ, ਮੈਂ ਨਰੰਜਨ ਤੋਂ ਤੁਹਾਡੇ ਬਾਰੇ ਬੜਾ ਕੁਝ ਸੁਣਿਆਂ ਹੋਇਆ ਹੈ ਪਰ ਮੈਨੂੰ ਤੁਹਾਡੀ ਕੋਈ ਰਚਨਾ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਕੀ ਤੁਹਾਡੇ ਕੋਲ ਇੰਗਲਿਸ਼ ਵਿਚ ਅਨੁਵਾਦ ਹੋਈ ਕੋਈ ਰਚਨਾ ਹੈ?"

ਮੇਰੇ ਕੋਲ ਹੋਰ ਤਾਂ ਉਸ ਵੇਲੇ ਕੁਝ ਨਹੀਂ ਸੀ। ਡਾ. ਰਾਣਾ ਨੈਅਰ ਵਲੋਂ ਕਿਸੇ ਐਨਥਾਲੋਜੀ ਲਈ ਮੇਰੀ ਕਹਾਣੀ 'ਕੱਖਾਂ-ਕਾਨਾਂ ਦੇ ਘਰ ਦੀ ਇੰਗਲਿਸ਼ ਵਿਚ ਅਨੁਵਾਦ ਕਾਪੀ ਪਈ ਸੀ। ਮੈਂ ਉਹ ਉਹਨੂੰ ਦੇ ਦਿੱਤੀ। ਕੁਝ ਦਿਨਾਂ ਮਗਰੋਂ ਕਹਾਣੀ ਦੇ ਨਾਲ ਉਨ੍ਹਾਂ ਦੀ ਬੜੀ ਸੰਖੇਪ ਜਿਹੀ ਚਿੱਠੀ ਆਈ ਸੀ, ਜਿਹੜੀ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਤਾਂ ਕਿ ਸਾਨੂੰ ਇਸ ਗੱਲ ਦਾ ਅਹਿਸਾਸ ਹੋ ਸਕੇ ਕਿ ਪੰਜਾਬੀ ਕਹਾਣੀ ਹੋਰਨਾਂ ਭਾਸ਼ਾਵਾਂ ਦੇ ਮੁਕਾਬਲੇ ਚ ਕਿਥੇ ਕੁ ਖੜ੍ਹੀ ਹੈ। ਉਹ ਲਿਖਦੇ ਹਨ:

Merridale ((Wolverhampton)

15, October 1999.

Dear Darshan,

Thank you for let me read your Short story 'A Next of Straw,' which I found of great interest, it give me a flavour of how well your stories received by the Punjabi readers. Are they all so well crafted and structured?

I am glad you shared your writing with me. Kind to regards.

Your s Sincerely

Frank Reeves.

ਇਸ ਪੱਤਰ ਤੋਂ ਕੁਝ ਚਿਰ ਮਗਰੋਂ ਮੇਰਾ ਇਕ ਦਿਨ ਡਾ. ਫਰੈਂਕ ਰੀਵਜ਼ ਨਾਲ ਵੁਲਵਰਹੈਂਪਟਨ ਟਾਊਨ ਵਿਚ ਮੇਲ ਹੋਇਆ ਤਾਂ ਗੱਲਾਂ ਗੱਲਾਂ ਚ ਉਹ ਕਹਿਣ ਲਗਾ, "ਦਰਸ਼ਨ, ਮੇਰਾ ਖਿਆਲ ਨਹੀਂ ਸੀ ਕਿ ਪੰਜਾਬੀ ਚ ਇੰਨੀ ਵਧੀਆ ਕਹਾਣੀ ਲਿਖੀ ਜਾ ਰਹੀ ਹੋਵੇਗੀ।"

"ਪੰਜਾਬੀ 'ਚ ਇਸ ਕਹਾਣੀ ਨਾਲੋਂ ਕਿਤੇ ਚੰਗੀ ਕਹਾਣੀ ਲਿਖੀ ਜਾ ਰਹੀ ਹੈ, ਫਰੈਂਕ।"

"ਅਜ ਕਲ੍ਹ ਅੰਗਰੇਜ਼ੀ ਵਿਚ ਤਾਂ ਖਾਸ ਕਹਾਣੀ ਨਹੀਂ ਲਿਖੀ ਜਾ ਰਹੀ।"

"ਇਹ ਤਾਂ ਤੁਸੀਂ ਵਿਅੰਗ ਕਰ ਰਹੇ ਹੋ ਫਰੈਂਕ, ਨਹੀਂ?" ਮੈਂ ਉਹਦੇ ਚਿਹਰੇ ਵਲ ਮੁਸਕਰਾ ਕੇ ਦੇਖਦਿਆਂ ਪੁੱਛਿਆ।

"ਇਹ ਕਟਾਕਸ਼ ਨਹੀਂ। ਸੱਚਮੁੱਚ ਹੀ ਮੇਰੀ ਨਜ਼ਰ ਚੋਂ ਅਜ ਕਲ੍ਹ ਅੰਗਰੇਜ਼ੀ ਦੀ ਕੋਈ ਚੰਗੀ ਕਹਾਣੀ ਨਹੀਂ ਲੰਘੀ। ਹੈ ਜਿਵੇਂ ਸਾਡੇ ਕੋਲ ਕਹਾਣੀ ਲਈ ਨਵੇਂ ਵਿਸ਼ਿਆਂ ਦੀ ਥੁੜ੍ਹ ਆ ਗਈ ਹੈ।"

ਮਨਮੋਹਨ ਬਾਵਾ

ਪੰਜਾਬੀ ਕਹਾਣੀ 'ਚ ਜਟਿਲ ਬਿਰਤਾਂਤ ਵੱਧ ਰਿਹਾ ਹੈ, ਸਿਰਫ਼ ਪਾਠਕਾਂ ਨੂੰ ਉਸ ਤਰ੍ਹਾਂ ਪ੍ਰਭਾਵਤ ਕਰਨ ਲਈ ਜਿਵੇਂ ਅੱਜ ਕੱਲ ਦੀਆਂ ਫਿਲਮਾਂ 'ਚ ਵਾਪਰ ਰਿਹਾ ਹੈ।

ਸਿਰਫ ਕਥਾ ਰਸ ਤੋਂ ਹੀ ਨਹੀਂ ਬਲਕਿ ਹੋਰ ਵੀ ਅਨੇਕਾਂ 'ਰਸਾਂ' ਤੋਂ ਕਹਾਣੀ ਬੇਮੁੱਖ ਹੁੰਦੀ ਜਾ ਰਹੀ ਹੈ। ਪੰਜਾਬੀ ਸੰਗੀਤ ਵਾਂਗ

ਜੇ ਆਲੋਚਕਾਂ ਦੇ ਅਨੁਸਾਰ ਪੰਜਾਬੀ ਕਹਾਣੀ ਦਾ ਭਵਿੱਖ ਕੋਈ ਬਹੁਤਾ ਵਧੀਆ ਨਹੀਂ ਤਾਂ ਉਨ੍ਹਾਂ ਦਾ ਵਿਚਾਰ ਠੀਕ ਹੈ ਪਰ ਇਸ ਦੇ ਵਧੀਆ ਨਾ ਹੋਣ 'ਚ ਉਨ੍ਹਾਂ ਦੀ ਜ਼ੁੰਮੇਵਾਰੀ ਵੀ ਬਣਦੀ ਹੈ। ਜਾਂ ਤਾਂ ਕਹਾਣੀਕਾਰ ਪ੍ਰਤਿ ਲਿਹਾਜ਼ਦਾਰੀ ਕਾਰਨ ਜਾਂ ਆਪਣੀ ਬੇਸਮਝੀ ਕਾਰਨ ਜਾਂ ਆਪਣੀ ਸਾਹਿਤਕ ਜ਼ੁੰਮੇਵਾਰੀ ਨੂੰ ਨਾ ਸਮਝਣ ਕਾਰਨ, ਨੀਵੀਂ ਪੱਧਰ ਦੀ ਕਹਾਣੀ ਨੂੰ ਬਿਹਤਰੀਨ ਕਹਾਣੀ ਘੋਸ਼ਤ ਕਰਦੇ ਆਏ ਹਨ।

ਲੇਖਕ ਵੀ ਸਮਾਜ ਦਾ ਆਪਣੇ ਆਲੇ ਦੁਆਲੇ ਦਾ ਅੰਗ ਹੈ। ਪੰਜਾਬੀ ਵਿਅਕਤੀ ਦਾ ਆਪਣਾ ਜੀਵਨ ਸੁੰਗੜਦਾ ਜਾ ਰਿਹਾ ਹੈ। ਲੇਖਕ ਆਪ ਵੀ ਸੁੰਗੜੇ ਹੋਏ ਹਨ। ਇਸ ਬਾਰੇ ਮੈਂ ਬਹੁਤਾ ਨਹੀਂ ਕਹਿਣਾ ਚਾਹੁੰਦਾ। ਸੋਹਜ ਅਤੇ ਸਹਿਜ ਵਲ ਕੋਈ ਧਿਆਨ ਨਹੀਂ ਦੇਂਦਾ। ਨਾ ਕਹਾਣੀਕਾਰ ਅਤੇ ਨਾ ਹੀ ਆਲੋਚਕ ਕੇਵਲ ਵਿਸ਼ਿਆ ਨਾਲ ਚੰਗੀ ਕਹਾਣੀ ਨਹੀਂ ਬਣਦੀ।

ਹਰ ਇਨਸਾਨ ਹਰ ਲੇਖਕ ਆਪਣੇ ਆਪ ਨੂੰ ਹੀ ਸਾਰੀ ਦੁਨੀਆਂ ਦਾ ਕੇਂਦਰ ਸਮਝਦਾ ਹੈ। ਉਸ ਨੂੰ ਹੋਰ ਕਿਸੇ ਦੇ ਦੁੱਖਾਂ, ਸਮੱਸਿਆਵਾਂ ਨਾਲ ਜਿਵੇਂ ਕੋਈ ਲੈਣਾ-ਦੇਣਾ ਨਾ ਹੋਵੇ।

ਜੁਗਤਾਂ ਪੱਖੋਂ ਬੇਸ਼ਕ ਤਜਰਬੇ ਹੋ ਰਹੇ ਹਨ। ਪਰ ਜੇ ਕਹਾਣੀ ਦੇ ਬਿਰਤਾਂਤ 'ਚ ਕੋਈ ਡੂੰਘਿਆਈ ਨਾ ਹੋਵੇ ਤਾਂ ਨਵਾਂ ਤਜਰਬਾ ਆਪਣੇ ਆਪ 'ਚ ਕੀ ਕਰ ਸਕਦਾ ਹੈ?

ਉਂਝ ਸਿਰਫ ਲਹਿਰਾਂ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਕਹਾਣੀਆਂ 'ਚ ਸ਼ਿਲਪ ਕਲਾਤਮਿਕਤਾ ਦੀ

ਘਾਟ ਹੋਵੇ ਤਾਂ ਉਹ ਵੀ ਕੁਝ ਦਿਨਾਂ ਬਾਅਦ ਵਿਸਰ ਜਾਂਦੀਆਂ ਹਨ। ਬੇਮਾਅਨੇ ਹੋ ਜਾਂਦੀਆਂ ਹਨ।

ਕਹਾਣੀ ਵਿਚ ਖੜੋਤ ਜ਼ਰੂਰ ਆਈ ਹੈ। ਵੱਡਾ ਕਾਰਨ ਕਹਾਣੀਕਾਰਾਂ 'ਚ ਜੀਵਨ ਦੇ ਡੂੰਘੇ ਅਨੁਭਵਾਂ ਦੀ ਅਣਹੋਂਦ ਚਾਹੇ ਉਹ ਸਮਝਦੇ ਹਨ ਮੇਰੇ ਵਾਂਗ, ਕਿ ਉਨ੍ਹਾਂ ਦੇ ਅਨੁਭਵ ਬਹੁਤ ਵਿਸ਼ਾਲ ਅਤੇ ਡੂੰਘੇ ਹਨ। ਬਹੁਤੀਆਂ ਕਹਾਣੀਆਂ ਘੁੰਮਦੀਆਂ ਹਨ ਕਿਸਾਨੀ ਸਮੱਸਿਆ, ਸ਼ਰਾਬ, ਪੈਸੇ, ਔਰਤ, ਕੈਨੇਡਾ, ਇੰਗਲੈਂਡ ਵੱਲ ਦੌੜਨ ਦੇ ਦੁਆਲੇ ਉਂਝ ਹਿੰਦੀ ਕਹਾਣੀ ਵਿਚ ਵੀ ਪਹਿਲੀ ਵਾਲੀ ਗਲ ਨਹੀਂ ਰਹੀ। ਉਸ 'ਚ ਖੜੋਤ ਤਾਂ ਬੇਸ਼ਕ ਨਹੀਂ ਪਰ ਭਟਕ ਜ਼ਰੂਰ ਗਈ ਹੈ।

ਆਲੋਚਨਾ 'ਚ ਖੜੋਤ ਜ਼ਰੂਰ ਆ ਗਈ ਹੋਈ ਹੈ, ਇਸ ਦਾ ਕਾਰਨ ਚੰਗੇ ਆਲੋਚਕਾਂ ਦੀ ਘਾਟ ਦੇ ਇਲਾਵਾਂ ਇਹ ਕਿ ਕਹਾਣੀਕਾਰ, ਚਾਹੇ ਮੈਂ ਹੋਵਾਂ ਚਾਹੇ ਕੋਈ ਹੋਰ, ਆਪਣੇ ਪ੍ਰਤਿ ਆਲੋਚਨਾ ਨੂੰ ਪਸੰਦ ਨਹੀਂ ਕਰਦੇ। ਵੈਸੇ ਬਹੁਤੇ ਆਲੋਚਕ ਕਹਾਣੀ ਬਾਰੇ ਘੱਟ ਅਤੇ ਆਪਣੀ ਵਿਚਾਰਧਾਰਾ ਬਾਰੇ ਗੱਲਾਂ ਜ਼ਿਆਦਾ ਕਰਦੇ ਹਨ। ਕਈ ਵਾਰੀ ਤੇ ਉਨ੍ਹਾਂ ਦੀ ਭਾਸ਼ਨ ਵਰਗੀ ਆਲੋਚਨਾ ਦਾ ਕਹਾਣੀ ਨਾਲ ਕੋਈ ਖਾਸ ਸੰਬੰਧ ਨਹੀਂ ਹੁੰਦਾ।

ਪੰਜਾਬੀ ਬੰਦਾ ਚਾਹੇ ਪਿੰਡ 'ਚ ਰਹਿ ਰਿਹਾ ਹੋਵੇ ਚਾਹੇ ਸ਼ਹਿਰ 'ਚ, ਆਮ ਕਰਕੇ ਪਿੰਡਾਂ ਵਿਚੋਂ ਹੀ ਨਿਕਲ ਕੇ ਸ਼ਹਿਰਾਂ 'ਚ ਆਏ ਹੋਏ ਹਨ। ਇਸ ਦੇ ਨਾਲ ਨਾਲ ਜੇ ਕੋਈ ਕਿਸੇ ਹੋਰ ਮੁੱਦੇ ਤੇ ਕਹਾਣੀ ਲਿਖਣ ਲੱਗੇ ਤਾਂ 'ਕਿਸਾਨੀ ਕਹਾਣੀ ਨੂੰ ਮਾਨਤਾ' ਵਾਲੀ ਗੱਲ ਯਾਦ ਕਰਦਿਆਂ ਉਹ ਲਿਖਦਾ ਹੀ ਨਹੀਂ ਮੇਰੇ ਨਾਲ ਵੀ ਕਈ ਵਾਰੀ ਇਸੇ ਤਰ੍ਹਾਂ ਵਾਪਰਿਆ ਹੈ। ਮੇਰੀਆਂ ਕੁਝ ਬਿਹਤਰੀਨ ਕਹਾਣੀਆਂ, ਜਿਨ੍ਹਾਂ ਦਾ ਵਿਸ਼ਾ ਜੰਗਲ, ਪਰਬਤ, ਆਦੀਵਾਸੀ, ਪ੍ਰਕਿਰਤੀ ਜਾਂ ਪਿੱਠ ਭੂਮੀ ਪੰਜਾਬ ਤੋਂ ਬਾਹਰ ਦੀ ਰਹੀ ਹੈ, ਪੰਜਾਬੀ ਸਾਹਿਤ 'ਚ ਤਕਰੀਬਨ ਗਵਾਚ ਕੇ ਹੀ ਰਹਿ ਗਈਆਂ।

ਚੰਗੀਆਂ ਕਹਾਣੀਆਂ ਨੂੰ ਦੂਜੀਆਂ ਭਾਸ਼ਾਵਾਂ 'ਚ ਮਾਨਤਾ ਜ਼ਰੂਰ ਮਿਲ ਰਹੀ ਹੈ।

ਜੋਗਿੰਦਰ ਸਿੰਘ ਨਿਰਾਲਾ

ਕਿਉਂਕਿ ਅਜੋਕੀ ਜ਼ਿੰਦਗੀ ਸਰਲ ਤੇ ਸਪਾਟ ਨਹੀਂ ਰਹੀ, ਇਸੇ ਕਰਕੇ ਪੰਜਾਬੀ ਕਹਾਣੀ 'ਚ ਜਟਿਲ ਬਿਰਤਾਂਤ ਵਧਣਾ ਲਾਜ਼ਮੀ ਹੈ। ਅਜੋਕਾ ਮਨੁੱਖ ਜ਼ਿੰਦਗੀ ਦੀਆਂ ਵਿਪਰੀਤ ਪਰਿਸਥਿਤੀਆਂ ਨਾਲ ਸੰਘਰਸ਼ ਕਰ ਰਿਹਾ, ਕਈ ਤਰ੍ਹਾਂ ਦੀਆਂ ਜ਼ਿੰਦਗੀਆਂ ਹੰਢਾ ਰਿਹਾ ਹੈ। ਇਸ ਕਰਕੇ ਸੰਘਣੇ ਤੇ ਡੂੰਘੇ ਵੇਰਵਿਆਂ ਵਾਲੀਆਂ ਕਹਾਣੀਆਂ ਰਚੀਆਂ ਜਾ ਰਹੀਆਂ ਹਨ। ਪਰ ਇੱਥੇ ਇਹ ਵੀ ਵਰਨਣਯੋਗ ਹੈ ਕਿ ਸਾਡੇ ਕੁੱਝ ਲੇਖਕ 'ਜਟਿਲ' ਬਿਰਤਾਂਤ ਸਿਰਜਣ ਦੇ ਮੋਹ ਵਿੱਚ ਕਹਾਣੀ ਨੂੰ 'ਕਹਾਣੀ' ਨਹੀਂ ਰਹਿਣ ਦਿੰਦੇ, ਸਗੋਂ ਅੜਾਉਣੀ ਜਾਂ ਬੁਝਾਰਤ ਬਣਾ ਦਿੰਦੇ ਨੇ, ਅਜਿਹਾ ਉਹਨਾਂ ਲੇਖਕਾਂ ਦੀ ਯਾਂਤਰਿਕ ਪ੍ਰਵਿਰਤੀ ਕਾਰਨ ਵਾਪਰਦਾ ਹੈ।

ਬਿਲਕੁਲ ਨਹੀਂ ਕਹਾਣੀ ਵਿਚ ਕਥਾ ਰਸ ਦੀ ਹਮੇਸ਼ਾਂ ਲੋੜ ਰਹੀ ਹੈ, ਅਤੇ ਰਹੇਗੀ ਵੀ। ਕਹਾਣੀ ਤਾਂ ਕਹਾਣੀ ਹੈ, ਜੇ ਇਸ ਵਿਚ ਕਥਾ ਰਸ ਹੈ। ਹਾਂ ਕਥਾ ਰਸ ਦਾ ਸੰਕਲਪ ਹਮੇਸ਼ਾਂ ਬਦਲਦਾ ਰਿਹਾ ਹੈ। ਅਜੋਕੀ ਪੰਜਾਬੀ ਕਹਾਣੀ 'ਕਿੱਸਾ ਗੋਈ' ਨਹੀਂ ਰਹੀ। ਜਿਹੜੇ ਲੇਖਕ ਪ੍ਰਯੋਗ ਕਰਨ ਦੇ ਨਾਮ ਉਪਰ ਅਜਿਹੀਆਂ ਰਚਨਾਵਾਂ ਲਿਖ ਰਹੇ ਹਨ, ਉਹ ਪੰਜਾਬੀ ਸਾਹਿਤਕ ਸੱਭਿਆਚਾਰ ਵਿੱਚ ਕਦੇ ਵੀ ਪਰਵਾਨ ਨਹੀਂ ਹੋਣਗੇ। ਪੰਜਾਬੀ ਕਹਾਣੀ ਦੇ ਇਤਿਹਾਸ ਉਪਰ ਸਰਸਰੀ ਨਜ਼ਰ ਮਾਰਦਿਆਂ ਹੀ ਇਹ ਗੱਲ ਸਾਹਮਣੇ ਆ ਜਾਂਦੀ ਹੈ ਕਿ ਇੱਥੇ 'ਅਕਹਾਣੀ', 'ਸੰਕੇਤਕ ਕਹਾਣੀ', 'ਪ੍ਰਯੋਗਵਾਦੀ ਕਹਾਣੀ' ਲਿਖੀ ਤਾਂ ਜ਼ਰੂਰ ਗਈ ਪਰ ਮਕਬੂਲ ਨਹੀਂ ਹੋ ਸਕੀ।

ਪਿਛਲੇ ਦੋ ਕੁ ਦਹਾਕਿਆਂ ਤੋਂ ਜਿੰਨੇ ਲੇਖਕ ਅਤੇ ਪਾਠਕ ਪੰਜਾਬੀ ਕਹਾਣੀ ਨਾਲ ਜੁੜੇ ਹਨ, ਉਸ

ਤੋਂ ਜਾਪਦਾ ਤਾਂ ਇਹ ਹੀ ਹੈ ਕਿ ਪੰਜਾਬੀ ਕਹਾਣੀ ਦਾ ਭਵਿੱਖ ਬਹੁਤ ਸ਼ਾਨਦਾਰ ਹੈ।

ਮੇਰਾ ਇਹ ਵਿਚਾਰ ਹੈ ਕਿ ਵਿਸ਼ੇ ਪੱਖੋਂ ਪੰਜਾਬੀ ਕਹਾਣੀ ਦਾ ਸਰੋਂ ਵਿਸਤਾਰ ਹੋਇਆ ਹੈ। ਜਿਹੜੇ ਵਿਸ਼ੇ ਕਿਸੇ ਸਮੇਂ 'ਨਸ਼ੇਧ' ਸਮਝੇ ਜਾਂਦੇ ਸਨ, ਉਹਨਾਂ ਬਾਰੇ ਗੱਲ ਹੋਣ ਲੱਗ ਪਈ ਹੈ। ਸਰੋਂ ਭਾਸ਼ਾ ਅਤੇ ਸ਼ੈਲੀ ਪੱਖੋਂ ਵੀ ਪੰਜਾਬੀ ਕਹਾਣੀ ਵਿਸਤ੍ਰਿਤ ਹੋਈ ਹੈ। ਹਾਂ ਕੁੱਝ ਲੇਖਕ ਜ਼ਰੂਰ ਹਨ, ਜਿਹੜੇ ਵਿਸ਼ਿਆਂ ਦਾ ਦੁਹਰਾਓ ਮਾਤਰ ਕਰ ਰਹੇ ਹਨ। ਕੁੱਝ ਅਜਿਹੇ ਵੀ ਹਨ ਜਿਹੜੇ ਮਹਿਜ਼ ਵਰਜਿਤ ਰਿਸ਼ਤਿਆਂ ਦੇ ਤਣਾਓ, ਦਲਿਤ ਚੇਤਨਾ, ਨਾਰੀਵਾਦੀ ਚਿੰਤਨ ਵਿੱਚ ਹੀ ਉਲਝ ਕੇ ਰਹਿ ਗਏ ਹਨ। ਹੁਣ ਪ੍ਰਤਿਨਿੱਧ ਤੌਰ 'ਤੇ ਹਰ ਤਰ੍ਹਾਂ ਦੀ ਕਹਾਣੀ ਲਿਖੀ ਜਾ ਰਹੀ ਹੈ। ਹੁਣ ਦੀ ਕਹਾਣੀ ਜ਼ਿੰਦਗੀ ਦੇ ਹਾਣ ਦੀ ਹੋ ਚੁੱਕੀ ਹੈ।

ਘੱਟ ਗਿਣਤੀ ਕਿਓਂ ਜੁ ਗਿਣਤੀ ਵਿਚ ਹੀ ਘੱਟ ਹਨ, ਇਸ ਲਈ ਕਹਾਣੀ ਵਿੱਚ ਪਾਤਰ ਵਜੋਂ ਵੀ ਘੱਟ ਆਉਣਗੇ। ਉਂਜ ਜੰਮੂ ਕਸ਼ਮੀਰ ਵਿੱਚ ਕੁਝ ਕਹਾਣੀ ਲੇਖਕ ਜ਼ਰੂਰ ਹਨ ਜਿਹੜੇ ਮੁਸਲਮਾਨ ਪਾਤਰਾਂ ਨੂੰ ਲਿਆਉਂਦੇ ਹਨ। ਬਾਜੀਗਰ, ਸਿਕਲੀਗਰ, ਖਾਨਾ ਬਦੋਸ਼ ਆਦਿ ਪਾਤਰ ਆਏ ਤਾਂ ਹਨ ਪਰ ਬਹੁਤ ਘੱਟ। ਅਸਲ ਵਿਚ ਕਹਾਣੀ ਸਿੱਖ ਸਭਿਆਚਾਰ ਦੇ ਆਲੇ ਦੁਆਲੇ ਹੀ ਘੁੰਮਦੀ ਰਹੀ ਹੈ। ਇਹ ਹੀ ਪ੍ਰਤਿਨਿਧ ਸਭਿਆਚਾਰ ਹੈ। ਲੇਖਕ ਵੀ ਬਹੁ-ਗਿਣਤੀ ਵਿੱਚ ਇਸੇ ਫਿਰਕੇ ਨਾਲ ਸੰਬੰਧਿਤ ਹਨ। ਪਾਕਿਸਤਾਨ ਅਤੇ ਬਦੇਸ਼ਾਂ ਵਿੱਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਇਸ ਪੱਖੋਂ ਵਿਹੜਾ ਮੋਕਲਾ ਕਰ ਸਕਦੀ ਹੈ ਪਰ ਉਧਰਲੇ ਲੇਖਕਾਂ ਨੇ ਜੇ ਪੰਜਾਬੀ ਵਿਚ ਲਿਖਣਾ ਹੈ ਅਤੇ ਮਕਬੂਲੀਅਤ ਪੰਜਾਬ ਵਿਚ ਹੀ ਕਰਾਉਣੀ ਹੈ ਤਾਂ ਪ੍ਰਤਿਨਿੱਧ ਪਾਤਰ ਹੀ ਲੈਣੇ ਪੈਣਗੇ।

ਕਹਾਣੀ ਵਿੱਚ ਵਿਸਥਾਰ ਦੀ ਸੰਭਾਵਨਾ ਬਹੁਤੀ ਨਹੀਂ ਹੁੰਦੀ ਪਰ ਕਈ ਕਹਾਣੀਆਂ ਵਿੱਚ 'ਬੇਲੋੜਾ ਵਿਸਥਾਰ' ਕਹਾਣੀਆਂ ਦੀ ਮੰਗ ਅਨੁਸਾਰ ਹੋਵੇ ਤਾਂ ਠੀਕ ਹੈ ਪਰ ਇੱਕ ਕਹਾਣੀ ਵਿੱਚ ਅਪ੍ਰਸੰਗਿਕ ਹੋਰ ਕਹਾਣੀਆਂ ਜੋੜ ਕੇ (ਪਾ ਕੇ) ਕਹਾਣੀ ਨੂੰ ਲਮਕਾਉਣਾ ਨਹੀਂ ਚਾਹੀਦਾ। ਮੇਰੇ ਖਿਆਲ ਅਨੁਸਾਰ ਕਹਾਣੀ ਬਹੁਤਾ ਭਾਰ ਨਹੀਂ ਝੱਲ ਸਕਦੀ।

ਸਮਕਾਲੀ ਲਿਖੀ ਜਾ ਰਹੀ ਪੰਜਾਬੀ ਕਹਾਣੀ ਪਹਿਲੀ ਨਾਲੋਂ ਬਹੁਤੀ ਵੱਖਰੀ ਨਹੀਂ ਹੈ। ਹਾਲੇ ਵੀ ਕਹਾਣੀ ਦੀਆਂ ਅਕਾਦਮਿਕ ਲੋੜਾ ਉਹੀ ਹਨ, ਭਾਵੇਂ ਕਿ ਰੂਪ ਬਦਲਿਆ ਹੈ। ਮੁੱਖ ਲੋੜ ਰੌਚਿਕਤਾ, ਪ੍ਰਮਾਣਿਕ ਅਨੁਭਵ, ਸ਼ੈਲੀ ਦੀ ਨਵੀਨਤਾ ਆਦਿ ਹਮੇਸ਼ਾ ਹੀ ਸਫ਼ਲ ਕਹਾਣੀ ਲਈ ਜ਼ਰੂਰੀ ਸਨ, ਹਨ ਤੇ ਰਹਿਣਗੀਆਂ। ਹਾਂ ਪਿਛਲੇ ਦੋ ਕੁ ਦਹਾਕਿਆਂ ਤੋਂ ਪੰਜਾਬੀਆਂ ਦੇ ਜਨ ਜੀਵਨ ਵਿਚ ਬਹੁਤ ਸਾਰੀਆਂ ਤਬਦੀਲੀਆਂ ਆਈਆਂ ਹਨ, ਕਹਾਣੀ ਵਿੱਚ ਪੇਸ਼ ਹੋ ਰਿਹਾ ਇਹ ਨਵ ਯਥਾਰਥ ਨਵੀਂ ਪੰਜਾਬੀ ਕਹਾਣੀ ਦੀ ਪਛਾਣ ਚਿੰਨ੍ਹ ਬਣਦਾ ਜਾ ਰਿਹਾ ਹੈ।

ਜਿਵੇਂ ਉਪਰ ਕਿਹਾ ਗਿਆ ਹੈ, ਨਵਾਂ ਯਥਾਰਥ ਆਇਆ, ਜੀਵਨ ਬਦਲਿਆ, ਕਹਾਣੀ ਦੀ ਰੂਪ ਰੇਖਾ ਵੀ ਬਦਲੀ ਹੈ। ਜਿੱਥੋਂ ਤੱਕ ਕਹਾਣੀਕਾਰਾਂ ਦਾ ਸੰਬੰਧ ਹੈ, ਉਹਨਾਂ ਨੇ ਬਹੁਤ ਸਾਰੀਆਂ ਨਵੀਆਂ ਗੱਲਾਂ ਕੀਤੀਆਂ ਹਨ ਪਰ ਨਵੇਂ ਬਾਰੇ ਬੇਲੋੜਾ ਉਤਸਾਹਿਤ ਵੀ ਨਹੀਂ ਹੋਣਾ ਚਾਹੀਦਾ। ਨਵੇਂ ਦੇ ਨਾਮ ਉਪਰ ਗੈਰ ਸਮਾਜਿਕ ਯਥਾਰਥ ਪੇਸ਼ ਕਰੀ ਜਾਣਾ ਵੀ ਠੀਕ ਨਹੀਂ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਕਹਾਣੀ (ਸਾਹਿਤ) ਉਹੀ ਪਰਵਾਨਿਤ ਹੋਵੇਗੀ, ਜਿਹੜਾ ਸਾਹਿੱਤਕ ਸੱਭਿਆਚਾਰ ਦੇ ਅਨੁਕੂਲ ਹੋਵੇਗਾ।

80ਵਿਆਂ ਤੋਂ ਪਹਿਲਾਂ ਕਹਾਣੀ ਲੇਖਕਾਂ ਕੋਲ ਇੱਕ ਸਿੱਕੇਬੰਦ ਵਿਚਾਰਧਾਰਾ ਸੀ। ਲਹਿਰ, ਦ੍ਰਿਸ਼ਟੀ ਜਾਂ ਦ੍ਰਿਸਟੀਕੋਣ ਦੀ ਸੇਧ ਹੋਣ ਕਾਰਨ ਲੇਖਕਾਂ ਕੋਲ ਸਮਾਜਵਾਦ ਦਾ ਉਦੇਸ਼ ਸੀ ਪਰ ਅੱਠਵੇਂ ਦਹਾਕੇ ਤੋਂ ਬਾਅਦ ਪ੍ਰਗਤੀਸ਼ੀਲ ਲਹਿਰ ਦੇ ਵਿਖਰਾਓ ਨਾਲ ਲੇਖਕਾਂ ਵਿੱਚ ਵੀ ਵਿਖਰਾਓ ਆ ਗਿਆ। ਵਿਕਸਿਤ ਪੂੰਜੀਵਾਦ ਦੇ ਪ੍ਰਵੇਸ਼ ਵਿਕਸਿਤ ਤਕਨਾਲੌਜੀ ਦੇ ਆਉਣ ਨਾਲ ਜਿਹੜਾ ਸਮਾਜਿਕ ਰਿਸ਼ਤਿਆਂ ਵਿੱਚ ਵਿਗਾੜ ਆਇਆ, ਉਸਦੇ ਕਹਾਣੀ ਲੇਖਕਾਂ ਨੂੰ ਇੱਕ ਚੁਰੱਸਤੇ ਉਪਰ ਲਿਆ ਖੜਾ ਕੀਤਾ। ਖਾਸ ਕਰਕੇ ਨੌਵੇਂ ਦਹਾਕੇ ਤੋਂ ਬਾਅਦ ਸਾਹਮਣੇ ਆਈ ਕਹਾਣੀ ਵਰਜਿਤ ਰਿਸ਼ਤਿਆਂ ਦੇ ਯਥਾਰਥ ਨੂੰ ਪਰਗਟ ਕਰਨ ਵੱਲ ਰੁਚਿਤ ਹੋ ਗਈ। ਸਨਸਨੀ ਖੇਜ ਯਥਾਰਥ ਦਾ ਵਰਨਣ ਕਰਕੇ ਕਹਾਣੀਕਾਰ ਵਜੋਂ ਸਥਾਪਿਤ ਹੋਣ

ਵਰਗਾ 'ਸ਼ਾਰਟ ਕੱਟ' ਅਪਨਾਇਆ ਜਾਣ ਲੱਗਿਆ...।

ਤਿੰਨ ਹੀ ਨਹੀਂ ਸਗੋਂ ਚਾਰ ਜਾਂ ਇਸ ਤੋਂ ਵਧੇਰੇ ਪੀੜ੍ਹੀਆਂ ਕਹਾਣੀ ਲਿਖ ਰਹੀਆਂ ਹਨ। ਬਲਕਿ ਕਈ ਵਾਰ ਤਾਂ ਪੀੜ੍ਹੀਆਂ ਦਾ ਅੰਤਰ ਵੀ ਠੀਕ ਨਹੀਂ ਲੱਗਦਾ। ਇਹ ਨਹੀਂ ਕਿ ਜਿਹੜੇ ਵੱਡੀ ਉਮਰ ਦੇ ਹਨ, ਉਹ ਸਮਕਾਲੀ ਯਥਾਰਥ ਪੇਸ਼ ਨਹੀਂ ਕਰ ਸਕਦੇ, ਇਹ ਮਹਿਜ ਨਵੀਂ ਪੀੜ੍ਹੀ ਹੀ ਪੇਸ਼ ਕਰ ਸਕਦੀ ਹੈ, ਬਹੁਤ ਸਾਰੇ ਤੀਜੀ ਪੀੜ੍ਹੀ ਦੇ ਲੇਖਕ ਹਨ, ਜਿਹੜੇ ਨਵੇਂ ਯਥਾਰਥ ਨੂੰ ਵਧੇਰੇ ਸ਼ਿਦਤ ਨਾਲ ਪੇਸ਼ ਕਰ ਰਹੇ ਹਨ, ਅਤੇ ਬਹੁਤ ਸਾਰੇ ਨਵੇਂ ਹਨ, ਜਿਹੜੇ ਅਜੇ ਵੀ ਪੁਰਾਣੀ ਸੋਚ ਨਾਲ ਜੁੜੇ ਹੋਏ ਹਨ। ਅਸਲ ਵਿਚ ਅਜਿਹੀ ਚਰਚਾ ਕਹਾਣੀ ਦਾ ਕੁਝ ਨਹੀਂ ਸੰਵਾਰ ਸਕੇਗੀ।

ਜਿਹੜੇ ਲੇਖਕ 'ਖੜੋਤ' ਦਾ ਰਾਮ ਰੌਲਾ ਪਾਉਂਦੇ ਹਨ, ਅਸਲ ਵਿਚ ਉਹ ਖੁਦ ਖੜੌਤ ਦਾ ਸ਼ਿਕਾਰ ਹਨ। ਸਾਹਿੱਤ ਤਾਂ ਨਿਰੰਤਰ ਵਹਿੰਦਾ ਦਰਿਆ ਹੈ। ਪੰਜਾਬੀ ਕਹਾਣੀ ਹਮੇਸ਼ਾ ਗਤੀਸ਼ੀਲ ਰਹੀ ਹੈ, ਇਹੋ ਇਸਦੀ ਚਾਲ ਕਦੇ ਮੱਠੀ ਵੀ ਹੋ ਸਕਦੀ ਹੈ, ਪਰ ਅਸੀਂ ਵੇਖਿਆ ਹੈ ਕਿ ਜਦੋਂ ਵੀ ਅਜਿਹੀ ਸਥਿਤੀ ਆਉਂਦੀ ਹੈ ਤਾਂ ਕਹਾਣੀਕਾਰਾਂ ਦਾ ਇੱਕ ਨਵਾਂ ਪੋਚ ਮੰਚ ਸੰਭਾਲ ਲੈਂਦਾ ਹੈ।

ਕਹਾਣੀ ਆਲੋਚਨਾ ਪੰਜਾਬੀ ਕਹਾਣੀ ਤੋਂ ਬਹੁਤ ਪਛਡ਼ੀ ਹੋਈ ਹੈ। ਕਹਾਣੀ ਬਹੁਤ ਅੱਗੇ ਹੈ। ਸਾਨੂੰ ਕੋਈ ਵੀ ਆਲੋਚਕ ਨਜ਼ਰ ਨਹੀਂ ਆ ਰਿਹਾ ਜਿਹੜਾ ਕੇਵਲ ਕਹਾਣੀ ਆਲੋਚਨਾ ਨੂੰ ਹੀ ਸਮਰਪਿਤ ਹੋਵੇ। ਇਕੋ ਆਲੋਚਕ ਕਹਾਣੀ, ਕਵਿਤਾ, ਨਾਵਲ ਆਦਿ ਉਪਰ ਆਲੋਚਨਾ ਕਰ ਰਿਹਾ ਹੈ। ਹਰ ਮਸਲੇ ਪਿੱਪਲਾ–ਮੂਲ।

ਹਮੇਸ਼ਾ ਨਹੀਂ ਹਾਂ ਕਦੇ ਸਮਾਂ ਸੀ ਜਦੋਂ ਕਿਸਾਨੀ ਕਹਾਣੀ ਮੁੱਖ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਸਾਡੇ ਵੱਡੇ ਕਹਾਣੀਕਾਰ ਕਿਸਾਨੀ ਵਿਚੋਂ ਹੀ ਸਨ ਜਿਵੇਂ ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਆਦਿ। ਮਾਰਕਸਵਾਦੀ ਆਲੋਚਕ ਵੀ ਇਸੇ ਭਰਮ ਵਿੱਚ ਸਨ ਕਿ ਕਿਸਾਨੀ ਹੀ ਇਨਕਲਾਬੀ ਜਮਾਤ ਹੈ। ਪਰ ਅਜੋਕੀ ਸਥਿਤੀ ਵੱਖਰੀ ਹੈ। ਕਿਸਾਨੀ ਖੁਦ ਖ਼ੁਰ ਰਹੀ ਹੈ। ਹੁਣ ਦੀ ਕਹਾਣੀ ਬਹੁਤ ਫੈਲ ਰਹੀ ਹੈ।

ਦੂਸਰੀਆਂ ਭਾਸ਼ਾਵਾਂ ਵਿਚ ਜੇ ਕਿਸੇ ਸਾਡੀ ਵਿਧਾ ਨੂੰ ਮਾਨਤਾ ਮਿਲੀ ਹੈ ਤਾਂ ਉਹ ਕੇਵਲ ਕਹਾਣੀ ਹੀ ਹੈ। ਇਹ ਠੀਕ ਹੈ ਕਿ ਕਵਿਤਾ ਵੀ ਪਿੱਛੇ ਨਹੀਂ, ਪਰ ਸਮੁੱਚੇ ਰੂਪ ਵਿਚ ਜੇ ਦੇਖਿਆ ਜਾਵੇ ਤਾਂ ਇਹ ਗੱਲ ਉੱਘੜ ਕੇ ਆਉਂਦੀ ਹੈ ਕਿ ਦੂਜੀਆਂ ਭਾਸ਼ਾਵਾਂ ਵਿੱਚ ਕੁੱਝ ਪੰਜਾਬੀ ਕਵੀ ਤਾਂ ਗਏ ਹਨ ਪਰ ਕਵਿਤਾ ਨਹੀਂ ਗਈ। ਕਵੀ ਵੀ ਜਿਹੜੇ ਗਏ ਹਨ, ਉਹ 'ਜੁਗਾੜ ਬੰਦੀਆਂ' ਕਰਕੇ ਹੀ ਗਏ ਹਨ। ਸਾਡਾ ਨਾਵਲ ਬਹੁਤ ਪਿੱਛੇ ਹੈ। ਇਹ ਠੀਕ ਹੈ ਕਿ ਕੋਈ ਵੀ ਕਹਾਣੀਕਾਰ ਆਪਣੀ ਪਛਣ ਨਹੀਂ ਬਣਾ ਸਕਿਆ ਪਰ ਦੂਜੀਆਂ ਭਾਸ਼ਾਵਾਂ ਵਿਚ ਜਦੋਂ ਵੀ ਪੰਜਾਬੀ ਕਹਾਣੀ ਦੀ ਗੱਲ ਚੱਲਦੀ ਹੈ ਤਾਂ ਹਮੇਸ਼ਾ ਹਾਂ ਪੱਖੀ ਹੁੰਗਾਰਾ ਹੀ ਮਿਲਦਾ ਹੈ।

ਲਾਲ ਸਿੰਘ

ਸੱਚ ਮੁੱਚ ਮਾੜੇ ਦਿਨਾਂ ਦੀਆਂ ਨਿਸ਼ਾਨੀਆਂ ਕਹਾਣੀ ਵਿਚਾਰੀ ਜਟਾਂ ਧਾਰੀਆਂ ਦੇ ਹੱਥੀ ਜੁ ਚੜ੍ਹ ਗਈ।

ਹੋਰ ਰੱਸ ਤਾਂ ਬਥੇਰੇ ਚੋਂਦੇ ਆ ਜੀਈ ਕਹਾਣੀ 'ਚੋਂ ਕੀ ਹੋਇਆ ਜੇ ਇਕ ਰੱਸ ਹੈ ਨਹੀਂ। ਕੀ ਨਾਂ ਲਿਆ ਤੁਸੀਂ ਕਥਾ ਰਸ?

ਸੁਭਾਨ ਅੱਲਾ ! ਕਮਾਲ ਦੀ ਖ਼ਬਰ ਬਣਦੀ ਐ। ਇਹ ਦੰਮ ਬਰਨਿੰਗ ਨਿਊਸ ਕਿ ਪੰਜਾਬੀ ਕਹਾਣੀ ਦੇ ਆਲੋਚਕ ਹੁਣ ਜੋਤਿਸ਼ ਵਿਦਿਆ ਵੀ ਸਿੱਖ ਗਏ !

ਮਸਲਾ ਗੰਭੀਰ ਐ ਏ ਤਾਂ ਬਈ। ਵਿਸ਼ੇ ਵਕਾਰਾਂ ਦਾ ਮਾਮਲਾ ਕਿਸੇ ਵਿਸ਼ੇ ਮਾਹਿਰ ਡਾਕਟਰ ਤੋਂ

ਅਸਲਾਹ ਲੈਣੀ ਪਊ। ਜਲੰਧਰ ਮਾਰਦਾਂ ਕਿਸੇ ਦਿਨ ਗੇੜਾ ਵੱਡੇ ਤਕੀਏ।

ਪਾਤਰ ਤਾਂ ਪਾਤਰ ਈ ਹੁੰਦੇ ਆ ਆਪਾਂ ਉਹਨਾਂ ਨੂੰ ਹਿੰਦੂ, ਮੁਸਲਮਾਨ , ਸਿੱਖ ਈਸਾਈ ਬਣਾਂ ਕੇ ਕੀ ਲੈਣਾ। ਬਾਜੀਗਰ ਤਾਂ ਬਥੇਰੇ ਐ ਪੰਜਾਬੀ ਕਹਾਣੀ 'ਚ ਬਾਜ਼ੀਆਂ ਤਾਂ ਖੂਬ ਪੈਂਦੀਆਂ ਰੰਗ ਬਰੰਗੀਆਂ। ਕਿਉਂ ਠੀਅਕ ਐ ਨਾ...!

ਕਿਉਂ ਨਈਂ ਜੀ ਜ਼ਰੂਰ ਹੋ ਰਏ ਆ। ਪੇਸ਼ਕਾਰੀ ਦੀਆਂ ਜੁਗਤਾਂ 'ਚ ਤਾਂ ਸਿਰਾ ਈ ਲੱਥਾ ਪਿਆ। ਕਈ ਮੁੰਡੇ ਖੁੰਡੇ ਬਾਬਿਆਂ ਰੀਸੇ ਬਿਨਾਂ ਈ ਪੌੜੀਓ...।

ਦੇਖੋ ਜੀ, ਵਿਸਥਾਰ ਕੇੜ੍ਹੇ ਵੰਨੇ ਨਈਂ ਹੈਗਾ ! ਜਨ ਸੰਖਿਆ 'ਚ ਵਿਸਥਾਰ, ਕੁਭੋਸ਼ਨ 'ਚ ਵਿਸਥਾਰ, ਕੁਰੱਪਸ਼ਨ 'ਚ ਵਿਸਥਾਰ, ਕੁੰਨਵਾ–ਪਰਵਾਰੀ 'ਚ ਵਿਸਥਾਰ, ਮੰਤਰੀ–ਮੰਡਲਾਂ 'ਚ , ਮੁਦਰਾ–ਸਥਿਤੀ 'ਚ ਵਿਸਥਾਰ, ਠੇਕਿਆ ਪੱਬਾ 'ਚ ਵਿਸਥਾਰ, ਫੈਸ਼ਨ ਪ੍ਰਸਤੀ 'ਚ ਵਿਸਥਾਰ, ਲੱਚਰਤਾ 'ਚ ਵਿਸਥਾਰ, ਨਗਨਤਾ 'ਚ ਵਿਸਥਾਰ ਗਿਣੀ ਜਾਓ ਜਿੱਥੇ ਤੱਕ ਗਿਣ ਸਕਦੇ ਹੋ। ਫੇਅਰ ਫੇਏ ਬਾਈ ਜੀ ਜੇ ਬਚਾਰੀ ਕਹਾਣੀ 'ਚ ਥੋੜੀ ਬਹੁਤ ਵਿਸਥਾਰੀ ਈ ਗਈ ਆ ਤਾਂ ਤਾਂ ਆਪਾਂ ਨੂੰ ਕਾਦ੍ਹੀ ਚਿੰਤਾ।

ਬੱਸ ਐ ਸਮਝ ਲਓ, ਓਨੀ ਕੁ ਭਿੰਨ ਆ ਜਿੰਨਾ ਕੁ ਲਾਲ ਬਹਾਦਰ ਸ਼ਾਸ਼ਤਰੀ ਨਾਲੋਂ ਡਾ. ਮਨਮੋਹਣ ਸੂੰਹ ਭਿੰਨ ਆ।

ਨਾ ਜੀ ਨਾ, ਨਮੇਂ ਨਮੇਂ ਈ ਆਂ, ਪੁਰਾਣੇ ਪੁਰਾਣੇ ਈ ਸੀਗੇ, ਕਿੱਥੇ ਮਾਰੂਤੀਆਂ ਓਡੀਆਂ, ਕਿੱਥੇ ਐਮਬੈਸਡਾਂ ਫੀਅਟਾਂ। ਦਿਨ ਰਾਤ ਦਾ ਫ਼ਰਕ ਐ ਜੀ। ਉਂਝ ਉਂਝ ਗੱਲ ਏਹ ਆ ਪਈ ਕਿ ਪੈਂਡਾ ਤਾਂ ਉਹੀ ਕੱਢਣਾ ਬੰਦੇ ਦੇ ਅੰਦਰ ਤੋਂ ਬੰਦੇ ਦੇ ਬਾਹਰ ਤੱਕ ਦਾ ਪੈਂਡਾ... ਨਾਂ ਬਰਾਂਡ ਮਾਡਲ ਜਿੰਨੇ ਮਰਜ਼ੀ ਬਦਲ ਲਓ।

ਖਾਸ ਭਿੰਨ ਤਾਂ ਕੋਈ ਨੀ ਲੱਗੀ। ਊਂ ਊਂ ਏਸ ਦਹਾਕੇ 'ਚ ਅੰਨਾਂ ਹਜ਼ਾਰੇ, ਰਾਮ ਦੇਬ ਬਾਬਾ, ਕੇਜ਼ਰੀਆਲ, ਬੀਬੀ ਕਿਰਨ ਬੇਦੀ ਨੇ ਪੰਗੇ ਤਾਂ ਬਥੇਰੇ ਪਾਏ, ਪਰ ਅਸ਼ਕੇ ਜਾਈਏ ਆਪਣੀ ਕਹਾਣੀ ਦੇ। ਇਹ ਨਈਂ ਟੱਸ ਤੋਂ ਮੱਸ ਵੀ ਹੋਈ। 47 ਤੇ 84 ਵੇਲੇ ਵਾਂਗ ਅਡੋਲ ਖੜੀ ਰਹੀ, ਪੂਰੀ ਆਕੜ ਫਾਕੜ ਕੇ।

90 ਵਿਆਂ ਤੋਂ ਚਾਲੂ ਹੋਏ ਆਰਥਿਕ ਸੁਧਾਰਾਂ ਦਾ ਲੱਕਵਾ ਮਾਰ ਗਿਆ ਲੱਗਦਾ ਸੋ ਵਿਸ਼ਵੇ ਪੱਕੀ ਗੱਲ ਸ਼ਰਤ ਲਾ ਲਓ ਭਾਮੇਂ।

ਕਾਰਨ ਬੜੇ ਪੱਧਰੇ ਨੇ ਜੀਈ, ਐਨ ਸਾਫ਼ ਸਪਸ਼ਟ। ਪੰਜਾਬੀ ਕਹਾਣੀਕਾਰ ਨਈਂ ਚਿੰਤਾ ਕਰਦੇ ਸੰਤਾਲੀਆਂ–ਚੁਰਾਸੀਆਂ ਦੀ ਸੜੇ ਸੰਕਟਾਂ ਦੀ ਏਹ ਤਾਂ ਮੌਜ ਮੇਲੇ ਦੇ ਗਾਹਕ ਨੇ। ਤੇ ਮੌਜ ਮੇਲ ਖੁੱਭ ਕੇ ਕਰੀ ਜਾਂਦੇ, ਸਰਦਾਰ ਬੇਅੰਤ ਸੂੰਹ ਦੇ ਚੁੱਕੇ ਚਕਾਏ।

ਲਓ ਪੀੜ੍ਹੀਆਂ ਦੀ ਬਾਤ ਪੈ ਈ ਗਈ। ਸਾਬ੍ਹ ਜੀ ਪਹਿਲੇ ਸਮਿਆਂ 'ਚ ਪੀੜ੍ਹੀਆਂ ਹੁੰਦੀਆਂ ਸੀ ਸ਼ਾਹ ਕਾਲੀ ਲੱਕੜ ਦੇ ਖ਼ਰਾਦੇ ਸੁਆਰੇ ਰੰਗੇ ਰੰਗੀਲੇ ਪਾਵਿਆਂ ਸੇਰੂਆਂ ਵਾਲੀਆਂ, ਰੰਗਦਾਰ ਸੂਤਡ਼ੀ ਦੀ ਡੱਬੀਦਾਰ ਬੁਣਤੀ ਏਨ੍ਹਾਂ ਦੀ ਸ਼ਾਨ ਬਾਨ ਨੂੰ ਹੋਰ ਵੀ ਚਾਰ ਚੰਦ ਲਾਉਂਦੀ, ਵਿਹੜਿਆਂ ਤ੍ਰਿਝਣਾ, ਸੱਥਾਂ ਸਰਾਵਾਂ 'ਚ ਜੁੜ ਕੇ ਬੈਠੀਆਂ ਇਕ ਤਰ੍ਹਾਂ ਨਾਲ ਦਾਨਿਸ਼ਵਰੀ ਦਾ ਮੁਜੱਸਮਾਂ ਜਾਪਦੀਆਂ ਸੀ। ਹੁਣ ਦੀਆਂ ਪੀੜ੍ਹੀਆਂ ਹੁਣ ਤਾਂ ਸੋਫਿਆਂ ਪੀੜ੍ਹਿਆਂ ਕਾਊਚਾ ਦੀ ਗੱਲ ਕਰੋ। ਜਿੱਥੇ ਡਿੱਠੇ ਓਥੇ ਈ ਬੈਠ ਗਏ... ਬੱਸ ਇਕ ਦੂਜੇ ਨਾਲ ਕੋਈ ਲੱਗ ਲਗਾਓ ਨਈਂ ਸਾਂਝ ਭਿਆਲੀ ਨਈਂ।

ਕਾਨੂੰ ਜੀਈ ਖੜੋਤ ਕਾਨੂੰ ਆਈ ਪੰਜਾਬੀ ਕਹਾਣੀ 'ਚ ਏਨੇ ਤਾਂ ਸਪੀਡ ਈ ਬੜੀ ਤਿੱਖੀ ਫੜੀ ਵੀ ਐ। ਇਹ ਲਿਖ ਮਗਰੋਂ ਹੁੰਦੀ ਐ, ਛੁੱਗ ਡੁਗੀ ਫੜ ਕੇ ਬਾਜ਼ਾਰੇ ਬਾਜ਼ਾਰ ਆਲੋਚਕੋ–ਆਲੋਚਕ ਪਹਿਲਾਂ ਨਿਕਲ ਤੁਰਦੀ ਐ। ਆਪਣੀ ਸ਼ਕਲ ਸੂਰਤ ਦਰਸਾਉਣ ਲਈ ਅਪਣਾ ਤਨ ਬਦਨ ਪ੍ਰਦਰਸ਼ਤ ਕਰਨ ਲਈ ਹੈਰਾਨੀ ਤਾਂ ਓਦੋਂ ਹੋਰ ਵੀ ਵੱਧ ਜਾਂਦੀ ਐ, ਜਦ ਏਨ੍ਹਾਂ ਦੇ ਖ਼ਸਮ ਖ਼ਸਾਈ, ਚੂਹੇ–ਮਾਰ ਦੁਆਈ ਵੇਚਣ ਆਲਿਆਂ ਵਰਗੀਆਂ ਹੋਕਾਂ ਲਾਉਂਦੇ ਸ਼ਹਿਰੋ–ਸ਼ਹਿਰ ਘੁੰਮਦੇ ਅੱਕਦੇ ਥੱਕਦੇ ਵੀ ਹੈ ਨਈਂ।

ਨਾ ਜੀ ਨਾ, ਐਉਂ ਨਾ ਆਖੋ, ਏਹ ਤਾਂ ਸਗੋਂ ਪਹਿਲਾਂ ਨਾਲੋਂ ਵੀ ਉਡਾਰ ਹੋ ਗਈ ਲਗਦੀ। ਮੁੰਡਿਆਂ ਖੁੰਡਿਆਂ ਨਾਲੋਂ ਕੁੜੀਆਂ ਚਿੜੀਆਂ ਨਾਲ ਤਾਂ ਏਦ੍ਹੀ ਆੜੀ ਵਾਹਵਾ ਈ ਵੱਧ ਪੈ ਗਈ ਲੱਗਦੀ।

ਦੇਖੋ ਜੀ ਸਾਡੇ ਪੰਜ ਭੂਤਕ ਸਰੀਰ ਦਾ ਹੋਰ ਤਾਂ ਭਾਮੇਂ ਕਿਸੇ ਬਿਨਾ ਸਰ ਵੀ ਜਾਏ, ਰੋਟੀ ਪਾਣੀ ਬਿਨਾਂ ਜਮਾਂ ਨੀ ਸਰਦਾ। ਰੋਟੀ ਬਿਨਾਂ ਸੱਭੇ ਗੱਲਾਂ ਖੋਟੀਆਂ, ਵਿੱਚੇ ਏ ਲਿਖਣ ਪੂੰਜਣ। ਅੰਨਦਾਤਾ ਕਹਾਣੀ ਦਾ ਨੰਬਰ ਸਭ ਤੋਂ ਉਪਰ ਈ ਹੋਇਆ ਨਾ ਫਏ।

ਬਹੁਤਾ ਇਲਮ ਤਾਂ ਹੈਨੀ, ਪਰ ਮਿਲੀ ਜ਼ਰੂਰ ਹੋਣੀ ਆ ਮਾਨਤਾ ਜਾਂ ਮੇਲ ਲਈ ਹੋਈ ਆ ਡੁੱਗ ਡੁੱਗੀ ਆਲਿਆਂ ਥੋੜੀ ਜਾਂ ਬਹੁਤੀ। ਊਂ...ਊਂ ਆਪਣੀ ਸੂਬੀ ਤਾਂ ਦੇਸ਼ ਪੱਖੋਂ ਸਫ਼ਾ ਚੱਟ ਈ ਦੀਹਦੀ। ਮਰ ਕੇ ਵੀ ਸੌ ਦੋ ਸੌ ਪੰਜਾਬੀ ਕਹਾਣੀ ਪੁਸਤਕ' ਨਈ ਵਿਕਦੀ ਆਪਣੇ ਆਪ।

ਕੁਲਜੀਤ ਮਾਨ

ਇਸ ਮੁੱਦੇ ਨੂੰ ਆਪਾਂ ਇਸ ਤਰ੍ਹਾਂ ਲੈ ਸਕਦੇ ਹਾਂ। ਪਹਿਲਾਂ ਇਹ ਵਿਚਾਰੀਏ ਕਿ 'ਜਟਿਲ ਬਿਰਤਾਂਤ' ਹੁੰਦਾ ਕੀ ਹੈ। ਜਟਿਲਤਾ ਦੇ ਮਾਇਨੇ ਜੇ ਇਸ ਤਰ੍ਹਾਂ ਵੇਖੇ ਜਾਣ ਕਿ ਇਸਦਾ ਵਿਅਕਤੀਗਤ ਜ਼ਿੰਦਗੀ ਦੇ ਨਾਲ ਸਬੰਧ ਕਿਵੇਂ ਜੁੜਦਾ ਹੈ? ਅੱਜ ਤੋਂ ਚਾਰ ਪੰਜ ਦਹਾਕੇ ਪਹਿਲਾਂ ਸਾਡੇ ਰੀਤੀ ਰਿਵਾਜ਼ ਹੋਰ ਸਨ ਤੇ ਉਨ੍ਹਾਂ ਦੇ ਅਨੁਸਾਰ ਹੀ ਸਾਡੀਆਂ ਕੀਮਤਾਂ ਸਬੰਧੀ ਸੋਚ ਨਿਰਧਾਰਤ ਸੀ। ਛੋਟੇ ਛੋਟੇ ਪਰ ਅਹਿਮ ਮਸਲੇ ਸਨ। ਸਮਾਜਿਕ ਭਾਈਚਾਰੇ ਦੇ ਆਪਣੇ ਵਿਸਥਾਰਿਤ ਸੋਚ ਦੇ ਮਾਪ ਦੰਡ ਸਨ। ਉਦਾਹਰਣ ਦੇ ਤੌਰ ਤੇ ਕਿਸੇ ਨੇ ਸਗਨ ਇੱਕੀ ਪਾਇਆ ਤੇ ਉਸਦਾ ਇਕੱਤੀ ਮੋੜ ਦਿੱਤਾ। ਇੱਕ ਸੋਹਣਮੰਦ ਰੁਝਾਨ ਨਾਲ ਕਈ ਜੰਗਜੂ ਗੱਲਾਂ ਵੀ ਜੁੜ ਗਈਆਂ। ਸਵੈਮਾਣ ਤੇ ਹਉਮੈਂ ਵਿਚ ਬਰੀਕ ਲਕੀਰ ਇਧਰੋਂ-ਉਧਰ ਟੱਪ ਹੁੰਦੀ ਰਹੀ। ਸੀਮਤ ਸਾਧਨ ਅਸੀਮਤ ਹੁੰਦੇ ਗਏ ਤੇ ਕਈ ਵਰਤਾਰੇ ਪਹੁੰਚ ਤੋਂ ਬਾਹਰ ਹੁੰਦੇ ਗਏ। ਇੱਕ ਅਸੋਚੀ ਵਲਗਣ ਨੇ ਅਣਕਿਹਾ ਕਹਿਣਾ ਸ਼ੁਰੂ ਕਰ ਦਿੱਤਾ। ਪਤਾ ਵੀ ਨਹੀਂ ਚਲਦਾ ਕਿ ਇਹ ਸੋਚ ਕਿਵੇਂ ਤੇ ਕਿਉਂ ਵਿਕਸਿਤ ਹੋਈ। ਇਸ ਸੋਚ ਨੂੰ ਸਾਡੇ ਕਹਾਣੀਕਾਰਾਂ ਨੇ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ। ਮੈਂ ਦੋ ਕਹਾਣੀਆਂ ਦਾ ਹੀ ਜਿਕਰ ਕਰਾਂਗਾ, ਇਸ ਸੰਦਰਭ ਨੂੰ ਸਮਝਣ ਲਈ। ਅਜਮੇਰ ਸਿੱਧੂ ਦੀ ਕਹਾਣੀ 'ਸ਼ਾਇਦ ਰੰਮੀ ਮੰਨ ਜਾਏ' ਤੇ ਬਲਬੀਰ ਪਰਵਾਨਾ ਦੀ ਕਹਾਣੀ 'ਪਿਤਾ' ਇਨ੍ਹਾਂ ਦੋਵੇਂ ਕਹਾਣੀਆਂ ਵਿਚ ਹੀ ਉਹ ਗੱਲ ਹੈ ਜਿਸਨੂੰ ਅਸੀਂ ਜਟਿਲਤਾ ਨਾਲ ਜੋੜ ਸਕਦੇ ਹਾਂ। ਕਹਾਣੀ ਪੜ੍ਹਨ ਵਾਲਾ ਪਾਠਕ ਤਿਆਰ ਹੀ ਨਹੀਂ ਸੀ ਇਸਦੀ ਜਟਿਲਤਾ ਨੂੰ ਸਮਝਣ ਲਈ। ਇੱਕ ਵੱਖਰਾ ਵਰਤਾਰਾ ਜਿਹੜਾ ਦਾਖਲ ਹੋ ਚੁੱਕਾ ਹੈ ਪਰ ਸਾਨੂੰ ਹਜ਼ਮ ਨਹੀਂ ਹੋ ਰਿਹਾ। ਇਕ ਪਿਤਾ ਅਗਾਂਹਵਧੂ ਸੋਚ ਦਾ ਮਾਲਕ ਉਸ ਹੱਦ ਤੱਕ ਨਹੀਂ ਸੋਚ ਸਕਦਾ ਜਿੱਥੇ ਵਿਆਹ ਸੰਸਥਾ ਦਾ ਪਹਿਲੂ ਹੀ ਖੰਡਤ ਹੋ ਰਿਹਾ ਹੋਵੇ। ਹੁਣ ਲੇਖਕ ਨੇ ਇਸ ਵਿਸ਼ੇ ਨੂੰ ਜਦੋਂ ਆਪਣੇ ਤੌਰ ਤੇ ਵਿਸਥਾਰਿਤ ਕਰਨਾ ਹੈ ਤਾਂ ਜਟਿਲਤਾ ਪੈਦਾ ਹੋਵੇਗੀ। ਮਨੁੱਖ ਦੇ ਅੰਦਰ ਦੀ ਟੁੱਟ ਭੱਜ ਨੂੰ ਕਈ ਰੂੜੀਵਾਦੀ ਪਾਠਕ ਤੇ ਲੇਖਕ ਅਜੇ ਮਾਨਤਾ ਨਹੀਂ ਦੇ ਰਹੇ। ਇਸ ਲਈ ਲਗਦਾ ਹੈ ਕਿ ਉਨ੍ਹਾਂ ਨੇ ਜਟਿਲਤਾ ਨੂੰ ਢਾਲ ਬਣਾ ਲਿਆ ਹੈ। ਹਾਂ ਇੱਕ ਗੱਲ ਜ਼ਰੂਰ ਹੈ ਕਿ ਜਟਿਲਤਾ ਦਾ ਮਤਲਬ ਰੌਚਕਿਤਾ ਨਾਲ ਸਮਝੌਤਾ ਨਹੀਂ ਹੋ ਸਕਦਾ। ਕਈ ਵਾਰੀ ਕਹਾਣੀ ਘੜਨ ਦੀ ਜ਼ੋਰ ਅਜਮਾਈ ਜ਼ਰੂਰ ਇਸ ਘੇਰੇ ਵਿਚ ਆ ਜਾਂਦੀ ਹੈ। ਵਰਨਾ ਸਿਰਜਣ ਪ੍ਰਕਿਰਿਆ ਵਿਚ ਐਸਾ ਨਹੀਂ ਹੈ। ਜਟਿਲਤਾ ਨੂੰ ਅੱਜ ਦੇ ਪੈਦਾ ਹੋਏ ਹਾਲਾਤ ਦੇ ਸਮਾਨੰਤਰ ਸਮਝਾਂਗੇ ਤਾਂ ਜਟਿਲਤਾ ਦਾ ਮੁੱਦਾ ਕਹਾਣੀ ਵਿਚੋਂ ਮਨਫ਼ੀ ਹੋ ਸਕਦਾ ਹੈ ਪਰ ਸਰਬ ਸੰਮਤੀ ਨਹੀਂ ਹੋ ਸਕਦੀ। ਹੋਣੀ ਵੀ ਨਹੀਂ ਚਾਹੀਦੀ।

ਕਹਾਣੀ ਕਥਾ ਰਸ ਦਾ ਸਬੰਧ ਕਹਾਣੀ ਪੜ੍ਹਨ ਵਾਲੇ ਦੇ ਵਿਅਕਤੀਗਤ ਸੋਚਣ ਢੰਗ ਨਾਲ ਵਾਬਸਤਾ

ਹੈ। ਇਹ ਜ਼ਰੂਰੀ ਨਹੀਂ ਜੇ ਕਹਾਣੀ ਇੱਕ ਨੂੰ ਪਸੰਦ ਆਵੇ ਉਹ ਦੂਜੇ ਨੂੰ ਵੀ ਆਵੇ। ਵੈਸੇ ਵੀ ਕਹਾਣੀ ਪੜ੍ਹਨ ਵਾਲੇ ਬਹੁਤੇ ਪਾਠਕ ਆਪ ਲੇਖਕ-ਆਲੋਚਕ ਤੇ ਵਿਦਿਆਰਥੀ ਹੀ ਹੁੰਦੇ ਹਨ। ਇਸ ਕੁਲੀਨ ਵਰਗ ਦੀਆਂ ਸੀਮਾਵਾਂ ਵੀ ਆਮ ਪਾਠਕ ਨਾਲੋਂ ਵੱਖਰੀਆਂ ਤੇ ਜਿਆਦਾ ਹੁੰਦੀਆਂ ਹਨ। ਕਹਾਣੀ ਪੜ੍ਹਨ ਦੀ ਗੇਜ ਵੀ ਆਪਣਾ ਰੋਲ ਅਦਾ ਕਰ ਰਹੀ ਹੈ। ਕਹਾਣੀ ਪੜ੍ਹਨ ਵੇਲੇ ਸਾਡੇ ਅਵਚੇਤਨ ਵਿਚ ਕੁਝ ਪ੍ਰਾਪਤ ਕਰਨ ਦੀ ਲਾਲਸਾ ਹੁੰਦੀ ਹੈ। ਫਿਕਸ਼ਨ, ਕਾਮ, ਹਿੰਸਾ, ਸਮਾਜ ਪਲਟਾਉਣ ਦਾ ਰੋਮਾਂਸਵਾਦ ਆਦਿ। ਜਦੋਂ ਕਹਾਣੀ ਸ਼ੁਰੂ ਹੋ ਕੇ ਕੁਝ ਇਸ਼ਾਰਾ ਕਰਦੀ ਹੈ ਤਾਂ ਪਾਠਕ ਦਾ ਹਾਇਪੋਥੀਸਸ ਕੁਝ ਅਗੇਤਾ ਹੀ ਕਲਪ ਲੈਂਦਾ ਹੈ ਪਰ ਸਾਡੇ ਬਹੁਤ ਸਾਰੇ ਸਮਰਥ ਕਹਾਣੀਕਾਰ ਪਲਾਟ ਨੂੰ ਕਿਸੇ ਹੋਰ ਵਿਕਲਪ ਤੋਂ ਟਰੀਟਮੈਂਟ ਦੇ ਰਹੇ ਹੁੰਦੇ ਹਨ। ਉਹ ਸਮਝਦੇ ਹਨ ਕਿ ਉਹ ਗੱਲ ਕਿਉ ਕੀਤੀ ਜਾਵੇ। ਜੋ ਪਹਿਲਾਂ ਹੀ ਪਤਾ ਹੈ। ਇਸ ਲਈ ਕਈ ਵਾਰ ਇਹ ਹੋ ਜਾਂਦਾ ਹੈ ਪਰ ਮੈਂ ਇਸ ਨਾਲ ਸਹਿਮਤ ਨਹੀਂ ਹਾਂ।

ਬੀਤੇ ਸਮੇਂ ਵਿਚ ਮੈਂ ਬਹੁਤ ਹੀ ਵਧੀਆਂ ਕਹਾਣੀਆਂ ਪੜ੍ਹੀਆਂ ਹਨ। ਕਿਸੇ ਇੱਕ ਦਾ ਨਾਂ ਨਹੀਂ ਲੈਣਾ। ਅੱਗੇ ਕੁਝ ਨਾਮ ਲਏ ਸਨ ਤੇ ਐਵੇਂ ਚਕਰਵਿਊ ਵਿਚ ਫਸ ਗਿਆ ਸੀ। ਨਾਲੇ ਮੇਰੇ ਦਸਣ ਨਾਲ ਕੀ ਫਰਕ ਪੈਣਾ ਹੈ? ਸਭ ਨੂੰ ਪਤਾ ਹੈ। ਹਾਂ ਇਹ ਗੱਲ ਜ਼ਰੂਰ ਹੈ ਕਿ ਕੁਝ ਕਹਾਣੀਕਾਰ ਤੇ ਆਲੋਚਕ ਇਸ ਦਾ ਤਪਸਰਾ ਕਰ ਰਹੇ ਸਨ। ਮੇਰੀ ਉਨ੍ਹਾਂ ਨਾਲ ਸਹਿਮਤੀ ਨਹੀਂ ਹੈ। ਅਜੇ ਵੀ ਇਹ ਰੁਝਾਨ ਹੈ ਕਿ ਕਹਾਣੀ ਨੂੰ ਹੋਰ ਵਧਾ ਲਵੋ। ਆਪਣੇ ਪਾਣੀ ਨੂੰ ਦੁੱਧ ਦਸਣ ਵਾਲੇ ਅਗਲੇ ਦਾ ਪਾਣੀ ਤੇਜਾਬ ਦਸ ਕੇ ਜੇ ਦਿਮਾਗੀ ਅਯਾਸੀ ਕਰਨਾ ਚਾਹੁੰਦੇ ਹਨ ਤਾਂ ਕਰੀ ਜਾਣ, ਕੌਣ ਰੋਕਦਾ ਹੈ? ਪਰ ਸਵਿਪਿੰਗ ਸਟੇਟਮੈਂਟ ਨਾਲ ਮੈਂ ਸਹਿਮਤ ਨਹੀਂ ਹਾਂ।

ਜਦੋਂ ਮੈਂ ਇੱਕ ਆਲੋਚਕ ਤੇ ਇੱਕ ਵੱਡੇ ਕਹਾਣੀਕਾਰ ਤੋਂ ਇਹ ਸੁਣਿਆ-ਪੜ੍ਹਿਆ ਸੀ ਤਾਂ ਮੈਨੂੰ ਇੱਕ ਦਮ ਅਖਬਾਰੀ ਕਾਲਮ 'ਰਾਸ਼ੀ ਫਲ' ਯਾਦ ਆ ਗਿਆ। ਜੀ ਕਰਕ ਰਾਸ਼ੀ ਵਾਲੇ ਅੱਜ ਲਾਟਰੀ ਜ਼ਰੂਰ ਪਾਉਣ। ਕੁੰਭ ਰਾਸ਼ੀ ਵਾਲੇ ਅੱਜ ਸਫ਼ਰ ਨਾ ਕਰਨ। ਅਸਲ ਵਿਚ ਇਨ੍ਹਾਂ ਦੇ ਮੰਨੇ ਹੋਏ ਲੇਖਕ ਅੱਜ ਕਲ ਕੁਝ ਵਧੀਆ ਨਹੀਂ ਲਿਖ ਰਹੇ ਤੇ ਇਹ ਭਵਿੱਖਬਾਣੀ ਕਰਨ ਲੱਗ ਪਏ ਹਨ। ਕੁਝ ਗਰੁਪ ਵੀ ਦਿਵਾਲੀਆ ਕਢੀ ਬੈਠੇ ਹਨ। ਸਿਹਤਮੰਦ ਰੁਝਾਨ ਲਈ ਦਿਸਹਿਦਿਆਂ ਦੀ ਪੂੰਜੀ ਦਾ ਹੋਣਾ ਬਹੁਤ ਜ਼ਰੂਰੀ ਹੈ। ਨਵੇਂ ਪ੍ਰਤੀਮਾਨ ਸਥਾਪਿਤ ਹੋ ਰਹੇ ਹਨ ਪਰ ਇਹ ਨਵੇਂ ਵਿਸ਼ਿਆਂ ਦੀ ਜਾਣਕਾਰੀ ਲੈਣ ਤੋਂ ਹੀ ਇਨਕਾਰੀ ਹਨ। ਅੱਜ ਤਵੇ ਨਹੀਂ ਚਲਦੇ ਡਿਜੀਟਲ ਐਮ ਪੀ ਥਰੀ ਦਾ ਜ਼ਮਾਨਾ ਹੈ। ਉਨ੍ਹਾਂ ਨੂੰ ਔਨ ਕਰਨਾ ਸਿਖ ਲਵੋ ਹਰ ਕਹਾਣੀ ਵਿਚ ਸੰਗੀਤ ਸੁਣੇਗਾ। ਅੱਜ ਕੱਲ ਇੱਕ ਕਹਾਣੀਆਂ ਦੀ ਕਿਤਾਬ ਦਾ ਬਹੁਤ ਜ਼ਿਕਰ ਹੈ। ਜਦ ਕਿ ਜੈਂਡਰ ਆਪ ਮੰਨਦਾ ਹੈ ਕਿ ਐਸਾ ਕੁਝ ਨਹੀਂ। ਹੁਣ ਜੇ ਅਧਾਰ ਹੀ ਇਤਨਾ ਖੋਖਲਾ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਕਥਾ ਰੱਸ ਢੂੰਡਣ ਵਾਲਿਆਂ ਨੂੰ ਨਵੇਂ ਰੱਸ ਦਾ ਜਾਇਕਾ ਲੈਣ ਦੀ ਆਦਤ ਪਾਉਣੀ ਚਾਹੀਦੀ ਹੈ ਤੇ ਇਹ ਤਾਂ ਹੀ ਹੋਵੇਗਾ ਜੇ ਰਵਾਇਤੀ ਕੀਮਤਾਂ ਨੂੰ ਨਵਿਆਵਾਂਗੇ। ਹੁਣ ਵੇਖਣ ਵਾਲੀ ਗੱਲ ਹੈ ਕਿ ਕਥਾ ਰੱਸ ਤੇ ਰੌਚਕਿਤਾ ਦਾ ਆਪਸ ਵਿਚ ਸਬੰਧ ਜੁੜਦਾ ਹੈ ਕਿ ਨਹੀਂ। ਲੇਖਕ ਨੇ ਕਹਾਣੀ ਲਿਖਣੀ ਹੈ ਨਾ ਕਿ ਲੇਖ ਲਿਖਕੇ ਇਹ ਦੱਸਣਾ ਹੈ ਕਿ ਇਸਦਾ ਪ੍ਰੇਰਨਾ ਸਰੋਤ ਕੀ ਹੈ? ਅਮਰੀਕੀ ਕਹਾਣੀ ਨੂੰ ਪੜ੍ਹ ਕੇ ਵੇਖ ਲਵੋ। ਉਨ੍ਹਾਂ ਦੇ ਵਿਸ਼ੇ ਗੇ-ਲੈਜ਼ਬਿਆਨ ਤੇ ਵੀ ਹੁੰਦੇ ਹਨ। ਐਸੀਆਂ ਕਹਾਣੀਆਂ ਪੜ੍ਹੀਆਂ ਹੀ ਨਹੀਂ ਜਾਂਦੀਆਂ। ਬਲਕਿ ਵੱਡੇ ਪਧਰ ਤੇ ਵਿਚਾਰੀਆਂ ਜਾਂਦੀਆਂ ਹਨ। ਵਿਚਾਰਨ ਵਾਲੇ ਇਸ ਵਿਸ਼ੇ ਤੇ ਗੱਲ ਕਰਦੇ ਜ਼ਰੂਰੀ ਨਹੀਂ ਆਪ ਵੀ ਐਸੇ ਹੋਣ ਪਰ ਉਸਦਾ ਮਨੋਵਿਗਿਆਨਕ ਪਹਿਲੂ ਤੇ ਸਮਾਜ ਵਿਚ ਵਿਚਰ ਰਹੇ ਐਸੇ ਗਰੁਪ ਨੂੰ ਨਾਲ ਲੈ ਕੇ ਚਲਣ ਦੀ ਸੋਚ ਨਾਲ ਸਾਰੀ ਗੱਲ ਵਿਚਾਰਦੇ ਹਨ। ਪੰਜਾਬੀ ਵਿਚ ਇਸ ਵਿਸ਼ੇ ਤੇ ਲਿਖਿਆ ਗਿਆ ਹੈ। ਪਰ ਕਿਉਂਕਿ ਸਾਡੇ ਸਮਾਜ ਦੇ ਸੋਚਣ ਦਾ ਢੰਗ ਇਸਤੋਂ ਵਖਰਾ ਹੈ ਇਸ ਲਈ ਸਮਾਜਿਕ ਵਰਤਾਰੇ ਤੋਂ ਵਾਂਝੀ ਰਚਨਾ ਨੂੰ ਅਸੀਂ ਕਥਾ ਰਸ ਨਾਲ ਜੋੜ ਕੇ ਵੇਖ ਲੈਂਦੇ ਹਾਂ। ਕਹਾਣੀ ਦੇ ਵਿਸ਼ਿਆਂ ਦਾ ਸਮਾਜਿਕ ਪਹਿਲੂ ਨਾਲ ਨਾ ਜੁੜਨਾ ਵੀ ਵੱਡਾ ਕਾਰਣ ਹੈ। ਪਰ ਇਹ ਮਨੁੱਖ

ਦੇ ਅੰਦਰ ਦੀ ਟੁੱਟ ਭੱਜ ਹੈ। ਲਹਿਰ ਵੇਲੇ ਲਿਖੀ ਕਹਾਣੀ ਲਹਿਰ ਦੇ ਸਮੇਂ ਖੂਬ ਪਰਚਲਤ ਹੋਈ, ਸਮਾਜ ਨੇ ਵੱਡੇ ਪੱਧਰ ਤੇ ਮਾਨਤਾ ਵੀ ਦਿੱਤੀ। ਪਰ ਪ੍ਰਗਤੀ ਸਿਰਫ ਬਾਹਰੀ ਹੀ ਨਹੀਂ ਹੁੰਦੀ। ਮਨੁੱਖ ਦੇ ਅੰਦਰ ਦੀ ਗੱਲ ਵੀ ਬਹੁਤ ਵਧੀਆ ਤਰੀਕੇ ਨਾਲ ਕਹੀ ਜਾ ਰਹੀ ਹੈ। ਗਲੋਬਲ ਆਰਥਿਕਤਾ ਨੇ ਪ੍ਰਗਤੀ ਦੇ ਅਰਥ ਹੀ ਬਦਲ ਦਿੱਤੇ ਹਨ। ਪਰ ਸਹਿਜੇ ਹੀ ਇਸਨੂੰ ਕਥਾ ਰਸ ਤੋਂ ਹੀਣਾ ਦਸਦੇ ਹੋਏ ਭਵਿੱਖ ਨਾਲ ਜੋੜਨਾ ਵਾਜਬ ਨਹੀਂ। ਮੈਂ ਐਸਾ ਨਹੀਂ ਸਮਝਦਾ।

ਵਿਸ਼ਿਆਂ ਦੀ ਨੁਹਾਰ ਬਦਲ ਰਹੀ ਹੈ। ਇਸਦਾ ਕਾਰਣ ਹਾਲਾਤ ਹਨ। ਗੱਲ ਨੂੰ ਸਮਝਣ ਲਈ ਮੈਂ ਕੈਨੇਡਾ ਦੀ ਗੱਲ ਕਰਾਂਗਾ। ਪਰਵਾਸ ਕਰਨ ਲੱਗਿਆਂ ਸਾਡੇ ਤੇ ਸਾਡਾ ਪੰਜਾਬੀ ਕਲਚਰ ਭਾਰੂ ਸੀ ਤੇ ਇਸਦਾ ਸਾਹਮਣਾ ਨਵੇਂ ਤਨਾਵਾਂ ਨਾਲ ਹੋਇਆ। ਹੁਣ ਇੱਥੇ ਦੋ ਮੁੱਦੇ ਵਿਚਾਰੇ ਜਾ ਸਕਦੇ ਹਨ। ਪਹਿਲਾਂ ਅਸੀਂ ਇਸਨੂੰ ਪੰਜਾਬੀ ਕਲਚਰ ਅੱਖ ਨਾਲ ਵੇਖਣਾ ਹੈ ਜਾਂ ਨਵੀਆਂ ਪ੍ਰਸਥਿਤੀਆਂ ਮੁਤਾਬਕ ਵੇਖਣਾ ਹੈ। ਜੇ ਤੇ ਅੱਖਾਂ ਤੇ ਕਲਚਰ ਦੀ ਪੱਟੀ ਬੰਨ੍ਹ ਕੇ ਵੇਖਾਂਗੇ ਤਾਂ ਤਨਾਵ ਪੈਦਾ ਹੋਣਗੇ, ਨਿਰਾਸ਼ਾਵਾਦੀ ਸਿਰਜਣਾ ਕਰਾਂਗੇ ਜੋ ਵੇਲਾ ਵਿਹਾ ਚੁੱਕੀ ਹੈ। ਪੜ੍ਹਨ ਵਾਲੇ ਇਸਨੂੰ ਨਕਾਰ ਦੇਣਗੇ। ਨਵਾਂਪਨ ਤੇ ਤਾਂ ਹੀ ਆਵੇਗਾ ਜੇ ਨਵੇਂ ਵਿਸ਼ੇ ਨੂੰ ਛੋਹਿਆ ਜਾਵੇਗਾ ਉਹ ਵੀ ਨਿਰਪੱਖ ਹੋ ਕੇ। ਹੁਣ ਵਕਤ ਹੈ ਕਿ ਅਸੀਂ ਨਵੀਂ ਪੀੜ੍ਹੀ ਨੂੰ ਸੁਣੀਏ, ਉਨ੍ਹਾਂ ਦੇ ਸਵੈ ਨੂੰ ਸਮਝਦੇ ਹੋਏ ਕਹਾਣੀ ਦਾ ਅਧਾਰ ਬਣਾਈਏ। ਐਸਾ ਕਰਨ ਲਈ ਸਾਹਸ ਚਾਹੀਦਾ ਹੈ। ਪਿੱਛੇ ਜਿਹੇ ਕਹਾਣੀ ਪੜ੍ਹੀ ਫੈਸ਼ਨ ਮਾਡਲ ਤੇ। ਹੁਣ ਫੈਸ਼ਨ ਦੀ ਦੁਨੀਆਂ ਨੂੰ ਜੇ ਹਾਂ ਪੱਖੀ ਨਹੀਂ ਸਮਝਾਂਗੇ ਤਾਂ ਨਤੀਜਾ ਵਿਸ਼ੇ ਤੋਂ ਬੇਮੁੱਖ ਹੁਣ ਵਿਚ ਨਿਕਲੇਗਾ। ਫੈਸ਼ਨ ਦੀ ਦੁਨੀਆਂ ਵਿਚ ਆਪਣੇ ਪ੍ਰਤੀਮਾਨ ਹਨ। ਉਨ੍ਹਾਂ ਨੂੰ ਗੈਰ ਜ਼ਰੂਰੀ ਤੌਰ ਤੇ ਐਸਾ ਟਰੀਟਮੈਂਟ ਦੇ ਦੇਈਏ ਜਿਸ ਵਿਚ ਇਸ ਮਹਿਕਮੇ ਨੂੰ ਪੰਜਾਬੀ ਕਲਚਰ ਦੇ ਉਲਟ ਖਿਲਾਰ ਦੇਈਏ ਤਾਂ ਇਨਸਾਫ਼ ਨਹੀਂ ਹੋ ਸਕੇਗਾ। ਇਹ ਤਾਂ ਪਾਠਕ ਜਾਣਦਾ ਹੈ ਕਿ ਅੰਤ ਤੇ ਐਸਾ ਹੀ ਹੋਵੇਗਾ। ਬਹੁਤ ਹੀ ਫੈਸ਼ਨ ਸਬੰਧਿਤ ਮਾਡਲ ਬੜੀ ਕਾਮਯਾਬੀ ਹਾਸਲ ਕਰ ਚੁੱਕੇ ਹਨ ਤੇ ਇੱਜ਼ਤ ਦੀ ਜ਼ਿੰਦਗੀ ਜੀਅ ਰਹੇ ਹਨ। ਅਸਲ ਵਿਚ ਇਸ ਰੁਜ਼ਗਾਰ ਵਿਚ ਜਾਂਦਾ ਹੀ ਉਹ ਹੈ ਜੋ ਇਸਦੀਆਂ ਅਧਾਰਿਤ ਸੀਮਾਵਾਂ ਤੇ ਖਰਾ ਉਤਰਦਾ ਹੈ। ਉਸਨੂੰ ਨਾਇਕ ਟੱਚ ਦੇਣਾ ਵਕਤ ਦੀ ਜ਼ਰੂਰਤ ਹੈ। ਪਿੱਛੇ ਜਿਹੇ ਕਿਸੇ ਨੇ ਗੱਲ ਸੁਣਾਈ। ਕਿਸੇ ਨੂੰ ਉਸਦੀ ਬੇਟੀ ਦਾ ਫੋਨ ਆਇਆ। ਉਹ ਨਾਨਾ ਬਣਨ ਵਾਲਾ ਸੀ। ਉਹ ਖੁਸ਼ ਹੋਇਆ ਤੇ ਬੇਟੀ ਨੂੰ ਵਧਾਈ ਵੀ ਦਿੱਤੀ। ਪਰ ਅਸਲ ਵਿਚ ਬੇਟੀ ਅਜੇ ਸ਼ਾਦੀ-ਸੁਦਾ ਨਹੀਂ ਸੀ। ਹੁਣ ਇੱਥੇ ਆ ਕੇ ਵਿਸ਼ੇ ਦੀ ਟਰੀਟਮੈਂਟ ਬਦਲ ਜਾਂਦੀ ਹੈ। ਇੱਕ ਐਸਾ ਪਰਿਵਾਰ ਜੋ ਆਪਣੇ ਬੱਚੇ ਦੀ ਵਿਅਕਤੀਗਤ ਅਜ਼ਾਦੀ ਨੂੰ ਪ੍ਰਵਾਨ ਕਰਦਾ ਹੈ ਤੇ ਜਾਤੀ ਫੈਸਲੇ ਕਰਨ ਦਿੰਦਾ ਹੈ। ਪਰ ਇਹ ਪੰਜਾਬੀ ਕਲਚਰ ਵਿਚ ਕਬੂਲ ਨਹੀਂ। ਹੁਣ ਕੋਈ ਪਰਵਾਸੀ ਲੇਖਕ ਇਸ ਵਿਸ਼ੇ ਨੂੰ ਲੈ ਕੇ ਲਿਖੇਗਾ ਤਾਂ ਦੋ ਤਰ੍ਹਾਂ ਲਿਖ ਸਕਦਾ ਹੈ। ਦੁਖੀ ਹੋ ਕੇ ਤੇ ਦੁਖੀ ਕਰਕੇ ਤੇ ਖੁਸ਼ ਹੋ ਕੇ ਖੁਸ਼ੀ ਵੰਡਣ ਦੇ ਸੰਦਰਭ ਵਿਚ। ਨੁਹਾਰ ਬਦਲਣ ਨਾਲ ਪੁਰਾਣੇ ਵਿਸ਼ਿਆ ਦੀ ਘਾਟ ਰੜਕ ਰਹੀ ਹੈ। ਵਰਨਾ ਪੰਜਾਬੀ ਵਿਚ ਵਿਸ਼ੇ ਪੱਖੋ ਵਧੀਆ ਗੱਲ ਹੋ ਰਹੀ ਹੈ।

ਹਾਂ ਜੀ ਇਹ ਸੱਚ ਹੈ ਕਿ ਘੱਟ ਗਿਣਤੀ ਲੋਕ, ਪਾਤਰ ਦੇ ਤੌਰ ਤੇ ਨਹੀਂ ਆ ਰਹੇ। ਕਹਾਣੀ ਤੇ ਕੀ ਮੇਰਾ ਖਿਆਲ ਹੈ, ਪੰਜਾਬੀ ਦੀ ਕਿਸੇ ਵੀ ਵਿਧਾ ਵਿਚ ਨਹੀਂ ਆ ਰਹੇ। ਮੇਰੀ ਇਸ ਬਾਰੇ ਜਾਣਕਾਰੀ ਅਧੂਰੀ ਹੈ। ਮੰਨ ਘੜਤ ਤੇ ਕੁਝ ਵੀ ਕਿਹਾ ਜਾ ਸਕਦਾ ਹੈ। ਪਰਵਾਸੀ ਕਹਾਣੀ ਵਿਚ ਤਾਂ ਘੱਟ ਗਿਣਤੀ ਜਾਂ ਵਧ ਗਿਣਤੀ ਦਾ ਰੁਝਾਨ ਵੀ ਘਟਦਾ ਜਾ ਰਿਹਾ ਹੈ ਤੇ ਇਹ ਵਿਸ਼ਾ ਅਪਰੰਸਗਿਕ ਹੋ ਕੇ ਰਹਿ ਗਿਆ ਹੈ। ਮੁੱਖਧਾਰਾ ਪੰਜਾਬੀ ਕਹਾਣੀ ਦੇ ਸਬੰਧ ਵਿਚ ਤਾਂ ਮੇਰੇ ਕੋਲ ਕਹਿਣ ਨੂੰ ਕੁਝ ਨਹੀਂ ਹੈ ਪਰ ਕੈਨੇਡਾ ਅਧਾਰਿਤ ਪਰਵਾਸ ਦੀ ਗੱਲ ਕਰਦਿਆਂ ਕੁਝ ਬਦਲੇ ਹੋਏ ਰੁਝਾਨ ਮੈਂ ਅੱਖੀ ਵੇਖੇ ਹਨ। ਅੱਜ ਤੋਂ ਕੋਈ ਵੀਹ ਪੱਚੀ ਸਾਲ ਪਹਿਲਾਂ ਇਹ ਗੱਲ ਉਬਲਦੀ ਸੀ। ਆਪ ਸੁਣਿਆ ਹੈ 'ਫਲਾਣੇ ਦਾ ਮੁੰਡਾ ਚਮਾਰਾਂ ਦੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ। ਬਾਪੂ ਨੇ ਘਰੋਂ ਕੱਢਣ ਦੀ ਧਮਕੀ ਦਿੱਤੀ ਪਰ ਬਾਅਦ ਵਿਚ ਮੰਨ

ਗਿਆ। ਵੇਖੋ ਜੀ ਇਹ ਨਿਆਣੇ ਕਿਤਨੇ ਵਿਗੜੇ ਹੋਏ ਹਨ। ਜੇ ਮੈਂ ਹੁੰਦਾ ਤਾਂ ਮੁੰਡੇ ਦੀਆਂ ਲੱਤਾਂ ਤੋੜ ਦਿੰਦਾ। ਉਸ ਤੋਂ ਬਾਅਦ ਦਾਰੂ ਦੇ ਦੌਰ ਵਿਚ ਚਮਾਰਾਂ ਬਾਰੇ ਕੁਝ ਮਾੜੀਆਂ ਤੇ ਅਪ੍ਰਵਾਨ ਗੱਲਾਂ ਵੀ ਕੀਤੀਆਂ ਗਈਆਂ। ਉਸ ਮਾਹੌਲ ਵਿਚ ਕਿਸੇ ਨੂੰ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪਰ ਹੁਣ ਇਸਦਾ ਵਿਸਥਾਰ ਹੌਲੀ-ਹੌਲੀ ਹੋਇਆ ਹੈ। ਜਾਤ ਤੋਂ ਬਾਅਦ ਹੋਏ ਤੇ ਪੰਜਾਬੀ ਹੋਵੇ ਫਿਰ ਇੰਡੀਅਨ ਹੋਵੇ ਫਿਰ ਏਸ਼ਿਅਨ ਹੋਵੇ ਤੇ ਹੁਣ ਕੋਈ ਵੀ ਕਿਤੇ ਵਿਆਹ ਕਰਵਾ ਕੇ ਲੋਕੀ ਤਾਂ ਕੀ ਪਰਿਵਾਰਕ ਦੁਸ਼ਮਣ ਵੀ ਕੁਝ ਨਹੀਂ ਕਹਿੰਦਾ। ਕਾਰਣ ਇਹ ਵਰਤਾਰਾ ਘਰ ਘਰ ਹੈ। ਹੁਣ ਅਸੀਂ ਇਹ ਮੰਨਣ ਲੱਗ ਪਏ ਹਾਂ। 'ਏਕਸ ਪਿਤਾ ਏਕਸ ਕੇ ਹਮ ਬਾਰਿਕ' ਮਜ਼ਬੂਰੀ ਹੈ। ਵੀਹ ਸਾਲ ਪਹਿਲਾਂ ਇਹ ਕਿਸੇ ਨੂੰ ਯਾਦ ਨਹੀਂ ਆਉਂਦਾ ਸੀ ਹੁਣ ਮੈਂ ਕਈ ਮਾਪੇ ਇਹ ਕਹਿੰਦੇ ਵੀ ਸੁਣੇ ਹਨ ਜੀ ਕੁਝ ਵੀ ਹੋਵੇ ਕਾਲਾ ਨਾ ਹੋਵੇ। ਇਸ ਲਈ ਇਹ ਘਟ ਗਿਣਤੀ ਦੇ ਵਰਤਾਰੇ ਦੀ ਗੱਲ ਕੈਨੇਡਾ ਵਿਚ ਨਹੀਂ ਹੈ। ਜੇ ਹੈ ਵੀ ਤਾਂ ਆਟੇ ਵਿਚ ਲੂਣ ਬਰਾਬਰ।

ਜੀ ਯਕੀਨਨ, ਨਵੇਂ ਤਜ਼ਰਬੇ ਹੋ ਰਹੇ ਹਨ। ਕਹਾਣੀ ਤੇ ਲੇਖਕ ਦਾ ਨਾਮ ਲੈਣ ਤੋਂ ਸੰਕੋਚ ਕਰਦਿਆਂ ਇਹ ਵੇਖਣ ਵਿਚ ਆਇਆ ਹੈ ਕਿ ਇਹ ਤਜਰਬੇ ਪੇਸ਼ਕਾਰੀ ਤੇ ਜੁਗਤਾਂ ਹੀ ਹਨ ਜਿਨ੍ਹਾਂ ਨੂੰ ਕਈ ਸੁਹਿਰਦ ਕਥਾ ਰੱਸ ਤੋਂ ਵਿਹੂਣੇ ਦਸ ਰਹੇ ਹਨ। ਕਹਾਣੀ ਵਿਚ ਖੜੋਤ ਆ ਗਈ ਸਮਝਦੇ ਹਨ। ਕਹਾਣੀ ਵਿਚ ਨਵੇਂ ਰੁਝਾਨ ਆ ਰਹੇ ਹਨ। ਮੈਂ ਤੁਹਾਨੂੰ ਆਪਣੀ ਹੀ ਗੱਲ ਦਸਦਾ ਹਾਂ। ਮੈਂ ਕਹਾਣੀ ਲਿਖੀ ਸੀ 'ਮੋਰ' ਜੋ ਅੱਖਰ ਵਿਚ ਛਪੀ ਸੀ। ਪਾਠਕਾਂ ਦੇ ਵੱਡੇ ਵਰਗ ਵਲੋਂ ਮੈਨੂੰ ਬਹੁਤ ਹੀ ਸੰਤੋਸ਼ ਜਨਕ ਹੁੰਗਾਰਾ ਵੀ ਮਿਲਿਆ ਸੀ ਪਰ ਇੱਕ ਵੱਡਾ ਕਹਾਣੀਕਾਰ ਇਸਨੂੰ ਕਹਾਣੀ ਮੰਨਣ ਤੋਂ ਹੀ ਇਨਕਾਰੀ ਸੀ। ਉਸਦਾ ਕਹਿਣਾ ਸੀ ਕਿ ਇਹ ਵਿਅੰਗ ਹੋ ਸਕਦਾ ਹੈ ਪਰ ਕਹਾਣੀ ਨਹੀਂ। ਜੇ ਹੁਣ ਪੁਰਾਣੇ ਮਾਪਦੰਡ ਤੋਂ ਮਾੜਾ ਮੋਟਾ ਵੀ ਇਧਰ ਉਧਰ ਹੋ ਜਾਵੇ ਤਾਂ ਉਸਨੂੰ ਵਿਧਾ ਤੋਂ ਤੋੜ ਦਿੱਤਾ ਜਾਂਦਾ ਹੈ। ਇਹ ਵੀ ਯਾਦ ਨਹੀਂ ਰੱਖਿਆ ਜਾਂਦਾ ਕਿ ਅੱਜ ਦੀ ਕਹਾਣੀ ਨੇ ਇੱਕ ਲੰਮਾ ਪੈਂਡਾ ਤਹਿ ਕੀਤਾ ਹੈ ਤੇ ਇਸ ਵਿਚ ਵਕਤ ਅਨੁਸਾਰ ਕਈ ਕੁਝ ਨਵਾਂ ਤੇ ਨਰੋਇਆ ਜੁੜਿਆ ਹੈ। ਚਾਲੀ ਸਾਲ ਪਹਿਲਾਂ ਦੀ ਕਹਾਣੀ ਘੋਖਕੇ ਵੇਖ ਲਵੋ। ਔਰਤ ਦੀ ਚੰਚਲਤਾ ਨੂੰ ਵਛੇਰੀ ਦੇ ਬਿਬ ਨਾਲ ਤੁਲਨਾ ਕੇ ਹਾਂ ਪੱਕੀ ਗੱਲ ਕੀਤੀ ਜਾਂਦੀ ਸੀ ਤੇ ਔਰਤ ਵੀ ਇਸਨੂੰ ਆਪਣਾ ਮੀਰੀ ਗੁਣ ਹੀ ਸਮਝਦੀ ਸੀ ਪਰ ਅੱਜ ਦੀ ਔਰਤ ਨੂੰ ਐਸੇ ਬਿਬ ਨਾਲ ਤੁਲਨਾਉਣਾ ਆਤਮ ਹੱਤਿਆ ਦੇ ਬਰਾਬਰ ਹੈ। ਔਰਤ ਦੇ ਹੱਕਾਂ ਦਾ ਵਿਕਾਸ ਤੇ ਉਸਦੀ ਸਖ਼ਸ਼ੀਅਤ ਦੇ ਨਰੋਏ ਪਹਿਲੂ ਨੇ ਨਵੀਂ ਸ਼ਬਦਾਵਲੀ ਦਾ ਆਗਮਨ ਕੀਤਾ ਹੈ। ਅਜੇ ਵੀ ਕਈ ਕੁਝ ਨਵਾਂ ਕਰਨ ਵਾਲਾ ਹੈ। ਮੈਂ ਇੱਕ ਦਿਨ ਅਮਰੀਕੀ ਕਹਾਣੀ ਦੇ ਤੱਤਾਂ ਬਾਰੇ ਪੜ੍ਹ ਰਿਹਾ ਸੀ। ਕੁਝ ਚੰਗੇ ਲੱਗੇ ਤੇ ਕੁਝ ਖਾਨਾ ਪੂਰਤੀ। ਹੁਣ ਜੇ ਸ਼ਬਦ ਮੈਂ ਖਾਨਾ ਪੂਰਤੀ ਵਰਤਿਆ ਹੈ ਇਹ ਮੇਰੀ ਸੀਮਤ ਸਮਰਥਾ ਦਾ ਲਖਾਇਕ ਹੈ। ਇਸਤੇ ਕਦੇ ਫੇਰ ਗੱਲ ਕਰਾਂਗੇ। ਅੱਜ ਵਿਸ਼ੇ ਤੇ ਹੀ ਕੇਂਦਰਿਤ ਰਹੀਏ। ਮੁਕਦੀ ਗੱਲ ਤੇ ਇਹ ਹੈ ਕਿ ਅਸੀਂ ਦੁਹਰਾਓ ਪੜ੍ਹਨਾ ਪਸੰਦ ਕਰਾਂਗੇ? ਕੀ ਉਹੋ ਕੁਝ ਪੜ੍ਹੀ ਜਾਈਏ ਜੋ ਦਹਾਕਿਆਂ ਤੋਂ ਲਿਖਿਆ ਜਾ ਰਿਹਾ ਹੈ? ਨਾ ਸਹਿਮਤ ਦੋਸਤੋ ਤਜ਼ਰਬੇ ਕਰਨੇ ਪੈਣਗੇ, ਜੁਗਤਾਂ ਵਰਤਣੀਆਂ ਪੈਣਗੀਆਂ। ਸਿਸਟਮ ਦੀ ਗੱਲ ਨਵੇਂ ਜਾਵੀਏ ਤੋਂ ਕਰਨੀ ਪਵੇਗੀ। ਨਹੀਂ ਕਰਾਂਗੇ ਤਾਂ ਪਾਠਕ ਹੋਰ ਘਟਣਗੇ।

ਅੱਜ ਤੋਂ ਪੰਜ ਸੱਤ ਸਾਲ ਪਹਿਲਾਂ ਨਵਾਂ ਜ਼ਮਾਨਾਂ ਐਤਵਾਰਤਾ ਵਿਚ ਸਲਾਨਾ ਕਹਾਣੀ ਸਰਵੇਖਣ ਤੋਂ ਬਾਅਦ ਕਿਸੇ ਸਤਿਕਾਰਤ ਆਲੋਚਕ ਨੇ ਲਿਖਿਆ ਸੀ ਕਿ ਫਲਾਣਾ ਲੇਖਕ ਪਰਵਾਸੀ ਕਹਾਣੀ ਦੇ ਸਬੰਧ ਵਿਚ ਫਿਰ ਝੰਡੀ ਲੈ ਗਿਆ। ਇਹ ਸ਼ਬਦ ਕਿਸੇ ਭਲਵਾਨੀ ਅਖਾੜੇ ਬਾਰੇ ਤੇ ਕਿਹਾ ਜਾ ਸਕਦਾ ਹੈ ਪਰ ਕਹਾਣੀ ਦੇ ਸਬੰਧ ਵਿਚ ਨਹੀਂ। ਐਸਾ ਮੁਕਾਬਲਾ ਹੀ ਐਸੇ ਬੇਲੋੜੇ ਵਿਸਥਾਰ ਦਾ ਕਾਰਣ ਹੈ। ਇਹ ਨਹੀਂ ਕਿ ਹਰ ਲੰਮੀ ਕਹਾਣੀ ਵਿਚ ਹੀ ਵਾਧੂ ਵਿਸਥਾਰ ਹੋਵੇ ਪਰ ਦੇਖਣ ਵਿਚ ਆਇਆ ਹੈ ਕਿ ਕਈ ਵਾਰ ਕਹਾਣੀ ਅਕਾਊਪਨ ਪੈਦਾ ਕਰ ਦਿੰਦੀ ਹੈ। ਸ਼ਬਦ ਖੂਬਸੂਰਤ ਵੀ ਹੋਣ ਪਰ ਫੋਕਸ ਤੋਂ ਦੂਰ ਹੋਣ ਕਰਕੇ ਵਾਧੂ ਵਿਸਥਾਰ ਹੋ ਨਿਬੜਦੇ ਹਨ। ਮੇਰੀ ਜਾਤੀ ਕਹਾਣੀ ਤੇ ਵੀ ਇਹ ਦੋਸ ਲਗਦਾ ਹੈ। ਜਿਸਨੂੰ ਮੈਂ ਕਬੂਲ

ਵੀ ਕਰਦਾ ਹਾਂ ਤੇ ਕੋਸ਼ਿਸ਼ ਵਿਚ ਹਾਂ ਕਿ ਐਸਾ ਨਾ ਹੋਵੇ। ਸਿੱਧੀ ਸੰਤੋੜ ਠਾਹ ਕਰਦੀ ਗੱਲ ਅੱਜ ਘਟ ਹੀ ਵੇਖਣ ਨੂੰ ਮਿਲਦੀ ਹੈ। ਮੇਰੇ ਖਿਆਲ ਵਿਚ ਇਸਦਾ ਵੱਡਾ ਕਾਰਨ ਗੈਰ ਜ਼ਰੂਰੀ ਮੁਕਾਬਲਾ ਹੈ, ਜਿਸਦੀ ਕੋਈ ਲੋੜ ਵੀ ਨਹੀਂ। ਕਈ ਆਪਣੀ ਸ਼ਾਖ ਬਚਾਉਣ ਲਈ ਐਸਾ ਕਰੀ ਜਾਂਦੇ ਹਨ ਤੇ ਕਈ ਇਹ ਦੱਸਣ ਲਈ ਕਿ ਇਹ ਕਿਹੜਾ ਕੰਮ ਹੈ, ਮੈਂ ਵੀ ਕਰ ਸਕਦਾ ਹਾਂ। ਇਸਨੂੰ ਆਪਾਂ ਕਹਾਣੀ ਘੜਨ ਨਾਲ ਜੋੜਕੇ ਵੇਖ ਸਕਦੇ ਹਾਂ। ਐਡਟਿੰਗ ਦੀ ਲੋੜ ਪੰਜਾਬੀ ਕਹਾਣੀ ਵਿਚ ਘਟ ਹੀ ਸਮਝੀ ਜਾਂਦੀ ਹੈ। ਬਾਕੀ ਕੁਝ ਕਸੂਰ ਆਲੋਚਕਾਂ ਦਾ ਵੀ ਹੈ, ਉਹ ਜਦੋਂ ਕਿਸੇ ਵਾਧੂ ਵਿਸਥਾਰ ਨੂੰ ਤਸਲੀਮ ਕਰਦੇ ਹੋਏ ਦੋਸਤੀਆਂ ਪਾਲਦੇ ਹਨ ਤਾਂ ਇਸ ਔਗੁਣਕਾਰੀ ਦੋਸ਼ ਨੂੰ ਬੜਾਵਾ ਦੇ ਰਹੇ ਹੁੰਦੇ ਹਨ। ਹੁਣ ਤੇ ਇਤਿਹਾਸ ਵੀ ਕਹਾਣੀ ਦਾ ਅੰਗ ਬਣਦਾ ਜਾ ਰਿਹਾ ਹੈ। ਕਦੇ ਕਦੇ ਇਹ ਜ਼ਰੂਰੀ ਤੇ ਬਹੁਤੀ ਵਾਰ ਗੈਰ ਜ਼ਰੂਰੀ ਹੁੰਦਾ ਹੈ। ਗੈਰ ਜ਼ਰੂਰੀ ਤੱਤ ਪਿੱਛੇ ਅਸਲ ਮਕਸਦ ਤਜਰਬਾ ਹੁੰਦਾ ਹੈ ਤੇ ਇਹ ਤਜ਼ਰਬਾ ਕਹਾਣੀ ਘੜਣ ਨਾਲ ਸਬੰਧਿਤ ਹੋ ਜਾਂਦਾ ਹੈ। ਸਿਰਜੀ ਹੋਈ ਕਹਾਣੀ ਭਾਵੇਂ ਕਿਤਨੀ ਵੀ ਲੰਮੀ ਹੋ ਜਾਵੇ, ਉਸਤੇ ਵਾਧੂ ਵਿਸਥਾਰ ਦਾ ਦੋਸ਼ ਨਹੀਂ ਲਗਦਾ। ਇਸਦਾ ਹੱਲ ਤਾਂ ਇਹੋ ਹੀ ਹੈ ਕਿ ਇਸ ਵਾਧੂ ਵਿਸਥਾਰ ਨੂੰ ਨਕਾਰਿਆ ਜਾਵੇ ਤੇ ਜੋ ਸਵੀਕਾਰਦੇ ਹਨ ਉਨ੍ਹਾਂ ਦੀ ਸਵੀਕ੍ਰਿਤੀ ਨੂੰ ਵੀ ਨਿਕਾਰਿਆ ਜਾਵੇ। ਔਖ ਜ਼ਰੂਰ ਹੋਵੇਗੀ ਪਰ ਕਹਾਣੀ ਪ੍ਰਤੀ ਸੁਹਿਰਦਤਾ ਇਸਦੀ ਮੰਗ ਕਰਦੀ ਹੈ। ਟੁੰਬੇ ਹੋਏ ਵਿਸ਼ੇ ਤੇ ਸਿਰਜੀ ਕਹਾਣੀ ਹੀ ਇਸਤੋਂ ਰਹਿਤ ਹੋ ਸਕਦੀ ਹੈ। ਜੇ ਸੋਚੀਏ ਕਿ ਚਲੋ ਕਹਾਣੀ ਲਿਖੀਏ ਤੇ ਬਾਅਦ ਵਿਚ ਵਿਸ਼ਾ ਸੋਚੀਏ ਤਾਂ ਨਤੀਜਾ ਸਾਡੇ ਸਾਹਮਣੇ ਹੀ ਆ ਜਾਂਦਾ ਹੈ।

ਭਿੰਨਤਾ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਪੰਜਾਬੀ ਕਹਾਣੀ ਦਾ ਇਤਿਹਾਸ ਤੇ ਉਸਦੇ ਕਈ ਪੜ੍ਹਾ ਸਾਡੇ ਸਾਹਮਣੇ ਹਨ। ਨਿੱਕੀ ਕਹਾਣੀ, ਇੱਕ ਹੀ ਬੈਠਕ ਵਿਚ ਪੜ੍ਹੀ ਜਾਣ ਵਾਲੀ ਕਹਾਣੀ ਤੇ ਹੋਰ ਕਈ ਹਿੱਸਿਆ ਵਿਚ ਵੰਡ ਹੁੰਦੀ ਕਹਾਣੀ ਦਾ ਵਿਕਾਸ ਹੋਇਆ। ਮਸਲਾ ਤਾਂ ਲਹਿਰ ਨਾਲ ਜੁੜੀ ਕਹਾਣੀ ਤੋਂ ਬਾਅਦ ਸ਼ੁਰੂ ਹੋਇਆ ਜਦੋਂ ਕਹਾਣੀ ਦੇ ਵਿਚਾਰ ਵਿਮਰਸ਼ ਦੇ ਦੋ ਸਕੂਲ ਹੋਂਦ ਵਿਚ ਆਏ। ਅੱਜ ਦੋ ਤਰ੍ਹਾਂ ਦੀ ਕਹਾਣੀ ਲਿਖੀ ਜਾ ਰਹੀ ਹੈ ਤੇ ਉਸਦੇ ਜੋ ਰੁਝਾਨ ਹਨ ਇਸਦੇ ਵਿਕਸਿਤ ਰੂਪ ਨੂੰ ਕੇਂਦਰ ਵਿਚ ਰਖਕੇ ਆਮ ਹੀ ਗੱਲ ਕੀਤੀ ਜਾ ਰਹੀ ਹੈ। ਕਹਾਣੀ ਬਾਰੇ ਲਿਖੇ ਲੇਖਾਂ ਵਿਚ ਜੋ ਲਿਖਿਆ ਗਿਆ ਜਾਂ ਜੋ ਆਲੋਚਨਾ ਪੱਧਰ ਤੇ ਹੋ ਰਿਹਾ ਹੈ, ਇਸ ਵਿਚ ਪ੍ਰਾਇਮਰੀ ਗੱਲ, ਬਣਤਰ ਤੇ ਵਿਸ਼ੇ ਤੇ ਹੋਰ ਪ੍ਰਸੰਗ ਉਭਾਰੇ ਜਾ ਰਹੇ ਹਨ ਜਦ ਕਿ ਰੋਚਕਿਤਾ ਤੇ ਰਚਨਾ ਨੂੰ ਨਕਾਰਨ ਤੇ ਮਾਨਤਾ ਦੇ ਮਾਪ ਦੰਡ ਤਸੱਲੀ ਬਖ਼ਸ਼ ਨਹੀਂ ਹਨ। ਕਿਤੇ ਹੈ ਜੋ ਨਾਂ ਪੱਖੀ ਹੈ। ਇਸਤੇ ਖੁੱਲ ਕੇ ਗੱਲ ਨਹੀਂ ਹੋ ਰਹੀ। ਇਹ ਗੱਲ ਵੀ ਮੰਨਣਯੋਗ ਨਹੀਂ ਕਿ ਪੰਜਾਬੀ ਕਹਾਣੀ ਵਿਚ ਖੜੋਤ ਆ ਗਈ ਹੈ। ਜੇ ਗੱਲ ਯਕੀਨ ਨਾਲ ਹੀ ਕਰਨੀ ਹੋਵੇ ਤਾਂ ਉਸਦਾ ਬਿਨ੍ਹਾ ਕਿਸੇ ਭਿੰਨ ਭਾਵ ਦੇ ਵਿਸ਼ਲੇਸ਼ਣ ਹੋਣਾ ਚਾਹੀਦਾ ਹੈ। ਨਜ਼ਰੀਏ ਦੀ ਗੱਲ ਕੀਤੀ ਜਾਣੀ ਚਾਹੀਦੀ ਹੈ। ਇੱਕੋ ਹੀ ਵਿਸ਼ੇ ਤੇ ਕਈ ਕਹਾਣੀਆਂ ਹੋ ਸਕਦੀਆਂ ਹਨ। ਵਖਰੇਵਾਂ ਤਾਂ ਨਜ਼ਰੀਏ ਨੇ ਕਰਨਾ ਹੈ। ਅੰਦਾਜ਼ਨ ਕਿਤੇ ਫੋਕਸ ਨੂੰ ਛੋਹ ਲਿਆ ਜਾਂਦਾ ਹੈ ਤੇ ਕਿਤੇ ਲੇਖਕ ਦਾ ਕਿਸੇ ਧਾਰਾ ਨਾਲ ਬਝਣਾ ਵੀ ਹੋ ਸਕਦਾ ਹੈ। ਰਚਨਾ ਪਿੱਛੇ ਤੇ ਰਚਨਾਕਾਰ ਨੂੰ ਅੱਗੇ ਕਰਨ ਦੇ ਨਤੀਜੇ ਵਜੋਂ ਹੀ ਕਈ ਭੁਲੇਖੇ ਜਨਮ ਲੈ ਚੁੱਕੇ ਹਨ। ਭਿੰਨਤਾ ਤੇ ਕਹਾਣੀ ਦੀ ਕਹਾਣੀ ਨਾਲ ਨਹੀਂ ਹੈ। ਚਾਰ ਦਹਾਕੇ ਪਹਿਲਾਂ ਜਿਸ ਤਰ੍ਹਾਂ ਦਾ ਸਮਾਜ ਸੀ ਉਹੋ ਜਿਹੀਆਂ ਕਹਾਣੀਆਂ ਵਿਚ ਸਮੱਸਿਆਵਾਂ ਹਨ। ਹੁਣ ਖਿਣ ਵਿਚ ਵੀ ਇਹ ਹੀ ਹੋ ਰਿਹਾ ਹੈ। ਸਮੱਸਿਆਵਾਂ ਤਾਂ ਸਮਾਜ ਦੀ ਦੇਣ ਹਨ। ਇਹ ਦੇਣ ਹੀ ਕਿਸੇ ਲੇਖਕ ਨੂੰ ਕਿਸੇ ਵਿਸ਼ੇ ਨਾਲ ਤੋਰਦੀ ਹੈ। ਅੱਜ ਦਾ ਮਨੁੱਖ ਬਹੁਤ ਗੁੰਝਲਦਾਰ ਸਥਿਤੀ ਵਿੱਚੋਂ ਗੁਜ਼ਰ ਰਿਹਾ ਹੈ। ਤਣਾਓ ਹੀ ਵਿਸ਼ੇ ਬਣਨਗੇ। ਬੇਲੋੜਾ ਵਿਸਥਾਰ ਤੇ ਹੋਰ ਕਈ ਮੁਦਿਆਂ ਤੇ ਉਂਗਲ ਰੱਖੇ ਜਾਣ ਦੇ ਬਾਵਜੂਦ ਵੀ ਅੱਜ ਦਾ ਪੰਜਾਬੀ ਕਹਾਣੀਕਾਰ ਆਪਣੇ ਫ਼ਰਜ ਬਾਖੂਬੀ ਨਿਭਾ ਰਿਹਾ ਹੈ। ਇਹ ਨਿਭਾ ਸਮੁੱਚੀ ਜਮਾਤ ਦਾ ਪ੍ਰਤੀਨਿੱਧ ਨਹੀਂ ਹੈ। ਇਹ ਹੋ ਵੀ ਨਹੀਂ ਸਕਦਾ। ਥੀਸਸ ਤੇ ਐਂਟੀਥੀਸਸ ਹਮੇਸ਼ਾਂ ਚਲਦੇ ਆਏ ਹਨ ਤੇ ਇਹ ਜ਼ਰੂਰੀ ਵੀ ਹਨ ਪਰ ਇਹ ਵੀ ਮੰਨਣ ਵਾਲੀ ਗੱਲ ਹੈ ਕਿ ਕੁਝ ਜਿੰਮੇਵਾਰ ਵਿਅਕਤੀ ਆਪਣੀ ਜ਼ਿੰਮੇਵਾਰੀ ਤੋਂ ਬੇਮੁੱਖ ਹੋ ਗਏ ਹਨ। ਭਰਮ

ਪਾਲ ਬੈਠੇ ਹਨ ਕਿ ਉਹ ਕਿਸੇ ਨੂੰ ਸਥਾਪਿਤ ਕਰ ਸਕਦੇ ਹਨ ਕਿ ਕੁਝ ਜਿੰਮੇਵਾਰ ਵਿਅਕਤੀ ਆਪਣੀ ਜਿੰਮੇਵਾਰੀ ਤੋਂ ਬੇਮੁੱਖ ਹੋ ਗਏ ਹਨ। ਭਰਮ ਪਾਲ ਬੈਠੇ ਹਨ ਕਿ ਉਹ ਕਿਸੇ ਨੂੰ ਵੀ ਸਥਾਪਿਤ ਕਰ ਸਕਦੇ ਹਨ ਤੇ ਕਿਸੇ ਨੂੰ ਵੀ ਕਹਾਣੀ ਲਿਖਣ ਤੋਂ ਹਟਾ ਸਕਦੇ ਹਨ। ਪਰ ਸਕੂਨ ਵਾਲੀ ਗੱਲ ਇਹ ਹੈ ਕਿ ਅਜੇ ਸਿਹਤਮੰਦ ਰੁਝਾਨ ਵਰਤਾਰਿਆਂ ਦੇ ਉਲਝਾ ਤੋਂ ਬਚਿਆ ਹੋਇਆ ਹੈ। ਸੰਖੇਪ ਵਿਚ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਪਹਿਲੀ ਕਹਾਣੀ ਤੇ ਹੁਣ ਵਾਲੀ ਕਹਾਣੀ ਭਿੰਨ ਨਹੀਂ ਸਗੋਂ ਵਿਕਾਸ ਦਰ ਵਿਕਾਸ ਦੇ ਰਾਹ ਤੇ ਹੈ। ਵਿਸ਼ੇ ਜ਼ਰੂਰ ਕਈ ਵਾਰ ਬਹਿਸ ਦਾ ਕਾਰਣ ਬਣ ਰਹੇ ਹਨ।

ਕਹਾਣੀ ਵਿਚ ਨਵੀਂ ਗੱਲ ਦੇ ਦੋ ਪਹਿਲੂ ਹਨ। ਪੁਰਾਣੀ ਗੱਲ ਤੇ ਨਵੀਂ ਗੱਲ। ਜੇ ਇਸਨੂੰ ਵਿਸ਼ੇ ਦੇ ਸੰਦਰਭ ਤੋਂ ਵਾਚੀਏ ਤਾਂ ਗੱਲ ਵਿਸ਼ੇ ਨਾਲੋਂ ਜਿਆਦਾ ਨਜ਼ਰੀਏ ਦੀ ਹੈ। ਇੱਕੋ ਵਿਸ਼ੇ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾ ਸਕਦਾ ਹੈ। ਅਸਲ ਮੁੱਦਾ ਤੇ ਹੈ ਕਿ ਕਹਾਣੀ ਦੇ ਪਲਾਟ ਨੂੰ ਪਾਠਕ ਕਿਤੇ ਪਹਿਲਾਂ ਹੀ ਤੇ ਨਹੀਂ ਜਾਣਦਾ? ਜੇ ਜਾਣਦਾ ਹੈ ਤਾਂ ਕਹਾਣੀ ਲਿਖਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਲੇਖਕ ਨੇ ਪਾਠਕ ਨੂੰ ਝੰਜੋੜਨਾ ਹੁੰਦਾ ਹੈ ਜੇ ਝੰਜੋੜਦਾ ਨਹੀਂ ਹੈ ਤਾਂ ਕਹਾਣੀ ਵੀ ਨਹੀਂ ਹੈ। ਗੱਲ ਨਵੇਂ ਤੇ ਪੁਰਾਣੇ ਕਹਾਣੀਕਾਰ ਦੀ ਨਾ ਹੋ ਕੇ ਰਚਨਾ ਦੀ ਹੋਵੇ। ਰਚਨਾ ਵਿਚ ਨਵੀਂ ਗੱਲ ਜ਼ਰੂਰ ਹੋਵੇਗੀ। ਹੁਣ ਹਰ ਕਹਾਣੀ ਨੂੰ ਮਾਪਣ ਦੇ ਮਾਪਦੰਡ ਪਾਠਕ ਨੇ ਦਸਣੇ ਹਨ। ਪਾਠਕ ਨੂੰ ਤੇ ਅਸੀਂ ਮੌਕਾ ਹੀ ਨਹੀਂ ਦਿੰਦੇ। ਤੁਹਾਡੀ ਗੱਲ ਠੀਕ ਵੀ ਹੈ। ਦੁਹਰਾ ਤੇ ਹੋ ਰਿਹਾ ਹੈ। ਜਿੱਥੇ ਵਿਸ਼ਾ ਤੇ ਰੁਪਾਂਤਰਣ ਸੁਆਲ ਖੜੇ ਕਰਦਾ ਹੈ। ਜਦੋਂ ਕਹਾਣੀ ਤੇ ਸ਼ਿਦਤ ਨਾਲ ਗੱਲ ਨਹੀਂ ਹੋਵੇਗੀ ਤਾਂ ਇਹੋ ਜਿਹੇ ਸੁਆਲ ਉਭਰਦੇ ਹੀ ਰਹਿਣਗੇ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਪੰਜਾਬੀ ਕਹਾਣੀ ਵਿਚ ਕੋਈ ਖੜੋਤ ਹੈ।

ਜਦੋਂ ਅਸੀਂ ਸ਼ਬਦ ਯਥਾਰਥ ਵਰਤ ਲੈਂਦੇ ਹਾਂ ਤਾਂ ਇਹ ਵੀ ਸ਼ਾਮਲ ਹੋ ਜਾਂਦਾ ਹੈ ਕਿ ਅੱਜ ਦਾ ਸਮਾਜ ਕਿਧਰ ਜਾ ਰਿਹਾ ਹੈ। ਭਾਸ਼ਾ ਬਾਰੇ ਸ਼ਬਦ ਚੋਣ ਦੀ ਤਬਦੀਲੀ ਸੁਭਾਵਿਕ ਹੈ। ਜਿਵੇਂ ਮੈਂ ਪਹਿਲੋਂ ਵੀ ਜ਼ਿਕਰ ਕੀਤਾ ਹੈ ਕਿ ਸਮਾਜ ਦੇ ਕਈ ਵਰਗਾਂ ਦਾ ਰਹਿਣ ਸਹਿਣ ਬਦਲ ਗਿਆ ਹੈ। ਉਨ੍ਹਾਂ ਦੀ ਉਹੋ ਗੱਲ ਪਹਿਲਾਂ ਹੋਰ ਤਰ੍ਹਾਂ ਕੀਤੀ ਜਾਂਦੀ ਸੀ। ਜਿਵੇਂ ਔਰਤ ਲਿਬਰੇਸ਼ਨ ਦੀ ਗੱਲ ਨੂੰ ਅਧਾਰ ਬਣਾ ਕੇ ਅਸੀਂ ਭਾਸ਼ਾ ਦੇ ਸੰਦਰਭ ਨੂੰ ਸਮਝ ਸਕਦੇ ਹਾਂ। ਸਤਿਕਾਰ ਦੇ ਮਾਇਨੇ ਵੀ ਬਦਲ ਗਏ ਹਨ। ਸ਼ਰਧਾਲੂ ਹੋਣਾ ਤੇ ਸਿਖਿਆਰਥੀ ਹੋਣ ਵਿਚ ਆਏ ਫਰਕ ਨੂੰ ਸਮਝਿਆ ਜਾ ਸਕਦਾ ਹੈ। ਸਿਖਿਆਰਥੀ ਸੁਆਲ ਕਰ ਸਕਦਾ ਹੈ ਤੇ ਉਸਦੇ ਕੀਤੇ ਸੁਆਲ ਨੂੰ ਉਸਦੇ ਸਵੈਮਾਣ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ ਜਦ ਕਿ ਸ਼ਰਧਾਲੂ ਸੁਆਲ ਨਹੀਂ ਕਰਦਾ ਸੀ। ਇਹ ਫਰਕ ਵੀ ਸਮੇਂ ਨਾਲ ਹੀ ਪ੍ਰਗਟ ਹੋਇਆ ਹੈ। ਇਹ ਨਿੱਕੀਆਂ ਗੱਲਾਂ ਨੇ ਭਾਸ਼ਾ ਨੂੰ ਪ੍ਰਭਾਵਿਤ ਕੀਤਾ ਹੈ। ਅੱਜ ਤੋਂ ਵੀਹ ਸਾਲ ਪਹਿਲਾਂ ਤੱਕ ਰਿਸ਼ਵਤ ਦੇਣ ਲਈ ਸਿਫਾਰਸ਼ ਲੱਭੀ ਜਾਂਦੀ ਸੀ। ਅੱਜ ਰਿਸ਼ਵਤ ਲੈਣ ਲਈ ਜੁਗਾੜ ਲੜਾਏ ਜਾਂਦੇ ਹਨ। ਹੁਣ ਰਿਸ਼ਵਤ ਨੂੰ ਦਰਸਾਉਣ ਲਈ ਭਾਸ਼ਾ ਦਾ ਸਹਾਰਾ ਹੀ ਲਵਾਂਗੇ ਤੇ ਭਾਸ਼ਾ ਦੇ ਸ਼ਬਦ ਤਬਦੀਲ ਹੋਣਗੇ ਹੀ। ਚੁਸਤ ਸ਼ਬਦ ਸੁਸਤ ਤੇ ਸੁਸਤ ਸ਼ਬਦ ਚੁਸਤ ਬਣ ਗਏ ਹਨ। ਇਹ ਸ਼ਬਦ ਨਹੀਂ ਸਗੋਂ ਸਮਾਜ ਦੀ ਦੇਣ ਹੈ। ਕਲਾ ਸ਼ਿਲਪ ਵੀ ਇਹੋ ਹੀ ਹੈ ਕਿ ਸਹੀ ਸ਼ਬਦ ਦੀ ਚੋਣ ਕਿਵੇਂ ਕਰਨੀ ਹੈ। ਕਹਾਣੀ ਦੇ ਵਿਸਥਾਰ ਨਾਲ ਕਈ ਨਵੇਂ ਨੜਿਨਵੇਂ ਵੀ ਜੁੜੇ ਹਨ। ਨਵੇਂ ਬਿੰਬ, ਬਿੰਬਾਂ ਦੀ ਸਮੀਪਤਾ, ਬਿੰਬਾਂ ਦੀ ਵਿਰੋਧਾਭਾਸ ਦਰਸਾ ਕੇ ਗੱਲ ਉਭਾਰਨੀ ਬਿੰਬਾਂ ਨੂੰ ਸਹਿਯੋਗੀ ਬਣਾ ਕੇ ਗੱਲ ਦਾ ਰੁੱਖ ਬਦਲ ਦੇਣਾ, ਇਹ ਸਾਰਾ ਕੁਝ ਨਵਿਆਉਣ ਲਈ ਨਵੀਂ ਕਹਾਣੀ ਪੁਰਾਣੀ ਦੀ ਉਸਾਰੀ ਤੇ ਹੀ ਚਲ ਰਹੀ ਹੈ। ਸੁਚੇਤ ਹੋ ਕੇ ਗੱਲ ਕਰਨੀ ਪੈਂਦੀ ਹੈ। ਇਹ ਕਹਾਣੀ ਬਾਰੇ ਹੈ ਨਾਂ ਕਿ ਕਹਾਣੀਕਾਰ ਬਾਰੇ।

80 ਵਿਆਂ ਤੋਂ ਪਹਿਲਾਂ ਲਿੱਖੀ ਹੋਈ ਕਹਾਣੀ ਦੇ ਕਈ ਪੜ੍ਹਾ ਹਨ। ਅੰਗਰੇਜ਼ ਰਾਜ ਵੇਲੇ, ਵੰਡ ਵੇਲੇ, ਤੇ ਲਹਿਰ ਜਿਸਨੂੰ ਅਸੀਂ ਜਾਗਰਤੀ ਦੇ ਨਾਮ ਨਾਲ ਸੰਬੋਧਤ ਕਰ ਲੈਂਦੇ ਹਾਂ। ਕਥਿਤ ਅਜਾਦੀ ਤੋਂ ਬਾਅਦ ਜਦੋਂ ਆਸ ਟੁੱਟੀ ਤਾਂ ਇੱਕ ਚੇਤਨਾ ਪੈਦਾ ਹੋਈ ਤੇ ਕਈ ਗੌਲਣਯੋਗ ਕਹਾਣੀਆਂ ਲਿਖੀਆਂ ਗਈਆਂ।

ਇਨ੍ਹਾਂ ਕਹਾਣੀਆਂ ਤੇ ਅੱਗੇ ਨਾਟਕ, ਸੀਰੀਅਲ ਵੀ ਬਣੇ। ਆਮ ਨਾਗਰਿਕ ਨੂੰ ਵਕਤੀ ਹੁਲਾਰਾ ਮਿਲਦਾ ਰਿਹਾ ਪਰ ਸਾਹਿਤ ਦੀਆਂ ਸਾਰੀਆਂ ਵਿਧਾਵਾਂ, ਪ੍ਰਭੂਆਂ ਦੇ ਮੁਕਾਬਲੇ ਬਰਾਬਰ ਦੀ ਧਿਰ ਨਹੀਂ ਉਸਾਰ ਸਕੀਆਂ ਮੱਧਮ ਪਿਆ ਰੁਝਾਨ ਫਿੱਕਾ ਪੈ ਗਿਆ ਪਰ ਕਈ ਕਹਾਣੀਆਂ ਦਾ ਨਜ਼ਰੀਆ ਆਪਣੀ ਨਿੱਗਰਤਾ ਜ਼ਰੂਰ ਉਸਾਰ ਗਿਆ। ਹੁਣ ਸੁਆਲ ਹੈ ਕਿ 90 ਵਿਆਂ ਦੇ ਬਾਅਦ ਦੀ ਕਹਾਣੀ ਨੂੰ ਜੇ ਆਜ਼ਦਾਨਾ ਤੌਰ ਤੇ ਵਾਚੀਏ ਤਾਂ ਉਸ ਵਿਚ ਮਨੁੱਖ ਦੇ ਅੰਦਰ ਦੀ ਟੁੱਟ ਭੱਜ ਦੀ ਗੱਲ ਹੈ, ਤਨਾਵ ਦੀ ਗੱਲ ਹੈ। ਮਨੋਵਿਗਿਆਨਕ ਵਿਸ਼ਲੇਸ਼ਣ ਹੈ। ਵਰਜਿਤ ਰਿਸ਼ਤਿਆਂ ਦੀ ਗੱਲ ਖੁੱਲ੍ਹ ਕੇ ਹੋਈ ਜੋ ਪਾਠਕ ਨੂੰ ਤੇ ਪਸੰਦ ਸੀ ਪਰ ਉਸਦੀ ਪਸੰਦ ਨੂੰ ਨਕਾਰਨ ਦੇ ਕਾਰਣ ਮੌਜੂਦ ਸਨ। ਸਮਾਜ ਦੀਆਂ ਕਦਰਾਂ ਕੀਮਤਾਂ ਦਾ ਸਹਾਰਾ ਲੈਂਦਿਆਂ ਉਸਦਾ ਮੁਕਾਬਲਾ ਜਾਣੇ ਅਨਜਾਣੇ ਲਹਿਰ ਨਾਲ ਸਬੰਧਿਤ ਕਹਾਣੀਆਂ ਨਾਲ ਕੀਤਾ ਜਾਣ ਲੱਗਾ। ਸਹਿਵਣ ਇਹ ਮੁਕਾਬਲਾ ਹੀ ਗਲਤ ਸੀ। ਪ੍ਰਗਤੀ ਤੇ ਇੱਥੇ ਵੀ ਸੀ। ਸਮੱਸਿਆ ਦੀ ਜੜ੍ਹ ਨੂੰ ਸਮਝਣਾ ਤੇ ਉਸਦਾ ਮਾਨਸਿਕ ਹੱਲ ਕਈ ਸਮਾਜਿਕ ਦੁਸਵਾਰੀਆਂ ਨੂੰ ਸਹੀ ਸੇਧ ਦੇਣ ਦਾ ਲਖਾਇਕ ਹੈ। ਕਿਉ ਉਤਪੰਨ ਹੁੰਦੀਆਂ ਹਨ ਇਹ ਵਿਕਾਰੀ ਸਮੱਸਿਆਵਾਂ? ਕਿੱਥੇ ਕੀ ਗਲਤ ਹੈ? ਇਸਦੀ ਗੱਲ ਕੀਤੀ ਗਈ ਪਰ ਜਿਵੇਂ ਤੁਸੀਂ ਕਿਹਾ ਹੈ ਕਿ ਨਿਗਰਤਾ ਕਿਉਂ ਨਹੀਂ? ਇਹ ਸਾਡੇ ਸਮਝਣ ਦੀ ਗੱਲ ਹੈ। ਜਿੱਥੇ ਲਹਿਰ ਦੀ ਗੱਲ ਸਮੂਹ ਦੀ ਗੱਲ ਹੈ ਉੱਥੇ ਬਾਅਦ ਦੀ ਕਹਾਣੀ ਵਿਅਕਤੀਗਤ ਦੁਸਵਾਰੀਆਂ ਦੀ ਗੱਲ ਹੈ। ਇਹ ਕੋਈ ਵੱਖਰੀ ਗੱਲ ਨਹੀਂ ਹੈ। ਲਹਿਰ ਦਾ ਸਬੰਧ ਜੇ ਸਮੂਹ ਨਾਲ ਹੈ ਤਾਂ ਸਮੂਹ ਦੀ ਇਕਾਈ ਵਿਅਕਤੀਗਤ ਹੋਂਦ ਹੈ। ਵਿਅਕਤੀ ਪ੍ਰਭਾਵਿਤ ਹੋ ਰਿਹਾ ਹੈ ਆਪਣੇ ਸਮਾਜ ਦੇ ਤਾਣੇ ਬਾਣੇ ਤੋਂ। ਸਿਸਟਮ ਨੂੰ ਨਕਾਰਨਾ ਤੇ ਸਥਾਪਿਤ ਸਿਸਟਮ ਵਿਚ ਸੁਧਾਰ ਲਿਆਉਣਾ ਦੋ ਵੱਖਰੇ ਮੁੱਦੇ ਹਨ। ਸਮਝ ਲਵੋ ਦੋ ਥੌਟ ਹਨ। ਹੁਣ ਜੇ ਸਿਸਟਮ ਵਿਚ ਸੁਧਾਰ ਦੀ ਗੱਲ ਕਰੀਏ ਤਾਂ ਵਿਅਕਤੀ ਦੀ ਗੱਲ ਪਹਿਲ ਦੇ ਅਧਾਰ ਤੇ ਕਰਨੀ ਪਵੇਗੀ। ਵਿਅਕਤੀ ਕਿਉਂ ਭਰਿਸ਼ਟ ਹੈ? ਸਮਾਜ ਦੇ ਕਿਹੜੇ ਅੰਗ ਉਸਨੂੰ ਤੋੜ ਕੇ ਭ੍ਰਿਸ਼ਟ ਬਣਾ ਰਹੇ ਹਨ। ਇਨ੍ਹਾਂ ਦਾ ਜੁਆਬ ਮਨੁੱਖੀ ਮੰਨ ਦੀਆਂ ਤਿਹਾ ਫੋਲਣੀਆਂ ਪੈਣਗੀਆਂ। ਕੀ ਐਸਾ ਕਰਦਿਆਂ ਅਸੀਂ ਪ੍ਰਗਤੀ ਦੀ ਗੱਲ ਨਹੀਂ ਕਰ ਰਹੇ ਹੁੰਦੇ? ਮੋਟਾ ਠੁਲਾ ਸਮਝਿਆ ਸਿਸਟਮ ਨੂੰ ਬਦਲ ਦੇਣਾ ਲਹਿਰ ਦਾ ਅਧਾਰ ਨਹੀਂ ਹੋ ਸਕਦਾ। ਅਜਾਦੀ (ਵਾਪਰ ਦੀ ਤਬਦੀਲੀ) ਦੇ ਫੌਰਨ ਬਾਅਦ ਲਹਿਰ ਕਿਉਂ ਨਹੀਂ ਚੱਲੀ? ਕਾਰਨ ਇਹੋ ਸੀ ਕਿ ਵਿਅਕਤੀ ਆਸਵੰਦ ਸੀ। ਉਹ ਜਦੋਂ ਹਤਾਸ਼ ਹੋਇਆ, ਉਦੋਂ ਹੀ ਲਹਿਰ ਦੀ ਗੱਲ ਚੱਲੀ। ਵਿਅਕਤੀ ਦੇ ਹਤਾਸ਼ ਹੋਣ ਦੇ ਕਾਰਣ ਤਲਾਸ਼ਣੇ ਪ੍ਰਗਤੀ ਹੈ। ਲਹਿਰ ਸਬੰਧਿਤ ਪਰਗਤੀਵਾਦ ਨਾਲ ਜੁੜੇ ਸਹਿਰਦ ਲੋਕ, ਸਲਾਨਾ, ਫੰਕਸ਼ਨ ਕਰਵਾਉਂਦੇ ਵਧੀਆ ਕਾਰਜ ਕਰ ਰਹੇ ਹਨ, ਪਰ ਉਨ੍ਹਾਂ ਦੇ ਡਾਟਾਂ ਨੂੰ ਮਿਲਾਉਣ ਲਈ ਜੇ ਕੋਈ ਮਨੁੱਖੀ ਮੰਨ ਦੀ ਗੱਲ ਕਰ ਰਿਹਾ ਹੈ ਤਾਂ ਸਮਝਿਆ ਜਾ ਸਕਦਾ ਹੈ ਕਿ ਉਹ ਵੀ ਪ੍ਰਗਤੀਵਾਦ ਦਾ ਹੀ ਹਿੱਸਾ ਹੈ। ਪੂਰਕ ਹੈ ਉਹ ਵੀ ਉਸੇ ਲਹਿਰ ਦਾ।

ਰਾਜਸੀ ਮੁੱਦੇ ਗਹਿਰੇ ਹੁੰਦੇ ਵੀ ਵਕਤੀ ਹੁੰਦੇ ਹਨ ਕਿਉਂਕਿ ਲਗਾਤਾਰਤਾ ਨਹੀਂ ਰਹਿੰਦੀ। ਜ਼ਖ਼ਮ ਕਿਤਨਾ ਵੀ ਗਹਿਰਾ ਹੋਵੇ ਖਰੀਡ ਆ ਹੀ ਜਾਂਦਾ ਹੈ। ਸਮੇਂ ਅਨੁਸਾਰ ਹਲੂਣਾ ਦਿੰਦੇ ਹਨ ਪਰ ਸਮੇਂ ਅਨੁਸਾਰ ਹੀ ਅਸਰ ਘਟ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਘਟਨਾ ਨਹੀਂ ਚਾਹੀਦੀ। ਰਚਨਾ ਚੇਤੇ ਰਹਿੰਦੀ ਹੈ। ਪ੍ਰਸੰਗ ਜੁੜ ਜਾਂਦਾ ਹੈ। ਭਾਵੁਕਤਾ ਅਸਰ ਗੁਆ ਬੈਠਦੀ ਹੈ। ਭਾਵੁਕਤਾ ਦਾ ਅਧਾਰ ਵਿਅਕਤੀ ਨਾ ਹੋ ਕੇ ਸਮੂਹ ਹੋਵੇ ਤਾਂ ਇਸ ਤਰ੍ਹਾਂ ਹੋਣਾ ਸੁਭਾਵਿਕ ਹੈ। ਚੇਤੇ ਵਿਚ ਵਸਣ ਵਾਲੀਆਂ ਰਚਨਾਵਾਂ ਨੂੰ ਮਨੁੱਖੀ ਮੰਨ ਨੇ ਸਵਿਕਾਰਿਆ ਤਾਂ ਹੀ ਉਹ ਚੇਤੇ ਵਿਚ ਵਸ ਗਈਆਂ।

ਜਦੋਂ ਸੋਚ ਤੇ ਵਿਚਾਰਧਾਰਾ ਦੇ ਅਧਾਰ ਦੀ ਗੱਲ ਕਰਦੇ ਹੋ ਤਾਂ ਸਹਿਜੇ ਹੀ ਕਹਿ ਸਕਦੇ ਹਾਂ ਕਿ ਦੁਹਰਾ ਹੋ ਰਿਹਾ ਹੈ। ਬੜਾ ਮੁਸ਼ਕਲ ਸੁਆਲ ਹੈ ਪਰ ਜੁਆਬ ਤੇ ਦੇਣਾ ਬਣਦਾ ਹੈ। ਜਦੋਂ ਵਿਚਾਰਧਾਰਾ ਦੀ ਗੱਲ ਆਉਂਦੀ ਹੈ ਤਾਂ ਕਹਿ ਸਕਦੇ ਹਾਂ ਕਿ ਵੇਲਾ ਬਦਲ ਗਿਆ ਹੈ। ਪਾਠਕ ਦੇ ਰੁਝਾਨ ਬਦਲ ਗਏ ਹਨ। ਯਥਾਰਥ ਬਦਲ ਗਿਆ ਹੈ। ਹੁਣ ਸਮਕਾਲੀ ਯਥਾਰਥ ਤੇ ਵਿਚਾਰਧਾਰਾ ਦੋ ਅਲੱਗ ਹਕੀਕਤਾ ਹਨ।

ਕਲਾਸਿਕ ਕਹਾਣੀਆਂ ਦਾ ਆਪਣਾ ਹੀ ਰੁਤਬਾ ਹੁੰਦਾ ਹੈ। ਉਹਨਾਂ ਦਾ ਵਿਕਲਪ ਕਲਾਸਿਕ ਨਹੀਂ ਹੋ ਸਕਦਾ। ਵਿਕਲਪ ਨਵੇਂ ਮਾਪ ਦੰਡ ਦੀ ਮੰਗ ਕਰਦੇ ਹਨ ਜੋ ਨਹੀਂ ਮਿਲ ਰਿਹਾ। ਵਿਚਾਰਧਾਰਾ ਦੇ ਸੰਦਰਭ ਬਦਲਣੇ ਪੈਣਗੇ। ਸੋਚ ਨੂੰ ਨਵਆਉਣਾ ਪਵੇਗਾ। ਅੱਜ ਦੇ ਸਮੇਂ ਵਿਚ ਪੀੜ੍ਹੀ ਨੇ ਪੰਜਾਬੀ ਦੀ ਕਲਾਸਿਕ ਕਹਾਣੀ ਨੂੰ ਪੜ੍ਹਿਆ ਹੋਇਆ ਹੈ ਤੇ ਉਹ ਨਵੇਂ ਵਿਚਾਰਾਂ ਨੂੰ ਜ਼ਰਬ ਦੇ ਕੇ ਲਿਖ ਰਹੇ ਹਨ। ਮੁਆਫ਼ ਕਰਨਾ ਇਸਤੋਂ ਵੱਧ ਕਹਿਣਾ ਮੇਰੀ ਹੈਸੀਅਤ ਤੋਂ ਵੱਡੀ ਗੱਲ ਹੋਵੇਗੀ। ਪੁਰਾਣੇ ਮਹਾਪੁਰਸ਼ਾਂ ਤੋਂ ਅਸੀਂ ਸੇਧ ਦੀ ਮੰਗ ਕਰਦੇ ਹਾਂ।

ਜੇ ਕੱਲ ਨੂੰ ਮੇਰੀ ਕਹਾਣੀ ਬਾਰੇ ਕੋਈ ਆਲੋਚਕ ਵਧੀਆ ਜਿਹੀ ਗੱਲ ਲਿਖ ਦੇਵੇ ਤਾਂ ਮੈਂ ਕਹਾਂਗਾ, ਨਹੀਂ ਆਲੋਚਨਾ ਵਿਚ ਖੜੋਤ ਨਹੀਂ ਆਈ। ਇੱਕ ਗੱਲ ਤੇ ਮਹਿਸੂਸ ਹੁੰਦੀ ਹੈ ਕਿ ਕੋਈ ਵੀ ਕਹਾਣੀ ਬਾਰੇ ਲੇਖ ਪੜ੍ਹੀਦਾ ਹੈ ਤਾਂ ਉਹ ਪੁਰਾਣੇ ਲੇਖਾਂ ਤੇ ਅਧਾਰਿਤ ਹੀ ਹੁੰਦਾ ਹੈ। ਜਿਹੜੇ ਕਹਾਣੀਕਾਰ ਪਿਛਲੇ ਦਸ ਸਾਲ ਤੋਂ ਨਹੀਂ ਲਿਖ ਰਹੇ, ਉਨ੍ਹਾਂ ਦਾ ਜਿਕਰ ਇਸਦਾ ਸਬੂਤ ਹੈ। ਕਈ ਮਹਾਂਪੁਰਸ ਤਾਂ ਜਦੋਂ ਦੜੇ ਵਿਚ ਨਾਮ ਲਿਖਦੇ ਹਨ ਉਦੋਂ ਵੀ ਨਾਮ ਲਿਖਦੇ ਨਹੀਂ ਤਾਂ ਲਿਖਕੇ ਕੱਟ ਦਿੰਦੇ ਹਨ। ਇਹ ਸਾਰੇ ਆਲੋਚਕਾਂ ਤੇ ਲਾਗੂ ਨਹੀਂ ਹੁੰਦਾ। ਕਈਆਂ ਨੂੰ ਹਾਈ ਲਾਈਟ ਕਰਨਾ ਕਈਆਂ ਨਾਲ ਕਿੜਾਂ ਕਢਣੀਆਂ ਇਹ ਆਮ ਵਰਤਾਰਾ ਵੇਖਕੇ ਦੁਖ ਵੀ ਹੁੰਦਾ ਹੈ ਤੇ ਉਨ੍ਹਾਂ ਦੀ ਕਹਾਣੀ ਬਾਰੇ ਸੁਹਿਰਦਤਾ ਤੇ ਵੀ ਸੁਆਲੀਆਂ ਨਿਸ਼ਾਨ ਲਾਉਂਦਾ ਹੈ। ਇਹ ਮੱਠ ਕਿਸਮ ਦੇ ਆਲੋਚਕ ਭਰਮ ਪਾਲਦੇ ਹਨ। ਧੜੇਬੰਦੀ ਕਰਦੇ ਇਹ ਅਕਾਲੀ ਤੇ ਕਾਂਗਰਸੀਆਂ ਤੋਂ ਵੀ ਅੱਗੇ ਲੰਘ ਜਾਂਦੇ ਹਨ। ਦਾਹਵਾ ਵੀ ਕਰਦੇ ਹਨ ਕਿ ਅਸੀਂ ਲਹਿਰ ਨਾਲ ਜੁੜੇ ਰਹੇ ਹਾਂ। ਸ਼ਕ ਹੁੰਦਾ ਹੈ। ਉਹ ਸੱਚ ਸੀ ਜਾਂ ਇਹ ਸੱਚ ਹੈ। ਮੁਆਫੀ ਦਾ ਜਾਚਕ ਹਾਂ। ਸਾਰੇ ਇਸ ਤਰ੍ਹਾਂ ਦੇ ਨਹੀਂ ਹੁੰਦੇ।

ਬਲਬੀਰ ਕੌਰ ਸੰਘੇੜਾ

ਅੱਜ ਜੀਵਨ ਸ਼ੈਲੀ ਜਲਿਟ ਹੋ ਗਈ ਹੈ, ਮਨੁੱਖ ਦੀ ਸੋਚ ਵਿਚ ਤਾਣਾ-ਬਾਣਾ ਉਲਝਿਆ ਪਿਆ ਹੈ। ਮਨੁੱਖ ਦੇ ਅੰਦਰ ਬਹੁਤ ਕੂੜਾ-ਕਬਾੜਾ ਭਰਿਆ ਪਿਆ ਹੈ। ਜ਼ਿੰਦਗੀ ਸਿੱਧ-ਪੱਧਰੀ ਨਹੀਂ ਰਹੀ। ਕਹਾਣੀ ਜੀਵਨ ਦੇ ਯਥਾਰਥ ਦੀ ਪੁਨਰ ਪੇਸ਼ਕਾਰੀ ਹੀ ਕਰਦੀ ਹੈ। ਕਿਸੇ ਵੇਲੇ ਇਕਹਰੀ ਪਰਤ ਵਿਚ ਵੀ ਬਹੁ ਪਰਤੀ ਗੱਲ ਕੀਤੀ ਜਾ ਸਕਦੀ ਸੀ। ਅਰਥਾਂ ਹੇਠ ਹੋਰ ਅਰਥ ਹੁੰਦੇ ਸਨ। ਪਾਠਕ ਉਨ੍ਹਾਂ ਅਰਥਾਂ ਦੇ ਅਰਥ ਸਮਝਣ ਦੀ ਕੋਸ਼ਿਸ਼ ਕਰਦਾ ਸੀ। ਤੇ ਹੁਣ ਲੇਖਕ ਸਭ ਕੁਝ ਪਰੋਸ ਕੇ ਮੋਹਰੇ ਰੱਖਣ ਲੱਗ ਪਿਆ ਹੈ। ਉਹ ਉਨ੍ਹਾਂ ਪਰਤਾਂ ਨੂੰ ਆਪ ਖੋਲ੍ਹਣ ਲੱਗ ਪਿਆ ਹੈ। ਹੋਰ ਵੀ ਕਈ ਕਾਰਨ ਹੋ ਸਕਦੇ ਹਨ ਜਿਵੇਂ ਅੱਜ ਦਾ ਇਲੈਕਟਰੌਨਿਕ ਮੀਡੀਆ ਸਾਨੂੰ ਬਹੁਤ ਪ੍ਰਭਾਵਤ ਕਰ ਰਿਹਾ ਹੈ। ਦਰਸ਼ਕਾਂ ਜਾਂ ਪਾਠਕਾਂ ਨੂੰ ਆਦਤ ਪੈ ਗਈ ਹੈ ਕਿ ਉਨ੍ਹਾਂ ਨੂੰ ਸਭ ਕੁਝ ਦਿਖਾਇਆ ਜਾਵੇ, ਬਿਰਤਾਂਤ ਵਿਚ ਦੱਸਿਆ ਜਾਵੇ। ਇਹੋ ਕਾਰਨ ਹੈ ਕਿ ਹਰ ਲੇਖਕ ਕਹਾਣੀ ਦੇ ਵਰਤਾਰੇ ਨੂੰ ਗੁੰਝਲਦਾਰ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਵਿਚ ਹੈ। ਆਮ ਕਹਾਣੀ ਕਾਰ ਇਸ ਗੱਲੋਂ ਵੀ ਡਰਨ ਲੱਗ ਪਿਆ ਹੈ ਸ਼ਾਇਦ ਜਲਿਟ ਵਰਤਾਰਾ ਨਾ ਹੋਇਆ ਜਾਂ ਲੰਬੀ ਕਹਾਣੀ ਨਾ ਹੋਈ ਤਾਂ ਉਸਨੂੰ ਪਰਵਾਨਤਾ ਹੀ ਨਾ ਮਿਲੇ। ਇਸ ਡਰ ਨੇ ਕਹਾਣੀ ਨੂੰ ਕਹਾਣੀ ਨਹੀਂ ਰਹਿਣ ਦਿੱਤਾ। ਕਈ ਤਾਂ ਇਹ ਵੀ ਆਖਣ ਲੱਗ ਪਏ ਹਨ ਕਿ ਅੱਜ ਦੀ ਕਹਾਣੀ, ਕਹਾਣੀ ਨਾ ਹੋ ਕੇ ਨਾਵਲੀ ਵਿਧਾ ਬਣਦੀ ਜਾ ਰਹੀ ਹੈ।

ਕਹਾਣੀ ਕਥਾ ਰਸ ਤੋਂ ਬੇਮੁੱਖ ਹੋਈ ਹੈ ਜਾਂ ਨਹੀਂ, ਵੱਖਰੀ ਗੱਲ ਹੈ। ਪਰ ਅੱਜ ਦਾ ਪਾਠਕ ਉਹ ਕਹਾਣੀ ਪੜ੍ਹਨ ਜਾਂ ਸੁਣਨ ਤੋਂ ਬੇਮੁੱਖ ਹੁੰਦਾ ਨਜ਼ਰ ਆ ਰਿਹਾ ਹੈ। ਕੋਈ ਵੇਲਾ ਸੀ ਜਦੋਂ ਨਾਨੀਆਂ-ਦਾਦੀਆਂ ਦੀਆਂ ਕਹਾਣੀਆਂ ਵਿਚ ਵੱਖਰਾ ਹੀ ਕਥਾ ਰਸ ਹੁੰਦਾ ਸੀ। ਸੁਣਨ ਦੀ ਉਤਸੁਕਤਾ ਹੁੰਦੀ ਸੀ। ਵਾਰ-ਵਾਰ ਇਕੋ

ਕਹਾਣੀ ਸੁਣਦੇ ਸੀ। ਉਸ ਕਹਾਣੀ ਬਾਰੇ ਸੋਚਦੇ ਰਹੀਦਾ ਸੀ। ਇੱਥੇ ਹੀ ਬੱਸ ਨਹੀਂ, ਸਾਡੀ ਸਾਰੀ ਉਮਰ ਉਹ ਕਹਾਣੀਆਂ ਸਾਡੇ ਨਾਲ਼ ਤੁਰੀਆਂ ਆਉਂਦੀਆਂ ਰਹੀਆਂ ਹਨ। ਪਰ ਅੱਜ ਗਲੋਬਲਾਈਜ਼ੇਸ਼ਨ ਦਾ ਦੌਰ ਹੈ। ਅੱਜ ਦੇ ਪਾਠਕ ਤੇ ਬਹੁਤ ਕੁਝ ਥੋਪਿਆ ਜਾ ਰਿਹਾ ਹੈ। ਅੱਜ ਦਾ ਪਾਠਕ ਆਪਣੇ ਦਿਮਾਗ਼ ਦੀ, ਮਨ ਦੀ ਤ੍ਰਿਪਤੀ ਚਾਹੁੰਦਾ ਹੈ। ਉਹ ਕੰਨਫਿਊਜ਼ਡ ਹੋ ਰਿਹਾ ਹੈ। ਉਹ ਉਸ ਨਾਲ਼ ਜੁੜ ਨਹੀਂ ਰਿਹਾ। ਉਸਨੂੰ ਉਸ ਵਿਚ ਆਪਣਾ ਆਪਾ ਦਿਖਾਈ ਨਹੀਂ ਦਿੰਦਾ। ਆਲ਼ੇ ਦੁਆਲ਼ੇ ਵੇਖੋ, ਬਿਜਲਈ ਵਸਤਾਂ ਨੇ ਸਾਨੂੰ ਘੇਰ ਲਿਆ ਹੈ। ਦਿਮਾਗ਼ ਵੀ ਉਸੇ ਰਫ਼ਤਾਰ ਨਾਲ਼ ਚੱਲਣਾ ਸ਼ੁਰੂ ਕਰ ਦਿੰਦਾ ਹੈ। ਸਧਾਰਨਤਾ ਉਸਨੂੰ ਚੁੱਭਦੀ ਹੈ। ਅਸਧਾਰਨਤਾ ਵਿੱਚੋਂ ਉਹ ਕੁਝ ਨਵਾਂ ਭਾਲ਼ਦਾ ਹੈ। ਉਸ ਰਸ ਵਿਚੋਂ ਉਸ ਨੂੰ ਤ੍ਰਿਪਤੀ ਦਾ ਭੁਲੇਖਾ ਵੀ ਪੈਂਦਾ ਹੈ। ਪਾਠਕ ਦੇ ਦਿਮਾਗ਼ ਨੂੰ ਸਟਿਮੂਲੇਸ਼ਨ ਦੀ ਲੋੜ ਹੈ। ਉਸੇ ਰਫ਼ਤਾਰ ਨਾਲ਼ ਜਿਸ ਨਾਲ਼ ਅੱਜ ਦੇ ਯੁੱਗ ਵਿਚ ਸਭ ਕੁਝ ਬਦਲ ਰਿਹਾ ਹੈ। ਇਸਦਾ ਪ੍ਰਭਾਵ ਲੇਖਕ / ਪਾਠਕ 'ਤੇ ਵੀ ਪੈਣਾ ਹੀ ਹੋਇਆ। ਲੇਖਕ ਵੀ ਆਪਣੇ ਅੰਦਰਲਾ ਉਲਝਾਅ ਪਾਠਕ ਤਕ ਪਹੁੰਚਾਉਣ ਦੀ ਹੋੜ ਵਿਚ ਹੈ। ਸ਼ਾਇਦ ਇਹੋ ਕਾਰਨ ਹੈ ਕਿ ਸਾਨੂੰ ਭੁਲੇਖਾ ਪੈਂਦਾ ਹੈ ਕਿ ਕਹਾਣੀ ਕਥਾ-ਰਸ ਤੋਂ ਬੇਮੁੱਖ ਹੋ ਗਈ ਹੈ। ਸਾਡੇ ਅੰਦਰ ਹੋਰ ਜਾਨਣ ਦੀ ਕਾਹਲ਼ ਹੈ। ਪਰ ਨਾ ਤਾਂ ਕਹਾਣੀ ਕਥਾ ਰਸ ਤੋਂ ਬੇਮੁੱਖ ਹੋਈ ਹੈ ਤੇ ਨਾ ਪਾਠਕ ਉਸਨੂੰ ਮਾਨਣ ਤੋਂ। ਚੰਗੀਆਂ ਕਹਾਣੀਆਂ ਅੱਜ ਵੀ ਲਿਖੀਆਂ ਜਾ ਰਹੀਆਂ ਹਨ ਜਿਸ ਵਿਚੋਂ ਪਾਠਕ ਆਪਣਾ ਚਿਹਰਾ-ਮੁਹਰਾ ਦੇਖ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਧੜਾ-ਧੜ ਲਿਖੀ ਜਾਣ ਵਾਲੀ ਪੇਤਲੀ ਪੱਧਰ ਦੀ ਕਹਾਣੀ ਤੋਂ ਪਾਠਕ ਨਿਰਾਸ਼ ਹੋ ਜਾਂਦਾ।

ਮੈਂ ਇਹ ਗੱਲ ਨਹੀਂ ਮੰਨਦੀ। ਮੈਂ ਸਮਝਦੀ ਹਾਂ ਕਿ ਕਹਾਣੀ ਪਾਠਕਾਂ ਦੇ ਮਨ ਅੰਦਰ ਘਰ ਤਾਂ ਕਰ ਰਹੀ ਹੈ ਪਰ ਪਕੜ ਵਿਚ ਨਹੀਂ ਆ ਰਹੀ। ਮਨੁੱਖ ਕੋਲ ਵਕਤ ਦੀ ਘਾਟ ਹੈ। ਜਿਹੜਾ ਬਿਰਤਾਂਤ ਅਸੀਂ ਉਲੀਕ ਰਹੇ ਹਾਂ, ਆਲੋਚਕ ਕੋਲ ਵੀ ਉਸ ਲਈ ਵਕਤ ਨਹੀਂ ਹੈ। ਹਰ ਇਕ ਵਿਚ ਕਾਹਲਪਨ ਹੈ। ਕਹਾਣੀ ਅਤੇ ਪਾਠਕ ਦਾ ਰਿਸ਼ਤਾ ਟੁੱਟ ਨਹੀਂ ਸਕਦਾ ਪਰ ਬਦਲ ਜ਼ਰੂਰ ਸਕਦਾ ਹੈ। ਆਲੋਚਕ ਵੀ ਡਾਇਮੈਂਸ਼ਨਜ਼ ਤੋਂ ਕਹਾਣੀ ਨੂੰ ਵਾਚ ਰਿਹਾ ਹੈ। ਵਿਸ਼ੇ, ਵਿਧਾ, ਦ੍ਰਿਸ਼ਟੀ ਪੱਖੋਂ ਵਿਚਾਰ ਰਿਹਾ ਹੈ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਅੱਜ ਕਹਾਣੀ ਨਵੇਂ ਰਸਤੇ ਭਾਲ਼ ਰਹੀ ਹੈ, ਨਵੀਂ ਵਿਧਾ ਤੇ ਪ੍ਰਯੋਗ ਕਰ ਰਹੀ ਹੈ। ਆਲੋਚਨਾ ਵੀ ਪੁਰਾਣੇ ਮਾਪ ਦੰਡ ਤੇ ਨਹੀਂ ਚੱਲ ਸਕਦੀ। ਆਲੋਚਕਾਂ ਨੂੰ ਵੀ ਨਵੇਂ ਢੰਗ ਤਰੀਕੇ ਅਪਨਾਉਣੇ ਪੈਣਗੇ ਅਤੇ ਕਹਾਣੀ ਬਾਰੇ ਸੋਚਣਾ ਪਵੇਗਾ। ਕਹਾਣੀ ਦੀ ਦੁਨੀਆਂ ਹਮੇਸ਼ਾਂ ਰਹੀ ਹੈ ਅਤੇ ਰਹੇਗੀ। ਸੰਸਾਰ ਨੇ ਚੱਲਣਾ ਹੀ ਚੱਲਣਾ ਹੈ ਅਤੇ ਇਸਦੇ ਨਾਲ਼ ਕਹਾਣੀਆਂ ਵੀ ਚੱਲਦੀਆਂ ਰਹਿਣਗੀਆਂ। ਮੈਨੂੰ ਨਹੀਂ ਲਗਦਾ ਕਿ ਕਹਾਣੀ ਦੇ ਭਵਿੱਖ ਨੂੰ ਕੋਈ ਖਤਰਾ ਹੈ। ਜਿਸ ਨੇ ਕੁਝ ਪੜ੍ਹਨਾ ਹੈ, ਉਸ ਨੇ ਪੜ੍ਹ ਹੀ ਲੈਣਾ ਹੈ। ਲੋਕਾਂ ਨੂੰ ਆਦਤ ਕਿਤਾਬਾਂ ਖਰੀਦ ਕੇ ਪੜ੍ਹਨ ਦੀ ਨਹੀਂ ਹੈ। ਸਾਨੂੰ ਲੋੜ ਹੈ ਕਿ ਪਾਠਕ ਦੀ ਨਬਜ਼ ਪਛਾਣੀਏ ਅਤੇ ਕਿਤਾਬੀ ਕਲਚਰ ਪੈਦਾ ਕਰੀਏ। ਉਹ ਅਸੀਂ ਕਰ ਨਹੀਂ ਰਹੇ। ਇੱਥੇ ਜਿੰਮੇਵਾਰ ਪਬਲਿਸ਼ਰ ਹੈ ਜੋ ਕਿਤਾਬਾਂ ਦੀ ਮਾਰਕਿਟਿੰਗ ਨਹੀਂ ਕਰਦਾ। ਪੁਣ-ਛਾਣ ਕੇ ਕਿਤਾਬ ਨਹੀਂ ਛਾਪਦਾ। ਧੜਾ-ਧੜ ਛਪ ਰਿਹਾ ਸਾਹਿਤ, ਜ਼ਰੂਰੀ ਨਹੀਂ ਪੜ੍ਹਨਯੋਗ ਹੋਵੇ। ਅੱਜ ਦਾ ਪਾਠਕ, ਜੋ ਸਹੀ ਮਾਅਨਿਆਂ ਵਿਚ ਪਾਠਕ ਹੈ, ਉਹ ਕੁਝ ਨਵਾਂ ਨਿਰੋਆ ਪੜ੍ਹਨ ਦੇ ਆਹਰ ਵਿਚ ਹੈ। ਇਸ ਤਰ੍ਹਾਂ ਅੱਜ ਦਾ ਆਲੋਚਕ ਵੀ ਕਹਾਣੀ ਵਿਚੋਂ ਕੁਝ ਨਵੀਆਂ ਖੂੰਦਰਾਂ ਭਾਲਦਾ ਹੈ। ਕਿਸੇ ਇਕ ਦੇ ਮਨ ਨੂੰ ਤਸੱਲੀ ਨਾ ਹੋਵੇ ਤਾਂ ਇਹ ਕਹਿਣਾ ਵਾਜਵ ਨਹੀਂ ਹੈ ਕਿ ਕਹਾਣੀ ਦਾ ਭਵਿੱਖ ਵਧੀਆ ਨਹੀਂ। ਜਿਸ ਦਿਨ ਅਸੀਂ ਇਹ ਸਮਝ ਸਕੇ ਤਾਂ ਸ਼ਾਇਦ ਸਾਡਾ ਭੁਲੇਖਾ ਵੀ ਦੂਰ ਹੋ ਜਾਵੇਗਾ।

ਕੋਈ ਵੇਲਾ ਸੀ ਜਦੋਂ ਕਿਸੇ ਇਕ ਖਿਆਲ ਨੂੰ ਲੈ ਕੇ ਕਹਾਣੀ ਲਿਖੀ ਜਾਂਦੀ ਸੀ ਅਤੇ ਉਹੀ ਖਿਆਲ ਦੇ ਮਾਅਨੇ ਵੱਖ ਵੱਖ ਕੋਣਾਂ ਤੋਂ ਲੱਭੇ ਜਾਂਦੇ ਸੀ ਪਰ ਅੱਜ ਕਹਾਣੀ ਮਲਟੀ ਡਾਇਮੈਂਸ਼ਨਲ ਹੋ ਗਈ ਹੈ। ਗੱਲ ਕੀ ਵਿਸ਼ੇ ਅੰਦਰ ਹੋਰ ਵਿਸ਼ੇ ਸਮਾਏ ਹੋਏ ਹਨ। ਬਿਰਤਾਂਤਕਾਰ ਉਸਨੂੰ ਕਿਸ ਤਰ੍ਹਾਂ ਪੇਸ਼ ਕਰਦਾ ਹੈ, ਪਾਠਕ

ਕੋਲ ਕਿਸ ਤਰ੍ਹਾਂ ਪਹੁੰਚਾਉਂਦਾ ਹੈ, ਉਹ ਵੱਖਰੀ ਗੱਲ ਹੈ। ਉਦਾਹਰਣ ਦੇ ਤੌਰ ਤੇ, ਮੇਰੀ ਹੀ ਕਹਾਣੀ "ਸਹੁੰ ਰੱਬ ਦੀ" ਮੇਰੇ ਪਹਿਲੇ ਕਹਾਣੀ ਸੰਗ੍ਰਹਿ "ਆਪਣੇ ਹੀ ਓਹਲੇ" ਵਿਚ ਛਪੀ ਸੀ। ਅਵੈਧ ਵਿਸ਼ੇ ਨੂੰ ਬਹੁਤ ਸੂਖ਼ਮਤਾ ਨਾਲ਼ ਪੇਸ਼ ਕੀਤਾ ਗਿਆ ਸੀ। ਨਿੱਕੀ ਜਿਹੀ ਕਹਾਣੀ ਵਿਚ ਪਾਠਕ ਆਪ ਬਹੁਤ ਕੁਝ ਸੋਚਦਾ ਸੀ। ਮਾਂ-ਧੀ ਦੇ ਰਿਸ਼ਤੇ ਬਾਰੇ, ਮਾਂ ਵੱਲੋਂ ਚੁੱਕੇ ਕਦਮਾਂ ਦਾ ਧੀ ਉੱਤੇ ਪਏ ਅਸਰ ਬਾਰੇ, ਮਰਦ ਅੰਦਰਲੀ ਕਮੀਣਗੀ ਬਾਰੇ ਪਰ ਜੇ ਕਰ ਇਸੇ ਕਹਾਣੀ ਨੂੰ ਮੈਂ ਅੱਜ ਲਿਖਾਂ ਤਾਂ ਵਿਸਥਾਰ ਦੀ ਲੋੜ ਮਹਿਸੂਸ ਹੋਵੇਗੀ। ਕਿਉਂਕਿ ਅੱਜ ਦੀ ਮੰਗ ਉਹ ਹੈ। ਪਾਠਕ ਸਵਾਲ ਕਰੇਗਾ ਕਿ ਇਸ ਤਰ੍ਹਾਂ ਕਿਉਂ ਨਹੀਂ ਹੋਇਆ, ਜਾਂ ਉਸਦੀ ਮਾਂ ਨੇ ਕਿਉਂ ਨਾ ਸੋਚਿਆ। ਭਾਵ ਪਾਠਕ ਸਭ ਕੁਝ ਜਾਨਣਾ ਚਾਹੇਗਾ ਕਿ ਲੇਖਕ ਮੈਨੂੰ ਆਪ ਦੱਸੇ ਅਤੇ ਦਿਖਾਵੇ। ਅਸੀਂ ਦੇਖਣ ਦੇ ਆਦੀ ਹੋ ਗਏ ਹਾਂ ਸੋਚਣ ਦੇ ਨਹੀਂ। ਅੱਜ ਟੀ.ਵੀ. ਸਾਨੂੰ ਦਿਖਾ ਰਿਹਾ ਹੈ। ਕੰਪਿਊਟਰ ਸਭ ਕੁਝ ਆਪਣੇ ਢਿੱਡ ਵਿੱਚੋਂ ਕੱਢ ਕੇ ਸਾਡੇ ਦਿਮਾਗ਼ ਵਿਚ ਪਾ ਰਿਹਾ ਹੈ। ਤੇ ਅਸੀਂ ਸੋਚ ਨੂੰ ਜੰਦਰੇ ਮਾਰ ਲਏ ਹਨ। ਦੂਜੇ ਬੰਨੇ ਜਦੋਂ ਮੈਂ "ਚੱਪਾ ਕੁ ਸੂਰਜ" ਅਤੇ "ਤੇ ਆਖ਼ਰ ਉਹ ਜਿੱਤ ਗਿਆ" ਲਿਖਦੀ ਹਾਂ, ਉਸ ਵੇਲੇ ਪਾਠਕ ਦੀ ਮੰਗ ਹੋਰ ਹੋ ਜਾਂਦੀ ਹੈ। ਤੀਹ-ਪੈਂਤੀ ਸਾਲ ਪੁਰਾਣੀ ਰਚਨਾ ਵੇਲੇ ਪਾਠਕ ਦੀ ਸੋਚ ਹੋਰ ਸੀ ਅਤੇ ਅੱਜ ਪਾਠਕ ਮੇਰੇ ਕੋਲੋਂ ਕੁਝ ਹੋਰ ਇੱਛਾ ਰੱਖਦਾ ਨਜ਼ਰ ਆਉਂਦਾ ਹੈ ਕਿ ਮੈਂ ਕਿਹੜੇ ਦੇਸ਼ ਵਿਚ ਰਹਿੰਦੀ ਹਾਂ, ਇੱਥੋਂ ਦਾ ਸੱਭਿਆਚਾਰ, ਬੱਚਿਆਂ ਉੱਤੇ ਪਏ ਅਸਰ, ਬੱਚਿਆਂ ਦਾ ਵਰਤਾਰਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਇਸ ਵਾਸਤੇ ਅੱਜ ਦੀ ਕਹਾਣੀ ਨੂੰ ਵਿਸਥਾਰ ਦੀ ਲੋੜ ਹੈ। ਤੁਸੀਂ ਇਹ ਨਹੀਂ ਕਹਿ ਸਕਦੇ ਕਿ ਕਹਾਣੀ ਵਿਸ਼ੇ ਪੱਖੋਂ ਸੁੰਗੜ ਗਈ ਹੈ। ਇਸਦਾ ਟਰੀਟਮੈਂਟ ਵਖਰਾ ਹੋ ਸਕਦਾ ਹੈ। ਅੱਜ ਹਰ ਵਿਸ਼ੇ ਨੂੰ ਸਾਮ੍ਹਣੇ ਲਿਆ ਕੇ ਰੱਖਣਾ ਪੈਂਦਾ ਹੈ ਤੇ ਕੁਝ ਪਾਠਕ ਦੀ ਸੋਚ ਤੇ ਛੱਡਣਾ ਪੈਂਦਾ ਹੈ। ਇਹ ਸਭ ਲੋੜ ਦੇ ਮੁਤਾਬਿਕ ਹੈ।

ਪੰਜਾਬ ਤੋਂ ਬਾਹਰ 50 ਸਾਲ ਰਹਿਣ ਤੋਂ ਬਾਅਦ ਮੈਂ ਪੰਜਾਬ ਦੇ ਬਦਲਦੇ ਵਰਤਾਰੇ ਤੋਂ ਬਹੁਤਾ ਗਿਆਤ ਨਹੀਂ ਹਾਂ। ਮੈਨੂੰ ਇਹ ਲੱਗਦਾ ਹੈ ਕਿ ਸਭਿਆਚਾਰਕ ਬਦਲਾਅ ਕਾਰਨ ਹੋ ਸਕਦਾ ਹੈ ਕਿ ਹੋਰ ਵਿਸ਼ੇ ਕਹਾਣੀ ਵਿਚ ਵੱਧ ਭਾਰੂ ਹੋ ਰਹੇ ਹੋਣ। ਕਹਾਣੀ ਅਕਸਰ ਉਸੇ ਖਿਆਲ ਦੁਆਲੇ ਘੁੰਮਦੀ ਹੈ ਜਿਸ ਵਿਚੋਂ ਮਨੁੱਖ ਅਕਸਰ ਨਿੱਕਲ ਰਿਹਾ ਹੁੰਦਾ ਹੈ। ਅੱਜ ਕਲ ਬਹੁਤ ਕੁਝ ਬਦਲ ਗਿਆ ਲਗਦਾ ਹੈ। ਸਾਡੇ ਆਲ਼ੇ-ਦੁਆਲ਼ੇ ਦੇ ਲੋਕਾਂ ਵਿਚ ਬਦਲਾ ਆ ਗਿਆ ਹੈ। ਘੱਟ ਗਿਣਤੀ ਦੇ ਲੋਕਾਂ ਨਾਲ਼ ਰਾਬਤਾ ਵੀ ਘੱਟ ਗਿਆ ਲਗਦਾ ਹੈ। ਸਮਾਜ ਰਲ-ਗੱਡ ਹੋ ਗਿਆ ਹੈ। ਇਕ ਉਦਾਹਰਣ ਹੈ, ਜਦੋਂ ਮੈਂ ਪਿੰਡ ਪਰਤਦੀ ਹਾਂ ਤਾਂ ਇਕ ਬਾਜੀਗਰ ਔਰਤ ਮੈਨੂੰ ਮਿਲਣ ਆਉਂਦੀ ਹੈ। ਉਸਦਾ ਰਹਿਣ-ਸਹਿਣ ਮੈਨੂੰ ਹੋਰ ਲੋਕਾਂ ਨਾਲ਼ੋਂ ਅੱਡ ਨਹੀਂ ਜਾਪਦਾ। ਉਹ ਮੈਨੂੰ ਬਾਜੀਗਰ ਜਾਪਦੀ ਨਹੀਂ। ਜਿਹੜਾ ਕੌਨਸੈਪਟ ਮੇਰੇ ਮਨ ਵਿਚ ਬਾਜੀਗਰਾਂ ਦਾ ਹੈ ਉਹ ਉਸ ਵਿਚ ਫਿੱਟ ਨਹੀਂ ਹੁੰਦੀ। ਫੇਰ ਮੈਂ ਉਸਨੂੰ ਬਾਜੀਗਰ ਦੇ ਤੌਰ ਤੇ ਕਿਉਂ ਅਤੇ ਕਿਵੇਂ ਪੇਸ਼ ਕਰਾਂਗੀ? ਉਹ ਮੈਨੂੰ ਆਮ ਲੋਕਾਂ ਦੇ ਵਰਗੀ ਜਾਪਦੀ ਹੈ। ਉਸਦਾ ਰਹਿਣਾ-ਬਹਿਣਾ ਓਪਰੇ ਨਹੀਂ। ਵਰਤਾ ਵੀ ਵੱਖਰਾ ਨਹੀਂ। ਬੋਲੀ ਵਿਚ ਬਦਲਾਅ ਨਹੀਂ। ਮੈਨੂੰ ਉਸਦੇ ਦੁੱਖ-ਦਰਦ ਆਮ ਲੋਕਾਂ ਵਰਗੇ ਹੀ ਵਿਖਾਈ ਦਿੰਦੇ ਹਨ। ਉਹ ਮੇਰੀ ਕਲਮ ਅੱਗੇ ਇਕ ਇਨਸਾਨ ਦੇ ਤੌਰ ਤੇ ਤਾਂ ਆ ਜਾਵੇਗੀ ਪਰ ਇਸ ਲਈ ਨਹੀਂ ਕਿ ਉਹ ਬਾਜੀਗਰ ਹੈ। ਇਸ ਲਈ ਮੈਂ ਸੋਚਦੀ ਹਾਂ ਕਿ ਸਮਾਜ ਵਿਚ ਬਹੁਤ ਤਬਦੀਲੀ ਆ ਰਹੀ ਹੈ। ਸਾਨੂੰ ਬਾਹਰੋਂ ਜਾ ਕੇ ਹੋਰ ਵੀ ਡੂੰਘੀ ਤਰ੍ਹਾਂ ਨਜ਼ਰ ਆਉਂਦੀ ਹੈ। ਅੱਜ ਮਨੁੱਖ ਸਿਰਫ਼ ਮਨੁੱਖ ਹੈ ਤੇ ਇਸੇ ਲਈ ਇਹ ਵੰਡੀਆਂ ਵੀ ਘੱਟ ਗਈਆਂ ਜਾਪਦੀਆਂ ਹਨ। ਸਾਰਾ ਸਮਾਜ ਰਲ ਗੱਡ ਹੋ ਰਿਹਾ ਹੈ। ਜਿਸ ਤਰ੍ਹਾਂ ਸਾਨੂੰ ਇੱਧਰ ਗੋਰਾ ਸਮਾਜ ਅਤੇ ਕਾਲ਼ਾ ਸਮਾਜ ਨਜ਼ਰ ਆਉਂਦਾ ਹੈ, ਤੁਹਾਨੂੰ ਪੰਜਾਬ ਵਿਚਲੇ ਵਖਰੇਵੇਂ ਵੱਧ ਨਜ਼ਰ ਆਉਣਗੇ। ਸਾਡੀਆਂ ਲਿਖਤਾਂ ਵਿਚ ਜਦੋਂ ਗੋਰੇ-ਕਾਲ਼ੇ ਪਹਿਲਾਂ ਹੋਰ ਤਰ੍ਹਾਂ ਨਾਲ਼ ਨਜ਼ਰ ਆਉਂਦੇ ਸਨ ਤੇ ਹੁਣ ਹੋਰ ਤਰ੍ਹਾਂ ਨਜ਼ਰ ਆਉਂਦੇ ਹਨ। ਹੁਣ ਉਹ ਵੀ ਸਾਡੇ ਹੀ ਸਮਾਜ ਦਾ ਹਿੱਸਾ ਬਣੇ ਨਜ਼ਰ ਆਉਣ ਲੱਗ ਪਏ ਹਨ ਜਾਂ ਇਹ ਕਹਿ ਲਵੋ ਕਿ ਅਸੀਂ ਉਨ੍ਹਾਂ ਦੇ ਸਮਾਜ ਦਾ ਹਿੱਸਾ ਬਣਦੇ ਜਾ ਰਹੇ ਹਾਂ। ਸਾਡੇ ਰਿਸ਼ਤੇ ਉਨ੍ਹਾਂ ਨਾਲ਼

ਬੱਝ ਰਹੇ ਹਨ। ਗੱਲ ਕੀ ਘੱਟ ਗਿਣਤੀ ਵਾਲੇ ਵੀ ਕਿਸੇ ਖਾਸ ਵਜਹ ਕਾਰਨ ਤਾਂ ਅਟਰੈਕਟ ਹੋਣਗੇ। ਇਹ ਨਹੀਂ ਕਿ ਲੇਖਕ ਜਾਣ ਬੁੱਝ ਕੇ ਉਨ੍ਹਾਂ ਨੂੰ ਲਾਂਭੇ ਕਰ ਰਿਹਾ ਹੈ। ਲੋੜ ਵੀ ਮਹਿਸੂਸ ਹੋਣੀ ਚਾਹੀਦੀ ਹੈ। ਜਿਸ ਲੇਖਕ ਨੂੰ ਮਹਿਸੂਸ ਹੁੰਦੀ ਹੈ ਉਹ ਲਿਖਦਾ ਵੀ ਹੈ।

ਕਹਾਣੀ ਜਦੋਂ ਤੋਂ ਹੋਂਦ ਵਿਚ ਆਈ ਹੈ, ਤਜ਼ਰਬੇ ਤਾਂ ਉਦੋਂ ਤੋਂ ਹੋ ਰਹੇ ਹਨ। ਹੋਣੇ ਵੀ ਚਾਹੀਦੇ ਹਨ। ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ, ਹਰ ਸਮੇਂ ਵਿਚ ਬਦਲਾਅ ਇਕ ਨਿਯਮ ਹੈ। ਸੰਸਾਰ ਬਦਲ ਰਿਹਾ ਹੈ, ਉਸ ਨਾਲ਼ ਵਿਸ਼ਿਆਂ ਵਿਚ ਬਦਲਾਅ ਆ ਰਿਹਾ ਹੈ। ਸੰਸਾਰ ਦੇ ਬਦਲਣ ਨਾਲ਼ ਨਵੀਂ ਟੈਕਨੌਲੌਜੀ ਹਰ ਸਕਿੰਟ ਬਾਅਦ ਬਦਲ ਰਹੀ ਹੈ ਅਤੇ ਮਨੁੱਖ ਦਾ ਦਿਮਾਗ਼ ਵੀ ਉਸੇ ਰਫ਼ਤਾਰ ਨਾਲ਼ ਚੱਲਣਾ ਸ਼ੁਰੂ ਕਰ ਦਿੰਦਾ ਹੈ। ਪਾਠਕ ਮਨ ਪੜ੍ਹਨ ਵਾਸਤੇ ਕੁਝ ਨਵਾਂ ਭਾਲਦਾ ਹੈ ਤੇ ਲੇਖਕ ਨਵੇਂ ਢੰਗ ਤਰੀਕੇ ਅਪਣਾ ਕੇ ਆਪਣੀ ਗੱਲ ਕਹਿਣੀ ਚਾਹੁੰਦਾ ਹੈ। ਵਿਸ਼ਿਆਂ ਦੀ ਬਹੁਤਾਤ ਸਾਡੇ ਦੁਆਲ਼ੇ ਧੁਮਾਲ ਪਾ ਰਹੀ ਹੈ। ਲੇਖਕ ਵੀ ਨਵੀਂਆਂ ਜੁਗਤਾਂ, ਨਵੇਂ ਢੰਗ ਤਰੀਕੇ ਵਰਤ ਕੇ ਪਾਠਕ ਨੂੰ ਖਿੱਚਣ ਦੀ ਆਸ ਵਿਚ ਹੈ। ਇਹ ਕੰਪੀਟੀਸ਼ਨ ਦਾ ਸਮਾਂ ਹੈ। ਇਸ ਵਿਚ ਨਵੇਂ ਤਜ਼ਰਬੇ ਹੋਣੇ ਵੀ ਚਾਹੀਦੇ ਹਨ। ਨਵੇਂ ਤਜ਼ਰਬੇ ਹੋਣਗੇ ਤਾਂ ਕਹਾਣੀ ਦਾ ਵਿਕਾਸ ਹੋਵੇਗਾ।

ਅੱਜ ਦਾ ਮਨੁੱਖ ਜਟਿਲ ਜ਼ਿੰਦਗੀ ਦੇ ਪੜਾਅ ਵਿਚੀਂ ਲੰਘ ਰਿਹਾ ਹੈ। ਉਸਦੀ ਜ਼ਿੰਦਗੀ ਪਰਤ ਦਰ ਪਰਤ ਖੁੱਲਦੀ ਹੈ। ਸ਼ਾਇਦ ਇਹੀ ਕਾਰਨ ਹੈ ਕਿ ਲੇਖਕ ਵੀ ਕਹਾਣੀ ਵਿਚ ਪਰਤਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ। ਉਸਦੀ ਆਪਣੀ ਸੰਭੁਸ਼ਟੀ ਵੀ ਨਹੀਂ ਹੁੰਦੀ ਜਿੰਨਾ ਚਿਰ ਉਹ ਪਾਠਕਾਂ ਤਕ ਪਾਤਰਾਂ ਦਾ ਆਲ਼ਾ–ਦੁਆਲ਼ਾ ਉਲੀਕ ਕੇ ਨਹੀਂ ਪਹੁੰਚਾ ਦਿੰਦਾ। ਤੇ ਫੇਰ ਪਾਠਕ ਵੀ ਇਹ ਚਾਹੁਣ ਲੱਗ ਪਿਆ ਹੈ ਕਿ ਉਸ ਕੋਲੋਂ ਕੁਝ ਵੀ ਲੁਕੋ ਕੇ ਨਾ ਰੱਖਿਆ ਜਾਵੇ। ਉਸਨੂੰ ਸ਼ਰੇਆਮ ਸਭ ਕੁਝ ਦਿਖਾਇਆ ਜਾਵੇ। ਅਖੀਰ ਨਿਰਨਾ ਵੀ ਉਸੇ ਤੇ ਛੱਡ ਦਿੱਤਾ ਜਾਵੇ ਕਿ ਉਹ ਉਸ ਵਿਚੋਂ ਕੀ ਭਾਲਦਾ ਹੈ। ਬੇਲੋੜੇ ਵਿਸਥਾਰ ਵਾਲੀ ਰਚਨਾ ਵੈਸੇ ਹੀ ਟਿਕ ਨਹੀਂ ਸਕੇਗੀ। ਸਾਰਥਿਕ ਵਿਸਥਾਰ, ਜਿਸ ਦੀ ਲੋੜ ਹੋਵੇ, ਪੜ੍ਹਨ ਵਿਚ ਰੌਚਿਕ ਹੋਵੇ, ਪਾਠਕ ਨੂੰ ਬੰਨ੍ਹੀ ਰੱਖੇ, ਕਹਾਣੀ ਰਸ ਵੀ ਹੋਵੇ ਅਤੇ ਪਾਠਕ ਦੇ ਕੁਝ ਪੱਲੇ ਵੀ ਪਾਉਂਦਾ ਹੋਵੇ ਭਾਵ ਬੋਰ ਨਾ ਕਰਦਾ ਹੋਵੇ ਉਸ ਵਿਸਥਾਰ ਦਾ ਕੋਈ ਹਰਜ ਵੀ ਨਹੀਂ ਹੈ।

ਮੁੱਢਲੇ ਪੜਾਅ ਵਿਚ ਕਹਾਣੀਕਾਰ ਸਮਾਜ, ਲੋਕੇਲ, ਰਾਜਨੀਤੀ ਦੀ ਗੱਲ ਕਰਦਿਆਂ, ਸਧਾਰਨ ਭਾਸ਼ਾ ਵਿਚ ਸੂਖ਼ਮ ਭਾਵ ਪ੍ਰਗਟ ਕਰਦਾ ਸੀ ਤੇ ਪਾਠਕ ਨੂੰ ਜਾਪਦਾ ਸੀ ਜਿਵੇਂ ਲੇਖਕ ਉਸੇ ਦੀ ਗੱਲ ਕਰ ਰਿਹਾ ਹੋਵੇ। ਤੇ ਅੱਜ ਲੇਖਕ ਉਨ੍ਹਾਂ ਸ਼ੂਖਮ ਭਾਵਾਂ ਨੂੰ ਯਥਾਰਥ ਦੇ ਨਾਂ ਹੇਠ ਮਨੁੱਖੀ ਗਿਆਨ ਦਾ ਪਰਦਰਸ਼ਨ ਕਰ ਰਿਹਾ ਲਗਦਾ ਹੈ। ਜੋ ਸਮਾਜ ਵੱਲੋਂ ਉਸ ਉੱਤੇ ਥੋਪਿਆ ਜਾ ਰਿਹਾ ਹੈ, ਉਹ ਸਭ ਪਾਠਕ ਅੱਗੇ ਪਰੋਸ ਦਿੰਦਾ ਹੈ। ਜਿਵੇਂ ਮਨੁੱਖ ਦਾ ਵਿਅਕਤੀਤਵ ਬਦਲ ਰਿਹਾ ਹੈ ਉਸੇ ਤਰ੍ਹਾਂ ਉਸਦੀ ਸੋਚ ਬਦਲ ਰਹੀ ਹੈ। ਅਸੀਂ ਅੱਜ ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਗਲੋਬਲੀ ਕਰਨ ਦੇ ਦਰ ਤੇ ਖਲੋਤੇ ਹਾਂ। ਜਿੱਥੇ ਸਭਿਆਚਾਰ ਰਲ ਗਡ ਹੋ ਰਹੇ ਹਨ। ਸਮਾਜ ਇਕ ਦੂਜੇ ਵਿਚ ਮਿਲ ਰਹੇ ਹਨ। ਸਾਡੀ ਸੋਚ ਨੂੰ ਪੁਣ ਛਾਣ ਕਰਨਾ ਪਵੇਗਾ। ਸਾਨੂੰ ਪਹਿਲੀ ਵਿਧਾ ਬਾਰੇ ਸੋਚਣ ਦੀ ਲੋੜ ਹੈ। ਕਿਸੇ ਵੇਲੇ ਕਹਾਣੀ ਦੀ ਸ਼ੁਰੂਆਤ, ਮੱਧ ਭਾਵ ਕਲਾਈਮੈਕਸ ਅਤੇ ਅੰਤ ਤੇ ਕਹਾਣੀ ਨਿਰਭਰ ਕਰਦੀ ਸੀ। ਹੁਣ ਖੁੱਲੀ ਕਵਿਤਾ ਵਾਂਗ ਸਭ ਕੁਝ ਜਾਇਜ਼ ਹੈ। ਇਸ ਬਾਰੇ ਵਿਚਾਰਨ ਦੀ ਲੋੜ ਮਹਿਸੂਸ ਹੁੰਦੀ ਹੈ।

ਜਿਸ ਤਰ੍ਹਾਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਕਹਾਣੀ ਵਿਕਾਸ ਦੇ ਦਰ ਤੇ ਖੜੀ ਹੈ। ਇਸ ਨੇ ਵਿਕਾਸ ਕੀਤਾ ਵੀ ਹੈ। ਪਿੱਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਮੈਂ ਕਿਹਾ ਹੈ ਕਿ ਸਭ ਕੂੜਾ–ਕਬਾੜਾ ਜੋ ਮਨੁੱਖ ਦੇ ਅੰਦਰ ਹੈ ਉਹ ਬਾਹਰ ਆ ਰਿਹਾ ਹੈ। ਵੈਸੇ ਤਾਂ ਇਹ ਸਭ ਸਮਾਜ ਦੀ ਦੇਣ ਹੈ। ਬਾਹਰ ਨਿੱਕਲਣੀ ਵੀ ਚਾਹੀਦੀ ਹੈ। ਇਸੇ ਕਾਰਨ ਅੱਜ ਦੀ ਕਹਾਣੀ ਨਵੇਂ ਨਰੋਏ ਵਿਸ਼ੇ ਲੈ ਕੇ ਖੜੀ ਹੈ। ਔਰਤ ਦਾ ਰੋਣਾ–ਧੋਣਾ ਰਿਹਾ ਨਹੀਂ। ਅਜ ਦੀ ਔਰਤ ਕਹਿੰਦੀ ਹੈ ਕਿ ਮੇਰੀ ਹੋਂਦ ਨੂੰ ਪਛਾਣੋ। ਉਹ ਬਰਾਬਰਤਾ ਦੇ ਅਰਥ ਸਮਝਦੀ ਹੈ। ਇਸ ਵਿਚ ਆਰਥਿਕਤਾ ਨੇ ਵੀ ਵੱਡਾ ਯੋਗਦਾਨ ਪਾਇਆ ਹੈ। ਪਿੱਛਲੀ ਕਹਾਣੀ ਦੀ ਔਰਤ ਰੋ–ਧੋ ਕੇ ਬੈਠਦੀ ਸੀ।

ਹੁਣ ਨਹੀਂ। ਅੱਜ ਦੇ ਬੱਚੇ ਵੀ ਕਹਿੰਦੇ ਹਨ ਕਿ ਮੇਰਾ ਆਪਣਾ ਅਸਤਤਿੱਵ ਹੈ। ਮੈਨੂੰ ਤੁਸੀਂ ਜਨਮ ਦਿੱਤਾ ਹੈ ਤਾਂ ਕੋਈ ਅਹਿਸਾਨ ਨਹੀਂ ਕੀਤਾ। ਮੈਂ ਤੁਹਾਡੀ ਖਰੀਦੀ ਹੋਈ ਵਸਤੂ ਨਹੀਂ ਹਾਂ। ਪਹਿਲਾਂ ਘਰਾਂ–ਪਿੰਡਾਂ ਦੇ ਵੈਰ ਵਿਰੋਧ ਸਨ ਤੇ ਹੁਣ ਦੁਨੀਆਂ ਦੀ ਪੱਧਰ ਦੇ ਵੈਰ ਵਿਰੋਧ ਹਨ। ਜਿਵੇਂ ਸਮਾਜ ਬਦਲਦਾ ਹੈ, ਵਿਸ਼ੇ ਵੀ ਬਦਲਦੇ ਰਹਿੰਦੇ ਹਨ। ਜਿਨ੍ਹਾਂ ਵਿਸ਼ਿਆ ਤੇ ਅਸੀਂ ਪਹਿਲਾਂ ਗੱਲ ਹੀ ਨਹੀਂ ਸੀ ਕਰਦੇ ਤੇ ਅੱਜ ਬੜੀ ਆਸਾਨੀ ਨਾਲ਼ ਉਨ੍ਹਾਂ ਨੂੰ ਲਿਖਤਾਂ ਵਿਚ ਲਿਆ ਰਹੇ ਹਾਂ। ਇਸਦਾ ਕਾਰਨ ਇਹ ਵੀ ਹੈ ਕਿ ਮਨੁੱਖ ਚੇਤੰਨ ਹੋ ਗਿਆ ਹੈ ਤੇ ਆਪਣੇ ਹੱਕਾਂ ਬਾਰੇ ਜਾਣ ਗਿਆ ਹੈ। ਜਿਉਂ ਦੁਨੀਆਂ ਬਦਲੇਗੀ, ਮਨੁੱਖ ਦੀ ਸੋਚ ਬਦਲੇਗੀ, ਵਿਸ਼ੇ ਵੀ ਬਦਲਦੇ ਰਹਿਣਗੇ।

ਹਰ ਸਮੇਂ ਮਨੁੱਖ ਨੇ ਆਪਣੇ ਹਾਵ ਭਾਵ ਭਾਸ਼ਾ ਰਾਹੀਂ ਪ੍ਰਗਟ ਕੀਤੇ ਹਨ। ਸਮੇਂ ਦੇ ਨਾਲ਼ ਭਾਸ਼ਾ ਵਿਚ ਅੰਤਰ ਵੀ ਆਉਂਦਾ ਰਿਹਾ ਹੈ। ਸ਼ਬਦ ਬਦਲਦੇ ਰਹੇ ਹਨ। ਜੋ ਯਥਾਰਥ ਕਲ ਸੀ ਉਹੀ ਯਥਾਰਥ ਅੱਜ ਹੈ ਪਰ ਸੋਚ ਬਦਲ ਗਈ ਹੈ। ਸੋਚ ਦੇ ਨਾਲ਼ ਯਥਾਰਥ ਦੇ ਮਾਇਨੇ ਬਦਲ ਗਏ ਹਨ। ਇਸੇ ਤਰ੍ਹਾਂ ਕਹਾਣੀ ਦੀ ਸ਼ਿਲਪ ਉਹੀ ਹੈ, ਪਰ ਤੌਰ ਤਰੀਕੇ ਬਦਲ ਗਏ ਹਨ। ਉਸਦਾ ਟਰੀਟਮੈਂਟ ਵੱਖਰਾ ਹੋ ਗਿਆ ਹੈ। ਕਿਸੇ ਵੀ ਤਰ੍ਹਾਂ ਸਮੇਂ ਵਿਚ, ਮਨੁੱਖ ਵਿਚ, ਖੜੋਤ ਨਹੀਂ ਰਹਿੰਦੀ। ਉਸਨੇ ਬਦਲਨਾ ਹੀ ਹੁੰਦਾ ਹੈ ਤੇ ਇਸੇ ਤਰ੍ਹਾਂ ਕਹਾਣੀ ਦੀਆਂ ਪਰਤਾਂ ਵੀ ਬਦਲ ਗਈਆ ਹਨ। ਕੋਈ ਸਮਾਂ ਸੀ ਜਦੋਂ ਸਮਾਜ ਦੀ ਗੱਲ ਸੀ, ਲਹਿਰਾਂ ਦੀ ਗੱਲ ਸੀ, ਧਰਮ ਦੀ ਗੱਲ ਸੀ ਪਰ ਅੱਜ ਦੁਨੀਆਂ ਉੱਤੇ ਬਹੁਤ ਕੁਝ ਭਾਰੂ ਹੈ। ਗਲੋਬਲ ਅੱਤਵਾਦ ਨੇ ਅੱਤ ਚੁੱਕੀ ਹੋਈ ਹੈ। ਗੱਲ ਕੀ ਯਥਾਰਥ ਵੀ ਉਹੀ ਹੈ ਤੇ ਕਥਾ ਸ਼ਿਲਪ ਵੀ ਪਰ ਟਰੀਟਮੈਂਟ ਦਾ ਫਰਕ ਹੈ। ਹੋਰ ਕੁਝ ਨਹੀਂ।

ਇਸਦਾ ਵੀ ਇਹੀ ਕਾਰਨ ਹੈ ਕਿ ਅੱਜ ਦਾ ਮਨੁੱਖ ਹੀ ਖਿੰਡ ਗਿਆ ਹੈ। ਉਸਦੀ ਆਪਣੀ ਸੋਚ ਸਥਾਈ ਨਹੀਂ ਰਹੀ। ਸੋਚ ਬਿਖਰੀ ਹੋਈ ਹੈ ਤੇ ਉਸਦਾ ਕਹਾਣੀ ਤੇ ਅਸਰ ਵੀ ਪਵੇਗਾ ਹੀ। ਦੂਜੀ ਗੱਲ ਇਹ ਵੀ ਹੈ ਕਿ ਮਨੁੱਖ ਵਕਤ ਦੇ ਚੱਕਰਵਿਯੂ ਵਿਚ ਘਿਰਿਆ ਹੋਇਆ ਹੈ। ਰੋਟੀ ਰੋਜ਼ੀ ਦੀ ਭਾਲ਼ ਵਿਚ ਭਟਕ ਰਿਹਾ ਹੈ। ਜਦੋਂ ਉਹ ਇਸ ਘੇਰੇ ਵਿੱਚੋਂ ਬਾਹਰ ਨਿੱਕਲ ਆਇਆ ਤਾਂ ਉਸਦੀ ਸੋਚ ਵੀ ਕੋਈ ਨਿੱਗਰ ਨਤੀਜੇ ਕੱਢੇਗੀ। ਇਹ ਮੇਰਾ ਵਿਸ਼ਵਾਸ ਹੈ। ਅੱਜ ਹਰ ਇਕ ਨੂੰ ਆਪੋ–ਧਾਪ ਹੈ, ਆਪਨਾ ਨਾਂ ਬਣਾਉਣ ਦੀ। ਕੱਚਾ ਪਿੱਲਾ ਜੋ ਵੀ ਵਿਕਦਾ ਹੈ ਉਹੀ ਠੀਕ ਹੈ। ਕਿਸੇ ਨਾ ਕਿਸੇ ਤਰ੍ਹਾਂ ਨਾਂ ਬਣ ਜਾਵੇ, ਭਾਵੇਂ ਜੁਗਾੜਬੰਦੀਆਂ ਕਰਕੇ ਹੀ ਕਿਉਂ ਨਾ ਹੋਵੇ। ਜਦੋਂ ਇਸ ਚੂਹੇ ਦੌੜ ਵਿਚੋਂ ਲੇਖਕ ਨਿੱਕਲ ਕੇ, ਲਿਖਤ ਬਾਰੇ ਸੋਚੇਗਾ ਤਾਂ ਹੋ ਸਕਦੈ ਕੋਈ ਮਾਰਕੇ ਦੀ ਰਚਨਾ ਸਾਡੇ ਸਾਮ੍ਹਣੇ ਆਵੇ।

ਸਾਡੇ ਵਿਚ ਨਿੱਠ ਕੇ ਸਾਧਨਾ ਕਰਨ ਵਰਗਾ ਕਾਰਜ ਕਰਨ ਦੀ ਹਿੰਮਤ ਨਹੀਂ ਹੈ। ਜਿਨ੍ਹਾਂ ਨੇ ਨਿੱਠ ਕੇ ਕੰਮ ਕੀਤਾ ਜਾਂ ਉਸ ਅਨੁਭੱਵ ਵਿਚੋਂ ਲਿਖਿਆ ਜਿਸ ਵਿਚੋਂ ਉਹ ਗੁਜ਼ਰੇ, ਉਨ੍ਹਾਂ ਕਿਰਤਾਂ ਦਾ ਮੁੱਲ ਵੀ ਪਿਆ। ਪਰ ਮੈਨੂੰ ਲਗਦੈ ਕਿ ਜਿਵੇਂ ਇਹ ਦੋਨੋਂ ਸੰਕਟ ਜਿਹੜੇ ਪੰਜਾਬ ਦੀ ਮਿੱਟੀ ਤੇ ਵਾਪਰੇ, ਲੋਕਾਂ ਨੇ ਸਹੇ, ਉਨ੍ਹਾਂ ਦੀ ਆਤਮਾਂ ਲੀਰੋ ਲੀਰ ਹੋਈ, ਉਹ ਹਾਲੀਂ ਕਿਸੇ ਦੀ ਪਕੜ ਵਿਚ ਹੀ ਨਹੀਂ ਆਏ। ਜੋ ਲਿਖਿਆ ਵੀ ਗਿਆ, ਉਹ ਉਪਭਾਵਕਤਾ ਵਿੱਚੋਂ ਲਿਖਿਆ ਗਿਆ। ਇਸਦੇ ਕਈ ਕਾਰਨ ਹੋ ਸਕਦੇ ਹਨ। ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਜਦੋਂ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਮਨੁੱਖ ਸੁੰਨ ਹੋ ਜਾਂਦਾ ਹੈ। ਇਹ ਉਸ ਵੇਲੇ ਤਕ ਨਹੀਂ ਹੋ ਸਕਦਾ ਜਦੋਂ ਤੱਕ ਦੂਰ ਦ੍ਰਿਸ਼ਟੀ ਨਾਲ਼, ਕੁਝ ਸਮੇਂ ਤੋਂ ਬਾਅਦ ਬੈਠ ਕੇ ਨਹੀਂ ਖੋਜ ਕਰਦਾ ਤੇ ਸੋਚਦਾ। ਹੋਰ ਵੀ ਕਈ ਕਾਰਨ ਹੋ ਸਕਦੇ ਹਨ ਜਿਵੇਂ ਸੱਚ ਨਾ ਬੋਲ ਸਕਣਾ। ਸਰਕਾਰਾਂ ਦੇ ਦਬਾਅ ਆਦਿ। ਪਰ ਕੋਈ ਵਕਤ ਆਵੇਗਾ ਜਦੋਂ ਇਨ੍ਹਾਂ ਸੰਕਟਾਂ ਨੂੰ ਮੁੜ ਕੇ ਵਿਚਾਰਿਆ ਜਾਵੇਗਾ। ਉਸ ਵੇਲੇ ਕੋਈ ਸਰਕਾਰ ਇਨ੍ਹਾਂ ਹਾਦਸਿਆਂ ਤੇ ਮਿੱਟੀ ਨਹੀਂ ਪਾ ਸਕੇਗੀ। ਐਲੈਕਸ ਹੇਲੀ ਵੱਲ ਵੇਖੋ। ਅਫ਼ਰੀਕਾ ਦੇ ਲੋਕਾਂ ਨਾਲ਼ ਕਿਵੇਂ ਧੱਕਾ ਹੁੰਦਾ ਰਿਹਾ। ਸਲੇਵਰੀ ਦੀ ਜਹਾਲਤ ਉਨ੍ਹਾਂ ਨੇ ਕਿਵੇਂ ਕੱਟੀ। ਪਰ ਸੱਤ ਪੁਸ਼ਤਾਂ ਬਾਅਦ ਜਾ ਕੇ "ਰੂਟਸ" ਵਰਗੀ ਰਚਨਾ ਨੇ ਦੁਨੀਆਂ ਨੂੰ ਹਿਲਾ ਦਿੱਤਾ। ਸਰਕਾਰਾਂ ਵਿਚ ਜਾਗਰਤੀ ਆਈ ਅਤੇ ਰੰਗ ਨਸਲ ਦੇ ਭੇਦ ਹਟਾਉਣ ਦੀ ਗੱਲ ਚੱਲੀ। ਸਾਡੇ ਨਾਲ਼ ਵੀ ਇਸ ਤਰ੍ਹਾਂ ਜ਼ਰੂਰ

ਹੋਵੇਗਾ। ਬਾਹਰ ਬੈਠੇ ਬੱਚੇ ਬੜੇ ਸੁਚੇਤ ਹਨ ਅਤੇ ਬਹੁਤ ਕੁਝ ਜਾਨਣਾ ਚਾਹੁੰਦੇ ਹਨ। ਕੋਈ ਨਾ ਕੋਈ ਜ਼ਰੂਰ ਹਿੰਮਤ ਕਰੇਗਾ ਇਮਾਨਦਾਰੀ ਨਾਲ਼ ਲਿਖਣ ਬਾਰੇ।

ਦੇਖੋ ਵਿਚਾਰਧਾਰਾ ਪੱਖੋਂ ਤਾਂ ਅੰਤਰ ਹੋਵੇਗਾ ਹੀ। ਦ੍ਰਿਸ਼ਟੀ ਵੀ ਇਕੋ ਜਿਹੀ ਨਹੀਂ ਹੋਵੇਗੀ। ਕੋਈ ਪਰੰਪਰਾ ਦੀ ਗੱਲ ਕਰਦਾ ਹੈ। ਪਰੰਪਰਾ ਨਾਲ਼ ਬੱਝਾ ਇਨਸਾਨ ਨਵੇਂ ਰਾਹਾਂ ਤੋਂ ਦੂਰ ਰਹਿੰਦਾ ਹੈ। ਜਦੋਂ ਕੋਈ ਯਥਾਰਥ ਦੀ ਗੱਲ ਕਰਦਾ ਹੈ ਤਾਂ ਉਹ ਵੀ ਉਸਦਾ ਆਪਣਾ ਸੱਚ ਹੁੰਦਾ ਹੈ। ਕਿਸੇ ਹੋਰ ਦਾ ਸੱਚ ਹੋਰ ਹੋ ਸਕਦਾ ਹੈ। ਤੇ ਕੋਈ ਨਵੇਂ ਰਾਹਾਂ ਦੀ ਤਾਲਾਸ਼ ਕਰਦਾ ਹੈ। ਅਜ ਮੰਡੀਕਰਨ ਦਾ ਦੌਰ ਹੈ। ਇਸ ਮੰਡੀਕਰਨ ਵਿਚ ਨਵੇਂ ਦਿਸਹੱਦੇ ਭਾਲਣ ਲਈ ਬੇਚੈਨੀ, ਕਾਹਲਪਣ, ਅਵੇਸਲਾਪਣ, ਖੁਦਗਰਜ਼ੀ ਆਦਿ ਸਭ ਰਲ਼-ਮਿਲ ਗਏ ਹਨ। ਇਨ੍ਹਾਂ ਸਭ ਦਾ ਕਹਾਣੀ ਦੇ ਰੂਪਾਂਤਰਣ ਤੇ ਅਸਰ ਹੋਣਾ ਹੀ ਹੋਇਆ। ਪੇਸ਼ਕਾਰੀ ਜੁਗਤਾਂ ਵਿਚ ਇਨ੍ਹਾਂ ਚੀਜ਼ਾਂ ਦਾ ਝਲਕਾਰਾ ਪੈਣਾ ਕੋਈ ਅਨੋਖੀ ਗੱਲ ਨਹੀਂ ਹੈ। ਇਸ ਲਈ ਭਾਵੇਂ ਤਿੰਨ ਪੀੜ੍ਹੀਆਂ ਇਕੋ ਸਮੇਂ ਲਿਖ ਰਹੀਆਂ ਹਨ ਪਰ ਇਨ੍ਹਾਂ ਤਹਿਤ ਤਿੰਨੋਂ ਪੀੜ੍ਹੀਆਂ ਆਪਣੀ ਵਿਚਾਰਧਾਰਾ ਨਾਲ਼ ਨਵੇਂ ਅਸਰ ਕਬੂਲ ਰਹੀਆਂ ਹਨ।

ਨਹੀਂ ਮੈਨੂੰ ਨਹੀਂ ਲਗਦਾ ਕਿ ਪੰਜਾਬੀ ਕਹਾਣੀ ਵਿਚ ਖੜੋਤ ਆ ਗਈ ਹੋਵੇ। ਮੈਨੂੰ ਤਾਂ ਇਹ ਲਗਦਾ ਹੈ ਕਿ ਪੰਜਾਬੀ ਕਹਾਣੀ ਵਿਧਾ ਪੱਖੋਂ, ਸ਼ਿਲਪ ਪੱਖੋਂ ਵਿਕਾਸ ਕਰ ਰਹੀ ਹੈ। ਭਾਵੇਂ ਮਨੁੱਖ ਅੰਦਰ ਭਟਕਣ ਦਾ ਦੌਰ ਚਾਲੂ ਹੈ। ਵਿਸ਼ਵੀਕਰਨ ਵੱਲੋਂ ਉਸ ਉੱਤੇ ਬਹੁਤ ਕੁਝ ਥੋਪਿਆ ਜਾ ਰਿਹਾ ਹੈ। ਫੇਰ ਵੀ ਪੰਜਾਬੀ ਕਹਾਣੀ ਨਵੀਆਂ ਪਿਰਤਾਂ ਪਾ ਰਹੀ ਹੈ ਅਤੇ ਸਮੇਂ ਦੇ ਨਾਲ ਵਰ ਮੇਚ ਕੇ ਤੁਰ ਰਹੀ ਹੈ। ਨਵੇਂ ਵਿਸ਼ੇ ਲੇਖਕਾਂ ਦੀ ਕਲਮ ਅੱਗੇ ਆਏ ਹਨ। ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਸਮੇਂ ਦੇ ਨਾਲ਼ ਕਹਾਣੀ ਨਵੇਂ ਪ੍ਰਯੋਗ ਵਿਚੀਂ ਲੰਘ ਰਹੀ ਹੈ। ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਇਸ ਵਿਚ ਖੜੋਤ ਆ ਗਈ ਹੈ।

ਆਲੋਚਨਾ ਵਿਚ ਕਿਹਾ ਜਾ ਸਕਦਾ ਹੈ ਕਿ ਉਹ ਨਿੱਠ ਕੇ ਕੰਮ ਨਹੀਂ ਹੋ ਰਿਹਾ ਜੋ ਹੋਣਾ ਚਾਹੀਦਾ ਹੈ। ਕੁਝ ਆਲੋਚਕ ਹਨ ਜੋ ਇਸ ਖੇਤਰ ਵਿਚ ਕੰਮ ਕਰ ਰਹੇ ਹਨ। ਆਲੋਚਨਾ ਵਿਚ ਸਿਧਾਂਤ ਬਦਲਦੇ ਨਜ਼ਰ ਆ ਰਹੇ ਹਨ। ਵੈਸੇ ਤਾਂ ਸਾਡੇ ਆਪਣੇ ਮਾਪ ਦੰਡ ਹੈ ਵੀ ਨਹੀਂ। ਜੋ ਲਿਆ ਗਿਆ ਹੈ ਉਹ ਪੱਛਮ ਤੋਂ ਹੀ ਲਿਆ ਗਿਆ ਹੈ। ਫੇਰ ਵੀ ਕੋਈ ਵੇਲਾ ਸੀ ਜਦੋਂ ਅਲੋਚਨਾ ਦਾ ਕੰਮ ਨਿੱਠ ਕੇ ਹੋ ਰਿਹਾ ਸੀ। ਕਹਾਣੀ ਦੇ ਸਿਧਾਂਤਕ ਪੱਖਾਂ ਬਾਰੇ ਗੱਲ ਹੋ ਰਹੀ ਸੀ। ਬਿਰਤਾਂਤ ਸ਼ਾਸਤਰ ਦੀ ਗੱਲ ਹੋ ਰਹੀ ਸੀ। ਗੱਲ ਤਾਂ ਹੁਣ ਵੀ ਹੋ ਰਹੀ ਹੈ ਪਰ ਹੁਣ ਦਾ ਸਮੀਖਿਆਕਾਰ ਇਹ ਸੋਚਦਾ ਹੈ ਕਿ ਉਹ ਕਿਉਂ ਅਤੇ ਕਿਸ ਵਾਸਤੇ ਲਿਖ ਰਿਹਾ ਹੈ। ਇਸ ਪੱਖੋ ਸੋਚੀਏ ਤਾਂ ਖੜੋਤ ਹੈ। ਆਲੋਚਕ ਦਾ ਇਮਾਨਦਾਰ ਹੋਣਾ ਬਹੁਤ ਜ਼ਰੂਰੀ ਹੈ। ਅੱਜ ਦਾ ਆਲੋਚਕ ਇਮਾਨਦਾਰ ਨਹੀਂ ਹੈ। ਉਹ ਵੀ ਸਮੇਂ ਦੀ ਚਾਲ ਅੰਦਰ ਇਹ ਸੋਚਣ ਲੱਗ ਪਿਆ ਹੈ ਕਿ ਕਿਸਨੂੰ ਉਭਾਰਨਾ ਹੈ ਤੇ ਕਿਸ ਨੂੰ ਪਿੱਛੇ ਕਰਨਾ ਹੈ। ਅੱਜ ਕੋਈ ਸਮੀਖਿਆ ਦਾ ਪਰਚਾ ਪੜ੍ਹ ਕੇ ਦੇਖ ਲਵੋ, ਉਹ ਦੂਸਰੇ ਆਲੋਚਕ ਦੀ ਕਾਪੀ ਹੋਵੇਗਾ। ਖੋਜ ਉਸਦੀ ਆਪਣੀ ਨਹੀਂ ਹੁੰਦੀ। ਜੇ ਕਰ ਇਕ ਨੇ ਕੁਝ ਨਾਂ ਦਰਜ ਕਰ ਦਿੱਤੇ ਦੂਸਰੇ ਨੇ ਵੀ ਨਕਲ ਕਰ ਕੇ ਉਹੀ ਕੁੱਝ ਲਿਖ ਦਿੱਤਾ। ਹੁੰਦਾ ਇਹ ਵੀ ਹੈ ਕਿ ਜਿਨ੍ਹਾਂ ਨਾਂਵਾਂ ਦਾ ਜ਼ਿਕਰ ਹੁੰਦਾ ਹੈ ਉਹਨਾਂ ਲੇਖਕਾਂ ਦੀਆਂ ਲਿਖਤਾਂ ਕਈ ਵੇਰ ਉਨ੍ਹਾਂ ਨੇ ਪੜ੍ਹੀਆਂ ਵੀ ਨਹੀਂ ਹੁੰਦੀਆਂ। ਜਿਹੜਾ ਜੁਗਾੜਬੰਦੀਆਂ ਨਹੀਂ ਕਰਦਾ ਉਸਦਾ ਨਾਂ ਉਨ੍ਹਾਂ ਸਮੀਖਿਆ ਦੇ ਪਰਚਿਆਂ ਵਿੱਚੋਂ ਅਕਸਰ ਗਾਇਬ ਹੁੰਦਾ ਹੈ। ਇਸ ਪੱਖੋਂ ਅਲੋਚਨਾ ਵਿਚ ਖੜੋਤ ਹੈ। ਖੋਜ ਕਾਰਜ ਇਕ ਜੋਖ਼ਮ ਭਰਿਆ ਕੰਮ ਹੈ। ਉਸ ਲਈ ਮਿਹਨਤ ਕਰਨੀ ਪੈਂਦੀ ਹੈ ਤੇ ਇਮਾਨਦਾਰ ਹੋਣਾ ਪੈਂਦਾ ਹੈ। ਸੱਚ ਭਾਵੇਂ ਕੌੜਾ ਹੁੰਦਾ ਹੈ, ਸੱਚ ਬੋਲਣ ਦੀ ਲੋੜ ਹੁੰਦੀ ਹੈ।

ਸਾਡਾ ਜੀਵਨ ਕਿਸਾਨੀ ਦੇ ਆਲ਼ੇ-ਦੁਆਲ਼ੇ ਹੀ ਘੁਮੰਦਾ ਹੈ। ਜੋ ਵੀ ਇਨਸਾਨ ਪਿੰਡ ਵਿਚ ਵਸਦਾ ਹੈ, ਉਹ ਕਿਸੇ ਨਾ ਕਿਸੇ ਤਰ੍ਹਾਂ ਕਿਸਾਨੀ ਨਾਲ਼ ਜੁੜਿਆ ਹੋਇਆ ਹੈ। ਉਸਦੇ ਜੀਵਨ ਦਾ ਮੁੱਖ ਧੁਰਾ ਹੀ

ਕਿਸਾਨੀ ਹੈ। ਘਰ ਦੀਆਂ ਸਮੱਸਿਆਵਾਂ ਤੋਂ ਲੈ ਕੇ ਖੁਸ਼ੀਆਂ ਗ਼ਮੀਆਂ ਤਕ ਕਿਸਾਨੀ ਭਾਰੂ ਹੈ। ਕਿਸਾਨੀ ਨਹੀਂ ਤਾਂ ਜੀਵਨ ਦੀ ਰਹਿਤਲ ਨਹੀਂ। ਕਿਸਾਨੀ ਜੀਵਨ ਦੀਆਂ ਸਮਾਜਿਕ, ਆਰਥਿਕ, ਰਾਜਨੀਤਕ ਮੁਸ਼ਕਲਾਂ ਨਾਲ਼ ਪੂਰੇ ਸਮਾਜ ਤੇ ਅਸਰ ਪੈਂਦਾ ਹੈ। ਅੱਜ ਵੀ ਜ਼ਮੀਨ ਘਟ ਰਹੀ ਹੈ। ਜ਼ਮੀਨ ਦੇ ਘਟਣ ਨਾਲ਼ ਇਕੱਲਾ ਕਿਸਾਨ ਦੁਖੀ ਨਹੀਂ ਪੂਰਾ ਸਮਾਜ ਦੁਖੀ ਹੈ। ਜਿਸ ਦਾ ਕਾਰਨ ਲੋਕ ਪਰਵਾਸ ਧਾਰਨ ਕਰ ਰਹੇ ਹਨ। ਕਿਸਾਨੀ ਨਾਲ਼ ਸਾਡੀ ਰੋਟੀ ਤੁਰਦੀ ਹੈ। ਕਿਸਾਨੀ ਵਿਚ ਵਰਤ ਹੁੰਦੇ ਸੰਦਾਂ ਤੋਂ ਲੈ ਕੇ ਘਰ ਆਉਂਦੇ ਦਾਣਿਆਂ ਤਕ ਹਰ ਉਹ ਬੰਦਾ ਪ੍ਰਭਾਵਤ ਹੁੰਦਾ ਹੈ ਜੋ ਕਿਸਾਨੀ ਨਾਲ਼ ਜੁੜਿਆ ਹੋਇਆ ਹੈ। ਕੋਈ ਸਮਾਂ ਸੀ ਕਿ ਕਿਸਾਨੀ ਵਿਚੋਂ ਹੀ ਤਨ ਢੱਕਣ ਨੂੰ ਕੱਪੜਾ ਮਿਲਦਾ ਸੀ ਤੇ ਪੇਟ ਭਰਨ ਨੂੰ ਦਾਣਾ। ਇਸ ਵਾਸਤੇ ਉਹੋ ਕਹਾਣੀ ਵੱਧ ਮਕਬੂਲ ਹੁੰਦੀ ਹੈ ਜਿਸ ਵਿਚ ਪਾਠਕ ਨੂੰ ਆਪਣਾ ਆਪ ਨਜ਼ਰ ਆਵੇ। ਆਪਣੇ ਦੁੱਖ ਦਰਦ ਮਹਿਸੂਸ ਹੁੰਦੇ ਹੋਣ। ਪਰ ਹੁਣ ਬਦਲਦੇ ਸਮੇਂ ਅਤੇ ਸਮਾਜ ਨਾਲ਼ ਕਦਰਾਂ ਕੀਮਤਾਂ ਬਦਲ ਗਈਆਂ ਹਨ, ਕੰਮ ਕਾਰ ਬਦਲ ਗਏ ਹਨ ਤੇ ਕਹਾਣੀਆਂ ਦੇ ਵਿਸ਼ੇ ਵੀ ਬਦਲ ਰਹੇ ਹਨ। ਸ਼ਹਿਰੀ ਰਹਿਤਲ, ਪੇਂਡੂ ਰਹਿਤਲ ਵਿਚ ਵੀ ਬਹੁਤਾ ਫ਼ਰਕ ਨਹੀਂ ਰਿਹਾ। ਪੁਰਾਣੇ ਵਿਸ਼ਿਆਂ ਦੀ ਥਾਂ ਰੋਟੀ ਸਾਧਨ ਹੋਰ ਹੋ ਗਏ ਹਨ। ਹੁਣ ਇਹ ਫ਼ਰਕ ਨਹੀਂ ਰਿਹਾ ਕਿ ਕਿਸਾਨੀ ਕੋਲੋਂ ਰੋਟੀ ਖ਼ਾਣੀ ਹੈ ਜਾਂ ਢੋਲ ਵਜਾ ਕੇ ਭੰਗੜਾ ਪਾ ਕੇ ਖਾਣੀ ਹੈ। ਇਸੇ ਕਾਰਨ ਕਹਾਣੀਆਂ ਦੇ ਵਿਸ਼ਿਆਂ ਵਿਚ ਵੀ ਭਿੰਨਤਾ ਆ ਰਹੀ ਹੈ। ਮਨੁੱਖ ਹਰ ਤਰ੍ਹਾਂ ਦੇ ਤਜ਼ਰਬੇ ਵਿਚੀਂ ਨਿੱਕਲ ਰਿਹਾ ਹੈ। ਦੂਜੇ ਦੇਸ਼ਾਂ ਨੂੰ ਜਾ ਰਿਹਾ ਹੈ ਅਤੇ ਉੱਥੋਂ ਦੇ ਅਨੁਭਵ ਲਿਆ ਰਿਹਾ ਹੈ। ਪਰਵਾਸੀ ਵਿਸ਼ੇ ਇਸੇ ਵਾਸਤੇ ਮੁੱਖ ਧਾਰਾ ਦੇ ਸਾਹਿਤ ਨੂੰ ਪ੍ਰਭਾਵਿਤ ਕਰ ਰਹੇ ਹਨ।

ਡਾ. ਭੀਮ ਇੰਦਰ ਸਿੰਘ

ਅਜੋਕੀ ਪੰਜਾਬੀ ਕਹਾਣੀ ਦੀ ਦਿਸ਼ਾ ਦੇ ਦਸ਼ਾ ਨੂੰ ਸਮਝਣ ਲਈ ਲਾਜ਼ਮੀ ਹੈ ਕਿ ਪੰਜਾਬ ਦੀਆਂ ਮੌਜੂਦਾ ਸਿਆਸੀ, ਸਮਾਜਿਕ, ਆਰਥਿਕ ਆਦਿ ਪ੍ਰਸਥਿਤੀਆਂ ਨੂੰ ਸਮਝਿਆ ਜਾਵੇ। ਜਿਉਂ-ਜਿਉਂ ਪੰਜਾਬ ਦੀ ਆਰਥਿਕਤਾ ਵਿਸ਼ਵ-ਮੰਡੀ ਨਾਲ ਜੁੜ ਰਹੀ ਹੈ ਤਿਉਂ-ਤਿਉਂ ਪੰਜਾਬ ਦਾ ਨੌਜਵਾਨ ਵਰਗ ਇਲੈਕਟ੍ਰਾਨਿਕ ਮੀਡੀਆ ਨਾਲ ਵਧੇਰੇ ਜੁੜ ਰਿਹਾ ਹੈ। ਸਿੱਟੇ ਵਜੋਂ ਪੰਜਾਬ ਦੀ ਨੌਜਵਾਨੀ ਪ੍ਰਿੰਟ ਮੀਡੀਏ ਤੋਂ ਟੁੱਟ ਕੇ ਇਲੈਕਟ੍ਰਾਨਿਕ ਮੀਡੀਏ ਵੱਲ ਵਧ ਰਹੀ ਹੈ। ਇਸ ਤਬਦੀਲੀ ਨੇ ਸਾਹਿਤ ਨੂੰ ਵਿਸ਼ੇਸ਼ ਕਰਕੇ ਕਹਾਣੀ ਨੂੰ ਬਹੁਤ ਵੱਡੀ ਸੱਟ ਮਾਰੀ ਹੈ। ਪੰਜਾਬ ਵਿੱਚ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪ੍ਰਿਟ ਮੀਡੀਏ ਦੀ ਆਮਦ ਨੇ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਦੀ ਪ੍ਰਫੁਲਤਾ ਲਈ ਭਰਪੂਰ ਯੋਗਦਾਨ ਦਿੱਤਾ ਸੀ। ਪ੍ਰਿੰਟ ਮੀਡੀਏ ਦੀ ਲੋੜ ਵਿੱਚੋਂ ਹੀ ਪੰਜਾਬੀ ਵਾਰਤਕ, ਕਹਾਣੀ, ਕਵਿਤਾ, ਗ਼ਜ਼ਲ ਇੱਥੋਂ ਤੱਕ ਕਿ ਨਾਵਲ ਨੇ ਨਵੀਆਂ ਸੰਭਾਵਨਾਵਾਂ ਨੂੰ ਉਜਾਗਰ ਕੀਤਾ ਸੀ। ਇਨ੍ਹਾਂ ਸੰਭਾਵਨਾਵਾਂ ਦਾ ਹੀ ਸਿੱਟਾ ਸੀ ਕਿ ਪੰਜਾਬੀ ਕਵਿਤਾ, ਕਹਾਣੀ, ਗ਼ਜ਼ਲ, ਨਾਵਲ ਆਦਿ ਸਾਹਿਤ ਰੂਪ ਭਾਰਤੀ ਸਾਹਿਤ ਦੇ ਹਾਣ ਦੇ ਹੋਣ ਲੱਗੇ। ਪੰਜਾਬੀ ਕਹਾਣੀ ਨੂੰ ਤਾਂ ਕਈ ਵਾਰ ਵਿਸ਼ਵ ਪੱਧਰ 'ਤੇ ਲਿਖੀ ਜਾਣ ਵਾਲੀ ਕਹਾਣੀ ਦੇ ਹਾਣ ਦੀ ਕਹਾਣੀ ਵੀ ਕਿਹਾ ਗਿਆ। ਇਹ ਦਾਅਵੇ ਭਾਵੇਂ ਪੂਰੀ ਤਰ੍ਹਾਂ ਠੀਕ ਨਹੀਂ ਸਨ ਪਰ ਇਨ੍ਹਾਂ ਵਿੱਚ ਕਾਫ਼ੀ ਸੱਚਾਈ ਸੀ। ਪੰਜਾਬੀ ਸਾਹਿਤ ਦੀ ਦੂਸਰੀ ਤੇ ਤੀਸਰੀ ਪੀੜ੍ਹੀ ਨੇ ਪ੍ਰਗਤੀਸ਼ੀਲ ਸਾਹਿਤ ਲਹਿਰ ਦੇ ਚੱਲਦਿਆਂ ਆਪਣੀ ਸਿਰਜਣਾਤਮਕ ਤਾਕਤ ਦਾ ਲੋਹਾ ਮੰਨਵਾਇਆ ਸੀ। ਪੰਜਾਬੀ ਕਹਾਣੀ ਤਾਂ ਪੰਜਾਬ ਦੀਆਂ ਵੱਖ-ਵੱਖ ਸਮੱਸਿਆਵਾਂ, ਸਰੋਕਾਰਾਂ, ਸੰਕਟਾਂ, ਸੰਭਾਵਨਾਵਾਂ ਆਦਿ ਨਾਲ ਦਸਤਪੰਜਾ ਲੈਂਦੀ ਹੋਈ ਪਾਠਕਾਂ ਦਾ ਸਭ ਤੋਂ ਵੱਧ ਧਿਆਨ ਖਿੱਚਦੀ ਰਹੀ। ਸੋ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬੀ ਵਿੱਚ ਪ੍ਰਫੁੱਲਤ ਹੋਏ ਪ੍ਰਿੰਟ ਮੀਡੀਆ ਨੇ ਪੰਜਾਬੀ ਕਹਾਣੀਕਾਰਾਂ ਨੂੰ ਵੱਖ-ਵੱਖ ਲਹਿਰਾਂ, ਦ੍ਰਿਸ਼ਟੀਆਂ ਤੇ ਦ੍ਰਿਸ਼ਟੀਕੋਣਾਂ ਨਾਲ ਜੋੜੀ ਰੱਖਿਆ।

1990 ਤੋਂ ਬਾਅਦ ਭਾਰਤ ਤੇ ਪੰਜਾਬ ਵਿੱਚ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਇਲੈਕਟ੍ਰਾਨਿਕ ਮੀਡੀਏ ਦੀ ਅਮਦ ਕਾਰਨ ਸਿਰਫ਼ ਪ੍ਰਿੰਟ ਮੀਡੀਏ ਨੂੰ ਹੀ ਢਾਹ ਨਾ ਲੱਗੀ ਸਗੋਂ ਇਸ ਨੇ ਪੰਜਾਬੀ ਦੇ ਨੌਜਵਾਨ ਸਾਹਿਤਕਾਰਾਂ ਦੀ ਸੰਵੇਦਨਸ਼ੀਲਤਾ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਵਿਸ਼ਵੀਕਰਨ ਦੇ ਦੌਰ ਵਿੱਚ ਲੋਕ-ਪੱਖੀ ਸਾਹਿਤ ਨੂੰ ਹਾਸ਼ੀਏ ਵੱਲ ਧੱਕਣ ਲਈ ਨਵੇਂ-ਨਵੇਂ ਵਾਦ ਤੇ ਵਿਚਾਰਧਾਰਾਵਾਂ ਸਾਹਮਣੇ ਆਈਆਂ। ਪ੍ਰਗਤੀਸ਼ੀਲ ਸੋਚ ਵਾਲੇ ਸਾਹਿਤਕਾਰ ਵਿਸ਼ਵੀਕਰਨ ਦੀ ਹਨੇਰੀ ਵਿੱਚ ਗੁਆਚਣ ਲੱਗੇ। ਕਹਾਣੀਆਂ ਦਾ ਨਵਾਂ ਪੋਚ ਵਿਸ਼ਵੀਕਰਨ ਤੇ ਇਲੈਕਟ੍ਰਾਨਿਕ ਮੀਡੀਏ ਦੇ ਪ੍ਰਭਾਵ ਹੇਠ ਵਿਚਾਰਧਾਰਾ ਰਹਿਤ ਆਪਣੀਆਂ ਕਹਾਣੀਆਂ ਲਿਖਣ ਵੱਲ ਅਹੁਲਣ ਲੱਗਾ। ਇਸ ਦੌਰ ਵਿੱਚ ਹੀ ਪੰਜਾਬੀ ਵਿੱਚ ਦਲਿਤ ਕਹਾਣੀ ਦੀ ਆਮਦ ਪੂਰੇ ਜ਼ੋਰ-ਜ਼ੋਰ ਨਾਲ ਹੋਈ। ਪੰਜਾਬੀ ਕਹਾਣੀ ਆਪਣਾ ਜਮਾਤੀ ਨਜ਼ਰੀਆ ਤਿਆਗ ਕੇ ਜਾਤੀ ਸਮੀਕਰਨਾਂ ਵਿੱਚ ਫਸਣ ਲੱਗੀ। ਲੋੜ, ਜਾਤੀ ਤੇ ਜਮਾਤੀ ਕਤਾਰਬੰਦੀਆਂ ਨੂੰ ਸਮਝ ਕੇ ਪੰਜਾਬ ਦੇ ਦਲਿਤ ਤੇ ਗਰੀਬ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਨਾਲ ਦਸਤਪੰਜਾ ਲੈਣ ਦੀ ਸੀ। ਪਰ ਜਿਸ ਤਰ੍ਹਾਂ ਪ੍ਰਗਤੀਸ਼ੀਲ ਕਹਾਣੀ ਆਪਣਾ ਫੋਕਸ ਕਿਸਾਨੀ ਦੀਆਂ ਸਮੱਸਿਆਵਾਂ ਨੂੰ ਬਣਾਉਂਦੀ ਰਹੀ ਉਸੇ ਤਰ੍ਹਾਂ ਦਲਿਤ ਕਹਾਣੀ ਦੀ ਸਮੱਸਿਆ ਦਲਿਤਾਂ ਵਿੱਚੋਂ ਉਭਰੀ ਇੱਕ ਖ਼ਾਸ ਜਮਾਤ ਤਕ ਮਹਿਦੂਦ ਹੋ ਕੇ ਰਹਿ ਗਈ। ਪੰਜਾਬ ਦੇ ਸਭ ਤੋਂ ਹਾਸ਼ੀਆਗਤ ਵਰਗਾਂ, ਜਾਤਾਂ ਤੇ ਪਾਤਰਾਂ ਦਾ ਚਿਤਰਣ ਤਾਂ ਨਾ-ਮਾਤਰ ਹੀ ਹੋਇਆ। ਸਿੱਟੇ ਵਜੋਂ, ਪੰਜਾਬੀ ਕਹਾਣੀ ਵਿਸ਼ੇ ਵਜੋਂ ਸੁੰਗੜਦੀ ਗਈ। ਪੰਜਾਬੀ ਕਹਾਣੀਕਾਰਾਂ ਦੇ ਨਵੇਂ ਪੂਰ ਦੀਆਂ ਆਪਣੀਆਂ ਜਾਤੀ ਤੇ ਜਮਾਤੀ ਹੱਦਬੰਦੀਆਂ ਸਨ। ਇਨ੍ਹਾਂ ਹੱਦਬੰਦੀਆਂ ਕਰਕੇ ਉਹ ਪੰਜਾਬ ਵਿੱਚ ਵਿਸ਼ਵੀਕਰਨ ਦੀ ਮਾਰ ਝੇਲਦੇ ਅੱਤ-ਲਤਾੜੇ ਜਾ ਰਹੇ ਲੋਕਾਂ ਦੀ ਵੱਡੀ ਆਵਾਜ਼ ਨਾ ਬਣ ਸਕਿਆ। ਪੰਜਾਬੀ ਕਹਾਣੀਕਾਰਾਂ ਦਾ ਨਵਾਂ ਪੂਰ ਵਿਸ਼ਵੀਕਰਨ ਦੀਆਂ ਅਲਾਮਤਾਂ ਵਿੱਚ ਵੱਡਾ ਹੋਇਆ ਹੈ। ਇਹ ਅਲਾਮਤਾਂ ਉਸ ਦੇ ਬਾਹਰ ਵੀ ਹਨ ਤੇ ਅੰਦਰ ਵੀ। ਇਲੈਕਟ੍ਰਾਨਿਕ ਮੀਡੀਏ ਦੀ ਹਰ ਦਿਨ ਵਧ ਰਹੀ ਤਾਕਤ ਨੇ ਇਨ੍ਹਾਂ ਅਲਾਮਤਾਂ ਉਪਰ ਤੇਲ ਛਿੜਕਣ ਦਾ ਕੰਮ ਕੀਤਾ ਹੈ।

ਨਿੱਤ ਵਧ ਰਹੇ ਸ਼ਹਿਰੀਕਰਨ, ਪੂੰਜੀਵਾਦ ਦਾ ਹੋ ਰਿਹਾ ਗੈਰ-ਯੋਜਨਾਬੱਧ ਵਿਕਾਸ, ਤਬਾਹ ਹੋ ਰਿਹਾ ਵਾਤਾਵਰਣ, ਪੰਜਾਬੀਆਂ ਦੀ ਡਿੱਗ ਰਹੀ ਮਾਨਸਿਕ ਤੇ ਸਰੀਰਕ ਸਿਹਤ ਆਦਿ ਨੇ ਪੰਜਾਬੀ ਕਹਾਣੀ ਦੇ ਬਿਰਤਾਂਤ ਨੂੰ ਕਾਫ਼ੀ ਬਦਲਿਆ ਹੈ। ਇਹਨਾਂ ਅਲਾਮਤਾਂ ਦੇ ਚਲਦਿਆਂ ਕਹਾਣੀ ਨੂੰ ਇਕਹਿਰੇ ਬ੍ਰਿਤਾਂਤ ਰਾਹੀ ਲਿਖਿਆ ਨਹੀਂ ਜਾ ਸਕਦਾ। ਜੇ ਲਿਖਿਆ ਵੀ ਜਾਵੇਗਾ ਤਾਂ ਉਹ ਕਹਾਣੀ ਆਪਣਾ ਸਹੀ ਪ੍ਰਭਾਵ ਨਹੀਂ ਛੱਡ ਸਕੇਗੀ। ਇਸ ਲਈ ਕਹਾਣੀਕਾਰ ਆਪਣੀ ਸਮਰੱਥਾ ਮੁਤਾਬਕ ਜਟਿਲ ਬਿਰਤਾਂਤ ਸਿਰਜਣ ਦਾ ਯਤਨ ਕਰਦਾ ਹੈ। ਜਟਿਲ ਬਿਰਤਾਂਤ ਸਿਰਜਣ ਲਈ ਕਹਾਣੀਕਾਰ ਨੂੰ ਲੰਮਾ ਜੀਵਨ ਤਜਰਬਾ, ਯੋਗਤਾ, ਗਹਿਰਾਈ, ਕਲਾਤਮਿਕਤਾ ਆਦਿ ਦੀ ਲੋੜ ਹੁੰਦੀ ਹੈ। ਪਰ ਸਾਡੇ ਨਵੇਂ ਪੂਰ ਦੇ ਕਹਾਣੀਕਾਰਾਂ ਕੋਲ ਇਸ ਸਭ ਕਾਸੇ ਦੀ ਕਾਫ਼ੀ ਘਾਟ ਰੜਕਦੀ ਹੈ। ਨਤੀਜੇ ਵਜੋਂ ਪੰਜਾਬੀ ਕਹਾਣੀ ਕਥਾ-ਰਸ ਤੋਂ ਬੇਮੁਖ ਹੋ ਰਹੀ ਹੈ। ਵੱਖ-ਵੱਖ ਘਟਨਾਵਾਂ ਨੂੰ ਕਥਾ-ਰਸ ਰਾਹੀ ਪੇਸ਼ ਕਰਨਾ ਕਹਾਣੀ ਦਾ ਬੁਨਿਆਦੀ ਤੱਤ ਹੈ। ਪਰ ਸਾਡਾ ਨਵਾਂ ਕਹਾਣੀਕਾਰ ਘਟਨਾਵਾਂ ਨੂੰ ਪੇਸ਼ ਕਰਨ ਦੇ ਲਾਲਚ ਵੱਸ ਬੇਲੋੜਾ ਵਿਸਥਾਰ ਕਰੀ ਜਾਂਦਾ ਹੈ, ਜਿਸ ਕਾਰਨ ਕਹਾਣੀ ਵਿਚਲੀ ਕਥਾ ਸ਼ਿਲਪ, ਭਾਸ਼ਾ, ਸ਼ੈਲੀ ਆਦਿ ਵਿੱਚ ਨੀਰਸਤਾ ਆਉਣ ਲੱਗਦੀ ਹੈ। ਇਹੋ ਕਾਰਨ ਹੈ ਕਿ ਭਾਵੇਂ ਨੀਰਸਤਾ ਕਾਰਨ ਪੰਜਾਬੀ ਕਹਾਣੀ ਵਿੱਚ ਇੱਕ ਖੜੋਤ ਨਜ਼ਰ ਆਉਣ ਲੱਗੀ ਹੈ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਪੰਜਾਬ ਦੀਆਂ ਮੌਜੂਦਾ ਸਿਆਸੀ, ਸਮਾਜਿਕ, ਆਰਥਿਕ ਆਦਿ ਹਾਲਾਤ ਕਾਰਨ ਨਾ ਤਾਂ ਵੱਡੀ ਪੱਧਰ 'ਤੇ ਨਵਾਂ ਕਹਾਣੀ ਪਾਠਕ ਤਿਆਰ ਹੋਇਆ ਹੈ ਤੇ ਨਾ ਹੀ ਪੰਜਾਬੀ ਕਹਾਣੀਕਾਰ ਪਹਿਲਾਂ ਵਾਂਗ ਕਹਾਣੀ ਨੂੰ ਸ਼ਿੱਦਤ ਨਾਲ ਲਿਖ ਰਹੇ ਹਨ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ

ਇਸ ਸਮੇਂ ਪੰਜਾਬੀਆਂ ਦੀ ਗਿਣਤੀ ਲਗਭਗ ਤੇਰਾਂ ਕਰੋੜ ਮੰਨੀ ਜਾਂਦੀ ਹੈ। ਪਰ ਪੰਜਾਬੀ ਕਹਾਣੀਆਂ ਦੀ ਕਿਤਾਬ ਤੇਰਾਂ ਸੌ ਵੀ ਨਹੀਂ ਵਿਕਦੀ। ਇਹ ਸੰਕਟ ਕੇਵਲ ਪੰਜਾਬੀ ਕਹਾਣੀ ਦਾ ਹੀ ਨਹੀਂ ਸਗੋਂ ਪੰਜਾਬੀ ਭਾਸ਼ਾ ਦਾ ਵੀ ਹੈ। ਜੇਕਰ ਅਜਿਹਾ ਕੁਝ ਸਮਾਂ ਹੋਰ ਚੱਲਦਾ ਰਿਹਾ ਤਾਂ ਯੂਨੈਸਕੋ ਦੀ ਪੰਜਾਬੀ ਭਾਸ਼ਾ ਬਾਰੇ ਕੀਤੀ ਭਵਿੱਖਬਾਣੀ ਸਹੀ ਸਾਬਤ ਹੋਵੇਗੀ।

ਉਪਰੋਕਤ ਸੰਕਟਾਂ ਦੇ ਬਾਵਜੂਦ ਇਸ ਸਮੇਂ ਪੰਜਾਬ ਵਿੱਚ ਤਿੰਨ ਪੀੜ੍ਹੀਆਂ ਦੇ ਕਹਾਣੀਕਾਰ ਆਪਣੇ-ਆਪਣੇ ਪੱਧਰ 'ਤੇ ਚੰਗੀਆਂ ਕਹਾਣੀਆਂ ਵੀ ਲਿਖ ਰਹੇ ਹਨ। ਜਿਵੇਂ ਪਹਿਲਾਂ ਕਿਹਾ ਕਿ ਵਿਸ਼ਵੀਕਰਨ ਦੇ ਦੌਰ ਵਿੱਚ, ਤਿੰਨਾਂ ਪੀੜ੍ਹੀਆਂ ਦੇ ਕਹਾਣੀਕਾਰ ਆਪਣੇ-ਆਪਣੇ ਦ੍ਰਿਸ਼ਟੀਕੋਣ ਮੁਤਾਬਿਕ ਵਿਸ਼ਵੀਕਰਨ ਦੇ ਸਾਡੇ ਲੋਕਾਂ ਉੱਪਰ ਪੈਣ ਵਾਲੇ ਪ੍ਰਭਾਵ ਦਾ ਨੋਟਸ ਲੈ ਰਹੇ ਹਨ। ਪਿਛਲੇ ਸਮੇਂ ਦੌਰਾਨ ਵਿਸ਼ਵੀਕਰਨ ਨਾਲ ਸੰਬੰਧਤ ਖ਼ੂਬਸੂਰਤ ਕਹਾਣੀਕਾਰਾਂ ਦੀ ਰਚਨਾ ਵੀ ਹੋਈ ਹੈ ਅਤੇ ਇਹ ਕਹਾਣੀਆਂ ਪੰਜਾਬੀ ਪਾਠਕਾਂ ਵਿੱਚ ਚਰਚਾ ਦਾ ਵਿਸ਼ਾ ਵੀ ਰਹੀਆਂ ਹਨ। ਵਿਸ਼ਵੀਕਰਨ ਦੇ ਸਿੱਟੇ ਵਜੋਂ ਭਾਵੇਂ ਛੋਟੀ ਕਿਸਾਨੀ ਦੀ ਸਮੱਸਿਆ ਹੋਵੇ ਭਾਵੇਂ ਦਲਿਤ ਲੋਕਾਂ ਦੀ ਦਾਸਤਾਨ ਪੰਜਾਬੀ ਕਹਾਣੀਕਾਰਾਂ ਵਿਚਲਾ ਇੱਕ ਹਿੱਸਾ ਇਸ ਤਬਦੀਲੀ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰ ਰਿਹਾ ਹੈ। ਪੰਜਾਬ ਦੇ ਹਾਸ਼ੀਆਗਤ ਹੋ ਰਹੇ ਵਰਗਾਂ, ਜਾਤਾਂ, ਤੇ ਕਬੀਲਿਆਂ ਦੀਆਂ ਸੰਵੇਦਨਾਵਾਂ ਨੂੰ ਸਿਰਜਣ ਵਾਲੇ ਇਨ੍ਹਾਂ ਕਹਾਣੀਕਾਰਾਂ ਨੂੰ ਪੰਜਾਬੀ ਕਹਾਣੀ ਦੇ ਖੇਤਰ ਵਿੱਚ ਬੜੀ ਤੇਜ਼ੀ ਨਾਲ ਮਾਨਤਾ ਵੀ ਮਿਲ ਰਹੀ ਹੈ। ਇਹ ਕਹਾਣੀਕਾਰ ਪੰਜਾਬੀ ਕਹਾਣੀ ਵਿੱਚ ਆ ਰਹੀ ਖੜੋਤ ਨੂੰ ਤੋੜਨ ਦਾ ਭਰਪੂਰ ਯਤਨ ਕਰ ਰਹੇ ਹਨ।

ਜਿੱਥੋਂ ਤੀਕ ਤਿੰਨ ਪੀੜ੍ਹੀਆਂ ਦੀ ਪੇਸ਼ਕਾਰੀ ਦਾ ਸਵਾਲ ਹੈ, ਤਿੰਨੋ ਪੀੜ੍ਹੀਆਂ ਦੇ ਸਮਰੱਥਾਵਾਨ ਕਹਾਣੀਕਾਰ ਆਪਣੀ-ਆਪਣੀ ਸਮਰੱਥਾ ਮੁਤਾਬਿਕ ਰਚਨਾ ਕਰ ਰਹੇ ਹਨ। ਦੂਸਰੀ ਪੀੜ੍ਹੀ ਦਲਿਤ ਜੀਵਨ ਨੂੰ ਆਪਣਾ ਸਰੋਕਾਰ ਸਮਝਦੀ ਹੈ। ਤੀਸਰੀ ਪੀੜ੍ਹੀ ਦਲਿਤ ਅਤੇ ਛੋਟੀ ਕਿਸਾਨੀ ਦੇ ਜੀਵਨ ਯਥਾਰਥ ਨੂੰ ਸਮਾਨਾਂਤਰ ਰੂਪ ਵਿੱਚ ਪੇਸ਼ ਕਰਨ ਦੇ ਯਤਨ ਵਿੱਚ ਹੈ। ਤਿੰਨ੍ਹਾਂ ਪੀੜ੍ਹੀਆਂ ਦੀ ਸਮਾਜਿਕ ਤੇ ਸਿਆਸੀ ਚੇਤਨਾ ਵਿੱਚ ਅੰਤਰ ਹੋਣਾ ਕੁਦਰਤੀ ਹੈ। ਇਸ ਕਰਕੇ ਤਿੰਨ੍ਹਾਂ ਪੀੜ੍ਹੀਆਂ ਦੇ ਕਹਾਣੀਕਾਰਾਂ ਵਿੱਚ ਸਮਾਜ ਨੂੰ ਸਮਝਣ ਦਾ ਅਤੇ ਰਚਨਾਤਮਕ ਪਹੁੰਚ ਨੂੰ ਅਪਨਾਉਣ ਵਿੱਚ ਅੰਤਰ ਹੋਣਾ ਲਾਜ਼ਮੀ ਹੈ। ਇਸ ਕਰਕੇ ਤਿੰਨ੍ਹਾਂ ਪੀੜ੍ਹੀਆਂ ਦੇ ਕਹਾਣੀਕਾਰਾਂ ਵਿੱਚ ਵਿਸ਼ੇ ਤੇ ਰੂਪਕ ਪੱਖ ਤੋਂ ਤਬਦੀਲੀਆਂ ਹੋਣ ਦਾ ਸਿਲਸਿਲਾ ਜਾਰੀ ਹੈ। ਪਹਿਲੀ ਪੀੜ੍ਹੀ ਕਿਸਾਨੀ ਵਿੱਚੋਂ ਆਈ ਹੋਣ ਕਰਕੇ ਕਿਸਾਨੀ ਵਿਚਾਰਧਾਰਾ ਤੇ ਚੇਤਨਾ ਨੂੰ ਪ੍ਰਗਟ ਕਰਦੀ ਰਹੀ। ਕਿਸਾਨੀ ਜੀਵਨ ਵਿੱਚੋਂ ਆਉਣ ਕਰਕੇ ਇਹ ਪੀੜ੍ਹੀ ਦਲਿਤ ਜੀਵਨ ਨੂੰ ਵਿੱਥ 'ਤੇ ਖਲੋ ਕੇ ਹੀ ਚਿਤਰਦੀ ਰਹੀ। ਇਹੋ ਕਾਰਨ ਸੀ ਕਿ ਪ੍ਰਗਤੀਸ਼ੀਲ ਕਹਾਣੀ ਦਲਿਤ ਜੀਵਨ ਦੀ ਗਹਿਰਾਈਆਂ, ਗੁੰਝਲਾਂ ਤੇ ਹਾਲਾਤ ਨੂੰ ਉਸ ਸ਼ਿੱਦਤ ਨਾਲ ਨਾ ਪੇਸ਼ ਕਰ ਸਕੀ ਜੋ ਬਾਅਦ ਵਿੱਚ ਦਲਿਤ ਕਹਾਣੀਕਾਰਾਂ ਨੇ ਪੇਸ਼ ਕੀਤੇ। ਵੀਹਵੀਂ ਸਦੀ ਦਾ ਨੌਵਾਂ ਦਹਾਕਾ ਪੰਜਾਬੀ ਵਿੱਚ ਦਲਿਤ ਕਹਾਣੀ ਦੇ ਉਭਾਰ ਦਾ ਦਹਾਕਾ ਸੀ। ਦਲਿਤ ਕਹਾਣੀ ਨੇ ਪੰਜਾਬੀ ਕਹਾਣੀ ਦੇ ਅੰਬਰ ਨੂੰ ਹੋਰ ਫੈਲਾਉਣ ਦਾ ਯਤਨ ਕੀਤਾ। ਦਲਿਤ ਪਾਤਰਾਂ ਦੀ ਮਾਨਸਿਕ ਬਣਤਰ, ਭਾਸ਼ਾ, ਜੀਵਨ ਆਦਿ ਵੱਖ-ਵੱਖ ਪਹਿਲੂਆਂ ਬਾਰੇ ਇਹ ਕਹਾਣੀਆਂ ਬਹੁਤ ਹੀ ਕਲਾਤਮਿਕਤਾ ਨਾਲ ਪੰਜਾਬੀ ਕਹਾਣੀ ਨੂੰ ਬੁਲੰਦੀਆਂ ਬਖ਼ਸ਼ਦੀਆਂ ਹਨ। ਵੀਹਵੀਂ ਸਦੀ ਦਾ ਨੌਵਾਂ ਦਹਾਕਾ ਪੰਜਾਬ ਦੇ ਦਲਿਤਾਂ ਤੇ ਗਰੀਬ ਕਿਸਾਨੀ ਲਈ ਅਤਿਅੰਤ ਸੰਕਟਾਂ ਦਾ ਸਮਾਂ ਸੀ। ਇਸ ਸਮੇਂ ਦੌਰਾਨ ਜਿਥੇ ਬਿਜਲਈ ਮੀਡੀਆ ਸਾਹਿਤ ਤੇ ਕਹਾਣੀ ਲਈ ਸੰਕਟਗ੍ਰਸਤ ਸਾਬਤ ਹੋਇਆ ਉਥੇ ਵਿਸ਼ਵੀਕਰਨ ਦੀਆਂ ਨੀਤੀਆਂ ਨੇ ਸਭ ਤੋਂ ਹੇਠਲੇ ਵਰਗਾਂ ਤੇ ਜਾਤਾਂ ਦੇ ਲੋਕਾਂ ਨੂੰ ਅਨੇਕਾਂ ਦੁਸ਼ਵਾਰੀਆਂ ਦੇ ਸਾਹਮਣੇ ਲੈ ਆਂਦਾ। ਇਹ ਦੁਸ਼ਵਾਰੀਆਂ ਨੌਵੇਂ ਦਹਾਕੇ ਦੀ ਕਹਾਣੀ ਦਾ ਵਿਸ਼ਾ ਬਣਦੀਆਂ ਰਹੀਆਂ। ਨਵੀਂ ਪੀੜ੍ਹੀ ਦੇ ਕਹਾਣੀਕਾਰਾਂ ਨੇ ਖ਼ੁਦ ਇਨ੍ਹਾਂ ਦੁਸ਼ਵਾਰੀਆਂ ਨੂੰ ਸਹਿਣ ਕੀਤਾ ਤੇ ਇਨ੍ਹਾਂ ਨੂੰ ਆਪਣੀਆਂ ਕਹਾਣੀਆਂ ਵਿਚ

ਸਿਰਜਿਆ।

ਵਿਸ਼ਵੀਕਰਨ ਦਾ ਦੌਰ ਜਿਥੇ ਬਿਜਲਈ ਮੀਡੀਏ ਦੀ ਪ੍ਰਧਾਨਤਾ ਦਾ ਦੌਰ ਹੈ ਉਥੇ ਇਸ ਨੇ ਪੰਜਾਬੀ ਸਭਿਆਚਾਰ , ਸਿਆਸਤ, ਧਰਮ, ਆਰਥਿਕਤਾ ਆਦਿ ਨੂੰ ਵੀ ਗਹਿਰੇ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਮੀਡੀਏ ਤੇ ਮੰਡੀ ਦੀਆਂ ਲੋੜਾਂ ਅਨੁਸਾਰ ਢਾਲੇ ਜਾ ਰਹੇ ਪੰਜਾਬੀ ਅਵਚੇਤਨ ਨੂੰ ਬਾਜ਼ਾਰ ਤੇ ਕਾਮ ਨੇ ਘੇਰਾ ਪਾ ਲਿਆ। ਪੰਜਾਬੀ ਕਹਾਣੀਆਂ ਦਾ ਇਕ ਹਿੱਸਾ ਕਾਮ ਸੰਬੰਧਾਂ ਨੂੰ ਬੇਬਾਕੀ ਨਾਲ ਪੇਸ਼ ਕਰਨ ਲੱਗਾ। ਕਾਮ ਸੰਬਧਾਂ ਦੀ ਪੇਸ਼ਕਾਰੀ ਜੇਕਰ ਕਲਾਤਮਿਕਤਾ ਤੇ ਰਚਨਾਤਮਿਕਤਾ ਦੀਆਂ ਸੀਮਾਵਾਂ ਵਿਚ ਰਹਿ ਕੇ ਹੁੰਦੀ ਹੈ ਤਾਂ ਇਹ ਕੋਈ ਮਾੜੀ ਗੱਲ ਨਹੀਂ ਹੈ। ਪਰ ਜਦੋਂ ਸਾਡੇ ਸਾਹਿਤਕਾਰ ਕਾਮ ਸੰਬੰਧਾਂ ਨੂੰ ਪਾਠਕ ਦੀਆਂ ਕਾਮ ਪ੍ਰਵਿਰਤੀਆਂ ਨੂੰ ਪ੍ਰਫੁਲਤ ਕਰਨ ਦੀ ਹੱਦ ਤੱਕ ਚਲੇ ਜਾਂਦੇ ਹਨ ਤਾਂ ਅਜਿਹੀਆਂ ਕਹਾਣੀਆਂ ਬਾਰੇ ਸਵਾਲ ਪੈਦਾ ਹੋਣੇ ਕੁਦਰਤੀ ਹਨ। ਸਭਿਆ ਸਮਾਜ ਵਿਚ ਕਾਮ ਸੰਬੰਧ ਸਮਾਜਿਕ ਤੇ ਸਭਿਆਚਾਰਕ ਸੀਮਾ ਵਿਚ ਹੀ ਪ੍ਰਗਟਾਉਣੇ ਚੰਗੇ ਲੱਗਦੇ ਹਨ। ਛੇਤੀ ਸਥਾਪਤ ਹੋਣ ਲਈ ਜਾਂ ਸਨਸਨੀ ਫੈਲਾਉਣ ਲਈ ਲਿਖੀ ਜਾ ਰਹੀ ਕਹਾਣੀ ਨੂੰ ਹਰ ਹਾਲਤ ਵਿਚ ਰੱਦ ਕੀਤਾ ਜਾਣਾ ਚਾਹੀਦਾ ਹੈ। ਕਾਰਪੋਰੇਟ ਪੂੰਜੀ ਦੀ ਗ੍ਰਿਫਤ ਵਿਚ ਆਏ ਮੀਡੀਏ ਦੀਆਂ ਲੋੜਾਂ ਅਨੁਸਾਰ ਔਰਤ ਦੇ ਜਿਸਮ ਦੀ ਹੁੰਦੀ ਨੁਮਾਇਸ਼ ਤੇ ਕਾਮ ਸੰਬੰਧਾਂ ਨੂੰ ਪਸ਼ੂਪੁਣੇ ਦੀ ਹੱਦ ਤੱਕ ਘਟਾ ਕੇ ਪੇਸ਼ ਕਰਨਾ ਸਾਹਿਤ ਦਾ ਸਰੋਕਾਰ ਨਹੀਂ ਹੋਣਾ ਚਾਹੀਦਾ।

ਪੰਜਾਬੀ ਕਹਾਣੀ ਹਮੇਸ਼ਾ ਆਪਣੀ ਪ੍ਰਗਤੀਸ਼ੀਲ ਪ੍ਰਵਿਰਤੀ ਕਰਕੇ ਜਾਣੀ ਜਾਂਦੀ ਰਹੀ ਹੈ। ਲਗਭਗ ਇਕ ਸਦੀ ਵਿਚ ਫੈਲੇ ਪੰਜਾਬੀ ਕਹਾਣੀ ਦੇ ਇਤਿਹਾਸ ਤੋਂ ਸਹਿਜੇ ਹੀ ਅੰਦਾਜ਼ਾ ਲੱਗ ਜਾਦਾ ਹੈ ਕਿ ਪੰਜਾਬੀ ਕਹਾਣੀ ਨੇ ਮਨੁੱਖ ਦੀਆਂ ਮਾਨਸਿਕ ਗੁੰਝਲਾਂ ਨੂੰ ਪ੍ਰਗਤੀਸ਼ੀਲ ਦ੍ਰਿਸ਼ਟੀ ਤੋਂ ਖੋਲਣ ਦਾ ਯਤਨ ਕੀਤਾ ਹੈ। ਆਪਣੀ ਪ੍ਰਗਤੀਸ਼ੀਲ ਦ੍ਰਿਸ਼ਟੀ ਤੇ ਕਲਾਤਮਿਕਤਾ ਦੀਆਂ ਉਚਾਈਆਂ ਨੂੰ ਛੂੰਹਦੀ ਹੋਈ ਪੰਜਾਬੀ ਕਹਾਣੀ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਿਚ ਵੀ ਸਵੀਕਾਰੀ ਜਾਂਦੀ ਰਹੀ ਹੈ। ਪੰਜਾਬੀ ਦੇ ਲਗਭਗ ਸਾਰੇ ਮਹੱਤਵਪੂਰਨ ਕਹਾਣੀਕਾਰ ਘੱਟ ਜਾਂ ਵੱਧ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਕੇ ਛਪਦੇ ਰਹੇ ਹਨ। ਸੋ, ਪੰਜਾਬੀ ਕਹਾਣੀਕਾਰਾਂ ਨੂੰ ਆਪਣੇ ਗੌਰਵਮਈ ਤੇ ਪ੍ਰਗਤੀਸ਼ੀਲ ਅਤੀਤ ਤੋਂ ਪ੍ਰੇਰਣਾ ਲੈ ਕੇ ਭਵਿੱਖ ਵਿਚ ਵੀ ਹਾਸ਼ੀਆਗਤ, ਦਲਿਤ, ਦਮਿਤ, ਔਰਤ, ਬੱਚੇ, ਪੱਛੜੇ ਕਬੀਲੇ ਆਦਿ ਦੀਆਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਵਿਚ ਸਿਰਜਣਾ ਚਾਹੀਦਾ ਹੈ। ਇਹ ਉਹ ਲੋਕ ਹਨ ਜੋ ਅਜੋਕੇ ਕਾਰਪੋਰੇਟ ਪੂੰਜੀਵਾਦ ਦੀ ਸਭ ਤੋਂ ਵੱਧ ਮਾਰ ਹੇਠ ਹਨ। ਪੰਜਾਬੀ ਪਾਠਕ ਨੂੰ ਇਨ੍ਹਾਂ ਦੀਆਂ ਮਾਨਸਿਕ, ਸਰੀਰਕ, ਆਰਥਿਕ, ਸਮਾਜਿਕ, ਸਭਿਆਚਾਰਕ ਆਦਿ ਸਮੱਸਿਆਵਾਂ ਤੋਂ ਜਾਣੂ ਕਰਵਾਉਣਾ ਪੰਜਾਬੀ ਕਹਾਣੀਕਾਰਾਂ ਦਾ ਮੁਕੱਦਸ ਫਰਜ਼ ਹੋਣਾ ਚਾਹੀਦਾ।

ਜੇ. ਬੀ. ਸੇਖੋਂ

ਅਜੋਕੇ ਦੌਰ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਦੇ ਬਿਰਤਾਂਤਕਾਰੀ ਵਿਚ ਜਟਿਲਤਾ ਆ ਰਹੀ ਹੈ। ਇਸਦਾ ਵੱਡਾ ਕਾਰਨ ਸਮਕਾਲੀ ਵਸਤੂ-ਯਥਾਰਥ ਦੇ ਸਰੋਕਾਰ ਅਤੇ ਸੰਦਰਭ ਹਨ। ਪਿਛਲੇ ਇਕ ਡੇਢ ਦਹਾਕੇ ਤੋਂ ਪੰਜਾਬੀ ਸਮਾਜ ਜਿਸ ਕਿਸਮ ਦੇ ਤੇਜ਼ ਤਰਾਰ ਵਿਕਾਸ ਵਿਚੋਂ ਗੁਜ਼ਰ ਰਿਹਾ ਹੈ ਉਸ ਨਾਲ ਵਸਤੂ ਸਥਿਤੀਆਂ ਦੀ ਕਠੋਰਤਾ ਤੇ ਸੰਘਣਤਾ ਹੋਰ ਪੱਕੀ ਪੀਢੀ ਹੁੰਦੀ ਜਾ ਰਹੀ ਹੈ। ਕਲਾ ਸਮਾਜ ਤੋਂ ਪ੍ਰਭਾਵਿਤ ਹੁੰਦੀ ਹੈ ਤੇ ਸਮਾਜ ਨੂੰ ਪਰਤਵੇਂ ਰੂਪ ਵਿਚ ਪ੍ਰਭਾਵਿਤ ਵੀ ਕਰਦੀ ਹੈ। ਮੌਜੂਦਾ ਦੌਰ ਦੀ ਸਮਾਜਿਕ ਬਣਤਰ ਜਟਿਲ ਤੋਂ ਜਟਿਲ ਹੋ ਰਹੀ ਹੈ, ਸੱਚ ਦੀਆਂ ਦਿਸਦੀਆਂ ਪਰਤਾਂ ਦੇ ਪਿਛੋਕੜ ਵਿਚ ਅਨੇਕਾਂ ਅਣਗਾਹੇ ਅਣਪਛਾਣੇ ਤੇ ਅਣਗੌਲੇ ਸੰਦਰਭ ਆਪਣੇ ਵਿਕਰਾਲ ਰੂਪ ਵਿਚ ਹਾਜ਼ਰ ਹਨ।

ਸਮਕਾਲ ਦਾ ਇਹ 'ਵਿਕਾਸ ਯੁੱਗ' ਯਥਾਰਥ ਦੇ ਦਿਸਦੇ ਸਰੂਪ ਨੂੰ ਕਈ ਮੀਲਾਂ ਪਿੱਛੇ ਛੱਡ ਗਿਆ ਹੈ। ਆਧੁਨਿਕ ਕਲਾ ਰੂਪਾਂ ਨੇ ਇਸ ਯਥਾਰਥ ਦੇ ਧੁੰਖਾਰ ਚਿਹਰੇ ਦੀ ਨਿਸ਼ਾਨਦੇਹੀ ਕੀਤੀ ਹੈ। ਇਸਨੂੰ ਬੇਸ਼ੱਕ ਵਿਸ਼ਵੀਕਰਣ' , 'ਉੱਤਰ ਆਧੁਨਿਕਤਾ' ਵਰਗੇ ਮੋਟੇ ਠੁੱਲ੍ਹੇ ਅਨੁਵਾਨਾਂ ਹੇਠ ਰੱਖ ਕੇ ਸਮਝੀਏ ਪਰ ਇਹ ਤੈਅ ਹੈ ਕਿ ਸਮਕਾਲੀ ਯੁੱਗ ਦੀਆਂ ਵਿਸ਼ਵ ਵਿਆਪੀ ਤਬਦੀਲੀਆਂ ਨੇ ਮਨੁੱਖ ਦੀ ਸਮਾਜਕ ਸਥਿਤੀ ਨੂੰ ਨਵੇਂ ਪਰਿਪੇਖ ਵਿਚ ਲਿਆ ਖੜ੍ਹਾ ਕੀਤਾ ਹੈ। ਇਸ ਦੌਰ ਦੀ ਜਟਿਲ ਮਾਨਵੀ ਸਥਿਤੀ ਦਾ ਕੋਈ ਵੀ ਰਾਜਸੀ, ਆਰਥਿਕ, ਧਾਰਮਿਕ ਜਾਂ ਸਭਿਆਚਾਰਕ ਪ੍ਰਵਚਨ ਉਸਾਰਿਆ ਜਾ ਸਕਦਾ ਹੈ। ਕੁੱਲ ਮਿਲਾ ਕੇ ਅਨਿਸ਼ਚਤਤਾ ਦੇ ਦੌਰ ਵਿਚ ਧੁੰਧਲਕੇ ਦਾ ਖਿਲਾਰਾ ਵੱਧ ਗਿਆ ਹੈ। ਮਨੁੱਖ ਨੂੰ ਮੁੱਲਾਂ ਤੇ ਮਨਾਹੀਆਂ ਵਿਚ ਰੱਖਣ ਵਾਲੇ ਪ੍ਰਬੰਧ ਖੁਦ ਸੰਕਟ ਵਿਚ ਆ ਗਏ ਹਨ। ਗਿਸ਼ਤਿਆਂ, ਧਾਰਮਿਕ ਪਰੰਪਰਾਵਾਂ, ਸਭਿਆਚਾਰਕ ਸੰਸਥਾਵਾਂ ਤੇ ਸਮਾਜਕ ਪ੍ਰਬੰਧ ਵਿਚ ਆਈ ਤਬਦੀਲੀ ਨੇ ਸਮਕਾਲੀ ਮਨੁੱਖ ਨੂੰ ਚੌਰਾਹੇ ਵਿਚ ਲਿਆ ਖੜ੍ਹਾ ਕੀਤਾ ਹੈ।

ਕਹਾਣੀ ਵਰਗੇ ਕਲਾ ਰੂਪਾਂ ਵਿਚ ਜਟਿਲਤਾ ਦਾ ਆਉਣਾ ਮੌਜੂਦਾ ਦੌਰ ਦੇ ਸਮਾਜੀ ਯਥਾਰਥ ਦੀ ਜਟਿਲਤਾ ਦਾ ਰੂਪਾਂਤਰਣ ਹੀ ਹੈ।

ਮੌਜੂਦਾ ਦੌਰ ਦੀ ਕਹਾਣੀ ਆਪਣੀ ਵਸਤੂ ਵਿਧੀ ਤੇ ਦ੍ਰਿਸ਼ਟੀ ਪੱਖੋਂ ਪ੍ਰਮਾਣਿਕ ਕਥਾ ਬਿੰਬ ਸਿਰਜ ਰਹੀ ਹੈ। ਇਹ ਕਹਾਣੀ ਉਸ ਕਥਾ ਰਸ ਤੋਂ ਸਚਮੁੱਚ ਵਿਰਵੀ ਹੋ ਗਈ ਹੈ ਜਿਹੜਾ ਵੀਹਵੀਂ ਸਦੀ ਦੇ ਦੂਜੇ ਤੀਜੇ ਦਹਾਕੇ ਜਾਂ ਪ੍ਰਗਤੀਵਾਦੀ ਵਿਚਾਰਧਾਰਾ ਵਾਲੀ ਕਹਾਣੀ ਦੇ ਪੱਕੇ ਪੀਢੇ ਪੈਟਰਨ ਵਿਚ ਪੇਸ਼ ਹੁੰਦਾ ਸੀ। ਮੌਜੂਦਾ ਕਹਾਣੀ ਨੇ ਪ੍ਰੰਪਰਕ ਕਥਾ ਰਸ ਤੋਂ ਮੁਕਤੀ ਪਾਈ ਹੈ, ਇਹ ਕਥਾਕਾਰੀ ਦਾ ਚੰਗਾ ਸ਼ਗਨ ਹੈ। ਪ੍ਰੰਪਰਾ ਦੀਆਂ ਅਦਿੱਖ ਬੇੜੀਆਂ ਇਸਨੂੰ ਖੜੋਤ ਵੱਲ ਲੈ ਜਾ ਰਹੀਆਂ ਸਨ। ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਜਿੰਦਰ, ਮਨਿੰਦਰ ਕਾਂਗ, ਗੁਰਪਾਲ ਲਿੱਟ, ਅਤਰਜੀਤ, ਪ੍ਰੇਮ ਗੋਰਖੀ, ਆਦਿ ਕਹਾਣੀਕਾਰਾਂ ਨੇ ਕਥਾ ਰਸ ਦੇ ਪ੍ਰੰਪਰਕ ਸਰੂਪ ਨੂੰ ਤੋੜਿਆ ਹੈ। ਇਸ ਪਿਛੋਂ ਨਵੇਂ ਚਿਹਰੇ ਸਾਹਮਣੇ ਆਏ ਜਿਹਨਾਂ ਵਿਚ ਅਜਮੇਰ ਸਿੱਧੂ, ਭਗਵੰਤ ਰਸੂਲਪੁਰੀ, ਦੇਸ ਰਾਜ ਕਾਲੀ, ਕੇਸਰਾ ਰਾਮ, ਜਸਵੀਰ ਰਾਣਾ, ਕੁਲਵੰਤ ਗਿੱਲ, ਸੁਖਜੀਤ, ਜਤਿੰਦਰ ਹਾਂਸ, ਆਦਿ ਦਾ ਨਾਮ ਤੇਜ਼ੀ ਨਾਲ ਉਭਰਿਆ। ਉਕਤ ਕਹਾਣੀਕਾਰਾਂ ਨੂੰ ਪੀੜ੍ਹੀ ਨਾਲੋਂ ਪਰੰਪਰਾ ਵਿਚ ਸਮਝਣਾ ਜ਼ਰੂਰੀ ਹੈ। ਇਹਨਾਂ ਦੀਆਂ ਕਥਾਵਾਂ ਨਾਲ ਪੰਜਾਬੀ ਕਹਾਣੀ ਨੇ ਬਿਰਤਾਂਤ ਦੀ ਗੋਲਾਈ ਅਖੌਤੀ ਆਦਰਸ਼ਵਾਦ ਤੇ ਖੋਖਲੇ ਪ੍ਰਗਤੀਵਾਦ ਤੋਂ ਛੁਟਕਾਰਾ ਪਾਇਆ ਹੈ। ਇਸ ਦੌਰ ਦਾ ਕਥਾਰਸ ਆਪਣਾ ਹੈ, ਇਸਦੇ ਬਿਰਤਾਂਤਕ ਤਕਕ ਵੱਖਰੇ ਹਨ, ਕਥਾ ਵਿਵੇਕ ਆਪਣੇ ਹਨ। ਵਿਸ਼ੇਸ਼ ਤੌਰ ਤੇ ਇਹ ਕਥਾ ਰਸ ਆਪਣੇ ਨਿਵੇਕਲੇ ਯਥਾਰਥ ਨਾਲ ਹਾਜ਼ਰ ਹੋਇਆ ਹੈ। ਜਿੰਦਰ ਦੀ 'ਕਤਲ' ਨੂੰ ਪ੍ਰੰਪਰਾ ਨਾਲ ਜੁੜੇ ਕਥਾ ਰਸ ਨਾਲੋਂ ਤੋੜ ਕੇ ਅਣਪਛਾਣੇ ਕਥਾ ਰਸ ਨਾਲ ਜੋੜ ਕੇ ਸਮਝਣਾ ਪਵੇਗਾ। ਮਨਿੰਦਰ ਕਾਂਗ ਦੀ 'ਦੋ ਤਲਵਾਰਾਂ ਬੱਧੀਆ', 'ਭਾਰ' ਦਾ ਕਥਾ ਰਸ ਪੰਜਾਬੀ ਬੰਦੇ ਦੀ ਪਛਾਣ ਨਾਲ ਜੁੜਿਆ ਹੈ। ਉਸ ਦੀਆਂ ਕਥਾਵਾਂ ਨੂੰ ਯਥਾਰਥ ਦੇ ਨਵੇਂ ਪਰਿਪੇਖ ਤੋਂ ਸਮਝਣਾ ਲਾਜ਼ਮੀ ਹੈ। ਸੁਖਜੀਤ ਦੀ 'ਅੰਤਰਾ', 'ਬਰਫ਼' ਤੇ 'ਮੈਂ ਰੇਪ ਨੂੰ ਇੰਜੁਆਇ ਕਰਦੀ ਹਾਂ' ਦਾ ਕਥਾ ਰਸ ਮਨੁੱਖ ਦੇ ਬਲਸ਼ਾਲੀ ਮਾਨਸਿਕ ਖੂੰਜਿਆਂ ਵਿਚ ਜਕੜਿਆ ਪਿਆ ਹੈ। ਅਜਮੇਰ ਸਿੱਧੂ ਦੀ 'ਇਕਬਾਲ ਹੁਸੈਨ ਮੋਇਆ ਨਹੀਂ', 'ਜਹਾਜ਼ ਵਾਲੀ ਟੈਂਕੀ' ਕੇਸਰਾ ਰਾਮ ਦੀ 'ਪੁਲਸੀਆਂ ਕਿਉਂ ਮਾਰਦਾ ਹੈ, ਜਤਿੰਦਰ ਹਾਂਸ ਦੀ 'ਤੱਖੀ', ਭਗਵੰਤ ਰਸੂਲਪੁਰੀ ਦੀ 'ਜੜ੍ਹਾਂ', 'ਆਦੀ ਡੰਕਾ', ਦੇਸ ਰਾਜ ਕਾਲੀ ਦੀ 'ਪੰਚਕੂਲੇ 'ਚ ਜਨਾਜ਼ਾ' , ਤਲਵਿੰਦਰ ਦੀ 'ਵਿਚਲੀ ਔਰਤ', ਸਰੂਪ ਸਿਆਲਵੀ ਦੀ 'ਕਾਲ ਕਾਲਾਂਤਰ' ਬਲਬੀਰ ਪਰਵਾਨਾ ਦੀ 'ਦੀਨ ਕੇ ਹੇਤ', ਜਸਪਾਲ ਮਾਨਖੇੜਾ ਦੀ 'ਬਸਰੇ ਦੀ ਲਾਮ', ਲਾਲ ਸਿੰਘ ਦੀ 'ਗੜ੍ਹੀ ਬਖ਼ਸ਼ਾ ਸਿੰਘ', ਗੁਰਮੀਤ ਕੜਿਆਲਵੀ ਦੀ 'ਚੀਕ', 'ਆਤੂ ਖੋਜੀ', ਬਲਜਿੰਦਰ ਨਸਰਾਲੀ ਦੀ 'ਜੇ ਆਪਨੀ ਬਿਰਥਾ ਕਹੂੰ', ਬਲਦੇਵ ਢੀਂਡਸਾ ਦੀ 'ਬੋਨਸ' ਆਦਿ ਕਹਾਣੀਆਂ ਨੇ ਕਥਾ ਰਸ ਦੇ ਪਰੰਪਰਾਵਾਦੀ ਰੁਝਾਨ ਨੂੰ ਤੋੜਿਆ ਹੈ। ਨਵੀਂ ਕਹਾਣੀ ਦਾ

ਸਮਾਜਿਕ ਪਰਿਵੇਸ਼ ਵੱਖਰਾ ਹੈ, ਇਸਦੀ ਵਸਤੂ, ਵਿਧੀ ਤੇ ਦ੍ਰਿਸ਼ਟੀ ਭਿੰਨ ਹੈ। ਇਸ ਵਿਚ ਪਾਤਰਾਂ ਦੇ ਬਾਹਰੀ ਚਿਤਰਣ, ਯਥਾਰਥ ਦੀ ਓਪਰੀ ਪੇਸ਼ਕਾਰੀ ਤੇ ਇਕਹਿਰੀ ਵਿਚਾਰ-ਦ੍ਰਿਸ਼ਟੀ ਨਾਲੋਂ ਪਾਤਰਾਂ ਦੇ ਮਨੋ-ਸੰਸਾਰ ਦੀਆਂ ਗੁੱਝੀਆਂ ਰਮਜ਼ਾਂ ਯਥਾਰਥ ਦਾ ਬਹੁ ਪਾਸਾਰੀ ਸਰੂਪ ਅਤੇ ਬਹੁਪਰਤੀ ਵਿਚਾਰ ਪ੍ਰਬੰਧ ਵਿਸਫੋਟਤ ਹੋ ਰਿਹਾ ਹੈ। ਇੱਥੇ ਕਹਾਣੀ ਨੂੰ ਮਾਪਣ ਦੇ ਪ੍ਰਤਿਮਾਨ ਵੀ ਬਦਲਣੇ ਲੋੜੀਂਦੇ ਹਨ। ਉਸ ਕਥਾ ਰਸ ਦੀ ਤਲਾਸ਼ ਕਰਨੀ ਗੈਰ ਵਾਜਬ ਹੈ ਜਿਹੜੀ ਦੇਵਕੀਨੰਦਨ ਖੱਤਰੀ ਦੇ ਨਾਵਲ 'ਭੂਤਨਾਥ' ਵਿਚ ਮਿਲਦੀ ਸੀ। ਲੋੜ ਕਥਾ ਰਸ ਦੇ ਬਦਲਦੇ ਪਰਿਪੇਖ ਨੂੰ ਸਮਝਣ ਦੀ ਹੈ। ਬੇਸ਼ੱਕ ਕਹਾਣੀ ਦੀ ਉਸਾਰੀ ਤੇ ਪਾਠਕਾਂ ਨਾਲ ਸਾਂਝ ਵਿਚ ਕਹਾਣੀ ਦੇ ਰਸ ਦੀ ਭੂਮਿਕਾ ਮਹੱਤਵ ਪੂਰਨ ਹੈ ਪਰ ਬਦਲਦੇ ਵਸਤੂ ਯਥਾਰਥ ਵਿਚ ਕਲਾ ਰੂਪਾਂ ਦੀ ਸਥਿਤੀ ਤੇ ਭੂਮਿਕਾ ਨੂੰ ਸਮਝਣਾ ਵੀ ਲਾਜ਼ਮੀ ਹੈ।

ਸਮਕਾਲ ਦੀਆਂ ਕੁਝ ਕਥਾ ਰਚਨਾਵਾਂ ਵਿਚ ਪ੍ਰੋਯਗਵਾਦੀ ਰੁਝਾਨਾਂ ਦਾ ਭਾਰੂਪਣ, ਉੱਤਮ ਪੁਰਖੀ ਕਥਾ ਸ਼ੈਲੀ ਦੀ ਜ਼ਿਆਦਾ ਵਰਤੋਂ ਅਤੇ ਤੱਥਾਂ ਦੀ ਬੇਲੋੜੀ ਬੰਬਾਰੀ ਦੇ ਦ੍ਰਿਸ਼ ਵੀ ਉਭਰੇ ਹਨ ਪਰ ਇਸ ਨਾਲ ਕਹਾਣੀ ਦੀ ਸਮੁੱਚੀ ਪਰੰਪਰਾ ਪ੍ਰਭਾਵਿਤ ਹੋ ਕੇ ਰਸਾਤਲ ਵੱਲ ਚਲੇ ਗਈ ਹੋਵੇ, ਅਜਿਹਾ ਨਹੀਂ ਜਾਪਦਾ। ਮੌਜੂਦਾ ਸਮੇਂ ਦੀ ਚੌਥੇ ਪੜਾਅ ਵਾਲੀ ਕਥਾਕਾਰੀ ਦੇ ਲੇਖਕਾਂ ਨੇ ਗਲਭਗ 70-80 ਕਹਾਣੀਆਂ ਅਜਿਹੀਆਂ ਸਿਰਜੀਆਂ ਹਨ ਜਿਹਨਾਂ ਨੇ ਸਮੁੱਚੀ ਕਥਾ ਪਰੰਪਰਾ ਨੂੰ ਨਵੀਨ ਮੋੜ ਦਿੱਤਾ ਹੈ। ਵਿਸ਼ਿਆਂ ਦੀ ਵਿਭਿੰਨਤਾ, ਪਾਤਰਾਂ ਦੇ ਮਨੋ ਸੰਸਾਰ ਦੀ ਉਸਾਰੀ ਬਹੁਪਰਤੀ ਕਥਾ ਸੰਦਰਭ ਲੁਪਤ ਯਥਾਰਥ ਦੇ ਪ੍ਰਗਟਾ ਤੋਂ ਇਲਾਵਾ ਕਥਾ ਦੀ ਭਾਸ਼ਾ, ਘਟਨਾ-ਪ੍ਰਬੰਧ, ਬਿਰਤਾਂਤ ਦੀ ਘਾੜਤ ਅਤੇ ਸ਼ਿਲਪ ਪੱਖੋਂ ਨਵੀਂ ਕਹਾਣੀ ਨੇ ਮਹੱਤਵ ਪੂਰਨ ਪ੍ਰਾਪਤੀ ਕੀਤੀ ਹੈ। ਕੁਝ ਅਪਵਾਦਾਂ ਦੇ ਆਧਾਰ ਤੇ ਸਮੁੱਚੀ ਕਹਾਣੀ ਦਾ ਭਵਿੱਖ ਕਾਂਟੇ ਹੇਠ ਰੱਖਣਾ ਠੀਕ ਨਹੀਂ ਲੱਗਦਾ।

ਪੰਜਾਬੀ ਕਹਾਣੀ ਦਾ ਭਵਿੱਖ ਚੰਗਾ ਹੈ। ਮੌਜੂਦਾ ਸਮੇਂ ਕਹਾਣੀ ਦਾ ਵਿਚਾਰਧਾਰਕ ਵਿਕਾਸ ਸੁੰਗੜਨ ਦੀ ਥਾਂ ਫੈਲ ਰਿਹਾ ਹੈ। ਨਵੀਆਂ ਕਥਾ-ਜੁਗਤਾਂ ਨਾਲ ਕਹਾਣੀ ਪਾਠਕਾਂ ਨੂੰ ਨਵੀਨ ਅਰਥ ਬੋਧ ਤੇ ਪਾਤਰਾਂ ਦੇ ਮਨੋ-ਸੰਸਾਰ ਨਾਲ ਜੋੜ ਰਹੀ ਹੈ। ਕਹਾਣੀ ਵਿਚ ਪਿਛਲੇ ਸਮਿਆਂ ਦੌਰਾਨ ਉੱਠੀਆਂ ਲਹਿਰਾਂ ਤੇ ਪ੍ਰਵਿਰਤੀਆਂ ਵਾਂਗ ਕਿਸੇ ਠੋਸ ਵਿਚਾਰਧਾਰਾਈ ਮਾਡਲ ਦੀ ਅਣਹੋਂਦ ਹੈ। ਇਸ ਨਾਲ ਕਹਾਣੀ ਆਪਣੇ ਨਿਸ਼ਚਤ ਸੁਭਾਅ ਵਾਲੇ ਕਥਾ ਪੈਟਰਨ ਤੋਂ ਮੁਕਤ ਹੋ ਕੇ ਆਪਣੀ ਊਰਜਾ ਨੂੰ ਵਿਚਾਰਧਾਰਕ ਨਿਸ਼ਚੈਵਾਦ ਦੀਆਂ ਵਲਗਣਾਂ ਤੋਂ ਤੋੜ ਰਹੀ ਹੈ। ਇਸ ਵਿਚ ਨਵੇਂ ਕਥਾਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਮੌਜੂਦਾ ਸਮੇਂ ਕਹਾਣੀ ਦੇ ਵਿਚਾਰਧਾਰਕ ਮਸਲਿਆਂ ਨੂੰ ਬੇਸ਼ੱਕ ਆਲੋਚਨਾ ਦੇ ਨਜ਼ਰੀਏ ਤੋਂ ਔਰਤ-ਮਰਦ ਸੰਬੰਧਾਂ, ਦਲਿਤ ਚੇਤਨਾ, ਨਿਮਨ ਕਿਰਸਾਨੀ, ਪਰਵਾਸੀ ਸਰੋਕਾਰਾਂ, ਮੱਧ ਵਰਗੀ ਚੇਤਨਾ, ਨਾਰੀਵਾਦ, ਮੁੱਲਾਂ-ਮਨਾਹੀਆਂ ਤੋਂ ਮੁਕਤੀ ਜਾਂ ਵਿਦਰੋਹ, ਸ਼ਹਿਰੀ ਜੀਵਨ ਦੀਆਂ ਵਿਸੰਗਤੀਆਂ ਆਦਿ ਵਰਗ ਵੰਡੀਆਂ ਵਿਚ ਰੱਖ ਕੇ ਸਮਝਿਆ ਜਾ ਰਿਹਾ ਹੈ ਪਰ ਪੰਜਾਬੀ ਕਹਾਣੀ ਦਾ ਸਮੁੱਚਾ ਪ੍ਰਭਾਵ ਵਿਸ਼ਵੀਕਰਨ ਦੇ ਪ੍ਰਤੀਰੋਧੀ ਸੁਰ ਵਿਚ ਗੀਂਘਦੀ ਪੰਜਾਬੀ ਮਾਨਸਿਕਤਾ ਨੂੰ ਅਲਪਕਾਲੀ ਤੇ ਦੀਰਘਕਾਲੀ ਮਸਲਿਆਂ ਦੇ ਸੰਦਰਭ ਵਿਚ ਪੇਸ਼ ਕਰਨ ਵਿਚ ਹੈ। ਇਸ ਕਾਰਜ ਸਿੱਧੀ ਤਹਿਤ ਮਨੁੱਖੀ ਜੀਵਨ ਤੇ ਵਿਹਾਰ ਦੇ ਜਿੰਨੇ ਪਰਿਦ੍ਰਿਸ਼ ਸਮਕਾਲੀ ਕਹਾਣੀ ਨੇ ਫੜੇ ਹਨ ਉਹ ਸਾਹਿਤ ਦੇ ਕਿਸੇ ਹੋਰ ਰੂਪ ਹਿੱਸੇ ਨਹੀਂ ਆਏ।

ਕੁੱਲ ਮਿਲਾ ਕੇ ਪੰਜਾਬੀ ਕਹਾਣੀਕਾਰਾਂ ਦੀ ਚੌਥੇ ਪੜਾਅ ਵਾਲੀ ਕਥਾਕਾਰੀ ਨੇ ਪੰਜਾਬੀ ਕਹਾਣੀ ਦੇ ਵਿਸ਼ੇਗਤ ਸਰੋਕਾਰਾਂ ਤੇ ਸੰਦਰਭਾਂ ਨੂੰ ਨਵੇਂ ਜਾਵੀਏ ਤੋਂ ਪੇਸ਼ ਕੀਤਾ ਹੈ। ਤੀਜੇ ਤੇ ਚੌਥੇ ਪੜਾਅ ਦੀ ਕਥਾਕਾਰੀ ਵਿਚ ਪੁਲ ਬਣਕੇ ਵਿਚਰ ਰਹੇ ਕਥਾਕਾਰਾਂ ਦਾ ਆਪਣਾ ਯੋਗਦਾਨ ਹੈ। ਆਉਂਦੇ ਸਮੇਂ ਵਿਚ ਪੰਜਾਬੀ ਕਹਾਣੀ ਦਾ ਰੂਪ ਹੋਰ ਨਿਖਰਨ ਦੀ ਉਮੀਦ ਹੈ। ਸਾਹਿਤ ਦਾ ਕੋਈ ਰੂਪ ਕਿੰਨਾ ਵੀ ਸਮੇਂ ਦਾ ਹਾਣੀ ਹੋ ਜਾਵੇ ਉਸ ਅੰਦਰ ਮਾਨਵੀ ਜ਼ਿੰਦਗੀ ਦੇ ਸਮੂਹ ਪਹਿਲੂ ਨਹੀਂ ਆ ਸਕਦੇ।

ਸਮਕਾਲੀ ਪੰਜਾਬੀ ਕਹਾਣੀ ਵਿਚ ਵਿਸ਼ਿਆਂ ਦਾ ਸੁੰਗੜਿਆ ਰੂਪ ਸਾਹਮਣੇ ਆ ਰਿਹਾ ਨਹੀਂ

ਜਾਪਦਾ। ਮਰਦ ਔਰਤ ਸੰਬੰਧਾਂ, ਕਿਰਸਾਨੀ ਮਸਲਿਆਂ, ਦਲਿਤ ਸਰੋਕਾਰਾਂ, ਨਾਰੀ ਚੇਤਨਾ, ਪਰਵਾਸੀ ਵੇਰਵਿਆਂ, ਸ਼ਹਿਰੀ ਮੱਧ ਵਰਗ, ਇਤਿਹਾਸਕ ਵਿਸ਼ਿਆਂ ਆਦਿ ਸਬੰਧੀ ਨਵੀਂ ਪੰਜਾਬੀ ਕਹਾਣੀ ਨੇ ਆਪਣੇ ਕਥਾ ਬਿੰਬ ਸਿਰਜੇ ਹਨ। ਵਿਸ਼ਿਆ ਦੀ ਪੁਰਾਤਨਤਾ, ਦੁਹਰਾਅ ਜਾਂ ਸੁੰਗੜ ਜਾਣਾ ਕੋਈ ਮਸਲਾ ਨਹੀਂ ਹੁੰਦਾ, ਅਸਲ ਵਿਚ ਲੇਖਕ ਉਸ ਵਿਸ਼ੇ ਨੂੰ ਕਿਹੜੇ ਸਰੋਕਾਰਾਂ ਤੇ ਸੰਦਰਭਾਂ ਵਿਚ ਪੇਸ਼ ਕਰਦਾ ਹੈ ਤੇ ਪੇਸ਼ਕਾਰੀ ਦੀਆਂ ਜੁਗਤਾਂ ਕੀ ਹਨ ਇਹ ਨੁਕਤਾ ਮਹੱਤਵਪੂਰਨ ਹੁੰਦਾ ਹੈ। ਅੱਜ ਕੱਲ੍ਹ ਦੀ ਕਹਾਣੀ ਵਿਚ ਬੇਸ਼ੱਕ ਨਿਮਨ ਕਿਰਸਾਨੀ ਦੇ ਸੰਕਟ ਵਾਲੇ ਵਿਸ਼ੇ ਆ ਰਹੇ ਹਨ ਇਹ ਪਹਿਲਾਂ ਵੀ ਭਰਵੇਂ ਰੂਪ ਵਿਚ ਪੇਸ਼ ਹੋਏ ਹਨ ਪਰ ਵਸਤੂ ਸਥਿਤੀਆਂ ਦੇ ਬਦਲਾਅ ਵਿਚ ਲੇਖਕ ਇਹਨਾਂ ਵਿਸ਼ਿਆਂ ਨੂੰ ਨਵੀਨ ਜਾਵੀਏ ਤੋਂ ਪੇਸ਼ ਕਰਦਾ ਹੈ, ਇਹ ਮਹੱਤਵਪੂਰਨ ਹੈ।

ਬਾਕੀ ਅੱਜ ਕੱਲ੍ਹ ਦੀ ਕਹਾਣੀ ਨੇ ਵਿਸ਼ਿਆ ਨੂੰ ਰਾਸ਼ਟਰੀ ਅੰਤਰਰਾਸ਼ਟਰੀ ਸਮੱਸਿਆਵਾਂ ਤੱਕ ਫਲਾਇਆ ਹੈ। ਪੰਜਾਬੀ ਵਿਚ ਸਮਲਿੰਗੀ ਸਬੰਧਾਂ, ਫੈਸ਼ਨ ਦੀ ਚਕਾਚੌਂਧ, ਧਰਤੀ ਹੇਠਲੇ ਪਾਣੀ ਦੇ ਸੰਕਟ, ਏਡਜ਼, ਵਾਤਾਵਰਣ ਦੇ ਵਿਗੜਦੇ ਸੁਤੰਲਨ, ਕਬੀਲਾ ਜੀਵਨ, ਮਿਥਿਹਾਸ ਵਿਸ਼ਿਆਂ ਆਦਿ ਸਬੰਧੀ ਵਧੀਆਂ ਰਚਨਾਵਾਂ ਸਾਹਮਣੇ ਆਈਆਂ ਹਨ। 1947 ਦੀ ਵੰਡ ਦਾ ਮਸਲਾ ਪੁਰਾਣਾ ਹੈ ਪਰ ਸਾਵਲ ਧਾਮੀ (ਪੁਲ਼) ਅਜਮੇਰ ਸਿੱਧੂ (ਇਕਬਾਲ ਹੁਸੈਨ ਮੋਇਆ ਨਹੀਂ), ਜਿੰਦਰ (ਜ਼ਖ਼ਮ) ਆਦਿ ਦੁਆਰਾ ਇਸਨੂੰ ਨਵੀਨ ਪਰਤਾਂ ਤੇ ਕਥਾ ਬੋਧ ਦੁਆਰਾ ਪੇਸ਼ ਕਰਦੇ ਹਨ। ਪਰਵਾਨਾ, ਲਾਲ ਸਿੰਘ ਆਦਿ ਦੀਆਂ ਕਹਾਣੀਆਂ ਪੰਜਾਬ ਦੀ ਕਮਿਊਨਿਸਟ ਲਹਿਰ ਦੇ ਅੰਤਰ ਵਿਰੋਧਾਂ ਨੂੰ ਚਿੰਤਨ ਅਧਾਰਿਤ ਕਥਾਕਾਰੀ ਨਾਲ ਪੇਸ਼ ਕਰ ਰਹੀਆਂ ਹਨ। ਸਰੂਪ ਸਿਆਲਵੀ ਦਲਿਤ ਸਰੋਕਾਰਾਂ ਦੀ ਥਾਹ ਪਾਉਣ ਲਈ ਮਿਥਿਹਾਸ ਨੂੰ ਪੁਨਰ ਮੁਲਾਂਕਤ ਕਰਦਾ ਹੈ। ਰਸੂਲਪੁਰੀ ਦਲਿਤ ਮਸਲਿਆਂ ਨੂੰ ਸੰਵਾਦ ਵਾਲੇ ਕਥਾ ਪੈਟਰਨ ਤੋਂ ਪੇਸ਼ ਕਰਕੇ ਨਵੇਂ ਅਰਥ ਮਾਡਲ ਪ੍ਰਦਾਨ ਕਰਦਾ ਹੈ। ਸੁਖਜੀਤ ਦੇ ਕਥਾ ਪ੍ਰਬੰਧ ਮਨੁੱਖ ਦੁਆਰਾ ਸਵੈ ਹਿੱਤਾਂ ਲਈ ਘੜੇ ਸਭਿਆਚਾਰਕ ਸਿਸਟਮ ਵਿਚ ਬਣੀਆਂ ਮਿੱਥਾਂ ਨੂੰ ਤੋੜਦੇ ਹਨ। ਉਹ ਮਨੁੱਖ ਦੇ ਬਲਸ਼ਾਲੀ ਮਨੋ ਵੇਰਵਿਆਂ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ ਮਰਦ ਕਹਾਣੀਕਾਰ ਨਾਰੀ ਸੰਵੇਦਨਾ ਨੂੰ ਵੀ ਬਾਖੂਬੀ ਪੇਸ਼ ਕਰ ਰਹੇ ਹਨ। ਮੌਜੂਦਾ ਦੌਰ ਦੀ ਕਹਾਣੀ ਵਿਚ ਘੱਟ ਗਿਣਤੀ ਵਰਗਾਂ ਨਾਰੀ ਦੇ ਮੌਲਿਕ ਉਚਾਰ ਪਰਵਾਸ ਦੀ ਨਵੀਂ ਪੀੜ੍ਹੀ, ਟਰੇਡ ਯੂਨੀਅਨਾਂ ਦੇ ਅੰਤਰ ਵਿਰੋਧ ਮੀਡੀਆ ਦੇ ਨਵੇਂ ਰੁਝਾਨ, ਸੂਚਨਾ ਸੰਚਾਰ ਸਾਧਨਾ ਤੇ ਉਪਜੇ ਜੀਵਨ ਸੰਕਟ ਨਵੇਂ ਸੰਕਟ, ਅਵਸਰਵਾਦ ਦੀ ਭੇਟ ਚੜ੍ਹੀ ਰਾਜਨੀਤੀ ਸ਼ਹਿਰੀ ਨਿਮਨ ਵਰਗ, ਵਪਾਰੀ ਸ਼੍ਰੇਣੀ ਦੁਕਾਨਦਾਰ, ਵਿਦੇਸ਼ ਜਾਣ ਦੀ ਇੱਛਾ ਵਿਚ ਭਟਕੀ ਨੌਜੁਆਨ ਪੀੜ੍ਹੀ ਦੇ ਸੰਵੇਦਨਾ ਸੰਸਾਰ ਨੂੰ ਅਜੇ ਢੁਕਵਾਂ ਸਥਾਨ ਨਹੀਂ ਮਿਲ ਸਕਿਆ ਇਸਦੇ ਅਨੇਕ ਕਾਰਨ ਹੋ ਸਕਦੇ ਹਨ। ਫਿਰ ਵੀ ਕਹਾਣੀਕਾਰਾਂ ਨੇ ਹਾਸ਼ੀਏ ਤੇ ਟਿਕੇ ਵੱਖ-ਵੱਖ ਵਰਗਾਂ ਸ਼੍ਰੇਣੀਆਂ ਦੇ ਪਾਤਰਾਂ ਨੂੰ ਆਪਣੇ ਅਨੁਭਵਾਂ ਤੇ ਪ੍ਰਤਿਭਾ ਦੁਆਰਾ ਕਥਾ-ਬਿੰਬਾਂ ਵਿਚ ਢਾਲਿਆ ਹੈ।

ਹੁਣ ਦੀਆਂ ਕਹਾਣੀਆਂ ਨੇ ਵਿਸ਼ਿਆ ਦੀ ਵਿਭਿੰਨਤਾ ਤੇ ਬਹੁਵਰਤਤਾ ਦੇ ਨਾਲ ਨਾਲ ਪੇਸ਼ਕਾਰੀ ਤੇ ਜੁਗਤਾਂ ਪੱਖੋਂ ਵੀ ਨਵੀਨਤਾ ਦਿਖਾਈ ਹੈ। ਪਾਤਰਾਂ ਦੇ ਮਨੋ ਵੇਰਵਿਆਂ ਦੀ ਪੇਸ਼ਕਾਰੀ ਕਰਦਿਆਂ ਸੁਪਨ ਸ਼ੈਲੀ ਮੋਨੋਲਾਗ ਤੇ ਅਰਧ ਪਾਗਲਪਨ ਦੀ ਅਵਸਥਾ ਦੇ ਕਥਾ ਚਿੱਤਰ ਆਮ ਪ੍ਰਯੋਗ ਹੋਏ ਹਨ। ਕਹਾਣੀਆਂ ਦੀ ਭਾਸ਼ਾ ਵਿਚ ਅਸ਼ਲੀਲਤਾ, ਗਾਲੀ ਗਲੌਚ ਤੇ ਅਖੌਤੀ ਫਿਲਾਸਫੀ ਭਰੀ ਸ਼ਬਦਾਵਲੀ ਵੀ ਪ੍ਰਯੋਗ ਹੋਈ ਹੈ। ਘਟਨਾਵਾਂ ਦੀ ਬਿਰਤਾਂਤਕ ਗੋਲਾਈ ਟੁੱਟੀ ਹੈ ਤੇ ਕਥਾ ਦੀ ਉਸਾਰੀ ਲਈ ਘਟਨਾ-ਪ੍ਰਬੰਧ ਦੀ ਖੰਡ ਖੰਡ ਪੇਸ਼ਕਾਰੀ ਵੀ ਹੋਈ ਹੈ। ਕਥਾ ਦੇ ਆਦਿ ਮੱਧ ਤੇ ਅੰਤ ਦਾ ਪ੍ਰੰਪਰਕ ਪੈਟਰਨ ਟੁੱਟਾ ਹੈ। ਪਾਤਰਾਂ ਦੀ ਮਾਨਸਿਕ ਉਥਲ ਪੁਥਲ ਨੂੰ ਵਿਸ਼ੇਸ਼ ਘੁੰਮਣਘੇਰੀਆਂ ਪੇਸ ਕੀਤਾ ਗਿਆ ਹੈ। ਇਸ ਨਾਲ ਕਈ ਵਾਰ ਸੰਚਾਰ ਦੀ ਸਮੱਸਿਆ ਵੀ ਖੜ੍ਹੀ ਹੋਈ ਹੈ।

ਦੇਸ ਰਾਜ ਕਾਲੀ, ਜਸਵੀਰ ਰਾਣਾ, ਕੁਲਵੰਤ ਗਿੱਲ, ਦਰਸ਼ਨ ਜੋਗਾ ਆਦਿ ਦੀਆਂ ਕਈ ਕਹਾਣੀਆਂ

ਵਿਚ ਕਥਾ ਦੇ ਵਿਸ਼ੇ ਪੱਖ ਨੂੰ ਲਿਸ਼ਕਾ-ਪੁਸ਼ਕਾ ਕੇ ਪਰੋਸਣ ਦਾ ਯਤਨ ਕੀਤਾ ਮਿਲਦਾ ਹੈ ਇਸ ਉਦੇਸ਼ ਸਿੱਧੀ ਲਈ ਭਾਸ਼ਾ ਦੀ ਗੁੰਝਲਦਾਰ ਵਰਤੋਂ, ਉਤਮ ਪੁਰਖੀ ਕਥਾ ਸ਼ੈਲੀ, ਤੱਥਾ ਦਾ ਭਾਰੂਪਣ, ਬੌਧਿਕ ਮੁਸ਼ੱਕਤ, ਪਾਤਰਾਂ ਦੀਆਂ ਅਖੌਤੀ ਮਨੋ ਗੰਢਾਂ ਦੀ ਪਰਿਕਰਮਾ ਆਦਿ ਨਾਲ ਕਹਾਣੀ ਦੀ ਸਹਿਜ ਸੁਭਾਵਕਤਾ ਭੰਗ ਵੀ ਹੋਈ ਹੈ।

ਕਹਾਣੀ ਦੀ ਵਿਧਾ ਵਿਚ ਇਸਦੇ ਆਕਾਰ ਦਾ ਮਸਲਾ ਗਹਿਰੇ ਸੰਵਾਦ ਦਾ ਆਧਾਰ ਬਣਦਾ ਰਿਹਾ ਹੈ। ਪਰੰਪਰਾ ਕਥਾ ਦੇ ਮੁੱਦਿਆਂ ਵਿਚ ਕਹਾਣੀ ਨੂੰ ਇਕੋ ਬੈਠਕ ਵਿਚ ਪੜ੍ਹਨ ਪੰਨਿਆਂ ਦੀ ਗਿਣਤੀ ਤੇ ਘਟਨਾਵਾਂ ਦੇ ਆਦਿ ਮੱਧ ਅੰਤ ਦੇ ਪ੍ਰਸੰਗ ਵਿਚ ਵਿਚਰ ਕੇ ਇਸਦੀ ਵਿਧਾ ਦਾ ਸਰੂਪ ਨਿਸ਼ਚਿਤ ਕੀਤਾ ਜਾਂਦਾ ਰਿਹਾ ਹੈ। ਮੌਜੂਦਾ ਸਮੇਂ ਪੰਜਾਬੀ ਕਹਾਣੀ ਉਕਤ ਪੈਟਰਨਾਂ ਨੂੰ ਤੋੜ ਰਹੀ ਹੈ। ਅਨੇਕਾਂ ਕਹਾਣੀਕਾਰਾਂ ਨੇ ਕਹਾਣੀ ਦੇ ਆਕਾਰ ਨੂੰ ਨਾਵਲੈੱਟ ਵਾਂਗ ਪੇਸ਼ ਕੀਤਾ ਹੈ। ਵਰਿਆਮ ਸੰਧੂ ਨੇ ਕਹਾਣੀ ਦੇ ਆਕਾਰ ਨੂੰ ਆਪਣੇ ਬਿਰਤਾਂਤ ਪ੍ਰਸੰਗਾਂ ਦੀ ਲੋੜ ਮੁਤਾਬਕ ਢਾਲ ਕੇ ਪੇਸ਼ ਕੀਤਾ ਹੈ। ਕੇਂਦਰੀ ਬਿਰਤਾਂਤ ਦੇ ਪਿਛੋਕੜ ਵਿਚ ਕਰਾਜਸ਼ੀਲ ਉਪ ਬਿਰਤਾਂਤਾਂ ਨੂੰ ਬੀੜ ਕੇ ਕਹਾਣੀ ਦੇ ਬਿਰਤਾਂਤ ਪ੍ਰਬੰਧ ਨੂੰ ਠੋਸ ਆਕਾਰ ਤੇ ਬਿਰਤਾਂਤ ਰੌਚਿਕਤਾ ਨਾਲ ਜੋੜਨ ਵਿਚ ਉਹਨਾਂ ਦੀ ਮੁਹਾਰਤ ਰਹੀ ਹੈ। ਉਹਨਾਂ ਤੋਂ ਪਿਛੋਂ ਸਮਕਾਲ ਦੇ ਕਈ ਕਥਾਕਾਰਾਂ ਨੇ ਕਹਾਣੀ ਦੇ ਆਕਾਰ ਨੂੰ ਵਿਸਥਾਰ ਦੇ ਕੇ ਕਹਾਣੀ ਨੂੰ ਚਿੰਤਨ ਪ੍ਰਧਾਨ, ਹੁਨਰੀ ਤੇ ਸ਼ਿਲਪੀ ਕਥਾ ਸਰੋਕਾਰਾਂ ਨਾਲ ਜੋੜਿਆ ਹੈ। ਨਿੰਦਰ ਕਾਂਗ ਦੀ 'ਕੁੱਤੀ ਵਿਹੜਾ', ਸਰੂਪ ਸਿਆਲਵੀ ਦੀ 'ਕਾਲ ਕਾਲਾਂਤਰ', ਬਲਵਿੰਦਰ ਗਰੇਵਾਲ ਦੀ 'ਇਕ ਘਰ ਆਜ਼ਾਦ ਹਿੰਦੀਆਂ ਦਾ', ਸਾਂਵਲ ਧਾਮੀ ਦੀ 'ਮੱਲ੍ਹਮ' ਆਦਿ ਕਹਾਣੀਆਂ ਵਿਚ ਕਥਾ ਦੇ ਆਕਾਰ ਤੇ ਵਿਸ਼ੇਗਤ ਸਰੋਕਾਰਾਂ ਵਿਚ ਤਾਲਮੇਲ ਸਿਰਜਿਆ ਮਿਲਦਾ ਹੈ।

ਨਵੀਂ ਕਹਾਣੀ ਵਿਚ ਵਾਧੂ ਵਿਸਥਾਰ ਤੇ ਬੇਲੋੜੇ ਪ੍ਰਸੰਗਾਂ ਦੀ ਭਰਤੀ ਦਾ ਮਸਲਾ ਇੰਨਾ ਗੰਭੀਰ ਨਹੀਂ ਹੈ। ਕਹਾਣੀ ਦੇ ਵਿਸ਼ੇ ਦੀ ਗੰਭੀਰਤਾ, ਘਟਨਾਵਾਂ ਦੀ ਬਣਤਰ, ਕਥਾ ਪ੍ਰਸੰਗਾਂ ਦੀ ਕ੍ਰਮਬਧ ਪੇਸ਼ਕਾਰੀ ਤੇ ਬਿਰਤਾਂਤ ਦੀਆਂ ਲੋੜਾਂ ਅਨੁਸਾਰ ਕਹਾਣੀ ਆਪਣੇ ਪ੍ਰੰਪਰਕ ਆਕਾਰ ਵਾਲੀ ਵਿਧਾ ਨੂੰ ਸੁਚੇਤ-ਅਚੇਤ ਤੋੜ ਰਹੀ ਹੈ। ਵਿਧਾ ਤੇ ਰੂਪ ਦਾ ਮਸਲਾ ਬੇਸ਼ੱਕ ਕੁਝ ਬੁਨਿਆਦੀ ਆਧਾਰਾਂ ਤੇ ਖੜ੍ਹਾ ਹੁੰਦਾ ਹੈ ਪਰ ਬਦਲਦੇ ਪਰਿਵੇਸ਼ ਵਿਚ ਵਿਧਾਗਤ ਚੌਖਟੇ ਤੇ ਰੂਪ ਦੀ ਪੱਕੀ ਪੀਡੀ ਜਕੜ ਟੁੱਟਦੀ ਹੈ। ਕਹਾਣੀ ਵੀ ਉਸ ਜਕੜ ਤੋਂ ਮੁਕਤ ਹੋਈ ਹੈ। ਰੂਪ ਖੁਦ ਕਹਾਣੀ ਨੂੰ ਨਵੇਂ ਕੋਣਾਂ ਤੋਂ ਪੇਸ਼ ਕਰ ਰਿਹਾ ਹੈ। ਆਰੋਪਿਤ ਰੂਪ ਵਿੱਚ ਕਹਾਣੀ ਨੂੰ ਲਟਕਾਉਣ ਵਾਲੇ ਕਥਾ-ਬਿੰਬਾ ਦੀ ਨਿਸ਼ਾਨਦੇਹੀ ਵੀ ਸਹਿਜੇ ਹੋ ਜਾਂਦੀ ਹੈ ਸਮਕਾਲ ਵਿਚ ਅਜਿਹੇ ਕੁਝ ਤਜਰਬਿਆਂ ਦੇ ਬਾਵਜੂਦ ਪ੍ਰਤੀਨਿਧ ਕਹਾਣੀ ਦੇ ਲੰਮੇ ਆਕਾਰ ਧਾਰਨ ਕਰਨ ਦਾ ਮਸਲਾ ਕੋਈ ਗੰਭੀਰ ਨਹੀਂ ਜਾਪਦਾ।

ਸਮਕਾਲੀ ਪੰਜਾਬੀ ਕਹਾਣੀ ਵਿਸ਼ਿਆ ਦੇ ਬਹੁਪਰਤੀ ਦ੍ਰਿਸ਼ਾਂ ਨੂੰ ਨਵੀਨ ਕਥਾ ਬੋਧ ਦੁਆਰਾ ਪੇਸ਼ ਕਰ ਰਹੀ ਹੈ। ਇਸਦੇ ਸੰਸਾਰ ਦੇ ਪਿਛੋਕੜ ਵਿਚ ਕੰਮ ਕਰਦੇ ਸੰਚਾਲਿਤ ਪ੍ਰਬੰਧ ਦੀਆਂ ਤਹਿਆਂ ਨੂੰ ਘਟਨਾਵਾਂ ਦੀ ਸੰਘਣਤਾ, ਬਿਰਤਾਂਤਕ-ਜਟਿਲਤਾ, ਪਾਤਰਾਂ ਦੀ ਮਾਨਸਿਕ ਕਸ਼ਮਕਸ਼ ਦੁਆਰਾ ਪੇਸ਼ ਕਰਦਿਆਂ ਮੌਜੂਦਾ ਦੌਰ ਦੀ ਕਹਾਣੀ ਨੇ ਕਥਾ ਸਿਰਜਣਾ ਨੂੰ ਭਾਵੁਕ ਵਹਿਣਾਂ, ਜਜ਼ਬਾਤੀ ਲਹਿਜ਼ਿਆਂ ਅਤੇ ਪੂਰਵ ਨਿਸ਼ਚਿਤ ਉਦੇਸ਼ਾਂ ਤੋਂ ਤੋੜਿਆ ਹੈ। ਹੁਣ ਦੀ ਕਹਾਣੀ ਦਾ ਕੇਂਦਰੀ ਪਾਤਰ ਆਪਣੀ ਸੀਮਾ ਤੇ ਸਮਰੱਥਾ ਅਨੁਕੂਲ ਹੈ। ਉਹ ਨਿਰੋਲ ਚੰਗੇ ਜਾਂ ਨਿਰੋਲ ਮੰਦੇ ਕਿਰਦਾਰ ਦੀ ਘੇਰਾਬੰਦੀ ਤੋਂ ਮੁਕਤ ਹੈ। ਉਸਦੀ ਮਾਨਸਿਕ ਟੁੱਟ ਭੱਜ ਦੇ ਅਨੇਕਾਂ ਪਾਸਾਰ ਹਨ। ਉਹ ਜਾਤੀ-ਜਮਾਤੀ ਹੀਣਤਾ ਦਾ ਸ਼ਿਕਾਰ ਹੈ, ਗਿਸ਼ਤਿਆਂ ਦੀ ਟੁੱਟ ਭੱਜ ਦਾ ਸ਼ਿਕਾਰ ਹੈ, ਪਰਵਾਸ ਦੇ ਨਵੇਂ ਸੰਕਟਾਂ ਨੂੰ ਹੰਢਾਉਂਦਾ ਹੈ, ਪਰਿਵਾਰਕ ਸਮਾਜਕ ਤੇ ਸਭਿਆਚਾਰਕ ਸੰਸਥਾਵਾਂ ਪ੍ਰਤੀ ਅੰਨ੍ਹੀ ਸਮਰਪਣ ਭਾਵਨਾ ਤੋਂ ਮੁਕਤ ਹੈ... ਕੁੱਲ ਮਿਲਾ ਕੇ ਨਵੀਂ ਕਹਾਣੀ ਨੇ ਪਾਰਟੀ ਮੈਨੀਫੈਸਟੋ, ਸਮਾਜ ਸੁਧਾਰਕ ਪੱਧਰ ਤੇ ਤਖ਼ਤੀ ਨੁਮਾ ਲੇਬਲਾਂ ਤੇ ਨਾਅਰੇਵਾਦੀ ਪ੍ਰਵਚਨਾਂ ਤੋਂ

ਮੁਕਤੀ ਪਾਈ ਹੈ। ਵਿਚਾਰ ਧਾਰਾ ਦੀ ਪੂਰਵ ਨਿਸ਼ਚਿਤ ਜਕੜ ਟੁੱਟੀ ਹੈ। ਇਸ ਨਾਲ ਚਿੰਤਨ ਦੇ ਨਵੇਂ ਸਰੋਤ ਸਾਹਮਣੇ ਆਏ ਹਨ, ਚਿੰਤਨ ਦੇ ਨਵੇਂ ਪਾਸਾਰ ਉੱਭਰੇ ਹਨ ਤੇ ਨਵਾਂ ਜੀਵਨ ਯਥਾਰਥ ਆਪਣੇ ਬਹੁਰੰਗੇ ਪਰਿਵੇਸ਼ ਵਿਚ ਸਾਹਮਣੇ ਆਇਆ ਹੈ।

ਨਵੇਂ ਕਹਾਣੀਕਾਰਾਂ ਦੇ ਪਰੰਪਰਾਕ ਵਿਸ਼ਿਆਂ ਨੂੰ ਵੀ ਨਵੀਨ ਜਾਵੀਏ ਤੋਂ ਪੇਸ਼ ਕੀਤਾ ਹੈ। ਇਹਨਾਂ ਵਿਚ ਮੱਧ ਵਰਗੀ ਮਨੁੱਖ, ਕਿਰਸਾਨੀ ਮਸਲੇ, ਜਮਾਤੀ ਵਿਤਕਰੇ, ਪਰਵਾਸ ਮਸਲੇ ਤੇ ਨਾਗੀਵਾਰੀ ਵਿਸ਼ੇ ਮੁੱਖ ਹਨ। ਨਵੇਂ ਵਿਸ਼ਿਆ ਪੱਖੋਂ ਕਥਾਕਾਰਾਂ ਨੇ ਵੱਡੀਆਂ ਮੱਲਾਂ ਮਾਰ ਕੇ ਸਮਕਾਲੀ ਕਹਾਣੀ ਦਾ ਕੈਨਵਸ ਵਿਸਤ੍ਰਤ ਕੀਤਾ ਹੈ। ਹੁਣ ਦੀ ਕਹਾਣੀ ਦਾ ਚਿੰਤਨ ਪ੍ਰਧਾਨ ਖ਼ਾਸਾ ਤੇ ਨਵੀਨ ਕਥਾ ਸ਼ੈਲੀ ਇਸਦੀ ਬਹੁਪਰਤੀ ਕਥਾ ਸੰਵੇਦਨਾ ਨੂੰ ਉਜਾਗਰ ਕਰ ਰਹੀ ਹੈ। ਮਾਅਰਕੇ ਦੀਆਂ ਕਹਾਣੀਆਂ ਵਿਚ ਅਜਮੇਰ ਸਿੱਧੂ ਦੀ 'ਇਕਬਾਲ ਹੁਸੈਨ ਮੋਇਆ ਨਹੀਂ', 'ਦੀ ਸਵੋਰਡ ਆਫ ਬੰਦਾ ਬਹਾਦਰ', 'ਜਿੰਦਰ ਦੀ 'ਕਤਲ', ਤਲਵਿੰਦਰ ਦੀ ਗਲੇਸ਼ੀਅਰ', 'ਵਿਚਲੀ ਔਰਤ', ਭਗਵੰਤ ਰਸੂਲਪੁਰੀ ਦੀ 'ਜੜ੍ਹਾਂ' ਤੇ 'ਆਦਿ ਡੰਕਾ', ਮਨਿੰਦਰ ਕਾਂਗ ਦੀ 'ਦੋ ਤਲਵਾਰਾਂ ਬੱਧੀਆ', ਅਤਰਜੀਤ ਦੀ 'ਠੂੰਹਾਂ', ਪ੍ਰੇਮ ਗੋਰਖੀ ਦੀ 'ਜੜ੍ਹ ਸੰਸਕਾਰ', ਲਾਲ ਸਿੰਘ ਦੀ 'ਗੜ੍ਹੀ ਬਖ਼ਸ਼ਾ ਸਿੰਘ', ਜਤਿੰਦਰ ਹਾਂਸ ਦੀ 'ਤੱਖੀ', ਬਲਦੇਵ ਢੀਂਡਸਾ ਦੀ 'ਬੋਨਸ' ਕੇਸਰਾ ਰਾਮ ਦੀ 'ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ', ਜਸਵੀਰ ਰਾਣੀ ਦੀ 'ਚੂੜੇ ਵਾਲੀ ਬਾਂਹ', ਜਰਨੈਲ ਸਿੰਘ ਦੀ 'ਪੱਤਿਆਂ ਨਾਲ ਢਕੇ ਜਿਸਮ', ਹਰਪ੍ਰੀਤ ਸੇਖਾ ਦੀ 'ਛੱਪੜ', ਵੀਨਾ ਵਰਮਾ ਦੀ 'ਮਰਿਆ ਚੂਹਾ', ਪਰਵਾਨਾ ਦੀ 'ਦੀਨ ਕੇ ਹੇਤ' , ਸਰੂਪ ਸਿਆਲਵੀ ਦੀ 'ਕਾਲ ਕਾਲਾਂਤਰ' ਨਸਰਾਲੀ ਦੀ 'ਜੇ ਅਪਨੀ ਬਿਰਥਾ ਕਹੂੰ', ਗੁਰਮੀਤ ਕੜਿਆਲਵੀ ਦੀ 'ਆਤੂ ਖੋਜੀ', ਗੁਰਸੇਵਕ ਪ੍ਰੀਤ ਦੀ 'ਮੈਂ ਇਹੋ ਜਿਹਾ ਨਹੀਂ ਦੇਵ', ਅਨੇਮਨ ਸਿੰਘ ਦੀ 'ਬੂ ਫਾਰ ਅੰਕਲ', ਗੁਰਦਿਆਲ ਦਲਾਲ ਦੀ 'ਅੰਨ੍ਹੀ ਗਲੀ ਦਾ ਮੋੜ', ਸੁਕੀਰਤ ਦੀ 'ਘਰ' ਦੇਸ ਰਾਜ ਕਾਲੀ ਦੀ 'ਪੰਚਕੂਲੇ 'ਚ ਜਨਾਜ਼ਾ' ਬਲਵਿੰਦਰ ਗਰੇਵਾਲ ਦੀ 'ਇਕ ਘਰ ਆਜ਼ਾਦ ਹਿੰਦੀਆਂ ਹਾ' 'ਸੂਰਜ ਦੀ ਪਿੱਠ ਨਹੀਂ ਹੁੰਦੀ', ਸੁਖਜੀਤ ਦੀ 'ਬਰਫ਼', 'ਅੰਤਰਾ' ਨਿਰਮਲ ਜਸਵਾਲ ਦੀ 'ਕਾਕਟੇਲ', ਸਾਂਵਲ ਧਾਮੀ ਦੀ 'ਪੁਲ਼', 'ਪੇਜ਼ੀ ਦੇ ਫੁੱਲ', ਕੁਲਵੰਤ ਗਿੱਲ ਦੀ 'ਸਿਗਰਟ ਜਿਹੀ ਜ਼ਿੰਦਗੀ' , 'ਗੋਲ ਗੋਲ ਘੁੰਮਦਿਆ', ਰਸ਼ਪਿੰਦਰ ਰਸ਼ਿਮ ਦੀ 'ਉਧੜੀ ਹੋਈ ਗੁੱਡੀ', ਦਰਸ਼ਨ ਜੋਗਾ ਦੀ 'ਨਮਸਕਾਰ' ਵਿਸ਼ਵਜੋਤੀ ਧੀਰ ਦੀ 'ਰਿਲੇਅ ਰੇਸ', ਮਨਮੋਹਨ ਬਾਵਾ ਦੀ 'ਇਕ ਵੱਖਰਾ ਸ਼ਾਂਤੀਨਕੇਤਨ' ਬਿੰਦਰ ਬਸਰਾ ਦੀ 'ਕਦਮ ਕਦਮ ਚੌਰਾਹੇ', ਗੁਲ ਚੌਹਾਨ ਦੀ 'ਦੁੱਧ ਪੁੱਤ' ਤ੍ਰਿਪਤਾ ਕੇ ਸਿੰਘ ਦੀ 'ਮਰੀਆਂ ਹੋਈਆਂ ਮਛਲੀਆਂ' ਸਰਘੀ ਦੀ 'ਸਭ ਦੇਸ਼ ਬੇਗਾਨਾ', ਕਿਰਪਾਲ ਕਜ਼ਾਕ ਦੀ 'ਪਿੰਜਰੇ', ਮੋਹਨ ਲਾਲ ਫਿਲੌਰੀਆਂ ਦੀ 'ਮੋਚੀ ਦਾ ਪੁੱਤ', ਹਰਭਜਨ ਸਿੰਘ ਦੀ 'ਕਾਲਾ ਨਾਚ', ਸਿਮਰਨ ਧਾਲੀਵਾਲ ਦੀ 'ਮੈਂ ਨਾਟਕ ਤੇ ਜ਼ਿੰਦਗੀ', ਪਰਗਟ ਸਿੰਘ ਸਤੌਜ ਦੀ 'ਹਨੇਰੇ 'ਚ ਗਵਾਚਿਆ ਸੱਚ' ਬਲੀਜੀਤ ਦੀ 'ਇਬਾਰਤਾਂ', ਜਸਪਾਲ ਮਾਨਖੇੜਾ ਦੀ 'ਸਪਾਈਨਲ ਕੋਰਡ ਦੀ ਇੰਜਰੀ', ਜਸਵਿੰਦਰ ਸਿੰਘ ਦੀ 'ਖੂਹ ਖਾਤੇ' ਸੰਤੋਖ ਧਾਲੀਵਾਲ ਦੀ 'ਤੇ ਕਾਨੂੰ ਮਰ ਗਿਆ', ਬਲਦੇਵ ਪੋਹਲੋਪੁਰੀ ਦੀ 'ਰਾਤ ਗਈ ਬਾਤ ਗਈ' ਮੁਖਤਾਰ ਗਿੱਲ ਦੀ 'ਆਰ ਨਾ ਪਾਰ', ਸੁਰਿੰਦਰ ਨੀਰ ਦੀ 'ਲਾਵਾਰਿਸ ਲਾਸ਼', ਮੱਖਣ ਮਾਨ ਦੀ 'ਲੋਹ ਹੱਡਾ', ਗੁਰਲਾਪ ਲਿੱਟ ਦੀ 'ਇਕਬਾਲਨਾਮਾ', 'ਮੈਨੂੰ ਘਰ ਚਾਹੀਦਾ... ਰੰਜਨ', ਕਰਮ ਸਿੰਘ ਮਾਨ ਦੀ 'ਆਰ ਨਾ ਪਾਰ', ਕੁਲਜੀਤ ਮਾਨ ਦੀ 'ਮੋਰ', ਜਰਨੈਲ ਸਿੰਘ ਗਰਚਾ ਦੀ 'ਬੁਝਦੇ ਜਗਦੇ ਤਾਰੇ', ਚਰਨਜੀਤ ਪੰਨੂੰ ਦੀ 'ਸਖ਼ੀਰਾ' ਪਰਵੇਜ਼ ਸੰਧੂ ਦੀ 'ਸੌਂਕਣ' ਅਮਰਪਾਲ ਸਾਰਾ ਦੀ 'ਵੀਹ ਦਾ ਨੋਟ', ਤ੍ਰਿਲੋਚਨ ਭਾਟੀਆ ਦੀ 'ਅੱਖ ਦੀ ਲਿਸ਼ਕ', ਨਛੱਤਰ ਦੀ 'ਹਾਰ ਜਿੱਤ', ਬਲਦੇਵ ਸਿੰਘ ਦੀ 'ਮਰ ਗਿਆ ਬਿਸ਼ਨੂੰ' ਐਸ ਬਲਵੰਤ ਦੀ 'ਮਹਾਂਨਗਰ', ਹਰਜੀਤ ਅਟਵਾਲ ਦੀ 'ਪੁਲ਼' ਗੁਰਪ੍ਰੀਤ ਧਾਲੀਵਾਲ ਦੀ 'ਜੂਠ' ਅੰਨ. ਕੌਰ ਦੀ 'ਧੀਆ ਵਾਲੇ', ਗਿਆਨੀ ਕਰਨੈਲ ਸਿੰਘ ਦੀ 'ਮਿਕਸਡ ਕਲਚਰ' ਜਗਜੀਤ ਬਰਾੜ ਦੀ 'ਨਾਦਰਸ਼ਾਹ' ਮਨਜੀਤ ਕੌਰ ਸੇਖੋਂ ਮ੍ਰਿਗ ਤ੍ਰਿਸ਼ਨਾ', ਦਰਸ਼ਨ ਧੀਰ ਦੀ 'ਪਿਆਸੇ ਪੌਦੇ' ਨਵਨੀਤ ਕੌਰ ਸੰਧੂ ਦੀ 'ਡਾਇਲ 911' ਸਵਰਨ ਚੰਦਨ ਦੀ

'ਚਰਚ ਫਾਰ ਸੇਲ' ਰਾਣੀ ਨਗੋਂਦਰ ਦੀ 'ਗ੍ਰੀਨ ਕਾਰਡ', ਜਗਰੂਪ ਦਾਤੇਵਾਸ ਦੀ 'ਬੰਜ਼ਰ', ਹਰਜਿੰਦਰ ਸੂਰੇਵਾਲੀਆ ਦੀ 'ਪਾਪਾ ਆਪਾ ਬਰਾੜ ਹੁੰਨੇ ਆ', ਭੋਲਾ ਸਿੰਘ ਸੰਘੇੜਾ ਦੀ 'ਹਾਇ ਓਏ ਦੁੱਲਿਆ' , ਨਿੰਦਰ ਗਿੱਲ ਦੀ 'ਪਛਾਣ ਸੰਕਟ', ਗੁਰਨਾਮ ਗਿੱਲ ਦੀ 'ਲੋੜ' ਮੇਜਰ ਮਾਂਗਟ ਦੀ 'ਤ੍ਰਿਸ਼ੰਕੂ' ਮੁਖਤਿਆਰ ਸਿੰਘ ਦੀ 'ਖਾਲੀ ਸਿਲੰਡਰ', ਸੁਖਰਾਜ ਧਾਲੀਵਾਲ ਦੀ 'ਨਾਰਾ', ਪ੍ਰਿਤਪਾਲ ਚਾਹਲ ਦੀ 'ਆਪਣਾ ਘਰ', ਅਵਤਾਰ ਸਿੰਘ ਬਿਲਿੰਗ ਦੀ 'ਸੁਫਨਾ ਤੇ ਸੱਚ', ਜੋਗਿੰਦਰ ਨਿਰਾਲਾ ਦੀ 'ਸੰਭਾਲ ਲੈ ਮੈਨੂੰ', ਬਲਬੀਰ ਕੌਰ ਸੰਘੇੜਾ ਦੀ 'ਚੱਪਾ ਕੁ ਸੂਰਜ', ਅਵਤਾਰ ਗਿੱਲ ਦੀ 'ਝੱਖੜ', ਇਕਬਾਲ ਅਰਪਨ ਦੀ 'ਲਾਲਾਂ ਦੀ ਜੋੜੀ', ਗੁਰਦੇਵ ਰੁਪਾਣਾ ਦੀ 'ਜੁਗਤ' ਤੇ ਹੋਰ ਵੀ ਅਨੇਕਾਂ ਉਦਾਹਰਨਾਂ ਹਨ।

ਹਰ ਬਿਰਤਾਂਤਕ ਵਿਧਾ ਦੀ ਰੂਪਗਤ ਪਛਾਣ ਲਈ ਕੁਝ ਬੁਨਿਆਦੀ ਧਾਰਨਾਵਾਂ ਕਾਇਮ ਰਹਿੰਦੀਆਂ ਹਨ ਪਰ ਇਸਦੇ ਬਾਵਜੂਦ ਹਰ ਬਿਰਤਾਂਤਕ ਵੱਥ ਸਮੇਂ ਸਮੇਂ ਤੇ ਆਪਣਾ ਕਥਾ ਅੰਦਾਜ਼ ਖੁਦ ਘੜਦੀ ਹੈ। ਚੌਥੇ ਪੜਾਅ ਦੀ ਕਹਾਣੀ ਨੇ ਕਥਾ ਸ਼ਿਲਪ ਭਾਸ਼ਾ ਸੰਚਾਰ ਆਦਿ ਪੱਖੋਂ ਪੂਰਵਲੀ ਕਹਾਣੀ ਤੋਂ ਵੱਖਰਤਾ ਕਾਇਮ ਕੀਤੀ ਹੈ।

ਹੁਣ ਦੀ ਕਹਾਣੀ ਦਾ ਬਿਰਤਾਂਤ ਸਰੋਤੇ-ਪਾਠਕ ਨੂੰ ਕਹਾਣੀ ਸਮਝਾਉਣ ਸੁਣਾਉਣ ਜਾਂ ਦਿਖਾਉਣ ਦੀ ਥਾਂ ਉਸਨੂੰ ਹਮਰਾਜ਼ ਬਣਾਉਣ ਦਾ ਹੈ। ਕਹਾਣੀਕਾਰ ਉਤਮ ਪੁਰਖੀ ਬਿਰਤਾਂਤ ਸ਼ੈਲੀ ਨੂੰ ਅਧਿਕ ਪਹਿਲ ਦੇ ਰਿਹਾ ਹੈ। ਇਸ ਨਾਲ ਕਥਾ ਵਾਪਰਨ ਦੇ ਪ੍ਰਮਾਣਿਕ ਬਿੰਬ ਉਸਰਨ ਦਾ ਭਰਮ ਵੀ ਪੈਦਾ ਹੁੰਦਾ ਹੈ। ਉਸਦੇ ਪਾਤਰ ਸਰਬ ਗਿਆਤਾ ਹੋ ਕੇ ਸਥਿਤੀਆਂ ਨੂੰ ਬਹੁਤੀ ਵਾਰ ਖੋਲ੍ਹਣ ਨਾਲ ਸੁੰਗੜਨ ਵੱਲ ਵੀ ਤੋਰ ਦਿੰਦੇ ਹਨ। ਮੌਜੂਦਾ ਕਹਾਣੀ ਵਸਤੂ ਯਥਾਰਥ ਦੇ ਬਾਹਰੀ ਰੂਪ ਨੂੰ ਪੇਸ਼ ਕਰਨ ਲਈ ਪਾਤਰਾਂ ਦੇ ਸਮੂਹ ਕਾਰਜਾਂ ਨੂੰ ਉਸਦੇ ਮਾਨਸਿਕ ਵੇਰਵਿਆਂ ਦੇ ਰੂਪ ਵਿਚ ਪੇਸ਼ ਕਰ ਰਹੀ ਹੈ। ਸੁਪਨ ਸ਼ੈਲੀ, ਮਾਨਸਿਕ ਘੁੰਮਣਘੇਰੀ, ਮਨੋ ਸੰਵਾਦ, ਮਨੋ ਚਕਿਤਸਾ ਆਦਿ ਕਥਾ ਸੰਚਾਰ ਦੀਆਂ ਨਵੀਆਂ ਤਕਨੀਕਾਂ ਵਜੋਂ ਸਾਹਮਣੇ ਆ ਰਹੀਆਂ ਜੁਗਤਾਂ ਹਨ। ਕਥਾ ਦੀ ਸ਼ੈਲੀ ਜਿਆਦਾ ਸੰਵਾਦ ਪੈਦਾ ਕਰ ਰਹੀ ਹੈ। ਤੇ ਪਹਿਲੀ ਕਹਾਣੀ ਨਾਲੋਂ ਚਿੰਤਨ ਪ੍ਰਧਾਨ ਕਹਾਣੀ ਦਾ ਪ੍ਰਚਲਨ ਅਧਿਕ ਹੋ ਰਿਹਾ ਹੈ। ਇਹ ਚਿੰਤਨ ਪਾਤਰਾਂ ਦੀ ਮਨੋ-ਸੰਵਾਦ, ਸਵੈਗਤ ਵੇਰਵਿਆਂ ਜਾਂ ਸਰਬੱਗ ਵਰਨਣ ਦੇ ਰੂਪ ਵਿਚ ਹੈ।

ਹੁਣ ਦੀ ਕਹਾਣੀ ਇਕਹਿਰੇ ਤੇ ਸਿੱਧੇ ਸਪਾਟ ਤਰਕਾਂ ਦੀ ਪਿੱਛਲੱਗ ਨਹੀਂ ਹੈ। ਇਕੋ ਸਥਿਤੀ ਨੂੰ ਵੱਖੋ ਵੱਖਰੇ ਕੋਣਾਂ ਤੋਂ ਦੇਖਣ-ਦਿਖਾਉਣ ਦੀ ਮੁਸ਼ੱਕਤ ਹੋ ਰਹੀ ਹੈ। ਇਸ ਨਾਲ ਕਹਾਣੀ ਇਕ ਤੋਂ ਅਧਿਕ ਵਿਸ਼ਿਆਂ ਨੂੰ ਆਪਣੀ ਗੂੜ੍ਹੀ ਤੇ ਗਾੜ੍ਹੀ ਬਣਤਰ ਵਿਚ ਸੰਜੋਅ ਕੇ ਪੇਸ਼ ਕਰਦੀ ਹੈ। ਨਵੀਂ ਕਹਾਣੀ ਦੇ ਯਥਾਰਥ ਦੀ ਪ੍ਰਕਿਰਤੀ, ਸਰੂਪ ਤੇ ਸਿਧਾਂਤਕਾਰੀ ਨੂੰ ਵੀ ਨਵੀਨ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ। ਯਥਾਰਥ ਦੇ ਲੁਕਵੇਂ ਪੱਖ ਉਭਰੇ ਹਨ ਤੇ ਕਲਾ ਵਿਚ ਇਸਦੀ ਪੇਸ਼ਕਾਰੀ ਦੀਆਂ ਹਜ਼ਾਰਾਂ ਸੰਭਾਵਨਾਵਾਂ ਨਵੇਂ ਕੋਣਾਂ ਦੀ ਥਾਹ ਪਾ ਰਹੀਆਂ ਹਨ। ਸਮਕਾਲੀ ਕਹਾਣੀ ਦਾ ਸੰਚਾਰ ਮਨੋਵਿਗਿਆਨਕ ਤੇ ਮੀਡੀਆ ਦੇ ਪ੍ਰਭਾਵ ਦੀਆਂ ਨਵੀਆਂ ਨਵੀਆਂ ਜੁਗਤਾਂ ਨਾਲ ਹੋ ਰਿਹਾ ਹੈ। ਤਜਰਬੇ ਵੀ ਹੋ ਰਹੇ ਹਨ। ਆਰੋਪਿਤ ਸੰਚਾਰ ਵਿਧੀਆਂ ਨਾਲ ਕਥਾ ਦਾ ਸੁਭਾਵਕ ਪ੍ਰਬੰਧ ਵੀ ਹਿੱਲਦਾ ਤੇ ਵੱਡੀ ਗੱਲ ਅਜਿਹੇ ਸੰਚਾਰ ਦਾ ਕਹਾਣੀ ਦੇ ਵਿਸ਼ੇ ਨਾਲ ਤਾਲਮੇਲ ਨਾ ਹੋਣ ਕਰਕੇ ਕੁਝ ਕਹਾਣੀਆਂ ਅਮੂਰਤਵਾਦ ਦੇ ਹਲਕੇ ਪੱਧਰ ਤੇ ਵਿਚਰਦੀਆਂ ਹਨ। ਪਰ ਅਜਿਹੀ ਕਹਾਣੀ ਦੀ ਗਿਣਤੀ ਘੱਟ ਹੈ ਜਦ ਕਿ ਨਵੀਂ ਕਹਾਣੀ ਦਾ ਪ੍ਰਤੀਨਿੱਧ ਸੰਚਾਰ ਪ੍ਰਬੰਧ ਕਲਾਤਮਕ ਉੱਚਤਾ ਵਾਲਾ ਹੈ। ਬੰਦ ਅੰਤ ਨਾਲੋਂ ਖੁੱਲ੍ਹੇ ਤੇ ਅਨਿਸ਼ਚਿਤ ਕਥਾ ਅੰਤ ਸਾਹਮਣੇ ਆ ਰਹੇ ਹਨ।

ਕਥਾ ਨਾਇਕ ਦੇ ਪ੍ਰੰਪਰਕ ਬਿੰਬ ਟੁੱਟੇ ਹਨ ਤੇ ਇਹ ਨਾਇਕ ਸ਼ਹਿਰ ਦੀ ਇਕਹਿਰੀ ਤੇ ਪਿੰਡ ਦੀ ਕਿਸਾਨੀ ਕੇਂਦਰਿਤ ਜਕੜਬੰਦ ਬਿੰਬਕਾਰੀ ਤੋਂ ਦੂਰ ਹੋ ਰਿਹਾ ਹੈ।

ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਤੋਂ ਪਹਿਲਾਂ ਦੀ ਕਹਾਣੀ ਬੇਸ਼ੱਕ ਕੁਝ ਲਹਿਰਾਂ ਜਾਂ ਵਿਸ਼ੇਸ਼

ਦ੍ਰਿਸ਼ਟੀਕੋਣ ਅਧੀਨ ਲਿਖੀ ਹੋਣ ਕਰਕੇ ਆਪਣੀ ਪਛਾਣ ਨੂੰ ਬਣਾਈ ਰੱਖਦੀ ਹੈ ਪਰ ਵਿਸ਼ੇਸ਼ ਲੇਬਲਾਂ ਜਾਂ ਸਿਧਾਂਤਕ ਕੱਟੜਤਾ ਅਧੀਨ ਲਿਖੇ ਸਾਹਿਤ ਦੀਆਂ ਅਨੇਕਾਂ ਕਮੀਆਂ ਵੀ ਹੁੰਦੀਆਂ ਹਨ। ਕਿਸੇ ਵਿਸ਼ੇਸ਼ ਵਿਚਾਰਧਾਰਾ ਦੇ 'ਵਾਦ' ਜਾਂ ਸਿਧਾਂਤਕਤਾ ਨੂੰ ਲੇਖਕ ਆਪਣੀ ਪ੍ਰਤਿਭਾ ਤੇ ਕਲਾ ਰੂਪਾਂ ਦੇ ਅਨੁਸਾਰੀ ਰੱਖਣ ਦੀ ਥਾਂ ਸਿੱਧ ਸਪਾਟ ਬਿਆਨ ਤੇ ਉਤਰ ਆਉਂਦੇ ਹਨ। ਸਥਿਤੀ ਉਦੋਂ ਹੋਰ ਵੀ ਗੰਭੀਰ ਬਣਦੀ ਹੈ ਜਦੋਂ ਹਰ ਰਚਨਾ ਨੂੰ ਲਹਿਰਾਂ ਦੀ ਲਪੇਟ ਵਿਚ ਲੈ ਲਿਆ ਜਾਂਦਾ ਹੈ। ਕਹਾਣੀਕਾਰ ਜਾਂ ਹੋਰ ਵਿਧਾ ਦਾ ਲੇਖਕ ਲਿਖਦਾ ਕੁਝ ਹੋਰ ਹੈ ਸਮਝਿਆ ਕੁਝ ਹੋਰ ਜਾਂਦਾ ਹੈ। ਇਸ ਤੋਂ ਇਲਾਵਾ ਲਹਿਰਾਂ ਦੇ ਵਿਚਾਰਧਾਰਕ ਪਿਛੋਕੜ, ਇਤਿਹਾਸ ਤੇ ਚਿੰਤਨ ਦੀਆਂ ਮੌਖਿਕ ਧਾਰਨਾਵਾਂ ਤੇ ਹੀ ਉੱਤਮ ਰਚਨਾਵਾਂ ਰਚੀਆਂ ਹੋਣ ਦੇ ਭਰਮ ਵੀ ਤੈਰਦੇ ਰਹਿੰਦੇ ਹਨ। ਪੰਜਾਬੀ ਦੀ ਪ੍ਰਗਤੀਵਾਦੀ ਲੇਬਲ ਹੇਠ ਰਚੀ ਕਹਾਣੀ ਪਰੰਪਰਾ ਵਿਚ ਵੀ ਅਜਿਹਾ ਵਾਪਰਦਾ ਰਿਹਾ ਹੈ। ਪ੍ਰਗਤੀਵਾਦ ਦਾ ਸਿਧਾਂਤਕ ਪਾਠ ਕਰਨ ਨਾਲੋਂ ਰਚਨਾਕਾਰਾਂ ਨੇ ਇਸ ਸਬੰਧੀ ਹਵਾ ਵਿਚ ਉੱਡਦੇ ਤੱਥਾਂ ਤੇ ਮਿੱਥਾਂ ਨੂੰ ਫੜ ਕੇ ਵਧੀਆ ਰਚਨਾਵਾਂ ਲਿਖਣ ਦੇ ਫਤਵੇ ਹਾਸਿਲ ਕੀਤੇ ਹਨ। ਸਾਹਿਤ ਦਾ ਵਿਚਾਰਧਾਰਾ ਨਾਲ ਰੂਹ ਦਾ ਰਿਸ਼ਤਾ ਹੈ ਪਰ ਲੇਬਲਾ, ਲਹਿਰਾਂ ਤੇ ਵਿਸ਼ੇਸ਼ ਦ੍ਰਿਸ਼ਟੀਕੋਣਾਂ ਨੇ ਚਿੰਤਨ ਦਾ ਅਜਿਹਾ ਪੂਰ ਵੀ ਪੈਦਾ ਕੀਤਾ ਹੈ ਜਿਸਨੇ ਚੰਗੀਆਂ ਰਚਨਾਵਾਂ ਨੂੰ ਲਹਿਰਾਂ ਤੋਂ ਮੁਕਤ ਰੱਖ ਕੇ ਪਛਾੜਿਆ ਹੈ ਤੇ ਮਾੜੀਆਂ ਰਚਨਾਵਾਂ ਨੂੰ ਲਹਿਰਾਂ ਦੇ 'ਸਿਧਾਂਤਕ ਰੋਲ ਮਾਡਲ' ਸਿੱਧ ਕੀਤਾ ਹੈ। ਪੰਜਾਬੀ ਕਹਾਣੀ ਵਿਚ ਨਿੱਗਰ ਰਚਨਾਵਾਂ ਪੈਦਾ ਹੋਈਆਂ ਹਨ ਤੇ ਇਹ ਰਚਨਾਵਾਂ ਲਹਿਰਾਂ ਦੇ ਹਵਾਈ ਮਹਿਲਾਂ ਤੋਂ ਕਿਤੇ ਉੱਚੀਆਂ ਹਨ। ਕਹਾਣੀਕਾਰ ਦਾ ਦ੍ਰਿਸ਼ਟੀਕੋਣ ਵਿਚਾਰਧਾਰਾ ਤੇ ਕਿਸੇ ਲਹਿਰ ਦੀ ਸਿਧਾਂਤਕਤਾ ਪਾਣੀ ਵਿਚ ਘੁਲੇ ਰੰਗ ਵਰਗੀ ਹੋਣੀ ਚਾਹੀਦੀ ਹੈ ਤੇ ਅਜਿਹੀਆਂ ਰਚਨਾਵਾਂ ਨਾਲ ਹੀ ਪੰਜਾਬੀ ਕਥਾ ਪਰੰਪਰਾ ਦਾ ਵਿਰਸਾ ਤੇ ਵਰਤਮਾਨ ਗੌਰਵਸ਼ਾਲੀ ਬਣਦਾ ਹੈ।

ਮੌਜੂਦਾ ਸਮੇਂ ਦੀ ਕਹਾਣੀ ਨੇ ਵਿਸ਼ੇਸ਼ ਲਹਿਰਾਂ ਜਾਂ ਪ੍ਰਤੀਨਿਧ ਵਿਚਾਰਧਾਰਾ ਮਾਡਲਾਂ ਤੋਂ ਮੁਕਤੀ ਪਾਈ ਹੈ। ਇਹ ਚੰਗਾ ਸੰਕੇਤ ਹੈ। ਆਲੋਚਕਾ ਦੇ ਨਜ਼ਰੀਏ ਤੋਂ ਬੇਸ਼ੱਕ ਕਿਸਾਨੀ, ਦਲਿਤ, ਨਾਰੀ, ਪਰਵਾਸੀ ਆਦਿ ਪ੍ਵਰਗ ਸਿਰਜੇ ਜਾਂਦੇ ਹਨ ਪਰ ਸਮੁੱਚੇ ਰੂਪ ਵਿਚ ਹੁਣ ਦੀ ਕਹਾਣੀ ਨਵੇਂ ਵਸਤੂ ਯਥਾਰਥ ਦੇ ਪ੍ਰਤੀਰੋਧੀ ਪ੍ਵਚਨ ਵਜੋਂ ਉਭਰ ਰਹੀ ਹੈ। ਇਸ ਪ੍ਵਚਨ ਦੇ ਅਨੇਕਾਂ ਪਾਸਾਰ ਹਨ ਤੇ ਪੰਜਾਬੀ ਮਨੁੱਖ ਦੀ ਸਾਲਮ ਹੋਂਦ ਜਿਹੜੇ ਖਤਰਿਆਂ-ਸੰਕਟਾਂ ਨਾਲ ਭਿੜ ਰਹੀ ਹੈ, ਨਵੀਂ ਕਹਾਣੀ ਨੇ ਇਸਦੀ ਕਲਾਤਮਕ ਪੇਸ਼ਕਾਰੀ ਕੀਤੀ ਹੈ। ਅਣਗੌਲੇ ਵਿਸ਼ੇ ਪੰਜਾਬੀ ਕਹਾਣੀ ਦੀ ਪਕੜ ਹੇਠਾਂ ਆ ਰਹੇ ਹਨ।

ਦੇਸ਼ ਵੰਡ ਤੇ ਪੰਜਾਬੀ ਸੰਕਟ ਦੇ ਮੁੱਦੇ ਬੜੇ ਮਹੱਤਵਪੂਰਨ ਹਨ। ਪੰਜਾਬੀ ਕਹਾਣੀ ਪਰੰਪਰਾ ਵਿਚ ਅਨੇਕਾਂ ਕਥਾਕਾਰਾਂ ਨੇ ਇਹਨਾਂ ਵਿਸ਼ਿਆਂ ਨੂੰ ਆਪਣੀ ਆਪਣੀ ਸਮਰੱਥਾ ਤੇ ਸੰਭਾਵਨਾ ਨਾਲ ਪੇਸ਼ ਕੀਤਾ। ਸਮਕਾਲ ਵਿਚ ਇਹ ਵੀ ਰੁਝਾਨ ਜਾਰੀ ਹੈ। ਮੌਜੂਦਾ ਦੌਰ ਦੇ ਕਥਾਕਾਰਾਂ ਵਿਚ ਸਾਂਵਲ ਧਾਮੀ ਨੇ 'ਮੱਲ੍ਹਮ', ਅਜਮੇਰ ਸਿੱਧੂ ਨੇ 'ਇਕਬਾਲ ਹੁਸੈਨ ਮੋਇਆ ਨਹੀਂ', ਤਲਵਿੰਦਰ ਤੇ ਜਿੰਦਰ ਸਮੇਤ ਹੋਰ ਰਚਨਾਕਾਰਾਂ ਨੇ ਦੇਸ਼ ਵੰਡ ਨਾਲ ਜੁੜੇ ਅਣਗੌਲੇ ਤੇ ਤ੍ਰਾਸ਼ਦ ਵਰਤਾਰੇ ਪਾਠਕਾਂ ਅੱਗੇ ਰੱਖੇ ਹਨ। ਮਨਿੰਦਰ ਕਾਂਗ ਨੇ 'ਭਾਰ', 'ਤੈਨੂੰ ਮੈਂ ਨਾ ਮੁਕਰਦੀ' ਵਰਗੇ ਸ਼ਕਤੀਸ਼ਾਲੀ ਗਲਪੀ ਬਿੰਬ ਸਿਰਜ ਕੇ ਪੰਜਾਬ ਸੰਕਟ ਤੇ ਪੀੜਤ ਲੋਕਾਈ ਸਟੇਟ ਦੇ ਜਬਰ, ਲਹਿਰਾਂ ਦੇ ਅੰਤਰ ਵਿਰੋਧ ਜਿਹੇ ਵਿਸ਼ਿਆਂ ਨੂੰ ਸੰਯੁਕਤ ਰੂਪ ਵਿਚ ਪੇਸ਼ ਕੀਤਾ ਹੈ। ਤਰਲੋਚਨ ਭਾਟੀਆ ਦੀ 'ਕਮਾਂਡਰ', ਜਸਵਿੰਦਰ ਸਿੰਘ ਦੀ 'ਦੂਰੇ ਮਹਾਂਭਾਰਤ', 'ਪ੍ਰੇਮ ਗੋਰਖੀ ਦੀ 'ਕੱਖਕਾਨਾ', ਗੁਲਜ਼ਾਰ ਸੰਧੂ ਦੀ 'ਮੁਰਗੇ ਦਾ ਪੰਜਾ', ਗੁਰਪਾਲ ਲਿੱਟ ਦੀ 'ਗਿਰਝਾਂ', ਗੁਰਦੇਵ ਰੁਪਾਣਾ ਦੀ 'ਸ਼ੀਸ਼ਾ' ਗੁਰਬਚਨ ਸਿੰਘ ਭੁੱਲਰ ਦੀ 'ਕੀ ਜਾਣਾ ਮੈਂ ਕੌਣ' ਨੇ ਇਸ ਪਾਸੇ ਗੌਲ੍ਹਣਯੋਗ ਵਾਧਾ ਕੀਤਾ ਹੈ। ਵਰਿਆਮ ਸੰਧੂ ਤੇ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਦਾ ਇਸ ਸੰਦਰਭ ਵਿਚ ਵੱਖਰਾ ਯੋਗਦਾਨ ਹੈ। ਉਕਤ ਕਥਾਕਾਰ ਦੀਆਂ ਰਚਨਾਵਾਂ ਦਾ ਸਾਂਝਾ ਮਰਕਜ਼ ਪੰਜਾਬ ਸੰਕਟ ਦੇ ਦਹਿਸ਼ਤੀ ਮਾਹੌਲ ਵਿਚ ਵਲ੍ਹੂੰਧਰੀ ਪੰਜਾਬੀ ਮਾਨਸਿਕਤਾ ਦੇ ਵੱਖੋ ਵੱਖਰੇ ਪਾਸਾਰਾਂ ਨੂੰ ਉਭਾਰਨ ਦਾ ਰਿਹਾ ਹੈ।

ਤੀਜੇ ਅਤੇ ਚੌਥੇ ਪੜਾਅ ਦੀ ਕਹਾਣੀ ਨੇ ਪੰਜਾਬ ਸੰਕਟ ਤੇ ਵੰਡ ਦੇ ਦੁਖਾਂਤ ਨੂੰ ਵੱਖੋ-ਵੱਖਰੀ ਵਿਚਾਰ ਚੇਤਨਾ, ਕਥਾ ਦ੍ਰਿਸ਼ਟੀ ਤੇ ਕਥਾ ਜੁਗਤਾਂ ਤੋਂ ਫੜਿਆ ਹੈ। ਅਜੇ ਹੋਰ ਅਨੇਕਾਂ ਮੁੱਦੇ ਇਸ ਸਬੰਧੀ ਚਰਚਾ ਦੀ ਮੰਗ ਕਰਦੇ ਹਨ। ਨਵੇਂ ਕਥਾਕਾਰਾਂ ਕੋਲ ਉਕਤ ਸੰਕਟਾਂ ਦਾ ਸਿੱਧਾ ਅਨੁਭਵ ਨਹੀਂ ਹੈ। ਇਸ ਪ੍ਰਸੰਗ ਵਿਚ ਉਹਨਾਂ ਦੇ ਅਧਿਐਨ ਖੇਤਰੀ ਕਾਰਜ ਤੇ ਪ੍ਰਤਿਭਾ ਦੀ ਗਹਿਨਤਾ ਦਾ ਵੱਡਾ ਰੋਲ ਹੈ। ਉਂਝ ਵੀ ਨਵੇਂ ਕਲਾ ਰੂਪਾਂ ਨੇ ਅਨੁਭਵ ਦੇ ਸਿੱਧੇ ਸੋਮਿਆਂ ਦੀ ਸਿਧਾਂਤਕ ਮਿੱਥ ਨੂੰ ਤੋੜਿਆ ਹੈ। ਪੰਜਾਬੀ ਕਹਾਣੀ ਦੇ ਨਵੇਂ ਰਚਨਾਕਾਰਾਂ ਤੋਂ ਇਸ ਪ੍ਰਸੰਗ ਵਿਚ ਹੋਰ ਉਮੀਦਾਂ ਹਨ।

ਪੰਜਾਬੀ ਕਹਾਣੀ ਵਿਚ ਤਿੰਨ ਪੀੜ੍ਹੀਆਂ ਦੇ ਸਮਾਂਤਰ ਰੂਪ ਵਿਚ ਸਿਰਜੇ ਕਥਾ ਬਿੰਬਾਂ ਵਿਚ ਸਮਾਜਿਕ ਯਥਾਰਥ, ਵਿਚਾਰਧਾਰਾ, ਦ੍ਰਿਸ਼ਟੀ ਤੇ ਕਲਾਤਮਕ ਪੱਖੋਂ ਵਿਭਿੰਨ ਪਾਈ ਮਿਲਦੀ ਹੈ। ਪੁਰਾਣੀ ਪੀੜ੍ਹੀ ਦੇ ਕਥਾ ਪਰੰਪਰਾ ਨੂੰ ਪਾਏ ਯੋਗਦਾਨ ਦੇ ਆਧਾਰ ਤੇ ਹੀ ਨਵੀਂ ਕਹਾਣੀ ਨੇ ਆਪਣੇ ਕਥਾ ਬਿੰਬਾਂ ਨੂੰ ਸਿਰਜਿਆ ਹੈ। ਇਸ ਪੀੜ੍ਹੀ ਪਾੜੇ ਜਾਂ ਪੜਾਅ ਦਰ ਪੜਾਅ ਕਥਾ ਪਰੰਪਰਾ ਨੂੰ ਆਪਸੀ ਵਿਰੋਧ ਨਾਲੋਂ ਸੰਵਾਦੀ ਰੂਪ ਵਿਚ ਸਮਝਣਾ ਚਾਹੀਦਾ ਹੈ। ਚੌਥੇ ਪੜਾਅ ਦੇ ਕਹਾਣੀਕਾਰਾਂ ਨੇ ਯਥਾਰਥ ਦੇ ਇਕਹਿਰੇ ਰੂਪਾਂਤਰਣ ਤੇ ਕਥਾ ਦੇ ਪ੍ਰੰਪਰਕ ਮੁੱਦਿਆਂ ਨੂੰ ਪੇਸ਼ ਕਰਨ ਦੀ ਥਾਂ ਸਮਾਜਕ ਯਥਾਰਥ ਦੇ ਲੁਕਵੇ ਰੂਪ ਨੂੰ ਨਵੀਨ ਕਥਾ ਜੁਗਤਾਂ ਨਾਲ ਸਪਲੀਮੈਂਟ ਕੀਤਾ ਹੈ। ਇਸ ਨਾਲ ਸਮਕਾਲੀ ਕਹਾਣੀ ਦੀ ਪ੍ਰਤੀਨਿੱਧ ਧਾਰਾ ਆਪਣੇ ਵਸਤੂ ਦ੍ਰਿਸ਼ਟੀ ਤੇ ਰੂਪ ਪੱਖੋਂ ਨਵੀਨਤਾ ਸਿਰਜ ਰਹੀ ਹੈ। ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼ ਪ੍ਰੰਪਰਾ ਦੀ ਤੀਜੀ ਪੀੜ੍ਹੀ ਨੇ ਵੀ ਆਪਣੀ ਸਮਰਥਾ ਅਨੁਕੂਲ ਯੋਗਦਾਨ ਪਾਇਆ ਹੈ। ਅਸਲ ਵਿਚ ਚੌਥੇ ਪੜਾਅ ਦੀ ਕਹਾਣੀ ਨੂੰ ਨੌਜੁਆਨਾਂ ਦੀਆਂ ਲਿਖਤਾਂ ਨਾਲ ਜੋੜ ਦੇ ਦੇਖਣ ਦੇ ਰੁਝਾਨ ਨੇ ਵੀ ਤੀਜੀ ਪੀੜ੍ਹੀ ਦੇ ਕਥਾਕਾਰਾਂ ਨੂੰ ਬਣਦੀ ਸਪੇਸ ਨਹੀਂ ਦਿੱਤੀ। ਪ੍ਰੇਮ ਪ੍ਰਕਾਸ਼, ਵਰਿਆਮ ਪਰੰਪਰਾ ਉਂਝ ਨਵੇਂ ਕਥਾ ਬੋਧ ਤੋਂ ਦੂਰ ਹੈ। ਲਿਖਤਾਂ ਵਿਚ ਦੁਹਰਾਅ ਦਿਸਦਾ ਹੈ। ਇਸੇ ਪੜਾਅ ਵਿਚ ਕੁਝ ਤ੍ਰਿਸ਼ੰਕੂ ਕਥਾਕਾਰ ਵੀ ਡਟੇ ਹੋਏ ਹਨ। ਜਿੰਦਰ, ਅਤਰਜੀਤ, ਪ੍ਰੇਮ ਗੋਰਖੀ, ਮਨਿੰਦਰ ਕਾਂਗ, ਗੁਰਪਾਲ ਲਿੱਟ, ਜਸਵਿੰਦਰ ਸਿੰਘ ਆਦਿ ਦੀ ਭੂਮਿਕਾ ਇਸ ਪੱਖੋਂ ਅਹਿਮ ਹੈ। ਇਹ ਕਹਾਣੀਕਾਰ ਤੀਜੇ ਤੇ ਚੌਥੇ ਪੜਾਅ ਵਿਚ ਪੁਲ ਵਾਂਗ ਹਨ। ਅਕਸਰ ਆਪਣੀਆਂ ਰਚਨਾਵਾਂ ਨਾਲ ਲਿਸਕ ਜਿਹੀ ਮਾਰਦੇ ਹਨ। ਪਰ ਇਹਨਾਂ ਵਿੱਚੋਂ ਕੁਝ ਨੇ ਨਵੇਂ ਸਮਾਜਿਕ ਯਥਾਰਥ ਤੇ ਕਥਾ ਵਿਧੀਆਂ ਦੀ ਨਵੀਨਤਾ ਵਿਚ ਤਾਲਮੇਲ ਸਿਰਜਿਆ ਹੋਇਆ ਇਹਨਾਂ ਰਚਨਾਕਾਰਾਂ ਦੇ ਕਥਾ ਬਿੰਬਾਂ ਵਿਚ ਗੁੰਝਲਦਾਰ ਤੇ ਭਰਮਾਊ ਕਥਾ ਚੇਤਨਾ ਨਦਾਰਦ ਹੈ ਤੇ ਇਹਨਾਂ ਦੇ ਪੈਰਾਂ ਨੇ ਜ਼ਮੀਨ ਵੀ ਫੜੀ ਹੋਈ ਹੈ।

ਪੇਸ਼ਕਾਰੀ ਦੇ ਨਜ਼ਰੀਏ ਤੋਂ ਉਕਤ ਤਿੰਨ ਪੀੜ੍ਹੀਆਂ ਦੇ ਕਥਾ ਨਿਭਾਅ ਵੱਖਰੀ ਵੱਖਰੀ ਭਾਂਤ ਦੇ ਹਨ। ਨਵੀਂ ਪੀੜ੍ਹੀ ਜਾਂ ਚੌਥੇ ਪੜਾਅ ਦੇ ਉਭਰਦੇ ਕਹਾਣੀਕਾਰਾਂ ਨੇ ਸੰਚਾਰ ਸਾਧਨਾ ਤੇ ਮੀਡੀਆ ਦੇ ਪ੍ਰਭਾਵ ਨਾਲ ਜੁੜੀਆਂ ਕਥਾ ਜੁਗਤਾਂ ਨੂੰ ਅਧਿਕ ਨਿਭਾਇਆ ਹੈ। ਸਮਾਜੀ ਯਥਾਰਥ ਦੇ ਅਨੇਕਾਂ ਪਾਸਾਰਾਂ ਨੂੰ ਉਭਾਰਨ ਦੇ ਨਾਲ ਨਾਲ ਉੱਤਮ ਪੁਰਖੀ ਬਿਰਤਾਂਤ ਜੁਗਤ ਦੀ ਅਧਿਕ ਵਰਤੋਂ, ਵਿਸ਼ਿਆਂ ਦੀ ਸੰਜੁਗਤ ਪੇਸ਼ਕਾਰੀ ਨਾਇਕ ਦੇ ਰਵਾਇਤੀ ਬਿੰਬ ਦੀ ਸੁਚੇਤ ਭਾਂਤ ਤਿੜਕ, ਭਾਸ਼ਾ ਦਾ ਵਿਸ਼ੇਸ਼ ਸਿਰਜਣ ਤੇ ਘਟਨਾਵਾਂ-ਮੁੱਦਿਆਂ ਦੇ ਕਾਰਨਾਂ-ਪ੍ਰੇਰਕਾਂ ਦੀ ਬਹੁਗਿਣਤੀ ਨਾਲ ਜੁੜੇ ਸਰੋਕਾਰ ਇਸ ਕਹਾਣੀ ਵਿਚ ਪੇਸ਼ ਹੋਏ ਹਨ। ਨੌਜੁਆਨਾਂ ਦੀ ਕਹਾਣੀ ਗੁੰਝਲਕਾਰ ਤੇ ਸੰਘਣੀ ਹੈ। ਆਦਿ, ਮੱਧ ਤੇ ਅੰਤ ਦੇ ਨਿਸ਼ੇਚਿਤਤਾਵਾਦ ਤੋਂ ਮੁਕਤ ਹੈ। ਤੀਜੀ ਪੀੜ੍ਹੀ ਜਾਂ ਤ੍ਰਿਸ਼ੰਕੂ ਕਹਾਣੀਕਾਰਾਂ ਦੀ ਕਹਾਣੀ ਸਹਿਜ, ਸਧਾਰਨ ਤੇ ਇਕਹਿਰੇ ਸਰੂਪ ਵਾਲੀ ਹੈ। ਇਸ ਪੀੜ੍ਹੀ ਦੇ ਰਚਨਾਕਾਰ ਕਥਾ ਦੇ ਨਿਭਾਅ ਜਾਂ ਸੰਚਾਰ ਪੱਖੋਂ ਨਵੇਂ ਕਹਾਣੀਕਾਰਾਂ ਤੋਂ ਵੱਖਰੀ ਪਾਲ ਵਿਚ ਖਲੋਤੇ ਹਨ। ਇਸ ਬਾਰੇ ਉਪਰ ਦੱਸੇ ਅਨੁਸਾਰ ਕੁਝ ਅਪਵਾਦ ਵੀ ਹਨ।

ਪੰਜਾਬੀ ਕਹਾਣੀ ਵਿਚ ਕੋਈ ਖੜੋਤ ਨਹੀਂ ਹੈ ਸਗੋਂ ਪੰਜਾਬੀ ਕਹਾਣੀ ਆਪਣੇ ਵਿਕਲੋਤਰੇ ਵਸਤੂ ਅਨੁਭਵ ਕਥਾ ਵਿਧੀ ਤੇ ਦ੍ਰਿਸ਼ਟੀ ਪੱਖੋਂ ਨਵੀਨ ਕਥਾ ਬੋਧ ਸਿਰਜ ਰਹੀ ਹੈ। ਵੀਹਵੀਂ ਸਦੀ ਦਾ ਆਖਰੀ

ਤੇ ਇੱਕੀਵੀਂ ਸਦੀ ਦਾ ਪਹਿਲਾ ਦਹਾਕਾ ਪੰਜਾਬੀ ਕਹਾਣੀ ਨੂੰ ਨਵੀਂ ਦਿਸ਼ਾ ਦਿੰਦਾ ਹੈ। ਸਮਕਾਲ ਦੇ ਵਿਸ਼ਵੀਕਰਨ ਵਾਲੇ ਯੁੱਗ ਵਿਚ ਇਸ ਕਹਾਣੀ ਨੇ ਪੰਜਾਬੀ ਮਨੁੱਖ ਦੀ ਦੁਖਾਂਤਕ ਸਥਿਤੀ ਨੂੰ ਉਸਦੇ ਮਨੋ ਸੰਸਾਰ ਦੀਆਂ ਗੁੰਝਲਦਾਰ ਰਮਜ਼ਾਂ ਤੋਂ ਪਕੜਿਆ ਹੈ। ਇਸ ਕਹਾਣੀ ਦਾ ਠੋਸ ਮੁਲਾਂਕਣ ਸਮੇਂ ਦੀ ਲੋੜ ਹੈ ਪਰ ਆਲੋਚਨਾਂ ਦੇ ਖੇਤਰ ਵਿਚ ਉਹ ਕੰਮ ਸਾਹਮਣੇ ਨਹੀਂ ਆ ਰਿਹਾ ਜਿਸ ਕਾਰਜ ਦੀ ਅਸਲ ਵਾਰਿਸ ਇਹ ਕਹਾਣੀ ਹੈ।

ਆਲੋਚਨਾ ਵਿਚ ਖੜੋਤ ਜਾਪਦੀ ਹੈ। ਕਹਾਣੀ ਸਿਰਜਣਾ ਵਿਚ ਨਹੀਂ ਕਿਸਾਨੀ ਯਥਾਰਥ ਪੰਜਾਬੀ ਕਹਾਣੀ ਦਾ ਵੱਡਾ ਹਿੱਸਾ ਮੱਲਦਾ ਰਿਹਾ ਹੈ ਪਰ ਹੁਣ ਇਹ ਧਾਰਨਾ ਟੁੱਟ ਰਹੀ ਹੈ। ਨਵੀਂ ਕਹਾਣੀ ਕਿਸਾਨੀ ਯਥਾਰਥ ਤੋਂ ਇਲਾਵਾ ਜਾਤੀ ਅਵਚੇਤਨ, ਮੱਧ ਵਰਗੀ ਚੇਤਨਾ, ਨਾਗੀਵਾਦ, ਪਰਵਾਸ ਦੇ ਬਦਲਦੇ ਸਰੋਕਾਰ, ਨਿਕਟਕਾਲੀ ਇਤਿਹਾਸਕ-ਇਨਕਲਾਬੀ ਲਹਿਰਾਂ ਦੇ ਮੁਲਾਂਕਣ, ਇਤਿਹਾਸਕ-ਮਿਥਿਹਾਸਕ ਸੰਦਰਭਾਂ, ਕਾਮ ਚੇਤਨਾ, ਆਦਿ ਤੋਂ ਇਲਾਵਾ ਵਿਸ਼ਵ ਵਿਆਪੀ ਕਥਾ ਦ੍ਰਿਸ਼ਟੀ ਨੂੰ ਸਿਰਜਦੇ ਮਸਲਿਆਂ ਨੂੰ ਵੀ ਬਾਖੂਬੀ ਪੇਸ਼ ਕਰ ਰਹੀ ਹੈ ਨਵੀਂ ਕਹਾਣੀ ਨੇ ਉਹਨਾਂ ਕਥਾਕਾਰਾਂ ਨੂੰ ਵੀ ਮਾਨਤਾ ਦਿੱਤੀ ਹੈ। ਜਿਹਨਾਂ ਨੇ ਅਣਗੌਲੇ ਮੁੱਦਿਆਂ ਨੂੰ ਕਥਾ ਦੇ ਪ੍ਰਤੀਨਿੱਧ ਯਥਾਰਥ ਵਿਚ ਪੇਸ਼ ਕਰਦਿਆਂ ਸੰਸਕ੍ਰਿਤੀ ਵਿਚ ਪੂਰਨ ਪ੍ਰਪੱਕ ਹੋਏ ਮਿੱਥ ਮੰਡਲ ਨੂੰ ਤੋੜਿਆ ਹੈ।

ਹਿੰਦੀ-ਅੰਗਰੇਜ਼ੀ ਤੇ ਸ਼ਾਹਮੁਖੀ ਪੰਜਾਬੀ ਵਿਚ ਪੰਜਾਬੀ ਕਹਾਣੀ ਦਾ ਸਥਾਨ ਸਨਮਾਨਜਨਕ ਹੈ ਪਰ ਇਹਨਾਂ ਭਾਸ਼ਾਵਾਂ ਵਿਚ ਪੰਜਾਬੀ ਕਹਾਣੀ ਠੋਸ ਰੂਪ ਵਿਚ ਪੁੱਜ ਨਹੀਂ ਰਹੀ। ਹਿੰਦੀ ਵਿਚ ਛਪਦੇ ਮੁੱਖ ਮੈਗਜ਼ੀਨ ਦੀਆਂ ਕਹਾਣੀਆਂ ਪੜ੍ਹਦਿਆਂ ਪੰਜਾਬੀ ਕਹਾਣੀ ਦਾ ਕੱਦ ਉਹਨਾਂ ਤੋਂ ਕਿਸੇ ਪੱਖੋਂ ਘੱਟ ਨਹੀਂ ਜਾਪਦਾ। ਅੰਗਰੇਜ਼ੀ ਕਹਾਣੀ ਦੀ ਆਪਣੀ ਤਾਸੀਰ ਹੈ। ਪੰਜਾਬੀ ਦੇ ਕੁਝ ਕਹਾਣੀਕਾਰ ਜਿੰਦਰ, ਰਸੂਲਪੁਰੀ, ਦੇਸ ਰਾਜ ਕਾਲੀ) ਹਿੰਦੀ ਵਿਚ ਖੂਬ ਚਰਚਾ ਦਾ ਵਿਸ਼ਾ ਬਣੇ ਹਨ। ਕੁਝ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ ਅਨੁਵਾਦ ਹੋ ਕੇ ਗਈਆਂ ਹਨ। ਲਹਿੰਦੇ ਪੰਜਾਬ ਵਿਚ ਵੀ ਇਹ ਕਹਾਣੀਆਂ ਤੇ ਸੰਗ੍ਰਹਿ ਛਪੇ ਹਨ ਪਰ ਅਜੇ ਹੋਰ ਯਤਨਾਂ ਦੀ ਬੇਹੱਦ ਲੋੜ ਹੈ। ਅੰਗਰੇਜ਼ੀ ਭਾਸ਼ਾ ਵਿਚ ਵੀ ਪੰਜਾਬੀ ਕਹਾਣੀਆਂ ਤੇ ਕਥਾ ਸੰਗ੍ਰਹਿ ਦੀ ਛਪਾਈ ਅਨੁਵਾਦ ਕਾਰਜ ਹੋਣੀ ਚਾਹੀਦੀ ਹੈ। (ਨਿਰੂਪਮਾ ਦੱਤ ਨੇ ਪੰਜਾਬੀਆਂ ਕਹਾਣੀਆਂ ਦੀ ਇਕ ਗੰਭੀਰ ਕਿਤਾਬ ਅੰਗਰੇਜ਼ੀ ਵਿਚ ਤਿਆਰ ਕੀਤੀ ਹੈ। -ਸੰਪਾ.)

ਜਸਪਾਲ ਮਾਨਖੇੜਾ

ਪੰਜਾਬੀ ਲੋਕਾਂ ਦਾ ਜੀਵਨ ਜਟਿਲ ਹੋ ਰਿਹਾ ਹੈ। ਹਰ ਇਕ ਮਨੁੱਖ ਕਈ ਪੱਧਰਾਂ 'ਤੇ ਵਿਚਰ ਰਿਹਾ ਹੈ। ਕਈ ਕਿਸਮ ਦੇ ਮਾਨਸਿਕ ਦਵੰਦ ਭੋਗ ਰਿਹਾ ਹੈ। ਕਈ ਫਰੰਟਾਂ 'ਤੇ ਜੂਝ ਰਿਹਾ ਹੈ, ਬਹੁ-ਭਾਂਤੀ ਸਮੱਸਿਆਵਾਂ ਦੇ ਸਨਮੁੱਖ ਹੈ। ਇਸੇ ਤਰ੍ਹਾਂ ਦੇ ਕਾਰਨ ਹਨ ਕਿ ਕਹਾਣੀਆਂ 'ਚ ਜਟਿਲ ਬਿਰਤਾਂਤ ਆ ਰਿਹਾ ਹੈ।

ਇਹ ਬਿਲਕੁਲ ਸਹੀ ਹੈ ਕਿ ਅਜੋਕੀ ਕਹਾਣੀ ਰਸ ਤੋਂ ਬੇਮੁੱਖ ਹੋ ਰਹੀ ਹੈ। ਕਈ ਕਹਾਣੀਕਾਰ ਮਨਬਚਨੀ ਰਾਹੀਂ ਮਾਨਸਿਕ ਚਿਤਰਨ ਕਰਦੇ, ਲੰਮੀ ਕਹਾਣੀ ਲਿਖਣ ਦੇ ਲਾਲਚ ਵਸ ਬੇਲੋੜੇ ਵਿਸਥਾਰ ਨਾਲ ਤਿੰਘ ਕੇ ਕਹਾਣੀ ਲਿਖਦੇ ਕਥਾ ਦੇ ਮੂਲ ਤੱਤ ਕਥਾ ਰਸ ਦਾ ਨਾਸ ਮਾਰ ਰਹੇ ਹਨ।

ਕਹਾਣੀਕਾਰਾਂ ਦੇ ਨਿੱਜੀ ਅਨੁਭਵਾਂ ਦੀ ਘਾਟ ਕਾਰਨ, ਸਿਰਫ਼ ਕਲਪਨਾ ਆਸਰੇ ਕਹਾਣੀ 'ਚ ਪੇਤਲਾ ਪਣ ਆਉਣਾ ਲਾਜ਼ਮੀ ਹੈ। ਮਿਹਨਤ ਦੀ ਘਾਟ, ਵਿਸ਼ਿਆ ਦਾ ਦੁਹਰਾਓ, ਕਿਸੇ 'ਵਾਦ' ਨਾਲ ਜੁੜਕੇ ਰਚਨਾ ਕਰਨਾ, ਸਮਾਜਿਕ ਸਰੋਕਾਰਾਂ ਤੇ ਸਮੱਸਿਆਵਾਂ ਤੋਂ ਟੁੱਟ ਕੇ ਕਹਾਣੀ ਲਿਖਣਾ ਆਦਿ ਕਾਰਨ ਹਨ ਜੋ ਆਲੋਚਕਾਂ ਦੀ ਉਕਤ ਧਾਰਨਾ ਲਈ ਆਧਾਰ ਮੁਹੱਈਆ ਕਰ ਰਹੇ ਹਨ। ਇਸ ਭਵਿੱਖੀਬਾਣੀ ਦੇ ਅਧਾਰ ਤਾਂ ਮੌਜੂਦ ਹਨ ਪਰ ਇਹ ਵੀ ਜ਼ਰੂਰੀ ਨਹੀਂ ਕਿ ਇਹ ਭਵਿੱਖਬਾਣੀ ਸੌ ਫੀ ਸਦੀ ਸੱਚ ਸਾਬਤ

ਹੋਵੇ।

ਗੀਸਮ-ਗੀਸੀ ਜਾਂ ਰਿਵਾਜ਼ ਮਗਰ ਲੱਗ ਕੇ ਲੰਮੀ ਕਹਾਣੀ ਲਿਖਣਾ ਉਚਿਤ ਨਹੀਂ। ਵਿਸ਼ੇ ਦੀ ਲੋੜ ਪਾਤਰਾਂ, ਘਟਾਵਾਂ ਤੇ ਕਹਾਣੀ ਦੀ ਜ਼ਰੂਰਤ ਅਨੁਸਾਰ ਹੀ ਕਹਾਣੀ ਦੀ ਲੰਬਾਈ ਹੋਣੀ ਚਾਹੀਦੀ ਹੈ। ਉਂਝ ਲੰਬੀ ਕਹਾਣੀ ਲਿਖਣਾ ਅਤੇ ਉਸਦਾ ਸੰਪੂਰਨ ਨਿਭਾ ਇਕ ਗੁਣ ਹੈ। ਲੰਮੀ ਕਰਨ ਲਈ ਕਹਾਣੀ ਵਿਚ ਬੇਲੋੜਾ ਵਿਸਥਾਰ ਤੇ ਭਰਤੀ ਦਾ ਵਰਨਣ ਗਲਤ ਹੈ।

ਕਿਸੇ ਸਮੇਂ ਲਿਖੀ ਜਾ ਰਹੀ ਪ੍ਰਗਤੀਵਾਦੀ ਕਹਾਣੀ ਤੋਂ ਅੱਜ ਦੀ ਕਹਾਣੀ ਭਿੰਨ ਹੈ। ਮਾਨਸਿਕ ਗੰਢਾਂ ਫਰੋਲਣ, ਦਲਿਤਵਾਦ ਦੇ ਨਵੇਂ ਪੈਂਤੜੇ ਤੋਂ ਸਿਰਜਣਾਂ ਤੇ ਸੈਕਸ ਦਾ ਵੱਧ ਜਿਕਰ ਪਹਿਲੀ ਕਹਾਣੀ ਤੋਂ ਭਿੰਨ ਗੱਲਾਂ ਹਨ। ਪਹਿਲੀ ਕਹਾਣੀ ਦੀ ਸੁਰ ਅਪਵਾਦ ਪੱਖੀ ਸੀ ਤੇ ਅੱਜ ਦੀ ਕਹਾਣੀ ਨਿੱਜਵਾਦੀ ਹੈ। ਕਈ ਕਹਾਣੀਆਂ ਉਕਤ ਧਾਰਨਾਵਾਂ ਦਾ ਅਪਵਾਦ ਵੀ ਹਨ।

80 ਵਿਆਂ ਤੋਂ ਪਹਿਲਾਂ ਲੋਕ ਲਹਿਰਾਂ ਚੱਲਦੀਆਂ ਸਨ। ਪਹਿਲਾਂ ਆਜਾਦੀ ਦੀ ਲਹਿਰ, ਫਿਰ ਖੱਬੇ ਪੱਖੀ ਪ੍ਰਗਤੀਵਾਦੀ ਲਹਿਰ, ਨਕਸਲੀ ਲਹਿਰ ਸਮੇਂ ਸਮਾਜ ਸਮੂਹ ਨੂੰ ਮੁੱਖ ਰੱਖ ਕੇ ਲਿਖੀਆਂ ਕਹਾਣੀਆਂ (ਭਾਵੇਂ ਸਾਰੀਆਂ ਨਹੀਂ) ਯਾਦਗਾਰੀ ਹੋ ਨਿੱਬੜੀਆਂ। ਅੱਤਵਾਦ ਨੇ ਸਮਾਜ ਦੇ ਹੋਰ ਖੇਤਰਾਂ ਵਾਂਗ ਕਹਾਣੀ ਖੇਤਰ ਤੇ ਬੁਰਾ ਅਸਰ ਪਾਇਆ। ਨੱਬੇਵਿਆਂ ਤੋਂ ਬਾਅਦ ਵਿਸਵੀਕਰਨ ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਤੇ ਖਪਤ ਕਲਚਰ ਨੇ ਨਿੱਜ ਨੂੰ ਸਮੂਹ ਤੋਂ ਉਚਤਮ ਹੋਣ ਦੀ ਧਾਰਨਾ ਲਿਆਂਦੀ। ਜਿਸਨੇ ਪੰਜਾਬੀ ਕਹਾਣੀ ਵਿਚ ਨਿੱਗਰਤਾ ਨਹੀਂ ਆਉਣ ਦਿੱਤੀ।

ਕਹਾਣੀ ਲੇਖਕਾਂ ਦੀ ਭਾਵੁਕ ਪਹੁੰਚ, ਦ੍ਰਿਸ਼ਟੀਕੋਣ ਦੀ ਘਾਟ, ਨਿੱਜੀ ਅਨੁਭਵ ਤੇ ਦੀਰਘ ਅਧਿਐਨ ਦੀ ਘਾਟ, ਕਲਪਨਾ ਦੀ ਬਹੁਲਤਾ, ਕਹਾਣੀਕਾਰ ਦੀ ਸੀਮਤ ਯੋਗਤਾ, ਹੋਰ ਭਾਸ਼ਾਵਾਂ ਦੇ ਲੇਖਕਾਂ ਵਾਂਗ ਹੋਲਟਾਈਮਰ ਨਾ ਹੋਣਾ ਤੇ ਪ੍ਰੋਜੈਕਟ ਬਣਾ ਕੇ ਕੰਮ ਨਾ ਕਰਨਾ ਆਦਿ ਕਾਰਨ ਹਨ ਜਿਹਨਾਂ ਕਰਕੇ ਭੁੱਲ ਜਾਣ ਵਾਲੀਆਂ ਕਹਾਣੀਆਂ ਦਾ ਕੱਚਾ ਪੂਰ ਪਾਠਕਾਂ ਤੱਕ ਆਉਂਦਾ ਰਿਹਾ।

ਪੰਜਾਬ ਵਿਚ ਕਿਸਾਨੀ ਵੱਡੀ ਗਿਣਤੀ ਹੈ। ਕਿਸਾਨੀ ਮਸਲੇ ਉਲਝਣਾ, ਅਸਪੈਕਟ ਵੀ ਵਧੇਰੇ ਹਨ। ਮੱਧ ਵਰਗ ਖਾਸ ਕਰ ਸਰਵਿਸਜ ਖੇਤਰ 'ਚ ਵੀ ਕਿਸਾਨੀ ਚੋਂ ਗਿਆ ਹੈ। ਇਸੇ ਕਰਕੇ ਕਿਸਾਨੀ ਤੇ ਕਿਸਾਨੀ ਵਰਗੇ ਮੱਧ ਵਰਗ ਨਾਲ ਸਬੰਧਤ ਕਿਸਾਨੀ ਕਹਾਣੀ ਵੱਧ ਲਿਖੀ ਗਈ ਹੈ। ਪਰੰਤੂ ਇਹ ਗੱਲ ਪੂਰਨ ਠੀਕ ਨਹੀਂ ਕਿ ਸਿਰਫ ਕਿਸਾਨੀ ਕਹਾਣੀ ਲਿਖਣ ਵਾਲੇ ਨੂੰ ਹੀ ਵੱਧ ਮਾਨਤਾ ਮਿਲਦੀ ਹੈ।

ਪਰਗਟ ਸਿੰਘ ਸਤੌਜ

ਮਨੁੱਖ ਆਪਣੇ ਚੌਗਿਰਦੇ ਨਾਲੋਂ ਟੁੱਟ ਕੇ ਆਪਣੇ ਆਪ ਤੱਕ ਸੁੰਗੜ ਗਿਆ ਹੈ। ਉਸ ਉੱਤੇ ਨਿੱਜਵਾਦ ਭਾਰੂ ਹੈ। ਉਹ ਕਿਸੇ ਨਾਲ ਆਪਣੇ ਮਨ ਦੀ ਘੁੰਡੀ ਨਹੀਂ ਖੋਲ੍ਹ ਸਕਦਾ। ਉਹ ਖ਼ੁਦ ਨਾਲ ਹੀ ਘੋਲ ਕਰ ਰਿਹਾ ਹੈ। ਨਤੀਜੇ ਵਜੋਂ ਉਹ ਟੈਨਸ਼ਨ ਵਿੱਚ ਹੋਰ ਜਕੜਿਆ ਜਾ ਰਿਹਾ ਹੈ। ਉਸ ਨੂੰ ਮਾਨਸਿਕ ਸ਼ਾਂਤੀ ਨਹੀਂ, ਉਸ ਅੰਦਰ ਕੋਈ ਲਹਿ ਨਹੀਂ, ਟਿਕਾ ਨਹੀਂ। ਉਹ ਸੋਚ ਰਿਹਾ ਹੈ, ਕਦੇ ਕੁਝ, ਕੁਝ। ਉਹ ਖ਼ੁਦ ਨੀਰਸ ਹੈ, ਬੇਰਸਾ ਹੈ। ਇਹ ਸਭ ਕੁਝ ਹੀ ਅਜੋਕੀ ਕਹਾਣੀ ਵਿੱਚ ਆ ਰਿਹਾ ਹੈ ਜਿਸ ਕਰਕੇ ਕਹਾਣੀ ਵੀ ਰਸ ਤੋਂ ਬੇਮੁੱਖ ਹੈ। ਹੁਣ ਜੀਵਨ ਸਿੱਧਾ-ਸਾਦਾ ਨਹੀਂ ਤਾਂ ਹੀ ਤਾਂ ਕਹਾਣੀ ਵੀ ਪਹਿਲਾਂ ਵਰਗੀ ਸਿੱਧੀ ਨਹੀਂ ਰਹੀ ਇਸ ਦਾ ਬਿਰਤਾਂਤ ਜਟਿਲ ਹੈ। ਹਾਂ! ਇਹ ਨਹੀਂ ਕਿ ਜਟਿਲ ਬਿਰਤਾਂਤ ਨੂੰ ਰੌਚਕ ਨਹੀਂ ਬਣਾਇਆ ਜਾ ਸਕਦਾ। ਅਜਿਹੇ ਜਟਿਲ ਬਿਰਤਾਂਤ ਨੂੰ ਰੌਚਕ ਬਣਾਉਣ ਲਈ ਕੁਝ ਨੁਕਤੇ ਤਲਾਸ਼ਣੇ ਪੈਣਗੇ। (ਇਹ ਨਬਜ਼ ਜਤਿੰਦਰ ਹਾਂਸ ਨੇ ਫੜ੍ਹੀ ਹੈ ਤੇ ਜਸਵੀਰ ਰਾਣੇ ਨੇ ਵੀ) ਇਹ ਹੁਣ ਲੇਖਕ ਦੇ ਹੱਥ ਹੈ ਕਿ ਉਹ ਅਜੋਕੇ ਮਨੁੱਖ

ਦੀ ਬੇਰਸੀ ਕਥਾ ਵਿੱਚ ਰਸ ਕਿਸ ਤਰ੍ਹਾਂ ਭਰ ਸਕਦਾ ਹੈ।

ਇਥੇ ਉਲਝਣ ਹੈ। ਉਲਝਣ ਇਹ ਹੈ ਕਿ ਜੇਕਰ ਪਹਿਲੀਆਂ ਪੀੜ੍ਹੀਆਂ ਜਿੰਨੇ ਕੁ ਚੰਗੇ ਲਿਖਦੇ ਕਹਾਣੀਕਾਰ ਛਾਂਟ ਕੇ ਵੇਖਦੇ ਹਾਂ ਤਾਂ ਪੰਜਾਬੀ ਕਹਾਣੀ ਦਾ ਭਵਿੱਖ ਬੜਾ ਸ਼ਾਨਦਾਰ ਲੱਗਦਾ ਹੈ। ਪਰ ਜਦੋਂ ਆਪਾਂ ਅਜੋਕੀ ਲਿਖੀ ਜਾ ਰਹੀ ਸਾਰੀ ਕਹਾਣੀ ਨੂੰ ਹੀ ਕਹਾਣੀ ਸਮਝ ਕੇ ਵੇਖਦੇ ਹਾਂ ਤਾਂ ਗੱਡੀ ਲੀਹ ਤੋਂ ਲਹੀ ਪਈ ਲਗਦੀ ਹੈ।

ਪੰਜਾਬ ਵਿੱਚ ਬਹੁਤੀ ਗਿਣਤੀ ਜੱਟਾਂ ਦੀ ਹੈ। (ਜੇ ਹੋਰ ਜਾਤੀਆਂ ਹਨ ਤਾਂ ਉਨ੍ਹਾਂ ਦਾ ਕੇਂਦਰੀ ਧੁਰਾ ਵੀ ਕਿਸਾਨੀ ਹੀ ਹੈ) ਆਬਾਦੀ ਦੇ ਅਨੁਸਾਰ ਬਹੁਤੇ ਲੇਖਕ ਵੀ ਇਸ ਜਾਤੀ ਨਾਲ ਹੀ ਸੰਬੰਧਿਤ ਹਨ। ਹਰ ਲੇਖਕ ਆਪਣੇ ਅਨੁਭਵ ਵਿੱਚੋਂ ਹੀ ਬਹੁਤ, ਅਤੇ ਮਿਆਰੀ ਲਿਖ ਸਕਦਾ ਹੈ। ਇਹ ਪੱਕਾ ਹੈ ਕਿ ਜਿਹੜਾ ਲੇਖਕ ਜਿਸ ਕਿੱਤੇ ਨਾਲ ਸੰਬੰਧਿਤ ਹੁੰਦਾ ਹੈ, ਉਸਦਾ ਅਨੁਭਵ ਹੋਰ ਲੇਖਕ ਨਾਲੋਂ ਉਸ ਨੂੰ ਹੀ ਜ਼ਿਆਦਾ ਹੋਵੇਗਾ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਕਿਸਾਨੀ ਸਮੱਸਿਆਵਾਂ ਉਪਰ ਹੀ ਜ਼ਿਆਦਾ ਲਿਖਿਆ ਗਿਆ ਹੈ। ਹੋਰ ਜਾਤੀਆਂ ਦੀ ਗਿਣਤੀ ਘੱਟ ਹੋਣ ਕਰਕੇ ਲੇਖਕ ਵੀ ਘੱਟ ਹੋਏ ਹਨ, ਉਨ੍ਹਾਂ ਉਪਰ ਲਿਖਤਾਂ ਵੀ ਘੱਟ ਹੀ ਆਈਆਂ ਹਨ। ਸਿੱਧੀ ਜਿਹੀ ਗੱਲ ਹੈ ਜੇ ਪਾਕਿਸਤਾਨ ਜਾ ਕੇ ਕਹੀਏ, ਇਥੇ ਸਿੱਖਾਂ ਅਤੇ ਹਿੰਦੂਆਂ ਨਾਲ ਸੰਬੰਧਿਤ ਸਾਹਿਤ ਘੱਟ ਲਿਖਿਆ ਗਿਆ ਹੈ ਤਾਂ ਇਸ ਦਾ ਕਾਰਨ ਵੀ ਇਹੀ ਹੈ ਕਿ ਉਥੇ ਇਨ੍ਹਾਂ ਦੀ ਗਿਣਤੀ ਘੱਟ ਹੈ।

ਹਾਂ ਅੱਜ ਲਿਖੀ ਜਾ ਰਹੀ ਕਹਾਣੀ ਵਿੱਚ ਵਿਸ਼ੇ ਪੇਸ਼ਕਾਰੀ ਤੇ ਜੁਗਤਾਂ ਪੱਖੋਂ ਤਜ਼ਰਬੇ ਹੋ ਰਹੇ ਹਨ। ਸਾਂਵਲ ਧਾਮੀ, ਅਨੇਮਨ ਸਿੰਘ, ਕੁਲਵੰਤ ਗਿੱਲ, ਸੁਖਜੀਤ, ਜਸਵੀਰ ਰਾਣਾ, ਜਤਿੰਦਰ ਹਾਂਸ, ਸਿਮਰਨ ਧਾਲੀਵਾਲ, ਅੰਜਨਾ ਸ਼ਿਵਦੀਪ, ਬਲਜਿੰਦਰ ਨਸਰਾਲੀ, ਦੇਸ ਰਾਜ ਕਾਲੀ, ਅਜਮੇਰ ਸਿੱਧੂ, ਭਗਵੰਤ ਗਸੂਲਪੁਰੀ, ਜਿੰਦਰ, ਗੁਰਮੀਤ ਕੜਿਆਲਵੀ, ਗੁਰਸੇਵਕ ਸਿੰਘ ਪ੍ਰੀਤ, ਮਨਿੰਦਰ ਕਾਂਗ, ਸੁਰਿੰਦਰ ਨੀਰ, ਮਹਿੰਦਰ ਸਿੰਘ ਤਤਲਾ, ਗੁਰਮੀਤ ਆਰਿਫ਼, ਦਲਜੀਤ ਸ਼ਾਹੀ ਆਦਿ ਕਹਾਣੀਕਾਰਾਂ ਦੀਆਂ ਕਹਾਣੀਆਂ ਇਸ ਦੀ ਨਿੱਗਰ ਉਦਾਹਰਣ ਹਨ।

ਇਸਦਾ ਕੋਈ ਖ਼ਾਸ ਕਾਰਨ ਸਮਝ ਨਹੀਂ ਆਉਂਦਾ। ਮੇਰੇ ਅਨੁਸਾਰ ਹੁਣ ਲੰਬੀ ਕਹਾਣੀ ਦਾ ਫ਼ੈਸਨ ਜਿਹਾ ਹੋ ਗਿਆ ਹੈ। ਸਭ ਤੋਂ ਵੱਧ ਹੈਰਾਨੀ ਤਾਂ ਓਦੋਂ ਹੁੰਦੀ ਹੈ ਜਦੋਂ ਇੱਕ ਮਿੰਨੀ ਕਹਾਣੀ ਨੂੰ ਹੀ ਰਬੜ ਵਾਂਗ ਖਿੱਚ ਖਿੱਚ ਕੇ ਲੰਬੀ ਕਹਾਣੀ ਬਣਾ ਦਿੱਤਾ ਜਾਂਦਾ ਹੈ।

ਅਜੋਕੀ ਕਹਾਣੀ ਪਹਿਲੀ ਕਹਾਣੀ ਵਾਲੇ ਸਾਰੇ ਨਿਯਮਾਂ ਤੋਂ ਅਜ਼ਾਦ ਹੋ ਚੁੱਕੀ ਹੈ। ਹੁਣ ਉਹ ਆਰੰਭ, ਸਿਖਰ, ਅੰਤ ਵਰਗੇ ਨਿਯਮਾਂ ਨੂੰ ਨਹੀਂ ਮੰਨਦੀ। ਅੱਜ ਕਹਾਣੀ ਲਿਖਣ ਦੀਆਂ ਨਵੀਆਂ ਤਕਨੀਕਾਂ ਆ ਚੁੱਕੀਆਂ ਹਨ। ਨਾ ਹੀ ਪਹਿਲੇ ਨਿਯਮਾਂ ਵਿੱਚ ਬੱਝ ਕੇ ਅਜੋਕੇ ਗੁੰਝਲਦਾਰ ਸਮਾਜ ਨੂੰ ਬਹੁਤੀ ਸਫ਼ਲਤਾ ਨਾਲ ਚਿਤਰਿਆ ਜਾ ਸਕਦਾ ਹੈ। ਪਹਿਲੀ ਕਹਾਣੀ ਜ਼ਿਆਦਾ ਸਮਾਜ ਦੇ ਦੁਆਲੇ ਘੁੰਮਦੀ ਸੀ ਅਜੋਕੀ ਕਹਾਣੀ ਜ਼ਿਆਦਾਤਰ ਬੰਦੇ ਦੇ ਦੁਆਲੇ ਸਿਮਟ ਗਈ ਹੈ। ਨਵੇਂ ਕਹਾਣੀਕਾਰ ਬਾਹਰਲੀਆਂ ਘਟਨਾਵਾਂ ਨਾਲੋਂ ਬੰਦੇ ਦੇ ਅੰਦਰਲੀ ਉਥਲ-ਪੁਥਲ ਨੂੰ ਫੜ੍ਹਨ ਦੀ ਕੋਸ਼ਿਸ਼ ਕਰ ਰਹੇ ਹਨ। ਪਹਿਲੇ ਨਿਯਮਾਂ ਵਿੱਚ ਬੱਝੇ ਰਹਿ ਕੇ ਅਜਿਹੀਆਂ ਗੁੰਝਲਾਂ ਨੂੰ ਫੜ੍ਹਨਾ ਸੰਭਵ ਨਹੀਂ ਸੀ।

ਇਹ ਹਰ ਮਨੁੱਖ ਤੇ ਨਿਰਭਰ ਕਰਦਾ ਹੈ ਕਿ ਉਸਨੂੰ ਕਿਹੜੀ ਘਟਨਾ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਤੇ ਕਿਸ ਗੱਲ ਨੂੰ ਉਹ ਜ਼ਿਆਦਾ ਚੇਤੇ ਰੱਖਦਾ ਹੈ। ਇਹਨਾਂ ਸੰਕਟਾਂ ਵਿੱਚ ਆਏ ਲੇਖਕਾਂ, ਪਾਠਕਾਂ ਨੂੰ ਤੁਸੀਂ ਪੁੱਛੋਗੇ ਤਾਂ ਉਹ ਤੁਹਾਨੂੰ ਇਹਨਾਂ ਸੰਕਟਾਂ ਨਾਲ ਸੰਬੰਧਿਤ ਕਿੰਨੀਆਂ ਹੀ ਕਹਾਣੀਆਂ ਦੱਸ ਸਕਦੇ ਹਨ ਜੋ ਉਨ੍ਹਾਂ ਦੇ ਚੇਤਿਆਂ ਵਿੱਚ ਵਸੀਆਂ ਪਈਆਂ ਹਨ। ਫਿਰ ਵੀ ਇੱਕ ਆਮ ਪਾਠਕ ਖੱਬਲ (ਕੁਲਵੰਤ ਸਿੰਘ ਵਿਰਕ), ਇਕਬਾਲ ਹੁਸੈਨ ਮੋਇਆ ਨਹੀਂ (ਅਜਮੇਰ ਸਿੱਧੂ), ਹਵਾ (ਗੁਰਦੇਵ ਰੁਪਾਣਾ), ਓਪਰੀ ਧਰਤੀ (ਕੁਲਵੰਤ ਸਿੰਘ ਵਿਰਕ), ਮੈਨੂੰ ਜਾਨਣੈ (ਸੁਜਾਨ ਸਿੰਘ), ਟੋਭਾ ਟੇਕ ਸਿੰਘ, ਖੁਦਾ ਕੀ ਕਸਮ, ਖੋਲ੍ਹ ਦੋ

(ਸਆਦਤ ਹਸਨ ਮੰਟੋ), ਕੋਈ ਜਗਰਾਵਾਂ ਤੋਂ ਆਇਆ ਜੇ (ਬਲਦੇਵ ਸਿੰਘ), ਬੰਦਿਆਂ ਆਲੀ ਗੱਲ (ਜਗਮੀਤ ਸਿੰਘ ਪੰਧੇਰ), ਆਦਿ ਕਹਾਣੀਆਂ ਨਹੀਂ ਭੁੱਲ ਸਕਦਾ।

ਜਿਸ ਘਟਨਾ ਨੂੰ ਲੈ ਕੇ ਕਹਾਣੀ ਦੀ ਸਿਰਜਣਾਂ ਕਰਨੀ ਹੈ, ਉਸ ਘਟਨਾ ਨੂੰ ਵੇਖਣ ਦਾ ਦ੍ਰਿਸ਼ਟੀਕੋਣ ਹਰ ਪੀੜ੍ਹੀ ਦਾ ਵੱਖਰਾ ਵੱਖਰਾ ਹੁੰਦਾ ਹੈ। ਉਦਾਹਰਣ ਦੇ ਤੌਰ ਤੇ ਮੰਨ ਲਓ, ਕੋਈ ਪਾਤਰ ਨਸ਼ੇ ਕਰਦਾ ਹੈ ਤਾਂ ਇੱਕ ਪੀੜ੍ਹੀ ਦੱਸੇਗੀ, ਨਸ਼ੇ ਕਾਰਨ ਉਸ ਨੂੰ ਕੀ ਨੁਕਸਾਨ ਹੋਇਆ? ਉਸਦਾ ਘਰ-ਵਾਰ ਉਜੜਿਆ। ਉਹ ਬਰਬਾਦ ਹੋਇਆ। ਉਸ ਤੋਂ ਅਗਲੀ ਪੀੜ੍ਹੀ ਉਸਤੋਂ ਅਗਲੀ ਗੱਲ ਕਰੇਗੀ, ਉਹ ਨਸ਼ੇ ਕਿਉਂ ਕਰਨ ਲੱਗਿਆ? ਉਸਦੇ ਪਿੱਛੇ ਕੀ ਕਾਰਨ ਰਹੇ? ਉਸ ਅੰਦਰ ਅਜਿਹਾ ਕਿਹੜਾ ਖਲਾਅ ਸੀ ਜਿਸ ਨੂੰ ਪੂਰਨ ਲਈ ਉਹ ਨਸ਼ਿਆਂ ਦਾ ਸਹਾਰਾ ਲੈਂਦਾ ਰਿਹਾ? (ਇਹ ਸੌ ਫਿਸਦੀ ਸਹੀ ਨਹੀਂ ਸਿਰਫ਼ ਬਹੁ ਗਿਣਤੀ ਦੀ ਗੱਲ ਹੈ। ਕਈ ਪੁਰਾਣੇ ਕਹਾਣੀਕਾਰਾਂ ਦਾ ਦ੍ਰਿਸ਼ਟੀਕੋਣ ਨਵੇਂ ਕਹਾਣੀਕਾਰਾਂ ਤੋਂ ਵਧ ਕੇ ਹੈ ਤੇ ਕਈ ਨਵੇਂ ਕਹਾਣੀਕਾਰਾਂ ਦਾ ਪੁਰਾਣੇ ਕਹਾਣੀਕਾਰਾਂ ਦੇ ਹਾਣ ਦਾ) ਹਾਂ ਇੱਕ ਗੱਲ ਆਪਾਂ ਸਭ ਨੂੰ ਮੰਨਣੀ ਪਵੇਗੀ ਕਿ ਜੋ ਰੌਚਕ ਪੇਸ਼ਕਾਰੀ ਦੀਆਂ ਜੁਗਤਾਂ ਪੁਰਾਣੀ ਪੀੜ੍ਹੀ ਦੇ ਕਹਾਣੀਕਾਰਾਂ ਵਿੱਚ ਸੀ, ਉਹ ਨਵੀ ਪੀੜ੍ਹੀ ਦੇ ਬਹੁਤੇ ਕਹਾਣੀਕਾਰਾਂ ਵਿੱਚੋਂ ਗਾਇਬ ਹਨ।

ਨਹੀਂ ਅਜਿਹਾ ਨਹੀਂ, ਨਵੀਂ ਕਹਾਣੀ ਅੱਗੇ ਵਧ ਰਹੀ ਹੈ। ਨਵੇਂ ਨਵੇਂ ਮੁੱਡੇ ਨਵੇਂ ਵਿਸ਼ੇ ਲੈ ਕੇ ਆ ਰਹੇ ਹਨ। ਕਹਾਣੀ 'ਚ ਨਵੀਂ ਗੱਲ ਫੜੀ ਜਾ ਰਹੀ ਹੈ। ਬੱਸ! ਥੋੜ੍ਹਾ ਜਿਹਾ ਪਾਠਕ ਨਾਲ ਆੜੀ ਪਾਉਣ ਦੀ ਲੋੜ ਹੈ।

ਪ੍ਰੋ: ਐਚ. ਐਸ. ਡਿੰਪਲ

ਮੈਂ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ। ਬੇਸ਼ੱਕ ਅੱਜ ਦੀ ਪੰਜਾਬੀ ਕਹਾਣੀ ਨੇ ਕੌਮਾਂਤਰੀ ਪੱਧਰ ਸਰ ਕਰ ਲਿਆ ਹੈ, ਪਰ ਸਮੁੱਚੇ ਰੂਪ ਵਿਚ ਵੇਖੀਏ ਤਾਂ ਅਨੇਕ ਕਹਾਣੀਕਾਰ ਅੱਜ ਵੀ ਤੋਤਾ-ਮੈਨਾ ਦੀਆਂ ਕਹਾਣੀਆਂ ਦੇ ਪੱਧਰ ਤੋਂ ਉੱਪਰ ਨਹੀਂ ਉੱਠ ਰਹੇ, ਤੇ ਉਤੋਂ ਸਿਤਮ ਇਹ ਹੈ ਕਿ ਉਹ ਲਗਾਤਾਰ ਚਰਚਾ ਵੀ ਕਰਵਾ ਰਹੇ ਹਨ। ਹੋ ਸਕਦਾ ਹੈ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਕੱਲ ਨੂੰ ਕੋਈ ਵੱਡਾ ਸਾਹਿਤਕ ਇਨਾਮ ਮਿਲ ਜਾਵੇ (ਪਹਿਲਾਂ ਮਿਲੇ ਇਨਾਮਾਂ ਤੇ ਜੇ ਟਿੱਪਣੀ ਨਾ ਵੀ ਕਰੀਏ)। ਫਿਰ ਵੀ ਮੌਜੂਦਾ ਕਹਾਣੀ ਬਿਨਾਂ ਸ਼ੱਕ ਇਕ-ਪਰਤੀ ਤੋਂ ਬਹੁ-ਪਰਤੀ ਹੋ ਰਹੀ ਹੈ, ਕਿਉਂਕਿ ਸਮੁੱਚੇ ਵਿਸ਼ਵ, ਸਾਡੇ ਸਮਾਜ ਅਤੇ ਸਾਡੇ ਨਿੱਜੀ, ਵਿਵਸਾਹਿਕ, ਆਰਥਿਕ ਅਤੇ ਸਮਾਜਿਕ ਜੀਵਨ ਵਿਚ ਅਨੇਕ ਪੱਧਰਾਂ ਤੇ, ਅਣਗਿਣਤ ਕਿਸਮ ਦੇ ਪਰਿਵਰਤਨ ਆਏ ਹਨ, ਅਤੇ ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਜੋ ਤਬਦੀਲੀਆਂ ਦਿਖਾਈ ਦਿੱਤੀਆਂ ਹਨ, ਉੱਨੀਆਂ ਪਿਛਲੇ ਦੋ-ਤਿੰਨ ਸ਼ਤਾਬਦੀਆਂ ਵਿਚ ਅਤੇ ਉੱਨੀਆਂ ਹੀ ਉਸ ਤੋਂ ਪਹਿਲੀਆਂ ਦੋ-ਤਿੰਨ ਸਹਿ-ਸ਼ਤਾਬਦੀਆਂ ਵਿਚ ਆਈਆਂ। ਹਰ ਤਬਦੀਲੀ ਨਾਲ ਨਵੀਨਤਾ ਤਾਂ ਆਉਂਦੀ ਹੈ, ਪਰ ਪਰੰਪਰਾ ਵੀ ਸਾਡਾ ਖਹਿੜਾ ਛੱਡ ਨਹੀਂ ਰਹੀ, ਜਿਸ ਕਰਕੇ ਲੋਕਾਂ, ਭਾਵਨਾਵਾਂ, ਸਮਾਜਾਂ, ਸਥਿਤੀਆਂ ਅਤੇ ਵਰਤਾਰਿਆਂ ਦੇ ਕਈ ਰੂਪ ਸਾਹਮਣੇ ਆ ਰਹੇ ਹਨ। ਸਿੱਟੇ ਵਜੋਂ ਜਟਿਲਤਾ ਸਾਡੇ ਜੀਵਨ ਦੇ ਹਰ ਰੂਪ, ਪੱਧਰ ਅਤੇ ਹਿੱਸੇ ਵਿਚ ਹੈ, ਅਤੇ ਸਮਾਜ ਦਾ ਅਕਸ ਹੋਣ ਕਰਕੇ ਸਾਹਿਤ ਵਲੋਂ ਇਸ ਜਟਿਲਤਾ ਨੂੰ ਪੇਸ਼ ਕਰਨਾ ਕੋਈ ਗੈਰ-ਸੁਭਾਵਿਕ ਨਹੀਂ ਹੈ। ਜੇਕਰ ਕੋਈ ਕਹਾਣੀਕਾਰ ਇਸ ਜਟਿਲਤਾ ਨੂੰ ਪੇਸ਼ ਨਹੀਂ ਕਰ ਰਿਹਾ ਤਾਂ ਉਹ ਜਾਂ ਤਾਂ ਇਸ ਜਟਿਲਤਾ ਨੂੰ ਸਮਝਣ ਜਾਂ ਪੇਸ਼ ਕਰਨ ਵਿਚ ਅਸਮਰਥ ਜਾਂ ਅਸਫ਼ਲ ਹੈ, ਜਾਂ ਫਿਰ ਉਹ ਕਹਾਣੀਕਾਰ ਹੀ ਨਹੀਂ ਹੈ, ਸਿਰਫ਼ ਕਹਾਣੀਕਾਰ ਕਹਾਉਣ ਦਾ ਸ਼ੌਕੀਨ ਹੈ।

ਕਥਾ ਨੂੰ ਕਹਾਣੀ ਦਾ ਮੁੱਢਲਾ ਰੂਪ ਆਖਿਆ ਜਾਂਦਾ ਹੈ, ਜਿਸ ਵਿਚ ਨੀਤੀ-ਕਥਾ ਜਾਂ ਧਾਰਮਿਕ

ਕਥਾ ਸ਼ਾਮਲ ਹੁੰਦੀ ਹੈ। ਇਨ੍ਹਾਂ ਕਥਾਵਾਂ ਦਾ ਉਦੇਸ਼ ਇਕ-ਪਰਤੀ ਕਹਾਣੀ ਵਿਚ ਚੰਗੀਆਂ ਗੱਲਾਂ ਸਮਾ ਕੇ ਬੱਚਿਆਂ ਜਾਂ ਸਧਾਰਣ ਪੱਧਰ ਦੇ ਲੋਕਾਂ ਨੂੰ "ਚੰਗੇ" (ਸਮਾਜ ਦੀਆਂ ਲੋੜਾਂ ਅਨੁਸਾਰ ਢੁਕਵੇਂ) ਬਣਾਉਣਾ ਹੁੰਦਾ ਸੀ। ਧਾਰਮਿਕ ਆਗੂ ਲੋਕਾਂ ਨੂੰ ਗੰਭੀਰ ਅਤੇ ਬੇਰਸੇ ਵਿਚਾਰਾਂ ਨਾਲ ਸਹਿਮਤ ਕਰਵਾਉਣ ਲਈ ਜਨੌਰਾਂ ਜਾਂ ਕਾਲਪਨਿਕ ਪਾਤਰਾਂ ਨੂੰ ਰਸਮਈ ਗੋਂਦ ਵਿਚ ਗੁੰਦ ਕੇ ਬਣਾਈਆਂ ਕਥਾਵਾਂ ਦਾ ਸਹਾਰਾ ਲੈਂਦੇ ਸਨ। ਕਹਾਣੀ ਦੇ ਅਜੋਕੇ ਪਾਠਕ ਨੂੰ ਅਜਿਹੇ ਸਿੱਧ ਪੱਧਰੇ ਉਪਦੇਸ਼ਾਂ ਦੀ ਲੋੜ ਨਹੀਂ, ਪਰ ਰਸ ਜ਼ਰੂਰੀ ਹੈ। ਰਸ ਨੂੰ ਸਮਝਣ ਲਈ ਸਾਨੂੰ ਭਰਤ ਮੁਨੀ ਅਤੇ ਬਾਮਨ ਜਿਹੇ ਰਸ-ਮਾਹਰਾਂ ਦੇ ਨਮੂਨਿਆਂ ਤੋਂ ਸਬਕ ਲੈਣ ਦੀ ਲੋੜ ਹੈ। ਸੰਸਕ੍ਰਿਤ ਦੇ ਰਸ-ਸਿਧਾਂਤ ਅਨੁਸਾਰ ਰਸ ਜੀਵਨ ਦਾ ਪ੍ਰੇਰਕ ਹੈ ਅਤੇ ਹਰ ਵਿਅਕਤੀ ਨੂੰ ਵੱਖਰੇ ਰਸ ਦੀ ਲੋੜ ਹੁੰਦੀ ਹੈ, ਜੋ ਕਿ ਅਜੋਕੇ ਮਨੋਵਿਗਿਆਨੀਆਂ ਅਨੁਸਾਰ ਮਨੁੱਖ ਦੀ ਜੈਵ-ਰਸਾਇਣਿਕ ਬਣਤਰ ਅਤੇ ਹਾਰਮੋਨਾਂ ਦੀ ਸੰਰਚਨਾ ਤੇ ਨਿਰਭਰ ਕਰਦੀ ਹੈ। ਕਿਸੇ ਨੂੰ ਭਗਤੀ ਰਸ ਅਤੇ ਕਿਸੇ ਨੂੰ ਸ਼ਾਂਤ ਰਸ ਸ਼ਾਂਤ ਕਰਦਾ ਹੈ। ਕਿਸੇ ਨੂੰ ਸੌਂਦਰਯ ਰਸ, ਕਿਸੇ ਨੂੰ ਕਰੁਣਾ ਰਸ ਅਤੇ ਕਿਸੇ ਨੂੰ ਰੌਦਰ ਰਸ, ਗੱਲ ਕੀ ਸੰਤੁਸ਼ਟੀ ਦਾ ਆਪਣਾ-ਆਪਣਾ ਪੱਧਰ, ਆਪਣੀ-ਆਪਣੀ ਕਿਸਮ। ਇਸ ਲਈ ਜੇ ਇਕ ਕਹਾਣੀ ਤੁਹਾਨੂੰ ਰਸ-ਭਰਪੂਰ ਲੱਗਦੀ ਹੈ ਤਾਂ ਹੋ ਸਕਦਾ ਹੈ ਕਿ ਦੂਜੇ ਨੂੰ ਨਾ ਲੱਗੇ, ਕਿਉਂਕਿ ਤੁਹਾਡਾ ਅਤੇ ਦੂਜੇ ਪਾਠਕ ਦੇ ਰਸ ਦੀ ਕਿਸਮ ਵੱਖਰੀ-ਵੱਖਰੀ ਹੈ। ਫਿਰ ਵੀ ਕੁਝ ਰਸ ਹਰ ਪਾਠਕ ਨੂੰ ਪ੍ਰਭਾਵਿਤ ਕਰਦੇ ਹਨ, ਜਿਵੇਂ ਸੌਂਦਰਯ ਰਸ ਜਾਂ ਕਰੁਣਾ ਰਸ। ਦੂਸਰਾ, ਕਥਾ-ਬੁਣਤੀ ਬਹੁਤ ਜ਼ਰੂਰੀ ਹੈ ਅਤੇ ਕਥਾ ਵਿਚ ਜਾਨ ਹੋਣੀ ਲਾਜ਼ਮੀ ਹੈ। ਜੇਕਰ ਕਹਾਣੀ ਰੌਚਿਕ ਨਾ ਹੋਵੇ, ਤਾਂ ਕਹਾਣੀ ਲੇਖ ਬਣ ਜਾਂਦੀ ਹੈ, ਅਤੇ ਲੇਖ ਵਿਚ ਕਲਪਨਾ ਦੀ ਅਣਹੋਂਦ ਹੁੰਦੀ ਹੈ। ਲੇਖ ਪੜ੍ਹਣ ਲਈ ਵੱਖਰੇ ਮਾਹੌਲ ਦੀ ਲੋੜ ਹੁੰਦੀ ਹੈ ਅਤੇ ਪਾਠਕ ਅਜਿਹੀ ਕਹਾਣੀ ਨੂੰ ਠੁਕਰਾ ਦਿੰਦਾ ਹੈ। ਦੁੱਖ ਦੀ ਗੱਲ ਹੈ, ਕਹਾਣੀਕਾਰ ਫਿਰ ਰੌਲਾ ਪਾਉਂਦੇ ਹਨ, ਕਿ ਉਨ੍ਹਾਂ ਦੀਆਂ ਕਿਤਾਬਾਂ ਨਹੀਂ ਵਿਕਦੀਆਂ। ਸਾਂਵਲ ਧਾਮੀ, ਜਤਿੰਦਰ ਹਾਂਸ ਅਤੇ ਭਗਵੰਤ ਰਸੂਲਪੁਰੀ ਦੀਆਂ ਕਹਾਣੀਆਂ ਪੜ੍ਹੋ, ਤੁਹਾਨੂੰ ਕਥਾ-ਰਸ ਦੇ ਅਰਥ ਸਮਝ ਆ ਜਾਣਗੇ।

ਇਸ ਸਵਾਲ ਦਾ ਉੱਤਰ ਤਾਂ ਉਹ ਕਹਾਣੀ ਆਲੋਚਕ ਹੀ ਦੇ ਸਕਦੇ ਹਨ। ਘੱਟੋ-ਘੱਟ ਮੈਂ ਤਾਂ ਅਜਿਹੇ ਕਥਾ-ਚਿੰਤਕਾਂ ਨਾਲ ਸਹਿਮਤ ਨਹੀਂ ਹਾਂ। ਕੀ ਜਸਵੀਰ ਰਾਣਾ ਦੀ "ਚੂੜੇ ਵਾਲੀ ਬਾਂਹ", ਜਤਿੰਦਰ ਹਾਂਸ ਦੀ "ਤੱਖੀ" ਜਾਂ ਸਾਂਵਲ ਧਾਮੀ ਦੀ "ਗਾਈਡ" ਕਹਾਣੀਆਂ ਕੌਮਾਂਤਰੀ ਪੱਧਰ ਤੋਂ ਕਿਸੇ ਪੱਖੋਂ ਘੱਟ ਹਨ?

ਵਿਸ਼ੇ ਪੱਖੋਂ ਪੰਜਾਬੀ ਕਹਾਣੀ ਨਿਰੰਤਰ ਵਿਸ਼ਾਲ ਹੋ ਰਹੀ ਹੈ। ਫਿਰ ਵੀ ਜੇਕਰ ਕਈ ਆਲੋਚਕ ਅਜਿਹੇ ਇਲਜ਼ਾਮ ਲਗਾ ਰਹੇ ਹਨ ਤਾਂ ਜਾਂ ਤਾਂ ਉਹ ਅਜੋਕੀ ਕਹਾਣੀ ਪੜ੍ਹਦੇ ਨਹੀਂ, ਅਤੇ ਜਾਂ ਉਨ੍ਹਾਂ ਦਾ ਸੋਚ ਪੱਧਰ ਬਹੁਤ ਸੀਮਤ ਹੈ। ਅੱਜ ਵਿਸ਼ਵ, ਸਮਾਜ ਅਤੇ ਜੀਵਨ ਦਾ ਕਿਹੜਾ ਵਿਸ਼ਾ ਹੈ, ਜਿਸ ਤੇ ਕਹਾਣੀ ਨਹੀਂ ਲਿਖੀ ਗਈ। ਕਿਰਸਾਨੀ (ਰਾਹੁ-ਕੇਤੂ - ਜਤਿੰਦਰ ਹਾਂਸ), ਡੇਰਾਵਾਦ (ਮੈਂ ਰੇਪ ਨੂੰ ਐਨਜਾਵਏ ਕਰਦੀ ਹਾਂ - ਸੁਖਜੀਤ), ਦਲਿਤ ਸ਼ੋਸ਼ਣ (ਰਹਿਮਤ ਮਸੀਹ ਮੱਟੂ ਦੀ ਜੀਵਨੀ - ਭਗਵੰਤ ਰਸੂਲਪੁਰੀ) ਅਤੇ ਵਿਦਿਅਕ ਅਦਾਰਿਆਂ ਦਾ ਭ੍ਰਿਸ਼ਟਾਚਾਰ (ਗਾਈਡ ਅਤੇ ਪੇਂਜੀ ਦੇ ਫੁੱਲ - ਸਾਂਵਲ ਧਾਮੀ) ਤੋਂ ਲੈ ਕੇ ਬਿਨ-ਵਿਆਹੇ ਇਨਸਾਨ (ਜਸਵੀਰ ਰਾਣਾ - ਚੂੜੇ ਵਾਲੀ ਬਾਂਹ) ਜਾਂ ਕਿੰਨਰਾਂ ਦਾ ਜੀਵਨ (ਗੁਰਸੇਵਕ ਪ੍ਰੀਤ - ਜੀਣ-ਜੋਗਾ) ਜਿਹੇ ਵਿਸ਼ਿਆਂ ਤੇ ਅਣਗਿਣਤ ਕਹਾਣੀਆਂ ਲਿਖੀਆਂ ਗਈਆਂ ਹਨ।

ਪੰਜਾਬ ਦੇ ਕਹਾਣੀਕਾਰਾਂ ਨੇ ਕੁਦਰਤੀ ਤੌਰ ਤੇ ਉਹੀ ਪਾਤਰਾਂ ਨੂੰ ਪੇਸ਼ ਕਰਨਾ ਹੈ, ਜੋ ਉਸਦੇ ਆਲੇ-ਦੁਆਲੇ ਵਿਚਰਦੇ ਹਨ, ਜਿਨ੍ਹਾਂ ਨਾਲ ਉਹ ਵਿਚਰਦਾ ਹੈ, ਜਾਂ ਵਿਚਰ ਰਿਹਾ ਹੈ। ਪੰਜਾਬ ਵਿਚ ਮੁਸਲਮਾਨਾਂ ਅਤੇ ਬਾਜ਼ੀਗਰਾਂ ਦੀ ਗਿਣਤੀ ਮਸਾਂ ਇੱਕਾ-ਦੁੱਕਾ ਪ੍ਰਤੀਸ਼ਤ ਹੈ। ਅੰਕੜਿਆਂ ਤੇ ਨਜ਼ਰ ਮਾਰੀਏ ਤਾਂ ਪੰਜਾਬ ਵਿਚ 60% ਸਿੱਖ, 37% ਹਿੰਦੂ ਅਤੇ 1.57% ਮੁਸਲਮਾਨ ਹਨ। ਬਾਜ਼ੀਗਰ ਤਾਂ ਮਸਾਂ 0.01% ਵੀ ਨਹੀਂ। ਇਸੇ ਕਰਕੇ ਮੁਸਲਮਾਨ ਪਾਤਰ ਤਾਂ ਫਿਰ ਵੀ ਲੱਭ ਜਾਂਦੇ ਹਨ, ਬਾਜ਼ੀਗਰ ਅਤੇ ਹੋਰ ਅਣਗੌਲੀਆਂ

ਜਾਤਾਂ ਅਤਿ-ਘੱਟ ਗਿਣਤੀ ਹੋਣ ਕਰਕੇ ਅਣਗੌਲੀਆਂ ਹੀ ਰਹਿ ਜਾਂਦੀਆਂ ਹਨ।

ਅਜੋਕੀ ਕਹਾਣੀ ਵਿਚ ਨਿਰੰਤਰ ਪ੍ਰਯੋਗ ਹੋ ਰਹੇ ਹਨ ਅਤੇ ਕਹਾਣੀ ਵਿਸ਼ੇ ਅਤੇ ਗੋਂਦ ਪੱਖੋਂ ਹੀ ਨਹੀਂ, ਪੇਸ਼ਕਾਰੀ ਅਤੇ ਜੁਗਤ ਪੱਖੋਂ ਵੀ ਰੌਚਿਕ ਹੋ ਰਹੀ ਹੈ। ਰੌਚਿਕਤਾ ਹੀ ਪਾਠਕ ਨੂੰ ਖਿੱਚਦੀ ਹੈ। ਤੁਸੀਂ ਕਹਾਣੀ ਵਿਚ ਲੱਖ ਚੰਗੀਆਂ ਗੱਲਾਂ ਕਰੋ, ਜੇਕਰ ਰੌਚਿਕਤਾ ਨਹੀਂ, ਪਾਠਕ ਨਹੀਂ ਪੜ੍ਹੇਗਾ। ਬੂਟਾ ਸਿੰਘ ਸ਼ਾਦ ਜਾਂ ਸ਼ਿਵਚਰਨ ਜੱਗੀ ਕੁੱਸਾ ਵਰਗੇ ਨਾਵਲਕਾਰ ਮੋਟੀਆਂ-ਠੁੱਲ੍ਹੀਆਂ, ਗੈਰ-ਸਾਹਿਤਕ ਅਤੇ ਸਧਾਰਣ ਜਿਹੀਆਂ ਗੱਲਾਂ ਕਰਦੇ ਹਨ, ਪਰ ਰੌਚਿਕਤਾ ਕਰਕੇ ਲਗਾਤਾਰ ਵਿਕ ਰਹੇ ਹਨ। ਦੂਜੇ ਪਾਸੇ ਸਾਡੇ ਅਨੇਕਾਂ ਕਹਾਣੀਕਾਰ ਹਨ, ਜਿਨ੍ਹਾਂ ਨੂੰ ਮਾਨਵੀ ਮਾਨਸਿਕਤਾ, ਸਮਾਜਿਕ ਸਰੋਕਾਰਾਂ ਅਤੇ ਕੌਮਾਂਤਰੀ ਮੁੱਦਿਆਂ ਦੀ ਅਤਿ-ਸੂਖਮ ਸਮਝ ਹੈ, ਪਰ ਰੌਚਿਕਤਾ ਪੱਖੋਂ ਮਾਰ ਖਾ ਰਹੇ ਹਨ। ਫਿਰ ਵੀ ਜੇਕਰ ਭਗਵੰਤ ਰਸੂਲਪੁਰੀ ਅਤੇ ਜਤਿੰਦਰ ਹਾਂਸ ਦੀਆਂ ਕਹਾਣੀਆਂ ਪੜ੍ਹੀਏ, ਸਾਨੂੰ ਵਿਸ਼ੇ, ਪੇਸ਼ਕਾਰੀ ਅਤੇ ਜੁਗਤ ਪੱਖੋਂ ਕੀਤੇ ਪ੍ਰਯੋਗ ਮਿਲਣਗੇ। ਹਿੰਦੀ ਵਿਚ ਕੁਨਾਲ ਸਿੰਘ, ਅਭਿਸ਼ੇਕ, ਚੰਦਨ ਪਾਂਡੇ, ਗੌਰਵ ਸੋਲੰਕੀ ਅਤੇ ਪ੍ਰਭਾਤ ਰੰਜਨ ਲਗਾਤਾਰ ਹਰ ਪੱਧਰ ਤੇ ਪ੍ਰਯੋਗ ਕਰ ਰਹੇ ਹਨ।

ਜਿਹੜੇ ਮ੍ਹਾਤੜ ਕਹਾਣੀਕਾਰ ਬਣਨਾ ਚਾਹੁੰਦੇ ਹਨ, ਪਰ ਗੱਲ ਬਣਦੀ ਨਹੀਂ, ਉਹ ਲੱਸੀ ਵਿਚ ਪਾਣੀ ਪਾ ਕੇ ਉਸ ਨੂੰ ਹੋਰ ਹੋਰ ਲੰਮੀ ਖਿੱਚੀ ਜਾਂਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿਚ ਗੱਲ ਤਾਂ ਇਕ ਚੁਟਕਲੇ ਦੇ ਅਕਾਰ ਤੋਂ ਵੱਧ ਨਹੀਂ ਹੁੰਦੀ, ਅਤੇ ਇਕ ਮਿੰਨੀ ਕਹਾਣੀ ਦੇ ਰੂਪ ਵਿਚ ਅਸਾਨੀ ਨਾਲ ਪੇਸ਼ ਹੋ ਸਕਦੀ ਹੈ, ਪਰ ਉਹ ਵਿਚ "ਬੇਲੋੜਾ ਵਿਸਤਾਰ" ਪਾ ਕੇ ਵੱਡੇ ਕਹਾਣੀਕਾਰ ਬਣਨਾ ਚਾਹੁੰਦੇ ਹਨ, ਮਿੰਨੀ ਕਹਾਣੀਕਾਰ ਨਹੀਂ। ਲੋਕਤੰਤਰ ਹੈ, ਕੌਣ ਆਖੇ ਰਾਣੀਏ (ਕਹਾਣੀਕਾਰਾ!) ਅੱਗਾ ਢਕ? ਕਹਾਣੀ ਦੀ ਇਕ ਇਕ ਸਤਰ ਕਹਾਣੀਕਾਰ ਦੇ ਅਧਿਐਨ, ਅਨੁਭਵ ਅਤੇ ਚਿੰਤਨ ਦਾ ਪ੍ਰਤੀਬਿੰਬ ਹੁੰਦੀ ਹੈ। ਹਰ ਕਿਸੇ ਵਿਚ ਇਨ੍ਹਾਂ ਸਭ ਪੱਖਾਂ ਦੀ ਹੋਂਦ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਚੈਖਵ, ਓ.ਹੈਨਰੀ ਜਾਂ ਮੋਪਾਸਾਂ ਹਰ ਕੋਈ ਨਹੀਂ ਬਣ ਸਕਦਾ। ਮੰਟੋ, ਵਿਰਕ ਅਤੇ ਸੋਮਰਸਟ ਮਾੱਮ ਵਰਗੇ ਵਿਰਲੇ ਹੀ ਹੁੰਦੇ ਹਨ। ਅਧਿਐਨ ਦੀ ਵਿਸ਼ਾਲਤਾ, ਅਨੁਭਵ ਦੀ ਤੀਖਣਤਾ ਅਤੇ ਚਿੰਤਨ ਦੀ ਸੂਖਮਤਾ ਰਾਹੀਂ ਹੀ ਚੰਗੇ ਕਹਾਣੀਕਾਰ ਦਾ ਜਨਮ ਹੁੰਦਾ ਹੈ।

ਸਮਕਾਲੀ ਕਹਾਣੀ ਵਿਸ਼ੇ, ਨਿਭਾਅ ਅਤੇ ਮਕਸਦ, ਤਿੰਨਾਂ ਪੱਖਾਂ ਤੋਂ ਪਹਿਲੀ ਕਹਾਣੀ ਤੋਂ ਨਿਖੇੜੀ ਜਾ ਸਕਦੀ ਹੈ। ਨਾ ਤਾਂ ਕਹਾਣੀਕਾਰ ਦਾ ਮਕਸਦ ਮਹਿਜ਼ ਮਨੋਰੰਜਨ ਰਹਿ ਗਿਆ ਹੈ, ਅਤੇ ਨਾ ਹੀ ਕੋਈ ਲਹਿਰ ਪ੍ਰਤੀਬੱਧਤਾ। ਉਹ ਮੁੱਖ ਤੌਰ ਤੇ ਆਪਣੇ ਅੰਦਰ ਦੀ ਟੁੱਟ-ਭੱਜ ਨੂੰ ਹੀ ਸ਼ਾਬਦਿਕ ਰੂਪ ਦੇ ਰਿਹਾ ਜਾਪਦਾ ਹੈ, ਭਾਵੇਂ ਕਿ ਕੁਝ ਕਹਾਣੀਕਾਰ ਸਮਾਜਿਕ ਜਾਂ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਜ਼ਰੂਰ ਜੁੜੇ ਹਨ ਅਤੇ ਆਪਣੀਆਂ ਕਹਾਣੀਆਂ ਦੁਆਰਾ ਸਮਾਜਿਕ ਸੁਧਾਰ ਅਤੇ ਮਾਨਵੀ ਹੱਕਾਂ ਦੇ ਹੱਕ ਵਿਚ ਬੋਲਦੇ ਹਨ, ਆਪਣੇ ਕਥਾ-ਸਾਹਿਤ ਰਾਹੀਂ।

ਕਿਸੇ ਵੀ ਕਹਾਣੀ ਦਾ ਅਸਰਦਾਰ ਅਤੇ ਯਾਦਗਾਰੀ ਹੋਣਾ ਕਈ ਤੱਤਾਂ ਤੇ ਨਿਰਭਰ ਕਰਦਾ ਹੈ। ਦੇਸ਼ ਵੰਡ ਅਤੇ ਪੰਜਾਬ ਸੰਕਟ ਬਾਰੇ ਚੰਗਾ ਸਾਹਿਤ ਲਿਖਿਆ ਗਿਆ, ਪਰ ਇਨ੍ਹਾਂ ਸੰਵੇਦਨਸ਼ੀਲ ਵਿਸ਼ਿਆਂ ਬਾਰੇ ਲਿਖੇ ਸਾਹਿਤ ਨੂੰ ਮਾਣਨ ਦੀ ਥਾਂ ਇਨ੍ਹਾਂ ਤੋਂ ਸਿੱਖਿਆ ਲੈ ਕੇ ਅੱਗੇ ਵਧਣਾ ਜ਼ਿਆਦਾ ਜ਼ਰੂਰੀ ਅਤੇ ਅਹਿਮ ਹੈ। ਫਿਰ ਵੀ ਕੁਝ ਕਹਾਣੀਆਂ ਹਨ, ਜੋ ਘੱਟੋ-ਘੱਟ ਮੇਰੇ ਤਾਂ ਚੇਤੇ ਹਨ। ਜਿਵੇਂ ਦੁੱਗਲ, ਨੇਗੀ ਜਾਂ ਵਰਿਆਮ ਸੰਧੂ ਦੀਆਂ ਕਹਾਣੀਆਂ। ਪਿੱਛੇ ਜਿਹੇ ਕਹਾਣੀਕਾਰ ਮਹਿੰਦਰ ਸਿੰਘ ਤਤਲਾ ਨੇ 47-ਏ-ਦਿੱਲੀ ਵਿਚ 84 ਦੇ ਦਿੱਲੀ ਦੰਗਿਆਂ ਤੇ ਇਕ ਯਾਦਗਾਰੀ ਕਹਾਣੀ ਲਿਖੀ ਹੈ।

ਸਮੇਂ ਨਾਲ ਜੋ ਅੰਤਰ ਹੋਣਾ ਚਾਹੀਦਾ ਹੈ, ਉਹ ਸ਼ਪੱਸ਼ਟ ਦਿਖਾਈ ਦੇ ਰਿਹਾ ਹੈ। ਕੁਝ ਕੁ ਨੂੰ ਛੱਡ ਕੇ ਅਜੋਕੇ ਕਹਾਣੀਕਾਰ ਬਹੁਤ ਮਾਅਰਕੇ ਦਾ ਕੰਮ ਕਰ ਰਹੇ ਹਨ।

ਪੰਜਾਬੀ ਕਹਾਣੀ ਨਿਰੰਤਰ ਛਫ਼ਲੱਪੇ ਮਾਰਦੀ ਅਗਾਂਹ ਵਧ ਰਹੀ ਹੈ। ਅੱਜ ਦੀ ਕਹਾਣੀ ਨਵੇਂ ਵਿਸ਼ਿਆਂ,

ਨਵੀਂ ਸ਼ੈਲੀ ਅਤੇ ਨਵੀਆਂ ਜੁਗਤਾਂ ਦੇ ਮੋਢਿਆਂ ਤੇ ਚੜ੍ਹ ਕੇ ਪਾਠਕਾਂ ਨੂੰ ਹੈਰਾਨ ਕਰ ਰਹੀ ਹੈ, ਪ੍ਰੇਸ਼ਾਨ ਕਰ ਰਹੀ ਹੈ, ਗਿਆਨ ਵੀ ਦੇ ਰਹੀ ਹੈ ਅਤੇ ਚੌਕੰਨਾ ਵੀ ਕਰ ਰਹੀ ਹੈ। ਤੁਸੀਂ ਜਤਿੰਦਰ ਹਾਂਸ ਦੀ ਕਹਾਣੀ 'ਈਸ਼ਵਰ ਦਾ ਜਨਮ' ਪੜ੍ਹੋ, ਵਿਸ਼ਾ ਅਸਲੋਂ-ਨਵਾਂ ਹੈ, ਭਗਵੰਤ ਰਸੂਲਪੁਰੀ ਅਤੇ ਜਤਿੰਦਰ ਹਾਂਸ ਨੇ ਕ੍ਰਮਵਾਰ 'ਰਹਿਮਤ ਮਸੀਹ ਮੱਟੂ ਦੀ ਜੀਵਨੀ' ਅਤੇ 'ਬੇਰਵਾਜ਼ਾ ਸ਼ੂਟ' ਵਿਚ ਸਿਰਲੇਖ ਦੇ ਕੇ ਕਹਾਣੀ ਰਚਨਾ ਕਰਨ ਦੀ ਨਵੀਂ ਪਿਰਤ ਤੋਰੀ ਹੈ। ਅਜਮੇਰ ਸਿੱਧੂ ਦੀ ਕਹਾਣੀ "ਕਬਰ ਵਿਚ ਦਫ਼ਨ ਹਜ਼ਾਰ ਵਰ੍ਹੇ" ਇਕ ਵਿਗਿਆਨਕ ਕਹਾਣੀ ਹੈ।

ਪੰਜਾਬੀ ਕਹਾਣੀ ਦੀ ਆਲੋਚਨਾ ਦਾ ਪੱਧਰ ਕਾਫ਼ੀ ਉੱਚਾ ਹੋਇਆ ਹੈ। ਪਹਿਲਾਂ ਆਲੋਚਕਾਂ ਦੀ ਗਿਣਤੀ ਉਂਗਲਾਂ ਤੇ ਗਿਣਨਯੋਗ ਸੀ, ਹੁਣ ਅਨੇਕਾਂ ਨਵੇਂ ਅਤੇ ਪ੍ਰਤਿਭਾਸ਼ਾਲੀ ਨੌਜਵਾਨ ਵੀ ਇਸ ਖ਼ੇਤਰ ਵਿਚ ਆਪਣਾ ਅਸਰ ਦਿਖਾਉਣ ਲੱਗੇ ਹਨ। ਡਾ: ਰਜਨੀਸ਼ ਬਹਾਦੁਰ ਸਿੰਘ ਵਲੋਂ ਚੰਗਾ ਕੰਮ ਕੀਤਾ ਜਾ ਰਿਹਾ ਹੈ। ਇਨ੍ਹਾਂ ਨੇ ਕਹਾਣੀ ਆਲੋਚਨਾ ਦੇ ਨਵੇਂ ਮਾਡਲਾਂ ਦੀ ਵਰਤੋਂ ਆਰੰਭ ਕੀਤੀ ਹੈ, ਕਹਾਣੀ ਨੂੰ ਵਿਭਿੰਨ ਪੱਧਰਾਂ ਤੇ ਪੜ੍ਹਣ ਅਤੇ ਉਸਦਾ ਸਰਵਪੱਖੀ ਮੁਲਾਂਕਣ ਕਰਨ ਦਾ ਜੋ ਅਜੋਕਾ ਮਾਡਲ ਹੈ, ਉਸ ਲਈ ਕਾਫ਼ੀ ਹੱਦ ਤੱਕ ਆਲੋਚਕ ਜਿੰਮੇਵਾਰ ਹਨ। ਅਜੋਕੇ ਆਲੋਚਕ ਕਹਾਣੀਕਾਰਾਂ ਨੂੰ ਪ੍ਰੇਰਨਾ ਵੀ ਦੇ ਰਹੇ ਹਨ, ਅਤੇ ਲੋੜ ਪੈਣ ਤੇ ਚੰਗੀ ਆਲੋਚਨਾ ਵੀ ਕਰ ਦਿੰਦੇ ਹਨ। ਇਸ ਪੱਖੋਂ ਪੰਜਾਬੀ ਕਹਾਣੀਕਾਰ ਖੁਸ਼ਨਸੀਬ ਹੈ।

ਬਿਨਾਂ ਸ਼ੱਕ ਪੰਜਾਬ ਵਿਚ ਕਿਸਾਨਾਂ ਦੀ ਬਹੁਗਿਣਤੀ ਹੀ ਕਿਸਾਨੀ ਦੇ ਕਹਾਣੀਆਂ ਦੇ ਕੇਂਦਰੀ ਵਿਸ਼ੇ ਵਜੋਂ ਉਭਰੀ ਹੈ। ਪਰ ਹੁਣ ਭਗਵੰਤ ਰਸੂਲਪੁਰੀ, ਸਾਂਵਲ ਧਾਮੀ, ਪਰਗਟ ਸਿੰਘ ਸਤੌਜ ਜਿਹੇ ਕਹਾਣੀਕਾਰ ਨਵੇਂ ਵਿਸ਼ਿਆਂ ਤੇ ਕਲਮ ਚਲਾ ਰਹੇ ਹਨ। ਸੁਰਿੰਦਰ ਨੀਰ ਦੀ ਕਹਾਣੀ "ਮੈਂ, ਪਾਪਾ ਤੇ ਉਹ" ਜਾਂ ਮਹਿੰਦਰ ਸਿੰਘ ਤਤਲਾ ਦੀ ਕਹਾਣੀ "ਕਲੱਰਕ" ਜਾਂ ਸਾਂਵਲ ਧਾਮੀ ਦੀ "ਗਾਈਡ" ਅਤੇ "ਪੇਂਜੀ ਦੇ ਫੁੱਲ" ਬਿਲਕੁਲ ਨਿਵੇਕਲੇ ਵਿਸ਼ਿਆਂ ਤੇ ਲਿਖੀਆਂ ਕਹਾਣੀਆਂ ਹਨ। ਜਿੱਥੇ ਨੀਰ ਨੇ ਆਪਣੀ ਕਹਾਣੀ ਵਿਚ ਇਲੈਕਟ੍ਰਾ ਕੰਪਲੈਕਸ ਨੂੰ ਪ੍ਰਗਟ ਕੀਤਾ ਹੈ, ਉਥੇ ਤਤਲਾ ਆਪਣੀ ਕਹਾਣੀ ਵਿਚ ਇਕ ਦਲਿਤ, ਅਪਾਹਜ ਅਤੇ ਗਰੀਬ ਨੌਕਰੀਪੇਸ਼ਾ ਨੂੰ ਜਿਨ੍ਹਾਂ ਪਰਿਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤੇ ਚਾਨਣਾ ਪਾਉਂਦਾ ਹੈ। ਇਹ ਕਹਾਣੀ ਚੈਖਵ ਦੀ ਕਹਾਣੀ "ਇਕ ਕਲੱਰਕ ਦੀ ਮੌਤ" ਨੂੰ ਚੇਤੇ ਵੀ ਕਰਵਾ ਦਿੰਦੀ ਹੈ, ਅਤੇ ਉਸ ਪ੍ਰਤੀ ਸਮਾਜਿਕ ਘ੍ਰਿਣਾ ਨੂੰ ਖਤਮ ਵੀ ਕਰਦੀ ਹੈ।

ਪੰਜਾਬੀ ਦੀਆਂ ਕਈ ਕਹਾਣੀਆਂ ਗੈਰ-ਪੰਜਾਬੀ ਭਾਸ਼ਾਵਾਂ ਵਿਚ ਅਨੁਵਾਦ ਹੋਈਆਂ ਹਨ, ਚਰਚਿਤ ਵੀ ਹੋਈਆਂ ਹਨ। ਪਿੱਛੇ ਜਿਹੇ ਨਯਾ ਗਯਾਨੋਦਯ ਦੇ ਯੁਵਾ ਵਿਸ਼ੇਸ਼ ਅੰਕ ਵਿਚ ਜਸਵੀਰ ਰਾਣਾ ਦੀ ਕਹਾਣੀ ਵਿਸ਼ੇਸ਼ ਤੌਰ ਤੇ ਛਪੀ ਸੀ। ਗੁਰਮੀਤ ਕੜਿਆਲਵੀ ਅਤੇ ਬਲਦੇਵ ਸਿੰਘ ਵੀ ਅਕਸਰ ਛਪਦੇ ਹਨ, ਅਤੇ ਚਰਚਾ ਵਿਚ ਵੀ ਹਨ। ਬਾਕੀ ਹੰਭਲਾ ਤਾਂ ਤਰਜਮਾ ਕਰਨ ਵਾਲਿਆਂ ਨੇ ਮਾਰਨਾ ਹੈ। ਬਲਦੇਵ ਬੱਧਨ ਵਰਗੇ ਨੈਸ਼ਨਲ ਬੁੱਕ ਟਰੱਸਟ ਵਿਚ ਜਿੰਮੇਵਾਰ ਅਹੁਦਿਆਂ ਤੇ ਬੈਠੇ ਨੇ, ਚੰਗਾ ਕੰਮ ਕਰਵਾ ਰਹੇ ਹਨ। ਡਾ: ਜਸਵਿੰਦਰ ਕੌਰ ਬਿੰਦਰਾ ਅਤੇ ਸੁਭਾਸ਼ ਨੀਰਵ ਨੇ ਕਈ ਪੰਜਾਬੀ ਕਹਾਣੀਆਂ ਨੂੰ ਹਿੰਦੀ ਵਿਚ ਅਨੁਵਾਦ ਕੀਤਾ ਹੈ। ਅੰਮ੍ਰਿਤਬੀਰ ਕੌਰ ਵੀ "ਲਿਟਰੇਰੀ ਜਿਊਲਜ਼" ਵਿਚ ਵਧੀਆ ਪੰਜਾਬੀ ਕਹਾਣੀਆਂ ਖੁਦ ਅਨੁਵਾਦ ਕਰਕੇ ਪ੍ਰਕਾਸ਼ਿਤ ਕਰ ਰਹੀ ਹੈ। ਭਗਵੰਤ ਰਸੂਲਪੁਰੀ ਦੀ ਕਹਾਣੀ ਜੜਾਂ (ਰੂਟਸ) ਦਾ ਅਨੁਵਾਦ ਅੱਜ ਕੌਮਾਂਤਰੀ (ਪੱਧਰ ਤੇ) ਚਰਚਾ ਵਿਚ ਹੈ।

ਮਹਿੰਦਰ ਸਿੰਘ ਤਤਲਾ

ਸਾਹਿਤ ਸਮਾਜ ਦਾ ਅਕਸ ਹੁੰਦਾ ਹੈ, ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਪ੍ਰਤੀਬਿੰਬ ਹੁੰਦਾ ਹੈ। ਹੁਣ ਜਦੋਂ ਜੀਵਨ ਵਿਚ ਗੁੰਝਲਤਾ ਵਧ ਰਹੀ ਹੈ ਤਾਂ ਕਹਾਣੀ ਵਿਚ ਜਟਿਲ ਬਿਰਤਾਂਤ ਦਾ ਵਾਧਾ ਸੁਭਾਵਿਕ ਹੈ। ਕਹਾਣੀ ਇਕਪਰਤੀ ਤੋਂ ਬਹੁਪਰਤੀ ਹੋ ਰਹੀ ਹੈ ਅਤੇ ਇਸ ਵਿਚ ਪਾਤਰਾਂ ਦੇ ਮਾਨਸਿਕ ਵਰਤਾਰੇ ਤੇ ਝਾਤ ਪਾਉਣ ਦੀ ਰੁਚੀ ਵਧ ਰਹੀ ਹੈ, ਜਿਸ ਨੂੰ ਮੈਂ ਸ਼ੁਭ ਸ਼ਗਨ ਮੰਨਦਾ ਹਾਂ।

ਹਰ ਕਹਾਣੀਕਾਰ ਆਪਣੇ-ਆਪਣੇ ਪੱਧਰ ਤੇ ਕਹਾਣੀ ਵਿਚ ਆਪਣੀ ਪ੍ਰਤਿਭਾ ਅਨੁਸਾਰ ਜਾਨ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਕਿਹੜਾ ਕਹਾਣੀਕਾਰ ਨਹੀਂ ਚਾਹੁੰਦਾ ਕਿ ਉਸ ਦੀ ਰਚਨਾ ਨੂੰ ਵੱਧ ਤੋਂ ਵੱਧ ਲੋਕ/ਪਾਠਕ ਪੜ੍ਹਣ! ਕਹਾਣੀ ਦਾ ਅਰਥ ਹੀ ਕਥਾ-ਰਸ ਹੈ ਅਤੇ ਚੰਗੇ ਕਹਾਣੀਕਾਰ ਇਸ ਤੋਂ ਅੱਜ ਵੀ ਕਥਾ-ਰਸ ਭਰਪੂਰ ਕਹਾਣੀਆਂ ਲਿਖ-ਰਚ ਰਹੇ ਹਨ। ਤੁਸੀਂ ਜਤਿੰਦਰ ਹਾਂਸ, ਸੁਖਜੀਤ ਜਾਂ ਪਰਗਟ ਸਤੌਜ ਦੀ ਜਿਹੜੀ ਮਰਜ਼ੀ ਕਹਾਣੀ ਚੁੱਕ ਕੇ ਵੇਖ ਲਵੋ, ਕੋਈ ਕਹਾਣੀ ਕਥਾ-ਰਸ ਤੋਂ ਵਿਹੂਣੀ ਨਹੀਂ।

ਅਜਿਹੇ ਦੋਸ਼ ਅੱਜ ਤੋਂ ਸੌ ਸਾਲ ਪਹਿਲਾਂ ਵੀ ਲੱਗੇ ਸਨ, 50 ਸਾਲ ਪਹਿਲਾਂ ਵੀ ਅਤੇ 20 ਸਾਲ ਪਹਿਲਾਂ ਵੀ। ਪਰ ਪੰਜਾਬੀ ਕਹਾਣੀ ਫਿਰ ਵੀ ਦੁੜੰਗੇ ਮਾਰਦੀ ਪ੍ਰਾਪਤੀਆਂ ਦੇ ਨਵੇਂ ਦਿਸਹੱਦੇ ਛੋਹ ਰਹੀ ਹੈ। ਪਰ ਦੋਸ਼ ਲਗਾਉਣ ਵਾਲੇ ਅਜੇ ਵੀ ਨਹੀਂ ਰੁਕੇ। ਬਕੌਲ ਗਾਲਿਬ - ਕਾਰਵਾਂ ਗੁਜ਼ਰ ਗਿਆ, ਗੁਬਾਰ ਦੇਖਤੇ ਰਹੇ।

ਮੈਨੂੰ ਅਜਿਹਾ ਨਹੀਂ ਜਾਪਦਾ। ਇਕ ਕਹਾਣੀਕਾਰ ਹੋਣ ਦੇ ਨਾਤੇ ਮੈਂ ਹਮੇਸ਼ਾ ਇਹੀ ਚਾਹਿਆ ਹੈ ਕਿ ਆਪਣੀ ਕਹਾਣੀ ਵਿਚ ਕੋਈ ਨਵਾਂ ਵਿਸ਼ਾ ਪੇਸ਼ ਕਰਾਂ, ਪਰ ਬੇਰੁਜ਼ਗਾਰੀ, ਗਰੀਬੀ, ਭ੍ਰਿਸ਼ਟਾਚਾਰ, ਡੇਰਾਵਾਦ, ਸੋਸ਼ਣ ਤੋਂ ਲੈ ਕੇ ਹਰੀ ਕ੍ਰਾਂਤੀ, ਨਿੱਜੀਕਰਨ ਅਤੇ ਵਿਸ਼ਵੀਕਰਨ ਜਿਹੇ ਤਮਾਮ ਮੁੱਦਿਆਂ ਨੂੰ ਅਜੋਕੇ ਕਹਾਣੀਕਾਰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰ ਚੁੱਕੇ ਹਨ। ਫਿਰ ਵੀ ਜੇਕਰ ਅਸੀਂ ਪੰਜਾਬੀ ਕਹਾਣੀ ਨੂੰ ਵਿਸ਼ੇ ਪੱਖੋਂ ਸੁੰਗੜਦਾ ਵੇਖ ਰਹੇ ਹਾਂ ਤਾਂ ਸਾਨੂੰ ਆਪਣੀ ਆਲੋਚਨਾ ਦ੍ਰਿਸ਼ਟੀ ਦੀ ਕਿਸੇ ਸਾਹਿਤਕ ਮਾਹਰ ਤੋਂ ਚੈੱਕ-ਅੱਪ ਕਰਵਾਉਣ ਦੀ ਲੋੜ ਹੈ।

ਕਹਾਣੀਕਾਰ ਆਪਣੇ ਅਨੁਭਵਾਂ ਦੇ ਅਧਾਰ ਤੇ ਲਿਖਦਾ ਹੈ, ਕਲਪਨਾ ਦੇ ਅਧਾਰ ਤੇ ਲਿਖੀ ਕਹਾਣੀ ਯਥਾਰਥ ਤੋਂ ਦੂਰ ਹੁੰਦੀ ਹੈ। ਉਹ ਕਹਾਣੀ ਨਹੀਂ ਨੀਤੀ ਜਾਂ ਪਰੀ ਕਥਾ ਹੁੰਦੀ ਹੈ। ਜੇਕਰ ਪੰਜਾਬੀ ਵਿਚ ਮੁਸਲਮਾਨ ਹੈ ਹੀ ਇਕ-ਡੇਢ ਪ੍ਰਤੀਸ਼ਤ, ਤਾਂ ਕਹਾਣੀ ਵਿਚ ਕਿੱਥੋਂ ਆਉਣਗੇ। ਇਹੀ ਗੱਲ ਬਾਜ਼ੀਗਰਾਂ ਬਾਰੇ ਆਖੀ ਜਾ ਸਕਦੀ ਹੈ।

ਬਿਲਕੁਲ! ਅੱਜ ਅਨੇਕਾਂ ਕਹਾਣੀਕਾਰ ਪ੍ਰੰਪਰਗਤ ਜੁਗਤਾਂ ਅਤੇ ਵਿਸ਼ੇ ਛੱਡ ਕੇ ਕਹਾਣੀ ਦੇ ਨਵੇਂ ਦਿਸਹਿੱਦਿਆਂ ਨੂੰ ਛੋਹ ਰਹੇ ਹਨ। ਮੈਂ ਰੇਪ ਨੂੰ ਐਨਜਵਾਏ ਕਰਦੀ ਹਾਂ (ਸੁਖਜੀਤ) ਅਤੇ ਰਹਿਮਤ ਮਸੀਹ ਮੱਟੂ ਦੀ ਜੀਵਨੀ (ਭਗਵੰਤ ਰਸੂਲਪੁਰੀ) ਪੜ੍ਹ ਕੇ ਦੇਖੋ, ਜਵਾਬ ਮਿਲ ਜਾਵੇਗਾ।

ਵਧੇਰੇ ਕਹਾਣੀਕਾਰਾਂ ਕੋਲ ਨਾ ਤਾਂ ਡੂੰਘਾ ਅਨੁਭਵ ਹੁੰਦਾ ਹੈ ਅਤੇ ਨਾ ਹੀ ਸਮਾਜਿਕ ਸਮੱਸਿਆਵਾਂ ਦੀ ਸੂਖਮ ਸਮਝ। ਉਹ ਚਾਰ ਗੱਲਾਂ ਇਧਰੋਂ ਸੁਣ ਕੇ ਅਤੇ ਚਾਰ ਉਧਰੋਂ ਪੜ੍ਹ ਕੇ, ਆਪਣੀ ਪੇਤਲੀ ਸਮਝ ਅਨੁਸਾਰ ਇਕ ਕਹਾਣੀ-ਖਾਕਾ ਜਿਹਾ ਤਿਆਰ ਕਰਦੇ ਹਨ। ਉਹ ਪੜ੍ਹਦੇ ਵੀ ਇਸ ਲਈ ਹਨ, ਤਾਂ ਜੋ ਪੜ੍ਹੀਆਂ ਗੱਲਾਂ ਆਪਣੀ ਕਹਾਣੀ ਵਿਚ ਕਿਤੇ ਫਿੱਟ ਕਰ ਲੈਣ। ਇੰਜ ਦੋ ਤਿੰਨ ਸਫ਼ੇ ਲਿਖਣ ਦੇ ਬਾਅਦ ਉਹ ਕਹਾਣੀ ਵਿਚ ਇਧਰ-ਉਧਰ ਦੀਆਂ ਗੱਲਾਂ ਪਾਉਂਦੇ ਹਨ। ਉਹ ਆਪਣੇ "ਪੋਇਟਿਕ ਲਾਈਸੈਂਸ" ਦੀ ਰੱਜ ਕੇ ਵਰਤੋਂ ਕਰਦੇ ਹਨ। ਪਰ ਸਿਲਾ ਪਾਠਕ ਨੂੰ ਭੁਗਤਣਾ ਪੈਂਦਾ ਹੈ। ਪਰ ਪਾਠਕ ਨੂੰ ਵੀ ਸੁਤੰਤਰਤਾ ਦਾ ਅਧਿਕਾਰ ਹੈ, ਅਤੇ ਉਹ ਆਪਣੇ ਬੁਨਿਆਦੀ ਹੱਕ ਦੀ ਵਰਤੋਂ ਕਰਦਾ ਹੋਇਆ, ਪਹਿਲਾਂ ਕਹਾਣੀ ਨੂੰ ਅਤੇ ਫਿਰ ਹਮੇਸ਼ਾ ਲਈ ਉਸ ਕਹਾਣੀਕਾਰ ਨੂੰ ਠੁਕਰਾ ਦਿੰਦਾ ਹੈ। ਪਰ ਜਿੱਦੀ ਕਹਾਣੀਕਾਰ ਲਗਾਤਾਰ ਲਿਖਦਾ

ਰਹਿੰਦਾ ਹੈ। ਆਖ਼ਰਕਾਰ ਉਹ ਨਾ-ਪੜ੍ਹਣਯੋਗ ਪਰ ਬਹੁਤ-ਛਪਿਆ ਤੇ ਅਣਗੌਲਿਆ ਕਹਾਣੀਕਾਰ ਬਣ ਜਾਂਦਾ ਹੈ। ਅਜਿਹੇ ਕਹਾਣੀਕਾਰਾਂ ਦੀ ਸੂਚੀ ਲੰਮੀ ਹੈ, ਅਤੇ ਉਨ੍ਹਾਂ ਦੇ ਨਾਂ ਤੁਸੀਂ ਵੀ ਚੰਗੀ ਤਰ੍ਹਾਂ ਜਾਣਦੇ ਹੋ, ਮੈਂ ਵੀ। ਉਹ ਖੁਦ ਤਾਂ ਜਾਣਦੇ ਵੀ ਹਨ, ਪਰ ਮੰਨਦੇ ਨਹੀਂ, ਜਿੱਦੀ ਜੋ ਹੋਏ।

ਸਮਕਾਲੀ ਕਹਾਣੀ ਵਿਚ ਅਨੇਕ ਪੱਧਰ ਤੇ ਨਵੀਨਤਾ ਹੈ, ਵਿਭਿੰਨਤਾ ਹੈ। ਅਜੋਕਾ ਕਹਾਣੀਕਾਰ ਨਿਡਰ ਵੀ ਹੈ ਅਤੇ ਵਿਗਿਆਨਕ-ਮਨੋਵਿਗਿਆਨਕ ਵਰਤਾਰਿਆਂ ਬਾਰੇ ਵੀ ਚੋਖੀ ਸਮਝ ਰੱਖਦਾ ਹੈ। ਕਹਾਣੀ ਵਿਚ ਉਸਦੇ ਇਸ ਗਿਆਨ ਦਾ ਸਮਾਯੋਜਨ ਦਿਖਾਈ ਵੀ ਦਿੰਦਾ ਹੈ।

ਹਰ ਪੱਖ ਤੋਂ। ਅੱਜ ਦੀ ਕਹਾਣੀ ਯਥਾਰਥ ਨੂੰ ਯਥਾਰਥਵਾਦੀ ਢੰਗ ਨਾਲ ਫੜਦੀ ਹੈ। ਵਿਸ਼ੇ ਨਵੇਂ ਵੀ ਹਨ, ਪੁਰਾਣੇ ਵੀ। ਭਾਸ਼ਾ ਪੱਖੋਂ ਕੁਝ ਕਹਾਣੀਕਾਰ ਢਿੱਲੇ ਹਨ, ਪਰ ਸ਼ੈਲੀ ਪੱਖੋਂ ਖੂਬ ਪ੍ਰਯੋਗ ਹੋ ਰਹੇ ਹਨ। ਬੜਾ ਕੁਝ ਸਿੱਖਣ ਨੂੰ ਮਿਲਦਾ ਹੈ ਕਹਾਣੀਆਂ ਪੜ੍ਹ ਕੇ। ਰਾਹਤ ਅਤੇ ਮਨੋਰੰਜਨ ਤਾਂ ਵੱਖਰੀ ਗੱਲ ਹੈ।

ਕਰਤਾਰ ਸਿੰਘ ਦੁੱਗਲ, ਚੰਦਨ ਨੇਗੀ, ਵਰਿਆਮ ਸੰਧੂ ਅਤੇ ਪ੍ਰੇਮ ਪ੍ਰਕਾਸ਼ ਦੀਆਂ ਖ਼ੂਨੀ ਚੁਰਾਸੀ ਬਾਰੇ ਲਿਖੀਆਂ ਕਹਾਣੀਆਂ ਮੇਰੇ ਜ਼ਿਹਨ ਵਿਚ ਹਨ। 47 ਦੀ ਵੰਡ ਬਾਰੇ ਵੀ ਇੱਕਾ-ਦੁੱਕਾ ਕਹਾਣੀਆਂ ਯਾਦ ਹਨ। ਵਰਿਆਮ ਸੰਧੂ ਚੰਗੀ ਤਰ੍ਹਾਂ ਚੇਤੇ ਹੈ, ਬਾਕੀ ਸਭ ਭਾਵਨਾ ਦਾ ਸ਼ਿਖ਼ਰ ਤਾਂ ਹਨ, ਪਰ ਕੋਈ ਨਵੀਂ ਸੇਧ ਦੇਣ ਵਿਚ ਅਸਮਰਥ ਹਨ। ਮੰਟੋ ਦੀਆਂ 47 ਬਾਰੇ ਅਤੇ ਸੰਧੂ ਦੀਆਂ 84 ਬਾਰੇ ਕਹਾਣੀਆਂ (ਸਮੇਤ ਮੋਹਨ ਭੰਡਾਰੀ ਦੀ 'ਮੂਨ ਦੀ ਅੱਖ' ਦਾ ਆਪਣਾ ਮੁਕਾਮ ਹੈ।

ਨਵੇਂ ਕਹਾਣੀਕਾਰ ਪੁਰਾਣਿਆਂ ਤੋਂ ਸੇਧ ਲੈ, ਉਨ੍ਹਾਂ ਦੀਆਂ ਕਹਾਣੀਆਂ ਪੜ੍ਹ ਕੇ ਸਿੱਖ ਕੇ ਹੁਣ ਉਨ੍ਹਾਂ ਤੋਂ ਚਾਰ ਕਦਮ ਉੱਤੇ ਹਨ, ਪਰ ਨਾਲ ਹੀ ਚੰਗੀ ਗੱਲ ਇਹ ਵੀ ਹੈ ਕਿ ਉਹ ਪੂਰੀ ਹਲੀਮੀ ਨਾਲ ਆਪਣੇ ਤੋਂ ਪਹਿਲੀ ਪੀੜ੍ਹੀ ਵਾਲਿਆਂ ਦਾ ਅਦਬ-ਸਤਿਕਾਰ ਕਰਦੇ ਹਨ। ਪਰ, ਉਨ੍ਹਾਂ ਨੇ ਜੀਵਨ, ਮਾਨਸਿਕਤਾ ਅਤੇ ਸਮਾਜ ਬਾਰੇ ਉਹ ਗੱਲਾਂ ਕੱਢ ਕੇ ਸਾਹਮਣੇ ਰੱਖੀਆਂ ਹਨ, ਜੋ ਦੇਰ ਤੱਕ ਅਤੇ ਦੂਰ ਤੱਕ ਜਾਣਗੀਆਂ। ਪਰ ਨਵੀਂ ਪੀੜ੍ਹੀ ਵਿਚ ਅਜਿਹੇ ਕੱਦਾਵਾਰ ਕਹਾਣੀਕਾਰ ਹਨ ਉਂਗਲਾਂ ਤੇ ਗਿਣਨ ਜੋਗੇ ਹੀ।

ਇਕ ਕਹਾਣੀਕਾਰ ਹੋਣ ਨਾਤੇ ਮੇਰਾ ਵਾਹ ਕਹਾਣੀ ਨਾਲ ਪੈਂਦਾ ਹੈ। ਹਾਂ, ਜਦੋਂ ਮੇਰੀ ਕਹਾਣੀ '47-ਏ-ਦਿੱਲੀ 'ਦੀ ਕੋਈ ਆਲੋਚਨਾ ਕਰੇਗਾ, ਤਾਂ ਜ਼ਰੂਰ ਪੜ੍ਹਾਂਗਾ ਅਤੇ ਫਿਰ ਦੂਜਿਆਂ ਬਾਰੇ ਵੀ ਪੜ੍ਹਾਂਗਾ ਕਿ ਆਲੋਚਕ ਉਨ੍ਹਾਂ ਬਾਰੇ ਕੀ ਆਖਦੇ ਹਨ, ਮੇਰੇ ਬਾਰੇ ਕੀ ਆਖਦੇ ਹਨ। ਫਿਰ ਹੀ ਇਸ ਸਵਾਲ ਦਾ ਜਵਾਬ ਦੇ ਸਕਾਂਗਾ।

ਭਾਰਤ ਵਿਚ 60% ਅਤੇ ਪੰਜਾਬ ਵਿਚ ਤਾਂ 80% ਲੋਕ ਖੇਤੀ ਨਾਲ ਸਿੱਧੇ-ਅਸਿੱਧੇ ਤੌਰ ਤੇ ਜੁੜੇ ਹਨ। ਜੇਕਰ ਪੰਜਾਬ ਵਿਚ ਜ਼ਿਆਦਾਤਰ ਲੋਕ ਕਿਸਾਨੀ ਨਾਲ ਜੁੜੇ ਹਨ, ਤਾਂ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਵੱਧ ਚਰਚਾ ਹੋਣੀ ਅਤੇ ਉਨ੍ਹਾਂ ਦੀ ਪੇਸ਼ਕਾਰੀ ਹੋਣੀ ਵੀ ਕੁਦਰਤੀ ਹੈ। ਫਿਰ ਵੀ ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਅੱਜ ਦਾ ਕਹਾਣੀਕਾਰ ਵਿਦਿਅਕ ਖ਼ੇਤਰ, ਦਲਿਤ ਜੀਵਨ ਅਤੇ ਬੇਰੁਜ਼ਗਾਰੀ ਦੇ ਨਾਲ-ਨਾਲ ਵਰਜਿਤ ਰਿਸ਼ਤਿਆਂ ਤੇ ਲਿਖ ਰਿਹਾ ਹੈ। ਜਿਹੜੇ ਕਹਾਣੀਕਾਰ ਖੁਦ ਕਿਸਾਨੀ ਜੀਵਨ ਨਾਲ ਸੰਬੰਧਤ ਹਨ, ਉਨ੍ਹਾਂ ਨੇ ਆਪਣੇ ਅਨੁਭਵ ਦੀ ਗੱਲ ਹੀ ਕਰਨੀ ਹੈ। ਕਿਸਾਨੀ ਕਹਾਣੀ ਲਿਖਣ ਵਾਲੇ ਨੂੰ ਵੱਧ ਮਾਨਤਾ ਮਿਲਣ ਪਿੱਛੇ ਵੀ ਇਹੀ ਕਾਰਣ ਜ਼ਿੰਮੇਵਾਰ ਹਨ, ਪਰ ਹੁਣ ਸਮਾਂ ਬਦਲਿਆ ਹੈ ਅਤੇ ਦੂਜੇ ਵਿਸ਼ਿਆਂ ਤੇ ਕਲਮ ਚਲਾਉਣ ਵਾਲੇ ਵੀ ਅੱਗੇ ਆ ਰਹੇ ਹਨ।

ਪੰਜਾਬੀ ਦੇ ਕਈ ਕਹਾਣੀਕਾਰ ਅੱਜ ਅੰਗਰੇਜ਼ੀ, ਹਿੰਦੀ ਅਤੇ ਬੰਗਲਾ ਭਾਸ਼ਾਵਾਂ ਵਿਚ ਛਪ ਰਹੇ ਹਨ। ਪ੍ਰੋ: ਐਚ ਐਸ ਡਿੰਪਲ ਨੇ ਪੰਜਾਬੀ ਦੀਆਂ ਕੁਝ ਕਹਾਣੀਆਂ ਅੰਗਰੇਜ਼ੀ ਵਿਚ ਅਨੁਵਾਦ ਕੀਤੀਆਂ ਹਨ। ਸੁਭਾਸ਼ ਨੀਰਵ ਵੀ ਚੰਗਾ ਕੰਮ ਕਰ ਰਹੇ ਹਨ, ਇਸ ਦਿਸ਼ਾ ਵਿਚ। ਕਈ ਕਹਾਣੀਕਾਰ ਆਪਣੇ ਪੱਧਰ ਤੇ ਵੱਖ-ਵੱਖ ਵਿਸ਼ਿਆਂ ਵਿਚ ਕਹਾਣੀਆਂ ਅਨੁਵਾਦ ਕਰਵਾ ਰਹੇ ਹਨ, ਅਤੇ ਉਨ੍ਹਾਂ ਦਾ ਸਾਹਿਤ ਪੰਜਾਬੀ ਵਿਚ ਪੇਸ਼ ਕਰਕੇ "ਗਿੱਵ ਐਂਡ ਟੇਕ" ਦੀ ਥਿਊਰੀ ਤੇ ਚੱਲ ਰਹੇ ਹਨ। (98726-53150)

ਗੁਰਮੀਤ ਕੌਰ (ਡਾ.)

ਕਹਾਣੀ ਵਿਚਲੇ ਬਿਰਤਾਂਤ ਦੇ ਜਟਿਲ ਬਣਨ ਦਾ ਕਾਰਨ ਆਮ ਬੰਦੇ ਦੀ ਜ਼ਿੰਦਗੀ ਦਾ ਜਟਿਲ ਬਣ ਜਾਣਾ ਹੈ। ਆਮ ਬੰਦੇ ਦੀ ਜ਼ਿੰਦਗੀ ਵਿਚ ਅਜਿਹੇ ਕੁਹਣੀ ਮੋੜ ਬਣ ਗਏ ਹਨ ਜਿਹਨਾਂ ਕਾਰਨ ਉਸਦੀ ਮਾਨਸਿਕਤਾ ਪਲ ਪਲ ਕਈ ਕਿਸਮ ਦੇ ਬਦਲਾਵਾਂ, ਉਤਰਾਵਾਂ ਚੜਾਵਾਂ ਦਾ ਸ਼ਿਕਾਰ ਹੋ ਰਹੀ ਹੈ। ਆਸੇ-ਪਾਸੇ ਫੈਲੇ ਚਕਾਚੌਂਧ ਕਰਨ ਵਾਲੇ ਵਰਤਾਰੇ, ਚੀਜ਼ਾਂ ਆਦਿ ਨੇ ਉਸਦੀ ਸੋਚ ਨੂੰ ਕੈਦ ਕਰ ਘੁੰਮਣਘੇਰੀ ਵਿਚ ਪਾ ਦਿੱਤਾ ਹੈ। ਥੋੜੇ ਸਮੇਂ ਵਿਚ ਬਹੁਤਾ ਪਾਉਣ ਦੀ ਲਾਲਸਾ ਤੇ ਅੰਤਰੀਵੀ ਮੈਂ ਮੂਲਕ ਈਗੋ ਨਿਰੰਤਰ ਸਧਾਰਣ ਤੋਂ ਸਧਾਰਣ ਮਸਲੇ ਨੂੰ ਜਟਿਲ ਬਣਾ ਰਹੀ ਹੈ। ਜਦੋਂ ਇਕ ਆਮ ਬੰਦੇ ਦੀ ਜ਼ਿੰਦਗੀ ਏਨੀ ਸੰਘਣੀ ਤੋਂ ਜਟਿਲ ਬਣ ਗਈ ਹੈ ਤਾਂ ਆਮ ਬੰਦੇ ਦੀ ਗੱਲ ਕਰ ਰਹੀ ਕਹਾਣੀ ਜੇਕਰ ਜਟਿਲ ਨਾ ਹੋ ਕੇ ਸਾਧਾਰਣ ਰਹਿ ਗਈ ਤਾਂ ਸ਼ਾਇਦ ਇਹ ਵਿਧਾ ਆਪਣੇ ਆਪ ਨਾਲ ਇਨਸਾਫ਼ ਨਾ ਕਰ ਸਕੇ।

ਬਿਲਕੁਲ ਵੀ ਨਹੀਂ। ਮੇਰੀ ਸਮਝ ਮੁਤਾਬਕ ਅਜੋਕੀ ਕਹਾਣੀ ਵਿਚ ਬਹੁਤ ਸਾਰੀਆਂ ਕਹਾਣੀਆਂ ਦੇ ਨਾਂ ਲਏ ਜਾ ਸਕਦੇ ਹਨ ਜੋ ਕਾਫੀ ਤਾਦਾਦ ਵਿਚ ਪੜ੍ਹੀਆਂ ਵੀ ਗਈਆਂ ਤੇ ਵਿਚਾਰੀਆਂ ਵੀ ਗਈਆਂ। ਜਿਵੇਂ ਤਲਵਿੰਦਰ ਸਿੰਘ 'ਤਾੜੀ', ਹਰਜਿੰਦਰ ਸੁਰੇਵਾਲੀਆ 'ਬਸ ਹੋਰ ਨਾ ਪੁੱਛੀਂ', ਜਸਵੀਰ ਰਾਣੀ 'ਚੂੜੇ ਵਾਲੀ ਬਾਂਹ', ਸੁਖਜੀਤ 'ਅੰਤਰਾ' ਆਦਿ। ਕਹਾਣੀ ਉਹ ਹੀ ਪੜ੍ਹੀ ਜਾਂਦੀ ਹੈ ਜੋ ਪਾਠਕ ਨੂੰ ਕੀਲ ਕੇ ਆਪਣੇ ਨਾਲ ਲੈ ਤੁਰੇ। ਤੇ ਇਹ ਉਦੋਂ ਹੀ ਹੁੰਦਾ ਹੈ ਜਦੋਂ ਕਹਾਣੀ ਵਿਚ ਰਸ ਮੌਜੂਦ ਹੋਵੇ।

ਇਹ ਕਿਹੜੇ ਆਲੋਚਕ ਨੇ ਜੋ ਇਸ ਤਰ੍ਹਾਂ ਕਹਿ ਰਹੇ ਹਨ ਇਹ ਤਾਂ ਤੁਸੀਂ ਹੀ ਬੇਹਤਰ ਜਾਣਦੇ ਹੋਵੋਗ। ਪਰ ਜਦੋਂ ਤਕ ਪੰਜਾਬੀ ਕਹਾਣੀ ਵਿਚ ਜਤਿੰਦਰ ਹਾਂਸ, ਜਸਵਿੰਦਰ ਸਿੰਘ, ਬਲਵਿੰਦਰ ਗਰੇਵਾਲ, ਜਸਵੀਰ ਰਾਣਾ, ਸੁਖਜੀਤ, ਬਲਜਿੰਦਰ ਨਸਰਾਲੀ ਆਦਿ ਵਰਗੇ ਕਥਾਕਾਰ ਮੌਜੂਦ ਨੇ ਤਾਂ ਪੰਜਾਬੀ ਕਹਾਣੀ ਦਾ ਭਵਿੱਖ ਵਧੀਆ ਹੀ ਨਹੀਂ ਸਗੋਂ ਬਹੁਤ ਵਧੀਆ ਕਿਹਾ ਜਾ ਸਕਦਾ ਹੈ।

ਦੇਖੋ ਜੀ ਹਰ ਬੰਦਾ ਆਪਣੀ ਜ਼ਿੰਦਗੀ ਸਾਵੀਂ ਚਲਾਉਣ ਲਈ ਨਿੱਤ ਦਿਨ ਆਪਣੇ ਆਪ ਨਾਲ, ਆਪਣੇ ਕਿੱਤਿਆਂ ਨਾਲ ਤਾਂ ਤਜ਼ਰਬੇ ਕਰ ਰਿਹਾ ਹੈ ਤਾਂ ਕਹਾਣੀ ਵਿਚ ਕੁਝ ਨਵਾਂ ਸਿਰਜਣ ਲਈ ਕਹਾਣੀਕਾਰ ਵੀ ਤਕਨੀਕ ਤੇ ਵਿਸ਼ਿਆ ਨਾਲ ਕੁਝ ਨਵੇਂ ਪ੍ਰਯੋਗ ਕਰ ਰਹੇ ਹਨ। ਕਿਉਂਕਿ ਲਕੀਰ ਨਾਲੋਂ ਹਟ ਕੇ ਜਦੋਂ ਗੱਲ ਕਿਸੇ ਨਵੇਂ ਜਾਵੀਏ ਤੋਂ ਕੀਤੀ ਜਾਂਦੀ ਹੈ ਤਾਂ ਉਹ ਪਾਠਕ ਦਾ ਧਿਆਨ ਵੀ ਖਿੱਚਦੀ ਹੈ ਤੇ ਪ੍ਰਭਾਵ ਵੀ ਜ਼ਿਆਦਾ ਪਾਉਂਦੀ ਹੈ। ਇਹਨਾਂ ਨੂੰ ਤਜ਼ਰਬੇ ਨਾ ਕਹਿ ਕੇ ਨਵੀਂ ਸੋਚ, ਨਵੀਂ ਪੈੜਚਾਲ ਜਾਂ ਨਵਾਂ ਕੋਣ ਕਹਿ ਲਈਏ ਤਾਂ ਸ਼ਾਇਦ ਜ਼ਿਆਦਾ ਠੀਕ ਰਹੇਗਾ।

ਵਿਸਥਾਰ ਦੇ ਨਜ਼ਰੀਏ ਤੋਂ ਕਹਾਣੀ ਵਿਧਾ ਵਿਚ ਇਕੋ ਸਮੇਂ ਦੋ ਵਰਗ ਕਾਰਜਸ਼ੀਲ ਹਨ। ਇਸ ਵਿਧਾ ਦੇ ਅੰਤਰਗਤ ਇਕ ਵਰਗ ਉਹ ਹੈ ਜੋ ਸਿਰਫ ਲਿਖਣ ਦਾ ਭੁਸ ਪੂਰਾ ਕਰਨ ਲਈ ਤੇ ਆਪਣੇ ਨਾਂ ਨਾਲ ਕਹਾਣੀਕਾਰ ਵਿਸ਼ੇਸ਼ਣ ਲਗਵਾਉਣ ਲਈ ਲਿਖ ਰਿਹਾ ਹੈ। ਇਹ ਵਰਗ ਲੇਖਕ ਹੋਣ ਦੇ ਭਰਮ ਵਿਚ ਹੀ ਬਹੁਤ ਹੀ ਸਾਧਾਰਣ ਤੇ ਚਲੰਤ ਜਿਹਾ ਵਿਸ਼ਾ ਲੈ ਕੇ ਬੇਲੋੜਾ ਵਿਸਥਾਰ ਪੇਸ਼ ਕਰਦੇ ਹਨ। ਵਿਸਥਾਰ ਦਾ ਦੂਜਾ ਵਰਗ ਉਹ ਹੈ ਜੋ ਸਚਮੁਚ ਹੀ ਕਹਾਣੀਕਾਰ ਹਨ ਤੇ ਉਹ ਵਿਸ਼ੇ ਦੇ ਨਿਭਾਅ ਮੁਤਾਬਕ ਹੀ ਵਿਸਥਾਰ ਦੀ ਸਿਰਜਣਾ ਕਰਦੇ ਹਨ। ਅਜਿਹੇ ਕਹਾਣੀਕਾਰਾਂ ਦੁਆਰਾ ਲਿਖੀ ਗਈ ਕਹਾਣੀ ਜੇਕਰ ਲੰਬੀ ਹੈ ਤਾਂ ਬੇਲੌੜੇ ਵਿਸਥਾਰ ਕਾਰਨ ਨਹੀਂ ਸਗੋਂ ਵਿਸ਼ੇ ਦੀਆਂ ਤੈਹਾਂ, ਸੀਮਾਵਾਂ ਤੇ ਗੰਭੀਰਤਾ ਮੁਤਾਬਕ ਹੈ। ਬਾਕੀ ਵਿਸਥਾਰ ਨੂੰ ਦੇਖਣ, ਸਮਝਣ ਦੇ ਪਰਿਭਾਸ਼ਿਤ ਕਰਨ ਦਾ ਹਰ ਇਕ ਦਾ ਆਪੋ ਆਪਣਾ ਨਜ਼ਰੀਆ ਹੈ।

ਸਮਕਾਲੀ ਕਹਾਣੀ ਨਾਲੋਂ ਪਹਿਲੀ ਕਹਾਣੀ ਦਾ ਕਾਫੀ ਫਰਕ ਹੈ। ਪਹਿਲੀ ਕਹਾਣੀ ਲਕੀਰੀ ਕ੍ਰਮ ਵਿਚ ਚਲਦੀ ਹੋਈ ਅਨਯ ਪੁਰਖੀ ਬਿਰਤਾਂਤ ਦੀ ਸਿਰਜਣਾ ਕਰਦੀ ਸੀ ਉਥੇ ਸਮਕਾਲੀ ਕਹਾਣੀ ਉੱਤਮ

ਪੁਰਖੀ ਬਿਰਤਾਂਤ ਦਾ ਹਿੱਸਾ ਹੈ। ਪਹਿਲੀ ਕਹਾਣੀ ਆਦਿ, ਮੱਧ, ਅੰਤ ਦਾ ਇਕ ਨਿਸ਼ਚਿਤ ਗ੍ਰਾਫ ਸਿਰਜਦੀ ਸੀ ਜਦੋਂ ਕਿ ਸਮਕਾਲੀ ਕਹਾਣੀ, ਕਹਾਣੀ ਦੇ ਇਸ ਪੁਰਾਣੇ ਚੌਖਟੇ ਨੂੰ ਤੋੜਦੀ ਹੈ। ਪਹਿਲੀ ਕਹਾਣੀ ਵਿਚਲਾ ਬਿਰਤਾਂਤਕ ਪ੍ਰਵਚਨ ਇਕਹਿਰੀ ਪਰਤ ਦਾ ਹੈ ਤੇ ਸਮਕਾਲੀ ਕਹਾਣੀ ਸੰਘਣੀ ਹੈ। ਇਸ ਤਰ੍ਹਾਂ ਦੋਵੇਂ ਦੌਰ ਦੀਆਂ ਕਹਾਣੀਆਂ ਵਿਚ ਕਾਫੀ ਵਖਰਤਾ ਹੈ।

ਅਜੋਕੀ ਕਹਾਣੀ ਵਿਚ ਨਵੀਂ ਗੱਲ ਇਸਦੇ ਵਿਸ਼ਿਆਂ ਅਤੇ ਤਕਨੀਕ ਦੇ ਫੈਲਾਅ ਨਾਲ ਜੁੜੇ ਹੋਣਾ ਹੈ। ਅਜੋਕੀ ਕਹਾਣੀ ਹਰ ਵਿਸ਼ੇ ਦੀ ਹਰ ਪਰਤ ਨੂੰ ਚਿਤਰਤ ਕਰਦੀ ਹੋਈ ਬਾਹਰੀ ਯਥਾਰਥ ਦੇ ਨਾਲ ਨਾਲ ਬੰਦੇ ਦੇ ਅੰਤਰਮਨ ਦੀਆਂ ਤੈਹਾਂ ਵੀ ਫਰੋਲਦੀ ਹੈ। ਬਾਕੀ ਹਰ ਸਮੇਂ ਦੇ ਸਥਿਤੀ ਅਤੇ ਸਥਾਨ ਮੁਤਾਬਕ ਆਪਣੇ ਮਸਲੇ, ਆਪਣੇ ਚੱਕਰਵਿਊ, ਆਪਣੀਆਂ ਵਿਉਂਤਾਂ ਤੇ ਆਪਣੀਆਂ ਬਹਿਰੂਨੀ ਤੇ ਅੰਦਰੂਨੀ ਪਰਤਾਂ ਹਨ। ਤੇ ਕਹਾਣੀ ਨੇ ਸਮੇਂ ਤੇ ਸਥਾਨ ਮੁਤਾਬਕ ਹੀ ਗੱਲ ਕਰਨੀ ਹੁੰਦੀ ਹੈ। ਹਰ ਸਮੇਂ ਦਾ ਸੱਚ ਤੇ ਝੂਠ ਨਵਾਂ ਹੀ ਹੁੰਦਾ ਹੈ। ਤਾਂ ਲਾਜ਼ਮੀ ਹੈ ਕਿ ਕਹਾਣੀ ਵੀ ਨਵੇਂ ਵਰਤਾਰੇ ਦੀ ਗੱਲ ਹੀ ਕਰੇਗੀ। ਅਜੋਕੀ ਕਹਾਣੀ ਰਿਸ਼ਤਿਆਂ ਦੀਆਂ ਨਵੀਆਂ ਸਮੀਕਰਣਾਂ, ਹੋਂਦ ਦੇ ਨਿਵੇਕਲੇ ਸੰਦਰਭਾਂ ਨਾਲ ਪ੍ਰਣਾਈ ਨਵੇਂ ਪ੍ਰਵਚਨ ਹੀ ਸਿਰਜ ਰਹੀ ਹੈ।

ਬੇਸ਼ਕ 80 ਵਿਆਂ ਤੋਂ ਪਹਿਲੀ ਕਹਾਣੀ ਲਹਿਰਾਂ, ਵਿਚਾਰਧਾਰਾਵਾਂ ਤੇ ਦ੍ਰਿਸ਼ਟੀਕੋਣਾਂ ਕਾਰਨ ਵਧੇਰੇ ਨਿੱਗਰ ਨਜ਼ਰ ਆਉਂਦੀ ਹੈ ਪਰ ਇਹ ਗੱਲ ਬਿਲਕੁਲ ਹੀ ਗਲਤ ਹੈ ਕਿ 90 ਵਿਆਂ ਤੋਂ ਬਾਅਦ ਦੀ ਕਹਾਣੀ ਨਿੱਗਰ ਨਹੀਂ। ਸਮੇਂ ਤੇ ਹਾਲਾਤਾਂ ਮੁਤਾਬਕ ਅਜੋਕੀ ਕਹਾਣੀ ਵੀ ਨਿੱਗਰਤਾ ਦਾ ਇਕ ਨਵਾਂ ਪੈਮਾਨਾ ਨਿਸ਼ਚਿਤ ਕਰਦੀ ਹੈ। ਵਰਿਆਮ ਸੰਧੂ ਦੀ 'ਨੌ ਬਾਰਾਂ ਦਸ', 'ਬਲਜਿੰਦਰ ਨਸਰਾਲੀ ਦੀ 'ਹੱਡਾ ਰੋੜੀ', ਜਸਵਿੰਦਰ ਸਿੰਘ ਦੀ 'ਖੂਹ ਖਾਤੇ', ਜਸਵੀਰ ਰਾਣਾ ਦੀ 'ਬਿੱਲੀਆਂ ਅੱਖਾਂ ਦਾ ਜਾਦੂ', ਬਲਵਿੰਦਰ ਗਰੇਵਾਲ ਦੀ 'ਯੁੱਧ ਖੇਤਰ', ਜਤਿੰਦਰ ਹਾਂਸ ਦੀ 'ਪਾਵੇ ਨਾਲ ਬੰਨ੍ਹਿਆ ਕਾਲ ਤੇ ਭਗਵੰਤ ਰਸੂਲਪੁਰੀ ਦੀ 'ਆਦੀ ਡੰਕਾ' ਆਦਿ ਅਨੇਕਾਂ ਕਹਾਣੀਆਂ ਦੀਆਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਤੁਹਾਡੇ 90 ਵਿਆਂ ਤੋਂ ਬਾਅਦ ਦੀ ਕਹਾਣੀ ਵਿਚ ਨਿੱਗਰਤਾ ਨਹੀਂ ਦੇ ਦ੍ਰਿਸ਼ਟੀਕੋਣ ਨੂੰ ਤੋੜਨ ਲਈ ਕਾਫੀ ਹਨ।

ਕਿਸਾਨੀ ਕਹਾਣੀ ਦਾ ਮੁੱਖ ਧਾਰਾ ਵਿਚ ਰਹਿਣ ਦਾ ਕਾਰਨ ਪੰਜਾਬ ਦਾ ਕਿਸਾਨ ਤੇ ਕਿਸਾਨੀ ਨਾਲ ਜੁੜੇ ਹੋਣਾ ਹੈ। ਪੰਜਾਬ ਦੀ ਪਛਾਣ ਹੀ ਕਿਸਾਨ ਤੇ ਕਿਸਾਨੀ ਨਾਲ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਕਿਸਾਨ ਪੰਜਾਬ ਦਾ ਕੇਂਦਰ ਹੈ। ਤੇ ਪੰਜਾਬ ਵਿਚ ਬਹੁ ਗਿਣਤੀ ਕਿਸਾਨਾਂ ਦੀ ਹੀ ਹੈ। ਤਾਂ ਲਾਜ਼ਮੀ ਹੈ ਕਿ ਕੇਂਦਰੀ ਕਿੱਤੇ ਤੇ ਉਸ ਨਾਲ ਜੁੜੇ ਲੋਕਾਂ ਦੀਆਂ ਸਮੱਸਿਆਵਾਂ ਤੇ ਸੰਕਟਾਂ ਦੀ ਤਸਵੀਰਕਸ਼ੀ ਜ਼ਿਆਦਾ ਹੋਵੇਗੀ ਤੇ ਮਾਨਤਾ ਵੀ ਉਸਨੂੰ ਹੀ ਜ਼ਿਆਦਾ ਮਿਲੇਗੀ।

ਗੁਰਮੀਤ ਸਿੰਘ ਫਾਜਿਲਕਾ (ਪ੍ਰੋ.)

ਕਿਉਂਕਿ ਜ਼ਿੰਦਗੀ ਪਹਿਲਾਂ ਨਾਲੋਂ ਜਟਿਲ ਹੋ ਗਈ ਹੈ। ਮਸ਼ੀਨੀਕਰਨ ਹੋਣ ਕਰਕੇ ਨਿਤਾਪ੍ਰਤੀ ਦੇ ਕੰਮਾਂ ਵਿਚੋਂ ਰਹਿਣ ਸਹਿਣ ਪਹਿਰਾਵਾ, ਬੋਲਬਾਣੀ ਪਹਿਲਾਂ ਵਰਗੇ ਸਾਦ ਮੁਰਾਦੇ ਨਹੀਂ ਰਹੇ। ਮਾਨਸਿਕਤਾ ਵਿਚ ਗੁੰਝਲਾਂ ਘਰ ਕਰ ਚੁੱਕੀਆਂ ਹਨ। ਸਾਹਿਤ ਜ਼ਿੰਦਗੀ ਦਾ ਦਰਪਣ ਹੈ। ਤੇ ਦਰਪਣ ਵਿਚੋਂ ਉਹੀ ਦਿਸਦਾ ਹੈ ਜੋ ਸਾਹਮਣੇ ਵਾਪਰ ਰਿਹੈ। ਨਾਨਕ ਸਿੰਘ ਦਾ ਵੇਲਾ ਮਨੁੱਖੀ ਕਦਰਾ ਕੀਮਤਾ ਵਾਲਾ ਸੀ। ਜੀਵਨ ਵਿਚ ਸਹਿਜ ਤੇ ਠਰੰਮਾ ਸੀ। ਇਸ ਲਈ ਉਦੋਂ ਦੀ ਕਹਾਣੀ ਵੀ ਸਰਲ ਤੇ ਸਪਸ਼ਟ ਸੀ ਪਰ ਅੱਜ ਸਾਡੇ ਕੋਲ ਪੈਰ ਪੈਰ ਤੇ ਹੇਰਾਫੇਰੀ। ਝੂਠ ਸੱਚ ਹੈ। ਕਹਾਣੀ ਵਿਚ ਜਟਿਲਤਾ ਏਸੇ ਕਰਕੇ ਹੈ। ਜੇ ਕਹਾਣੀਆਂ ਦੇ ਨਾਂ ਦੇਣ ਲੱਗਾ ਤਾਂ ਗੱਲ ਕਿਤੇ ਦੀ ਕਿਤੇ ਤਾਂ ਕਈ ਪੰਨਿਆਂ ਤੇ ਚਲੀ ਜਾਵੇਗੀ।

ਬਿਲਕੁਲ ਦਰੁਸਤ ਫੁਰਮਾਇਆ। ਹੁਣ ਦੀ ਕਹਾਣੀ ਵਿਚ ਘਟਨਾਵਾਂ ਨਹੀਂ ਘਟਨਾ ਤੇ ਟਿਪਣੀ ਹੈ।

ਟੁੱਟਦੀ ਭੱਜਦੀ ਮਾਨਸਿਕਤਾ ਹੈ। ਮਨੁੱਖ ਦੇ ਆਪੇ ਦਾ ਵਿਸ਼ਲੇਸ਼ਣ ਹੈ। ਕਈ ਵਾਰੀ ਤਾਂ ਲੇਖਕ ਕਹਾਣੀ ਦੀ ਵਿਚ ਹੀ ਆਲੋਚਨਾ ਵਿਧੀ ਵਰਤਣ ਲਗ ਪੈਂਦਾ ਹੈ। ਕਥਾ ਰਸ ਤੋਂ ਬਗੈਰ ਰਚਨਾ ਅ ਕਹਾਣੀ ਹੈ, ਕਹਾਣੀ ਨਹੀਂ, ਅਸੀਂ ਕਥਾ ਰਸ ਨੂੰ ਛਡ ਕੇ ਜੇ ਕਹਾਣੀ ਲਿਖਾਂਗੇ। ਤਾਂ ਉਹ ਆਮ ਪਾਠਕ ਤੋਂ ਦੂਰ ਹੋ ਜਾਵੇਗੀ। ਮੈਨੂੰ ਕਈ ਵਾਰੀ ਲੱਗਦਾ ਹੈ ਕਿ ਕਹਾਣੀਕਾਰ ਆਲੋਚਕਾਂ ਵਾਸਤੇ ਲਿਖਦੇ ਹਨ। ਉਨ੍ਹਾਂ ਦੀ ਕਹਾਣੀ ਸਿਰਜਣਾ ਦਾ ਮੰਤਵ ਆਮ ਪਾਠਕ ਨਹੀਂ। ਕੁਲਵੰਤ ਗਿੱਲ ਦੀ ਉਦਾਹਰਨ ਹੈ।

ਸਾਡੇ ਕਹਾਣੀਕਾਰ ਮਿੱਤਰਾਂ ਨੂੰ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਅਸੀਂ ਕਹਾਣੀ ਨੂੰ ਕਹਾਣੀ ਬਣਾ ਕੇ ਲਿਖੀਏ। ਪਰ ਪਤਾ ਨਹੀਂ ਸਾਡੇ ਕਹਾਣੀਕਾਰ, ਮਲੋਮਲੀ ਕਹਾਣੀ ਵਿਚ ਬੋਧਿਕਤਾ ਦਾ ਰੰਗ ਭਰਨ ਲੱਗ ਪਏ ਹਨ। ਸ਼ਬਦਾਂ ਤੋਂ ਲਗਦਾ ਹੈ ਪਰ ਬਾਅਦ ਵਿਚ ਸਭ ਭੁੱਲ ਜਾਂਦਾ ਹੈ। ਹੁਣ ਦੀ ਕਹਾਣੀ ਦੇ ਭਵਿੱਖ ਪ੍ਰਤੀ ਨਿਰਾਸ਼ਾ ਦਾ ਕਾਰਨ ਵੀ ਇਹੋ ਹੈ ਕਿ ਕਹਾਣੀ ਵਿਚ ਤੰਦ ਟੁੱਟਦੀ ਹੈ। ਕਹਾਣੀ ਕਾਰ ਕੋਲ ਇਕੋ ਹੀ ਤਕਨੀਕ ਪਾਠਕ ਨੂੰ ਖਿੱਚਣ ਵਾਸਤੇ ਹੈ ਉਹ ਹੈ ਔਰਤ ਮਰਦ ਰਿਸ਼ਤਾ, ਸੈਕਸ ਜਾਂ ਫਿਰ ਉਤੇਜਨਾ ਭਰਪੂਰ ਸ਼ਬਦਾਵਲੀ ਵੀਨਾ ਵਰਮਾ ਦੀ ਉਦਾਹਰਨ ਹੈ। ਅਸੀਂ ਸਮਾਜਿਕ ਮਸਲਿਆਂ ਨੂੰ ਤਾਂ ਕਹਾਣੀ ਵਿਚ ਲਿਆਉਂਣਾ ਪਾਪ ਸਮਝਣ ਲੱਗ ਪਏ ਹਾਂ।

ਵਿਸ਼ੇ ਬਾਰੇ ਗੱਲ ਕਰੀਏ ਤਾਂ ਹਰ ਕਹਾਣੀਕਾਰ ਦੀ ਆਪਣੀ ਸਮਰੱਥਾ ਹੈ। ਪਹੁੰਚ ਹੈ। ਪਾਤਰਾਂ ਨਾਲ ਇਕਸੁਰ ਹੋਣ ਦੀ ਜੇ ਅਸੀਂ ਜਾਂ ਸਾਡਾ ਲੇਖਕ ਅੱਖਾਂ ਖੋਲ੍ਹ ਕੇ ਮਸਲਿਆਂ ਵੱਲ ਧਿਆਨ ਦੇਵੇ ਵਿਚਾਰਧਾਰਾ ਨੂੰ ਵੀ ਸਾਹਮਣੇ ਰੱਖੇ ਤਾਂ ਕਹਾਣੀ ਵਿਚ ਵਿਸ਼ਿਆ ਦੀ ਫੈਲਾਵਟ ਹੋ ਸਕਦੀ ਹੈ। ਜੇ ਅਸੀਂ ਵੱਖ ਵੱਖ ਕਹਾਣੀਆਂ ਲੈ ਕੇ ਗੱਲ ਕਰੀਏ ਤਾਂ ਕਮੀ ਨਹੀਂ ਹੈ। ਤਲਵਿੰਦਰ ਸਿੰਘ, ਰੁਪਾਣਾ, ਵੀਨਾ ਵਰਮਾ, ਬਲਦੇਵ ਸਿੰਘ ਕੋਲ ਵਿਸ਼ੇ ਵੀ ਹਨ। ਹੁਨਰ ਵੀ ਤੇ ਪਾਤਰਾਂ ਵਿਚਲੀ ਮਾਨਸਿਕਤਾ ਨਾਲ ਦੋ ਚਾਰ ਹੋਣ ਦੀ ਮੁਹਾਰਤ ਵੀ ਹੈ। ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ ਅਤੇ ਸਰੂਪ ਸਿਆਲਵੀ ਆਦਿ ਦਲਿਤ ਜ਼ਿੰਦਗੀ ਨਾਲ ਸੰਬੰਧਤ ਵਿਸ਼ੇ ਲੈ ਕੇ ਕਹਾਣੀ ਵਿੱਚ ਨਿੱਤਰੇ ਹਨ।

ਇਹ ਪਾਤਰ ਬਾਜੀਗਰ ਤੇ ਗੱਡੀਆਂ ਵਾਲੇ ਦਵਿੰਦਰ ਸੰਧੂ, ਕਿਰਪਾਲ ਕਜ਼ਾਕ ਨੇ ਲਿਆਂਦੇ ਹਨ। ਆਮ ਕਹਾਣੀਕਾਰ ਕੋਲ ਇਸ ਲਈ ਨਹੀਂ ਹਨ ਕਿ ਉਨ੍ਹਾਂ ਦੀ ਨੇੜਤਾ ਇਨ੍ਹਾਂ ਨਾਲ ਨਹੀਂ ਹੈ। ਅਸਲ ਵਿਚ ਸਾਡਾ ਵਰਤਮਾਨ ਕਹਾਣੀਕਾਰ ਬਾਜ਼ੀਗਰ ਭਾਈਚਾਰੇ ਵਿਚ ਮੇਲ ਮਿਲਾਪ ਨਹੀਂ ਰੱਖ ਰਿਹਾ। ਉਹ ਤਾਂ ਯੂਨੀਵਰਸਿਟੀ, ਕਾਲਜ ਜਾਂ ਸਰਕਾਰੀ ਅਦਾਰਿਆਂ ਵਿਚ ਚੰਗੀ ਨੌਕਰੀ ਤੇ ਹੈ। ਉਹ ਇਹੋ ਜਿਹੇ ਪਾਤਰਾਂ ਦੇ ਤਾਂ ਕੋਲ ਦੀ ਵੀ ਨਹੀਂ ਲੰਘਦੇ ਫਿਰ ਕਹਾਣੀ ਵਿੱਚ ਉਹ ਇਨ੍ਹਾਂ ਨੂੰ ਕਿਵੇ ਲਿਆਵੇ। ਕਜ਼ਾਕ ਵਰਗੇ ਮਿਹਨਤੀ ਨਹੀਂ ਰਹਿ ਗਏ। ਨਾਂ ਹੀ ਬਲਦੇਵ ਸਿੰਘ ਵਰਗੇ ਲਾਲ ਬੱਤੀ ਦੇ ਪਾਤਰਾਂ ਨਾਲ ਇਕਸੁਰ ਹੋਣ ਵਾਲੇ। ਇਸ ਵਾਸਤੇ ਇਨ੍ਹਾਂ ਪਾਤਰਾਂ ਦੀ ਕਹਾਣੀ 'ਚ ਕਮੀ ਹੈ। ਮੁਸਲਮਾਨਾਂ ਦਾ ਚਿਤਰਣ ਨਾਨਕ ਸਿੰਘ, ਦੁੱਗਲ, ਵਿਰਕ ਦੀ ਕਹਾਣੀ ਤੋਂ ਬਾਅਦ ਗੁਲਜ਼ਾਰ ਸਿੰਘ ਸੰਧੂ, ਗੁਰਵੇਲ ਪੰਨੂ ਨੇ ਕੀਤਾ ਹੈ। ਹੁਣ ਦੀ ਪੀੜ੍ਹੀ ਕੋਲ ਅਨੁਭਵ ਨਹੀਂ ਹੈ। ਮੁਸਲਮਾਨ ਭਾਈਚਾਰੇ ਦਾ। ਮੇਰੀ ਕਿਤਾਬ 'ਟਾਂਗੇ ਵਾਲਾ ਖ਼ੈਰ ਮੰਗਦਾ' ਵਿਚ ਕਹਾਣੀ 'ਸਕੂਨ ਦੀ ਤਲਾਸ਼' ਵਿਚ ਅਹਿਮਦ ਖਾਨ ਨੌਵੇਂ ਸਤਿਗੁਰੂ ਦੀ ਗੱਲ ਕਰਦਾ ਹੈ।

ਕਹਾਣੀ ਵਿਚ ਤਜਰਬੇ ਪਹਿਲਾਂ ਵੀ ਹੁੰਦੇ ਸੀ ਤੇ ਹੁਣ ਵੀ ਹੋ ਰਹੇ ਹਨ। ਮਿਸਾਲ ਵਜੋਂ ਜਸਵੰਤ ਸਿੰਘ ਵਿਰਦੀ ਦੀ ਫੈਂਟਸੀ, ਰਾਮ ਸਰੂਪ ਅਣਖੀ ਦੀ ਕਥਾ ਜੁਗਤ, ਪ੍ਰੀਤਮ ਬਰਾੜ ਲੰਡੇ ਦੀ ਵਾਰਤਾਲਾਪ, ਅਥਵਾ ਮਨਬਚਨੀ, ਦਰਸ਼ਨ ਮਿੱਤਵਾ ਦੀ ਮਨੋਵਿਸ਼ਲੇਸ਼ਣ ਵਿਧੀ ਜਰਨੈਲ ਪੁਰੀ ਦਾ ਇਕ ਆਪਣਾ ਵੱਖਰਾ ਹੀ ਅੰਦਾਜ਼ ਸੀ। ਉਸ ਸਮੇਂ ਗੁਰਬਖਸ਼ ਬਾਹਲਵੀ ਵੀ ਛਪਦਾ ਸੀ। ਹੁਣ ਦੇ ਕਹਾਣੀਕਾਰਾਂ ਚੋਂ ਉਹ ਹੀ ਪਾਠਕਾਂ ਵਿਚ ਪ੍ਰਵਾਨ ਹੋਏ ਹਨ ਜਿੰਨ੍ਹਾਂ ਨੇ ਕਹਾਣੀ ਦੀਆਂ ਮੂਲ ਕੀਮਤਾਂ ਨੂੰ ਸੰਭਾਲਿਆ ਹੈ।

ਵਰਿਆਮ ਸੰਧੂ ਇਸ ਵਰਤਮਾਨ ਪੀੜ੍ਹੀ ਤੋਂ ਪਹਿਲਾਂ ਦਾ ਕਹਾਣੀਕਾਰ ਹੈ। ਲੰਮੀ ਕਹਾਣੀ ਲਿਖਣ ਦਾ ਉਹ ਮੋਢੀ ਹੈ। ਉਸ ਦੀਆਂ ਕਹਾਣੀਆਂ ਪੜ੍ਹੀਆਂ ਵੀ ਬਹੁਤ ਗਈਆਂ ਹਨ। ਵੈਸੇ ਲੰਮੀ ਕਹਾਣੀ

ਲਿਖਣ ਦੀ ਰਿਵਾਇਤ ਆਮ ਨਹੀਂ ਹੈ। ਇਕਾ ਦੁੱਕਾ ਕਹਾਣੀਕਾਰ ਲਿਖਦੇ ਹਨ। ਬਾਕੀ ਬਹੁਤੇ ਕਹਾਣੀ ਨੂੰ ਜ਼ਿਆਦਾ ਪੰਨਿਆਂ ਤੇ ਨਹੀਂ ਲਮਕਾਉਂਦੇ। ਗੱਲ ਇਹ ਵੀ ਤਜਰਬਿਆਂ ਦੀ ਹੈ। ਪ੍ਰਤਿਭਾ ਦੀ ਵੀ ਹੈ। ਕਹਾਣੀ ਦੇ ਵਿਸ਼ੇ ਦੇ ਨਿਭਾਅ ਦੀ ਹੈ। ਪਰ ਇੱਕ ਗੱਲ ਪੱਕੀ ਹੈ ਕਹਾਣੀ ਦੀ ਲੰਬਾਈ ਉਨੀ ਹੀ ਚਾਹੀਦੀ ਹੈ ਜਿੰਨੀ ਤਕ ਪਾਠਕ ਦੀ ਇਕਾਗਰਤਾ ਬਣੀ ਰਹੇ।

ਪਹਿਲਾਂ ਤੇ ਹੁਣ ਦੀ ਕਹਾਣੀ ਵਿਚ ਸਭ ਤੋਂ ਵੱਡਾ ਫਰਕ ਹੈ ਕਥਾ ਜੁਗਤ ਦਾ। ਸੁਜਾਨ ਸਿੰਘ, ਨਾਨਕ ਸਿੰਘ, ਦੁੱਗਲ, ਵਿਰਕ, ਸੰਤੋਖ ਸਿੰਘ ਧੀਰ ਕੋਲ ਕਥਾ ਜੁਗਤ ਸੀ। ਘਟਨਾਵਾਂ ਨੂੰ ਭਾਵੁਕ ਪੱਧਰ ਤੇ ਸਿਰਜਣ ਦੀ ਕਾਬਲੀਅਤ ਸੀ ਨਾਟਕੀ ਅੰਦਾਜ ਸੀ। ਪਾਠਕ ਇਕ ਵਾਰੀ ਕਹਾਣੀ ਪੜ੍ਹ ਕੇ ਰੱਜ ਜਾਂਦਾ ਸੀ। ਸਾਹਿਤਕ ਭੁੱਖ ਦੂਰ ਹੋ ਜਾਂਦੀ ਸੀ। ਦਲੀਪ ਕੌਰ ਟਿਵਾਣਾ ਦੀ 'ਬੱਸ ਕੰਡਕਟਰ', ਨਾਨਕ ਸਿੰਘ ਦੀ 'ਸੁਨਹਿਰੀ ਜਿਲਦ', ਸੁਜਾਨ ਸਿੰਘ ਦੀ 'ਰਾਸ ਲੀਲਾ, ਗੁਰਬਖ਼ਸ਼ ਸਿੰਘ ਦੀ 'ਭਾਬੀ ਮੈਨਾ' ਮੇਰੇ ਜ਼ਿਹਨ ਵਿਚ ਅੱਜ ਵੀ 40 ਸਾਲ ਬਾਅਦ ਚੇਤੇ ਹਨ। ਹੁਣ ਅਸੀਂ ਕਹਾਣੀ ਦੇ ਨਾਂ ਵੀ ਬੇਅਰਥ ਜਿਹੇ ਦੇਣ ਲੱਗ ਪਏ ਹਾਂ। ਮੋਹਨ ਲਾਲ ਫਿਲੌਰੀਆਂ ਦੇ ਸਿਰਲੇਖ ਯਾਦਗਾਰੀ ਹੁੰਦੇ ਹਨ। ਹੁਣ ਦੀ ਕਹਾਣੀ ਸਧਾਰਨ ਨਹੀਂ ਰਹੀ। ਸਾਡੇ ਲੇਖਕ ਕਹਾਣੀ ਵਿਚ ਜੀਵਨ ਦੀ ਜਟਿਲਤਾ ਪੇਸ਼ ਕਰਨ ਵੱਲ ਵਧੇਰੇ ਰੁਚਿਤ ਹਨ। ਜਿਵੇਂ ਚੌਂਕ ਵਿਚ ਵਾਪਰੇ ਹਾਦਸੇ ਨੂੰ ਪੇਸ਼ ਕਰਨ ਦਾ ਅੰਦਾਜ਼ ਸੀ, ਹੁਣ ਦੀ ਕਹਾਣੀ ਹਾਦਸੇ ਦੀ ਫੋਟੋ ਗ੍ਰਾਫੀ ਨਹੀਂ ਕਰ ਰਹੀ ਆਲੇ ਦੁਆਲੇ ਖੜੀ ਭੀੜ ਦੇ ਚਿਹਰੇ ਤਲਾਸ਼ ਰਹੀ ਹੈ।

ਪੱਛਮ ਦੀ ਜ਼ਿੰਦਗੀ ਦੀਆਂ ਗੱਲਾਂ ਹੁਣ ਦੀਆਂ ਕਹਾਣੀਆਂ ਵਿਚ ਆਮ ਹਨ। ਸੈਕਸ ਸੰਬੰਧ 'ਚ ਵਧੇਰੇ ਖੁੱਲ੍ਹਾਂ ਲਈਆਂ ਜਾ ਰਹੀਆਂ ਹਨ। ਪਹਿਲਾਂ ਅਣਖੀ ਤੋਂ ਬਿਨਾ ਕੋਈ ਨਹੀਂ ਸੀ ਲਿਖਦਾ। ਮਨੁੱਖ ਦੇ ਪਲ ਪਲ ਦੇ ਫੁਰਨੇ, ਆਰਥਿਕ ਮੰਦਹਾਲੀ, ਗਰੀਬੀ ਨਵੇਂ ਜਾਵੀਏ ਤੋਂ ਕਹਾਣੀ ਲਿਖੀ ਜਾ ਰਹੀ ਹੈ। ਨਛੱਤਰ ਤੇ ਬਚਿੰਤ ਕੌਰ ਨੇ ਕਈ ਨਵੀਆਂ ਗੱਲਾਂ ਕੀਤੀਆਂ ਹਨ।

80 ਵਿਆਂ ਤੇ 90 ਵਿਆਂ ਦਾ ਵਿਚਕਾਰਲਾ ਸਮਾਂ ਪੰਜਾਬ ਲਈ ਸੰਕਟ ਭਰਿਆ ਸੀ। 80 ਵਿਆਂ ਤੋਂ ਪਹਿਲਾਂ ਇਨਸਾਨੀ ਕਦਰਾਂ ਕੀਮਤਾਂ ਵਾਲੀ ਗੱਲ ਸੀ। ਪਰ ਉਸ ਤੋਂ ਬਾਅਦ ਜਬਦਰਸਤ ਆਰਥਿਕ ਰਾਜਨੀਤਿਕ ਸਮਾਜਿਕ ਨਿਘਾਰ ਆਇਆ। ਉਸ ਵੇਲੇ ਲੇਖਕ ਕਹਾਣੀ ਤੇ ਬਹੁਤ ਮਿਹਨਤ ਕਰਦਾ ਸੀ। ਵਿਸ਼ੇ ਤੇ ਕਲਾ ਪੱਖ ਤੋਂ। ਹੁਣ ਦੇ ਕਹਾਣੀਕਾਰ ਕੋਲ ਕਾਹਲ ਹੈ, ਤਕਨੀਕ ਹੈ। ਜਲਦੀ ਰਚਨਾ ਛਪਵਾ ਦਿੰਦਾ ਹੈ। ਰਾਤੋਂ ਰਾਤ ਕਹਾਣੀਕਾਰ ਦਾ ਲੇਬਲ ਲਵਾਉਣ ਦੀ ਪ੍ਰਵਿਰਤੀ ਹੈ। ਇਹ ਅੰਤਰ ਉਸ ਦੀ ਰਚਨਾ ਵਿਚ ਸਾਫ ਦਿਸ ਰਿਹਾ ਹੈ। ਜੇ ਮੈਂ ਕਹਾਣੀ ਸੰਗ੍ਰਹਿ ਦਾ ਨਾਂ ਲਵਾਂ ਤਾਂ ਲੇਖਕ ਵੀਰ ਨਰਾਜ਼ ਹੋ ਜਾਣਗੇ।

ਮੈਨੂੰ ਯਾਦ ਏ ਕਾਲਜ ਸਕੂਲ ਵਿਚ ਪੜ੍ਹਦੇ ਸਮੇਂ ਸੰਤੋਖ ਸਿੰਘ ਧੀਰ ਦੀ ਕਹਾਣੀ ਪੜੀ ਸੀ। 'ਮੇਰਾ ਉਜੜਿਆ ਗਵਾਂਢੀ' ਦੇਸ਼ ਵੰਡ ਤੇ ਸੀ ਉਹ ਕਹਾਣੀ। ਪਾਤਰਾਂ ਦੀ ਆਪਸੀ ਇਕਸੁਰਤਾ ਐਨੀ ਪੀਡੀ ਤੇ ਟਕਸਾਲੀ ਸੀ ਕਿ ਪਾਠਕ ਨੂੰ ਪਾਤਰ ਆਪਣੇ ਆਪਣੇ ਲਗਦੇ ਸੀ। ਅਸਲ ਗੱਲ ਇਹ ਹੈ ਕਿ ਵਿਰਕ ਦੀ ਕਹਾਣੀ 'ਮੈਨੂੰ ਜਾਣਨੈ' ਦੁੱਗਲ ਦੀਆਂ ਦੇਸ਼ ਵੰਡ ਤੇ ਕਈ ਕਹਾਣੀਆਂ ਇਨ੍ਹਾਂ ਸਾਰਿਆਂ ਨੇ ਸਮੇਤ ਅੰਮ੍ਰਿਤ ਪ੍ਰੀਤਮ ਨੇ ਦੇਸ਼ ਵੰਡ ਦਾ ਦਰਦ ਆਪਣੇ ਪਿੰਡੇ ਤੇ ਹੰਢਾਇਆ ਸੀ। ਇਹ ਲੋਕ ਦੇਸ਼ ਵੰਡ ਪਿਛੋਂ ਇਧਰ ਆ ਗਏ ਸਨ। 1984 ਦੇ ਸੰਕਟ ਵੇਲੇ ਵੀ ਸਾਡੇ ਕਈ ਵੀਰ ਦਿੱਲੀ ਤੋਂ ਪੰਜਾਬ ਆਏ ਤੇ ਇਥੇ ਵਸ ਗਏ। ਮੈਂ ਹੈਰਾਨ ਹਾਂ ਕਿ ਇਸ ਸੰਕਟ ਬਾਰੇ ਅੰਮ੍ਰਿਤਾ-ਦੁੱਗਲ-ਮਹੀਪ ਸਿੰਘ ਜਾਂ ਦਿੱਲੀ ਦੇ ਹੋਰ ਲੇਖਕ ਆਦਿ ਨੇ ਕੋਈ ਕਹਾਣੀ ਨਹੀਂ ਲਿਖੀ। ਵਰਤਮਾਨ ਲੇਖਕਾਂ ਨੇ ਇਸ ਸੰਕਟ ਬਾਰੇ ਲਿਖਿਆ ਹੈ । ਪਰ ਪ੍ਰਤਿਭਾ ਤੇ ਅਨੁਭਵ ਦੀ ਘਾਟ ਕਰਕੇ ਉੱਚ ਪਾਏ ਦੀਆਂ ਰਚਨਾਵਾਂ ਨਹੀਂ ਆਈਆਂ। ਪਿਛੇ ਜਿਹੇ ਹਰਮਹਿੰਦਰ ਚਾਹਲ ਦਾ ਨਾਵਲ 'ਬਲੀ' ਆਇਆ ਹੈ। ਸੰਕਟ ਜ਼ਰੂਰ ਹੈ। ਹੁਣ ਜਸਵੰਤ ਸਿੰਘ ਕੰਵਲ ਵਰਗਾ ਕੋਈ ਲੇਖਕ ਵੀ ਸਾਹਮਣੇ ਨਹੀਂ ਆਇਆ ਜਿਸ ਨੇ ਮਲਾਇਆ ਵਿਚ ਜਾ ਕੇ ਆਪਣਾ ਨਾਵਲ ਛਪਵਾਇਆ ਤੇ ਸੱਚ ਤੇ ਪਹਿਰਾ ਦਿੱਤਾ।

ਤਿੰਨ ਪੀੜ੍ਹੀਆਂ ਵਿਚ ਅਸੀਂ ਮੋਹਨ ਭੰਡਾਰੀ, ਪ੍ਰੇਮ ਪ੍ਰਕਾਸ਼, ਵਰਿਆਮ ਸੰਧੂ, ਬਲਦੇਵ ਸਿੰਘ ਸੜਕਨਾਮਾ, ਗੁਰਮੇਲ ਮਡਾਹੜ, ਸ਼ਰਨਜੀਤ ਕੌਰ, ਪ੍ਰੇਮ ਗੋਰਖੀ, ਅਤੇ ਅਸਲੋ ਨਵੇਂ ਦੌਰ ਦੇ ਕਹਾਣੀਕਾਰਾਂ ਵਿਚ ਜਤਿੰਦਰ ਹਾਂਸ, ਕੁਲਵੰਤ ਗਿੱਲ, ਤ੍ਰਿਪਤਾ ਕੇ ਸਿੰਘ, ਇਹ ਨਾਂ ਕੋਈ ਅੰਤਮ ਨਹੀਂ। ਹੋਰ ਨਾਂ ਵੀ ਹਨ। ਪੁਰਾਣੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਪਾਰਖੂ ਅੱਖ ਨਵਿਆਂ ਨਾਲੋਂ ਤੇਜ਼ ਹੈ। ਨਵੇਂ ਕਹਾਣੀਕਾਰ ਸਫੇ ਭਰ ਦੇਣਗੇ ਪਰ ਯਾਦ ਰਹਿਣ ਵਾਲੀਆਂ ਗੱਲ ਕਹਾਣੀ ਵਿਚ ਲੱਭਣੀਆਂ ਪੈਣਗੀਆਂ। ਕਥਾ ਰਸ ਨੂੰ ਪੁਰਾਣਿਆਂ ਨੇ ਕਾਇਮ ਰੱਖਿਆ ਹੈ। ਨਵੇਂ ਇਸ ਦੀ ਥਾਂ ਪਾਤਰ ਦੀ ਮਾਨਸਿਕਤਾ ਵੱਲ ਵਧੇਰੇ ਧਿਆਨ ਦੇ ਰਹੇ ਹਨ। ਬਲਦੇਵ ਦੀਆਂ ਕਹਾਣੀਆਂ ਦੇ ਪਾਤਰ ਖੁੱਲ ਕੇ ਵਿਚਰਦੇ ਹਨ। ਤਲਵਿੰਦਰ ਸਿੰਘ ਵੀ ਕਮਾਲ ਕਰ ਦਿੰਦਾ ਹੈ। ਗੁਲਪਾਲ ਲਿੱਟ ਦੀ ਕਹਾਣੀ ਪਾਠਕ ਨੂੰ ਆਪਣੇ ਨਾਲ ਤੋਰਦੀ ਹੈ। ਬਲਵਿੰਦਰ ਕੌਰ ਬਰਾੜ ਦਾ ਸੰਗ੍ਰਹਿ 'ਮਿੱਟੀ ਨਾ ਫਰੋਲ ਜੋਗੀਆ' ਪੰਜਾਬ ਸੰਕਟ ਬਾਰੇ ਗੱਲ ਕਰਦਾ ਹੈ। ਅਤਰਜੀਤ, ਭੂਰਾ ਸਿੰਘ ਕਲੇਰ, ਬੰਤ ਸਿੰਘ ਚੱਠਾ, ਗੁਰਮੀਤ ਕੜਿਆਲਵੀ, ਦਰਸ਼ਨ ਮਿੱਤਵਾ, ਕਿਰਪਾਲ ਕਜ਼ਾਕ, ਜਸਵੀਰ ਭੁੱਲਰ ਨੇ ਬੜੀਆਂ ਮੁਲਵਾਨ ਕਹਾਣੀਆਂ ਲਿਖੀਆਂ ਹਨ।

ਪੰਜਾਬੀ ਕਹਾਣੀ ਵਿਚ ਖੜੋਤ ਵਾਲੀ ਗੱਲ ਸੋਚਣਾ ਵੀ ਗਲਤ ਹੈ। ਨਵੇਂ ਕਹਾਣੀਕਾਰਾਂ ਵਿਚ ਉਹ ਗੱਲ ਨਹੀਂ ਰਹਿ ਗਈ ਜਿਹੜੀ ਪਹਿਲੀ ਪੀੜ੍ਹੀ ਪਾਸ ਸੀ। ਨਵੀਂ ਪੀੜ੍ਹੀ ਨੂੰ ਭੁਲੇਖਾ ਹੈ ਕਿ ਅਸੀਂ ਕਹਾਣੀ ਰਸ ਤੋਂ ਬਗੈਰ ਹੀ ਝੰਡੇ ਗੱਡ ਦੇਵਾਗੇ। ਕਹਾਣੀ ਆਮ ਲੋਕਾਂ ਵਾਸਤੇ ਹੋਵੇ ਨਾਂ ਕਿ ਯੂਨੀਵਰਸਿਟੀ ਦੇ ਖੋਜੀ ਵਿਦਵਾਨਾਂ ਵਾਸਤੇ।

ਕਿਸਾਨੀ ਕਹਾਣੀ ਬਾਰੇ ਮੈਂ ਇਸ ਤਰ੍ਹਾਂ ਨਹੀਂ ਸੋਚਦਾ। ਅਸੀਂ ਪੰਜਾਬੀ ਖੇਤੀ ਪ੍ਰਧਾਨ ਸੂਬੇ ਦੀ ਵਸਨੀਕ ਹਾਂ। ਕਿਸਾਨੀ ਬਾਰੇ ਲਿਖਣ ਵਾਲੇ ਸੰਤ ਸਿੰਘ ਸੇਖੋ, ਵਰਿਆਮ ਸਿੰਘ ਸੰਧੂ ਦੋ ਨਾਂ ਹੀ ਪ੍ਰਮੁੱਖ ਹਨ। ਇਹ ਮੁੱਖ ਧਾਰਾ ਵਾਲੀ ਗੱਲ ਨਹੀਂ ਹੈ। ਰਲੀ ਮਿਲੀ ਕਹਾਣੀ ਹੈ। ਪੇਂਡੂ ਤੇ ਸ਼ਹਿਰੀ ਕਹਾਣੀ ਲਿਖਣ ਵਾਲੇ ਮੋਹਨ ਭੰਡਾਰੀ, ਗੁਰਬਚਨ ਸਿੰਘ ਭੁੱਲਰ, ਧੀਰ, ਅਤਰਜੀਤ, ਕੇ. ਐਲ. ਗਰਗ, ਦਾਤੇਵਾਸ, ਬਲਜੀਤ ਕੌਰ ਬੱਲੀ, ਗੁਰਪਾਲ ਲਿੱਟ ਆਦਿ ਹਨ। ਜੱਟ ਸੀਰੀ ਦੇ ਰਿਸ਼ਤੇ ਨੂੰ ਸੈਕਸ ਦੀ ਦ੍ਰਿਸ਼ਟੀ ਤੋਂ ਲਿਖੇ ਜਾਣ ਦਾ ਰੁਝਾਨ ਵਧਿਆ ਹੈ। ਸੇਖੋ ਵੇਲੇ ਇਸ ਤਰ੍ਹਾਂ ਨਹੀਂ ਸੀ ਹੁੰਦਾ। ਉਹ ਕਿਸਾਨ ਦੀ ਮਾੜੀ ਆਰਥਿਕਤਾ ਬਾਰੇ ਹੀ ਲਿਖਦੇ ਰਹੇ।

ਮਾਲਵੇ ਦੇ ਸੱਭਿਆਚਾਰ ਤੇ ਸਮਾਜਿਕ ਸਥਿਤੀ ਨੂੰ ਪੇਸ਼ ਕਰਨ ਵਾਲੇ ਕਹਾਣੀਕਾਰ ਦਰਸ਼ਨ ਸਿੰਘ ਗੁਰੂ ਦਾ ਨਵਾਂ ਕਹਾਣੀ ਸੰਗ੍ਰਹਿ

ਧੂੰਏਂ ਹੇਠਲੀ ਅੱਗ

ਦਰਸ਼ਨ ਗੁਰੂ ਦੀਆਂ ਕਹਾਣੀਆਂ ਦੇ ਊਬੜ-ਖਾਬੜ ਪੈਂਡੇ ਉੱਤੇ ਭਖੜਾ ਵੀ ਵਿਛਿਆ ਹੋਇਆ ਹੈ ਤੇ ਥੋਹਰ ਵੀ, ਪਰ ਜ਼ਿੰਦਗੀ ਦੇ ਬੰਜਰ ਵਿਚ ਇਹ ਕਹਾਣੀਆਂ ਰੂਹ ਦੇ ਰੁੱਖ ਤੋਂ ਝੜੇ ਹੋਏ ਪੀਲੇ ਪੱਤੇ ਮਾਤਰ ਨਹੀਂ ਸਗੋਂ ਸਾਹ ਲੈਂਦੀਆਂ ਹਰੀਆਂ ਕਚੂਰ ਇਕਾਈਆਂ ਨੇ, ਮਨੁੱਖੀ ਸੰਵੇਦਨਾ ਦੇ ਬੂਹੇ ਖੋਲ੍ਹਦੀਆਂ ਨੇ, ਤਿੜਕੇ ਸੁਪਨਿਆਂ ਵਾਲਿਆਂ ਲਈ ਹਾਉਕੇ ਭਰਦੀਆਂ ਨੇ। ਗੁਰੂ ਦੇ ਰਿਆਜ਼ ਨੇ ਕਹਾਣੀਆਂ ਨੂੰ ਵਿਸ਼ਵਾਸ ਦੀ ਜ਼ਮੀਨ ਦਿੱਤੀ ਹੈ ਅਤੇ ਮਨੁੱਖਤਾ ਦੀ ਪਹੁਲ ਨੇ ਕਹਾਣੀਆਂ ਨੂੰ ਸਾਹ ਦਿੱਤੇ ਹਨ।

- **ਜਸਬੀਰ ਭੁੱਲਰ**

ਪ੍ਰਕਾਸ਼ਕ: **ਵਿਸ਼ਵਭਾਰਤੀ ਪ੍ਰਕਾਸ਼ਨ, ਬਰਨਾਲਾ**

ਮੁੱਲ: 120, ਪੰਨੇ :136

ਆਲੋਚਨਾ: ਬਹੁ-ਪਰਤੀ ਜੀਵਨ ਯਥਾਰਥ ਨੂੰ ਚਿੱਤਰਦਾ 'ਭਰਮਜਾਲ'

- ਪ੍ਰੋ. ਲਖਵਿੰਦਰ ਜੀਤ ਕੌਰ

'ਭਰਮਜਾਲ' ਗੋਵਰਧਨ ਗੱਬੀ ਦੁਆਰਾ ਲਿਖਿਆ ਉਸਦਾ ਦੂਸਰਾ ਮੌਲਿਕ ਕਹਾਣੀ-ਸੰਗ੍ਰਹਿ ਹੈ। ਇਸ ਵਿਚ ਉਸ ਦੀਆਂ ਲਿਖੀਆਂ 12 ਕਹਾਣੀਆਂ ਸ਼ਾਮਲ ਹਨ। ਇਨ੍ਹਾਂ ਕਹਾਣੀਆਂ ਵਿਚ ਉਸਨੇ ਆਪਣੇ ਆਸ-ਪਾਸ ਦੇ ਜੀਵਨ ਦੇ ਉਲਾਰਾਂ, ਵਿਕਾਰਾਂ ਤੇ ਵਿਸੰਗਤੀਆਂ ਨੂੰ ਬੜੇ ਦਿਲਚਸਪ ਢੰਗ ਨਾਲ ਰੂਪਮਾਨ ਕੀਤਾ ਹੈ। ਅੱਜ ਦੇ ਵਿਸ਼ਵੀਕਰਨ ਤੇ ਮੰਡੀਕਰਨ ਦੇ ਯੁੱਗ ਵਿਚ ਜਿਥੇ ਪਦਾਰਥਕ ਚੀਜ਼ਾਂ ਦਾ ਮੰਡੀਕਰਨ ਹੋਇਆ ਹੈ ਉਥੇ ਸਮਾਜਿਕ ਰਿਸ਼ਤੇ ਵੀ ਇਸਦੀ ਲਪੇਟ ਵਿਚ ਆਉਣ ਤੋਂ ਨਹੀਂ ਬਚ ਸਕੇ। ਸਮਾਜਿਕ ਰਿਸ਼ਤਿਆਂ ਦੀ ਸਥਿਤੀ ਮਾਰਮਿਕ ਤੇ ਨਿਘਾਰ ਵਾਲੀ ਬਣਦੀ ਜਾ ਰਹੀ ਹੈ। ਜਿਨਸੀ ਖੁੱਲ੍ਹਾਂ ਤੇ ਸੰਬੰਧਾਂ ਦਾ ਖੋਖਲਾਪਨ ਅੱਜ ਦੀ ਮਨੁੱਖੀ ਮਾਨਸਿਕਤਾ ਤੇ ਭਾਰੂ ਹੁੰਦਾ ਜਾ ਰਿਹਾ ਹੈ ਜਿਸ ਨੂੰ ਭੋਗਣ ਲਈ ਮਨੁੱਖ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

ਭਾਵੇਂ ਇਸ ਕਹਾਣੀ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਪਾਠਕ ਦੇ ਮਨ ਵਿਚ ਓਪਰੀ ਨਜ਼ਰੇ ਅਸ਼ਲੀਲਤਾ ਦਾ ਪ੍ਰਭਾਵ ਸਿਰਜਦੀਆਂ ਹਨ ਪਰੰਤੂ ਪਾਠਗਤ ਅਧਿਐਨ ਤੋਂ ਬਾਅਦ ਕਹਾਣੀ ਦਾ ਅੰਤ ਕਿਸੇ ਐਸੀ ਸਥਿਤੀ ਵਿਚ ਹੁੰਦਾ ਹੈ ਕਿ ਮਾਮੂਲੀ ਜਿਹੀ ਘਟਨਾ ਹੀ ਇੱਕ ਸਮੱਸਿਆ ਬਣਕੇ ਸਾਹਮਣੇ ਨਜ਼ਰ ਆਉਣ ਲੱਗਦੀ ਹੈ। ਇਸ ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਬਿੰਬ-ਪ੍ਰਤੀਬਿੰਬ' ਵਿਚ ਲੇਖਕ ਨੇ ਵਿਆਹ-ਬਾਹਰੇ ਰਿਸ਼ਤਿਆਂ ਅਤੇ ਸ਼ੱਕੀ ਸੁਭਾਓ ਕਾਰਨ ਮਰ ਰਹੀ ਰਿਸ਼ਤਿਆਂ ਦੀ ਮਰਿਆਦਾ ਨੂੰ ਵਿਸ਼ਾ ਬਣਾਇਆ ਹੈ। ਪਤੀ ਜੋ ਚਾਹੇ ਪਤਨੀ 'ਤੇ ਇਲਜ਼ਾਮ ਲਗਾ ਲਵੇ ਪਰ ਉਸ ਉਪਰ ਉਂਗਲ ਉਠਾਉਣ ਦਾ ਹੱਕ ਸਾਡੇ ਸਮਾਜ ਵਿਚ ਪਤਨੀ ਨੂੰ ਨਹੀਂ ਹੈ ਪਰ ਆਪਣੇ ਆਪ ਨੂੰ ਰਿਸ਼ਤਿਆਂ ਦਾ ਇਮਾਨਦਾਰ ਦੱਸਣ ਵਾਲਾ ਪਤੀ ਜਦੋਂ ਰੰਗੇ ਹੱਥੀਂ ਪਤਨੀ ਦੁਆਰਾ ਹੀ ਪਕੜ ਲਿਆ ਜਾਵੇ ਤਾਂ ਉਸ ਦੀ ਸਥਿਤੀ ਇੱਕ ਮੁਰਦੇ ਤੋਂ ਜ਼ਿਆਦਾ ਨਹੀਂ ਰਹਿ ਜਾਂਦੀ। ਵਿਅਕਤੀ ਨੂੰ ਜਦੋਂ ਉਸਦਾ ਅਸਲੀ ਅਕਸ ਉਸ ਦੇ ਆਪਣੇ ਚਰਿੱਤਰ ਵਾਲੇ ਸ਼ੀਸ਼ੇ ਵਿਚ ਹੀ ਦਿਖਾ ਦਿੱਤਾ ਜਾਵੇ ਜਾਂ ਦੇਖਣ ਨੂੰ ਮਿਲ ਜਾਵੇ ਤਾਂ ਉਸ ਕੋਲ ਦੇਣ ਲਈ ਕੋਈ ਜਵਾਬ ਨਹੀਂ ਬਚਦਾ। ਇਸ ਕਹਾਣੀ ਵਿਚ ਲੇਖਕ ਨੇ ਪਤੀ-ਪਤਨੀ ਦੇ ਵਿਵਾਹਿਕ ਸੰਬੰਧਾਂ ਦਾ ਗਲਪੀ-ਬਿਰਤਾਂਤ ਪੇਸ਼ ਕੀਤਾ ਹੈ। ਲੇਖਕ ਨੇ ਪਤੀ-ਪਤਨੀ ਦੋਹਾਂ ਧਿਰਾਂ ਨੂੰ ਵੱਖ-ਵੱਖ ਸਮਾਜਕ ਪਰਸਥਿਤੀਆਂ ਵਿਚ ਰੱਖ ਕੇ ਨਿਰਖਿਆ ਪਰਖਿਆ ਹੈ। ਅਜਿਹੀਆਂ ਕਹਾਣੀਆਂ ਸਮਾਜ ਵਿਚ ਆ ਰਹੇ ਨਿਘਾਰ ਤੇ ਕੋਹਝ ਨੂੰ ਦ੍ਰਿਸ਼ਟੀਗੋਚਰ ਕਰਦੀਆਂ ਹਨ। 'ਗੁੰਝਲਦਾਰ' ਕਹਾਣੀ ਦਾ ਕਥਾ-ਬਿਰਤਾਂਤ ਸਮਾਜਿਕ ਰੋਅਬ ਰੱਖਣ ਵਾਲੀ ਅਫ਼ਸਰਸ਼ਾਹੀ ਨਾਲ ਸੰਬੰਧਿਤ ਹੈ। ਉਹ ਅਫ਼ਸਰਸ਼ਾਹੀ ਜੋ ਸਾਰੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਰਿਸ਼ਵਤ ਲੈਣਾ, ਉਸ ਰਿਸ਼ਵਤ ਨਾਲ ਅੱਯਾਸ਼ੀ ਕਰਨ ਤੇ ਆਪਣੇ ਅਹੁਦੇ ਦੀ ਆੜ ਵਿਚ ਕੁਝ ਵੀ ਗਲਤ ਕਰਨਾ ਆਪਣਾ ਹੱਕ ਸਮਝਦੀ ਹੈ। ਇਸ ਕਹਾਣੀ ਦਾ ਪਾਤਰ 'ਤਹਿਸੀਲਦਾਰ' ਲੋਕਾਂ ਦੀ ਲੁੱਟ-ਖਸੁੱਟ ਕਰਕੇ ਹਰ ਰੋਜ਼ ਨੋਟਾਂ ਦੀਆਂ ਜੇਬਾਂ ਭਰਕੇ ਖੁੱਦ ਵੀ ਐਸ਼ ਕਰਦਾ ਹੈ ਤੇ ਆਪਣੇ ਸਾਥੀਆਂ ਨੂੰ ਵੀ ਐਸ਼ ਕਰਾਉਂਦਾ ਹੈ। ਉਸ ਨੂੰ ਆਪਣੀ ਅੱਯਾਸ਼ੀ ਵਾਸਤੇ ਨਿੱਤ ਨਵੇਂ 'ਮਾਲ' ਦੀ ਭਾਲ ਰਹਿੰਦੀ ਹੈ। ਕਿਸੇ ਦੀ ਧੀ-ਭੈਣ ਨਾਲ ਉਨ੍ਹਾਂ ਦੀ ਇਨਸਾਨੀਅਤ ਦੀ ਸਾਂਝ ਕਾਹਦੀ? ਉਨ੍ਹਾਂ ਨੂੰ ਤਾਂ 'ਮਾਲ' ਨਾਲ

ਮਤਲਬ ਹੈ ਪਰ ਜਦੋਂ ਮਾਲ ਦੇ ਰੂਪ ਵਿਚ ਸਾਹਮਣੇ ਆਉਣ ਵਾਲੀ ਉਹਨਾਂ ਦੇ ਆਪਣੇ ਕੁਨਬੇ, ਗੋਤਰ ਜਾਂ ਜਾਣ-ਪਹਿਚਾਣ ਵਾਲੀ ਨਿਕਲ ਆਵੇ ਤਾਂ ਸਥਿਤੀ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੀ ਨਹੀਂ, ਅਸੰਭਵ ਹੋ ਜਾਂਦਾ ਹੈ ਤੇ ਬੰਦਾ ਆਪਣੇ ਆਪ ਨੂੰ ਆਪਣੇ ਹੀ ਹੱਥੋਂ ਠੱਗਿਆ ਹੋਇਆ ਮਹਿਸੂਸ ਕਰਦਾ ਹੈ ਤੇ ਨਿੰਮੋਝੂਣ, ਸ਼ਰਮਸਾਰ ਹੋਇਆ ਕਿਸੇ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹਿੰਦਾ। ਕਹਾਣੀ ਸਮਾਜਿਕ ਅਫ਼ਸਰਸ਼ਾਹੀ ਅਤੇ ਉਨ੍ਹਾਂ ਦੇ ਕਿਰਦਾਰ ਤੇ ਵਿਵਹਾਰ 'ਤੇ ਡੂੰਘੀ ਚੋਟ ਕਰਦੀ ਹੈ।

ਗੱਬੀ ਦੇ ਇਸ ਕਹਾਣੀ ਸੰਗ੍ਰਹਿ ਦੀਆਂ ਬਹੁਤੀਆਂ ਕਹਾਣੀਆਂ ਔਰਤ ਮਰਦ ਰਿਸ਼ਤਿਆਂ ਤੇ ਕੇਂਦਰਿਤ ਹਨ। ਸੰਬੰਧਾਂ ਵਿਚ ਘੁਲ ਚੁੱਕੀ ਕੜਵਾਹਟ, ਬੇਈਮਾਨੀ ਤੇ ਬੇਵਿਸ਼ਵਾਸੀ ਨੂੰ ਉਸਨੇ ਬਾਖੂਬੀ ਚਿਤਰਿਆ ਹੈ। 'ਲਾਵਾ' ਕਹਾਣੀ ਦੀ ਨਾਇਕਾ ਆਪਣੇ ਪਤੀ ਦੀ ਬੇਵਿਸ਼ਵਾਸੀ ਦਾ ਬੋਝ ਢੋਂਦੀ ਰਹਿੰਦੀ ਹੈ ਉਹ ਸੋਚਦੀ ਹੈ ਕਿ ਮਾਂ ਨਾਲ ਗੱਲ ਕਰਕੇ ਆਪਣੇ ਇਸ ਬੋਝ ਨੂੰ ਹਲਕਾ ਕਰ ਲਵੇਗੀ ਪਰ ਮਾਂ ਨਾਲ ਗੱਲ ਕਰਨ ਤੇ ਜਦੋਂ ਉਹ ਮਾਂ ਦੇ ਮੂੰਹੋਂ ਇਹ ਬੋਲ ਸੁਣਦੀ ਹੈ:-

"ਧੀਏ ਤੈਨੂੰ ਮਸੀਂ ਚਾਰ ਮਹੀਨੇ ਹੀ ਹੋਏ ਨੇ ਇਹ ਸਾਰਾ ਕੁਝ ਝੱਲਦਿਆਂ ਤੂੰ ਤਾਂ ਆਪਣਾ ਬੋਝ ਹਲਕਾ ਕਰ ਲਿਆ ਏ...ਪਿਛਲੇ ਬੀਹਾਂ ਸਾਲਾਂ ਤੋਂ ਮੈਂ ਵੀ ਤਾਂ ਤੇਰੀ ਵੱਡੀ ਭਰਜਾਈ ਨੂੰ ਆਪਣੀ ਸੌਂਕਣ ਵਾਂਗ ਸਹਿਣ ਕਰ ਹੀ ਰਹੀ ਹਾ ਨਾ...ਮੈਂ ਦੱਸ ਕੀ ਕਰਾਂ? ਬੋਲਦਿਆਂ ਮਾਂ ਦੀ ਭੁੱਬ ਨਿਕਲ ਗਈ।" ਇਹ ਸੁਣਦਿਆਂ ਹੀ ਉਸ ਨੂੰ ਲੱਗਦਾ ਹੈ ਕਿ ਉਸਦੇ ਅੰਦਰ ਜਿਵੇਂ ਮੱਚ ਰਿਹਾ ਲਾਵਾ ਫੱਟ ਗਿਆ ਹੋਵੇ ਤੇ ਉਸ ਲਾਵੇ ਵਿਚ ਸਭ ਕੁਝ ਗਰਕ ਹੋ ਗਿਆ ਹੋਵੇ।

ਵਿਸ਼ੇ ਦੇ ਪੱਖੋਂ ਗੱਬੀ ਦੀਆਂ ਸਾਰੀਆਂ ਕਹਾਣੀਆਂ ਵਿਚ ਨਵੀਨਤਾ ਦੇਖਣ ਨੂੰ ਮਿਲਦੀ ਹੈ। ਉਸਨੂੰ ਵਿਅੰਗ ਅਤੇ ਕਟਾਖ਼ਸ਼ ਰਾਹੀਂ ਆਪਣੀ ਗੱਲ ਕਹਿ ਸਕਣ ਦਾ ਢੰਗ ਆਉਂਦਾ ਹੈ। ਛੋਟੇ ਛੋਟੇ ਤੇ ਚੁਸਤ ਵਾਕਾਂ ਰਾਹੀਂ ਉਹ ਕਹਾਣੀ ਵਿਚ ਰੋਚਿਕਤਾ ਬਣਾਈ ਰੱਖਣ ਵਿਚ ਕਾਮਯਾਬ ਹੁੰਦਾ ਨਜ਼ਰ ਆਉਂਦਾ ਹੈ। ਵਿਅੰਗਾਤਮਕ ਤਰੀਕੇ ਨਾਲ ਲਿਖੀ ਕਹਾਣੀ 'ਨੰਬਰ ਦੋ' ਉਸ ਦੀ ਉਪਰੋਕਤ ਜੁਗਤ ਦਾ ਹਾਸਲ ਹੈ। ਕਹਾਣੀ ਦਾ ਨਾਇਕ ਜੋ ਕਿ ਕਦੇ ਵੀ ਨੰਬਰ ਦੋ ਬਣਨਾ ਨਹੀਂ ਚਾਹੁੰਦਾ ਪਰ ਉਸ ਦੀ ਤ੍ਰਾਸਦੀ ਇਹ ਹੈ ਕਿ ਉਸ ਨੂੰ ਜ਼ਿੰਦਗੀ ਦੇ ਹਰ ਖੇਤਰ ਵਿਚ ਨੰਬਰ ਦੋ ਦਾ ਸਥਾਨ ਹੀ ਮਿਲਦਾ ਹੈ। ਉਹ ਪਰਿਵਾਰਕ ਰਿਸ਼ਤੇ ਵਿਚ ਵੱਡੇ ਭਰਾ ਤੋਂ ਛੋਟਾ ਹੋਣ ਕਰਕੇ ਨੰਬਰ ਦੋ, ਅਖ਼ਬਾਰ ਦਾ ਸੀਨੀਅਰ ਪੱਤਰਕਾਰ ਹੁੰਦਾ ਹੋਇਆ ਵੀ ਸੰਪਾਦਕ ਤੋਂ ਬਾਅਦ ਸਹਿ-ਸੰਪਾਦਕ ਵਾਲਾ ਨੰਬਰ ਦੋ ਦਾ ਪਦ ਗ੍ਰਹਿਣ ਕਰਦਾ ਹੈ। ਪੜ੍ਹਾਈ ਦੇ ਖੇਤਰ ਵਿਚ ਕੁਝ ਕੁ ਨੰਬਰਾਂ ਤੇ ਪਛੜ ਜਾਣ ਕਰਕੇ ਦੂਸਰੀ ਪੁਜ਼ੀਸ਼ਨ ਤੇ ਰਹਿੰਦਾ ਹੈ। ਸ਼ਾਦੀ ਕਰਕੇ ਸੋਚਦਾ ਹੈ ਕਿ ਸ਼ਾਇਦ ਹੁਣ ਹੀ ਨੰਬਰ ਇਕ ਹੋ ਜਾਵਾਂ ਪਰ ਪਤਨੀ ਦੇ ਪਹਿਲੇ ਰਹੇ ਪ੍ਰੇਮ ਸੰਬੰਧਾਂ ਕਰਕੇ ਉਸਨੂੰ ਫਿਰ ਨੰਬਰ ਦੋ ਦਾ ਸਬਰ ਦਾ ਘੁੱਟ ਭਰਨਾ ਪੈਂਦਾ ਹੈ। ਵਿਆਹ ਬਾਹਰੇ ਰਿਸ਼ਤੇ ਵਿਚ ਵੀ ਉਸਨੂੰ ਇਸ ਹੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਨੰਬਰ ਦੋ ਉਸਦਾ ਖਹਿੜਾ ਜ਼ਿੰਦਗੀ ਭਰ ਨਹੀਂ ਛੱਡਦਾ। ਕਹਾਣੀ ਨੂੰ ਬੜੇ ਹੀ ਰੋਚਿਕ ਤੇ ਵਿਅੰਗ ਭਰੇ ਲਹਿਜ਼ੇ ਵਿਚ ਪੇਸ਼ ਕੀਤਾ ਗਿਆ ਹੈ। ਪਾਠਕ ਅੰਤ ਤੱਕ ਕਹਾਣੀ ਦੀ ਕਥਾ-ਵਾਰਤਾ ਨਾਲ ਸਾਂਝ ਬਣਾਈ ਰੱਖਦਾ ਹੈ।

ਕਹਾਣੀ 'ਮਾਂ ਦਾ ਖ਼ਤ' ਇਕ ਬੜੇ ਹੀ ਅਣਭੋਲ ਤੇ ਭਾਵੁਕ ਪ੍ਰੇਮ ਸੰਬੰਧਾਂ ਦੀ ਗਾਥਾ ਨੂੰ ਬਿਆਨ ਕਰਦੀ ਹੈ। ਪ੍ਰੇਮੀ-ਜੋੜਾ ਇੱਕ ਦੂਜੇ ਨਾਲ ਹੱਦੋਂ ਵੱਧ ਪਿਆਰ ਕਰਦਾ ਹੈ ਤੇ ਇਸ ਪਿਆਰ ਨੂੰ ਵਿਆਹ ਸੰਬੰਧ ਵਿਚ ਬੰਨ੍ਹਣਾ ਚਾਹੁੰਦਾ ਹੈ ਪਰ ਅਚਾਨਕ ਨਾਇਕਾ ਦਾ ਸ਼ਾਦੀ ਤੋਂ ਇਨਕਾਰ ਪ੍ਰੇਮੀ ਸੱਤੀ ਦੇ ਮਨ ਵਿਚ ਉਥਲ-ਪੁਥਲ ਮਚਾ ਦੇਂਦਾ ਹੈ ਕਿ ਸ਼ਾਇਦ ਉਸਦੀ ਪ੍ਰੇਮਿਕਾ ਨੰਦੀ ਨੇ ਕੈਨੇਡਾ ਵਿਚ ਵਸਣ ਵਾਲੀ ਚਕਾਚੌਂਧ ਕਰਕੇ ਉਸਨੂੰ ਤਿਆਗ ਦਿੱਤਾ ਹੈ। ਇੱਕ ਖ਼ਤ ਜੋ ਪ੍ਰੇਮੀ ਸੱਤੀ ਵੱਲੋਂ ਨੰਦੀ ਨੂੰ ਲਿਖਿਆ ਜਾਂਦਾ ਹੈ, ਜਿਸ ਖ਼ਤ ਨੂੰ ਪੜਨ ਤੋਂ ਬਾਅਦ ਉਹ ਜਵਾਬ ਦੀ ਉਡੀਕ ਕਰਦਾ ਹੈ ਪਰ ਉਸ ਖ਼ਤ ਦਾ ਜਵਾਬ ਕਦੇ ਨਹੀਂ ਮਿਲਦਾ। ਆਖ਼ਰ ਕੁਝ ਸਾਲਾਂ ਬਾਅਦ ਸੱਤੀ ਇੱਕ ਖ਼ਤ ਨੰਦੀ ਲਈ ਉਸਦੀ ਮਾਂ ਨੂੰ

ਲਿਖਦਾ ਹੈ ਪਰ ਬਿਨਾਂ ਖੋਲ੍ਹੇ ਉਸ ਦੀ ਪ੍ਰੇਮਿਕਾ ਨੰਦੀ ਤੱਕ ਪਹੁੰਚਾਉਣ ਦੀ ਕਸਮ ਦਿੰਦਾ ਹੈ ਪਰ ਮਾਂ ਦੁਆਰਾ ਕਸਮ ਦਿੱਤੇ ਹੋਣ ਦੇ ਬਾਵਜੂਦ ਵੀ ਮਾਂ ਉਹ ਖ਼ਤ ਪੜ ਕੇ ਜਵਾਬ ਦਿੰਦੀ ਹੈ ਕਿ ਜਿਸ ਖ਼ਤ ਦੇ ਜਵਾਬ ਦੀ ਉਡੀਕ ਉਹ ਅੱਜ ਤੱਕ ਕਰਦਾ ਰਿਹਾ ਹੈ, ਉਹ ਤਾਂ ਕਦੇ ਪੜ੍ਹਿਆ ਹੀ ਨਹੀਂ ਗਿਆ ਬਲਕਿ ਉਹ ਖ਼ਤ ਨੰਦੀ ਦੇ ਪੜਨ ਤੋਂ ਪਹਿਲਾਂ ਹੀ ਨੰਦੀ ਬੇਹੋਸ਼ ਹੋ ਗਈ ਸੀ ਤੇ ਡਾਕਟਰੀ ਰਿਪੋਰਟ ਤੋਂ ਪਤਾ ਲੱਗਾ ਕਿ ਉਸ ਨੂੰ ਬਲੱਡ ਕੈਂਸਰ ਹੈ। ਡਾਕਟਰਾਂ ਨੇ ਉਸਦੀ ਜ਼ਿੰਦਗੀ ਦੇ ਥੋੜੇ ਦਿਨ ਬਚੇ ਹੋਣ ਦਾ ਖ਼ਦਸ਼ਾ ਵੀ ਉਸਨੂੰ ਦੱਸ ਦਿੱਤਾ। ਇਸ ਦੁੱਖ ਦਾ ਭਾਗੀਦਾਰ ਉਹ ਸੱਤੀ ਨੂੰ ਨਹੀਂ ਸੀ ਬਣਾਉਣਾ ਚਾਹੁੰਦੀ ਜਿਸ ਕਾਰਨ ਉਸਨੇ ਕੈਨੇਡਾ ਜਾਣ ਦਾ ਅਤੇ ਉਥੇ ਜਾ ਕੇ ਵਿਆਹ ਕਰਨ ਦਾ ਫ਼ਰੇਬ ਕੀਤਾ ਸੀ। ਜਦਕਿ ਨੰਦੀ ਦੀ ਮੌਤ ਤਾਂ ਉਸ ਦੇ ਮਿਲਣ ਤੋਂ ਇਕ ਮਹੀਨਾ ਬਾਅਦ ਹੀ ਹੋ ਗਈ ਸੀ। ਕਹਾਣੀ ਦਾ ਅੰਤ ਬੜਾ ਭਾਵੁਕ ਤੇ ਦੁਖਾਂਤਕ ਹੈ।

ਇਸ ਕਹਾਣੀ-ਸੰਗ੍ਰਹਿ ਦੀਆਂ ਬਾਕੀ ਕਹਾਣੀਆਂ 'ਠੰਡੇ ਮੁਰਦਾਘਰ', 'ਭਰਮਜਾਲ', 'ਮੜੀਆਂ', 'ਉਜਾੜ', 'ਲਕੀਰਾਂ' ਤੇ 'ਅਜਗਰ' ਵੀ ਵੱਖੋ ਵੱਖਰੇ ਵਿਸ਼ਿਆਂ ਨਾਲ ਸੰਬੰਧਤ ਹਨ ਪਰ ਇਨ੍ਹਾਂ ਕਹਾਣੀਆਂ ਵਿਚ 'ਭਰਮਜਾਲ' ਕਹਾਣੀ ਇੱਕ ਬਹੁਤ ਹੀ ਸੰਜੀਦਾ ਕਹਾਣੀ ਹੈ। ਇਸ ਦਾ ਵਿਸ਼ਾ ਭਾਵੇਂ ਨਵਾਂ ਤਾਂ ਨਹੀਂ ਪਰ ਕਹਾਣੀ ਦਾ ਘਟਨਾਕ੍ਰਮ ਬੜਾ ਹੀ ਰੋਚਿਕ ਹੈ। ਇੱਕੋ ਹੀ ਦਫ਼ਤਰ ਵਿਚ ਕੰਮ ਕਰਦੇ ਸਹਾਇਕ ਪ੍ਰਬੰਧਕ ਵਿਜੇ ਜੋ ਕਿ ਸ਼ਾਦੀ ਸ਼ੁਦਾ, ਪੰਜ ਸਾਲ ਦੇ ਬੇਟੇ ਅਤੇ ਦੋ ਕੁ ਸਾਲ ਦੀ ਬੇਟੀ ਦਾ ਪਿਤਾ ਹੈ ਅਤੇ ਰਾਜਪ੍ਰੀਤ ਜੋ ਕਿ ਲੋਕ ਸੰਪਰਕ ਅਧਿਕਾਰੀ ਵਜੋਂ ਨਿਯੁਕਤ ਕੀਤੀ ਜਾਂਦੀ ਹੈ, ਦੇ ਆਪਸੀ ਸੰਬੰਧ ਪ੍ਰੇਮ-ਸੰਬੰਧਾਂ ਦਾ ਰੂਪ ਅਖ਼ਤਿਆਰ ਕਰ ਲੈਂਦੇ ਹਨ ਤੇ ਰਾਜਪ੍ਰੀਤ ਦਾ ਪਤੀ ਕੁਲਦੀਪ ਜਿਸ ਨਾਲ ਉਸਦਾ ਪ੍ਰੇਮ-ਵਿਆਹ ਹੋਇਆ ਸੀ, ਉਸ ਨੂੰ ਕਦੇ ਵੀ ਉਹ ਵਿਜੇ ਨਾਲ ਮਿਲਨ ਦਾ ਮੌਕਾ ਨਹੀਂ ਦਿੰਦੀ ਪਰ ਉਸ ਨੂੰ ਹਮੇਸ਼ਾਂ ਆਦਰਸ਼ ਪਤੀ ਦੱਸਦੀ ਹੈ। ਫਿਰ ਇਕ ਦਿਨ ਰਾਜਪ੍ਰੀਤ ਦਾ ਅਚਾਨਕ ਦਫ਼ਤਰ ਤੇ ਘਰ ਤੋਂ ਗ਼ੈਰ ਹਾਜ਼ਰ ਹੋ ਜਾਣਾ ਵਿਜੇ ਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਕਈ ਸਾਲ ਬੀਤ ਜਾਣ ਤੋਂ ਬਾਅਦ ਰਾਜਪ੍ਰੀਤ ਦਾ ਵਿਜੇ ਨੂੰ ਆਇਆ ਫੋਨ ਉਸਨੂੰ ਕਈ ਸਾਲ ਪਹਿਲਾਂ ਵਾਲੇ ਦਿਨ ਯਾਦ ਕਰਵਾ ਦਿੰਦਾ ਹੈ ਤੇ ਉਸਦੀ ਬੇਟੀ ਦੀ ਸ਼ਾਦੀ ਵਿਚ ਪਹੁੰਚਣ ਦਾ ਸੱਦਾ-ਪੱਤਰ ਉਸ ਵੇਲੇ ਸਥਿਤੀ ਨੂੰ ਗੰਭੀਰ ਬਣਾ ਦਿੰਦਾ ਹੈ ਜਦੋਂ ਵਿਜੇ ਨੂੰ ਰਾਜਪ੍ਰੀਤ ਆਪਣੇ ਪਤੀ ਦੀ ਮੌਤ ਬਾਰੇ ਦੱਸਦੀ ਹੈ ਤੇ ਬੇਟੀ ਦਾ ਪੱਲਾ ਉਸ ਨੂੰ ਫੜਾਉਣ ਲਈ ਕਹਿੰਦੀ ਹੈ ਕਿਉਂਕਿ ਉਹ ਵਿਜੇ ਨੂੰ ਕਹਿੰਦੀ ਹੈ ਕਿ ਪਿਤਾ ਦਾ ਦੋਸਤ ਵੀ ਤਾਂ ਪਿਤਾ ਸਮਾਨ ਹੀ ਹੁੰਦਾ ਹੈ। ਕਹਾਣੀ ਦਾ ਅਖ਼ੀਰ ਤੇ ਅਜਿਹਾ ਸੁਨੇਹਾ ਕਈ ਤਰ੍ਹਾਂ ਦੇ ਭਰਮਜਾਲ ਤੋੜਦਾ ਨਜ਼ਰ ਆਉਂਦਾ ਹੈ। ਇਸ ਕਹਾਣੀ-ਸੰਗ੍ਰਹਿ ਦੀ ਕਹਾਣੀ 'ਮੜ੍ਹੀਆਂ' ਵਿਚ ਲੇਖਕ ਨੇ ਅਵਚੇਤਨ ਮਨ ਵਿਚ ਪਏ ਭੈਅ ਕਾਰਨ ਵਿਗੜ ਚੁੱਕੀ ਮਾਨਸਿਕ ਸਥਿਤੀ ਨੂੰ ਵਿਸ਼ਾ ਬਣਾਇਆ ਹੈ । ਅਜਿਹਾ ਭੈਅ ਜੋ ਕਿਸੇ ਦੇ ਜੀਵਨ ਨੂੰ ਦੁੱਭਰ ਬਣਾ ਦਿੰਦਾ ਹੈ ਅਤੇ ਅਖੀਰ ਬੰਦੇ ਨੂੰ ਇਸ ਭੈਅ ਵਿਚੋਂ ਨਿਕਲਣ ਵਾਸਤੇ ਖ਼ੁਦ ਹੀ ਆਪਣੀ ਮਾਨਸਿਕ ਸਥਿਤੀ ਨਾਲ ਦੋ ਚਾਰ ਹੁੰਦਿਆਂ ਹੋਇਆਂ ਹਲ ਤਲਾਸ਼ਨਾ ਪੈਂਦਾ ਹੈ। ਇਸ ਕਹਾਣੀ-ਸੰਗ੍ਰਹਿ ਦੀਆਂ ਸਾਰੀਆਂ ਹੀ ਕਹਾਣੀਆਂ ਕਿਸੇ ਨਾ ਕਿਸੇ ਸਮਾਜਿਕ ਸਮੱਸਿਆ ਨੂੰ ਉਜਾਗਰ ਕਰਦੀਆਂ ਹਨ ਤੇ ਪਾਠਕ ਨੂੰ ਸੁਚੇਤ ਕਰਦਿਆਂ ਹੋਇਆਂ ਸੋਚਣ ਲਈ ਮਜ਼ਬੂਰ ਵੀ ਕਰਦੀਆਂ ਹਨ। ਗੱਬੀ ਦੁਆਰਾ ਚੁਣੇ ਗਏ ਵਿਸ਼ੇ, ਵਾਕਾਂ ਦੀ ਸੰਜਮਮਈ ਬਣਤਰ, ਢੁਕਵੀਂ ਬੋਲੀ ਤੇ ਸਿਰਜਿਆ ਗਿਆ ਵਾਤਾਵਰਨ ਉਸ ਵਲੋਂ ਕਹਾਣੀ ਲਿਖਣ ਲਈ ਵਰਤੀਆਂ ਗਈਆਂ ਜੁਗਤਾਂ ਹਨ।

ਕਹਾਣੀ ਵਿਚਲੀ ਰੋਚਿਕਤਾ, ਉਤਸੁਕਤਾ ਤੇ ਰਹੱਸ ਪਾਠਕ ਨੂੰ ਆਰੰਭ ਤੋਂ ਅੰਤ ਤੱਕ ਕਹਾਣੀ ਨਾਲ ਜੋੜੀ ਰੱਖਣ ਵਿਚ ਸਹਾਈ ਹੁੰਦਾ ਪ੍ਰਤੀਤ ਹੁੰਦਾ ਹੈ। ਕਿਤੇ ਕਿਤੇ ਸ਼ਬਦਾਵਲੀ ਦਾ ਖੁੱਲ੍ਹਾਪਨ ਰੜਕਦਾ ਹੈ ਪਰ ਕਹਾਣੀ ਦੀ ਪਟਕਥਾ ਨੂੰ ਦੇਖਦੇ ਹੋਏ ਉਸ ਨੂੰ ਅਣਗੌਲਿਆ ਕੀਤਾ ਜਾ ਸਕਦਾ ਹੈ।

ਮੋਬਾ. 09779411155

ਪਰਵਾਸੀ ਮਸਲਿਆਂ ਨੂੰ ਸਿੱਦਤ ਨਾਲ ਪੇਸ਼ ਕਰਦੀ 'ਮੇਰੀ ਅਧੂਰੀ ਕਹਾਣੀ'

-ਡਾ. ਤਜਿੰਦਰਪਾਲ ਕੌਰ



ਮੋਹਨ ਸਿੰਘ ਕੁੱਕੜਪਿੰਡੀਆ ਦੇ ਡੇਢ ਦਰਜਨ ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਇਨ੍ਹਾਂ ਨਾਵਲਾਂ ਵਿਚਲੇ ਵਿਸ਼ੇ ਬਾਹਰਲੇ ਮੁਲਕ ਵਿਚ ਵਸਦੇ ਪੰਜਾਬੀਆਂ ਦੇ ਜੀਵਨ ਬਾਰੇ ਹਨ। ਮੋਹਨ ਸਿੰਘ ਦਾ ਇਕ ਨਾਵਲ ਅੰਗਰੇਜ਼ੀ ਵਿਚ ਵੀ ਛਪ ਚੁੱਕਾ ਹੈ ਜਿਸ ਦਾ ਨਾਂ ਗੁਲਾਮੀ ਹੈ। ਪੰਜਾਬੀ ਸਾਹਿਤ ਜਗਤ ਵਿਚ ਕੁੱਕੜਪਿੰਡੀਆ ਦਾ ਆਪਣਾ ਸਥਾਨ ਹੈ।

ਮੋਹਨ ਸਿੰਘ ਕੁੱਕੜਪਿੰਡੀਆ ਦਾ ਸਵੈ-ਜੀਵਨੀ (**ਪ੍ਰਕਾਸ਼ਕ: ਪਰਵਾਜ਼ ਪ੍ਰਕਾਸ਼ਨ, ਜਲੰਧਰ ਪੰਨੇ: 253, ਮੁੱਲ: 260 ਰੁਪਏ**) ਦੋ ਦਹਾਕਿਆਂ ਦੇ ਸਮੇਂ ਵਿਚ ਉਸ ਦੀ ਜ਼ਿੰਦਗੀ ਵਿਚ ਜੋ ਉਥਲ ਪੁਥਲ ਹੋਈ, ਉਸ ਦਾ ਦਿਲਚਸਪ ਅਤੇ ਭਾਵਪੂਰਤ ਤਰੀਕੇ ਨਾਲ ਬਿਆਨ ਕੀਤਾ ਗਿਆ ਹੈ। ਇਸ ਪੁਸਤਕ ਬਾਰੇ ਲੇਖਕ ਲਿਖਦਾ ਹੈ ਕਿ "ਆਪਣੇ ਉੱਤੇ ਹੰਢਾਏ ਅਨੁਭਵਾਂ ਨੂੰ ਹੀ ਲਿਖਿਆ ਹੈ।" ਇਸ ਪੁਸਤਕ ਵਿਚ ਉਸ ਨੇ ਪੂਰੀ ਇਮਾਨਦਾਰੀ ਨਾਲ ਆਪਣੇ ਬਾਰੇ, ਆਪਣੇ ਪਰਿਵਾਰ ਬਾਰੇ, ਪਰਵਾਸੀ ਮਸਲਿਆਂ ਬਾਰੇ ਸੱਚ ਲਿਖਿਆ ਹੈ। ਲੇਖਕ ਦੀ ਸਵੈ-ਜੀਵਨੀ ਰਵਾਇਤੀ ਪਿਰਤਾਂ ਨੂੰ ਤੋੜਦੀ ਹੋਈ ਨਾਵਲੀ ਰੂਪ ਵਿਚ ਸਵੈ-ਜੀਵਨੀ ਪੇਸ਼ ਕਰਦੀ ਹੈ।

ਮੋਹਨ ਸਿੰਘ ਦਾ ਜੀਵਨ ਸਖ਼ਤ ਮੁਸ਼ੱਕਤ ਭਰਿਆ ਹੁੰਦਾ ਹੋਇਆ ਵੀ ਉਸ ਨੂੰ ਕੁਝ ਹਾਸਿਲ ਨਹੀਂ ਹੁੰਦਾ ਹੈ। ਉਸ ਨੇ ਆਪਣੀ ਸਾਰੀ ਜ਼ਿੰਦਗੀ ਜੋ ਕੁਝ ਪਾਇਆ ਹੈ ਉਸ ਤੋਂ ਦੂਣਾ ਗਵਾਇਆ ਹੈ। ਮੋਹਨ ਸਿੰਘ ਆਪਣੀ ਸਵੈ-ਜੀਵਨੀ ਨੂੰ ਲਿਖਣ ਵਿਚ ਬਿਲਕੁਲ ਰੁਚੀ ਨਹੀਂ ਰੱਖਦਾ ਸੀ ਪਰੰਤੂ ਇਕ ਨਜ਼ਦੀਕੀ ਮਿੱਤਰ ਦੇ ਕਹਿਣ ਤੇ ਉਸ ਨੇ ਆਪਣੀ ਸਵੈ ਜੀਵਨੀ ਲਿਖੀ ਹੈ।

'ਕੁੱਕੜਪਿੰਡੀਆ ਜੀ ਆਪਣੀ ਜ਼ਿੰਦਗੀ ਦੀ ਅਧੂਰੀ ਕਹਾਣੀ ਆਪ ਜ਼ਰੂਰ ਲਿਖ ਜਾਵੋ।"

ਭਾਵੇਂ ਕਿ ਮੋਹਨ ਸਿੰਘ ਬਹੁਤਾ ਪੜ੍ਹ ਨਹੀਂ ਸਕਿਆ ਕਿਉਂਕਿ ਉਸ ਦਾ ਬਾਪ ਭੱਠੀਆਂ ਅਤੇ ਹੋਰ ਥਾਵਾਂ 'ਤੇ ਕੰਮ ਕਰਨ ਵਾਲਾ ਮਜ਼ਦੂਰ ਸੀ ਅਤੇ ਪੈਂਡਾਂ ਦੇ ਲਾਲਚ ਨੇ ਮੋਹਨ ਸਿੰਘ ਨੂੰ ਵੀ ਮਸ਼ੀਨ ਬਣਾ ਦਿੱਤਾ ਜਿਸ ਕਰਕੇ ਉਹ ਸਖ਼ਤ ਮਿਹਨਤ ਕਰਨ ਜੋਗਾ ਰਹਿ ਗਿਆ। ਪੜ੍ਹਣਾ ਉਸ ਦੇ ਹਿੱਸੇ ਆਇਆ ਅਤੇ ਇਹ ਪੜ੍ਹਾਈ ਅਤੇ ਸੋਚ ਨੇ ਉਸ ਨੂੰ ਲਿਖਣ ਵੀ ਲਾ ਲਿਆ।

"ਸਕੂਲ ਵਿਚ ਪੜ੍ਹਦਿਆਂ ਕਿਸੇ ਦੇ ਘਰ ਗੁਰਬਖ਼ਸ਼ ਸਿੰਘ ਹੋਰਾਂ ਦਾ ਨਾਵਲ 'ਅਣ ਵਿਆਹੀ ਮਾਂ' ਹੱਥ ਲੱਗ ਗਿਆ। ਸਾਹਿਤ ਦੀ ਕੋਈ ਐਡੀ ਸਮਝ ਵੀ ਨਹੀਂ ਸੀ ਫਿਰ ਜਿਹੜੇ ਹਫ਼ਤੇ ਦੇ ਪੰਜ ਸ਼ਲਿੰਗ ਸਕੂਲ ਵਿਚ ਦੁਪਹਿਰ ਨੂੰ ਖਾਣ ਲਈ ਘਰੋਂ ਮਿਲਦੇ ਸੀ, ਉਹ ਬਚਾ ਕੇ ਮਿਰਜ਼ੇ ਦੇ ਘਰੋਂ 5 ਅਲੈਜਬੈੱਥ ਸਟਰੀਟ ਬਰੈਡਫੋਰਡ ਵਿਚ ਉਹਦੇ ਕੋਲੋਂ ਕੋਈ ਨਾ ਕੋਈ ਕਿਤਾਬ ਖਰੀਦਣ ਤੁਰ ਪੈਂਦਾ।"

ਇਸ ਕਰਕੇ ਮੋਹਨ ਸਿੰਘ ਲਿਖਦਾ ਹੈ ਕਿ , "ਬਚਪਨ ਕਿਹਨੂੰ ਕਹਿੰਦੇ ਹਨ ਕਦੇ ਖੇਡ ਕੇ ਦੇਖਿਆ ਹੀ ਨਹੀਂ ਸੀ ਜਵਾਨੀ ਕਿਹੜੇ ਵੇਲੇ ਆਈ ਤੇ ਕਿਹੜੇ ਵੇਲੇ ਚਲੇ ਗਈ ਪਤਾ ਹੀ ਨਹੀਂ ਲੱਗਾ।"

ਮੋਹਨ ਸਿੰਘ ਦੱਸਦਾ ਹੈ ਕਿ ਉਸ ਦੇ ਭੈਣ ਭਰਾ ਗਰੀਬੀ ਦੇ ਕਰਕੇ ਇੱਕ ਇੱਕ ਕਰਕੇ ਮਰ ਗਏ ਅਤੇ ਉਹ ਵਿਦੇਸ਼ ਵਿਚ ਮਸ਼ੀਨ ਬਣ ਗਿਆ। ਬਾਪ ਤੇ ਮਾਂ ਵੀ ਅੱਗੜ ਪਿੱਛੜ ਉਸ ਨੂੰ ਅਲਵਿਦਾ ਕਹਿ ਗਏ

ਅਤੇ ਜਿਸ ਨਾਲ ਉਸ ਨੇ ਰੂਹ ਦਾ ਸਾਥ ਪਾਇਆ ਉਸ ਦੀ ਪਤਨੀ ਉਸ ਨੂੰ ਅੱਧ ਵਿਚਾਲੇ ਛੱਡ ਕੇ ਤੁਰ ਗਈ। ਹਰ ਨਾ ਕਾਮਯਾਬੀ ਤੋਂ ਬਾਅਦ ਮੋਹਨ ਸਿੰਘ ਉੱਠਿਆ ਤੇ ਫਿਰ ਖੜ੍ਹਾ ਹੋਇਆ ਲੜਣ ਦੇ ਲਈ ਪਰੰਤੂ ਪਤਨੀ ਦੀ ਮੌਤ ਉਸ ਨੂੰ ਧੁਰ ਅੰਦਰ ਤੱਕ ਜਿਊਂਦਿਆਂ ਹੀ ਮਾਰ ਗਈ। ਇਸੇ ਕਰਕੇ ਹੀ ਉਹ ਆਪਣੀ ਸਵੈ ਜੀਵਨੀ ਦੀ ਸ਼ੁਰੂਆਤ 3 ਮਾਰਚ, 1968 ਤੋਂ 16 ਸਤੰਬਰ 1988 ਤੱਕ ਲਿਖਦਾ ਹੈ। ਉਸ ਤੋਂ ਬਾਅਦ ਵਾਲੀ ਜ਼ਿੰਦਗੀ ਲਈ ਨਵੀਂ ਪੁਸਤਕ ਦਾ ਇੰਤਜ਼ਾਰ ਕਰਨਾ ਪੈਣਾ ਹੈ। ਇਸ ਸਵੈ ਜੀਵਨੀ ਦਾ ਜੇਕਰ ਸਾਰ ਅੰਸ਼ ਲਿਖਣਾ ਹੋਵੇ ਤਾਂ ਉਹ ਵੀ ਕਰਮਜੀਤ ਕੌਰ ਹੀ ਹੈ। ਜਿਹੜੇ ਪਲ, ਦੁੱਖ ਅਤੇ ਹਾਦਸੇ ਉਸ ਨਾਲ ਬੀਤੇ ਅਤੇ ਇੱਕਠਿਆਂ ਹੰਢਾਏ, ਉਸ ਦਾ ਪੂਰਾ ਤਬਸਰਾ ਇਸ ਪੁਸਤਕ ਦਾ ਹਾਸਿਲ ਹੈ। ਮੋਹਨ ਸਿੰਘ ਦਾ ਵਿਆਹ 18 ਵਰ੍ਹਿਆਂ ਦੀ ਉਮਰ ਵਿਚ ਹੋ ਗਿਆ ਸੀ ਅਤੇ ਜਲਦੀ ਜਲਦੀ ਹੀ ਉਹ ਤਿੰਨ ਬੱਚਿਆਂ ਦਾ ਪਿਉ ਵੀ ਬਣ ਗਿਆ। ਇਹ ਵਿਆਹ ਲੱਗਭਗ 20 ਸਾਲਾਂ ਤੱਕ ਨਿਭਿਆ ਅਤੇ ਮੌਤ ਨੇ ਦੋਹਾਂ ਨੂੰ ਵਿਛੋੜ ਦਿੱਤਾ। ਭਾਵੇਂ ਕਿ ਮੋਹਨ ਸਿੰਘ ਇੰਗਲੈਂਡ 1961 ਵਿਚ ਆ ਗਿਆ ਸੀ ਪਰੰਤੂ ਪਤਨੀ ਦੀ ਮੌਤ ਤੋਂ ਬਾਅਦ ਉਹ ਆਪਣੀ ਜ਼ਿੰਦਗੀ ਨੂੰ ਅਧੂਰਾ ਹੀ ਸਮਝਦਾ ਹੈ। ਇਸ ਸਵੈ ਜੀਵਨੀ ਦੀ ਸ਼ੁਰੂਆਤ ਉਹ ਲੰਡਨ ਵਿਚ ਕੰਮ ਕਰਦਿਆਂ ਕਰਮਜੀਤ ਕੌਰ ਦੇ ਉਥੇ ਪਹੁੰਚਣ ਅਤੇ ਵਿਆਹ ਤੋਂ ਹੀ ਕੀਤੀ ਹੈ। ਕਰਮਜੀਤ ਨੇ ਹਰ ਨੁਕਸਾਨ ਵਿਚ ਹਰ ਵਾਧੇ ਵਿਚ ਉਸ ਦਾ ਸਾਥ ਨਿਭਾਇਆ ਅਤੇ ਮੋਹਨ ਸਿੰਘ ਨੂੰ ਕਦੇ ਵੀ ਡੋਲਣ ਨਹੀਂ ਦਿੱਤਾ। ਉਹ ਹਮੇਸ਼ਾ ਉਦਾਸੀ ਵਾਲੇ ਆਲਮ ਵਿਚ ਕਹਿੰਦੀ ਸੀ, "ਤੁਸੀਂ ਆਪ ਹੀ ਤਾਂ ਕਹਿੰਦੇ ਹੁੰਦੇ ਸੀ ਅਸੀਂ ਉਸ ਪਿਤਾ ਦੀ ਔਲਾਦ ਆ, ਜਿਹਨੇ ਚਾਰ ਪੁੱਤ ਵਾਰ ਕੇ ਸੀਅ ਨਹੀਂ ਸੀ ਕੀਤਾ।"

ਸਵੈ ਜੀਵਨੀ ਵਿਚ ਸਮਕਾਲੀਆਂ ਦਾ ਵਰਣਨ, ਇਤਿਹਾਸਕ ਵੇਰਵੇ, ਸਮਾਜਕ ਸਥਿਤੀਆਂ ਵਰਨਣ ਬਾਖੂਬੀ ਮਿਲਦਾ ਹੈ। ਪਰਵਾਸੀ ਕਿਵੇਂ ਕਮਾਈਆਂ ਕਰਦੇ ਹਨ ਅਤੇ ਉਸ ਪੈਸੇ ਦੀ ਵਰਤੋਂ ਦੇਸ਼ ਰਹਿੰਦੇ ਹੋਏ ਉਨ੍ਹਾਂ ਦੇ ਰਿਸ਼ਤੇਦਾਰ ਵਰਤਦੇ ਹਨ। ਇਨ੍ਹਾਂ ਪੈਸਿਆਂ ਦੀਆਂ ਉਹ ਜਾਇਦਾਦਾਂ ਬਣਾਉਂਦੇ ਹਨ ਜਦੋਂ ਭਾਰਤ ਆ ਕੇ ਰਿਸ਼ਤੇਦਾਰ, ਭਰਾ ਕੋਲੋਂ ਪਰਵਾਸੀ ਜਾਇਦਾਦ-ਪੈਲੀ ਦੀ ਵੰਡ ਜਾਂ ਪੈਸਿਆਂ ਦੀ ਗੱਲ ਕਰਦਾ ਹੈ ਤਾਂ ਉਹ ਉਸ ਨੂੰ ਮਾਰਨ ਤੱਕ ਜਾਂਦੇ ਹਨ। ਇਹੀ ਕਾਰਨ ਹੈ ਕਿ ਵਰਤਮਾਨ ਸਮੇਂ ਵਿਚ ਭਰਾਵਾਂ ਨੂੰ ਵਿਦੇਸ਼ਾਂ ਤੋਂ ਪੈਸਾ ਨਹੀਂ ਮਿਲ ਰਿਹਾ। ਦੂਜਾ ਪਰਵਾਸੀ ਸਿੱਖਾਂ ਦੇ ਬੱਚਿਆਂ ਵਿਚ ਉਧਰਲੇ ਦੇਸ਼ ਦੇ ਸਭਿਆਚਾਰ ਵੱਲ ਉਲਾਰ ਰੱਖਦੇ ਹਨ ਜਦਕਿ ਮਾਪੇ ਇਧਰਲੇ ਸਭਿਆਚਾਰ ਦੇ ਹੁੰਦੇ ਹਨ। ਇਹ ਸਥਿਤੀ ਵੱਧ ਭਿਆਨਕ ਉਦੋਂ ਹੋ ਜਾਂਦੀ ਹੈ ਜਦੋਂ ਪਰਵਾਸੀਆਂ ਦੀਆਂ ਕੁੜੀਆਂ-ਜ਼ਨਾਨੀਆਂ ਨੂੰ ਪਰਵਾਸੀ ਮੁਸਲੇ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਹਨ। ਇਹ ਕੁੜੀਆਂ ਨਾਬਾਲਗ ਹੁੰਦੀਆਂ ਹਨ ਜਦੋਂ ਗਰਭਵਤੀ ਹੋ ਜਾਂਦੀਆਂ ਹਨ ਤਾਂ ਇਹ ਉਨ੍ਹਾਂ ਨੂੰ ਛੱਡ ਦੇਂਦੇ ਹਨ ਜਾਂ ਵਿਆਹ ਦਾ ਲਾਰਾ ਲਾ ਕੇ ਪਾਕਿਸਤਾਨ ਕੋਠਿਆਂ 'ਤੇ ਵੇਚ ਦੇਂਦੇ ਹਨ। ਅਜਿਹੀਆਂ ਦਿਲ ਵਲੂੰਧਰੀਆਂ ਗੱਲਾਂ ਸਵੈ ਜੀਵਨੀ ਦਾ ਪਾਠਕ ਜਦੋਂ ਪੜ੍ਹਦਾ ਹੈ ਤਾਂ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ।

ਮੋਹਨ ਸਿੰਘ ਜਦੋਂ ਆਪਣੇ ਨਾਵਲਾਂ ਦੇ ਵਿਸ਼ਿਆਂ ਬਾਰੇ ਗੱਲ ਕਰਦਾ ਹੈ ਤਾਂ ਪਤਾ ਲੱਗਦਾ ਹੈ ਕਿ ਕੁਝ ਵਿਸ਼ੇ ਉਸ ਨੇ ਪਰਵਾਸੀ ਜੀਵਨ ਦੇ ਤਜਰਬਿਆਂ ਵਿਚੋਂ ਲਏ ਹਨ, ਕੁਝ ਇਧਰਲੇ ਪੰਜਾਬ ਵਿਚ ਹੁੰਦੀਆਂ ਬੇਇਨਸਾਫ਼ੀਆਂ ਜੋ ਸੈਟੇਲਾਈਟ ਦੀ ਮਦਦ ਨਾਲ ਉਧਰਲੇ ਮੁਲਕ ਵਿਖਾਈਆਂ ਗਈਆਂ ਉਸ ਵਿਚੋਂ ਲਏ ਗਏ ਹਨ। ਕੁਝ ਪਾਤਰ ਉਸ ਦੀ ਨਿੱਜੀ ਜ਼ਿੰਦਗੀ ਨਾਲ ਜੁੜੇ ਹੋਏ ਹਨ। ਜ਼ਿੰਦਗੀ ਦੇ ਥਾਪੇੜਿਆਂ ਵਿਚੋਂ ਜੋ ਖੱਟਿਆ ਜੋ ਗੁਆਇਆ ਉਸ ਦਾ ਵਰਨਣ ਨਾਵਲਾਂ ਵਿਚੋਂ ਮਿਲ ਜਾਂਦਾ ਹੈ। ਅਜਿਹਾ ਉਸ ਦੀ ਪਤਨੀ ਦੀ ਮੌਤ ਤੋਂ ਬਾਅਦ ਵਾਪਰਦਾ ਹੈ।

ਮੋਹਨ ਸਿੰਘ ਨੇ ਆਪਣੀ ਸਵੈ ਜੀਵਨੀ ਵਿਚ ਜੋ ਖੱਟਿਆ ਉਸ ਬਾਰੇ ਦੱਸਦਾ ਹੈ ਕਿ ਉਸ ਨੇ ਵਪਾਰ ਕੀਤਾ ਪਰੰਤੂ ਉਹ ਚੰਗਾ ਵਪਾਰੀ ਨਾ ਬਣ ਸਕਿਆ। ਦੋਸਤ 'ਤੇ ਭਰੋਸਾ ਕਰਕੇ ਦੁਕਾਨ ਉਸ ਹਵਾਲੇ

ਕਰਕੇ ਵਿਆਹ ਦੇਖਣ ਚਲਾ ਗਿਆ ਅਤੇ ਵਾਪਿਸ ਆ ਕੇ ਦੀਵਾਲੀਆਂ ਕਰਾਰ ਹੋਣਾ ਪਿਆ। ਮਕਾਨ ਜੋ ਬਹੁਤ ਹੀ ਸਖ਼ਤ ਮਿਹਨਤ ਨਾਲ ਲਿਆ ਸੀ ਉਹ ਵੀ ਵੇਚਣਾ ਪਿਆ ਅਤੇ ਅਖ਼ਬਾਰ ਵੇਚਣ ਦਾ ਕੰਮ ਸ਼ੁਰੂ ਕੀਤਾ। ਜਿਸ ਵਿਚੋਂ ਬਚਿਆ ਤਾਂ ਕੁਝ ਨਹੀਂ ਸਗੋਂ ਨਜ਼ਰ ਕਮਜ਼ੋਰ ਹੋਣੀ ਸ਼ੁਰੂ ਹੋ ਗਈ। ਬੱਸ ਦੀ ਡਰਾਇਵਰੀ ਵੀ ਕੀਤੀ।

ਆਪਣੇ ਰਿਸ਼ਤਿਆਂ ਦੀ ਗੱਲ ਕਰਦਿਆਂ ਉਸ ਸਵੈ-ਜੀਵਨੀ ਵਿਚ ਸਿਮਟ ਜਿਹਾ ਗਿਆ ਹੈ। ਉਹ ਦੱਸਦਾ ਹੈ ਕਿ ਉਸ ਦੀ ਮਾਂ ਉਸ ਨੂੰ ਨਫ਼ਰਤ ਕਰਦੀ ਸੀ। ਉਸ ਦੀਆਂ ਭੈਣਾਂ ਵੀ ਉਸ ਨੂੰ ਪਿਆਰ ਨਹੀਂ ਕਰਦੀਆਂ ਸਨ। ਅਜਿਹੇ ਕਿਸੇ ਕਾਰਣ ਜਾਂ ਗੱਲ ਦਾ ਜ਼ਿਕਰ ਨਹੀਂ ਮਿਲਦਾ ਜਿਸ ਤੋਂ ਪਾਠਕ ਕਿਸੇ ਅੰਤਿਮ ਰਾਏ ਤੇ ਪਹੁੰਚਣ। ਅਜਿਹੀ ਕੋਈ ਵੀ ਘਟਨਾ ਦਾ ਵੇਰਵਾ ਇਸ ਪੁਸਤਕ ਵਿਚੋਂ ਮਨਫ਼ੀ ਹੈ। ਇਹ ਪੁਸਤਕ ਸਿਰਫ਼ ਕਰਮਜੀਤ 'ਤੇ ਕੇਂਦਰਿਤ ਹੈ। ਇਸ ਦਾ ਆਦਿ, ਅੰਤ ਅਤੇ ਮੱਧ ਸਿਰਫ਼ ਉਸੇ ਤੇ ਆਧਾਰਿਤ ਹੈ। ਕਰਮਜੀਤ ਨਾਲ ਮਿਲ ਕੇ ਅਖ਼ਬਾਰ ਕੱਢਣੀ, ਉਸ ਨਾਲ ਪਿਆਰ ਦੇ ਦਿਨਾਂ ਦਾ ਜ਼ਿਕਰ ਆਦਿ ਹੀ ਮਿਲਦਾ ਹੈ ਜੋ ਕਿ ਬਾਰ ਬਾਰ ਇਕ ਹੀ ਘਟਨਾ ਨੂੰ ਵੱਖਰੇ ਵੱਖਰੇ ਪੰਨਿਆਂ ਤੇ ਬਿਆਨਿਆ ਗਿਆ ਹੈ। ਘਰ ਪਰਿਵਾਰ ਵਾਲੇ ਮੋਹਣ ਸਿੰਘ ਦਾ ਇਤਨਾ ਵਿਰੋਧ ਕਿਉਂ ਕਰਦੇ ਸਨ ਦੀ ਕੋਈ ਸੂਖ਼ਮ ਜਾਂ ਵੱਡ ਆਕਾਰੀ ਘਟਨਾ ਦੇ ਜ਼ਿਕਰ ਤੋਂ ਕੋਰੀ ਹੈ ਇਹ ਸਵੈ-ਜੀਵਨੀ। ਇਸ ਸਬੰਧੀ ਭਗਵੰਤ ਰਸੂਲਪੁਰੀ ਲਿਖਦਾ ਹੈ, "ਮਾਂ-ਪਿਉ, ਭੈਣਾਂ ਤੇ ਹੋਰ ਨੇੜੇ ਦੇ ਲਹੂ ਦੇ ਰਿਸ਼ਤਿਆਂ ਦਾ ਸਵਾਰਥੀ, ਦੰਭੀ ਕਿਰਦਾਰ, ਪੌਂਡਾ ਤੇ ਜਾਇਦਾਦਾ ਨੂੰ ਹੜੱਪਣ ਦੀਆਂ ਕੂਟਨੀਤਿਕ ਚਣੱਕਿਆ ਚਾਲਾ, ਵਪਾਰ 'ਚ ਧੋਖਾ, ਲੇਖਕਾਂ ਦਾ ਅੰਦਰਲਾ ਸੱਚ, ਇੰਗਲੈਂਡ ਦੀ ਪੱਤਰਕਾਰੀ ਦੇ ਕੱਚੇ ਚਿੱਠੇ, ਫਿਲਮੀ ਰੂਪ ਮੈਗਜ਼ੀਨ ਨਾਲ ਜੁੜੇ ਆਪਣੇ ਪੱਤਰਕਾਰੀ ਦੇ ਅਨੁਭਵ, ਮਾਪਿਆਂ ਦੇ ਪਿਆਰ ਤੋਂ ਸੱਖਣਾ ਬਚਪਨ, ਵਿੱਤੋਂ ਵੱਧ ਕੰਮ ਦਾ ਬੋਝ, ਪਤਨੀ ਦੀ ਲਾ-ਇਲਾਜ਼ ਬਿਮਾਰੀ ਉਪਰੰਤ ਵਿਛੋੜਾ ਵਰਗੇ ਅਨੇਕਾਂ ਪਰਵਾਸੀ ਮਸਲੇ ਮੋਹਣ ਸਿੰਘ ਕੁੱਕੜਪਿੰਡੀਆ ਆਪਣੀ ਇਸ ਸਵੈ ਜੀਵਨੀ ਦਾ ਹਿੱਸਾ ਬਣਾਉਂਦਾ ਹੈ।"

ਇਸ ਸਵੈ ਜੀਵਨੀ ਵਿਚ 1984 ਦੀ ਹਨ੍ਹੇਰਗਰਦੀ 'ਤੇ ਉਨ੍ਹਾਂ ਲੋਕਾਂ ਦੇ ਨਾਲ ਹੋਈ ਬੇਇਨਸਾਫ਼ੀ ਦਾ ਮੁਨਾਫ਼ਾ ਬਹੁਤ ਲੋਕਾਂ ਨੇ ਵਿਦੇਸ਼ਾਂ ਵਿਚ ਵੀ ਕਮਾਇਆ। ਉਨ੍ਹਾਂ ਦਾ ਵੇਰਵਾ ਇਸ ਸਵੈ-ਜੀਵਨੀ ਦਾ ਹਿੱਸਾ ਹੈ।

"ਫਿਰ ਸੰਨ ਚੁਰਾਸੀ ਤੋਂ ਬਾਅਦ ਬੇਰੋਜਗਾਰੀ ਹੋ ਗਈ ਜਾਂ ਕਿਧਰੇ ਰੱਬ ਨੇ ਹੀ ਮਿਹਰ ਕਰ ਦਿੱਤੇ ਇਥੇ ਹਰ ਇਕ ਨੇ ਲੰਮੀਆਂ ਲੰਮੀਆਂ ਦਾਹੜੀਆਂ ਰੱਖ ਲਈਆਂ ਤੇ ਹਰ ਕੋਈ ਸਿੰਘ ਸਜਣ ਲਗ ਪਿਆ। ਇਹ ਸ਼ਹਿਰ ਪੰਜਾਬੀਆਂ ਦਾ ਗੜ੍ਹ ਸੀ ਫਿਰ ਇਥੇ ਫਾਉਂਡਰੀਆਂ ਬੰਦ ਹੋ ਗਈਆਂ, ਬੇਰੋਜ਼ਗਾਰੀ ਵਧਦੀ ਗਈ ਪੁਰਾਣੇ ਆਏ 'ਭਾਈ ਬੰਦਾ' ਦੀ ਉਲਾਦ ਨੇ ਆਪਣੇ ਸ਼ਰਾਬੀ ਪਿਓਆਂ ਉੱਪਰ ਹੱਥ ਚੁੱਕਣੇ ਸ਼ੁਰੂ ਕਰ ਦਿੱਤੇ ਸਾਰਾ ਸ਼ਹਿਰ ਧਾਰਮਿਕ ਖਿਆਲਾ ਦਾ ਬਣ ਰਿਹਾ ਕਈ ਤਾਂ ਅੰਦਰੋਂ ਅੰਦਰੀ ਕਹਿੰਦੇ ਸੀ ਰੱਬ ਆ ਕੇ ਆਪ ਹੀ ਹੱਥ ਚੁੱਕਣੇ ਸ਼ੁਰੂ ਕਰ ਦਿੱਤੇ ਸਾਰਾ ਸ਼ਹਿਰ ਧਾਰਮਿਕ ਖਿਆਲਾ ਦਾ ਬਣ ਰਿਹਾ।"

ਇਉਂ ਕੁੱਕੜਪਿੰਡੀਆ ਦੀ ਸਵੈ ਜੀਵਨੀ ਦਾ ਦੂਜਾ ਭਾਗ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ ਅਤੇ ਆਸ ਹੈ ਕਿ ਉਸ ਵਿਚ ਵੀ ਪਰਵਾਸ ਦੀਆਂ ਨਵੀਆਂ ਸਮੱਸਿਆਵਾਂ, ਸਮਕਾਲੀਆਂ ਦੀਆਂ ਗੱਲਾਂ, ਸਮਾਜਿਕ, ਆਰਥਿਕ ਅਤੇ ਭਾਰਤੀ ਰਾਜਨੀਤੀ ਤੋਂ ਬਿਨਾਂ ਉਸ ਦੀ ਜ਼ਿੰਦਗੀ ਦੇ ਪਲਾਂ ਦਾ ਬਿਉਰਾ ਮਿਲੇਗਾ। ਇਸ ਭਾਗ ਵਾਂਗ ਉਸ ਵਿਚ ਇਕ ਹੀ ਗੱਲ ਨੂੰ ਵਾਰ ਵਾਰ ਨਹੀਂ ਦੁਹਰਾਇਆ ਜਾਵੇਗਾ ਇਹ ਵੀ ਆਸ ਰੱਖੀ ਜਾ ਸਕਦੀ ਹੈ। ਪਰਵਾਜ਼ ਪ੍ਰਕਾਸ਼ਨ ਨੇ ਇਹ ਪੁਸਤਕ ਬਹੁਤ ਹੀ ਖੂਬਸੂਰਤੀ ਨਾਲ ਪ੍ਰਕਾਸ਼ਤ ਕੀਤੀ ਹੈ। ਜਿਸ ਨੂੰ ਪਾਠਕ ਇਕ ਬੈਠਕ ਵਿਚ ਖਤਮ ਕਰਕੇ ਸਾਹ ਲੈਂਦਾ ਹੈ।

ਪਤਾ ਪਿੰਡ ਤੇ ਡਾਕ. ਲੋਪੋਕੇ, ਤਹਿ. ਅਜਨਾਲਾ, ਅੰਮ੍ਰਿਤਸਰ-143110
ਮੋਬਾ. 98152-67029



ਪੰਜਾਬੀ ਦੇ ਚਰਚਿਤ ਅਤੇ

ਗੰਭੀਰ ਗਲਪਕਾਰ

ਨਛੱਤਰ

ਦਾ

ਬੁੱਢੀ ਸਦੀ ਦਾ ਮਨੁੱਖ,

ਬਾਕੀ ਦਾ ਸੱਚ,

ਨਿੱਕੇ ਨਿੱਕੇ ਅਸਮਾਨ ਅਤੇ

ਹਨੇਰੀਆਂ ਗਲੀਆਂ ਤੋਂ

ਬਾਅਦ ਨਵਾਂ ਨਾਵਲ

ਸਲੋਅ ਡਾਊਨ

ਵਿਸ਼ਵੀਕਰਨ ਦੇ ਫੈਲਾਉ 'ਚ ਪੁਰਾਣੀਆਂ ਕਦਰਾਂ ਕੀਮਤਾਂ ਟੁੱਟਦੀਆਂ ਭੱਜਦੀਆਂ ਹਨ। ਕਦਰਾਂ ਕੀਮਤਾਂ ਦੀ ਇਸ ਟੁੱਟ ਭੱਜ ਵਿਚ ਟੁੱਟਦੇ, ਬਣਦੇ, ਫਿਰ ਟੁੱਟਦੇ ਤੇ ਫਿਰ ਨਵੇਂ ਤਰੀਕੇ ਨਾਲ ਬਣਦੇ ਤਕਨੀਕੀ ਕਾਮੇਂ ਨਛੱਤਰ ਦੇ ਇਸ ਨਾਵਲ ਦੇ ਪਾਤਰ ਹਨ। ਨਛੱਤਰ ਇਨ੍ਹਾਂ ਪਾਤਰਾਂ ਦੀ ਹੋਣੀ ਦੇ ਰੂਬਰੂ ਹੁੰਦਾ ਹੈ ਤੇ ਇਨ੍ਹਾਂ ਪਾਤਰਾਂ ਨੂੰ ਪੰਜਾਬੀ ਸਾਹਿਤ ਦੇ ਰੂਬਰੂ ਕਰਾਉਂਦਾ ਹੈ। 'ਸਲੋਅ ਡਾਊਨ' ਦੇ ਪਾਤਰ ਕੰਵਲ, ਨਿਧੀ, ਸੁਧੀਰ, ਸਮੀਰ, ਸੁਰਭੀ, ਕਰਮਵੀਰ, ਨਿਸ਼ਾ, ਅਦਿਤੀ, ਆਸਥਾ, ਸੀਮਾ, ਰੋਹਿਤ, ਮੋਨਿਕਾ, ਪੰਕਜ, ਸ਼ਬਨਮ, ਰਿਸ਼ੀ, ਰੁਚਿਕਾ ਆਦਿ ਵਿਸ਼ਵੀਕਰਨ ਦੁਆਰਾ ਭਾਰਤੀ ਸਮਾਜ, ਭਾਰਤੀ ਮੰਡੀ ਤੇ ਭਾਰਤੀ ਉਦਯੋਗਾਂ ਵਿਚ ਲਿਆਂਦੀਆਂ ਭੌਤਿਕ ਤਬਦੀਲੀਆਂ 'ਚੋਂ ਪੈਦਾ ਹੋਏ ਪਾਤਰ ਹਨ। ਇਹ ਤਬਦੀਲੀਆਂ ਇਨ੍ਹਾਂ ਪਾਤਰਾਂ ਦੇ ਪੈਦਾ ਹੋਣ ਦੀ ਭੌਤਿਕ ਬਿਸਾਤ ਹਨ ਪਰ ਨਾਲ ਨਾਲ ਉਹ ਸਮਾਜਿਕ ਬਿਸਾਤ ਵੀ ਮੌਜੂਦ ਹੈ, ਜਿਨ੍ਹਾਂ 'ਚੋਂ ਇਹ ਪਾਤਰ ਪੈਦਾ ਹੋਏ ਹਨ। ਉਸ ਸਮਾਜਿਕ ਬਿਸਾਤ ਵਿਚ ਭਾਰਤੀ ਸੰਯੁਕਤ ਪਰਿਵਾਰ ਹੈ, ਮਾਪਿਆਂ ਦੀ ਬੱਚਿਆਂ ਪ੍ਰਤੀ ਅਭਿਭਾਵਕ ਦਰਜੇ ਦੀ ਜ਼ਿੰਮੇਵਾਰੀ ਦੀ ਭਾਵਨਾ ਹੈ। **-ਸਵਰਾਜਬੀਰ**

ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ

ਮੁੱਲ: 200, ਪੰਨੇ: 160

Year: 8 Issue No. 28
'KAHANI DHARA'(PUNJABI QUARTERLY) Jan.-Mar., 2013 R.N.I. Regd No. PUN PUN 2006 / 19971

ਪਰਵਾਜ਼ ਪ੍ਰਕਾਸ਼ਨ ਦਾ
ਪਲੇਠਾ ਤੇ ਨਿੱਗਰ ਕਦਮ

ਪਰਵਾਜ਼ ਪ੍ਰਕਾਸ਼ਨ ਦੀਆਂ ਪੁਸਤਕਾਂ ਹੇਠ ਲਿਖੇ
ਸਥਾਨਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ

ਪਰਵਾਜ਼ ਪ੍ਰਕਾਸ਼ਨ

ਜਲੰਧਰ-ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ
(0181-2280045,3293190),
ਸੁੰਦਰ ਬੁੱਕ ਡਿਪੋ ਮਾਈ ਹੀਰਾਂ ਗੇਟ,181-2213184
ਪੰਜ ਆਬ ਪ੍ਰਕਾਸ਼ਨ (ਕੇਸਰ ਸਿੰਘ) ਦੇਸ ਭਗਤ ਹਾਲ
(ਸੰਪਰਕ 98140-87063),ਪਰਮਜੀਤ ਸਿੰਘ98552-83731
ਅਗਰਵਾਲ ਨਿਊਜ਼ ਏਜੰਸੀ ਬੱਸ ਸਟੈਂਡ,(99881-73647),
ਖੁਰਾਨਾ ਬੁੱਕ ਸਟੋਰ ਬੱਸ ਸਟੈਂਡ ,
ਪ੍ਰਕਾਸ਼ ਨਾਵਲ ਸਟੋਰ ਬੱਸ ਸਟੈਂਡ ਦੇ ਬਾਹਰ
ਲੁਧਿਆਣਾ-ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ
(ਸੰਪਰਕ 0161-2413613,2404928),
ਨਈਅਰ ਪਬਲੀਕੇਸ਼ਨਜ਼ ਬੱਸ ਸਟੈਂਡ92174-06875
ਚੋਪੜਾ ਮੈਗਜ਼ੀਨ ਸ਼ਾਪ, ਘੰਟਾ ਘਰ ਫੋਨ 2746731
ਚੰਡੀਗੜ੍ਹ-ਪੰਜਾਬ ਬੁੱਕ ਸੈਂਟਰ
ਸੰਗਰੂਰ-ਸੋਨੀ ਨਿਊਜ ਏਜੰਸੀ, ਬੱਸ ਸਟੈਂਡ (99881-45652)
ਅੰਮ੍ਰਿਤਸਰ-ਰਵੀ ਸਾਹਿਤ ਪ੍ਰਕਾਸ਼ਨ, ਨਜ਼ਦੀਕ
ਯੂਨੀਵਰਸਿਟੀ (ਸੰਪਰਕ 0183-2258633)
ਪਟਿਆਲਾ-ਜੇ. ਕੇ. ਬੁੱਕ ਸੈਂਟਰ, ਬੱਸ ਸਟੈਂਡ
98788-21884,98889-51545,
ਮਦਾਨ ਬੁੱਕ ਹਾਊਸ, ਪੰਜਾਬੀ ਯੂਨੀਵਰਸਿਟੀ
ਬਠਿੰਡਾ-ਵੋਹਰਾ ਨਿਊਜ਼ ਏਜੰਸੀ, ਬੱਸ ਸਟੈਂਡ (98143-47517)
ਮੋਗਾ-ਪ੍ਰਿਥਪਾਲ ਸਿੰਘ ਸਮਰਾਟ ਪਾਕੇਟ ਬੁੱਕਸ ਬੱਸ ਸਟੈਂਡ
(98144-35813)
ਕੋਟਕਪੂਰਾ-ਪੀਪਲਜ਼ ਫੋਰਮ, ਬਰਗਾੜੀ ਫੋਨ: 919872989313
ਨਵਾਂ ਸ਼ਹਿਰ-ਜਸਵੀਰ ਬੇਗਮਪੁਰੀ (94174-15062)
ਮਾਛੀਵਾੜਾ,ਖੰਨਾ-ਦੀਪ ਦਿਲਵਰ-98557-21844
ਤੋਂ ਇਲਾਵਾ ਪਰਵਾਜ਼ ਪ੍ਰਕਾਸ਼ਨ ਦੇ ਦਫਤਰ ਤੋਂ ਪੁਸਤਕ ਪ੍ਰਾਪਤ ਕਰੋ







ਪਰਵਾਜ਼ ਪ੍ਰਕਾਸ਼ਨ Parwaz Parkashan
ਪਤਾ: ਪਿੰਡ ਧਰਮਪੁਰਾ, ਡਾਕ. ਖਾਂਬੜਾ, ਜ਼ਿਲ੍ਹਾ ਜਲੰਧਰ-6
ਫੋਨ: 94170-64350
E.mail:
parwazparkashan@gmail.com
Mob. 94170-64350